# ਭਾਰਤ ਸਰਕਾਰ

**ਵਿਧੀ ਅਤੇ ਨਿਆਂ ਮੰਤਰਾਲਾ**

सत्यमेव जयते

# ਭਾਰਤ ਦਾ ਸੰਵਿਧਾਨ

(ਜਨਵਰੀ, 2021 ਤੱਕ ਸੋਧੇ ਅਨੁਸਾਰ)

Ministry of Law & Justice

## ਭਾਰਤ ਦਾ ਸੰਵਿਧਾਨ

**ਪ੍ਰਸਤਾਵਨਾ**

### ਭਾਗ I

### ਸੰਘ ਅਤੇ ਉਸ ਦਾ ਰਾਜਖਤੇਰ


1. ਸੰਘ ਦਾ ਨਾਂ ਅਤੇ ਰਾਜਖਤੇਰ

2 ਨਵੇਂ ਰਾਜਾਂ ਦਾ ਦਾਖਲਾ ਜਾਂ ਸਥਾਪਨਾ

2 ੳ ਨਿਰਸਤ

3 ਨਵੇਂ ਰਾਜਾਂ ਦਾ ਬਣਾਉਣਾ ਅਤੇ ਮੌਜੂਦਾ ਰਾਜਾਂ ਦੇ ਖੇਤਰਾਂ, ਹੱਦਾਂ ਜਾਂ ਨਾਵਾਂ ਦਾ ਬਦਲਣਾ

4 ਪਿਹਲੀ ਅਤੇ ਚੌਥੀ ਅਨੁਸੂਚੀਆਂ ਦੀ ਸੋਧ ਅਤੇ ਅਨੁਪੂਰਕ, ਅਨੁਸੰਗਤ ਅਤੇ ਪਿਰਣਾਮਕ ਮਾਮਿਲਆਂ ਲਈ ਉਪਬੰਧ ਕਰਨ ਲਈ ਅਨੁਛੇਦ 2 ਅਤੇ 3 ਦੇ ਅਧੀਨ ਬਣਾਏ ਗਏ ਕਾਨੂਨੰ


### ਭਾਗ II

### ਨਾਗਿਰਕਤਾ


5 ਇਸ ਸੰਵਿਧਾਨ ਦੇ ਅਰੰਭ ਤੇ ਨਾਗਿਰਕਤਾ

6 ਪਾਕਿਸਤਾਨ ਤੋਂ ਭਾਰਤ ਨੂੰ ਪਰਵਾਸ ਕਰ ਆਏ ਕੁਝ ਕੁ ਵਿਅਕਤੀਆਂ ਦੇ ਨਾਗਰਿਕਤਾ ਦੇ ਅਧਿਕਾਰ

7 ਪਾਕਿਸਤਾਨ ਨੂੰ ਪਰਵਾਸ ਕਰਨ ਵਾਲਿਆਂ ਵਿਚੋਂ ਕੁਝ ਕੁ ਦੇ ਨਾਗਰਿਕਤਾ ਦੇ ਅਧਿਕਾਰ

8 ਭਾਰਤ ਦੇ ਬਾਹਰ ਨਿਵਾਸ ਕਰਦੇ ਭਾਰਤੀ ਅਮਲੇ ਦੇ ਕੁਝ ਕੁ ਵਿਅਕਤੀਆਂ ਦੇ ਨਾਗਰਿਕਤਾ ਦੇ ਅਧਿਕਾਰ

9 ਕਿਸੇ ਬਦੇਸ਼ੀ ਰਾਜ ਦੀ ਨਾਗਿਰਕਤਾ ਸਵੈ-ਇੱਛਾ ਨਾਲ ਅਰਜਤ ਕਰਨ ਵਾਲੇ ਵਿਅਕਤੀਆਂ ਦਾ ਨਾਗਰਿਕ ਨ ਹੋਣਾ

10 ਨਾਗਿਰਕਤਾ ਦੇ ਅਧਿਕਾਰਾਂ ਦਾ ਬਣੇ ਰਿਹਣਾ


Ministry of Law & Justice

11 ਸੰਸਦ ਦਾ ਕਾਨੂੰਨੰ ਦੁਆਰਾ ਨਾਗਿਰਕਤਾ ਦੇ ਅਧਿਕਾਰ ਦਾ ਵਿਨਯਮਨ ਕਰਨਾ

## ਭਾਗ III

## ਮੂਲ ਅਧਿਕਾਰ

### ਸਾਧਾਰਨ

12 ਪਰਿਭਾਸ਼ਾ

13 ਮੂਲ ਅਧਿਕਾਰਾਂ ਨਾਲ ਅਸੰਗਤ ਜਾਂ ਉਨ੍ਹਾਂ ਦਾ ਅਲਪਣ ਕਰਨ ਵਾਲੇ ਕਾਨੂੰਨ

### ਸਮਤਾ ਦਾ ਅਧਿਕਾਰ

14 ਕਾਨੂੰਨ ਅੱਗੇ ਸਮਤਾ

15 ਧਰਮ, ਨਸਲ ਜਾਤ, ਲਿੰਗ ਜਾਂ ਜਨਮ-ਸਥਾਨ ਦੇ ਆਧਾਰ ਤੇ ਵਿਤੱਕਰੇ ਦੀ ਮਨਾਹੀ

16 ਲੋਕ ਰੋਜਗਾਰ ਦੇ ਮਾਮਲਿਆਂ ਵਿਚ ਅਵਸਰ ਦੀ ਸਮਤਾ

17 ਛੂਤ-ਛਾਤ ਦਾ ਅੰਤ

18 ਖਿਤਾਬਾਂ ਦਾ ਅੰਤ

### ਸੁਤੰਤਰਤਾ ਦਾ ਅਧਿਕਾਰ

19 ਬੋਲਣ ਦੀ ਸੁਤੰਤਰਤਾ ਆਦਿ ਦੇ ਬਾਬਤ ਕੁਝ ਕੁ ਅਧਿਕਾਰਾਂ ਦੀ ਹਿਫਾਜ਼ਤ

20 ਅਪਰਾਧਾਂ ਲਈ ਦੋਸ਼ਸਿਧੀ ਬਾਰੇ ਹਿਫਾਜ਼ਤ

21 ਜਾਨ ਅਤੇ ਨਿਜੀ ਸੁਤੰਤਰਤਾ ਦੀ ਹਿਫਾਜ਼ਤ।

21ੳ ਸਿੱਖਿਆ ਦਾ ਅਧਿਕਾਰ

22 ਕੁਝਕੂ ਸੂਰਤਾਂ ਵਿਚ ਗ੍ਰਿਫਤਾਰੀ ਅਤੇ ਨਜਰਬੰਦੀ ਤੋਂ ਹਿਫਾਜ਼ਤ

### ਸ਼ੋਸ਼ਣ ਦੇ ਖਿਲਾਫ ਅਧਿਕਾਰ

Ministry of Law & Justice

23 ਮਨੁੱਖਾਂ ਦੇ ਦੁਰਵਪਾਰ ਅਤੇ ਜਬਰੀ ਕਾਰ ਦੀ ਮਨਾਹੀ

24 ਫੈਕਟਰੀਆਂ ਆਦਿ ਵਿਚ ਬੱਚਿਆਂ ਨੂੰ ਰੋਜਗਾਰ ਲਈ ਕੰਮ ਤੇ ਲਾਉਣ ਦੀ ਮਨਾਹੀ

**ਧਰਮ ਦੀ ਸੁਤੰਤਰਤਾ ਦਾ ਅਧਿਕਾਰ**

25 ਅੰਤਹਕਰਣ ਦੀ ਅਤੇ ਧਰਮ ਦੇ ਬੇਰੋਕ ਮਨੰਣ, ਉਸ ਤੇ ਚਲਣ ਅਤੇ ਉਸ ਦਾ ਪਰਚਾਰ ਕਰਨ ਦੀ ਸੁਤੰਤਰਤਾ

26 ਧਾਰਮਕ ਕਾਰਵਿਹਾਰ ਦਾ ਪ੍ਰਬੰਧ ਕਰਨ ਦੀ ਸੁਤੰਤਰਤਾ

27 ਕਿਸੇ ਖਾਸ ਧਰਮ ਦੀ ਤਰੱਕੀ ਲਈ ਕਰਾਂ ਦੀ ਅਦਾਇਗੀ ਬਾਬਤ ਸੁਤੰਤਰਤਾ

28 ਕੁਝ ਕੁ ਸਿਖਿਆ ਸੰਸਥਾਵਾਂ ਵਿਚ ਧਾਰਮਕ ਸਿਖਿਆ ਜਾਂ ਧਾਰਮਕ ਉਪਾਸ਼ਨਾ ਵਿਚ ਹਾਜਰ ਹੋਣ ਬਾਬਤ ਸੁਤੰਤਰਤਾ

**ਸਭਿਆਚਾਰਕ ਅਤੇ ਸਿਖਿਅਕ ਅਧਿਕਾਰ**

29 ਘੱਟ ਗਿਣਤੀਆਂ ਦੇ ਹਿੱਤਾਂ ਦੀ ਹਿਫਾਜ਼ਤ

30 ਘੱਟ ਗਿਣਤੀਆਂ ਜਾ ਸਿਖਿਆ ਸੰਸਥਾਵਾਂ ਸਥਾਪਿਤ ਕਰਨ ਅਤੇ ਉਨ੍ਹਾਂ ਦਾ ਇੰਤਜਾਮ ਕਰਨ ਦਾ ਅਧਿਕਾਰ

31 ਨਿਰਸਤ

ਕੁਝ ਕਾਨੂੰਨਾਂ ਦੀ ਛੋਟ

31ਉ ਸੰਪਦਾਵਾਂ ਆਦਿ ਦੇ ਅਰਜਨ ਲਈ ਉਪਬੰਧ ਕਰਨ ਵਾਲੇ ਕਾਨੂੰਨਾਂ ਦਾ ਬਚਾਓ

31ਅ ਕੁਝ ਕੁ ਐਕਟਾਂ ਅਤੇ ਵਿਨਿਯਮਾਂ ਦਾ ਜਾਇਜਕਰਣ

31ਇ ਕੁਝਕੁ ਨਿਦੇਸ਼ਕ ਸਿਧਾਂਤਾਂ ਨੂੰ ਪ੍ਰਭਾਵੀ ਬਣਾਉਣ ਵਾਲੇ ਕਾਨੂੰਨਾਂ ਦੀ ਛੋਟ

31ਸ ਨਿਰਸਤ

**ਸੰਵਿਧਾਨਕ ਉਪਚਾਰਾਂ ਦਾ ਅਧਿਕਾਰ**

32 ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਨੂੰ


Ministry of Law & Justice

ਨਾਫਜ ਬਣਾਉਣ ਲਈ ਉਪਚਾਰ

32 ਉ ਨਿਰਸਤ

33 ਸੰਸਦ ਦੀ ਇਸ ਭਾਗ ਦੁਆਰਾ ਪ੍ਰਦਾਨ ਅਧਿਕਾਰਾਂ ਦਾ ਸੈਨਾ ਆਦਿ ਨੂੰ ਲਾਗੂ ਹੋਣ ਵਿਚ ਰੂਪਭੇਦ ਕਰਨ ਦੀ ਸ਼ਕਤੀ

34 ਜਦ ਤੱਕ ਕਿਸੇ ਖੇਤਰ ਵਿਚ ਸੈਨਿਕ ਕਾਨੂੰਨ ਨਾਫਜ ਹੋਵੇ ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਤੇ ਪਾਬੰਦੀ

35 ਇਸ ਭਾਗ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਕਾਨੂੰਨ

**ਭਾਗ IV**

**ਰਾਜ ਦੀ ਨੀਤੀ ਦੇ ਨਿਦੇਸ਼ਕ ਸਿਧਾਂਤ**

36 ਪਰਿਭਾਸ਼ਾ

37 ਇਸ ਭਾਗ ਵਿਚਲੇ ਸਿਧਾਂਤਾਂ ਦਾ ਲਾਗੂ ਹੋਣਾ

38 ਰਾਜ ਦਾ ਲੋਕ ਭਲਾਈ ਦੀ ਤਰੱਕੀ ਲਈ ਸਮਾਜਕ ਵਿਵਸਥਾ ਪ੍ਰਾਪਤ ਕਰਾਉਣਾ

39 ਰਾਜ ਦੁਆਰਾ ਪੈਰਵੀ ਕੀਤੇ ਜਾਣ ਵਾਲੇ ਕੁਝ ਕੁ ਨੀਤੀ ਦੇ ਸਿਧਾਂਤ

39 ਉ ਸਮਾਨ ਨਿਆਂ ਅਤੇ ਮੁਫ਼ਤ ਕਾਨੂੰਨੀ ਸਹਾਇਤਾ

40 ਪਿੰਡ-ਪੰਚਾਇਤਾਂ ਦਾ ਸੰਗਠਨ

41 ਕੰਮ, ਸਿੱਖਿਆ ਅਤੇ ਕੁਝਕੁ ਸੂਰਤਾਂ ਵਿਚ ਲੋਕ ਸਹਾਇਤਾ ਪਾਉਣ ਦਾ ਅਧਿਕਾਰ

42 ਕੰਮ ਦੀਆਂ ਨਿਆਂਪੂਰਣ ਅਤੇ ਮਨੁੱਖ-ਉਚਿਤ ਹਾਲਤਾਂ ਦਾ ਅਤੇ ਜਣੇਪਾ ਸਹਾਇਤਾ ਦਾ ਉਪਬੰਧ

43 ਕਾਮਿਆਂ ਲਈ ਨਿਰਬਾਹ-ਮਜਦੂਰੀ ਆਦਿ

43ਉ ਉਪਯੋਗਿਕ ਪ੍ਰਬੰਧ ਵਿਚ ਕਾਮਿਆਂ ਦਾ ਭਾਗ ਲੈਣਾ

43 ਅ ਸਹਿਕਾਰੀ ਸੋਸਾਇਟੀਆਂ ਨੂੰ ਵਧਾਵਾ ਦੇਣਾ

Ministry of Law & Justice

44 ਨਾਗਰਿਕਾਂ ਲਈ ਇਕਸਾਰ ਦੀਵਾਨੀ ਸੰਘਤਾ

45 ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ ਮੁਢੱਲੀ ਬਾਲ ਅਵਸਥਾ ਦੀ ਦੇਖਰੇਖ ਅਤੇ ਸਿਖਿਆ ਲਈ ਉਪਬੰਧ

46 ਅਨੁਸੂਚਿਤ ਜਾਤਾਂ , ਅਨੁਸੂਚਿਤ ਕਬੀਲਿਆਂ ਅਤੇ ਹੋਰ ਕਮਜੋਰ ਅਨੁਭਾਗਾਂ ਦੇ ਸਿਖਿਅਕ ਅਤੇ ਆਰਥਕ ਹਿਤਾਂ ਦੀ ਤਰੱਕੀ

47 ਰਾਜ ਦਾ ਅਹਾਰ-ਪੂਸ਼ਟੀ ਦੇ ਪੱਧਰ ਅਤੇ ਜੀਵਨ-ਮਿਆਰ ਨੂੰ ਉਚਿਆਂ ਕਰਨ ਅਤੇ ਲੋਕ ਸਿਹਤ ਦਾ ਸੁਧਾਰ ਕਰਨ ਦਾ ਕਰਤੱਵ

48 ਖੇਤੀ ਅਤੇ ਪਸ਼ੂ-ਪਾਲਣ ਦਾ ਸੰਗਠਨ

48ੳ ਵਾਤਾਵਰਣ ਦੀ ਹਿਫ਼ਾਜ਼ਤ ਤੇ ਬਿਹਤਰੀ ਅਤੇ ਵਣ ਤੇ ਵਣ ਜੀਵਾਂ ਦੀ ਸੁਰੱਖਿਆ

49 ਕੋਮੀ ਮਹੱਤਤਾ ਦੀਆਂ ਯਾਦਗਾਰਾਂ ਅਤੇ ਸਥਾਨਾਂ ਅਤੇ ਚੀਜਾਂ ਦੀ ਹਿਫਾਜ਼ਤ

50 ਕਾਰਜਪਾਲਕਾ ਨਾਲੋਂ ਨਿਆਂ-ਪਾਲਾਕਾ ਦਾ ਵਖਰਾਓ

51 ਕੋਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਦੀ ਤਰੱਕੀ

**ਭਾਗ IV** ੳ.

**ਮੂਲ ਕਰੱਤਵ**

51 ੳ ਮੂਲ ਕਰੱਤਵ

**ਭਾਗ V**

**ਸੰਘ**

**ਅਧਿਆਏ I-ਕਾਰਜਪਾਲਕਾ**

**ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ**

Ministry of Law & Justice

52 ਭਾਰਤ ਦਾ ਰਾਸ਼ਟਰਪਤੀ
53 ਸੰਘ ਦੀ ਕਾਰਜਪਾਲਕ ਸ਼ਕਤੀ
54 ਰਾਸ਼ਟਰਪਤੀ ਦੀ ਚੋਣ
55 ਰਾਸ਼ਟਰਪਤੀ ਦੀ ਚੋਣ ਕਾ ਢੰਗ
56 ਰਾਸ਼ਟਰਪਤੀ ਦੇ ਅਹੁਦੇ ਦੀ ਅਉਧ
57 ਮੁੜ-ਚੋਣ ਲਈ ਪਾਤਰਤਾ
58 ਰਾਸ਼ਟਰਪਤੀ ਚੁਣੇ ਜਾਣ ਲਈ ਕਾਬਲਈਅਤਾਂ
59 ਰਾਸ਼ਟਟਰਪਤੀ ਦੇ ਅਹੁਦੇ ਦੀਆਂ ਸ਼ਰਤਾਂ
60 ਰਾਸ਼ਟਰਪਤੀ ਦੀ ਸੰਹੁ ਜਾਂ ਪ੍ਰਤਿੱਗਿਆ
61 ਰਾਸ਼ਟਰਪਤੀ ਦੇ ਮਹਾਂ ਦੋਸ਼ ਦਾ ਜਾਬਤਾ
62 ਰਾਸ਼ਟਰਪਤੀ ਦੇ ਅਹੁਦੇ ਦੀ ਖ਼ਾਲੀ ਥਾਂ ਨੂੰ ਭਰਨ ਲਈ ਚੋਣ ਕਰਨ ਦਾ ਸਮਾਂ ਅਤੇ ਇਤਫ਼ਾਕੀਆ ਖ਼ਾਲੀ ਥਾਂ ਭਰਨ ਲਈ ਚੁਣੇ ਵਿਅਕਤੀ ਦੇ ਅਹੁਦੇ ਦੀ ਅਉਧ
63 ਭਾਰਤ ਦਾ ਉਪ-ਰਾਸ਼ਟਰਪਤੀ
64 ਉਪ-ਰਾਸ਼ਟਰਪਤੀ ਦੇ ਅਹੁਦੇ- ਕਾਰਨ ਰਾਜਸਭਾ ਦਾ ਸਭਾਪਤੀ ਹੋਣਾ
65 ਰਾਸ਼ਟਰਪਤੀ ਦੇ ਅਹੁਦੇ ਦੇ ਇਤਫ਼ਾਕੀਆ ਖ਼ਾਲੀ ਹੋਣ, ਜਾਂ ਉਸ ਦੀ ਗੈਰਹਾਜਰੀ ਦੇ ਦੌਰਾਨ ਉਪ-ਰਾਸ਼ਟਰਪਤੀ ਦਾ ਰਾਸ਼ਟਰਪਤੀ ਵਜੋਂ ਕਾਰਜ ਕਰਨਾ ਜਾਂ ਉਸਦੇ ਕਾਜਕਾਰ ਨਿਭਾਉਣਾ
66 ਉਪ-ਰਾਸ਼ਟਰਪਤੀ ਦੀ ਚੋਣ
67 ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਅਉਧ
68 ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਖ਼ਾਲੀ ਥਾਂ ਨੂੰ ਭਰਨ ਲਈ ਚੋਣ ਕਰਨ ਦਾ ਸਮਾਂ ਅਤੇ ਇਤਫ਼ਾਕੀਆਂ ਖ਼ਾਲੀ ਥਾਂ ਭਰਨ ਲਈ ਚੁਣੇ ਵਿਅਕਤੀ ਦੇ ਅਹੁਦੇ ਦੀ ਅਉਧ

Ministry of Law & Justice

69 ਉਪ-ਰਾਸ਼ਟਰਪਤੀ ਦੀ ਸੰਹੁ ਜਾਂ ਪ੍ਰਤਿਗਿਆ
70 ਹੋਰ ਅਚਾਨਕਤਾਵਾਂ ਵਿਚ ਰਾਸ਼ਟਰਪਤੀ ਦੇ ਕਾਜਕਾਰ ਦਾ ਨਿਭਾਉਣਆ
71 ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਦੀ ਚੋਣ ਸੰਬੰਧੀ ਜਾਂ ਉਸ ਦੇ ਮੁਤੱਲਕ ਮਾਮਲੇ
72 ਕੁਝ ਕੁ ਸੂਰਤਾਂ ਵਿਚ ਰਾਸ਼ਟਰਪਤੀ ਦੀ ਮਾਫੀਆਂ, ਅਦਿ ਦੇਣ ਅਤੇ ਦੰਡਾਂ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ ਸ਼ਕਤੀ
73 ਸੰਘ ਦੀ ਕਾਰਪਾਲਕ ਸ਼ਕਤੀ ਦਾ ਵਿਸਤਾਰ

**ਮੰਤਰੀ ਪਰਿਸ਼ਦ**

74 ਰਾਸ਼ਟਰਪਤੀ ਨੂੰ ਸਹਾਇਤਾ ਅਤੇ ਸਲਾਹ ਦੇਣ ਲਈ ਮੰਤਰੀ ਪਰਿਸ਼ਦ
75 ਮੰਤਰੀਆਂ ਬਾਬਤ ਹੋਰ ਉਪਬੰਧ

**ਭਾਰਤ ਦਾ ਅਟਾਰਨੀ ਜਨਰਲ**

76 ਭਾਰਤ ਦਾ ਅਟਾਰਨੀ ਜਨਰਲ

**ਸਰਕਾਰ ਦੇ ਕਾਰਜ ਦਾ ਸੰਚਾਲਣ**

77 ਭਾਰਤ ਸਰਕਾਰ ਦੇ ਕਾਰਜ ਦਾ ਸੰਲਾਚਣ
78 ਰਾਸ਼ਟਰਪਤੀ ਨੂੰ ਜਾਣਕਾਰੀ ਦੇਣ ਆਦਿ ਬਾਰੇ ਪ੍ਰਧਾਨ ਮੰਤਰੀ ਦੇ ਕਰਤੱਵ

**ਅਧਿਆਏ II ---ਸੰਸਦ**

**ਸਧਾਰਨ**

79 ਸੰਸਦ ਦਾ ਗਠਨ
80 ਰਾਜ ਸਭਾ ਦੀ ਰਚਨਾ
81 ਲੋਕ ਸਭਾ ਦੀ ਰਚਨਾ

Ministry of Law & Justice

82 ਹਰੇਕ ਜਨ-ਗਿਣਤੀ ਪਿੱਛੋਂ ਪੁਨਰਮੇਲਾਨ
83 ਸੰਸਦ ਦੇ ਸਦਨਾਂ ਦੀ ਮਿਆਦ
84 ਸੰਸਦ ਦੀ ਮੈਂਬਰੀ ਲਈ ਕਾਬਲੀਅਤ
85 ਸੰਸਦ ਦੇ ਇਜਲਾਸ, ਉਠਾ ਦੇਣ ਅਤੇ ਤੁੜਾਓ
86 ਰਾਸ਼ਟਰਪਤੀ ਦਾ ਸਦਨਾਂ ਨੂੰ ਸੰਬੋਧਨ ਕਰਨ ਅਤੇ ਸੰਦੇਸ਼ ਭੇਜਣ ਦਾ ਅਧਿਕਾਰ
87 ਰਾਸ਼ਟਰਪਤੀ ਦਾ ਵਿਸ਼ੇਸ਼ ਭਾਸ਼ਣ
88 ਸਦਨਾਂ ਬਾਰੇ ਮੰਤਰੀਆਂ ਅਤੇ ਅਟਾਰਨੀ ਜਨਰਲ ਦੇ ਅਧਿਕਾਰ

## ਸੰਸਦ ਦੇ ਅਫਸਰ

89 ਰਾਜ ਸਭਾ ਦਾ ਸਭਾਪਤੀ ਅਤੇ ਉਪ-ਸਭਾਪਤੀ
90 ਉਪ-ਸਭਾਪਤੀ ਦੇ ਅਹੁਦੇ ਦਾ ਖ਼ਾਲੀ ਹੋਣਾ ਅਤੇ ਉਸ ਤੋਂ ਅਸਤੀਫਾ, ਅਤੇ ਹਟਾਇਆ ਜਾਣਾ
91 ਉਪ-ਸਭਾਪਤੀ ਜਾਂ ਹੋਰ ਵਿਅਕਤੀ ਦੀ, ਸਭਾਪਤੀ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਭਾਪਤੀ ਵਜੋਂ ਕਾਰਜ ਕਰਨ ਦੀ ਸ਼ਕਤੀ
92 ਜਦ ਤੱਕ ਉਸ ਨੂੰ ਅਹੁਦੇ ਤੋ ਹਟਾਉਣ ਦਾ ਮਤਾ ਵਿਚਾਰ-ਅਧੀਨ ਹੋਵੇ, ਸਭਾਪਤੀ ਜਾਂ ਉਪ-ਸਭਾਪਤੀ ਦਾ ਪ੍ਰਧਾਨਗੀ ਨ ਕਰਨਾ
93 ਲੋਕ ਸਭਾ ਦਾ ਸਪੀਕਰ ਅਤੇ ਡਿਪਟੀ-ਸਪੀਕਰ
94 ਸਪੀਕਰ ਅਤੇ ਡਿਪਟੀ ਸਪੀਕਰ ਦੇ ਅਹੁਦਿਆਂ ਦਾ ਖ਼ਾਲੀ ਹੋਣਾ, ਅਤੇ ਉਸ ਤੋਂ ਅਸਤੀਫਾ ਅਤੇ ਹਟਾਇਆ ਜਾਣਾ
95 ਡਿਪਟੀ ਸਪੀਕਰ ਜਾਂ ਹੋਰ ਵਿਅਕਤੀ ਦੀ ਸਪੀਕਰ ਦੇ ਅਹੁਦੇ ਤੇ ਕਰਤਵਾਂ ਦਾ ਪਾਲਣ ਕਰਨ ਦੀ ਜਾਂ ਸਪੀਕਰ ਵਜੋਂ ਕਾਰਜ ਕਰਨ ਦੀ ਸ਼ਕਤੀ

Ministry of Law & Justice

96 ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਪੀਕਰ ਜਾਂ ਡਿਪਟੀ ਸਪੀਕਰ ਦਾ ਪ੍ਰਧਾਨਗੀ ਨ ਕਰਨਾ

97 ਸਭਾਪਤੀ ਅਤੇ ਉਪ-ਸਭਾਪਤੀ ਅਤੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ ਅਤੇ ਭੱਤੇ

98 ਸੰਸਦ ਦਾ ਸਕਤਰੇਤ

**ਕਾਰਜ ਦਾ ਸੰਚਾਲਣ**

99 ਮੈਬਰਾਂ ਦੀ ਸੰਹੁ ਜਾਂ ਪ੍ਰਤਿਗਿਆ

100 ਸਦਨਾਂ ਵਿਚ ਵੋਟ ਦੇਣਾ, ਖ਼ਾਲੀ ਥਾਵਾਂ ਦੇ ਹੁੰਦਿਆ ਹੋਇਆਂ ਵੀ ਸਦਨਾਂ ਦੀ ਕਾਰਜ ਕਰਨ ਕੀ ਸ਼ਕਤੀ ਅਤੇ ਕੋਰਮ

**ਮੈਂਬਰਾਂ ਦੀਆਂ ਨਾਕਾਬਲੀਅਤਾਂ**

101 ਥਾਂਵਾਂ ਦਾ ਖ਼ਾਲੀ ਹੋਣਾ

102 ਮੈਂਬਰਾਂ ਲਈ ਨਾ-ਕਾਬਲਈਅਤਾਂ

103 ਮੈਬਰਾਂ ਦੀਆਂ ਨਾਕਾਬਲੀਅਤਾਂ ਬਾਬਤ ਸਵਾਲਾਂ ਤੇ ਫੈਸਲਾਂ

104 ਅਨੁਛੇਦ 99 ਦੇ ਅਧੀਨ ਸੰਹੁ ਚੁੱਕਣ ਜਾਂ ਪ੍ਰਤੀਗਿਆ ਕਰਨ ਤੋਂ ਪਹਿਲਾਂ ਜਾਂ ਕਾਬਲ ਨ ਹੁੰਦਿਆਂ ਜਾਂ ਨਾਕਾਬਲ ਹੋਣ ਤੋਂ ਬੈਠਣ ਅਤੇ ਵੋਟ ਦੇਣ ਲਈ ਡੰਨ

**ਸੰਸਦ ਅਤੇ ਉਸ ਦੇ ਮੈਂਬਰਾਂ ਦੀਆਂ ਸ਼ਕਤੀਆਂ, ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ।**

105 ਸੰਸਦ ਦੇ ਸਦਨਾਂ ਦੀਆਂ ਅਤੇ ਉਸਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ ਵਿਸ਼ੇਸ਼-ਅਧਿਕਾਰ ਆਦਿ

106 ਮੈਂਬਰ ਦੀਆਂ ਤਨਖਾਹਾਂ ਅਤੇ ਭੱਤੇ

**ਵਿਧਾਨਕ ਜਾਬਤਾ**

107 ਬਿਲਾਂ ਦੇ ਪੁਰਸਥਾਪਨ ਅਤੇ ਪਾਸ ਕਰਨ ਬਾਬਤ ਉਪਬੰਧ

108 ਕੁਝ ਕੁ ਸੂਰਤਾਂ ਵਿਚ ਦੋਹਾਂ ਸਦਨਾਂ ਦੀ ਸੰਯੁਕਤ ਬੈਠਕ

109 ਧਨ ਬਿਲਾਂ ਅਤੇ ਵਿਸ਼ੇਸ਼ ਜਾਬਤਾ

Ministry of Law & Justice

110 "ਧਨ ਬਿਲਾਂ" ਦੀ ਪਰਿਭਾਸ਼ਾ
111 ਬਿਲਾਂ ਨੂੰ ਅਨੁਮਤੀ

**ਵਿੱਤੀ ਮਾਮਲਿਆਂ ਵਿਚ ਜਾਬਤਾ**

112 ਸਾਲਾਨਾ ਵਿੱਤ ਵਿਵਰਣ
113 ਸੰਸਦ ਵਿਚ ਅਨੁਮਾਨਾਂ ਬਾਰੇ ਜਾਬਤਾ
114 ਨਮਿਤਣ ਬਿਲ
115 ਅਨੁਪੂਰਕ, ਅਤਿਰਿਕਤ, ਜਾਂ ਵਧੀਕ ਗ੍ਰਾਂਟਾਂ
116 ਲੇਖਾਂ-ਗ੍ਰਾਂਟਾਂ, ਸਾਖਗ੍ਰਾਂਟਾ ਅਤੇ ਅਪਵਾਦੀ ਗ੍ਰਾਂਟਾਂ
117 ਵਿੱਤੀ ਬਿਲਾਂ ਬਾਬਤ ਵਿਸ਼ੇਸ ਉਪਬੰਧ

**ਜ਼ਾਬਤਾ ਸਧਾਰਨ ਤੌਰ ਤੇ**

118 ਜ਼ਾਬਤੇ ਦੇ ਨਿਯਮ
119 ਸੰਸਦ ਵਿਚ ਵਿੱਤੀ ਕਾਰਜ ਸੰਬੰਧੀ ਜ਼ਾਬਤੇ ਦਾ ਕਾਨੂੰਨ ਦੁਆਰਾ ਵਿਨਿਯਮਨ
120 ਸੰਸਦ ਵਿਚ ਵਰਤੀ ਜਾਣ ਵਾਲੀ ਭਾਸ਼ਾ
121 ਸੰਸਦ ਵਿਚ ਚਰਚਾ ਤੇ ਪਾਬੰਦੀ
122 ਅਦਾਲਤਾਂ ਦਾ ਸੰਸਦ ਦੀਆਂ ਕਾਰਵਾਈਆਂ ਦੀ ਜਾਂਚ ਨ ਕਰਨਾ

**ਅਧਿਆਏ -III ਰਾਸ਼ਟਰਪਤੀ ਦੀਆਂ ਵਿਧਾਨਕ ਸ਼ਕਤੀਆਂ**

123 ਰਾਸ਼ਟਰਪਤੀ ਦੀ ਸੰਸਦ ਦੇ ਵਿਸ਼ਰਾਮ ਕਾਲ ਦੇ ਦੋਰਾਨ ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ

**ਅਧਿਆਏ - IV**

**ਸੰਘ ਦੀ ਨਿਆਂਪਾਲਕਾ**

124 ਸਰਵ-ਉੱਚ ਅਦਾਲਤ ਦੀ ਸਥਾਪਨਾ ਅਤੇ ਗਠਨ
124ੳ ਰਾਸ਼ਟਰੀ ਨਿਆਂਇਕ ਨਿਯੁਕਤੀ ਕਮੀਸ਼ਨ
124ਅ ਕਮਿਸ਼ਨ ਦੇ ਕਾਜਕਾਰ

Ministry of Law & Justice

124ਇ ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ

125 ਜੱਜਾਂ ਦੀਆਂ ਤਨਖਾਹਾਂ ਆਦਿ

126 ਕਾਰਜਕਾਰੀ ਚੀਫ ਜਸਟਿਸ ਦੀ ਨਿਯੁਕਤੀ

127 ਤਦ-ਅਰਥ ਜੱਜਾਂ ਦੀ ਨਿਯੁਕਤੀ

128 ਨਿਵਿਰਤ ਹੋਏ ਜੱਜਾਂ ਦੀ ਸਰਵ-ਉੱਚ ਅਦਾਲਤ ਦੀਆਂ ਬੈਠਕਾਂ ਵਿਚ ਹਾਜਰੀ

129 ਸਰਵ-ਉੱਚ ਅਦਾਲਤ ਦਾ ਰਿਕਾਰਡ ਦੀ ਅਦਾਲਤ ਹੋਣਾ

130 ਸਰਵ-ਉੱਚ ਅਦਾਲਤ ਦੀ ਥਾਂ

131 ਸਰਵ-ਉੱਚ ਅਦਾਲਤ ਦੀ ਅਰੰਭਕ ਅਧਿਕਾਰਤਾ

131ੳ ਨਿਰਸਤ

132 ਕੁਝਕੂ ਸੂਰਤਾਂ ਵਿਚ ਉੱਚ ਅਦਾਲਤ ਤੋਂ ਅਪੀਲਾਂ ਵਿਚ ਸਰਵ-ਉੱਚ ਅਦਾਲਤ ਦੀ ਅਪੀਲੀ ਲਈ ਅਧਿਕਾਰਤਾ

133 ਉੱਚ ਅਦਾਲਤ ਤੋਂ ਦੀਵਾਨੀ ਮਾਮਲਿਆਂ ਬਾਬਤ ਕੀਤੀਆਂ ਅਪੀਲਾਂ ਵਿਚ ਸਰਵ-ਉੱਚ ਅਦਾਲਤ ਦੀ ਅਪੀਲ ਲਈ ਅਧਿਕਾਰਤਾ

134 ਫ਼ੌਜਦਾਰੀ ਮਾਮਲਿਆਂ ਬਾਬਤ ਸਰਵ-ਉੱਚ ਅਦਾਲਤ ਦੀ ਅਪੀਲ ਅਧਿਕਾਰਾਤਾ

134ੳ ਸਰਵ-ਉੱਚ ਅਦਾਲਤ ਵਿਚ ਅਪੀਲ ਦੇ ਲਈ ਪ੍ਰਮਾਣ-ਪੱਤਰ

135 ਮੋਜੂਦਾ ਕਾਨੂੰਨ ਦੇ ਅਧੀਨ ਫੈਡਰਲ ਕੋਰਟ ਦੀ ਅਧਿਕਾਰਤਾ ਅਤੇ ਸ਼ਕਤੀਆਂ ਦਾ ਸਰਵ-ਉੱਚ ਅਦਾਲਤ ਦੁਆਰਾ ਵਰਤੋਂ ਯੋਗ ਹੋਣਾ

136 ਅਪੀਲ ਲਈ ਸਰਵ-ਉੱਚ ਅਦਾਲਤ ਦੀ ਵਿਸ਼ੇਸ ਇਜਾਜ਼ਤ

137 ਨਿਰਣਿਆਂ ਜਾਂ ਹੁਕਮਾਂ ਤੇ ਸਰਵ-ਉੱਚ ਅਦਾਲਤ ਦੁਆਰਾ ਨਜਰਸਾਨੀ

138 ਸਰਵ-ਉੱਚ ਅਦਾਲਤ ਦੀ ਅਧਿਕਾਰਤਾ ਦਾ ਵਧਾਅ


Ministry of Law & Justice

139 ਕੁਝ ਕੁ ਰਿੱਟਾਂ ਦੇ ਜਾਰੀ ਕਰਨ ਦੀਆਂ ਸ਼ਕਤੀਆਂ ਦਾ ਸਰਵ-ਉੱਚ ਅਦਾਲਤ ਨੂੰ ਪ੍ਰਦਾਨ ਹੋਣਾ

139ੳ ਕੁਝ ਕੁ ਕੇਸਾਂ ਦਾ ਅੰਤਰਣ

140 ਸਰਵ-ਉੱਚ ਅਦਾਲਤ ਦੀਆਂ ਸਹਾਇਕ ਸ਼ਕਤੀਆਂ

141 ਸਰਵ-ਉੱਚ ਅਦਾਲਤ ਦੁਆਰਾ ਐਲਾਨੇ ਗਏ ਕਾਨੂੰਨ ਦਾ ਸਭ ਅਦਾਲਤਾਂ ਦੇ ਬੰਧਨਕਾਰੀ ਹੋਣਾ

142 ਸਰਵ-ਉੱਚ ਅਦਾਲਤ ਦੀਆਂ ਡਿਗਰੀਆਂ ਅਤੇ ਹੁਕਮਾਂ ਦਾ ਨਾਫ਼ਜ਼ ਕਰਾਉਣ ਅਤੇ ਪ੍ਰਗਟ ਕਰਾਉਣ ਆਦਿ ਬਾਬਤ ਹੁਕਮ

143 ਰਾਸ਼ਟਰਪਤੀ ਦੀ ਸਰਵ-ਉੱਚ ਅਦਾਲਤ ਨਾਲ ਮਸ਼ਵਰਾ ਕਰਨ ਦੀ ਸ਼ਕਤੀ

144 ਸਿਵਲ ਅਤੇ ਅਦਾਲਤੀ ਸੱਤਾਧਾਰੀਆਂ ਦਾਂ ਸਰਵ-ਉੱਚ ਅਦਾਲਤ ਦੀ ਸਹਾਇਤਾ ਵਿਚ ਕਾਰਜ ਕਰਨਾ

144ੳ ਨਿਰਸਤ

145 ਅਦਾਲਤ ਦੇ ਨਿਯਮ ਆਦਿ

146 ਸਰਵ-ਉੱਚ ਅਦਾਲਤ ਦੇ ਅਫਸਰ ਅਤੇ ਸੇਵਕ ਅਤੇ ਖ਼ਰਚ

147 ਨਿਰਵਚਨ

ਅਧਿਆਏ V

ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ

148 ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ

149 ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੇ ਕਰਤੱਵ ਅਤੇ ਸ਼ਕਤੀਆਂ

150 ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀ ਲੇਖਿਆਂ ਬਾਬਤ ਨਿਦੇਸ਼ ਦੇਣ ਦੀ ਸ਼ਕਤੀ

151 ਲੇਖਾ-ਪਰਿਖਿਆ ਰਿਪੋਟਾਂ


Ministry of Law & Justice

## ਭਾਗ VI

## ਰਾਜ

### ਅਧਿਆਏ I---ਸਧਾਰਨ

152 ਪਰਿਭਾਸ਼ਾ

### ਅਧਿਆਏ II - ਕਾਰਜਪਾਲਕਾ

ਰਾਜਪਾਲ

153 ਰਾਜਾਂ ਦੇ ਰਾਜਪਾਲ

154 ਰਾਜ ਦੀ ਕਾਰਜਪਾਲਕ ਸ਼ਕਤੀ

155 ਰਾਜਪਾਲ ਦੀ ਨਿਯੁਕਤੀ

156 ਰਾਜਪਾਲ ਦੇ ਅਹੁਦੇ ਦੀ ਅਉਧ

157 ਹਾਜਪਾਲ ਵਜੋਂ ਨਿਯੁਕਤ ਹੋਣ ਲਈ ਕਾਬਲੀਅਤਾਂ

158 ਰਾਜਪਾਲ ਦੇ ਅਹੁਦੇ ਦੀਆਂ ਸ਼ਰਤਾਂ

159 ਰਾਜਪਾਲ ਦੀ ਸੰਹੂ ਜਾਂ ਪ੍ਰਤਿੱਗਿਆ

160 ਕੁਝਕੁ ਅਚਾਨਕ ਤਾਵਾਂ ਵਿਚ ਰਾਜਪਾਲ ਦੇ ਕਾਰਜਕਾਰ ਦਾ ਨਿਭਾਉਣਾ

161 ਕੁਝਕੁ ਸੂਰਤਾਂ ਵਿਚ ਰਾਜਪਾਲ ਦੀ ਮਾਫੀਆਂ ਆਦਿ ਦੇਣ ਅਤੇ ਦੰਡਾਂ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ ਸ਼ਕਤੀ

162 ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ

**ਮੰਤਰੀ ਪਰਿਸ਼ਦ**

163 ਰਾਜਪਾਲ ਨੂੰ ਸਹਾਇਤਾ ਅਤੇ ਸਲਾਹ ਦੇਣ ਲਈ ਮੰਤਰੀ-ਪਰਿਸ਼ਦ

164 ਮੰਤਰੀਆਂ ਬਾਬਤ ਹੋਰ ਉਪਬੰਧ

**ਰਾਜ ਦਾ ਐਡਵੋਕੇਟ-ਜਨਰਲ**

Ministry of Law & Justice

165 ਰਾਜ ਦਾ ਐਡਵੋਕੇਟ-ਜਨਰਲ

**ਸਰਕਾਰੀ ਕਾਰਜ ਦਾ ਸੰਚਾਲਣ**

166 ਕਿਸੇ ਰਾਜ ਦੀ ਸਰਕਾਰ ਦੇ ਕਾਰਜ ਦਾ ਸੰਚਾਲਣ

167 ਰਾਜਪਾਲ ਨੂੰ ਜਾਣਕਾਰੀ ਦੇਣ ਆਦਿ ਬਾਰੇ ਮੁੱਖ ਮੰਤਰੀ ਦੇ ਕਰਤੱਵ

**ਅਧਿਆਏ - III**

**ਰਾਜ ਦਾ ਵਿਧਾਨ-ਮੰਡਲ**

**ਸਧਾਰਨ**

168 ਰਾਜਾਂ ਦੇ ਵਿਧਾਨ ਮੰਡਲਾਂ ਦਾ ਗਠਨ

169 ਰਾਜਾਂ ਵਿਚ ਵਿਧਾਨ ਪਰਿਸ਼ਦਾਂ ਦਾ ਅੰਤ ਕਰਨਾ ਜਾਂ ਸਿਰਜਣ

170 ਵਿਧਾਨ ਸਭਾਵਾਂ ਦੀ ਰਚਨਾ

171 ਵਿਧਾਨ ਪਰਿਸ਼ਦਾਂ ਦੀ ਰਚਨਾ

172 ਰਾਜ ਦੇ ਵਿਧਾਨ-ਮੰਡਲਾਂ ਦੀ ਮਿਆਦ

173 ਰਾਜ ਵਿਧਾਨ-ਮੰਡਲ ਦੀ ਮੈਂਬਰੀ ਲਈ ਕਾਬਲਈਅਤਾ

174 ਰਾਜ ਵਿਧਾਨ-ਮੰਡਲ ਦੇ ਇਜਲਾਸ, ਉਨਾ ਦੇਣ ਅਤੇ ਤੁੜਾਓ

175 ਰਾਜ ਪਾਲ ਦਾ ਸਦਨ ਜਾਂ ਸਦਨਾਂ ਨੂੰ ਸੰਬੋਧਨ ਕਰਨ ਅਤੇ ਸੰਦੇਸ਼ ਭੇਜਣ ਦਾ ਅਧਿਕਾਰ

176 ਰਾਜਪਾਲ ਦਾ ਵਿਸ਼ੇਸ਼ ਭਾਸ਼ਣ

177 ਸਦਨਾਂ ਬਾਰੇ ਮੰਤਰੀਆਂ ਅਤੇ ਐਡਵੋਕੇਟ-ਜਨਰਲ ਦੇ ਅਧਿਕਾਰ

**ਰਾਜ ਵਿਧਾਨ ਮੰਡਲ ਦੇ ਅਫਸਰ**

178 ਵਿਧਾਨ ਸਭਾ ਦਾ ਸਪੀਕਰ ਅਤੇ ਡਿਪਟੀ ਸਪੀਕਰ

179 ਸਪੀਕਰ ਅਤੇ ਡਿਪਟੀ ਸਪੀਕਰ ਦੇ ਅਹੁਦਿਆਂ ਦਾ ਖ਼ਾਲੀ ਹੋਣ ਅਤੇ ਤੋਂ ਅਸਤੀਫਾ, ਅਤੇ ਹਟਾਇਆ ਜਾਣਾ

Ministry of Law & Justice

180 ਡਿਪਟੀ ਸਪੀਕਰ ਜਾਂ ਹੋਰ ਵਿਅਕਤੀ ਦੀ ਸਪੀਕਰ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਪੀਕਰ ਵਜੋਂ ਕਾਰਜ ਕਰਨ ਦੀ ਸ਼ਕਤੀ

181 ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਦਾ ਕੋਈ ਮਤਾ ਵਿਚਾਰ ਅਧੀਨ ਹੋਵੇ ਸਪੀਕਰ ਜਾਂ ਡਿਪਟੀ ਸਪੀਕਰ ਦਾ ਪ੍ਰਧਾਨਗੀ ਨ ਕਰਨਾ

182 ਵਿਧਾਨ ਪਰਿਸ਼ਦ ਦੇ ਸਭਾਪਤੀ ਅਤੇ ਉਪ-ਸਭਾਪਤੀ

183 ਸਭਾਪਤੀ ਅਤੇ ਉਪ-ਸਭਾਪਤੀ ਦੇ ਅਹੁਦਿਆਂ ਦਾ ਖ਼ਾਲੀ ਹੋਣਾ ਅਤੇ ਤੋਂ ਅਸਤੀਫਾ, ਅਤੇ ਹਟਾਇਆ ਜਾਣਾ

184 ਉਪ-ਸਭਾਪਤੀ ਜਾਂ ਹੋਰ ਵਿਅਕਤੀ ਦੀ ਸਭਾਪਤੀ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਭਾਪਤੀ ਵਜੋਂ ਕਾਰਜਕਰਨ ਦੀ ਸ਼ਕਤੀ

185 ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਭਾਪਤੀ ਦਾ ਜਾਂ ਉਪ-ਸਭਾਪਤੀ ਦਾ ਪ੍ਰਧਾਨਗੀ ਨ ਕਰਨਾ

186 ਸਪੀਕਰ ਅਤੇ ਡਿਪਟੀ ਸਪੀਕਰ ਅਤੇ ਸਭਾਪਤੀ ਅਤੇ ਉਪ-ਸਭਾਪਤੀ ਦੀਆਂ ਤਨਖਾਹਾਂ ਅਤੇ ਭੱਤੇ

187 ਰਾਜ ਦੇ ਵਿਧਾਨ ਮੰਡਲ ਦਾ ਸਕੱਤਰੇਤ

**ਕਾਰਜ ਦਾ ਸੰਚਾਲਣ**

188 ਮੈਂਬਰਾਂ ਦੀ ਸੰਹੁ ਜਾਂ ਪ੍ਰਤਿੱਗਿਆ

189 ਸਦਨਾਂ ਵਿਚ ਵੋਟ ਦੇਣਾ, ਖ਼ਾਲੀ ਥਾਵਾਂ ਦੇ ਹੁੰਦਿਆਂ ਹੋਇਆਂ ਵੀ ਸਦਨਾਂ ਦੀ ਕਾਰਜ ਕਰਨ ਦੀ ਸ਼ਕਤੀ ਅਤੇ ਕੋਰਮ

**ਮੈਂਬਰਾਂ ਦੀਆਂ ਨਾਕਾਬਲੀਅਤਾਂ**

190 ਥਾਂਵਾਂ ਦਾ ਖ਼ਾਲੀ ਹੋਣਾ

191 ਮੈਂਬਰੀ ਲਈ ਨਾਕਾਬਲੀਅਤਾਂ



Ministry of Law & Justice

192 ਮੈਂਬਰਾਂ ਦੀਆਂ ਨਾਕਾਬਲੀਅਤਾਂ ਬਾਬਤ ਸਵਾਲਾਂ ਤੇ ਫੈਸਲਾਂ

193 ਅਨੁਛੇਦ 188 ਦੇ ਅਧੀਨ ਸਹੁੰ ਚੁੱਕਣ ਜਾਂ ਪ੍ਰੱਤਗਿਆ ਕਰਨ ਤੋਂ ਪਹਿਲਾਂ ਜਾਂ ਕਾਬਲ ਨ ਹੁੰਦਿਆਂ ਹੋਇਆਂ ਜਾਂ ਨਾਕਾਬਲ ਹੋਣ ਤੇ ਬੈਠਣ ਅਤੇ ਵੋਟ ਦੇਣ ਲਈ ਡੰਨ

**ਰਾਜ ਵਿਧਾਨ-ਮੰਡਲਾਂ ਅਤੇ ਉਨ੍ਹਾਂ ਦੇ ਮੈਂਬਰਾਂ ਦੀਆਂ ਸ਼ਕਤੀਆਂ, ਵਿਸ਼ੇਸ-ਅਧਿਕਾਰ ਅਤੇ ਉਨਮੁਕਤੀਆਂ**

194 ਵਿਧਾਨ-ਮੰਡਲਾਂ ਦੇ ਸਦਨਾਂ ਦੀਆਂ ਅਤੇ ਉਨ੍ਹਾਂ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ, ਵਿਸ਼ੇਸ-ਅਧਿਕਾਰ, ਆਦਿ

195 ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ

**ਵਿਧਾਨਕ ਜ਼ਾਬਤਾ**

196 ਬਿਲਾਂ ਦੇ ਪੂਰਸਥਾਪਨ ਅਤੇ ਪਾਸ ਕਰਨ ਬਾਬਤ ਉਪਬੰਧ

197 ਧਨ ਬਿਲਾਂ ਤੋਂ ਬਿਨਾਂ ਹੋਰ ਬਿਲਾਂ ਬਾਬਤ ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਤੇ ਪਾਬੰਦੀ

198 ਧਨ ਬਿਲਾਂ ਬਾਰੇ ਵਿਸ਼ੇਸ ਜ਼ਾਬਤਾ

199 "ਧਨ ਬਿਲਾਂ" ਦੀ ਪਰਿਭਾਸ਼ਾ

200 ਬਿਲਾਂ ਦੀ ਅਨੁਮਤੀ

201 ਵਿਚਾਰ ਲਈ ਰਾਖਵੇਂ ਕੀਤੇ ਬਿਲ

**ਵਿੱਤੀ ਮਾਮਲਿਆਂ ਵਿਚ ਜਾਬਤਾ**

202 ਸਾਲਾਨਾ ਵਿੱਤ- ਵਿਵਰਣ

203 **ਵਿਧਾਨ-ਮੰਡਲ ਵਿਚ ਅਨੁਮਾਨਾਂ ਬਾਰੇ ਜਾਬਤਾ**

204 ਨਮਿੱਤਣ ਬਿਲ

205 ਅਨੁਪੂਰਕ, ਅਤਿਰਿਕਤ ਜਾਂ ਵਧੀਕ ਗ੍ਰਾਂਟਾਂ

206 ਲੇਖਾ-ਗ੍ਰਾਂਟਾਂ, ਸਾਖ ਗ੍ਰਾਂਟਾ ਅਤੇ ਅਪਵਾਦੀ ਗ੍ਰਾਂਟਾ

207 ਵਿੱਤੀ ਬਿਲਾਂ ਬਾਬਤ ਵਿਸ਼ੇਸ ਉਪਬੰਧ

**ਜਾਬਤਾ ਸਧਾਰਨ ਤੌਰ ਤੇ**


Ministry of Law & Justice

208 ਜ਼ਾਬਤੇ ਦੇ ਨਿਯਮ

209 ਰਾਜ ਦੇ ਵਿਧਾਨ-ਮੰਡਲ ਵਿਚ ਵਿੱਤੀ ਕਾਰਜ ਸੰਬੰਧੀ ਜ਼ਾਬਤੇ ਦਾ ਕਾਨੂੰਨ ਦੁਆਰਾ ਵਿਨਿਯਮਨ

210 ਵਿਧਾਨ-ਮੰਡਲ ਵਿਚ ਵਰਤੀ ਜਾਣ ਵਾਲੀ ਭਾਸ਼ਾ

211 ਵਿਧਾਨ-ਮੰਡਲ ਵਿਚ ਚਰਚਾ ਤੇ ਪਾਬੰਦੀ

212 ਅਦਾਲਤਾਂ ਦਾ ਵਿਧਾਨ-ਮੰਡਲਾਂ ਦੀਆਂ ਕਾਰਵਾਈਆਂ ਦੀ ਜਾਂਚ ਨ ਕਰਨਾ

**ਅਧਿਆਏ IV-ਰਾਜਪਾਲ ਦੀ ਵਿਧਾਨਕ ਸ਼ਕਤੀ**

213 ਰਾਜਪਾਲ ਦੀ ਵਿਧਾਨ-ਮੰਡਲ ਦੇ ਵਿਸ਼ਰਾਮ-ਕਾਲ ਦੇ ਦੌਰਾਨ ਔਰਡਿਨੈਂਸ ਜਾਰੀ ਕਰਨ ਦੀ ਸ਼ਕਤੀ

**ਅਧਿਆਏ** V- **ਰਾਜਾਂ ਦੀਆਂ ਉੱਚ ਅਦਾਲਤਾਂ**

214 ਰਾਜਾਂ ਲਈ ਉੱਚ ਅਦਾਲਤਾਂ

215 ਉੱਚ ਅਦਾਲਤਾਂ ਦਾ ਰਿਕਾਰਡ ਦੀਆਂ ਅਦਾਲਤਾਂ ਹੋਣਾ

216 ਉੱਚ ਅਦਾਲਤਾਂ ਦਾ ਗਠਨ

217 ਕਿਸੇ ਉੱਚ ਅਦਾਲਤ ਦੇ ਜੱਜ ਦੀ ਨਿਯੁਕਤੀ ਅਤੇ ਉਸ ਦੇ ਅਹੁੱਦੇ ਦੀਆਂ ਸ਼ਰਤਾਂ

218 ਸਰਵ ਉੱਚ ਅਦਾਲਤ ਸੰਬੰਧੀ ਕੁਝ ਕੁ ਉਪਬੰਧਾਂ ਦਾ ਉੱਚ ਅਦਾਲਤਾਂ ਨੂੰ ਲਾਗੂ ਹੋਣਾ

219 ਉੱਚ ਅਦਾਲਤਾਂ ਦੇ ਜੱਜਾਂ ਦੀ ਸੰਹੁ ਜਾਂ ਪ੍ਰਤਿੱਗਿਆ

220 ਸਥਾਈ ਜੱਜ ਰਹਿਣ ਪਿੱਛੋਂ ਪ੍ਰੈਕਟਿਸ ਤੇ ਪਾਬੰਦੀ

221 ਜੱਜਾਂ ਦੀਆਂ ਤਨਖਾਹਾਂ ਆਦਿ

222 ਕਿਸੇ ਜੱਜ ਦੀ ਇਕ ਉੱਚ ਅਦਾਲਤ ਤੋਂ ਕਿਸੇ ਹੋਰ ਵਿੱਚ ਬਦਲੀ

223 ਕਾਰਜਕਾਰੀ ਚੀਫ ਜਸਟਿਸ ਦੀ ਨਿਯੁਕਤੀ

Ministry of Law & Justice

| | |
|---|---|
| 224 | ਅਤਿਰਿਕਤ ਅਤੇ ਕਾਜਕਾਰੀ ਜੱਜਾਂ ਦੀ ਨਿਯੁਕਤੀ |
| 224ੳ | ਸੇਵਾ ਨਿਵਰਤ ਜੱਜਾਂ ਦੀ ਉੱਚ ਅਦਾਲਤਾਂ ਦੀਆਂ ਬੈਠਕਾਂ ਵਿਚ ਨਿਯੁਕਤੀ |
| 225 | ਮੌਜੂਦਾ ਉੱਚ ਅਦਾਲਤਾਂ ਦੀ ਅਧਿਕਾਰਤਾ |
| 226 | ਉੱਚ ਅਦਾਲਤਾਂ ਦੀ ਕੁਝ ਰਿੱਟਾਂ ਜਾਰੀ ਕਰ ਦੀ ਸ਼ਕਤੀ |
| 226ੳ | ਨਿਰਸਤ |
| 227 | ਉੱਚ ਅਦਾਲਤ ਦੀ ਸਭ ਅਦਾਲਤਾਂ ਤੇ ਅਧੀਖਣ ਦੀ ਸ਼ਕਤੀ |
| 228 | ਕੁਝ ਕੁ ਮੁਕੱਦਮਿਆਂ ਦੀ ਉੱਚ-ਅਦਾਲਤ ਨੂੰ ਬਦਲੀ |
| 228. ੳ | ਨਿਰਸਤ |
| 229 | ਉੱਚ ਅਦਾਲਤਾਂ ਦੇ ਅਫ਼ਸਰ ਅਤੇ ਸੇਵਕ ਅਤੇ ਖਰਚ |
| 230 | ਉੱਚ ਅਦਾਲਤ ਦੀ ਅਧਿਕਾਰਤਾ ਦਾ ਸੰਘ ਰਾਜਖੇਤਰਾਂ ਤੱਕ ਵਿਸਤਾਰ |
| 231 | ਦੋ ਜਾਂ ਵਧੇਰੇ ਰਾਜਾਂ ਲਈ ਇਸ ਸਾਂਝੀ ਉੱਚ ਅਦਾਲਤ ਦੀ ਸਥਾਪਨਾ |


**ਅਧਿਆਏ VI ---ਅਧੀਨ ਅਦਾਲਤਾਂ**


| | |
|---|---|
| 233 | ਜਿਲ੍ਹਾ ਜੱਜਾਂ ਦੀ ਨਿਯੁਕਤੀ |
| 233ੳ | ਕੁਝ ਕੁ ਜਿਲ੍ਹਾ ਜੱਜਾਂ ਦੀਆਂ ਨਿਯੁਕਤੀਆਂ ਅਤੇ ਉਨ੍ਹਾਂ ਦੁਆਰਾ ਦਿੱਤੇ ਗਏ ਨਿਰਿਣਿਆਂ ਆਦਿ ਦਾ ਜਾਇਜ ਕਰਣ |
| 234 | ਅਦਾਲਤੀ ਸੇਵਾ ਵਿਚ ਜਿਲ੍ਹਾ ਜੱਜਾਂ ਤੋ ਬਿਨਾਂ ਹੋਰ ਵਿਅਕਤੀਆਂ ਦੀ ਭਰਤੀ |
| 235 | ਅਧੀਨ ਅਦਾਲਤਾਂ ਤੇ ਨਿਯੰਤਰਨ |
| 236 | ਨਿਰਵਚਨ |
| 237 | ਇਸ ਅਧਿਆਏ ਦੇ ਉਪਬੰਧਾਂ ਦਾ ਮੈਜਿਸਟਰੇਟਾਂ ਦੇ ਕੁਝ ਕੁ ਵਰਗ ਜਾਂ ਵਰਗਾਂ ਨੂੰ ਲਾਗੂ ਹੋਣਾ |


Ministry of Law & Justice

ਭਾਗ -VII

ਪਹਿਲੀ ਅਨੁਸੂਚੀ ਦੇ ਭਾਗ ਅ ਵਿਚਲੇ ਰਾਜ


238 ਨਿਰਸਤ


**ਭਾਗ VIII**

**ਸੰਘ ਰਾਜਖੇਤਰ**


239 ਸੰਘ ਰਾਜਖੇਤਰਾਂ ਦਾ ਪ੍ਰਸ਼ਾਸਨ

239ੳ ਕੁੱਝ ਕੁ ਸੰਘ ਰਾਜਖੇਤਰਾਂ ਲਈ ਸਥਾਨਕ ਵਿਧਾਨ-ਮੰਡਲਾਂ ਜਾਂ ਮੰਤਰੀ ਪਰਿਸ਼ਦ ਦਾ ਜਾਂ ਦੋਹਾਂ ਦਾ ਸਿਰਜਣ

239ੳੳ ਦਿੱਲੀ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ

239ੳਅ ਸੰਵਿਧਾਨਕ ਮਸ਼ੀਨਰੀ ਦੇ ਅਸਫ਼ਲ ਹੋ ਜਾਣ ਦੀ ਸੂਰਤ ਵਿਚ ਉਪਬੰਧ

239ਅ ਪ੍ਰਸ਼ਾਸਕ ਦੀ ਵਿਧਾਨ ਮੰਡਲ ਦੇ ਵਿਸ਼ਰਾਮ ਕਾਲ ਦੇ ਦੌਰਾਨ ਅਧਿਯਾਦੇਸ਼ ਜਾਰੀ ਕਰਨ ਦੀ ਸ਼ਕਤੀ

240 ਰਾਸ਼ਟਰਪਤੀ ਦੀ ਕੁਝ ਕੁ ਸੰਘ ਰਾਜਖੇਤਰਾਂ ਲਈ ਵਿਨਿਯਮ ਬਣਾਉਣ ਦੀ ਸ਼ਕਤੀ

241 ਸੰਘ ਰਾਜਖੇਤਰਾਂ ਲਈ ਉੱਚ ਅਦਾਲਤਾਂ

242 ਨਿਰਸਤ


**ਭਾਗ IX**

**ਪੰਚਾਇਤ**


243 ਪਰਿਭਾਸ਼ਾਵਾਂ.

243ੳ ਗ੍ਰਾਮ ਸਭਾ

243 ਅ ਪੰਚਾਇਤਾਂ ਦਾ ਗਠਨ

243ੲ ਪੰਚਾਇਤਾਂ ਦੀ ਰਚਨਾ

243ਸ ਸੀਟਾਂ ਦਾ ਰਾਖਵਾਂਕਰਣ


Ministry of Law & Justice

243ਹ ਪੰਚਾਇਤਾਂ ਦੀ ਮਿਆਦ ਆਦਿ

243ਕ ਮੈਂਬਰਸ਼ਿਪ ਲਈ ਨਾਕਾਬਲੀਅਤਾਂ

243ਖ ਪੰਚਾਇਤਾਂ ਦੀਆਂ ਸ਼ਕਤੀਆਂ, ਅਥਾਰਟੀ ਅਤੇ ਉਤਰਦਾਇਤਵ

243ਗ ਪੰਚਾਇਤਾਂ ਦੁਆਰਾ ਕਰ ਅਰੋਪਣ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਫ਼ੰਡ

243ਘ ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰਨ ਦੇ ਲਈ ਵਿੱਤ ਕਮਿਸ਼ਨ ਦਾ ਗਠਨ

243ਙ ਪੰਚਾਇਤਾਂ ਦੇ ਲੇਖਿਆਂ ਦਾ ਆਡਿਟ

243ਚ ਪੰਚਾਇਤਾਂ ਲਈ ਚੋਣ

243ਛ ਸੰਘ ਰਾਜ ਖੇਤਰਾਂ ਨੂੰ ਲਾਗੂ ਹੋਣਾ

243ਜ ਇਸ ਭਾਗ ਦਾ ਕੁਝ ਕੁ ਖੇਤਰਾਂ ਤੇ ਲਾਗੂ ਨ ਹੋਣਾ

243ਝ ਮੌਜੂਦਾ ਕਾਨੂੰਨਾਂ ਅਤੇ ਪੰਚਾਇਤਾਂ ਦਾ ਬਣਿਆ ਰਹਿਣਾ

243ਞ. ਚੋਣ ਮਾਮਲਿਆਂ ਵਿਚ ਅਦਾਲਤਾਂ ਦੁਆਰਾ ਦਖ਼ਲ ਤੇ ਰੋਕ

**ਭਾਗ IX** ੳ

**ਨਗਰਪਾਲਿਕਾਵਾਂ**

243.ਟ ਪਰਿਭਾਸ਼ਾਵਾਂ.

243ਠ ਨਗਰਪਾਲਿਕਾਵਾਂ ਦਾ ਗਠਨ

243 ਡ ਨਗਰਪਾਲਿਕਾਵਾਂ ਦੀ ਰਚਨਾ

243 ਢ ਵਾਰਡ ਕਮੇਟੀਆਂ, ਆਦਿ ਦਾ ਗਠਨ ਅਤੇ ਰਚਨਾ

243 ਣ ਸੀਟਾਂ ਦਾ ਰਾਖਵਾਂਕਰਣ

243ਤ ਨਗਰਪਾਲਿਕਾਵਾਂ ਦੀ ਮਿਆਦ ਆਦਿ

243 ਥ. ਮੈਂਬਰਾਂ ਦੇ ਲਈ ਨਾਕਾਬਲੀਅਤਾਂ

243 ਦ ਨਗਰਪਾਲਿਕਾਵਾਂ ਆਦਿ ਦੀਆਂ ਸ਼ਕਤੀਆਂ, ਅਥਾਰਟੀ

Ministry of Law & Justice

ਅਤੇ ਉਤਰਦਾਇਤੱਵ
243 ਧ, ਨਗਰਪਾਲਿਕਾਵਾਂ ਦੁਆਰਾ ਕਰ ਅਰੋਪਣ ਦੀ ਸ਼ਕਤੀ ਅਤੇ ਉਨ੍ਹਾਂ ਦੇ ਫ਼ੰਡ
243ਨ ਵਿੱਤ ਕਮਿਸ਼ਨ
243ਪ ਨਗਰਪਾਲਿਕਾਵਾਂ ਦੇ ਲੇਖਿਆ ਦਾ ਆਡਿਟ
2343ਪ.ਉ ਨਗਰਪਾਲਿਕਾਵਾਂ ਦੇ ਲਈ ਚੋਣ
243ਪ.ਅ ਸੰਘ ਰਾਜ ਖੇਤਰਾਂ ਨੂੰ ਲਾਗੂ ਹੋਣਾ
243ਪ.ਇ ਇਸ ਭਾਗ ਦਾ ਕੁਝ ਕੁ ਖੇਤਰਾਂ ਤੇ ਲਾਗੂ ਨਾ ਹੋਣਾ
243ਪ.ਸ ਜਿਲ੍ਹਾ ਯੋਜਨਾ ਲਈ ਕਮੇਟੀ
243ਪ.ਹ ਮਹਾਨਗਰ ਯੋਜਨਾ ਦੇ ਲਈ ਕਮੇਟੀ
243ਪ.ਕ ਮੌਜੂਦਾ ਕਾਨੂੰਨਾਂ ਅਤੇ ਮਹਾਨਗਰਾਂ ਦਾ ਬਣਿਆ ਰਹਿਣਾ
243ਪ.ਖ ਚੋਣ ਮਾਮਲਿਆਂ ਵਿਚ ਅਦਾਲਤਾਂ ਦੇ ਦਖਲ ਤੋਂ ਵਰਜਨਾ

**ਭਾਗ IX ਅ**

**ਸਹਿਕਾਰੀ ਸੋਸਾਇਟੀਆਂ**

243ਪ.ਗ ਪਰਿਭਾਸ਼ਾਵਾਂ
243ਪ.ਘ ਸਹਿਕਾਰੀ ਸੋਸਾਇਟੀਆਂ ਦਾ ਨਿਗਮਨ
243ਪ.ਙ. ਬੋਰਡ ਦੇ ਮੈਂਬਰਾਂ ਅਤੇ ਉਸ ਦੇ ਅਹੁਦੇਦਾਰ ਦੀ ਗਿਣਤੀ ਅਤੇ ਅਉਧ
243ਪ.ਚ ਬੋਰਡ ਦੇ ਮੈਂਬਰਾਂ ਦੀ ਚੋਣ
243ਪ.ਛ ਬੋਰਡ ਦਾ ਅਧਿਲੰਘਣ ਅਤੇ ਮੁਅਤਲ ਅਤੇ ਅੰਤਰਮ ਪ੍ਰਬੰਧ
243ਪ.ਜ ਸਹਿਕਾਰੀ ਸੋਸਾਇਟੀਆਂ ਦੇ ਲੇਖਿਆ ਦਾ ਆਡਿਟ
243ਪ.ਝ ਸਧਾਰਨ ਬੌਡੀ ਦੀ ਇਕੱਤਰਤਾ ਸੰਯੋਜਤ ਕਰਨਾ
243ਪ.ਞ ਸੂਚਨਾ ਪ੍ਰਾਪਤ ਕਰਨ ਦਾ ਮੈਂਬਰ ਦਾ ਅਧਿਕਾਰ

Ministry of Law & Justice

243ਪ.ਟ **ਵਿਵਰਣੀਆਂ**

243ਪ.ਠ ਅਪਰਾਧ ਅਤੇ ਡੰਨ

243ਪ.ਡ ਬਹੁ-ਰਾਜੀ ਸਹਿਕਾਰ ਸੋਸਾਇਟੀਆਂ ਨੂੰ ਲਾਗੂ ਹੋਣਾ

243ਪ.ਢ ਸੰਘ ਰਾਜਖੇਤਰ ਨੂੰ ਲਾਗੂ ਹੋਣਾ

243ਪ.ਣ ਮੌਜੂਦਾ ਕਾਨੂੰਨਾਂ ਦਾ ਜਾਰੀ ਰਹਿਣਾ


**ਭਾਗ X**

**ਅਨੁਸੂਚਿਤ ਅਤੇ ਕਬਾਇਲੀ ਖੇਤਰ**


244 ਅਨੁਸੂਚਿਤ ਖੇਤਰਾਂ ਅਤੇ ਕਬਾਇਲੀ ਖੇਤਰਾਂ ਦਾ ਪ੍ਰਸ਼ਾਸਨ

244ੳ ਆਸਾਮ ਵਿਚ ਕੁਝਕੁ ਕਬਾਇਲੀ ਖੇਤਰਾਂ ਨੂੰ ਸਮਾਵਿਸ਼ਟ ਕਰਨ ਵਾਲੇ ਇਕ ਖੁਦਮੁਖਤਾਰ ਰਾਜਦਾ ਬਣਾਉਣਾ ਅਤੇ ਉਸ ਲਈ ਸਥਾਨਕ ਵਿਧਾਨ-ਮੰਡਲ ਜਾਂ ਮੰਤਰੀ-ਪਰਿਸ਼ਦ ਜਾਂ ਦੋਹਾਂ ਦਾ ਸਿਰਜਣ


**ਭਾਗ XI**

**ਸੰਘ ਅਤੇ ਰਾਜਾਂ ਵਿਚਕਾਰ ਸੰਬੰਧ**

ਅਧਿਆਏ I - ਵਿਧਾਨਕ ਸੰਬੰਧ

ਵਿਧਾਨਕ ਸ਼ਕਤੀਆਂ ਦੀ ਵੰਡ


245 ਸੰਸਦ ਦੇ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਕਾਨੂੰਨਾਂ ਦਾ ਵਿਸਤਾਰ

246 ਸੰਸਦ ਦੇ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਗਏ ਕਾਨੂੰਨਾਂ ਦਾ ਵਿਸ਼ਾ-ਵਸਤੂ

247 ਸੰਸਦ ਦੀ ਕੁਝਕੁ ਅਤਿਰਿਕਤ ਅਦਾਲਤਾਂ ਦੀ ਸਥਾਪਨਾ ਲਈ ਉਪਬੰਧ ਕਰਨ ਦੀ ਸ਼ਕਤੀ

248 ਵਿਧਾਨ ਦੀਆਂ ਬਾਕੀ ਰਹੀਆਂ ਸ਼ਕਤੀਆਂ


Ministry of Law & Justice

249 ਸੰਸਦ ਦੀ ਰਾਸ਼ਟਰੀ ਹਿਤ ਵਿਚ ਰਾਜ ਸੂਚੀ ਵਿਚਲੇ ਕਿਸੇ ਮਾਮਲੇ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ

250 ਜੇ ਸੰਕਦ ਦੀ ਘੋਸ਼ਣਾ ਅਮਲ ਵਿਚ ਹੋਵੇ ਸੰਸਦ ਦੀ ਰਾਜ ਸੂਚੀ ਵਿਚਲੇ ਮਾਮਲਿਆਂ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ

251 ਅਨੁਛੇਦ 249 ਅਤੇ 250 ਦੇ ਅਧੀਨ ਸੰਸਦ ਦੇ ਬਣਾਏ ਕਾਨੂੰਨਾਂ ਅਤੇ ਰਾਜਾਂ ਦੇ ਵਿਧਾਨ-ਮੰਡਲ ਦੇ ਬਣਾਏ ਕਾਨੂੰਨਾਂ ਵਿਚਕਾਰ ਅਸੰਗਤੀ

252 ਸੰਸਦ ਦੀ ਦੋ ਜਾਂ ਵਧੇਰੇ ਰਾਜਾਂ ਲਈ ਸੰਮਤੀ ਨਾਲ ਕਾਨੂੰਨ ਬਣਾਉਣ ਦੀ ਸ਼ਕਤੀ ਅਤੇ ਅਜਿਹੇ ਕਾਨੂੰਨ ਦਾ ਕਿਸੇ ਹੋਰ ਰਾਜ ਦੁਆਰਾ ਅੰਗੀਕਾਰ ਕੀਤਾ ਜਾਣਾ

253 ਕੌਮਾਂਤਰੀ ਕਰਾਰਾਂ ਦੇ ਪ੍ਰਭਾਵੀ ਬਣਾਉਣ ਲਈ ਵਿਧਾਨ

254 ਸੰਸਦ ਦੇ ਬਣਾਏ ਕਾਨੂੰਨਾਂ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਕਾਨੂੰਨਾਂ ਵਿਚਕਾਰ ਅਸੰਗਤੀ

255 ਸਿਫਾਰਾਸ਼ਾਂ ਅਤੇ ਪੂਰਵ-ਮਨਜੂਰੀਆਂ ਬਾਬਤ ਲੋੜਾਂ ਦਾ ਕੇਵਲ ਜ਼ਾਬਤੇ ਦੇ ਮਾਮਲੇ ਮੰਨੇ ਜਾਣਾ

**ਅਧਿਆਏ II - ਪ੍ਰਸ਼ਾਸਨੀ ਸੰਬੰਧ**

ਸਧਾਰਨ

256 ਰਾਜਾਂ ਅਤੇ ਸੰਘ ਦੀ ਬਾਂਧ

257 ਕੁਝ ਕੂ ਸੂਰਤਾਂ ਵਿਚ ਰਾਜਾਂ ਤੇ ਸੰਘ ਦਾ ਨਿਯੰਤਰਨ

257ੳ ਨਿਰਸਤ

258 ਕੁਝ ਕੂ ਸੂਰਤਾਂ ਵਿਚ ਸੰਘ ਦੀ ਰਾਜਾਂ ਨੂੰ ਸ਼ਕਤੀਆਂ ਆਦਿ ਪ੍ਰਦਾਨ ਕਰਨ ਦੀ ਸ਼ਕਤੀ

258ੳ ਰਾਜਾਂ ਦੀ ਸੰਘ ਨੂੰ ਕਾਜ-ਕਾਰ ਸੌਂਪਣ ਦੀ ਸ਼ਕਤੀ

259 ਨਿਰਸਤ

260 ਸੰਘ ਦੀ ਭਾਰਤ ਤੋਂ ਕਰਾਰ ਦੇ ਰਾਜਖੇਤਰ ਦੇ ਸੰਬੰਧ ਵਿਚ

Ministry of Law & Justice

ਅਧਿਕਾਰਤਾ

261 ਲੋਕ ਕਾਰਜ, ਰਿਕਾਰਡ ਅਤੇ ਅਦਾਲਤੀ ਕਾਰਵਾਈਆਂ

**ਪਾਣੀਆਂ ਸੰਬੰਧੀ ਝਗੜੇ**

262 ਅੰਤਰਰਾਜੀ ਦਰਿਆਵਾਂ ਜਾਂ ਦਰਿਆ ਵਾਦੀਆਂ ਦੇ ਪਾਣੀਆਂ ਸੰਬੰਧੀ ਝਗੜਿਆਂ ਦਾ ਨਿਆਂ-ਨਿਰਣਾ

ਰਾਜਾਂ ਵਿਚਕਾਰ ਤਾਲ-ਮੇਲ

263 ਅੰਤਰਰਾਜੀ ਪਰਿਸ਼ਦ ਬਾਰੇ ਉਪਬੰਧ

**ਭਾਗ XII**

**ਵਿੱਤ, ਸੰਪੱਤੀ, ਮੁਆਇਦੇ ਅਤੇ ਦਾਵੇ**

ਅਧਿਆਇ I ਵਿੱਤ

ਸਧਾਰਨ

264 ਭਾਵ ਅਰਥ

265 ਕਾਨੂੰਨ ਦੀ ਸੱਤਾ ਦੇ ਸਿਵਾਏ ਕਰਾਂ ਦਾ ਨ ਅਰੋਪਣਾ

266 ਭਾਰਤ ਅਤੇ ਰਾਜਾਂ ਦੇ ਸੰਚਿਤ ਫ਼ੰਡ ਅਤੇ ਲੋਕ-ਲੇਖੇ

267 ਅਚੇਤ ਫ਼ੰਡ

**ਸੰਘ ਅਤੇ ਰਾਜਾਂ ਵਿਚਕਾਰ ਸਕਰਾਰੀ ਆਮਦਨ ਦੀ ਵੰਡ**

268 ਸੰਘ ਦੁਆਰਾ ਲਾਏ ਗਏ ਪਰ ਰਾਜਾਂ ਦੁਆਰਾ ਉਗਰਾਹੇ ਅਤੇ ਨਮਿੱਤੇ ਗਏ ਮਸੂਲ

268ੳ ਸੰਘ ਦੁਆਰਾ ਲਗਾਏ ਜਾਣ ਵਾਲੇ ਅਤੇ ਸੰਘ ਅਤੇ ਰਾਜਾਂ ਦੁਆਰਾ ਉਗਰਾਏ ਅਤੇ ਨਮਿੱਤਣ ਕੀਤੇ ਜਾਣ ਵਾਲੇ ਸੇਵਾ ਕਰ

269 ਸੰਘ ਦੁਆਰਾ ਲਗਾਏ ਅਤੇ ਉਗਰਾਏ ਗਏ ਪਰ ਰਾਜਾਂ ਨੂੰ ਸੌਂਪੇ ਗਏ ਕਰ

270 ਉਗਰਾਹੇ ਗਏ ਕਰ ਅਤੇ ਉਨ੍ਹਾਂ ਦਾ ਸੰਘ ਅਤੇ ਰਾਜਾਂ

Ministry of Law & Justice

ਵਿਚਕਾਰ ਵਿਤਰਣ
271 ਸੰਘ ਦੇ ਪ੍ਰਯੋਜਨਾਂ ਲਈ ਕੁਝ ਕੁ ਮਸੂਲਾਂ ਅਤੇ ਕਰਾਂ ਤੇ ਸਰਚਾਰਜ
272 **ਨਿਰਸਤ**
273 ਪਟਸਨ ਅਤੇ ਪਟਸਨ ਦੀ ਬਣੀਆਂ ਵਸਤਾਂ ਤੋਂ ਬਰਾਮਦ ਮਸੂਲ ਦੇ ਬਦਲੇ ਵਿਚ ਗ੍ਰਾਂਟ
274 ਕਰ ਲਾਉਣ ਤੇ ਪ੍ਰਭਾਵ ਪਾਉਣ ਵਾਲੇ ਅਜਿਹੇ ਬਿਲਾਂ ਲਈ ਜਿਨ੍ਹਾਂ ਵਿਚ ਰਾਜ-ਹਿੱਤ-ਬੱਧ ਹੋਣ ਰਾਸ਼ਟਰਪਤੀ ਦੀ ਅਗੇਤਰੀ ਸਿਫਾਰਸ਼ ਦੀ ਲੋੜ
275 ਸੰਘ ਤੋਂ ਕੁਝ ਕੁ ਰਾਜਾਂ ਨੂੰ ਸਰਕਾਰੀ ਸਹਾਇਤਾ
276 ਪੇਸ਼ਿਆਂ, ਧੰਦਿਆਂ ਕਿੱਤਿਆਂ ਅਤੇ ਰੋਜਗਾਰਾਂ ਤੇ ਕਰ
277 ਬਚਾਓ
278 ਨਿਰਸਤ
279 "ਅਸਲ ਵੱਟਕਾਂ" ਆਦਿ ਦਾ ਲੇਖਾ ਲਾਉਣਾਂ
279ੳ. ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ।
280 ਵਿੱਤ ਕਮੀਸ਼ਨ
281 ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ

ਫੁਟਕਲ ਵਿੱਤੀ ਉਪਬੰਧ

282 ਸੰਘ ਜਾਂ ਕਿਸੇ ਰਾਜ ਦੁਆਰਾ ਆਪਣੀਆਂ ਸਰਕਾਰੀ ਆਮਦਨਾਂ ਵਿਚੋਂ ਕੀਤੇ ਜਾਣਯੋਗ ਖਰਚ
283 ਸੰਚਿਤ ਫੰਡਾਂ ਅਚੇਤ-ਫੰਡਾਂ ਅਤੇ ਲੋਕ ਲੇਖਿਆਂ ਵਿਚ ਜੰਮ੍ਹਾਂ ਧਨਾਂ ਦੀ ਸੰਭਾਲ, ਆਦਿ
284 ਲੇਕ ਸੇਵਕਾਂ ਅਤੇ ਅਦਾਲਤਾਂ ਦੁਆਰਾ ਪ੍ਰਾਪਤ ਦਾਵੇਦਾਰਾਂ ਦੀਆਂ ਜੰਮ੍ਹਾਂ ਅਤੇ ਹੋਰ ਧਨਾਂ ਕੀ ਸੰਭਾਲ
285 ਸੰਘ ਦੀ ਸੰਪੱਤੀ ਦੀ ਰਾਜ ਦੇ ਦਰਾਂ ਤੋਂ ਛੋਟ

Ministry of Law & Justice

| | |
|---|---|
| 286 | ਮਾਲ ਦੀ ਵਿਕਰੀ ਜਾਂ ਖਰੀਦ ਤੇ ਕਰ ਲਾਉਣ ਬਾਬਤ ਪਾਬੰਦੀਆਂ |
| 287 | ਬਿਜਲਈ ਤੇ ਕਰਾਂ ਤੋਂ ਛੋਟ |
| 288 | ਪਾਣੀ ਜਾਂ ਬਿਜਲੀ ਬਾਰੇ ਰਾਜਾਂ ਦੁਆਰਾ ਕਰ ਲਾਏ ਜਾਣ ਤੋਂ ਕੁਝਕੁ ਸੂਰਤਾਂ ਵਿਚ ਛੋਟ |
| 289 | ਕਿਸੇ ਰਾਜ ਦੀ ਸੰਪੱਤੀ ਅਤੇ ਆਮਦਨ ਦੀ ਸੰਘ ਦੁਆਰਾ ਕਰ ਲਾਏ ਜਾਣ ਤੋਂ ਛੋਟ |
| 290 | ਕੁਝ ਕੁ ਖਰਚਾਂ ਅਤੇ ਪੈਨਸ਼ਨਾਂ ਬਾਰੇ ਮੇਲਾਨ |
| 290ੳ | ਕੁਝ ਕੂ ਦੇਵਸਮ ਫੰਡਾਂ ਨੂੰ ਸਾਲਾਨਾਂ ਅਦਾਇਗੀ |
| 291 | ਨਿਰਸਤ |

**ਅਧਿਆਏ II- ਉਧਾਰ ਲੈਣਾ**

| | |
|---|---|
| 292 | ਭਾਰਤ ਸਰਕਾਰ ਦੁਆਰਾ ਉਧਾਰ ਲੈਣਾ |
| 293 | ਰਾਜਾਂ ਦੁਆਰਾ ਉਧਾਰ ਲੈਣਾ |

**ਅਧਿਆਏ – III ਸੰਪਤੀ, ਮੁਆਇਦੇ, ਅਧਿਕਾਰ, ਦੇਣਦਾਰੀਆਂ ਬਾਂਧਾਂ ਅਤੇ ਦਾਵੇ**

| | |
|---|---|
| 294 | ਕੁਝ ਕੁ ਸੂਰਤਾਂ ਵਿਚ ਸੰਪੱਤੀ, ਧਨ-ਧਾਮ, ਅਧਿਕਾਰਾਂ , ਦੇਣਦਾਰਿਆਂ ਅਤੇ ਬਾਂਧਾਂ ਜਾ ਉੱਤਰਅਧਿਕਾਰ |
| 295 | ਹੋਰ ਸੂਰਤਾਂ ਵਿਚ ਸੰਪਤੀ, ਧਨ-ਧਾਨ, ਅਧਿਕਾਰਾਂ, ਦੇਣਦਾਰੀਆਂ ਅਤੇ ਬਾਂਧਾਂ ਦਾ ਉੱਤਰਅਧਿਕਾਰ |
| 296 | ਰਾਜਗਾਮੀ ਜਾਂ ਬਤੀਤ ਹੋਣ ਕਾਰਨ ਜਾਂ ਨਿਖਸਮਤਾ ਕਰ ਕੇ ਹਾਸਲ ਹੋਣ ਵਾਲੀ ਸੰਪੱਤੀ |
| 297 | ਰਾਜ ਖੇਤਰੀ ਸਮੁੰਦਰ ਜਾਂ ਮਹਾਂਦੀਪੀ ਸ਼ੈਲਫ ਅੰਦਰ ਸਥਿਤ ਮੁੱਲਵਾਲ ਚੀਜਾਂ ਅਤੇ ਹੋਰ ਆਰਥਿਕ ਖੇਤਰ ਦੇ ਸੰਪੱਤੀ ਸਰੋਤਾਂ ਦਾ ਸੰਘ ਵਿਚ ਨਿਹਿਤ ਹੋਣਾ |
| 298 | ਵਪਾਰ ਆਦਿ ਕਰਨ ਦੀ ਸ਼ਕਤੀ |
| 299 | ਮੁਆਇਦੇ |

Ministry of Law & Justice

300 ਦਾਵੇ ਅਤੇ ਕਾਰਵਾਈਆਂ

ਅਧਿਆਏ - IV ਸੰਪੱਤੀ ਦਾ ਅਧਿਕਾਰ

300ੳ ਕਾਨੂੰਨ ਦੀ ਅਥਾਰਟੀ ਤੋਂ ਅਲਾਵਾ ਵਿਅਕਤੀਆਂ ਨੂੰ ਸੰਪੱਤੀ ਤੋਂ ਵਾਂਝਿਆ ਨਾਂ ਕੀਤਾ ਜਾਵੇਗਾ

## ਭਾਗ XIII

## ਭਾਰਤ ਤੇ ਰਾਜਖੇਤਰ ਅੰਦਰ ਵਪਾਰ, ਵਣਜ ਅਤੇ ਸਮਾਗਮ

301 ਵਪਾਰ, ਵਣਜ ਅਤੇ ਸਮਾਗਮ ਦੀ ਸੁਤੰਤਰਤਾ

302 ਸੰਸਦ ਦੀ ਵਪਾਰ, ਵਣਜ ਅਤੇ ਸਮਾਗਮ ਤੇ ਪਾਬੰਦੀਆਂ ਲਾਉਣ ਦੀ ਸ਼ਕਤੀ

303 ਵਪਾਰ ਅਤੇ ਵਣਜ ਬਾਬਤ ਸੰਘ ਦੀਆਂ ਅਤੇ ਰਾਜਾਂ ਦੀਆਂ ਵਿਧਾਨਕ ਸ਼ਕਤੀਆਂ ਤੇ ਪਾਬੰਦੀਆਂ

304 ਰਾਜਾਂ ਵਿਚਕਾਰ ਵਪਾਰ, ਵਣਜ ਅਤੇ ਸਮਾਗਮ ਤੇ ਪਾਬੰਦੀਆਂ

305 ਮੌਜੂਦਾ ਕਾਨੂੰਨਾਂ ਅਤੇ ਰਾਜ ਇਜਾਰਿਆਂ ਲਈ ਪ੍ਰਬੰਧ ਕਰਨ ਵਾਲੇ ਕਾਨੂੰਨਾਂ ਦਾ ਬਚਾਓ

306 ਨਿਰਸਤ

307 ਅਨੁਛੇਦ 301 ਤੋਂ 304 ਤੱਕ ਦੇ ਪ੍ਰਯੋਜਨ ਦਾ ਪਾਲਣ ਕਰਨ ਲਈ ਸੱਤਾਧਾਰੀ ਦੀ ਨਿਯੁਕਤੀ

## ਭਾਗ XIV

## ਸੰਘ ਅਤੇ ਰਾਜਾਂ ਦੇ ਅਧੀਨ ਸੇਵਾਵਾਂ

### ਅਧਿਆਏ I.--ਸੇਵਾਵਾਂ

308 ਨਿਰਵਚਨ

309 ਸੰਘ ਜਾਂ ਕਿਸੇ ਰਾਜ ਦੀ ਸੇਵਾ ਕਰਦੇ ਵਿਅਕਤੀਆਂ ਦੀ ਭਰਤੀ ਅਤੇ ਸੇਵਾ ਦੀਆਂ ਸ਼ਰਤਾਂ

Ministry of Law & Justice

310 ਸੰਘ ਜਾ ਕਿਸੇ ਰਾਜ ਦੀ ਸੇਵਾ ਕਰਦੇ ਵਿਅਕਤੀਆਂ ਦੇ ਅਹੁਦੇ ਦੀ ਅਉਧ

311 ਸੰਘ ਦਾ ਕਿਸੇ ਰਾਜ ਦੇ ਅਧੀਨ ਸਿਵਲ ਹੈਸੀਅਤਾਂ ਵਿਚ ਨੌਕਰੀ ਤੇ ਲੱਗੇ ਵਿਅਕਤੀਆਂ ਦੀ ਬਰਖਾਸਤਗੀ ਉਨ੍ਹਾਂ ਦਾ ਹਟਾਇਆ ਜਾਣਾ ਜਾਂ ਦਰਜਾ ਘਟਾਇਆ ਜਾਣਾ

312 ਸਰਬ ਭਾਰਤੀ ਸੇਵਾਵਾਂ

312ੳ ਕੁਝਕੁ ਸੇਵਾਵਾਂ ਦੇ ਅਫ਼ਸਰਾਂ ਦੀਆਂ ਸੇਵਾ-ਸ਼ਰਤਾਂ ਵਿਚ ਅਦਲਬਦਲ ਕਰਨ ਜਾਂ ਉਨ੍ਹਾਂ ਨੂੰ ਪਰਤਾ ਲੈਣ ਦੀ ਸੰਸਦ ਦੀ ਸ਼ਕਤੀ

313 ਅੰਤਰਕਾਲੀ ਉਪਬੰਧ

314 ਨਿਰਸਤ

ਅਧਿਆਏ II - ਲੋਕ ਸੇਵਾ ਕਮਿਸ਼ਨ

315 ਸੰਘ ਲਈ ਅਤੇ ਰਾਜਾਂ ਲਈ ਲੋਕ ਸੇਵਾ ਕਮਿਸ਼ਨ

316 ਮੈਂਬਰਾਂ ਦੀ ਨਿਯੁਕਤੀ ਅਤੇ ਅਹੁਦੇ ਦੀ ਅਉਧ

317 ਕਿਸੇ ਲੋਕ ਸੇਵਾ ਕਮਿਸ਼ਨ ਦੇ ਕਿਸੇ ਮੈਂਬਰ ਦਾ ਹਟਾਇਆ ਅਤੇ ਮੁਅੱਤਲ ਕੀਤਾ ਜਾਣਾ

318 ਕਮਿਸ਼ਨ ਦੇ ਮੈਂਬਰਾਂ ਅਤੇ ਅਮਲੇ ਦੀ ਸੇਵਾ ਦੀਆਂ ਸ਼ਰਤਾਂ ਬਾਬਤ ਵਿਨਿਯਮ ਬਣਾਉਣ ਦੀ ਸ਼ਕਤੀ

319 ਕਮਿਸ਼ਨ ਦੇ ਮੈਂਬਰਾਂ ਦੁਆਰਾ ਅਜਿਹੇ ਮੈਂਬਰ ਰਹਿਣ ਤੇ ਅਹੁਦੇ ਧਾਰਨ ਕਰਨ ਬਾਬਤ ਮਨਾਹੀ

320 ਲੋਕ ਸੇਵਾ ਕਮਿਸ਼ਨ ਦੇ ਕਾਜ-ਕਾਰ

321 ਲੋਕ ਸੇਵਾ ਕਮਿਸ਼ਨਾਂ ਦੇ ਕਾਜ-ਕਾਰ ਦਾ ਵਿਸਤਾਰ ਕਰਨ ਦੀ ਸ਼ਕਤੀ

322 ਲੋਕ ਸੇਵਾ ਕਮਿਸ਼ਨਾਂ ਦੇ ਖ਼ਰਚ

323 ਲੋਕ ਸੇਵਾ ਕਮਿਸ਼ਨਾਂ ਦੀਆਂ ਰਿਪੋਟਾਂ

Ministry of Law & Justice

ਭਾਗ XIV ੳ

ਟ੍ਰਿਬਿਊਨਲ


323ੳ ਪ੍ਰਸ਼ਾਸਨਿਕ ਟ੍ਰਿਬੁਊਨਲ

323ਅ ਹੋਰ ਮਾਮਲਿਆਂ ਲਈ ਟ੍ਰਿਬੁਊਨਲ


**ਭਾਗ XV**

**ਚੋਣਾਂ**


324 ਚੋਣਾਂ ਦੇ ਅਧੀਖਣ, ਨਿਦੇਸ਼ ਅਤੇ ਕੰਟਰੋਲ ਦਾ ਇਕ ਚੋਣ ਕਮਿਸ਼ਨ ਵਿਚ ਨਿਹਿਤ ਹੋਣਾ

325 ਧਰਮ, ਨਸਲ ਜਾਤ ਜਾਂ ਲਿੰਗ ਦੇ ਆਧਾਰਾਂ ਤੇ ਕਿਸੇ ਵਿਅਕਤੀ ਦਾ ਚੋਣਕਾਰ ਸੂਚੀ ਵਿਚ ਸ਼ਾਮਲ ਕੀਤੇ ਜਾਣ ਲਈ ਅਪਾਤਰ ਨ ਹੋਣਾ, ਜਾਂ ਕਿਸੇ ਵਿਸ਼ੇਸ ਚੋਣਕਾਰ ਸੂਚੀ ਵਿਚ ਸ਼ਾਮਲ ਕੀਤੇ ਜਾਣ ਦਾ ਦਾਅਵਾ ਨ ਕਰਨਾ

326 ਲੋਕ ਸਭਾ ਅਤੇ ਰਾਜ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਦਾ ਬਾਲਗ ਵੋਟ- ਅਧਿਕਾਰ ਤੇ ਆਧਾਰ ਤੇ ਹੋਣਾ

327 ਸੰਸਦ ਦੀ ਵਿਧਾਨ-ਮੰਡਲਾਂ ਲਈ ਚੋਣਾਂ ਬਾਰੇ ਉਪਬੰਧ ਬਣਾਉਣ ਦੀ ਸ਼ਕਤੀ

328 ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਅਜਿਹੇ ਵਿਧਾਨ-ਮੰਡਲ ਲਈ ਚੋਣਾ ਬਾਰੇ ਉਪਬੰਧ ਬਣਾਉਣ ਦੀ ਸ਼ਕਤੀ

329 ਚੋਣ ਮਾਮਲਿਆਂ ਵਿਚ ਅਦਾਲਤਾਂ ਦੁਆਰਾ ਦਖਲ ਤੇ ਰੋਕ

329ੳ ਨਿਰਸਤ


**ਭਾਗ XVI**

**ਕੁਝ ਕੁ ਸ਼੍ਰੇਣੀਆਂ ਸੰਬੰਧੀ ਵਿਸ਼ੇਸ ਉਪਬੰਧ**



Ministry of Law & Justice

| | |
|---|---|
| 330 | ਲੋਕ ਸਭਾ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਥਾਵਾਂ ਦਾ ਰਾਖਵਾਂ ਕਰਨਾ |
| 331 | ਲੋਕ ਸਭਾ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ |
| 332 | ਰਾਜ ਦੀਆਂ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਥਾਵਾਂ ਦਾ ਰਾਖਵਾ ਕਰਨਾਂ |
| 333 | ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ |
| 334 | ਥਾਵਾਂ ਦਾ ਰਾਖਵਾਂ ਕਰਨਾ ਅਤੇ ਵਿਸ਼ੇਸ ਪ੍ਰਤੀਨਿਧਤਾ ਦਾ ਸਤੱਰ ਸਾਲ ਪਿਛੋਂ ਨ ਰਹਿਣਾ |
| 335 | ਸੇਵਾਵਾਂ ਅਤੇ ਆਸਾਮੀਆਂ ਲਈ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਦਾਅਵੇ |
| 336 | ਕੁਝਕੁ ਸੇਵਾਵਾਂ ਵਿਚ ਐਂਗਲੋ-ਭਾਰਤੀ ਫਿਰਕੇ ਲਈ ਵਿਸ਼ੇਸ਼ ਉਪਬੰਧ |
| 337 | ਐਂਗਲੋ-ਭਾਰਤੀ ਫਿਰਕੇ ਦੇ ਫਾਇਦੇ ਲਈ ਸਿਖਿਅਕ ਗ੍ਰਾਂਟਾ ਬਾਰੇ ਵਿਸ਼ੇਸ਼ ਉਪਬੰਧ |
| 338 | ਕੌਮੀ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ |
| 338ੳ | ਅਨੁਸੂਚਿਤ ਕਬੀਲਿਆਂ ਲਈ ਰਾਸ਼ਟਰੀ ਕਮਿਸ਼ਨ |
| 338ਅ | ਪਛੜੀਆਂ ਸ਼੍ਰੇਣੀਆਂ ਲਈ ਰਾਸ਼ਟਰੀ ਕਮਿਸ਼ਨ |
| 339 | ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਤੇ ਸੰਘ ਦਾ ਨਿਯੰਤਰਨ |
| 340 | ਪਛੜੀਆਂ ਸ਼੍ਰੇਣੀਆਂ ਦੀਆਂ ਹਾਲਤਾਂ ਦੀ ਛਾਣ-ਬੀਣ ਕਰਨ ਲਈ ਕਮਿਸ਼ਨ ਦੀ ਨਿਯੁਕਤੀ |
| 341 | ਅਨੁਸੂਚਿਤ ਜਾਤਾਂ |
| 342 | ਅਨੁਸੂਚਿਤ ਕਬੀਲੇ |

**ਭਾਗ XVII**

Ministry of Law & Justice

## ਰਾਜ ਭਾਸ਼ਾ

## ਅਧਿਆਏ I – ਸੰਘ ਦੀ ਭਾਸ਼ਾ

343 ਸੰਘ ਦੀ ਰਾਜ ਭਾਸ਼ਾ

344 ਰਾਜ ਭਾਸ਼ਾ ਲਈ ਕਮਿਸ਼ਨ ਅਤੇ ਸੰਸਦ ਦੀ ਕਮੇਟੀ

## ਅਧਿਆਏ II- ਪ੍ਰਦੇਸ਼ਕ ਭਾਸ਼ਾਵਾਂ

345 ਕਿਸੇ ਰਾਜ ਦੀ ਰਾਜ ਭਾਸ਼ਾ ਜਾਂ ਰਾਜ ਭਾਸ਼ਾਵਾਂ

346 ਇਕ ਰਾਜ ਅਤੇ ਕਿਸੇ ਹੋਰ ਰਾਜ ਵਿਚਕਾਰ ਜਾਂ ਕਿਸੇ ਰਾਜ ਅਤੇ ਸੰਘ ਵਿਚਕਾਰ ਸੰਚਾਰ ਲਈ ਰਾਜ ਭਾਸ਼ਾ

347 ਕਿਸੇ ਰਾਜ ਦੀ ਆਬਾਦੀ ਤੇ ਕਿਸੇ ਅਨੁਭਾਗ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਸੰਬੰਧੀ ਵੇਸ਼ੇਸ ਉਪਬੰਧ

348 ਸਰਵ-ਉੱਚ ਅਦਾਲਤ ਵਿਚ ਅਤੇ ਉੱਚ ਅਦਾਲਤਾਂ ਵਿਚ ਅਤੇ ਐਕਟਾਂ ਬਿਲਾਂ ਆਦਿ ਲਈ ਵਰਤੀ ਜਾਣ ਵਾਲੀ ਭਾਸ਼ਾ

349 ਭਾਸ਼ਾ ਸੰਬੰਧੀ ਕੁਝਕੁ ਕਾਨੂੰਨਾਂ ਦੇ ਬਣਾਉਣ ਲਈ ਵਿਸ਼ੇਸ ਜਾਬਤਾ

## ਅਧਿਆਏ IV - ਵਿਸ਼ੇਸ ਨਿਦੇਸ਼

350 ਸ਼ਿਕਾਇਤਾਂ ਦੂਰ ਕਰਨ ਲਈ ਪ੍ਰਤਿ-ਬੇਨਤੀਆਂ ਵਿਚ ਵਰਤੀ ਜਾਣ ਵਾਲੀ ਭਾਸ਼ਾ

350ੳ ਮੁਢਲੇ ਪੜਾਓ ਤੇ ਮਾਤ-ਭਾਸ਼ਾ ਵਿਚ ਸਿੱਖਿਆ ਦੇਣ ਲਈ ਸਹੂਲਤਾਂ

350ਅ ਭਾਸ਼ਾਈ ਘੱਟ ਗਿਣਤੀਆਂ ਲਈ ਵਿਸ਼ੇਸ ਅਫਸਰ

351 ਹਿੰਦੀ ਭਾਸ਼ਾ ਦੇ ਵਿਕਾਸ ਲਈ ਨਿਦੇਸ਼

## ਭਾਗ XVIII

## ਸੰਕਟ ਉਪਬੰਧ

Ministry of Law & Justice

352 ਸੰਕਟ ਦੀ ਘੋਸ਼ਣਾ

353 ਸੰਸਦ ਦੀ ਘੋਸ਼ਣਾ ਦਾ ਪ੍ਰਭਾਵ

354 ਜਦ ਤੱਕ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ ਸਰਕਾਰੀ ਆਮਦਨ ਕੀ ਵੰਡ ਸੰਬੰਧੀ ਉਪਬੰਧਾਂ ਦਾ ਲਾਗੂ ਹੋਣਾ

355 ਸੰਘ ਦੇ ਰਾਜਾਂ ਦੀ ਬਾਹਰਲੇ ਹਮਲੇ ਅਤੇ ਅੰਦਰਲੀ ਗੜਬੜ ਤੋਂ ਹਿਫਾਜਤ ਕਰਨ ਦਾ ਕਰਤੱਵ

356 ਰਾਜਾਂ ਵਿਚ ਸੰਵਿਧਾਨਕ ਸਸ਼ੀਨਰੀ ਦੇ ਫ਼ੇਲ ਹੋ ਜਾਣ ਦੀ ਸੂਰਤ ਵਿਚ ਉਪਬੰਧ

357 ਅਨੁਛੇਦ 356 ਦੇ ਅਧੀਨ ਜਾਰੀ ਕੀਤੀ ਗਈ ਘੋਸ਼ਣਾ ਦੇ ਅਧੀਨ ਵਿਧਾਨਕ ਸ਼ਕਤੀਆਂ ਦੀ ਵਰਤੋਂ

358 ਸੰਕਟਾਂ ਦੇ ਦੌਰਾਨ ਅਨੁਛੇਦ 19 ਦੇ ਐਲਾਨ ਦੀ ਉਪਬੰਧਾਂ ਦੀ ਮੁਅੱਤਲੀ

359 ਸੰਕਟਾਂ ਦੇ ਦੋਰਾਨ ਭਾਗ III ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰੀ ਨਾਫਜ ਕੀਤੇ ਜਾਣ ਦੀ ਮੁਅੱਤਲੀ

359ੳ ਨਿਰਸਤ

360 ਵਿੱਤੀ ਸੰਕਟ ਬਾਬਤ  ਉਪਬੰਧ


ਭਾਗ XIX

ਫੁਟਕਲ


361 ਰਾਸ਼ਟਰਪਤੀ ਅਤੇ ਰਾਜਪਾਲਾਂ ਅਤੇ ਰਾਜਪ੍ਰਮੁਖਾਂ ਦੀ ਹਿਫਾਜਤ

361ੳ ਸੰਸਦ ਅਤੇ ਰਾਜਾਂ ਦੇ ਵਿਧਾਨ-ਮੰਡਲ ਦੀਆਂ ਕਾਰਵਾਈਆਂ ਦੇ ਪ੍ਰਕਾਸ਼ਨ ਦੀ ਹਿਫ਼ਾਜਤ

361ਅ ਲਾਹੇਵੰਦ ਰਾਜਨੀਤਿਕ ਪਦਤੇ ਨਿਯੁਕਤੀ ਦੇ ਲਈ


Ministry of Law & Justice

ਨਾਕਾਬਲੀਅਤਾਂ
362 ਨਿਰਸਤ
363 ਕੁਝਕੁ ਸੰਧੀਆਂ, ਕਰਾਰਾਂ, ਆਦਿ ਤੋਂ ਪੈਦਾ ਹੋਣ ਵਾਲੇ ਝਗੜਿਆਂ ਵਿਚ ਅਦਾਲਤਾਂ ਦੁਆਰਾ ਦਖ਼ਲ ਦੇਣ ਦੀ ਰੋਕ
363ੳ ਦੇਸੀ ਰਾਜਾਂ ਦੇ ਹੁਕਮਰਾਨਾਂ ਨੂੰ ਦਿਤੀ ਗਈ ਮਾਨਤਾ ਦਾ ਨ ਰਹਿਣਾ ਅਤੇ ਨਿੱਜੀ ਥੈਲੀਆਂ ਦਾ ਅੰਤ
364 ਵੱਡੀਆਂ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਬਾਬਤ ਵਿਸ਼ੇਸ਼ ਉਪਬੰਧ
365 ਸੰਘ ਦੁਆਰਾ ਦਿੱਤੇ ਗਏ ਨਿਦੇਸ਼ਾਂ ਦਾ ਪਾਲਨ ਨ ਕਰਨਾ ਜਾਂ ਉਨ੍ਹਾਂ ਨੂੰ ਪ੍ਰਭਾਵੀ ਨ ਬਣਾਉਣ ਦਾ ਪ੍ਰਭਾਵ
366 ਪਰਿਭਾਸ਼ਾਵਾਂ
367 ਨਿਰਵਚਨ

**ਭਾਗ XX**

**ਸੰਵਿਧਾਨ ਦੀ ਸੋਧ**

368 ਸੰਸਦ ਦੀ ਸੰਵਿਧਾਨ ਦੀ ਸੋਧ ਕਰਨ ਕੀ ਸ਼ਕਤੀ ਤੇ ਉਸ ਲਈ ਜ਼ਾਬਤਾ

**ਭਾਗ XXI**

**ਅਸਥਾਈ, ਅੰਤਰਕਾਲੀ ਅਤੇ ਵਿਸ਼ੇਸ਼ ਉਪਬੰਧ]**

369 ਰਾਜ ਸੂਚੀ ਵਿਚਲੇ ਕੁਝ ਕੁ ਮਾਮਲਿਆਂ ਬਾਰੇ ਇਸ ਤਰ੍ਹਾ ਕਾਨੂੰਨ ਬਣਾਉਣ ਦੀ ਜਿਵੇਂ ਉਹ ਸਮਵਰਤੀ ਸੂਚੀ ਵਿਚਲੇ ਮਾਮਲੇ ਹੋਣ ਸੰਸਦ ਦੀ ਅਸਥਾਈ ਸ਼ਕਤੀ
370 ਜੰਮੂ ਅਤੇ ਕਸ਼ਮੀਰ ਰਾਜ ਬਾਰੇ ਅਸਥਾਈ ਉਪਬੰਧ

Ministry of Law & Justice

371 ਮਹਾਰਾਸ਼ਟਰ ਅਤੇ ਗੁਜਰਾਤ ਰਾਜਾਂ ਬਾਰੇ ਵਿਸ਼ੇਸ਼ ਉਪਬੰਧ

371ੳ ਨਾਗਾਲੈਂਡ ਰਾਜ ਬਾਰੇ ਵਿਸ਼ੇਸ਼ ਉਪਬੰਧ

371ਅ ਆਸਾਮ ਰਾਜ ਬਾਰੇ ਵਿਸ਼ੇਸ਼ ਉਪਬੰਧ

371ੲ ਮਨੀਪੁਰ ਰਾਜ ਬਾਰੇ ਵਿਸ਼ੇਸ਼ ਉਪਬੰਧ

371ਸ ਆਂਧਰ ਪ੍ਰਦੇਸ਼ ਰਾਜ ਜਾਂ ਤੇਲੰਗਾਨਾਂ ਰਾਜਾਂ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ

371ਹ ਆਂਧਰ ਪ੍ਰਦੇਸ਼ ਵਿਚ ਕੇਂਦਰੀ ਯੂਨੀਵਰਸਿਟੀ ਦੀ ਸਥਾਪਨਾ

371ਕ ਸਿੱਕਮ ਰਾਜ ਬਾਰੇ ਵਿਸ਼ੇਸ ਉਪਬੰਧ

371ਖ ਮੀਜੋਰਮ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ

371ਗ ਅਰੁਣਾਚਲ ਪ੍ਰਦੇਸ਼ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ

371ਘ ਗੋਆ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ

371 ਙ ਕਰਨਾਟਕ ਰਾਜ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ

372 ਮੌਜੂਦਾ ਕਾਨੂੰਨਾਂ ਦਾ ਨਾਫਜ ਰਹਿਣਾ ਅਤੇ ਉਨ੍ਹਾਂ ਦਾ ਅਨੁਕੂਲਣ

372ੳ ਰਾਸ਼ਟਰਪਤੀ ਦੀ ਕਾਨੂੰਨਾਂ ਦਾ ਅਨੁਕੂਲਣ ਕਰਨ ਦੀ ਸ਼ਕਤੀ

373 ਨਿਵਾਰਕ ਨਜ਼ਰਬੰਦੀ ਵਿਚ ਰੱਖੇ ਗਏ ਵਿਅਕਤੀਆਂ ਬਾਰੇ ਕੁਝਕੂ ਸੂਰਤਾਂ ਵਿਚ ਰਾਸ਼ਟਰਪਤੀ ਦੀ ਹੁਕਮ ਦੇਣ ਦੀ ਸ਼ਕਤੀ

374 ਫੈਡਰਲ ਕੋਰਟ ਦੇ ਜੱਜਾਂ ਅਤੇ ਫੈਡਰਲ ਕੋਰਟ ਵਿਚ ਜਾਂ ਹਿਜ਼ ਮੈਜੀਸਟੀ ਇਨ ਕੌਂਸਲ ਅੱਗੇ ਲੰਬਿਤ ਕਾਰਵਾਈਆਂ ਬਾਬਤ ਉਪਬੰਧ

375 ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਅਦਾਲਤਾਂ, ਸੱਤਾਧਾਰੀਆਂ ਅਤੇ ਅਫਸਰਾਂ ਦਾ ਕਾਜਕਾਰ ਕਰਦੇ ਰਹਿਣਾ


Ministry of Law & Justice

376 ਉੱਚ ਅਦਾਲਤਾਂ ਦੇ ਜੱਜਾਂ ਬਾਬਤ ਉਪਬੰਧ

377 ਭਾਰਤ ਦੇ ਕੰਪਟਰੋਲਰ ਅਤੇ ਮਹਾਂ ਲੇਖਾਪਰੀਖਿਅਕ ਬਾਬਤ ਉਪਬੰਧ

378 ਲੋਕ ਸੇਵਾ ਕਮਿਸ਼ਨਾਂ ਬਾਬਤ ਉਪਬੰਧ

378ੳ ਆਂਧਰ ਪ੍ਰਦੇਸ਼ ਵਿਧਾਨ ਸਭਾ ਦੀ ਮੁਣਿਆਦ ਬਾਬਤ ਵਿਸ਼ੇਸ਼ ਉਪਬੰਧ

379-391 ਨਿਰਸਤ

392 ਕਠਨਾਈਆਂ ਦੂਰ ਕਰਨ ਦੀ ਰਾਸ਼ਟਰਪਤੀ ਦੀ ਸ਼ਕਤੀ


**ਭਾਗ XXII**

**ਸੰਖੇਪ ਨਾਂ ਅਰੰਭ (ਹਿੰਦੀ ਵਿਚ ਸਤਾ ਯੁਕਤ ਪਾਠ)ਅਤੇ ਨਿਰਸਨ**


393 ਸੰਖੇਪ ਨਾਂ

394 ਅਰੰਭ

394ੳ ਹਿੰਦੀ ਭਾਸ਼ਾ ਵਿਚ ਸੱਤਾਯੁਕਤ ਪਾਠ

395 ਨਿਰਸਤ


**ਅਨੁਸੂਚੀ**

**ਪਹਿਲੀ ਅਨੁਸੂਚੀ**


**I ਰਾਜ**

**II ਸੰਘ ਰਾਜ ਖੇਤਰ**


**ਦੂਜੀ ਅਨੁਸੂਚੀ**


**ਭਾਗ ੳ ਰਾਸ਼ਟਰਪਤੀ ਅਤੇ ਰਾਜਾਂ ਦੇ ਰਾਜਪਾਲਾਂ ਬਾਬਤ ਉਪਬੰਧ**


Ministry of Law & Justice

**ਭਾਗ ਅ** **ਨਿਰਸਤ**

**ਭਾਗ ਇ** **ਲੋਕ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਅਤੇ ਉਪ-ਸਭਾਪਤੀ ਅਤੇ ਕਿਸੇ ਰਾਜ ਦੀ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਅਤੇ ਵਿਧਾਨ ਪਰਿਸ਼ਦ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਬਾਬਤ ਉਪਬੰਧ**

**ਭਾਗ ਸ** **ਸਰਵ-ਉੱਚ ਅਦਾਲਤ ਦੇ ਅਤੇ ਉੱਚ ਅਦਾਲਤਾਂ ਦੇ ਜੱਜਾਂ ਬਾਬਤ ਉਪਬੰਧ**

**ਭਾਗ ਹ** **ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਬਾਬਤ ਉਪਬੰਧ**

## ਤੀਜੀ ਅਨੁਸੂਚੀ

ਸਹੁੰਆਂ ਜਾਂ ਪ੍ਰਤਿੱਗਿਆਵਾਂ ਦੇ ਫ਼ਾਰਮ

## ਚੌਥੀ ਅਨੁਸੂਚੀ

ਰਾਜ ਸਭਾ ਦੀਆਂ ਥਾਵਾਂ ਦੀ ਟਿੱਕਣ

## ਪੰਜਵੀਂ ਅਨੁਸੂਚੀ

[ਅਨੁਛੇਦ 244(1)]

**ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਪ੍ਰਸ਼ਾਸਨ ਅਤੇ ਕੰਟਰੋਲ ਬਾਬਤ ਉਪਬੰਧ**

**ਭਾਗ ੳ** **ਆਮ**

Ministry of Law & Justice

ਭਾਗ ਅ ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਦਾ ਪ੍ਰਸ਼ਾਸਨ ਅਤੇ ਕੰਟਰੋਲ

ਭਾਗ ਇ ਅਨੁਸੂਚਿਤ ਖੇਤਰ

ਭਾਗ ਸ ਅਨੁਸੂਚੀ ਦੀ ਸੋਧ

## ਛੇਵੀਂ ਅਨੁਸੂਚੀ

**ਆਸਾਮ, ਮੇਘਾਲਯ, ਤ੍ਰਿਪੁਰਾ ਅਤੇ ਮੀਜ਼ੋਰਮ ਰਾਜਾਂ ਦੇ ਸੰਘਰਾਜ ਖੇਤਰ ਵਿਚ] ਦੇ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਉਪਬੰਧ ।**

## ਸੱਤਵੀ ਅਨੁਸੂਚੀ

ਸੂਚੀ 1 ਸੰਘ ਸੂਚੀ

ਸੂਚੀ II ਰਾਜ ਸੂਚੀ

ਸੂਚੀ III ਸਮਵਰਤੀ ਸੂਚੀ

## ਅੱਠਵੀਂ ਅਨੁਸੂਚੀ

**ਭਾਸ਼ਾਵਾਂ**

## ਨੌਵੀਂ ਅਨੁਸੂਚੀ

Ministry of Law & Justice

ਕੁਝਕੁ ਐਕਟਾਂ ਅਤੇ ਵਿਨਿਯਮਾਂ ਦਾ ਜਾਇਜ਼ਕਰਨ

**ਦੱਸਵੀਂ ਅਨੁਸੂਚੀ**

ਦਲ-ਬਦਲੀ ਦੇ ਅਧਾਰ ਤੇ ਨਾਕਾਬਲੀਅਤ ਬਾਬਤ ਉਪਬੰਧ

**ਗਿਆਰਵੀਂ ਅਨੁਸੂਚੀ**

**ਬਾਰ੍ਹਵੀਂ ਅਨੁਸੂਚੀ**

**ਅਨੁਲੱਗ-I: ਸੰਵਿਧਾਨ (ਇੱਕ ਸੋ ਵੀ) ਸੋਧ ਐਕਟ, 2015**

**ਅਨੁਲੱਗ-II: ਸੰਵਿਧਾਨ (ਜੰਮੂ ਅਤੇ ਕਸ਼ਮੀਰ 'ਤੇ ਲਾਗੂ ) ਹੁਕਮ, 2019 (ਸੀ. ਓ. 272)**

Ministry of Law & Justice

# ਭਾਰਤ ਦਾ ਸੰਵਿਧਾਨ

ਪ੍ਰਸਤਾਵਨਾ ।

ਅਸੀਂ, ਭਾਰਤ ਦੇ ਲੋਕ ਭਾਰਤ ਨੂੰ ਇਕ [1][ਪ੍ਰਭੁਤਾਧਾਰੀ, ਸਮਾਜਵਾਦੀ, ਧਰਨ ਨਿਰਪੇਖ, ਲੋਕਤੰਤਰਤੀ ਗਣਰਾਜ ]ਬਣਾਉਣ ਲਈ ਅਤੇ ਉਸ ਦੇ ਸਭ ਨਾਗਰਿਕਾਂ ਨੂੰ :

ਸਮਾਜਕ, ਆਰਥਕ ਅਤੇ ਰਾਜਨੀਤਕ ਨਿਆਂ ;

ਵਿਚਾਰ ਪ੍ਰਗਟਾਉ, ਵਿਸ਼ਵਾਸ, ਧਰਮ ਅਤੇ ਉਪਾਸ਼ਨਾ ਦੀ ਸੁਤੰਤਰਤਾ ;

ਪ੍ਰਤਿਸ਼ਠਾ ਅਤੇ ਅਵਸਰ ਦੀ ਸਮਤਾ ਪ੍ਰਾਪਤ ਕਰਾਉਣ ਲਈ ;

ਅਤੇ ਉਨ੍ਹਾਂ ਸਭਨਾ ਵਿਚਕਾਰ

ਵਿਅਕਤੀ ਦਾ ਗੌਰਵ ਅਤੇ [2][ਕੌਮ ਦੀ ਏਕਤਾ ਅਤੇ ਅਖੰਡਤਾ] ਸੁਨਿਸਚਤ ਕਰਨ ਵਾਲੀ ਭਰਾਤਰਤਾ ਵਧਾਉਣ ਲਈ ;

ਦ੍ਰਿੜਮਨ ਹੋ ਕੇ ਆਪਣੀ ਸੰਵਿਧਾਨ ਸਭਾ ਵਿਚ ਨਵੰਬਰ, 1949, ਦੇ ਛੱਬੀਵੇਂ ਦਿਨ, ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ, ਐਕਟ, ਬਣਾਉਂਦੇ ਅਤੇ ਆਪਣੇ ਆਪ ਨੂੰ ਅਰਪਦੇ ਹਾਂ ।

Ministry of Law & Justice

---

[1] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਰਾ (03.01.1977 ਤੋਂ ਪ੍ਰਭਾਵੀ) "ਪ੍ਰਭੁਤਾਧਾਰੀ ਲੋਕਤੰਤਰ ਗਣਰਾਜ" ਦੀ ਥਾਵੇਂ ਰੱਖੇ ਗਏ ।

[2] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਆਰਾ (03.10.1977 ਤੋਂ ਪਭਾਵੀ) "ਕੌਮ ਦੀ ਏਕਤਾ" ਦੀ ਥਾਵੇਂ ਰੱਖੇ ਗਏ ।

Ministry of Law & Justice

## ਭਾਗ I

## ਸੰਘ ਅਤੇ ਉਸ ਦਾ ਰਾਜਖੇਤਰ

**ਸੰਘ ਦਾ ਨਾਂ ਅਤੇ ਰਾਜਖੇਤਰ ।**

1.(1) ਇੰਡੀਆ, ਅਰਥਾਤ ਭਾਰਤ, ਰਾਜਾਂ ਦਾ ਇਕ ਸੰਘ ਹੋਵੇਗਾ ।

[1][(2) ਉਸ ਦੇ ਰਾਜ ਅਤੇ ਰਾਜਖੇਤਰ ਪਹਿਲੀ ਅਨੁਸੂਚੀ ਵਿਚ ਉਲਿਖਤ ਜਿਹੇ ਹੋਣਗੇ ।]

(3) ਭਾਰਤ ਦੇ ਰਾਜਖੇਤਰ ਵਿਚ–

(ੳ) ਰਾਜਾਂ ਦੇ ਰਾਜਖੇਤਰ;

[2][(ਅ) ਪਹਿਲੀ ਅਨੁਸੂਚੀ ਵਿਚ ਉਲਿਖਤ ਸੰਗ ਰਾਜਖੇਤਰ; ਅਤੇ]

(ੲ) ਅਜਿਹੇ ਹੋਰ ਰਾਜਖੇਤਰ ਜੋ ਅਰਜਤ ਕੀਤੇ ਜਾਣ,

ਸਮਾਵਿਸ਼ਟ ਹੋਣਗੇ ।

**ਨਵੇਂ ਰਾਜਾਂ ਦਾ ਦਾਖਲਾ ਜਾਂ ਸਥਾਪਨਾ ।**

2. ਸੰਸਦ ਕਾਨੂੰਨ ਦੁਆਰਾ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਜੋ ਉਹ ਉਚਿਤ ਸਮਝੇ ਨਵੇਂ ਰਾਜ ਸੰਘ ਵਿਚ ਦਾਖਲ, ਜਾਂ ਸਥਾਪਤ ਕਰ ਸਕੇਗੀ ।

[3]2ੳ [ਸਿੱਕਮ ਦਾ ਸੰਘ ਦੇ ਨਾਲ ਸਹਿਯੁਕਤ ਹੋਣਾ] ਸਵਿਧਾਨ (ਛੱਤੀਵੀਂ ਸੋਧ) ਐਕਟ, 1975, ਦੀ ਧਾਰਾ 5 ਦੁਆਰਾ (26.04.1975 ਤੋਂ ਪ੍ਰਭਾਵੀ) ਨਿਰਸਤ ।

**ਨਵੇਂ ਰਾਜਾਂ ਦਾ ਬਣਾਉਣਾ ਅਤੇ ਮੌਜੂਦਾ ਰਾਜਾਂ ਦੇ**

3.ਸੰਸਦ ਕਾਨੂੰਨ ਦੁਆਰਾ–

(ੳ) ਕਿਸੇ ਰਾਜ ਤੋਂ ਉਸ ਦਾ ਰਾਜਖੇਤਰ ਵੱਖ ਕਰਕੇ ਜਾਂ ਦੋ ਜਾਂ ਵੱਧ

---

[1] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 2 ਦੁਆਰਾ ਮੂਲ ਖੰਡ (2) ਦੀ ਥਾਵੇਂ ਰਖਿਆ ਗਿਆ ।

[2] ਉਪਰੋਕਤ ਦੀ ਧਾਰਾ 2 ਦੁਆਰਾ ਮੂਲ ਉਪ-ਖੰਡ (ਅ) ਦੀ ਥਾਵੇਂ ਰਖਿਆ ਗਿਆ ।

[3] ਸੰਵਿਧਾਨ (ਪੈਂਤੀਵੀਂ ਸੋਧ) ਐਕਟ, 1974 ਦੀ ਧਾਰਾ 2 ਦੁਆਰਾ (1.3.1975 ਤੋਂ) ਅੰਤਰਸਥਾਪਤ ।

Ministry of Law & Justice

ਖੇਤਰਾਂ, ਹੱਦਾਂ ਜਾਂ ਨਾਵਾਂ ਦਾ ਬਦਲਣਾ।

ਰਾਜਾਂ ਜਾਂ ਰਾਜਾਂ ਦੇ ਭਾਗਾਂ ਨੂੰ ਮਿਲਾ ਕੇ ਜਾਂ ਕੋਈ ਰਾਜਖੇਤਰ ਕਿਸੇ ਰਾਜ ਦੇ ਭਾਗ ਨਾਲ ਮਿਲਾ ਕੇ ਕੋਈ ਨਵਾਂ ਰਾਜ ਬਣਾ ਸਕੇਗੀ ;

(ਅ) ਕਿਸੇ ਰਾਜ ਦਾ ਖੇਤਰ ਵਧਾ ਸਕੇਗੀ ;

(ੲ) ਕਿਸੇ ਰਾਜ ਦਾ ਖੇਤਰ ਘਟਾ ਸਕੇਗੀ ;

(ਸ) ਕਿਸੇ ਰਾਜ ਦੀਆਂ ਹੱਦਾ ਬਦਲ ਸਕੇਗੀ ;

(ਹ) ਕਿਸੇ ਰਾਜ ਦਾ ਨਾਂ ਬਦਲ ਸਕੇਗੀ :

[4][ਪਰੰਤੂ ਇਸ ਪ੍ਰਯੋਜਨ ਲਈ ਕੋਈ ਬਿਲ ਰਾਸ਼ਟਰਪਤੀ ਦੀ ਸਿਫਾਰਸ਼ ਦੇ ਸਿਵਾਏ ਅਤੇ ਜਿਥੇ ਬਿਲ ਵਿਚਲੀ ਤਜਵੀਜ ਦਾ ਪ੍ਰਭਾਵ [5]*** ਰਾਜਾਂ ਵਿਚੋਂ ਕਿਸੇ ਦੇ ਖੇਤਰ, ਹੱਦਾਂ ਜਾਂ ਨਾਂ ਤੇ ਪੈਂਦਾ ਹੋਵੇ, ਜੇਕਰ ਉਹ ਬਿਲ ਉਸ ਰਾਜ ਦੇ ਵਿਧਾਨ-ਮੰਡਲ ਨੂੰ ਉਸ ਤੇ ਆਪਣੇ ਵਿਚਾਰ, ਅਜਿਹੀ ਮੁਦੱਤ ਦੇ ਅੰਦਰ ਜਿਹੀ ਕਿ ਹਵਾਲੇ ਵਿਚ ਉਲਿਖਤ ਹੋਵੇ ਜਾਂ ਅਜਿਹੀ ਹੋਰ ਮੁਦੱਤ ਦੇ ਅੰਦਰ ਜਿਹੀ ਕੀ ਰਾਸ਼ਟਰਪਤੀ ਇਜਾਜਤ ਦੇਵੇ, ਪਰਗਟ ਕੀਤੇ ਜਾਣ ਲਈ ਰਾਸ਼ਟਰਪਤੀ ਦੁਆਰਾ ਹਵਾਲਾ ਨ ਕੀਤਾ ਗਿਆ ਹੋਵੇ ਅਤੇ ਇਸ ਤਰ੍ਹਾਂ ਉਲਿਖਤ ਜਾਂ ਇਜਾਜਤ ਦਿੱਤੀ ਮੁੱਦਤ ਨ ਗੁਜਰ ਗਈ ਹੋਵੇ ਸੰਸਦ ਦੇ ਕਿਸੇ ਸਦਨ ਵਿਚ ਪੁਰਸਥਾਪਤ ਨਹੀਂ ਕੀਤਾ ਜਾਵੇਗਾ।]

[6][ਵਿਆਖਿਆ I- ਇਸ ਅਨੁਛੇਦ ਵਿਚ, ਖੰਡ (ੳ) ਤੋਂ (ਹ) ਵਿਚ, "ਰਾਜ" ਵਿਚ ਕੋਈ ਸੰਘ ਰਾਜਖੇਤਰ ਸ਼ਾਮਲ ਹੈ, ਪਰ ਪਰੰਤੁਕ ਵਿਚ "ਰਾਜ" ਵਿਚ ਕੋਈ ਸੰਘ ਰਾਜਖੇਤਰ ਸ਼ਾਮਲ ਨਹੀਂ ਹੈ।

---

[4] ਸੰਵਿਧਾਨ (ਪੰਜਵੀਂ ਸੋਧ) ਐਕਟ, 1955, ਧਾਰਾ 2 ਦੁਆਰਾ ਮੂਲ ਪਰੰਤੁਕ ਦੀ ਥਾਵੇਂ ਰਖਿਆ ਗਿਆ।

[5] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[6] ਸੰਵਿਧਾਨ (ਅਠਾਰ੍ਹਵੀਂ ਸੋਧ) ਐਕਟ, 1966, ਧਾਰਾ 2 ਦੁਆਰਾ ਅੰਤਰਸਥਾਪਤ।



Ministry of Law & Justice

ਵਿਆਖਿਆ II.–ਖੰਡ ੳ ਦੁਆਰਾ ਸੰਸਦ ਨੂੰ ਪ੍ਰਦਾਨ ਕੀਤੀ ਗਈ ਸ਼ਕਤੀ ਵਿਚ ਕਿਸੇ ਰਾਜ ਜਾਂ ਸੰਘ ਰਾਜਖੇਤਰ ਦੇ ਕਿਸੇ ਭਾਗ ਨੂੰ ਕਿਸੇ ਹੋਰ ਰਾਜ ਜਾਂ ਸੰਘ ਰਾਜਖੇਤਰ ਨਾਲ ਮਿਲਾ ਕੇ ਕੋਈ ਨਵਾਂ ਰਾਜ ਜਾਂ ਸੰਘ ਰਾਜਖੇਤਰ ਬਣਾਉਣ ਦੀ ਸ਼ਕਤੀ ਸ਼ਾਮਲ ਹੈ।]

ਪਹਿਲੀ ਅਤੇ ਚੌਥੀ ਅਨੁਸੂਚੀਆਂ ਦੀ ਸੋਧ ਅਤੇ ਅਨੁਪੂਰਕ, ਅਨੁਸੰਗਤ ਅਤੇ ਪਰਿਣਾਮਕ ਮਾਮਲਿਆਂ ਲਈ ਉਪਬੰਧ ਕਰਨ ਲਈ ਅਨੁਛੇਦ 2 ਅਤੇ 3 ਦੇ ਅਧੀਨ ਬਣਾਏ ਗਏ ਕਾਨੂੰਨ।

4(1) ਅਨੁਛੇਦ 2 ਜਾਂ ਅਨੁਛੇਦ 3 ਵਿਚ ਹਵਾਲਾ ਦਿੱਤੇ ਗਏ ਕਿਸੇ ਕਾਨੂੰਨ ਵਿਚ ਪਹਿਲੀ ਅਨੁਸੂਚੀ ਅਤੇ ਚੌਥੀ ਅਨੁਸੂਚੀ ਦੀ ਸੋਧ ਲਈ ਅਜਿਹੇ ਉਪਬੰਧ ਹੋਣਗੇ ਜਿਹੇ ਉਸ ਕਾਨੂੰਨ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਜਰੂਰੀ ਹੋਣ, ਅਤੇ ਉਸ ਵਿਚ ਅਜਿਹੇ ਅਨੁਪੂਰਕ ਅਨੁਸੰਗਕ ਅਤੇ ਪਰਿਣਾਮਕ ਉਪਬੰਧ (ਜਿਨਾਂ ਵਿਚ ਅਜਿਹੇ ਕਾਨੂੰਨ ਤੋਂ ਪ੍ਰਭਾਵਤ ਰਾਜ ਜਾਂ ਰਾਜਾਂ ਦੀ ਸੰਸਦ ਵਿਚ ਅਤੇ ਵਿਧਾਨ-ਮੰਡਲ ਜਾਂ ਵਿਧਾਨ-ਮੰਡਲਾਂ ਵਿਚ ਪ੍ਰਤੀਨਿਧਤਾ ਬਾਬਤ ਉਪਬੰਧ ਸ਼ਾਮਲ ਹਨ) ਵੀ ਹੋ ਸਕਣਗੇ ਜਿਹੇ ਸੰਸਦ ਜਰੂਰੀ ਸਮਝੇ।

(2) ਉਪਰੋਕਤ ਜਿਹਾ ਕੋਈ ਕਾਨੂੰਨ ਅਨੁਛੇਦ 368 ਦੇ ਪ੍ਰਯੋਜਨਾਂ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝਿਆ ਜਾਵੇਗਾ।

Ministry of Law & Justice

# ਭਾਗ II

## ਨਾਗਰਿਕਤਾ

**ਇਸ ਸੰਵਿਧਾਨ ਦੇ ਅਰੰਭ ਤੇ ਨਾਗਰਿਕਤਾ।**

5. ਇਸ ਸੰਵਿਦਾਨ ਦੇ ਅਰੰਭ ਤੇ ਹਰਿਕ ਵਿਅਕਤੀ ਜਿਸ ਦਾ ਭਾਰਤ ਰਾਜਖੇਤਰ ਵਿਚ ਅਧਿਵਾਸ ਹੈ ਅਤੇ–

(ੳ) ਜੋ ਭਾਰਤ ਦੇ ਰਾਜਖੇਤਰ ਵਿਚ ਜੰਮਿਆ ਸੀ ;ਜਾਂ

(ਅ) ਜਿਸ ਦੇ ਮਾਪਿਆਂ ਵਿਚੋਂ ਕੋਈ ਭਾਰਤ ਦੇ ਰਾਜਖੇਤਰ ਵਿਚ ਜੰਮਿਆ ਸੀ ;ਜਾਂ

(ੲ) ਜੋ ਅਜਿਹੇ ਅਰੰਭ ਤੋਂ ਤੁਰਤ ਪਹਿਲੇ ਘੱਟ ਤੋਂ ਘੱਟ ਪੰਜ ਸਾਲ ਤਕ ਭਾਰਤ ਦੇ ਰਾਜਖੇਤਰ ਵਿਚ ਸਾਧਾਰਣ ਤੋਰ ਤੇ ਨਿਵਾਸੀ ਰਿਹਾ ਹੈ

,

ਭਾਰਤ ਦਾ ਨਾਗਰਿਕ ਹੋਵੇਗਾ।

**ਪਾਕਿਸਤਾਨ ਤੋਂ ਭਾਰਤ ਨੂੰ ਪਰਵਾਸ ਕਰ ਆਏ ਕੁਝ ਕੁ ਵਿਅਕਤੀਆਂ ਦੇ ਨਾਗਰਿਕਤਾ ਦੇ ਅਧਿਕਾਰ।**

6. ਅਨੁਛੇਦ 5 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਵਿਅਕਤੀ ਜੋ ਹੁਣ ਪਾਕਿਸਤਾਨ ਵਿਚ ਸ਼ਾਮਲ ਰਾਜਖੇਤਰ ਤੋਂ ਭਾਰਤ ਦੇ ਰਾਜਖੇਤਰ ਨੂੰ ਪਰਵਾਸ ਕਰ ਆਇਆ ਹੈ ਇਸ ਸੰਵਿਧਾਨ ਦੇ ਅਰੰਭ ਤੇ ਭਾਰਤ ਦਾ ਨਾਗਰਿਕ ਸਮਝਿਆ ਜਾਵੇਗਾ ਜੇ–

(ੳ). ਉਹ ਜਾਂ ਉਸ ਦੇ ਮਾਪਿਆਂ ਵਿਚੋਂ ਕੋਈ ਜਾਂ ਉਸ ਦੇ ਪੜਮਾਪਿਆ ਵਿਚੋਂ ਕੋਈ ਗਵਰਨਮੈਂਟ ਔਫ ਇੰਡੀਆ ਐਕਟ, 1935 (ਜਿਵੇਂ ਮੂਲ ਰੂਪ ਵਿਚ ਐਕਟ ਬਣਿਆ) ਵਿਚ ਪਰਿਭਾਸ਼ਤ ਭਾਰਤ ਵਿੱਚ ਜੰਮਿਆ ਸੀ ;ਅਤੇ

(ਅ).(i) ਉਸ ਸੂਰਤ ਵਿਚ ਜਿੱਥੇ ਅਜਿਹਾ ਵਿਅਕਤੀ ਜੁਲਾਈ, 1948, ਦੇ ਉਨੀਵੇਂ ਦਿਨ ਤੋਂ ਪਹਿਲਾਂ  ਇਸ ਤਰ੍ਹਾਂ ਪਰਵਾਸ ਕਰ ਆਇਆ ਹੈ ਉਹ ਆਪਣੇ ਪਰਵਾਸ ਦੀ ਤਰੀਕ ਤੋਂ ਭਾਰਤ ਦੇ ਰਾਜਖੇਤਰ ਵਿਚ ਸਾਧਾਰਣ ਤੋਰ ਤੇ ਨਿਵਾਸੀ ਰਿਹਾ ਹੈ; ਜਾਂ

Ministry of Law & Justice

(ii) ਉਸ ਸੂਰਤ ਵਿਚ ਜਿੱਥੇ ਅਜਿਹਾ ਵਿਅਕਤੀ ਜੁਲਾਈ, 1948, ਦੇ ਉਨ੍ਹੀਵੇਂ ਦਿਨ ਜਾਂ ਉਸ ਪਿਛੋਂ ਇਸ ਤਰ੍ਹਾ ਪਰਵਾਸ ਕਰ ਆਇਆ ਹੈ ਉਹ ਭਾਰਤ ਡੋਮੀਨਿਅਨ ਦੀ ਸਰਕਾਰ ਦੁਆਰਾ ਉਸ ਨਮਿੱਤ ਨਿਯੁਕਤ ਕੀਤੇ ਕਿਸੇ ਅਫਸਰ ਦੁਆਰਾ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਉਸ ਸਰਕਾਰ ਦੁਆਰਾ ਮੁਕੱਰਰ ਕੀਤੇ ਫਾਰਮ ਵਿਚ ਅਤੇ ਢੰਗ ਨਾਲ ਉਹਦੇ ਉਸ ਲਈ ਉਸ ਅਫਸਰ ਕੋਲ ਦਰਖ਼ਾਸਤ ਦੇਣ ਤੇ ਭਾਰਤ ਦੇ ਨਾਗਰਿਕ ਵਜੋਂ ਰਜਿਸਟਰ ਕਰ ਲਿਆ ਗਿਆ ਹੈ :

ਪਰੰਤੂ ਕੋਈ ਵਿਅਕਤੀ ਇਸ ਤਰ੍ਹਾਂ ਰਜਿਸਟਰ ਨਹੀਂ ਕੀਤਾ ਜਾਵੇਗਾ ਜੇਕਰ ਉਹ ਆਪਣੀ ਦਰਖ਼ਾਸਤ ਦੀ ਤਰੀਕ ਤੋਂ ਤੁੰਰਤ ਪਹਿਲੇ ਘੱਟ ਤੋਂ ਘੱਟ ਛੇ ਮਹੀਨੇ ਭਾਰਤ ਦੇ ਰਾਜਖੇਤਰ ਵਿਚ ਨਿਵਾਸੀ ਨ ਰਿਹਾ ਹੋਵੇ ।

ਪਾਕਿਸਤਾਨ ਨੂੰ ਪਰਵਾਸ ਕਰਨ ਵਾਲਿਆਂ ਵਿਚੋਂ ਕੁਝ ਕੁ ਦੇ ਨਾਗਰਿਕਤਾ ਦੇ ਅਧਿਕਾਰ ।

6. ਅਨੁਛੇਦ 5 ਅਤੇ 6 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਵਿਅਕਤੀ ਜੋ ਮਾਰਚ, 1947 ਦੇ ਪਹਿਲੇ ਦਿਨ ਪਿਛੋਂ ਭਾਰਤ ਦੇ ਰਾਜਖੇਤਰ ਤੋਂ ਹੁਣ ਪਾਕਿਸਤਾਨ ਵਿਚ ਸ਼ਾਮਲ ਰਾਜਖੇਤਰ ਨੂੰ ਪਰਵਾਸ ਕਰ ਗਿਆ ਹੈ, ਭਾਰਤ ਦਾ ਨਾਗਰਿਕ ਨਹੀਂ ਸਮਝਿਆ ਜਾਵੇਗਾ :

ਪਰੰਤੂ ਇਸ ਅਨੁਛੇਦ ਦੀ ਕੋਈ ਗੱਲ ਕਿਸੇ ਅਜਿਹੇ ਵਿਅਕਤੀ ਨੂੰ ਲਾਗੂ ਨਹੀਂ ਹੋਵੇਗੀ ਜੋ, ਹੁਣ ਪਾਕਿਸਤਾਨ ਵਿਚ ਸ਼ਾਮਲ ਰਾਜਖੇਤਰ ਨੂੰ ਇਸ ਤਰ੍ਹਾਂ ਪਰਵਾਸ ਕਰਨ ਪਿਛੋਂ, ਭਾਰਤ ਦੇ ਰਾਜਖੇਤਰ ਨੂੰ ਅਜਿਹੇ ਪਰਮਿਟ ਦੇ ਅਧੀਨ ਵਾਪਸ ਆ ਗਿਆ ਹੋਵੇ ਜੋ ਮੁੜਵਾਸ ਜਾਂ ਸਥਾਈ ਵਾਪਸੀ ਲਈ ਕਿਸੇ ਕਾਨੂੰਨ ਦੀ ਸੱਤਾ ਦੁਆਰਾ ਜਾਂ ਦੇ ਅਧੀਨ ਜਾਰੀ ਕੀਤਾ ਗਿਆ ਹੋਵੇ, ਅਤੇ ਹਰਿਕ ਅਜਿਹਾ ਵਿਅਕਤੀ ਅਨੁਛੇਦ 6 ਦੇ ਖੰਡ (ਅ) ਦੇ ਪ੍ਰਯੋਜਨਾਂ ਲਈ ਭਾਰਤ ਦੇ ਰਾਜਖੇਤਰ ਨੂੰ ਜੁਲਾਈ, 1948, ਦੇ ਉਨ੍ਹੀਵੇਂ ਦਿਨ ਪਿਛੋਂ ਪਰਵਾਸ ਕਰ ਆਇਆ ਸਮਝਿਆ ਜਾਵੇਗਾ ।

ਭਾਰਤ ਦੇ ਬਾਹਰ ਨਿਵਾਸ ਕਰਦੇ ਭਾਰਤੀ

7. ਅਨੁਛੇਦ 5 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਵਿਅਕਤੀ ਜੋ ਜਾਂ ਜਿਸ ਦੇ ਮਾਪਿਆਂ ਵਿਚੋਂ ਕੋਈ ਜਾਂ ਜਿਸ ਦੇ ਪੜ-ਮਾਪਿਆਂ ਵਿਚੋਂ ਕੋਈ ਗਵਰਨਮੈਂਟ ਔਫ ਇੰਡੀਆ ਐਕਟ, 1935 (ਜਿਵੇਂ ਮੂਲ ਰੂਪ ਵਿਚ

Ministry of Law & Justice

ਅਮਲੇ ਦੇ ਕੁਝ ਕੁ ਵਿਅਕਤੀਆਂ ਦੇ ਨਾਗਰਿਕਤਾ ਦੇ ਅਧਿਕਾਰ।

ਐਕਟ ਬਣਿਆ), ਵਿਚ ਪਰਿਭਾਸ਼ਤ ਭਾਰਤ ਵਿਚ ਜੰਮਿਆ ਸੀ, ਅਤੇ ਜੋ ਸਾਧਾਰਣ ਤੌਰ ਤੇ ਇਸ ਤਰ੍ਹਾਂ ਪਰਿਸ਼ਾਸਤ ਭਾਰਤ ਤੋਂ ਬਾਹਰ ਕਿਸੇ ਦੇਸ਼ ਵਿਚ ਨਿਵਾਸ ਕਰ ਰਿਹਾ ਹੋਵੇ, ਭਾਰਤ ਦਾ ਨਾਗਰਿਕ ਸਮਝਿਆ ਜਾਵੇਗਾ, ਜੇ ਉਹ ਉਸ ਦੇਸ਼ ਵਿਚ ਜਿੱਥੇ ਉਹ ਤਤ-ਸਮੇਂ ਨਿਵਾਸ ਕਰ ਰਿਹਾ ਹੋਵੇ, ਭਾਰਤ ਦੇ ਅੰਤਮ-ਰਾਜਨੀਤਕ ਜਾਂ ਕੌਂਸਲੀ ਪ੍ਰਤੀਨਿਧ ਦੁਆਰਾ ਉਸ ਦੇ ਉਸ ਲਈ ਦਰਖ਼ਾਸਤ ਦੇਣ ਤੇ ਜੋ ਉਸ ਨੇ ਭਾਰਤ ਡੋਮੀਨੀਅਨ ਦੀ ਸਰਕਾਰ ਜਾਂ ਭਾਰਤ ਸਰਕਾਰ ਦੁਆਰਾ ਮੁਕਰੱਰ ਕੀਤੇ ਹੋਏ ਫਾਰਮ ਵਿਚ ਅਤੇ ਢੰਗ ਨਾਲ ਉਸ ਅੰਤਰ-ਰਾਜਨੀਤਕ ਜਾਂ ਕੌਂਸਲੀ ਪ੍ਰਤੀਨਿਧ ਨੂੰ, ਭਾਵੇਂ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਜਾਂ ਪਿੱਛੋਂ ਦਿਤੀ ਹੋਵੇ, ਭਾਰਤ ਦੇ ਨਾਗਰਿਕ ਵਜੋਂ ਰਜਿਸਟਰ ਕਰ ਲਿਆ ਗਿਆ ਹੋਵੇ।

ਕਿਸੇ ਬਦੇਸ਼ੀ ਰਾਜ ਦੀ ਨਾਗਰਿਕਤਾ ਸਵੈ-ਇੱਛਾ ਨਾਲ ਅਰਜਤ ਕਰਨ ਵਾਲੇ ਵਿਅਕਤੀਆਂ ਦਾ ਨਾਗਰਿਕ ਨ ਹੋਣਾ ।

9. ਜੇ ਕਿਸੇ ਵਿਅਕਤੀ ਨੇ ਸਵੈ-ਇੱਛਾ ਨਾਲ ਕਿਸੇ ਬਦੇਸ਼ੀ ਰਾਜ ਦੀ ਨਾਗਰਿਕਤਾ ਅਰਜਤ ਕਰ ਲਈ ਹੋਵੇ ਉਹ ਅਨੁਛੇਦ 5 ਦੇ ਆਧਾਰ ਤੇ ਭਾਰਤ ਦਾ ਨਾਗਰਿਕ ਨਹੀਂ ਹੋਵੇਗਾ, ਅਤੇ ਨ ਅਨੁਛੇਦ 6 ਜਾਂ ਅਨੁਛੇਦ 8 ਦੇ ਆਧਾਰ ਤੇ ਭਾਰਤ ਦਾ ਨਾਗਰਿਕ ਸਮਝਿਆ ਜਾਵੇਗਾ।

ਨਾਗਰਿਕਤਾ ਦੇ ਅਧਿਕਾਰਾਂ ਦਾ ਬਣੇ ਰਹਿਣਾ।

10. ਹਰਿਕ ਵਿਅਕਤੀ ਜੋ ਇਸ ਭਾਗ ਦੇ ਪੂਰਵਗਾਮੀ ਉਪਬੰਧਾਂ ਵਿਚੋਂ ਕਿਸੇ ਦੇ ਅਧੀਨ ਭਾਰਤ ਦਾ ਨਾਗਰਿਕ ਹੈ ਜਾਂ ਸਮਝਿਆ ਜਾਂਦਾ ਹੈ, ਅਜਿਹੇ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਜੋ ਸੰਸਦ ਦੁਆਰਾ ਬਣਾਇਆ ਜਾਵੇ, ਅਜਿਹਾ ਨਾਗਰਿਕ ਬਣਿਆ ਰਹੇਗਾ।

ਸੰਸਦ ਦਾ ਕਾਨੂੰਨ ਦੁਆਰਾ ਨਾਗਰਿਕਤਾ ਦੇ ਅਧਿਕਾਰ ਦਾ ਵਿਨਿਯਮਨ ਕਰਨਾ।

11. ਇਸ ਭਾਗ ਦੇ ਪੂਰਵਗਾਮੀ ਉਪਬੰਧਾਂ ਵਿਚਲੀ ਕੋਈ ਗੱਲ ਨਾਗਰਿਕਤਾ ਦੇ ਅਰਜਨ ਅਤੇ ਸਮਾਪਤੀ ਅਤੇ ਨਾਗਰਿਕਤਾ ਨਾਲ ਸੰਬੰਧਤ ਹੋਰ ਸਭ ਮਾਮਲਿਆਂ ਬਾਰੇ ਕਿਸੇ ਉਪਬੰਧ ਬਣਾਉਣ ਦੀ ਸੰਸਦ ਦੀ ਸ਼ਕਤੀ ਦਾ ਅਲਪਣ ਨਹੀਂ ਕਰੇਗੀ।

Ministry of Law & Justice

## ਭਾਗ III
## ਮੂਲ ਅਧਿਕਾਰ
### ਸਾਧਾਰਨ

ਪਰਿਭਾਸ਼ਾ।

12. ਇਸ ਭਾਗ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀਂਦਾ ਨ ਹੋਵੇ, ਰਾਜ ਵਿਚ ਭਾਰਤ ਦੀ ਸਰਕਾਰ ਅਤੇ ਸੰਸਦ ਅਤੇ ਰਾਜਾਂ ਵਿਚੋਂ ਹਰੇਕ ਰਾਜ ਦੀ ਸਰਕਾਰ ਅਤੇ ਵਿਧਾਨ-ਮੰਡਲ, ਅਤੇ ਭਾਰਤ ਦੇ ਰਾਜਖਤੇਰ ਅੰਦਰ ਜਾਂ ਭਾਰਤ ਸਰਕਾਰ ਦੇ ਨਿਯੰਤਰਨ ਅਧੀਨ ਸਭ ਸਥਾਨਕ ਜਾਂ ਹੋਰ ਸੱਤਾਧਾਰੀ ਸ਼ਾਮਲ ਹਨ।

ਮੂਲ ਅਧਿਕਾਰਾਂ ਨਾਲ ਅਸੰਗਤ ਜਾਂ ਉਨ੍ਹਾਂ ਦਾ ਅਲਪਣ ਕਰਨ ਵਾਲੇ ਕਾਨੂੰਨ।

13.(1) ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਦੇ ਰਾਜਖੇਤਰ ਵਿਚ ਨਾਫਜ ਸਭ ਕਾਨੂੰਨ, ਜਿੱਥੋਂ ਤੱਕ ਇਸ ਭਾਗ ਦੇ ਉਪਬੰਧਾਂ ਨਾਲ ਅੰਸਗਤ ਹਨ, ਅਜਿਹੀ ਅਸੰਗਤੀ ਦੀ ਹੱਦ ਤੱਕ, ਸੁੰਨ ਹੋਣਗੇ।

(2) ਰਾਜ ਅਜਿਹਾ ਕੋਈ ਕਾਨੂੰਨ ਨਹੀਂ ਬਣਾਵੇਗਾ ਜੋ ਇਸ ਭਾਗ ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ ਨੂੰ ਖੁਹੰਦਾ ਜਾਂ ਸੰਕੂਚਦਾ ਹੋਵੇ ਅਤੇ ਇਸ ਖੰਡ ਦੀ ਉਲੰਘਣਾ ਵਿਚ ਬਣਾਇਆ ਗਿਆ ਕੋਈ ਕਾਨੂੰਨ, ਉਲੰਘਣਾ ਦੀ ਹੱਦ ਤੱਕ, ਸੁੰਨ ਹੋਵੇਗਾ।

(3) ਇਸ ਅਨੁਛੇਦ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀਂਦਾ ਨ ਹੋਵੇ ਤਾਂ,--

(ੳ) "ਕਾਨੂੰਨ" ਵਿਚ ਸ਼ਾਮਲ ਹੈ ਭਾਰਤ ਦੇ ਰਾਜਖੇਤਰ ਵਿਚ ਕਾਨੂੰਨ ਦਾ ਬਲ ਰੱਖਣ ਵਾਲਾ ਕੋਈ ਅਧਿਆਦੇਸ਼ ਹੁਕਮ, ਉਪ- ਕਾਨੂੰਨ ਨਿਯਮ, ਵਿਨਿਯਮ, ਅਧਿਸੂਚਨਾ, ਰਵਾਜ ਜਾ ਪ੍ਰਥਾ ;

(ਅ) "ਨਾਫਜ ਕਾਨੂੰਨ" ਵਿਚ ਸ਼ਾਮਲ ਹੈ ਭਾਰਤ ਦੇ ਰਾਜਖੇਤਰ ਵਿਚ ਕਿਸੇ ਵਿਧਾਨ-ਮੰਡਲ ਜਾਂ ਹੋਰ ਸ਼ਕਤਾਵਾਨ ਸੱਤਾਧਾਰੀ ਦੁਆਰਾ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਪਾਸ ਕੀਤੇ ਜਾਂ ਬਣਾਏ ਗਏ, ਅਤੇ

Ministry of Law & Justice

ਪਹਿਲਾਂ ਹੀ ਨਿਰਸਤ ਨ ਕੀਤੇ ਗਏ ਕਾਨੂੰਨ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਅਜਿਹਾ ਕੋਈ ਕਾਨੂੰਨ ਜਾਂ ਉਸ ਦਾ ਕੋਈ ਭਾਗ ਉਦੋਂ ਉੱਕਾ ਹੀ ਜਾਂ ਖਾਸ ਖੇਤਰਾਂ ਵਿਚ ਅਮਲ ਵਿਚ ਨ ਵੀ ਹੋਵੇ ।]

[1][(4) ਇਸ ਅਨੁਛੇਦ ਦੀ ਕੋਈ ਗੱਲ ਅਨੁਛੇਦ 368 ਦੇ ਅਧੀਨ ਕੀਤੀ ਗਈ ਇਸ ਸੰਵਿਧਾਨ ਦੀ ਕਿਸੇ ਸੋਧ ਨੂੰ ਲਾਗੂ ਨਹੀਂ ਹੋਵੇਗੀ ।

## ਸਮਤਾ ਦਾ ਅਧਿਕਾਰ

ਕਾਨੂੰਨ ਅੱਗੇ ਸਮਤਾ ।

14. ਰਾਜ ਭਾਰਤ ਦੇ ਰਾਜਖੇਤਰ ਅੰਦਰ ਕਿਸੇ ਵਿਅਕਤੀ ਨੂੰ ਕਾਨੂੰਨ ਅੱਗੇ ਸਮਤਾ ਤੋਂ ਜਾਂ ਕਾਨੂੰਨਾਂ ਦੀ ਸਮਾਨ ਹਿਫਾਜ਼ਤ ਤੋਂ ਵਾਂਝਿਆ ਨਹੀਂ ਕਰੇਗਾ ।

ਧਰਮ, ਨਸਲ ਜਾਤ, ਲਿੰਗ ਜਾਂ ਜਨਮ-ਸਥਾਨ ਦੇ ਆਧਾਰ ਤੇ ਵਿਤੱਕਰੇ ਦੀ ਮਨਾਹੀ ।

15.(1) ਰਾਜ ਕਿਸੇ ਨਾਗਰਿਕ ਕੇ ਖਿਲਾਫ ਕੇਵਲ ਧਰਮ, ਨਸਲ, ਜਾਤ, ਲਿੰਗ ਜਨਮ-ਸਥਾਨ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਆਧਾਰ ਦੇ ਵਿਤੱਕਰਾ ਨਹੀਂ ਕਰੇਗਾ ।

(2)ਕੋਈ ਨਾਗਰਿਕ ਕੇਵਲ ਧਰਮ, ਨਸਲ, ਜਾਤ, ਲਿੰਗ, ਜਨਮ-ਸਥਾਨ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਆਧਾਰ ਤੇ–

(ੳ) ਦੁਕਾਨਾਂ, ਲੋਕ-ਭੋਜਨਾਲਿਆਂ, ਹੋਟਲਾਂ ਅਤੇ ਲੋਕ ਮਨੋਰੰਜਨ ਸਥਾਨਾਂ ਵਿਚ ਪ੍ਰਵੇਸ਼ ; ਜਾਂ

(ਅ) ਪੂਰੇ ਜਾਂ ਅੰਸ਼ਕ ਤੌਰ ਤੇ ਰਾਜ ਫੰਡਾਂ ਤੋਂ ਕਾਇਮ ਰੱਖੇ ਜਾਂ ਸਧਾਰਨ ਜਨਤਾ ਦੀ ਵਰਤੋਂ ਲਈ ਸਮਰਪਣ ਕੀਤੇ ਖੂਹਾਂ, ਤਲਾਬਾਂ, ਇਸ਼ਨਾਨ-ਘਾਟਾਂ, ਸੜਕਾਂ ਅਤੇ ਲੋਕ-ਸਮਾਗਮ ਦੇ ਸਥਾਨਾਂ ਦੀ ਵਰਤੋਂ,

ਬਾਬਤ ਕਿਸੇ ਵੀ ਨਿਰਯੋਗਤਾ, ਦੇਣਦਾਰੀ, ਪਾਬੰਦੀ ਜਾਂ ਸ਼ਰਤ ਦੇ ਤਾਬੇ

---

[1] ਸੰਵਿਧਾਨ (ਚੋਵੀਵੀਂ ਸੋਧ) ਐਕਟ, 1971, ਧਾਰਾ 2 ਦੁਆਰਾ ਅੰਤਰਸਥਾਪਤ ।



Ministry of Law & Justice

ਨਹੀਂ ਹੋਵੇਗਾ ।

(3) ਇਸ ਅਨੁਛੇਦ ਦੀ ਕੋਈ ਗੱਲ ਰਾਜ ਨੂੰ ਇਸਤਰੀਆਂ ਅਤੇ ਬੱਚਿਆਂ ਲਈ ਕੋਈ ਵਿਸ਼ੇਸ ਉਪਬੰਧ ਬਣਾਉਣ ਤੋਂ ਨਹੀਂ ਰੋਕੇਗੀ ।

[2][(4) ਇਸ ਅਨੁਛੇਦ ਦੀ ਜਾਂ ਅਨੁਛੇਦ 29 ਦੇ ਖੰਡ (2) ਦੀ ਕੋਈ ਗੱਲ ਰਾਜ ਨੂੰ ਨਾਗਰਿਕਾਂ ਦੀਆਂ ਕਿਸੇ ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ੍ਰੇਣੀਆਂ ਦੀ ਉੱਨਤੀ ਲਈ ਜਾਂ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਕੋਈ ਵਿਸ਼ੇਸ ਉਪਬੰਧ ਬਣਾਉਣ ਤੋਂ ਨਹੀਂ ਰਹੀਂ ਰੋਕੇਗੀ।]

[3][(5) ਇਸ ਅਨੁਛੇਦ ਦੀ ਜਾਂ ਅਨੁਛੇਦ 19 ਦੇ ਖੰਡ (1) ਦੇ ਉਪ-ਖੰਡ (ਖ) ਦੀ ਕੋਈ ਗੱਲ ਰਾਜ ਨੂੰ ਸਮਾਜਿਕ ਅਤੇ ਸਿੱਖਿਅਕ ਤੌਰ ਤੇ ਪਛੜੀਆਂ ਸ੍ਰੇਣੀਆਂ ਦੀ ਉਨਤੀ ਲਈ ਜਾਂ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ, ਕਾਨੂੰਨ ਦੁਆਰਾ, ਕੋਈ ਵਿਸ਼ੇਸ ਉਪਬੰਧ ਬਣਾਉਣ ਤੋਂ ਨਹੀਂ ਰੋਕੇਗੀ, ਜਿੱਥੋਂ ਤੱਕ ਅਜਿਹੇ ਵਿਸ਼ੇਸ ਉਪਬੰਧ, ਅਨੁਛੇਦ 30 ਦੇ ਖੰਡ (1) ਵਿਚ ਹਵਾਲਾ ਦਿੱਤੀਆਂ ਘੱਟ ਗਿਣਤੀ ਸਿੱਖਿਅਕ ਸੰਸਥਾਵਾਂ ਤੋਂ ਬਿਨਾਂ ਹੋਰ ਸਿੱਖਿਅਕ ਸੰਸਥਾਵਾਂ ਵਿਚ, ਜਿਨ੍ਹਾਂ ਵਿਚ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਵੀ ਹਨ, ਭਾਵੇਂ ਉਹ ਰਾਜ ਦੁਆਰਾ ਸਹਾਇਤਾ ਪ੍ਰਾਪਤ ਹੋਣ ਜਾਂ ਨਹੀਂ, ਦਾਖਲੇ ਨਾਲ ਸੰਬੰਧਤ ਹੈ ।]

[4][(6) ਇਸ ਅਨੁਛੇਦ ਜਾਂ ਅਨੁਛੇਦ 19 ਦੇ ਖੰਡ (1) ਦੇ ਉਪਖੰਡ (ਖ) ਜਾਂ ਅਨੁਛੇਦ (29) ਦੇ ਖੰਡ (2) ਦੀ ਕੋਈ ਗੱਲ, ਰਾਜ ਨੂੰ-

(ੳ) ਖੰਡ (4) ਅਤੇ ਖੰਡ (5) ਵਿਚ ਲਿਖਿਤ ਵਰਗਾਂ ਤੋਂ ਅਲੱਗ ਨਾਗਰਿਕਾਂ ਦੇ ਆਰਥਕ ਰੂਪ ਤੋਂ ਕਮਜ਼ੋਰ ਕਿਸੇ ਵਰਗਾਂ ਦੀ ਉਨਤੀ ਦੇ ਲਈ ਕੋਈ ਵੀ ਖਾਸ ਉਪਬੰਧ ਕਰਨ ਤੋਂ ਰੋਕ ਨਹੀਂ ਲਗਾਏਗਾ; ਅਤੇ

---

[2] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 2 ਦੁਆਰਾ ਜੋੜਿਆ ਗਿਆ ।

[3] ਸੰਵਿਧਾਨ (ਤਰਨੰਵੇਵੀਂ ਸੋਧ) ਐਕਟ, 2005 ਦੀ ਧਾਰਾ 2 ਦੁਆਰਾ (20.1.2006 ਤੋਂ ਪ੍ਰਭਾਵੀ) ਅੰਤਰ ਸਥਾਪਤ ।

[4] (ਇੱਕ ਸੌ ਤਿੰਨਵੀਂ ਸੋਧ) ਐਕਟ, 2019 ਦੀ ਧਾਰਾ 2 ਦੁਆਰਾ (14.1.2019 ਤੋਂ ਪ੍ਰਭਾਵੀ) ਅੰਤਰ ਸਥਾਪਤ ।

(ਅ) ਖੰਡ (4) ਅਤੇ ਖੰਡ (5) ਵਿਚ ਲਿਖਿਤ ਵਰਗਾਂ ਤੋਂ ਅਲੱਗ ਨਾਗਰਿਕਾਂ ਦੇ ਆਰਥਕ ਰੂਪ ਤੋਂ ਕਮਜ਼ੋਰ ਕਿਸੇ ਵਰਗਾਂ ਦੀ ਉਨਤੀ ਦੇ ਲਈ ਕੋਈ ਵੀ ਖਾਸ ਉਪਬੰਧ ਕਰਨ ਤੋਂ ਰੋਕ ਨਹੀਂ ਲਗਾਏਗਾ, ਜਿੱਥੋਂ ਤੱਕ ਅਜਿਹੇ ਵਿਸ਼ੇਸ ਉਪਬੰਧ, ਅਨੁਛੇਦ 30 ਦੇ ਖੰਡ (1) ਵਿਚ ਹਵਾਲਾ ਦਿੱਤੀਆਂ ਘੱਟ ਗਿਣਤੀ ਸਿੱਖਿਅਕ ਸੰਸਥਾਵਾਂ ਤੋਂ ਬਿਨਾਂ ਹੋਰ ਸਿੱਖਿਅਕ ਸੰਸਥਾਵਾਂ ਵਿਚ, ਜਿਨ੍ਹਾਂ ਵਿਚ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਵੀ ਹਨ, ਭਾਵੇਂ ਉਹ ਰਾਜ ਦੁਆਰਾ ਸਹਾਇਤਾ ਪ੍ਰਾਪਤ ਹੋਣ ਜਾਂ ਨਹੀਂ, ਦਾਖਲੇ ਨਾਲ ਸੰਬੰਧਤ ਹੈ, ਜੋ ਰਾਖਵੇਂ ਕਰਨ ਦੀ ਸੂਰਤ ਵਿਚ, ਮੌਜੂਦਾ ਰਾਖਵੇਂ ਕਰਨ ਦੇ ਇਲਾਵਾ ਅਤੇ ਹਰਿਕ ਸ਼੍ਰੇਣੀ ਵਿਚ ਕੁਲ ਸਥਾਨਾਂ ਦੇ ਵੱਧੋਂ ਵੱਧ ਦਸ ਪ੍ਰਤੀਸ਼ਤ ਦੇ ਤਾਬੇ ਹੋਵੇਗਾ।

ਵਿਆਖਿਆ - ਇਸ ਅਨੁਛੇਦ ਅਤੇ ਅਨੁਛੇਦ 16 ਦੇ ਪ੍ਰੋਯਜਨਾ " ਆਰਥਕ ਰੂਪ ਤੋਂ ਕਮਜ਼ੋਰ ਵਰਗ" ਉਹ ਹੋਣਗੇ, ਜੋ ਰਾਜ ਦੁਆਰਾ ਪਰਿਵਾਰ ਦੀ ਆਮਦਨ ਅਤੇ ਆਰਥਕ ਅਲਾਭ ਦੇ ਹੋਰਵੇਂ ਸੂਚਕਾਂ ਦੇ ਅਧਾਰ ਤੇ ਸਮੇਂ ਸਮੇਂ ਤੇ ਅਧਿਸੂਚਕ ਕਿੱਤੇ ਜਾਣ।]

ਲੋਕ ਰੋਜਗਾਰ ਦੇ ਮਾਮਲਿਆਂ ਵਿਚ ਅਵਸਰ ਦੀ ਸਮਤਾ।

16.(1) ਰਾਜ ਅਧੀਨ ਰੋਜਗਾਰ ਜਾਂ ਕਿਸੇ ਅਹੁਦੇ ਤੇ ਨਿਯੁਕਤੀ ਸੰਬੰਧੀ ਮਾਮਲਿਆਂ ਵਿਚ ਸਾਰੇ ਨਾਗਰਿਕਾਂ ਲਈ ਅਵਸਰ ਦੀ ਸਮਤਾ ਹੋਵੇਗੀ।

(2) ਕੋਈ ਨਾਗਰਿਕ ਕੇਵਲ ਧਰਮ, ਨਸਲ, ਜਾਤ, ਲਿੰਗ, ਵੰਸ਼. ਜਨਮ-ਸਥਾਨ ਨਿਵਾਸ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਆਧਾਰ ਤੇ , ਰਾਜ ਅਧੀਨ ਕਿਸੇ ਰੋਜਗਾਰ ਜਾਂ ਅਹੁਦੇ ਬਾਰੇ ਅਪਾਤਰ ਨਹੀਂ ਹੋਵੇਗਾ, ਅਤੇ ਨ ਉਸ ਦੇ ਖਿਲਾਫ ਵਿਤੱਕਰਾ ਕੀਤਾ ਜਾਵੇਗਾ।

(3) ਇਸ ਅਨੁਛੇਦ ਦੀ ਕੋਈ ਗੱਲ ਸੰਸਦ ਨੂੰ ਕੋਈ ਅਜਿਹਾ ਕਾਨੂੰਨ ਬਣਾਉਣ ਤੋਂ ਨਹੀਂ ਰੋਕੋਗੀ ਜੋ, [5][ਕਿਸੇ ਰਾਜ ਜਾਂ ਸੰਘ ਰਾਜਖੇਤਰ ਦੀ ਸਰਕਾਰ ਜਾਂ ਉਸ ਅੰਦਰਲੇ ਕਿਸੇ ਸਥਾਨਕ ਜਾਂ ਹੋਰ ਸੱਤਾਧਾਰੀ ਦੇ ਅਧੀਨ ਰੋਜਗਾਰ ਦੇ ਕਿਸੇ ਵਰਗ ਜਾਂ ਵਰਗਾਂ ਜਾਂ ਕਿਸੇ ਅਹੁਦੇ ਤੇ

---

[5] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ "ਪਹਿਲੀ ਅਨੁਸੂਚੀ ਵਿਚ ਉਲਿਖਤ ਕਿਸੇ ਰਾਜ ਜਾਂ ਉਸ ਦੇ ਰਾਜਖੇਤਰ ਅੰਦਰ ਕਿਸੇ ਸਥਾਨਕ ਜਾਂ ਹੋਰ ਸੱਤਾਧਾਰੀ ਦੇ ਅਧੀਨ, ਰੋਜਗਾਰ ਦੇ ਕਿਸੇ ਵਰਗ ਜਾਂ ਵਰਗਾਂ ਜਾਂ ਕਿਸੇ ਅਹੁਦੇ ਤੇ ਨਿਯੁਕਤੀ ਤੋਂ ਪਹਿਲਾਂ ਉਸ ਰਾਜ ਅੰਦਰ ਨਿਵਾਸ ਬਾਬਤ ਕੋਈ ਲੋੜ ਮੁਕਰੱਰ ਕਰਦਾ ਹੋਵੇ " ਦੀ ਥਾਵੇਂ ਰਖੇ ਗਏ।



Ministry of Law & Justice

ਨਿਯੁਕਤੀ ਬਾਬਤ, ਅਜਿਹੇ ਰੋਜਗਾਰ ਜਾਂ ਨਿਯੁਕਤੀ ਤੋਂ ਪਹਿਲਾਂ ਉਸ ਰਾਜ ਜਾਂ ਸੰਘ ਰਾਜਖੇਤਰ ਅੰਦਰ, ਨਿਵਾਸ ਬਾਬਤ ਕੋਈ ਲੋੜ ਮੁਕਰੱਰ ਕਰਦਾ ਹੋਵੇ।]

(4) ਇਸ ਅਨੁਛੇਦ ਦੀ ਕੋਈ ਗੱਲ ਰਾਜ ਨੂੰ ਨਾਗਰਿਕਾਂ ਦੀ ਕਿਸੇ ਪਛੜੀ ਸ਼੍ਰੇਣੀ ਦੇ ਪੱਖ ਵਿਚ ਜਿਸ ਦੀ ਪ੍ਰਤੀਨਿਥਤਾ, ਰਾਜ ਦੀ ਰਾਏ ਵਿਚ, ਰਾਜ ਅਧੀਨ ਸੇਵਾਵਾਂ ਵਿਚ ਚੋਖੀ ਨ ਹੋਵੇ, ਨਿਯੁਕਤੀਆਂ ਜਾਂ ਆਸਾਮੀਆਂ ਦੇ ਰਾਖਵੇਂ ਕਰਨ ਲਈ ਕੋਈ ਉਪਬੰਧ ਕਰਨ ਤੋਂ ਨਹੀਂ ਰੋਕੇਗੀ।

[6][4 (ੳ) ਇਸ ਅਨੁਛੇਦ ਦੀ ਕੋਈ ਗੱਲ ਰਾਜ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਪੱਖ ਵਿਚ, ਜਿਸ ਦੀ ਪ੍ਰਤੀਨਿੱਧਤਾ, ਰਾਜ ਦੀ ਰਾਏ ਵਿਚ, ਰਾਜ ਅਧੀਨ ਸੇਵਾਵਾਂ ਵਿਚ ਚੌਖੀ ਨਾ ਹੋਵੇ, ਰਾਜ ਅਧੀਨ ਸੇਵਾਵਾਂ ਵਿਚ [7][ਕਿਸੇ ਸ਼੍ਰੇਣੀ ਜਾਂ ਸ਼੍ਰੇਣੀਆਂ ਦੀਆਂ ਅਸਾਮੀਆਂ ਤੇ, ਪਰਿਣਾਮਕ ਸੀਨੀਅਰਤਾ ਸਹਿਤ, ਤਰੱਕੀ ਦੇ ਮਾਮਲਿਆਂ ਵਿਚ] ਰਾਖਵੇਂ ਕਰਨ ਲਈ ਕੋਈ ਉਪਬੰਧ ਕਰਨ ਤੋਂ ਨਹੀਂ ਰੋਕ ਸਕੇਗੀ ।

[8][4 (ਅ) ਇਸ ਅਨੁਛੇਦ ਦੀ ਕੋਈ ਗੱਲ ਰਾਜ ਨੂੰ ਕਿਸੇ ਸਾਲ ਵਿਚ ਨਾ ਭਰੀਆਂ ਗਈਆਂ ਖ਼ਾਲੀ ਅਸਾਮੀਆਂ ਨੂੰ, ਜੋ ਖੰਡ(4) ਜਾਂ (4ੳ) ਦੇ ਅਧੀਨ ਕੀਤੇ ਗਏ ਰਾਖਵੇਂ ਕਰਨ ਦੇ ਲਈ ਕਿਸੇ ਉਪਬੰਧ ਦੇ ਅਨੁਸਾਰ ਉਸ ਸਾਲ ਵਿਚ ਭਰੀ ਜਾਣ ਦੇ ਲਈ ਰਾਖਵੀਂਆਂ ਹਨ, ਕਿਸੇ ਉਤਰਵਰਤੀ ਸਾਲ ਜਾਂ ਸਾਲਾਂ ਵਿਚ ਭਰੀਆਂ ਜਾਣ ਲਈ ਵੱਖਰੀ ਸ਼੍ਰੇਣੀ ਦੀਆਂ ਖ਼ਾਲੀ ਅਸਾਮੀਆਂ ਦੇ ਰੂਪ ਵਿਚ ਵਿਚਾਰ ਕਰਨ ਤੋਂ ਨਹੀਂ ਰੋਕੇਗੀ ਅਤੇ ਅਜਿਹੀ ਸ਼੍ਰੇਣੀ ਦੀਆਂ ਖ਼ਾਲੀ ਅਸਾਮੀਆਂ ਤੇ ਉਸ ਸਾਲ ਦੀਆਂ ਖ਼ਾਲੀ ਅਸਾਮੀਆਂ ਦੇ ਨਾਲ ਜਿਸ ਵਿਚ ਉਹ ਭਰੀਆਂ ਜਾ ਰਹੀਆਂ ਹਨ, ਉਸ ਸਾਲ ਦੀਆਂ ਖ਼ਾਲੀ ਅਸਾਮੀਆਂ ਦੀ ਕੁੱਲ ਗਿਣਤੀ ਤੇ ਸੰਬੰਧ ਵਿਚ ਪੰਜਾਹ ਪ੍ਰਤਿਸ਼ਤ ਰਾਖਵਾਂਕਰਣ ਦੀ ਉਚਤਮ ਸੀਮਾ ਦੇ ਤੈਅ ਕਰਨ ਲਈ ਵਿਚਾਰ ਕੀਤਾ

[6] ਸੰਵਿਧਾਨ (ਸਤੱਤਰਵੀਂ ਸੋਧ) ਐਕਟ, 1995 ਦੀ ਧਾਰਾ 2 ਦੁਆਰਾ ਅੰਤਰਸਥਾਪਤ।

[7] ਸੰਵਿਧਾਨ (ਪੰਚਾਸੀਵੀਂ ਸੋਧ) ਐਕਟ, 2001 ਦੀ ਧਾਰਾ 2 ਦੁਆਰਾ (17.06.1995 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦੀ ਥਾਵੇਂ ਰੱਖੇ ਗਏ।

[8] ਸੰਵਿਧਾਨ (ਇਕਾਸਵੀਂ ਸੋਧ) ਐਕਟ, 2000 ਦੀ ਧਾਰਾ 2 ਦੁਆਰਾ (09.06.2000 ਤੋਂ ਪ੍ਰਭਾਵੀ ) ਅੰਤਰਸਥਾਪਤ।

ਜਾਵੇਗਾ ।]

(5) ਇਸ ਅਨੁਛੇਦ ਦੀ ਕੋਈ ਗੱਲ ਕਿਸੇ ਅਜਿਹੇ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ ਜੋ ਉਪਬੰਧ ਕਰਦਾ ਹੋਵੇ ਕਿ ਕਿਸੇ ਧਾਰਮਕ ਜਾਂ ਸੰਪ੍ਰਦਾਇਕ ਸੰਸਥਾ ਦੇ ਕਾਰਵਿਹਾਰ ਦੇ ਤਲੱਕ ਵਿਚ ਕੋਈ ਅਹੁਦੇਦਾਰ ਜਾਂ ਉਸ ਦੀ ਸ਼ਾਸਕ ਬੌਡੀ ਦਾ ਕੋਈ ਮੈਂਬਰ ਕਿਸੇ ਖਾਸ ਧਰਮ ਦਾ ਪੈਰੋ ਜਾਂ ਕਿਸੇ ਖਾਸ ਸੰਪ੍ਰਦਾਇ ਦਾ ਹੀ ਹੋਵੇ ।

[9][(6) ਇਸ ਅਨੁਛੇਦ ਦੀ ਕੋਈ ਗੱਲ, ਰਾਜ ਨੂੰ ਮੌਜੂਦਾ ਰਾਖਵਾਂ ਕਰਨ ਦੇ ਅਤਿਰਿਕਤ ਅਤੇ ਹਰਿਕ ਸ਼੍ਰੇਣੀ ਵਿਚ ਪਦਾਂ ਦੀ ਵੱਧੋਂ ਵੱਧ  ਦਸ ਪ੍ਰਤੀਸ਼ਤ ਦੇ ਅਧੀਨ, ਖੰਡ (4) ਵਿਚ ਲਿਖਤ ਵਰਗਾਂ ਤੋਂ ਅਲੱਗ ਨਾਗਰਿਕਾਂ ਦੇ ਆਰਥਕ ਰੂਪ ਵਿਚ ਕਮਜ਼ੋਰ ਕਿਸੇ ਵਰਗਾਂ ਦੇ ਹੱਕ ਵਿਚ ਨਿਯੁਕਤੀਆਂ ਅਤੇ ਪਦਾਂ ਦੇ ਰਾਖਵੇਂ ਕਰਨ ਲਈ ਕੋਈ ਵੀ ਉਪਬੰਧ ਕਰਨ ਤੋਂ ਨਹੀਂ ਰੋਕ ਸਕੇਗੀ।]

ਛੂਤ-ਛਾਤ ਦਾ ਅੰਤ ।

17. "ਛੂਤ-ਛਾਤ" ਦਾ ਅੰਤ ਕੀਤਾ ਜਾਂਦਾ ਹੈ ਅਤੇ ਉਸ ਦਾ ਕਿਸੇ ਵੀ ਰੂਪ ਵਿਚ ਆਚਰਣ ਵਰਜਿਤ ਕੀਤਾ ਜਾਂਦਾ ਹੈ । "ਛੂਤ-ਛਾਤ" ਤੋਂ ਪੈਦਾ ਹੋਈ ਕਿਸੇ ਨਿਰਯੋਗਤਾ ਨੂੰ ਲਾਗੂ ਕਰਨਾ ਕਾਨੂੰਨ ਦੀ ਅਨੁਸਾਰਤਾ ਵਿਚ ਸਜ਼ਾਯੋਗ ਅਪਰਾਧ ਹੋਵੇਗਾ ।

ਖਿਤਾਬਾਂ ਦਾ ਅੰਤ ।

18.(1) ਕੋਈ ਖਿਤਾਬ, ਜੋ ਸੈਨਿਕ ਜਾਂ ਵਿਦਿਅਕ ਉਪਾਧੀ ਨਹੀਂ, ਰਾਜ ਦੁਆਰਾ ਪ੍ਰਦਾਨ ਨਹੀਂ ਕੀਤਾ ਜਾਵੇਗਾ ।

(2) ਭਾਰਤ ਦਾ ਕੋਈ ਨਾਗਰਿਕ ਕਿਸੇ ਵਿਦੇਸ਼ੀ ਰਾਜ ਤੋਂ ਕੋਈ ਖਿਤਾਬ ਸਵੀਕਾਰ ਨਹੀਂ ਕਰੇਗਾ ।

(3) ਕੋਈ ਵਿਅਕਤੀ ਜੋ ਭਾਰਤ ਦਾ ਨਾਗਰਿਕ ਨਹੀਂ ਹੈ, ਜਦ ਤੱਕ ਉਹ ਰਾਜ ਦੇ ਅਧੀਨ ਲਾਭ ਜਾਂ ਵਿਸ਼ਵਾਸ ਦਾ ਕੋਈ ਅਹੁਦਾ ਧਾਰਨ ਕਰ ਰਿਹਾ

[9] (ਇੱਕ ਸੌ ਤਿੰਨਵੀਂ ਸੋਧ) ਐਕਟ, 2019 ਦੀ ਧਾਰਾ 3 ਦੁਆਰਾ (14.1.2019 ਤੋਂ ਪ੍ਰਭਾਵੀ) ਅੰਤਰ ਸਥਾਪਤ ।



Ministry of Law & Justice

ਹੋਵੇ, ਕਿਸੇ ਵਿਦੇਸ਼ੀ ਰਾਜ ਤੋਂ ਕੋਈ ਖਿਤਾਬ ਰਾਸ਼ਟਰਪਤੀ ਦੀ ਸੰਮਤੀ ਬਿਨਾਂ ਸਵੀਕਰਾ ਨਹੀਂ ਕਰੇਗਾ ।

(4) ਕੋਈ ਵਿਅਕਤੀ ਰਾਜ ਦੇ ਅਧੀਨ ਲਾਭ ਦਾ, ਵਿਸ਼ਵਾਸ ਦਾ ਕੋਈ ਅਹੁਦਾ ਧਾਰਨ ਕਰਦਿਆਂ ਹੋਇਆਂ ਕਿਸੇ ਵਿਦੇਸ਼ੀ ਰਾਜ ਤੋਂ, ਜਾਂ ਉਸ ਦੇ ਅਧੀਨ ਕਿਸੇ ਪ੍ਰਕਾਰ ਦੀ ਕੋਈ ਭੇਟਾਂ, ਉਪਲੱਭਤ ਜਾਂ ਅਹੁਦਾ, ਰਾਸ਼ਟਰਪਤੀ ਦੀ ਸੰਮਤੀ ਬਿਨਾਂ, ਸਵੀਕਾਰ ਨਹੀਂ ਕਰੇਗਾ ।

**ਸੁਤੰਤਰਤਾ ਦਾ ਅਧਿਕਾਰ**

ਬੋਲਣ ਦੀ ਸੁਤੰਤਰਤਾ ਆਦਿ ਦੇ ਬਾਬਤ ਕੁਝ ਕੁ ਅਧਿਕਾਰਾਂ ਦੀ ਹਿਫਾਜ਼ਤ

19. (1) ਸਭ ਨਾਗਰਿਕਾਂ ਨੂੰ-

(ੳ) ਬੋਲਣ ਅਤੇ ਪ੍ਰਗਟਾਓ ਦੀ ਸੁਤੰਤਰਤਾ ਦਾ ;

(ਅ) ਸ਼ਾਂਤੀਪੂਰਬਕ ਅਤੇ ਸ਼ਸਤਰਾਂ ਬਿਨਾਂ ਇਕੱਠੇ ਹੋਣ ਦਾ ;

(ੲ) ਸਭਾਵਾਂ ਜਾਂ ਸੰਘ [10][ਜਾਂ ਸਹਿਕਾਰੀ ਸੋਸਾਇਟੀ] ਬਣਾਉਣ ਦਾ;

(ਸ) ਭਾਰਤ ਦੇ ਰਾਜਖੇਤਰ ਭਰ ਵਿਚ ਬੇਰੋਕ ਵਿਚਰਨ ਦਾ ;

(ਹ) ਭਾਰਤ ਰਾਜ ਖੇਤਰ ਦੇ ਕਿਸੇ ਭਾਗ ਵਿਚ ਨਿਵਾਸ ਕਰਨ ਅਤੇ ਵਸਣ ਦਾ; [11][ਅਤੇ]

[12]* * * *

(ਖ) ਕਿਸੇ ਪੇਸ਼ੇ ਦਾ ਪ੍ਰੈਕਟਿਸ ਜਾਂ ਕਈ ਉਪਜੀਵਕਾ, ਵਪਾਰ ਜਾਂ ਕਾਰੋਬਾਰ ਕਰਨ ਦਾ,

ਅਧਿਕਾਰ ਹੋਵੇਗਾ।

[13][(2). ਖੰਡ (1) ਦੇ ਉਪ-ਖੰਡ (ੳ) ਦੀ ਕੋਈ ਗਲ ਕਿਸੇ ਮੈਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ, ਅਤੇ ਨ ਰਾਜ ਨੂੰ ਕੋਈ

---

[10] ਸੰਵਿਧਾਨ (ਸੰਤਾਨੇਵੀਂ ਸੋਧ) ਐਕਟ, 2011 ਦੀ ਧਾਰਾ 2 ਦੁਆਰਾ ਅੰਤਰਸਥਾਪਤ ਕੀਤਾ ਗਿਆ ।

[11] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ2 ਦੁਆਰਾ (20.6.1979 ਤੋਂ ਪ੍ਰਭਾਵੀ) ਅੰਤਰਸਥਾਪਤ ਕੀਤਾ ਗਿਆ ।

[12] ਉਪ-ਖੰਡ (ਕ) ਦਾ ਧਾਰਾ 2 ਦੁਆਰਾ (20.06.1979 ਤੋਂ)) ਲੋਪ ਕੀਤਾ ਗਿਆ ।

[13] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 3 ਦੁਆਰਾ ਮੂਲ ਖੰਡ (2) ਦੀ ਥਾਵੇਂ (ਅਤੀਤਦਰਸ਼ੀ ਪ੍ਰਭਾਵ ਨਾਲ) ਰੱਖਿਆ ਗਿਆ ।

Ministry of Law & Justice

ਕਾਨੂੰਨ ਬਣਾਉਣ  ਤੋਂ ਰੋਕੇਗੀ, ਜਿਥੇ ਤੱਕ ਅਜਿਹਾ ਕਾਨੂੰਨ ਉਕਤ ਉਪ-ਖੰਡ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰ ਦੀ ਵਰਤੋਂ ਤੇ [14][ਭਾਰਤ ਦੀ ਪ੍ਰਭੂਤਾ ਅਤੇ ਅਖੰਡਤਾ,] ਰਾਜ ਦੀ ਸੁਰੱਖਿਆ ਵਿਦੇਸ਼ੀ ਰਾਜਾਂ ਨਾਲ ਮਿੱਤਰਭਾਵੀ ਸੰਬੰਧਾਂ, ਲੋਕ ਅਮਨ, ਸ਼ਿਸ਼ਟਾਚਾਰ ਜਾਂ ਸਦਾਚਾਰ ਦੇ ਹਿੱਤਾਂ ਵਿਚ, ਜਾਂ ਅਦਾਲਤ ਦੇ ਅਪਮਾਨ, ਮਾਨਹਾਨੀ ਜਾਂ ਕਿਸੇ ਅਪਰਾਧ ਲਈ ਉਕਸਾਹਟ ਦੇ ਸੰਬੰਧ ਵਿਚ ਵਾਜਬ ਪਾਬੰਦੀਆਂ ਲਾਉਂਦਾ ਹੋਵੇ ।]

(3). ਉਕਤ ਖੰਡ ਦੇ ਉਪ-ਖੰਡ (ਇ) ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ, ਜਿੱਥੋ ਤੱਕ ਉਹ ਉਕਤ ਉਪ-ਖੰਡ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰ ਦੀ ਵਰਤੋਂ ਤੇ, [12][ਭਾਰਤ ਦੀ ਪ੍ਰਭੂਤਾ ਅਤੇ ਅਖੰਡਤਾ ਜਾਂ] ਲੋਕ ਅਮਨ ਜਾਂ ਸਦਾਚਾਰ ਦੇ ਹਿੱਤਾਂ ਵਿਚ, ਵਾਜਬ ਪਾਬੰਦੀਆਂ ਲਾਉਂਦਾ ਹੋਵੇ ਅਤੇ ਨ ਰਾਜ ਨੂੰ ਅਜਿਹੀਆਂ ਪਾਬੰਦੀਆਂ ਲਾਉਣ ਵਾਲਾ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ ।

(4). ਉਕਤ ਖੰਡ ਦੇ ਉਪ-ਖੰਡ (ਇ) ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ, ਜਿੱਥੋ ਤੱਕ ਉਹ ਉਕਤ ਉਪ-ਖੰਡ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰ ਦੀ ਵਰਤੋਂ ਤੇ, [12][ਭਾਰਤ ਦੀ ਪ੍ਰਭੂਤਾ ਅਤੇ ਅਖੰਡਤਾ ਜਾਂ] ਲੋਕ ਅਮਨ ਜਾਂ ਸਦਾਚਾਰ ਦੇ ਹਿੱਤਾਂ ਵਿਚ, ਵਾਜਬ ਪਾਬੰਦੀਆਂ ਲਾਉਂਦਾ ਹੋਵੇ ਅਤੇ ਨ ਰਾਜ ਨੂੰ ਅਜਿਹੀਆਂ ਪਾਬੰਦੀਆਂ ਲਾਉਣ ਵਾਲਾ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ ।

(5). ਉਕਤ ਖੰਡ ਦੇ [15][ਉਪ-ਖੰਡ (ਸ) ਅਤੇ (ਕ)] ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ, ਜਿੱਥੋ ਤੱਕ ਉਹ ਉਕਤ ਉਪ-ਖੰਡ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਵਿਚੋਂ ਕਿਸੇ ਦੀ ਵਰਤੋਂ ਤੇ, ਜਾਂ ਤਾ ਸਧਾਰਨ ਜਨਤਾ ਦੇ ਹਿੱਤਾ ਵਿਚ ਜਾਂ ਕਿਸੇ ਅਨੁਸੂਚਿਤ ਕਬੀਲੇ ਦੇ ਹਿੱਤਾਂ ਦੀ ਹਿਫਾਜ਼ਤ ਲਈ, ਵਾਜਬ ਪਾਬੰਦੀਆਂ ਲਾਉਂਦਾ ਹੋਵੇ

[14] ਸੰਵਿਧਾਨ (ਸੋਲ੍ਹਵੀ ਸੋਧ) ਐਕਟ, 1963, ਧਾਰਾ 2 ਦੁਆਰਾ ਅੰਤਰਸਥਾਪਤ ।

[15] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 2 ਦੁਆਰਾ (20.6.1979 ਤੋਂ ਪ੍ਰਭਾਵੀ) ਉਪ-ਖੰਡ (ਸ), ਉਪ-ਖੰਡ (ਹ), ਉਪ-ਖੰਡ (ਕ) ਦੀ ਥਾਵੇਂ ਰੱਖੇ ਗਏ ।



Ministry of Law & Justice

ਅਤੇ ਨ ਰਾਜ ਨੂੰ ਅਜਿਹੀਆਂ ਪਾਬੰਦੀਆਂ ਲਾਉਣ ਵਾਲਾ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ।

(6). ਉਕਤ ਖੰਡ ਦੇ ਉਪ-ਖੰਡ (ਖ) ਦੀ ਕੋਈ ਗੱਲ ਕਿਸੇ ਮੋਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ ਜਿਥੋਂ ਤੱਕ ਉਹ ਉਕਤ ਉਪਖੰਡ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰ ਦੀ ਵਰਤੋਂ ਤੇ, ਸਧਾਰਨ ਜਨਤਾ ਦੇ ਹਿੱਤਾਂ ਵਿਚ ਵਾਜਬ ਪਾਬੰਦੀਆਂ ਲਾਉਂਦਾ ਹੋਵੇ, ਅਤੇ ਨ ਰਾਜ ਨੂੰ ਅਜਿਹੀਆਂ ਪਾਬੰਦੀਆਂ ਲਾਉਣ ਵਾਲਾ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ, ਅਤੇ, ਖਾਸ ਕਰਕੇ , [16][ਉਕਤ ਉਪ-ਖੰਡ ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਤੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ ਜਿਥੋਂ ਤੱਕ ਉਹ ਹੇਠ-ਲਿਖੇ ਨਾਲ ਸੰਬੰਧਤ ਹੋਵੇ, ਅਤੇ ਨ ਰਾਜ ਨੂੰ ਹੇਠ ਲਿਖੇ ਨਾਲ ਸੰਬੰਧਤ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ,--

(i) ਕਿਸੇ ਪੇਸ਼ੇ ਦੀ ਪ੍ਰੈਕਟਿਸ ਜਾਂ ਕੋਈ ਉਪਜੀਵਕਾ, ਵਪਾਰ ਜਾਂ ਕਾਰੋਬਾਰ ਕਰਨ ਲਈ ਜਰੂਰੀ ਪੇਸ਼ਾਵਰਾਨਾ ਜਾਂ ਤੱਕਨੀਕੀ ਕਾਬਲਈਅਤਾਂ ;ਜਾਂ

(ii) ਕੋਈ ਵਪਾਰ, ਕਾਰੋਬਾਰ, ਉਪਯੋਗ ਜਾਂ ਸੇਵਾ, ਭਾਵੇਂ ਨਾਗਰਿਕਾਂ ਨੂੰ ਪੂਰਣ ਜਾਂ ਅੰਸ਼ਕ ਤੌਰ ਤੇ ਖਾਰਜ ਕਰਕੇ ਜਾਂ ਹੋਰਵੇਂ ਰਾਜ ਦੁਆਰਾ ਜਾਂ ਰਾਜ ਦੀ ਮਲਕੀਅਤ ਜਾਂ ਨਿਯੰਤਰਨ ਦੇ ਅਧੀਨ ਕਿਸੇ ਨਿਗਮ ਦੁਆਰਾ ਚਲਾਉਣਾ।]

ਅਪਰਾਧਾਂ ਲਈ ਦੋਸ਼ਸਿਧੀ ਬਾਰੇ ਹਿਫਾਜ਼ਤ।

20.(1) ਕੋਈ ਵਿਅਕਤੀ ਕਿਸੇ ਅਪਰਾਧ ਲਈ ਸਿੱਧਦੋਸ਼ ਨਹੀਂ ਠਹਿਰਇਆ ਜਾਵੇਗਾ ਸਿਵਾਏ ਇਸ ਦੇ ਕਿ ਉਸ ਨੇ ਅਪਰਾਧ ਵਜੋਂ ਅਰੋਪਿਆ ਕਾਜ ਕਾਰਕਰਨ ਸਮੇਂ ਕਿਸੇ ਨਾਫਜ ਕਾਨੂੰਨ  ਦੀ ਖਿਰਾਫ-ਵਰਜੀ ਕੀਤੀ ਹੋਵੋ, ਅਤੇ ਨ ਉਹ ਉਸ ਤੋਂ ਵਧੇਰੇ ਡੰਨ ਦੇ ਤਾਬੇ ਕੀਤਾ ਜਾਵੇਗਾ ਜੋ, ਉਹ ਅਪਰਾਧ ਕਰਨ ਸਮੇਂ, ਨਾਫਜ ਕਾਨੂੰਨ ਅਧੀਨ ਲਾਇਆ ਜਾ ਸਕਦਾ ਸੀ।

[16] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 3 ਦੁਆਰਾ ਕੁਝ ਮੂਲ ਸ਼ਬਦਾਂ ਦੀ ਥਾਵੇਂ ਰੱਖੇ ਗਏ।

Ministry of Law & Justice

(2) ਕਿਸੇ ਵਿਅਕਤੀ ਤੇ ਅਤੇ ਨੂੰ ਇਕੋਂ ਅਪਰਾਧ ਲਈ ਇਸ ਵਾਰ ਤੋਂ ਵੱਧ ਮੁਕੱਦਮਾ ਨਹੀਂ ਚਲਾਇਆ ਜਾਵੇਗਾ ਅਤੇ ਸਜ਼ਾ ਨਹੀਂ ਦਿੱਤੀ ਜਾਵੇਗੀ।

(3) ਕੋਈ ਵਿਅਕਤੀ ਜਿਸ ਤੇ ਕਿਸੇ ਅਪਰਾਧ ਦਾ ਇਲਜਾਮ ਲੱਗਾ ਹੋਵੇ, ਆਪ ਆਪਣੇ ਖਿਲਾਫ ਗਵਾਹ ਹੋਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ।

**ਜਾਨ ਅਤੇ ਨਿਜੀ ਸੁਤੰਤਰਤਾ ਦੀ ਹਿਫਾਜ਼ਤ।**

21. ਕੋਈ ਵਿਅਕਤੀ ਆਪਣੀ ਜਾਨ ਜਾਂ ਨਿਜੀ ਸੁਤੰਤਰਤਾ ਤੋਂ ਕਾਨੂੰਨ ਦੁਆਰਾ ਸਥਾਪਤ ਜ਼ਾਬਤੇ ਅਨੁਸਾਰ ਦੇ ਸਿਵਾਏ ਵਾਂਝਿਆ ਨਹੀਂ ਕੀਤਾ ਜਾਵੇਗਾ।

**ਸਿੱਖਿਆ ਦਾ ਅਧਿਕਾਰ।**

[17][21 ੳ. ਰਾਜ, ਛੇ ਸਾਲ ਤੋਂ ਚੌਦਾਂ ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਲਈ, ਮੁਫਤ ਅਤੇ ਲਾਜ਼ਮੀ ਸਿੱਖਿਆ ਦੇਣ ਦਾ ਅਜਿਹੇ ਤਰੀਕੇ ਨਾਲ, ਜੋ ਰਾਜ, ਕਾਨੂੰਨ ਦੁਆਰਾ, ਤੈਅ ਕਰੇ, ਉਪਬੰਧ ਕਰੇਗਾ।]

**ਕੁਝਕੂ ਸੂਰਤਾਂ ਵਿਚ ਗ੍ਰਿਫਤਾਰੀ ਅਤੇ ਨਜਰਬੰਦੀ ਤੋਂ ਹਿਫਾਜ਼ਤ।**

22.(1) ਕੋਈ ਵਿਅਕਤੀ ਜੋ ਗ੍ਰਿਫਤਾਰ ਕੀਤਾ ਗਿਆ ਹੋਵੇ, ਅਜਿਹੀ ਗ੍ਰਿਫਤਾਰੀ ਦੇ ਕਾਰਨਾਂ ਤੋ,ਜਿੰਨੀ ਛੇਤੀ ਹੋ ਸਕੇ, ਜਾਣੂ ਕੀਤੇ ਬਿਨਾਂ ਹਿਰਾਸਤ ਵਿਚ ਨਹੀਂ ਰਖਿਆ ਜਾਵੇਗਾ ਅਤੇ ਨ ਹੀ ਉਹ ਆਪਣੀ ਮਰਜੀ ਦੇ ਕਿਸੇ ਕਾਨੂੰਨੀ ਪ੍ਰੈਕਟੀਸ਼ਨਰ ਨਾਲ ਮਸ਼ਵਰਾ ਕਰਨ, ਅਤੇ ਤੋਂ ਸਫਾਈ ਪੇਸ਼ ਕਰਾਉਣ, ਦੇ ਅਧਿਕਾਰ ਤੋਂ ਵਾਂਝਿਆ ਰਖਿਆ ਜਾਵੇਗਾ।

(2) ਹਰਿਕ ਵਿਅਕਤੀ ਜੋ ਗ੍ਰਿਫਤਾਰ ਕੀਤਾ ਗਿਆ ਅਤੇ ਹਿਰਾਸਤ ਵਿਚ ਰੱਖਿਆ ਗਿਆ ਹੋਵੇ ਗ੍ਰਿਫਤਾਰ ਕਰਨ ਦੀ ਥਾਂ ਤੋਂ ਮੈਜਿਸਟਰੇਟ ਦੀ ਅਦਾਲਤ ਤੱਕ ਸਫਰ ਲਈ ਜਰੂਰੀ ਸਮੇਂ ਨੂੰ ਖਾਰਜ ਕਰਕੇ ਅਜਿਹੀ ਗ੍ਰਿਫਤਾਰੀ ਤੋਂ ਚੋਵੀ ਘੰਟੇ ਦੀ ਮੁੱਦਤ ਅੰਦਰ ਸਭ ਤੋਂ ਨੇੜੇ ਦੇ ਮੈਜਿਸਟਰੇਟ ਅੱਗੇ ਪੇਸ਼ ਕੀਤਾ ਜਾਵੇਗੀ ਅਤੇ ਅਜਿਹਾ ਕੋਈ ਵਿਅਕਤੀ ਉਕਤ ਮੁੱਦਤ ਤੋਂ ਬਾਅਦ ਕਿਸੇ ਮੈਜਿਸਟਰੇਟ ਦੀ ਸੱਤਾ ਬਿਨਾਂ ਹਿਰਾਸਤ ਵਿਚ ਨਹੀਂ ਰਖਿਆ ਜਾਵੇਗਾ।

(3) ਖੰਡ (1) ਅਤੇ (2) ਦੀ ਕੋਈ ਗੱਲ–

[17] ਸੰਵਿਧਾਨ (ਛਿਆਸੀਵੀਂ ਸੋਧ) ਐਕਟ, 2002 ਕੀ ਧਾਰਾ 2 ਦੁਆਰਾ (01.04.2010 ਤੋਂ ਪ੍ਰਭਾਵੀ) ਅੰਤਰਸਥਾਪਤ।

Ministry of Law & Justice

(ੲ) ਕਿਸੇ ਅਜਿਹੇ ਵਿਅਕਤੀ ਨੂੰ ਜੋਂ ਤਤਸਮੇਂ ਦੁਸ਼ਮਣ ਗੈਰਮੁਲਕੀ ਹੋਵੇ;

ਜਾਂ

(ਅ) ਕਿਸੇ ਅਜਿਹੇ ਵਿਅਕਤੀ ਨੂੰ ਜੋ ਨਿਵਾਰਕ ਨਜਰਬੰਦੀ ਲਈ ਉਪਬੰਧ ਕਰਨ ਵਾਲੇ ਕਿਸੇ ਕਾਨੂੰਨ ਦੇ ਅਧੀਨ ਗ੍ਰਿਫਤਾਰ ਜਾਂ ਨਜਰਬੰਦ ਕੀਤਾ ਗਿਆ ਹੋਵੇ;

ਲਾਗੂ ਨਹੀਂ ਹੋਵੇਗੀ।

*[(4) ਨਿਵਾਰਕ ਨਜਰਬੰਦੀ ਲਈ ਉਪਬੰਧ ਕਰਨ ਵਾਲਾ ਕੋਈ ਕਾਨੂੰਨ ਕਿਸੇ ਵਿਅਕਤੀ ਦਾ ਤਿੰਨ ਮਹੀਨੇ ਤੋਂ ਲੰਮੇਰੀ ਮੁੱਦਤ ਲਈ ਨਜਰਬੰਦੀ ਕਰਨ ਲਈ ਅਖਤਿਆਰਤ ਨਹੀਂ ਕਰੇਗਾ ਜੇਕਰ--

(ੳ) ਅਜਿਹੀ ਵਿਅਕਤੀਆਂ ਤੋਂ ਜੋ ਕਿਸੇ ਉੱਚ ਅਦਾਲਤ ਦੇ ਜੱਜ ਹੋਣ, ਜਾਂ ਰਹਿ ਚੁੱਕੇ ਹੋਣ ਜਾਂ ਨਿਯੁਕਤ ਹੋਣ ਲਈ ਕਾਬਲ ਹੋਣ,

---

* ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 3 ਦੁਆਰਾ (ਅਧਿਸੂਚਨਾ ਦੀ ਤਰੀਕ ਤੋਂ, ਕਿ ਅਧਿਸੂਚਿਤ ਨਹੀਂ ਹੋਈ ਹੈ) ਖੰਡ (4) ਦੀ ਥਾਵੇਂ ਹੇਠ ਲਿਖਿਆ ਰੱਖਿਆ ਜਾਵੇਗਾ –

(4) ਨਿਵਾਰਕ ਨਜ਼ਰਬੰਦੀ ਲਈ ਉਪਬੰਧ ਕਰਨ ਵਾਲਾ ਕੋਈ ਕਾਨੂੰਨ ਕਿਸੇ ਵਿਅਕਤੀ ਦੀ ਦੋ ਮਹੀਨੇ ਤੋਂ ਲੰਮੇਰੀ ਮੁਦੱਤ ਲਈ ਨਜ਼ਰਬੰਦੀ ਕਰਨ ਲਈ ਅਖ਼ਤਿਆਰਤ ਨਹੀਂ ਕਰੇਗਾ ਜੇਕਰ ਜਦ ਤੱਕ ਕਿ ਮੁਨਾਸਬ ਉੱਚ ਅਦਾਲਤ ਦੇ ਚੀਫ਼ ਜਸਟਿਸ ਦੀ ਸਿਫ਼ਾਰਸ਼ ਦੇ ਅਨੁਸਾਰ ਗਠਤ ਸਲਾਹਕਾਰ ਬੋਰਡ ਨੇ ਉਕਤ ਦੋ ਮਹੀਨੇ ਦੀ ਮੁਦੱਤ ਦੇ ਗੁਜ਼ਰਨਰ ਤੋਂ ਪਹਿਲਾਂ ਇਹ ਪ੍ਰਤੀਬੇਨਤੀ ਨਹੀਂ ਕੀਤੀ ਹੈ ਕਿ ਉਸ ਦੀ ਰਾਇ ਵਿਚ ਅਜਿਹੀ ਨਜ਼ਰਬੰਦੀ ਦੇ ਲਈ ਵਾਜਬ ਕਾਰਨ ਹੈ :

ਪਰੰਤੂ ਸਲਾਹਕਾਰ ਬੋਰਡ ਇਕ ਚੇਅਰਮੈਨ ਅਤੇ ਘੱਟ ਤੋਂ ਘੱਟ ਦੋ ਮੈਂਬਰਾਂ ਤੋਂ ਮਿਲਕੇ ਬਣੇਗਾ ਅਤੇ ਚੇਅਰਮੈਨ ਮੁਨਾਸਬ ਉੱਚ ਅਦਾਲਤ ਦੀ ਸੇਵਾ ਕਰ ਰਿਹਾ ਜੱਜ ਹੋਵੇਗਾ ਅਤੇ ਹੋਰ ਮੈਂਬਰ ਕਿਸੇ ਉੱਚ ਅਦਾਲਤ ਦੇ ਸੇਵਾ ਕਰ ਰਹੇ ਜਾਂ ਸੇਵਾ ਨਿਵਿਰਤ ਜੱਜ ਹੋਣਗੇ :

ਪਰੰਤੂ ਇਹ ਹੋਰ ਕਿ ਇਸ ਖੰਡ ਦੀ ਕੋਈ ਗੱਲ ਕਿਸੇ ਵਿਅਕਤੀ ਦੀ ਉਸ ਵੱਧ ਮੁਦੱਤ ਲਈ ਨਜ਼ਰਬੰਦੀ ਕੀਤੇ ਜਾਣ ਦਾ ਅਧਿਕਾਰ ਨਹੀਂ ਦੇਵੇਗੀ ਜੋ ਖੰਡ (7) ਦੇ ਉਪ-ਖੰਡ (ੳ) ਦੇ ਅਧੀਨ ਸੰਸਦ ਦੁਆਰਾ ਬਣਾਏ ਗਏ ਕਾਨੂੰਨ ਦੁਆਰਾ ਮੁਕੱਰਰ ਕੀਤਾ ਜਾਵੇ।

ਵਿਆਖਿਆ.- ਇਸ ਖੰਡ ਵਿਚ "ਮੁਨਾਸਬ ਉੱਚ ਅਦਾਲਤ" ਦਾ ਮਤਲਹ ਹੈ--

(i) ਭਾਰਤ ਸਰਕਾਰ ਜਾਂ ਉਸ ਸਰਕਾਰ ਦੇ ਮਾਤਹਿਤ ਅਫ਼ਸਰ ਜਾਂ ਅਥਾਰਟੀ ਦੁਆਰਾ ਕੀਤੇ ਗਏ ਨਜ਼ਰਬੰਦੀ ਹੁਕਮ ਦੇ ਅਨੁਸਰਣ ਵਿਚ ਨਜ਼ਰਬੰਦ ਵਿਅਕਤੀ ਦੀ ਸੂਰਤ ਵਿਚ, ਦਿੱਲੀ ਸੰਘ ਰਾਜਖੇਤਰ ਦੇ ਲਈ ਉੱਚ ਅਦਾਲਤ;

(ii) (ਸੰਘ ਰਾਜਖੇਤਰ ਤੋਂ ਬਿਨਾਂ) ਕਿਸੇ ਰਾਜ ਸਰਕਾਰ ਦੁਆਰਾ ਕੀਤੇ ਗਏ ਨਜ਼ਰਬੰਦੀ ਹੁਕਮ ਦੇ ਅਨੁਸਰਣ ਵਿਚ ਨਜ਼ਰਬੰਦ ਵਿਅਕਤੀ ਦੀ ਸੂਰਤ ਵਿਚ, ਉਸ ਰਾਜ ਦੇ ਲਈ ਉੱਚ ਅਦਾਲਤ ; ਅਤੇ

(iii) ਕਿਸੇ ਸੰਘ ਰਾਜ ਖੇਤਰ ਦੇ ਪ੍ਰਸ਼ਾਸਕ ਜਾਂ ਅਜਿਹੇ ਪ੍ਰਸ਼ਾਸਕ ਦੇ ਮਾਤਹਿਤ ਕਿਸੇ ਅਫ਼ਸਰ ਜਾਂ ਅਥਾਰਟੀ ਦੁਆਰਾ ਕੀਤੇ ਗਏ ਨਜ਼ਰਬੰਦੀ ਹੁਕਮ ਦੇ ਅਨੁਰਣ ਵਿਚ ਨਜ਼ਰਬੰਦ ਵਿਅਕਤੀ ਦੀ ਸੂਰਤ ਵਿਚ ਉਹ ਉੱਚ ਅਦਾਲਤ ਜੋ ਸੰਸਦ ਦੁਆਰਾ ਇਸ ਨਮਿੱਤ ਬਣਾਏ ਗਏ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਉਲਿੱਖਤ ਕੀਤਾ ਜਾਵੇ।

ਮਿਲ ਕੇ ਬਣੇ ਕਿਸੇ ਸਲਾਹਕਾਰ ਬੋਰਡ ਨੇ ਤਿੰਨ ਮਹੀਨੇ ਦੀ ਉਕਤ ਮੁੱਦਤ ਦੇ ਗੁਜ਼ਰਨਰ ਤੋਂ ਪਹਿਲਾਂ ਰਿਪੋਟ ਨ ਕੀਤੀ ਹੋਵੇ ਕਿ ਉਸਦੀ ਰਾਏ ਵਿਚ ਅਜਿਹੀ ਨਜਰਬੰਦੀ ਲਈ ਕਾਫੀ ਕਾਰਨ ਹੈ :

ਪਰੰਤੂ ਇਸ ਉਪਖੰਡ ਦੀ ਕੋਈ ਗੱਲ ਕਿਸੇ ਵਿਅਕਤੀ ਦੀ ਉਸ ਵੱਧ ਤੋਂ ਵੱਧ ਮੁੱਦਤ ਤੋਂ ਬਾਅਦ ਨਜਰਬੰਦੀ ਅਖਤਿਆਰਤ ਨਹੀਂ ਕਰੇਗੀ ਜੋ ਖੰਡ (7) ਤੇ ਉਪ-ਖੰਡ (ਅ) ਦੇ ਅਧੀਨ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਮੁਕਰੱਰ ਕੀਤੀ ਗਈ ਹੋਵੇ ;ਜਾਂ

(ਅ) ਅਜਿਹਾ ਵਿਅਕਤੀ ਖੰਡ (7) ਕੇ ਉਪ-ਖੰਡ (ੳ) ਅਤੇ (ਅ) ਦੇ ਅਧੀਨ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਨਜਰਬੰਦ ਨ ਹੋਵੇ ।

(5) ਜਦ ਕੋਈ ਵਿਅਕਤੀ ਨਿਵਾਰਕ ਨਜਰਬੰਦੀ ਲਈ ਉਪਬੰਧ ਕਰ ਵਾਲੇ ਕਿਸੇ ਕਾਨੂੰਨ ਦੇ ਅਧੀਨ ਦਿੱਤੇ ਗਏ ਹੁਕਮ ਦੇ ਅਨੁਸਰਣ ਵਿਚ ਨਜਰਬੰਦ ਕੀਤਾ ਜਾਵੇ, ਹੁਕਮ ਦੇਣ ਵਾਲਾ ਸੱਤਾਧਾਰੀ, ਜਿੰਨੀ ਛੇਤੀ ਹੋ ਸਕੇ, ਉਸ ਵਿਅਕਤੀ ਨੂੰ ਉਹ ਆਧਾਰ ਦੱਸੇਗਾ ਜਿਨ੍ਹਾਂ ਤੇ ਉਹ ਹੁਕਮ ਦਿੱਤਾ ਗਿਆ ਹੋਵੇ ਅਤੇ ਉਸਨੂੰ ਉਸ ਹੁਕਮ ਦੇ ਖਿਲਾਫ ਪ੍ਰਤਿਬੇਨਤੀ ਕਰਨ ਲਈ ਛੇਤੀ ਤੋਂ ਛੇਤੀ ਅਵਸਰ ਦੇਵੇਗਾ ।

(6) ਖੰਡ (5) ਦੀ ਕੋਈ ਗੱਲ ਅਜਿਹਾ ਹੁਕਮ ਜਿਸ ਦਾ ਕਿ ਉਸ ਖੰਡ ਵਿਚ ਹਵਾਲਾ ਦਿੱਤਾ ਗਿਆ ਹੈ ਦੇਣ ਵਾਲੇ ਸੱਤਾਧਾਰੀ ਤੋਂ ਅਜਿਹੇ ਤੱਥਾਂ ਨੂੰ ਪ੍ਰਗਟ ਕਰਨਾ ਨਹੀਂ ਲੋੜੇਗੀ ਜਿਨ੍ਹਾਂ ਦਾ ਪ੍ਰਗਟ ਕਰਨਾ ਅਜਿਹਾ ਸੱਤਾਧਾਰੀ ਲੋਕ-ਹਿਤ ਦੇ ਖਿਲਾਫ ਸਮਝਦਾ ਹੋਵੇ ।

(7) ਸੰਸਦ ਕਾਨੂੰਨ ਦੁਆਰਾ ਮੁਕੱਰਰ ਕਰ ਸਕੇਗੀ ਕਿ–

Ministry of Law & Justice

*(ੳ) ਕਿਹੜੇ ਹਾਲਾਤ ਅਧੀਨ ਅਤੇ ਕਿਸ ਵਰਗ ਜਾਂ ਵਰਗਾਂ ਦੇ ਮਾਮਲਿਆਂ ਵਿਚ ਕਿਸੇ ਵਿਅਕਤੀ ਨੂੰ ਨਿਵਾਰਕ ਨਜਰਬੰਦੀ ਦਾ ਉਪਬੰਧ ਕਰਨ ਲਈ ਕਿਸੇ ਕਾਨੂੰਨ ਦੇ ਅਧੀਨ ਤਿੰਨ ਮਹੀਨੇ ਤੋਂ ਵੱਧ ਮੁੱਦਤ ਲਈ ਖੰਡ (4) ਦੇ ਉਪ-ਖੰਡ (ੳ) ਦੇ ਉਪਬੰਧਾਂ ਅਨੁਸਾਰ ਸਲਾਹਕਾਰ ਬੋਰਡ ਦੀ ਰਾਏ ਪ੍ਰਾਪਤ ਕੀਤੇ ਬਿਨਾਂ ਨਜਰਬੰਦ ਕੀਤਾ ਜਾ ਸਕੇਗਾ।

** (ਅ) ਕਿਸ ਵੱਧ ਤੋਂ ਵੱਧ ਮੁੱਦਤ ਲਈ ਕੋਈ ਵਿਅਕਤੀ ਕਿਸੇ ਵਰਗ ਜਾਂ ਵਰਗਾਂ ਦੇ ਮਾਮਲਿਆਂ ਵਿਚ ਨਿਵਾਰਕ ਨਜਰਬੰਦੀ ਲਈ ਉਪਬੰਧ ਕਰ ਵਾਲੇ ਕਿਸੇ ਕਾਨੂੰਨ ਦੇ ਅਧੀਨ ਨਜਰਬੰਦ ਕੀਤਾ ਜਾ ਸਕੇਗਾ ;ਅਤੇ

(ੲ) ਕਿਹੜਾ ਜਾਬਤਾ ***[ਖੰਡ (4) ਦੇ ਉਪ-ਖੰਡ (ੳ)] ਦੇ ਅਧੀਨ ਕਿਸੇ ਜਾਂਚ ਵਿਚ ਕਿਸੇ ਸਲਾਹਕਾਰ ਬੋਰਡ ਦੁਆਰਾ ਪੈਰਵੀ ਕੀਤਾ ਜਾਵੇਗਾ।

## ਸ਼ੋਸ਼ਣ ਦੇ ਖਿਲਾਫ ਅਧਿਕਾਰ

ਮਨੁੱਖਾਂ ਦੇ ਦੁਰਵਪਾਰ ਅਤੇ ਜਬਰੀ ਕਾਰ ਦੀ ਮਨਾਹੀ।

23.(1) ਮਨੁੱਖਾਂ ਦੇ ਦੁਰਵਪਾਰ ਅਤੇ ਵਗਾਰ ਅਤੇ ਉਸੇ ਵਰਗੇ ਹੋਰ ਜਬਰੀ ਕਾਰ ਦੇ ਰੂਪਾਂ ਦੀ ਮਨਾਹੀ ਕੀਤੀ ਜਾਂਦੀ ਹੈ ਅਤੇ ਇਸ ਉਪਬੰਧ ਦੀ ਕੋਈ ਉਲੰਘਣਾ ਕਾਨੂੰਨ ਦੀ ਅਨੁਸਾਰਤਾ ਵਿਚ ਸਜ਼ਾਯੋਗ ਅਪਰਾਧ ਹੋਵੇਗਾ।

(2) ਇਸ ਅਨੁਛੇਦ ਦੀ ਕੋਈ ਗੱਲ, ਰਾਜ ਨੂੰ ਲੋਕ ਪ੍ਰਯੋਜਨਾਂ ਲਈ

---

* ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 3 ਦੁਆਰਾ (ਅਧਿਸੂਚਨਾ ਦੀ ਤਰੀਕ ਤੋਂ, ਜੋ ਕਿ ਅਧਿਸੂਚਤ ਨਹੀਂ ਹੋਈ ਹੈ) ਉਪ-ਖੰਡ (ੳ) ਦਾ ਲੋਪ ਕੀਤਾ ਜਾਵੇਗਾ।

** ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 3 ਦੁਆਰਾ (ਅਧਿਸੂਚਨਾ ਦੀ ਤਰੀਕ ਤੋਂ, ਜੋ ਕਿ ਅਧਿਸੂਚਤ ਨਹੀਂ ਹੋਈ ਹੈ) ਉਪ-ਖੰਡ (ਅ) ਨੂੰ ਉਪ-ਖੰਜ (ੳ) ਦੇ ਰੂਪ ਵਿਚ ਮੁੜ ਅਥਰਾਂਕਣ ਕੀਤਾ ਜਾਵੇਗਾ।

*** ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 3 ਦੁਆਰਾ (ਅਧਿਸੂਚਨਾ ਤੀ ਤਰੀਕ ਤੋਂ, ਜੋ ਕਿ ਅਧਿਸੂਚਤ ਨਹੀਂ ਹੋਈ ਹੈ) ਬਰੈਕਟ ਦੇ ਸ਼ਬਦਾਂ ਦੇ ਸਥਾਨ ਤੋਂ "ਖੰਡ (4)" ਸ਼ਬਦ ਬਰੈਕਟ ਅਤੇ ਅੰਕ ਰੱਖੇ ਜਾਣਗੇ।



Ministry of Law & Justice

ਲਾਜਮੀ ਸੇਵਾ ਅਰੋਪਣ ਤੋਂ ਨਹੀਂ ਰੋਕੇਗੀ, ਅਤੇ ਅਜਿਹੀ ਸੇਵਾ ਅਰੋਪਣ ਵਿਚ ਰਾਜ ਕੇਵਲ ਧਰਮ, ਨਸਲ, ਜਾਤ ਜਾਂ ਸ਼੍ਰੇਣੀ ਜਾਂ ਇਨ੍ਹਾਂ ਵਿਚੋਂ ਕਿਸੇ ਦੇ ਆਧਾਰ ਤੇ ਕੋਈ ਵਿਤੱਕਰਾ ਨਹੀਂ ਕਰੇਗਾ।

ਫੈਕਟਰੀਆਂ ਆਦਿ ਵਿਚ ਬੱਚਿਆਂ ਨੂੰ ਰੋਜਗਾਰ ਲਈ ਕੰਮ ਤੇ ਲਾਉਣ ਦੀ ਮਨਾਹੀ।

24. ਚੋਦਾਂ ਸਾਲਾਂ ਤੋਂ ਘੱਟ ਉਮਰ ਦੇ ਕਿਸੇ ਬੱਚੇ ਨੂੰ ਕਿਸੇ ਫੈਕਟਰੀ ਜਾਂ ਖਾਣ ਵਿਚ ਰੋਜਗਾਰ ਲਈ ਕੰਮ ਤੇ ਨਹੀਂ ਲਾਇਆ ਜਾਵੇਗਾ ਅਤੇ ਨ ਕਿਸੇ ਹੋਰ ਜੋਖ਼ਮ ਵਾਲੇ ਰੋਜਗਾਰ ਤੇ ਲਾਇਆ ਜਾਵੇਗਾ।

## ਧਰਮ ਦੀ ਸੁਤੰਤਰਤਾ ਦਾ ਅਧਿਕਾਰ

ਅੰਤਹਕਰਣ ਦੀ ਅਤੇ ਧਰਮ ਦੇ ਬੇਰੋਕ ਮਨੰਣ, ਉਸ ਤੇ ਚਲਣ ਅਤੇ ਉਸ ਦਾ ਪਰਚਾਰ ਕਰਨ ਦੀ ਸੁਤੰਤਰਤਾ।

25.(1) ਲੋਕ ਅਮਲ, ਸਦਾਚਾਰ ਅਤੇ ਸਿਹਤ ਅਤੇ ਇਸ ਭਾਗ ਦੇ ਹੋਰ ਉਪਬੰਧਾਂ ਦੇ ਤਾਬੇ, ਸਭ ਵਿਅਕਤੀ ਅੰਤਹਕਰਣ ਦੀ ਸੁਤੰਤਰਤਾ ਦੇ ਅਤੇ ਧਰਮ ਦੇ ਬੇਰੋਕ ਮੰਨਣ, ਉਸ ਤੇ ਚਲਣ ਅਤੇ ਉਸ ਦਾ ਪਰਚਾਰ ਕਰਨ ਦੇ ਅਧਿਕਾਰ ਦੇ ਸਮਾਨ ਤੌਰ ਤੇ ਹੱਕਦਾਰ ਹੋਣਗੇ।

(2) ਇਸ ਅਨੁਛੇਦ ਦੀ ਕੋਈ ਗੱਲ ਕਿਸੇ ਅਜਿਹੇ ਮੋਜੂਦਾ ਕਾਨੂੰਨ ਦੇ ਅਮਲ ਤੇ ਪ੍ਰਭਾਵ ਨਹੀਂ ਪਾਵੇਗੀ ਅਤੇ ਨ ਰਾਜ ਨੂੰ ਕੋਈ ਅਜਿਹਾ ਕਾਨੂੰਨ ਬਣਾਉਣ ਤੋਂ ਰੋਕੇਗੀ ਜੋ–

(ੳ) ਕਿਸੇ ਆਰਥਕ, ਵਿੱਤੀ, ਰਾਜਨੀਤੱਕ ਜਾਂ ਹੋਰ ਲੋਕਿਕ ਸਰਗਰਮੀ ਜੋ ਕਿਸੇ ਧਾਰਮਕ ਚਲਨ ਨਾਲ ਸੰਬੰਧਤ ਹੋਵੇ ਦਾ ਵਿਨਿਯਮਨ ਕਰਦਾ ਜਾਂ ਉਸ ਤੇ ਪਾਬੰਦੀ ਲਾਉਂਦਾ ਹੋਵੇ;

(ਅ) ਸਮਾਜਕ ਭਲਾਈ ਅਤੇ ਸੁਧਾਰ ਲਈ ਉਪਬੰਧ ਕਰਦਾ ਹੋਵੇ ਜਾਂ ਲੋਕ ਪ੍ਰਕਿਰਤੀ ਵਾਲੀਆਂ ਹਿੰਦੂ ਧਾਰਮਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਭ ਸ਼੍ਰੇਣੀਆਂ ਅਤੇ ਅਨੁਭਾਗਾਂ ਲਈ ਖੋਲ੍ਹਦਾ ਹੋਵੇ।

Ministry of Law & Justice

ਵਿਆਖਿਆ - I ਕਿਰਪਾਨ ਪਹਨਿਣਾ ਅਤੇ ਲੈ ਕੇ ਚਲਣਾ ਸਿੱਖ ਧਰਮ ਨੂੰ ਮੰਨਣ ਵਿਚ ਸ਼ਾਮਲ ਸਮਝਿਆ ਜਾਵੇਗਾ।

ਵਿਆਖਿਆ II-. ਖੰਡ (2) ਦੇ ਉਪ-ਖੰਡ (ਅ) ਵਿਚ ਹਿੰਦੂਆਂ ਦੇ ਪ੍ਰਤਿ ਹਵਾਲਾ ਦਾ ਇਹ ਅਰਥ ਕੀਤਾ ਜਾਵੇਗੀ ਕਿ ਉਸ ਵਿਚ ਸਿੱਖ, ਜੈਨ ਜਾਂ ਬੁੱਧ ਧਰਮ ਨੂੰ ਮਨੰਣ ਵਾਲੇ ਵਿਅਕਤੀਆਂ ਦੇ ਪ੍ਰਤਿ ਹਵਾਲਾ ਸ਼ਾਮਲ ਹੈ ਅਤੇ ਹਿੰਦੂ ਧਾਰਮਕ ਸੰਸਥਾਵਾਂ ਦੇ ਪ੍ਰਤਿ ਹਵਾਲੇ ਦਾ ਅਰਥ ਉਸ ਦੇ ਅਨੁਸਾਰ ਕੀਤਾ ਜਾਵੇਗਾ।

ਧਾਰਮਕ ਕਾਰਵਿਹਾਰ ਦਾ ਪ੍ਰਬੰਧ ਕਰਨ ਦੀ ਸੁਤੰਤਰਤਾ।

26. ਲੋਕ ਅਮਨ, ਸਦਾਚਾਤ ਅਤੇ ਸਿਹਤ ਦੇ ਤਾਬੇ ਹਰਿਕ ਧਾਰਮਕ ਸੰਪ੍ਰਦਾਇ ਜਾਂ ਉਸ ਦੇ ਕਿਸੇ ਅਨੁਭਾਗ ਨੂੰ–

(ੳ) ਧਾਰਮਕ ਅਤੇ ਦਾਨ-ਆਧਾਰੀ ਪ੍ਰਯੋਜਨਾਂ ਲਈ ਸੰਸਥਾਵਾਂ ਸਥਾਪਤ ਕਰਨ ਅਤੇ ਕਾਇਮ ਰੱਖਣ ਦਾ ;

(ਅ) ਧਰਮ ਦੇ ਮਾਮਲਿਆਂ ਵਿਚ ਆਪਣੇ ਕਾਰਵਿਹਾਰ ਦਾ ਆਪ ਪ੍ਰਬੰਧ ਕਰਨ ਦਾ ;

(ੲ) ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਦੇ ਮਾਲ ਹੋਣ ਅਤੇ ਅਰਜਨ ਕਰਨ ਦਾ ; ਅਤੇ

(ਸ) ਅਜਿਹੀ ਸੰਪੱਤੀ ਦਾ ਕਾਨੂੰਨ ਦੀ ਅਨੁਸਾਰਤਾ ਵਿਚ ਇੰਤਜਾਮ ਕਰਨ ਦਾ ;

ਅਧਿਕਾਰ ਹੋਵੇਗਾ।

ਕਿਸੇ ਖਾਸ ਧਰਮ ਦੀ ਤਰੱਕੀ ਲਈ ਕਰਾਂ ਦੀ ਅਦਾਇਗੀ ਬਾਬਤ

27. ਕਿਸੇ ਵੀ ਵਿਅਕਤੀ ਨੂੰ ਕੋਈ ਅਜਿਹੇ ਕਰ ਅਦਾ ਕਰ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਜਿਨ੍ਹਾਂ ਦੀਆਂ ਵੱਟਕਾਂ ਕਿਸੇ ਖਾਸ ਧਰਮ ਜਾਂ ਧਾਰਮਕ ਸੰਪ੍ਰਦਾਇ ਨੂੰ ਤਰੱਕੀ ਦੇਣ ਜਾਂ ਕਾਇਮ ਰੱਖਣ ਲਈ ਖਰਚ ਕਰਨ ਲਈ ਵਿਸ਼ੇਸ ਤੌਰ ਤੇ ਨਮਿੱਤੀਆਂ ਜਾਂਦੀਆਂ ਹੋਣ।

Ministry of Law & Justice

ਸੁਤੰਤਰਤਾ।

ਕੁਝ ਕੁ ਸਿਖਿਆ ਸੰਸਥਾਵਾਂ ਵਿਚ ਧਾਰਮਕ ਸਿਖਿਆ ਜਾਂ ਧਾਰਮਕ ਉਪਾਸ਼ਨਾ ਵਿਚ ਹਾਜਰ ਹੋਣ ਬਾਬਤ ਸੁਤੰਤਰਤਾ।

28(1) ਰਾਜ ਫੰਡਾਂ ਤੋਂ ਪੂਰੀ ਤਰ੍ਹਾਂ ਕਾਇਮ ਰੱਖੀ ਕਿਸੇ ਸਿਖਿਆ ਸੰਸਥਾਂ ਵਿਚ ਕੋਈ ਧਾਰਮਕ ਸਿਖਿਆ ਨਹੀਂ ਦਿੱਤੀ ਜਾਵੇਗੀ।

(2) ਖੰਡ (1) ਦੀ ਕੋਈ ਗਲ ਕਿਸੇ ਅਜਿਹੀ ਸਿਖਿਆ ਸੰਸਥਾ ਨੂੰ ਲਾਗੂ ਨਹੀਂ ਹੋਵੇਗੀ ਜਿਸਦਾ ਇੰਤਜਾਮ ਰਾਜ ਕਰਦਾ ਹੋਵੇ ਪਰ ਜੇ ਕਿਸੇ ਅਜਿਹੇ ਇੰਡੋਮੈਂਟ ਜਾਂ ਟ੍ਰਸਟ ਦੇ ਅਧੀਨ ਸਥਾਪਤ ਹੋਈ ਹੋਵੇ ਜੋ ਲੋੜਦਾ ਹੋਵੇ ਕਿ ਉਸ ਸੰਸਥਾ ਵਿਚ ਧਾਰਮਕ ਸਿਖਿਆ ਦਿੱਤੀ ਜਾਵੇਗੀ।

(3) ਰਾਜ ਵਲੋਂ ਮਾਨਤਾ ਪ੍ਰਾਪਤ ਜਾਂ ਰਾਜ ਫੰਡਾਂ ਤੋਂ ਸਹਾਇਤਾ ਪ੍ਰਾਪਤ ਕਰਦੀ ਕਿਸੇ ਸਿਖਿਆ ਸੰਸਥਾ ਵਿਚ ਹਾਜਰ ਹੋਣ ਵਾਲੇ ਕਿਸੇ ਵਿਅਕਤੀ ਤੋਂ ਅਜਿਹੀ ਸੰਸਥਾ ਵਿਚ ਦਿੱਤੀ ਜਾਣ ਵਾਲੀ ਧਾਰਮਕ ਸਿਖਿਆ ਵਿਚ ਭਾਗ ਲੈਣਾ ਜਾਂ ਅਜਿਹੀ ਸੰਸਥਾ ਵਿਚ ਜਾਂ ਉਸ ਨਾਲ ਲੱਗੇ ਕਿਸੇ ਸਥਾਨ ਵਿਚ ਕੀਤੀ ਜਾਣ ਵਾਲੀ ਕਿਸੇ ਧਾਰਮਕ ਉਪਾਸ਼ਨਾ ਵਿਚ ਹਾਜਰ ਹੋਣਾ ਨਹੀਂ ਲੋੜਿਆ ਜਾਵੇਗਾ ਜੇਕਰ ਉਸ ਵਿਅਕਤੀ ਨੇ ਜਾਂ, ਜੇ ਉਹ ਨਾਬਾਲਗ ਹੋਵੇ ਉਸ ਦੇ ਸਰਪ੍ਰਸਤ ਨੇ ਉਸ ਲਈ ਆਪਣੀ ਸੰਪਤੀ ਨ ਦੇ ਦਿੱਤੀ ਹੋਵੇ।

## ਸਭਿਆਚਾਰਕ ਅਤੇ ਸਿਖਿਅਕ ਅਧਿਕਾਰ

ਘੱਟ ਗਿਣਤੀਆਂ ਦੇ ਹਿੱਤਾਂ ਦੀ ਹਿਫਾਜ਼ਤ।

29. (1) ਭਾਰਤ ਦੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਵਿਚ ਨਿਵਾਸ ਕਰਦੇ ਨਾਗਰਿਕਾਂ ਦੇ ਕਿਸੇ ਅਨੁਭਾਗ ਨੂੰ ਜਿਸਦੀ ਆਪਣੀ ਨਿਖੜਵੀਂ ਭਾਸ਼ਾ, ਲਿੱਪੀ ਜਾਂ ਸਭਿਆਚਾਰ ਹੋਵੇ ਉਸ ਨੂੰ ਬਣਾਈ ਰੱਖਣ ਦਾ ਅਧਿਕਾਰ ਹੋਵੇਗਾ।

(2) ਕਿਸੇ ਨਾਗਰਿਕ ਨੂੰ ਰਾਜ ਦੁਆਰਾ ਕਾਇਮ ਰੱਖੀ ਜਾਂ ਰਾਜ ਫੰਡਾਂ ਤੋਂ ਸਹਾਇਤਾ ਪ੍ਰਾਪਤ ਕਰਦੀ ਕਿਸੇ ਸਿਖਿਆ ਸੰਸਥਾਂ ਵਿਚ ਦਾਖਲ ਹੋਣ ਤੋਂ ਕੇਵਲ ਧਰਮ, ਨਸਲ, ਜਾਤ, ਭਾਸ਼ਾ ਜਾਂ ਉਨ੍ਹਾਂ ਵਿਚੋਂ ਕਿਸੇ ਦੇ ਆਧਾਰ ਤੇ ਵਾਂਝਿਆ ਨਹੀਂ ਰੱਖਿਆ ਜਾਵੇਗਾ।

Ministry of Law & Justice

ਘੱਟ ਗਿਣਤੀਆਂ ਜਾ ਸਿਖਿਆ ਸੰਸਥਾਵਾਂ ਸਥਾਪਿਤ ਕਰਨ ਅਤੇ ਉਨ੍ਹਾਂ ਦਾ ਇੰਤਜਾਮ ਕਰਨ ਦਾ ਅਧਿਕਾਰ।

30.(1)ਸਭ ਘੱਟ ਗਿਣਤੀਆਂ ਭਾਵੇਂ ਉਹ ਧਰਮ ਤੇ ਆਧਾਰਤ ਹੋਣ ਜਾਂ ਭਾਸ਼ਾ ਤੇ, ਨੂੰ ਆਪਣੀ ਮਰਜੀ ਦੀਆਂ ਸਿਖਿਆ ਸੰਸਥਾਵਾਂ ਸਥਾਪਤ ਕਰ ਅਤੇ ਉਨ੍ਹਾਂ ਦਾ ਇੰਤਜਾਮ ਕਰਨ ਦਾ ਅਧਿਕਾਰ ਹੋਵੇਗਾ।

[18](1 ੳ. ਖੰਡ (1) ਵਿਚ ਹਵਾਲਾ ਦਿੱਤੀ ਕਿਸੇ ਘੱਟ ਗਿਣਤੀ ਵਰਗ ਦੁਆਰਾ ਸਥਾਪਿਤ ਅਤੇ ਪ੍ਰਸ਼ਾਸ਼ਤ ਸਿੱਖਿਆ ਸੰਸਥਾ ਦੀ ਕਿਸੇ ਸੰਪਤੀ ਦੇ ਜ਼ਰੂਰੀ ਅਰਜਨ ਲਈ ਉਪਬੰਧ ਕਰਦੇ ਕੋਈ ਕਾਨੂੰਨ ਬਣਾਉਂਦੇ ਸਮੇਂ, ਰਾਜ ਇਹ ਸੁਨਿਸਚਤ ਕਰੇਗਾ ਕਿ ਅਜਿਹੀ ਸੰਪੱਤੀ ਦੇ ਅਰਜਨ ਕਰਨ ਦੇ ਲਈ ਅਜਿਹੇ ਕਾਨੂੰਨ ਦੁਆਰਾ ਨਿਯਤ ਕੀਤੀ ਜਾਂ ਉਸ ਦੇ ਅਧੀਨ ਤੈਅ ਰਕਮ ਅਜਿਹੀ ਹੈ ਕਿ ਉਸ ਖੰਡ ਅਧੀਨ ਗਰੰਟੀਸ਼ੁਦਾ ਅਧਿਕਾਰ ਸੀਮਤ ਦੀ ਜਾਂ ਨਿਰਾਕਰਨ ਨਾ ਹੋ ਜਾਵੇ।

(2) ਰਾਜ ਸਿਖਿਆ-ਸੰਸਥਾਵਾਂ ਨੂੰ ਸਹਾਇਤਾ ਦੇਣ ਵਿਚ, ਕਿਸੇ ਸਿਖਿਆ ਸੰਸਥਾ ਦੇ ਖਿਲਾਫ ਇਸ ਆਧਾਰ ਤੇ ਵਿਤੱਕਰਾ ਨਹੀਂ ਕਰੇਗਾ ਕਿ ਉਹ ਕਿਸੇ ਘੱਟ ਗਿਣਤੀ, ਭਾਵੇਂ ਉਹ ਧਰਮ ਤੇ ਆਧਾਰਤ ਹੋਵੇ ਜਾਂ ਭਾਸ਼ਾ ਤੇ, ਦੇ ਪ੍ਰਬੰਧ ਦੇ ਅਧੀਨ ਹੈ।

[19]x x x x

31. ਸੰਪੱਤੀ ਦਾ ਲਾਜ਼ਮੀ ਸੰਵਿਧਾਨ (ਚੌਤਾਲਵੀਂ ਸੋਧ), 1978 ਦੀ ਧਾਰਾ 6 ਦੁਆਰਾ (20.06.1979 ਤੋਂ ਪ੍ਰਭਾਵੀ) ਨਿਰਸਤ।

[20][ਕੁਝ ਕਾਨੂੰਨਾਂ ਦੀ ਛੋਟ]

ਸੰਪਦਾਵਾਂ ਆਦਿ ਦੇ ਅਰਜਨ ਲਈ

[21][31ੳ. [22][(1) ਅਨੁਛੇਦ 13 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ—

---

[18] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 4 ਦੁਆਰਾ (20.06.1979) ਤੋਂ ਪ੍ਰਭਾਵੀ) ਅੰਤਰਸਥਾਪਤ।

[19] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 5 ਦੁਆਰਾ (20.06.1979 ਤੋਂ ਪ੍ਰਭਾਵੀ) ਉਪ ਸਿਰਲੇਖ "ਸੰਪੱਤੀ ਦਾ ਅਧਿਕਾਰ" ਦਾ ਲੋਪ ਕਿਤਾ ਗਿਆ।

[20] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 3 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰ ਸਥਾਪਤ।



Ministry of Law & Justice

ਉਪਬੰਧ ਕਰਨ ਵਾਲੇ ਕਾਨੂੰਨਾਂ ਦਾ ਬਚਾਓ ।

(ੳ) ਕਿਸੇ ਸੰਪਦਾ ਦੇ ਜਾਂ ਉਸ ਵਿਚ ਕਿਸੇ ਅਧਿਕਾਰਾਂ ਦੇ ਰਾਜ ਦੁਆਰਾ ਅਰਜਨ ਲਈ ਜਾਂ ਕਿਸੇ ਅਜਿਹੇ ਅਧਿਕਾਰਾਂ ਦੇ ਖਾਤਮੇ ਜਾਂ ਰੂਪਭੇਦ ਲਈ,ਜਾਂ;

(ਅ) ਕਿਸੇ ਸੰਪਤੀ ਦਾ ਪ੍ਰਬੰਧ ਜਾਂ ਤਾਂ ਲੋਕ-ਹਿੱਤ ਵਿਚ ਜਾਂ ਉਸ ਸੰਪਤੀ ਦਾ ਉੱਚਿਤ ਪ੍ਰਬੰਧ ਸੁਨਿਸਚਿਤ ਕਰਨ ਦੇ ਮੰਤਵ ਨਾਲ ਰਾਜ ਦੁਆਰਾ ਕਿਸੇ ਸੀਮਤ ਮੁੱਦਤ ਲਈ ਸੰਭਾਲ ਲਏ ਜਾਣ ਲਈ, ਜਾਂ;

(ੲ) ਦੋ ਜਾਂ ਵੱਧ ਨਿਗਮਾਂ ਨੂੰ ਜਾਂ ਤਾਂ ਲੋਕ-ਹਿਤ ਜਾਂ ਉਨ੍ਹਾਂ ਨਿਗਮਾਂ ਵਿਚੋਂ ਕਿਸੇ ਦਾ ਉਚਿਤ ਪ੍ਰਬੰਧ ਸੁਨਿਸਚਿਤ ਕਰਨ ਦੇ ਮੰਤਵ ਨਾਲ ਸੰਮਿਲਤ ਕਰਨ ਲਈ, ਜਾਂ ;

(ਸ) ਨਿਗਮਾਂ ਦੇ ਪ੍ਰਬੰਧ-ਏਜੰਟਾਂ, ਸਕੱਤਰਾਂ ਅਤੇ ਖਜਾਨਚੀ, ਪ੍ਰਬੰਧ-ਨਿਦੇਸ਼ਕਾਂ, ਨਿਦੇਸ਼ਕਾਂ ਜਾਂ ਪ੍ਰਬੰਧਕਾਂ ਦੇ ਕਿਸੇ ਅਧਿਕਾਰਾਂ ਦੇ ਜਾਂ ਉਨ੍ਹਾਂ ਦੇ ਹਿੱਸੇਦਾਰਾਂ ਦੇ ਕਿਸੇ ਵੋਟ ਪਾਉਣ ਦੇ ਅਧਿਕਾਰਾਂ ਦੇ ਖਾਤਮੇ ਜਾਂ ਰੂਪਭੇਦ ਲਈ, ਜਾਂ;

(ਹ) ਕਿਸੇ ਖਣਿਜ ਜਾਂ ਖਣਿਜ-ਤੇਲ ਨੂੰ ਖੋਜਣ ਜਾਂ ਲੱਭਣ ਦੇ ਪ੍ਰਯੋਜਨ ਲਈ ਕਿਸੇ ਕਰਾਰ, ਪੱਟੇ ਜਾਂ ਲਸੰਸ ਦੇ ਅਧਾਰ ਤੋਂ ਹਾਸਲ ਹੁੰਦੇ ਕਿਸੇ ਅਧਿਕਾਰਾਂ ਦੇ ਖਾਤਮੇਂ ਜਾਂ ਰੂਪਭੇਦਾਂ ਲਈ ਜਾਂ ਕਿਸੇ ਅਜਿਹੇ ਕਰਾਰ, ਪੱਟੇ ਜਾਂ ਲਸੰਸ ਦੇ ਸਮੇਂ ਤੋਂ ਪਹਿਲਾਂ ਸਮਾਪਤ ਕਰਨ ਜਾਂ ਰੱਦ ਕਰਨ ਲਈ

ਉਪਬੰਧ ਕਰਨ ਵਾਲਾ ਕੋਈ ਕਾਨੂੰਨ ਇਸ ਆਧਾਰ ਤੇ ਕਿ ਉਹ [23][ਅਨੁਛੇਦ 14 ਜਾਂ ਅਨੁਛੇਦ 19] ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਵਿੱਚੋਂ ਕਿਸੇ ਨਾਲ ਅਸੰਗਤ ਹੈ, ਜਾਂ ਉਸ ਨੂੰ ਖੁੰਹਦਾ ਹੈ ਜਾਂ ਸੰਕੁਚਦਾ ਹੈ

---

[21] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 4 ਦੁਆਰਾ (ਅਤੀਤ-ਦਰਸ਼ੀ ਪ੍ਰਭਾਵ ਨਾਲ) ਅੰਤਰਸਥਾਪਤ ।

[22] ਸੰਵਿਧਾਨ (ਚੌਥੀ ਸੋਧ) ਐਟ, 1955, ਧਾਰਾ 3 ਦੁਆਰਾ ਮੂਲ ਖੰਡ ਦੀ ਥਾਵੇਂ (ਅਤੀਤ-ਦਰਸ਼ੀ ਪ੍ਰਭਾਵ ਨਾਲ) ਰੱਖਿਆ ਗਿਆ ।

[23] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 7 ਦੁਆਰਾ (20.6.1979 ਤੋਂ ਪ੍ਰਭਾਵੀ) "ਅਨੁਛੇਦ 14, ਅਨੁਛੇਦ 19 ਜਾਂ ਅਨੁਛੇਦ 31" ਦੀ ਥਾਵੇਂ ਰੱਖਿਆ ਗਿਆ ।

Ministry of Law & Justice

ਸੁੰਨ ਨਹੀਂ ਸਮਝਿਆ ਜਾਵੇਗਾ;

ਪਰੰਤੂ ਜਿੱਥੋਂ ਅਜਿਹਾ ਕਾਨੂੰਨ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਗਿਆ ਕੋਈ ਕਾਨੂੰਨ ਹੋਵੇ ਇਸ ਅਨੁਛੇਦ ਦੇ ਉਪਬੰਧ ਉਸ ਨੂੰ ਲਾਗੂ ਨਹੀਂ ਹੋਣਗੇ ਜੇਕਰ ਅਜਿਹੇ ਕਾਨੂੰਨ ਨੂੰ, ਰਾਸ਼ਟਪਤੀ ਦੇ ਵਿਚਾਰ ਲਈ ਰਾਖਵਾਂ ਕੀਤੇ ਜਾਣ ਤੇ, ਰਾਸ਼ਟਰਪਤੀ ਦੀ ਅਨੁਮਤੀ ਨ ਮਿਲ ਗਈ ਹੋਵੇ :]

[24][ਪਰੰਤੂ ਇਹ ਹੋਰ ਕਿ ਜਿੱਥੇ ਕੋਈ ਕਾਨੂੰਨ ਰਾਜ ਦੁਆਰਾ ਕਿਸੇ ਸੰਪਦਾ ਦੇ ਅਰਜਨ ਲਈ ਕੋਈ ਉਪਬੰਧ ਕਰਦਾ ਹੋਵੇ ਅਤੇ ਜਿੱਥੇ ਉਸ ਵਿਚ ਸਮਾਵਿਸਟ ਕੋਈ ਭੋਂ ਕਿਸੇ ਵਿਅਕਤੀ ਦੁਆਰਾ ਆਪਣੀ ਨਿਜੀ ਕਾਸ਼ਤ ਹੇਠ ਰੱਖੀ ਹੋਈ ਹੋਵੇ, ਰਾਜ ਲਈ ਅਜਿਹੀ ਭੋਂ ਦਾ ਕੋਈ ਹਿੱਸਾ ਜੋ ਕਿਸੇ ਤਤ-ਸਮੇਂ ਨਾਫਜ ਕਾਨੂੰਨ ਦੇ ਅਧੀਨ ਉਸ ਨੂੰ ਲਾਗੂ ਨਿਯਤ ਉਚਤਮ ਸੀਮਾਂ ਅੰਦਰ ਹੋਵੇ, ਜਾਂ ਉਸ ਤੇ ਬਣੀ ਜਾਂ ਉਸ ਦੇ ਨਾਲ ਲਗਦੀ ਕੋਈ ਇਮਾਰਤ ਜਾਂ ਢਾਂਚਾ ਅਰਜਤ ਕਰਨਾ ਕਾਨੂੰਨ-ਸੰਗਤ ਨਹੀਂ ਹੋਵੇਗਾ, ਜੇਕਰ ਅਜਿਹੀ ਭੋਂ, ਇਮਾਰਤ ਜਾਂ ਢਾਂਚੇ ਦੇ ਅਰਜਨ ਸੰਬੰਧੀ ਕਾਨੂੰਨ ਅਜਿਹੀ ਦਰ ਤੇ ਮੁਆਵਜੇ ਦੀ ਅਦਾਇਗੀ ਲਈ ਉਪਬੰਧ ਨ ਕਰਦਾ ਹੋਵੇ ਜੋ ਉਸ ਦੇ ਬਾਜ਼ਾਰ ਮੁੱਲ ਤੋਂ ਘੱਟ ਨਹੀਂ ਹੋਵੇਗੀ ।]

(2) ਇਸ ਅਨੁਛੇਦ ਵਿਚ—

[25][ (ੳ) "ਸੰਪਦਾ" ਪਦ ਦਾ ਕਿਸੇ ਸਥਾਨਕ ਖੇਤਰ ਦੇ ਸੰਬੰਧ ਵਿਚ ਉਹੀ ਅਰਥ ਹੋਵੇਗਾ, ਜੋ ਉਸ ਪਦ ਜਾਂ ਉਸ ਦੇ ਸਥਾਨਕ ਤੁੱਲ ਦਾ ਉਸ ਖੇਤਰ ਵਿਚ ਨਾਫਜ ਭੋ-ਦਾਰੀਆਂ ਸੰਬੰਧੀ ਮੌਜੂਦਾ ਕਾਨੂੰਨ ਵਿਚ ਹੈ ਅਤੇ ਉਸ ਵਿਚ—

[24] ਸੰਵਿਧਾਨ (ਸਤਾਰ੍ਹਵੀਂ ਸੋਧ) ਐਕਟ, 1964, ਧਾਰਾ 2, ਦੁਆਰਾ ਅੰਤਰਸਥਾਪਤ ।

[25] ਸੰਵਿਧਾਨ (ਸਤਾਰ੍ਹਵੀ ਸੋਧ) ਐਕਟ, 1964, ਧਾਰਾ 2 ਦੁਆਰਾ ਉਪ-ਖੰਡ (ੳ) ਦੀ ਥਾਵੇਂ (ਅਤੀਤ-ਦਰਸ਼ੀ ਪ੍ਰਭਾਵ ਨਾਲ) ਰੱਖਿਆ ਗਿਆ ।

(i)ਕੋਈ ਜਾਗੀਰ, ਇਨਾਮ ਜਾਂ ਮੁਆਫੀ ਜਾਂ ਹੋਰ ਉਸੇ ਵਰਗੀ ਗ੍ਰਾਂਟ ਅਤੇ [26][ਤਾਮਿਲਨਾਡੂ] ਅਤੇ ਕੇਰਲ ਰਾਜਾਂ ਵਿਚ ਕੋਈ ਜਨਮ ਅਧਿਕਾਰ ਵੀ ਸ਼ਾਮਲ ਹੋਵੇਗਾ ;

(iii) ਰੱਈਤਵਾੜੀ ਬੰਦੋਬਸਤ ਦੇ ਅਧੀਨ ਧਾਰਨ ਕੀਤੀ ਕੋਈ ਭੋਂ ਵੀ ਸ਼ਾਮਲ ਹੋਵੇਗੀ ;

(iii) ਖੇਤੀ ਦੇ ਪ੍ਰਯੋਜਨ ਲਈ ਜਾਂ ਉਸ ਦੇ ਸਹਾਇਕ ਪ੍ਰਯੋਜਨਾਂ ਲਈ ਧਾਰਨ ਕੀਤੀ ਜਾਂ ਪੱਟੇ ਤੇ ਦਿੱਤੀ ਗਈ ਕੋਈ ਭੋਂ, ਜਿਸ ਵਿਚ ਬੰਜਰ ਭੋਂ, ਵਣ-ਭੋਂ, ਚਰਾਂਦ ਲਈ ਭੋਂ ਜਾਂ ਭੋਂ ਦੇ ਕਾਸ਼ਤਕਾਰਾਂ, ਖੇਤੀ ਮਜਦੂਰਾਂ ਅਤੇ ਗ੍ਰਾਮ ਦਸਤਕਾਰਾਂ ਦੁਆਰਾ ਦਖਲ ਵਿਚ ਰੱਖੀਆਂ ਇਮਾਰਤਾਂ ਅਤੇ ਹੋਰ ਢਾਚਿਆਂ ਦੀਆਂ ਜਗ੍ਹਾਂ ਲਈ ਭੋਂ ਸ਼ਾਮਲ ਹੈ, ਵੀ ਸ਼ਾਮਲ ਹੋਵੇਗੀ ;]

(ਅ) ਕਿਸੇ ਸੰਪਦਾ ਦੇ ਸੰਬੰਧ ਵਿਚ "ਅਧਿਕਾਰ" ਪਦ ਵਿਚ ਕਿਸੇ ਮਾਲਕ, ਉਪ-ਮਾਲਕ, ਅਧੀਨ-ਮਾਲਕ, ਭੋਂ-ਧਾਰੀ [27][ਰਈਅਤ, ਅਧੀਨ-ਰਈਅਤ] ਜਾਂ ਹੋਰ ਮੱਧਵਰਤੀ ਵਿਚ ਨਿਹਿਤ ਕੋਈ ਅਧਿਕਾਰ ਅਤੇ ਮਾਲੀਏ ਬਾਰੇ ਕੋਈ ਅਧਿਕਾਰ ਜਾਂ ਵਿਸ਼ੇਸ-ਅਧਿਕਾਰ ਸ਼ਾਮਲ ਹੋਣਗੇ ।]

ਕੁਝ ਕੁ ਐਕਟਾਂ ਅਤੇ ਵਿਨਿਯਮਾਂ ਦਾ ਜਾਇਜਕਰਣ ।

[28][31ਅ.ਅਨੁਛੇਦ 31 ਉ ਵਿਚਲੇ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਨ ਤਾਂ ਨੌਵੀਂ ਅਨੁਸੂਚੀ ਵਿਚ ਉਲਿਖਤ ਐਕਟਾਂ ਅਤੇ ਵਿਨਿਯਮਾਂ ਵਿਚੋਂ ਅਤੇ ਨ ਉਨ੍ਹਾਂ ਦੇ ਉਪਬੰਧਾਂ ਵਿਚੋਂ ਕਿਸੇ ਦੀ ਬਾਬਤ, ਇਸ ਆਧਾਰ ਤੇ ਕਿ ਅਜਿਹਾ ਐਕਟ, ਵਿਨਿਯਮ ਜਾਂ ਉਪਬੰਧ ਇਸ ਭਾਗ ਦੇ ਕਿਸੇ ਉਪਬੰਧਾਂ ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ ਵਿਚੋਂ ਕਿਸੇ ਨਾਲ ਅਸੰਗਤ ਹੈ, ਜਾਂ ਉਸ ਦੇ ਖੁੰਹਦਾ ਹੈ ਜਾਂ ਸੰਕੁਚਦਾ ਹੈ ਇਹ ਸਮਝਿਆ

[26] ਮਦਰਾਸ ਰਾਜ (ਨਾਂ ਦਾ ਬਦਲਣਾ) ਐਕਟ, 1968, ਧਾਰਾ 4 ਦੁਆਰਾ "ਸ਼ਬਦ ਮਦਰਾਸ" ਦੀ ਥਾਵੇਂ (14.1.1969 ਤੋਂ ਲੈ ਕੇ) ਰੱਖਿਆ ਗਿਆ ।

[27] ਸੰਵਿਧਾਨ (ਚੌਥੀ ਸੋਧ) ਐਕਟ, 1955 ਦੀ ਧਾਰਾ 3 ਦੁਆਰਾ ਅੰਤਰਸਥਾਪਤ ।(ਅਤੀਤ-ਦਰਸ਼ੀ ਪ੍ਰਭਾਵ ਨਾਲ) ਰੱਖਿਆ ਗਿਆ ।

[28] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 5 ਦੁਆਰਾ ਅੰਤਰਸਥਾਪਤ ।



Ministry of Law & Justice

ਜਾਵੇਗਾ ਕਿ ਉਹ ਸੁੰਨ ਹੈ ਜਾਂ ਕਦੇ ਸੁੰਨ ਹੋ ਗਿਆ ਸੀ, ਅਤੇ ਕਿਸੇ ਅਦਾਲਤ ਜਾਂ ਟ੍ਰਿਬਊਨਲ ਦੇ ਕਿਸੇ ਉਲਟ ਨਿਰਣੇ, ਡਿਗਰੀ ਜਾਂ ਹੁਕਮ ਦੇ ਹੁੰਦਿਆਂ ਹੋਇਆਂ ਵੀ ਉਕਤ ਐਕਟਾਂ ਅਤੇ ਵਿਨਿਯਮਾਂ ਵਿਚੋਂ ਹਰੇਕ, ਉਸ ਨੂੰ ਨਿਰਸਤ ਕਰਨ ਜਾਂ ਸੋਧਣ ਦੀ ਕਿਸੇ ਸ਼ਕਤਵਾਨ ਵਿਧਾਨ-ਮੰਡਲ ਦੀ ਸ਼ਕਤੀ ਦੇ ਤਾਬੇ ਨਾਫਜ ਰਹੇਗਾ ।]

ਕੁਝਕੁ ਨਿਦੇਸ਼ਕ ਸਿਧਾਂਤਾਂ ਨੂੰ ਪ੍ਰਭਾਵੀ ਬਣਾਉਣ ਵਾਲੇ ਕਾਨੂੰਨਾਂ ਦੀ ਛੋਟ।

[29]31ਇ. ਅਨੁਛੇਦ 13 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਕਾਨੂੰਨ, [30][ਜੋ ਭਾਗ 4 ਵਿਚ ਅਧਿਕਥਿਤ ਸਾਰੇ ਜਾਂ ਕੋਈ ਸਿਧਾਂਤਾਂ] ਦੀ ਪ੍ਰਾਪਤੀ ਸੁਨਿਸਚਤ ਕਰਨ ਲਈ ਰਾਜ ਦੀ ਨੀਤੀ ਨੂੰ ਪ੍ਰਭਾਵੀ ਬਣਾਉਣ ਵਾਲੀ ਹੋਵੇ, ਇਸ ਅਧਾਰ ਤੇ ਸੁੰਨ ਨਹੀਂ ਸਮਝਿਆ ਜਾਵੇਗਾ ਕਿ [31][ਅਨੁਛੇਦ 14 ਜਾਂ ਅਨੁਛੇਦ 19] ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ ਵਿਚੋਂ ਕਿਸੇ ਤੋਂ ਅਸੰਗਤ ਹੈ ਜਾਂ ਉਸ ਨੂੰ ਖੁੰਹਦਾ ਹੈ ਜਾਂ ਸੰਕੁਚਦਾ ਹੈ [32]ਅਤੇ ਉਸ ਕਾਨੂੰਨ, ਤੇ ਜਿਸ ਵਿਚ ਇਹ ਐਲਾਨ ਹੋਵੇ ਕਿ ਉਹ ਅਜਿਹੀ ਨੀਤੀ ਨੂੰ ਪ੍ਰਭਾਵੀ ਬਣਾਉਣ ਲਈ ਹੈ, ਕਿਸੇ ਅਦਾਲਤ ਵਿਚ ਇਸ ਅਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ਕਿ ਉਹ ਅਜਿਹੀ ਨੀਤੀ ਨੂੰ ਪ੍ਰਭਾਵੀ ਨਹੀਂ ਬਣਾਉਂਦਾ ;

ਪਰੰਤੂ ਜਿੱਥੇ ਅਜਿਹਾ ਕਾਨੂੰਨ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਜਾਵੇ, ਉਥੇ ਇਸ ਅਨੁਛੇਦ ਦੇ ਉਪਬੰਧ ਉਸ ਨੂੰ ਲਾਗੂ ਨਹੀਂ ਹੋਣਗੇ ਜੇਕਰ ਅਜਿਹ ਕਾਨੂੰਨ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕੀਤੇ ਜਾਣ ਪਿੱਛੋਂ ਉਸ ਦੀ ਅਨੁਮਤੀ ਨ ਮਿਲ ਗਈ ਹੋਵੇ ।

---

[29] ਸੰਵਿਧਾਨ (ਪੰਚੀਵੀਂ ਸੋਧ) ਐਕਟ, 1971, ਧਾਰਾ 3 ਦੁਆਰਾ (20.4.1972 ਤੋਂ ਲੈ ਕੇ) ਅੰਤਰਸਥਾਪਤ।

[30] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 4 (03.01.1977 ਤੋਂ ਪ੍ਰਭਾਵੀ) "ਅਨੁਛੇਦ 39 ਦੇ ਖੰਡ (ਅ) ਜਾਂ ਖੰਡ (ਇ) ਵਿਚ ਉਲਿਖਤ ਸਿਧਾਂਤਾਂ" ਤੀ ਥਾਵੇਂ ਰੱਖੇ, ਧਾਰਾ 4 ਨੂੰ ਸਰਵ ਉੱਚ ਅਦਾਲਤ ਦੁਆਰਾ, ਮਿਨਰਵਾਂ ਸਿਲਮ ਲਿਮਿਟਿਡ ਅਤੇ ਹੋਰ ਬਨਾਮ ਭਾਰਤੀ ਸੰਘ ਅਤੇ ਹੋਰ (1980) ਧਾਰਾ 2 ਐਸ:ਸੀ:ਸੀ: 591 ਵਿਚ ਨਾਜਾਇਜ਼ ਐਲਾਨ ਕਰ ਦਿੱਤਾ ਗਿਆ ।

[31] ਸੰਵਿਧਾਨ ਦੀ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 8 ਦੁਆਰਾ (20.06.1979 ਤੋਂ ਪ੍ਰਭਾਵੀ) "ਅਨੁਛੇਦ 14, 19 ਅਨੁਛੇਦ 31" ਦੀ ਥਾਵੇਂ ਰੱਖਿਆ ਗਿਆ ।

[32] ਸਰਵਉੱਚ ਨਿਆਲਿਆਂ ਨੇ ਕੇਸ਼ਵਾਨੰਦ ਭਾਰਤੀ ਬਨਾਮ ਕੇਰਲ ਰਾਜ (1973) ਅਨੁਰੂਪ ਐਸ.ਸੀ ਆਰ 1 ਵਿਚ ਮੋਟੇ ਅੱਖਰਾਂ ਵਿਚ ਦਿੱਤੇ ਗਏ ਉਪਬੰਧਨ ਨੂੰ ਨਾਜ਼ਾਇਜ਼ ਘੋਸ਼ਤ ਕੀਤਾ ਗਿਆ ।.

Ministry of Law & Justice

[33]31.ਸ. (ਰਾਸ਼ਟਰ ਵਿਰੋਧੀ ਸਰਗਰਮੀਆਂ ਦੇ ਬਾਰੇ ਵਿਚ ਕਾਨੂੰਨ ਦੀ ਛੋਟ) ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 2 ਦੁਆਰਾ (13.04.1978 ਤੋਂ ਪ੍ਰਭਾਵੀ) ਨਿਰਸਤ।

## ਸੰਵਿਧਾਨਕ ਉਪਚਾਰਾਂ ਦਾ ਅਧਿਕਾਰ

ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਨੂੰ ਨਾਫਜ ਬਣਾਉਣ ਲਈ ਉਪਚਾਰ।

32.(1) ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਂ ਨੂੰ ਨਾਫਜ ਕਰਾਉਣ ਲਈ ਸਰਵ-ਉੱਚ ਅਦਾਲਤ ਨੂੰ ਮੁਨਾਸਬ ਕਾਰਵਾਈਆਂ ਦੁਆਰਾ ਪ੍ਰਚਾਲਤ ਕਰਨ ਦੇ ਅਧਿਕਾਰ ਦੀ ਗਰੰਟੀ ਕੀਤੀ ਜਾਂਦੀ ਹੈ।

(2) ਸਰਵ-ਉੱਚ ਅਦਾਲਤ ਨੂੰ ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾ ਵਿਚੋਂ ਕਿਸੇ ਨੂੰ ਨਾਫਜ ਕਰਾਉਣ ਲਈ ਅਜਿਹੇ ਨਿਦੇਸ਼ ਜਾਂ ਹੁਕਮ ਜਾਂ ਰਿੱਟਾਂ, ਜਿਨ੍ਹਾਂ ਵਿਚ ਹੇਬੀਅਸ ਕੋਰਪਸ, ਮੈਂਡੇਮਸ, ਮਨਾਹੀ, ਕੋ-ਵਾਰੰਟੋ ਅਤੇ ਸਰਸ਼ਿਓਰਾਈ ਦੀ ਪ੍ਰਬਿਰਤੀ ਦੀਆਂ ਰਿੱਟਾਂ ਵੀ ਸ਼ਾਮਲ ਹਨ, ਜੋ ਵੀ ਮੁਨਾਸਬ ਹੋਣ, ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਹੋਵੇਗੀ।

(3) ਸਰਵ-ਉੱਚ ਅਦਾਲਤ ਨੂੰ ਖੰਡ (1) ਅਤੇ (2) ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਸੰਸਦ ਕਾਨੂੰਨ ਦੁਆਰਾ ਕਿਸੇ ਹੋਰ ਅਦਾਲਤ ਨੂੰ ਆਪਣੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਅੰਦਰ ਸਰਵ-ਉੱਚ ਅਦਾਲਤ ਦੁਆਰਾ ਖੰਡ (2) ਦੇ ਅਧੀਨ ਵਰਤੋਂ ਵਿਚ ਲਿਆਂਦੀਆਂ ਜਾਂ ਸਕਣ ਵਾਲੀਆਂ ਸਭ ਸ਼ਕਤੀਆਂ ਜਾਂ ਉਨ੍ਹਾਂ ਵਿਚੋਂ ਕੋਈ ਵਰਤਣ ਦੀ ਸ਼ਕਤੀ ਦੇ ਸਕੇਗੀ।

(4) ਇਸ ਅਨੁਛੇਦ ਦੁਆਰਾ ਗਂਰਟੀ ਕੀਤਾ ਗਿਆ ਅਧਿਕਾਰ ਇਸ ਸੰਵਿਧਾਨ ਦੁਆਰਾ ਹੋਰਵੇਂ ਉਪਬੰਧਤ ਦੇ ਸਿਵਾਏ ਮੁਅੱਤਲ ਨਹੀਂ ਕੀਤਾ ਜਾਵੇਗਾ।

---

[33] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 5 ਦੁਆਰਾ (03.1.1977) ਤੋਂ ਪ੍ਰਭਾਵੀ) ਅੰਤਰ ਸਥਾਪਤ ।



Ministry of Law & Justice

[34]32ੳ. [ਰਾਜ ਕਾਨੂੰਨ ਦੀ ਸੰਵਿਧਾਨ ਜਾਇਜ਼ਤਾ ਤੇ ਅਨੁਛੇਦ 32 ਦੇ ਅਧੀਨ ਕਾਰਵਾਈਆਂ ਵਿਚ ਵਿਚਾਰ ਨਾ ਕੀਤਾ ਜਾਣਾ] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 3 ਦੁਆਰਾ (13.04.1978 ਤੋਂ ਪ੍ਰਭਾਵੀ ਨਿਰਸਤ ।

ਸੰਸਦ ਦੀ ਇਸ ਭਾਗ ਦੁਆਰਾ ਪ੍ਰਦਾਨ ਅਧਿਕਾਰਾਂ ਦਾ ਸੈਨਾ ਆਦਿ ਨੂੰ ਲਾਗੂ ਹੋਣ ਵਿਚ ਰੂਪਭੇਦ ਕਰਨ ਦੀ ਸ਼ਕਤੀ ।

[35][33.ਸੰਸਦ, ਕਾਨੂੰਨ ਦੁਆਰ, ਨਿਰਧਾਰਤ ਕਰ ਸਕੇਗੀ ਕਿ ਇਸ ਭਾਗ ਦੁਆਰਾ ਪ੍ਰਦਾਨ ਅਧਿਕਾਰਾਂ ਵਿਚੋਂ ਕਿਸੇ ਦੇ,-

(ੳ) ਸ਼ਸਤਰਧਾਰੀ ਸੈਨਾ ਦੇ ਮੈਂਬਰਾਂ ਨੂੰ ; ਜਾਂ

(ਅ) ਲੋਕ ਅਮਨ ਕਾਇਮ ਰੱਖਣ ਲਈ ਭਾਰਤੀ ਸੈਨਾਂ ਤੇ ਮੈਂਬਰਾਂ ਨੂੰ; ਜਾਂ

(ੲ) ਗੁਪਤ ਸੂਚਨਾ ਜਾਂ ਪ੍ਰਤਿ ਮੁੱਖ ਸੂਚਨਾ ਦੇ ਪ੍ਰਯੋਜਨਾਂ ਲਈ ਰਾਜ ਦੁਆਰਾ ਸਥਾਪਿਤ ਕਿਸੇ ਬੁਉਰੋ ਜਾਂ ਹੋਰ ਸੰਗਠਨ ਵਿਚ ਨਿਯੋਜਨ ਵਿਅਕਤੀਆਂ ਨੂੰ ; ਜਾਂ

(ਸ) ਖੰਡ (ੳ) ਤੋਂ ਖੰਡ (ੲ) ਵਿਚ ਹਵਾਲਾ ਦਿੱਤੇ ਕਿਸੇ ਸੈਨਾਂ, ਬੁਊਰੋ ਜਾਂ ਸੰਗਠਨ ਦੇ ਪ੍ਰਯੋਜਨਾਂ ਦੇ ਲਈ ਸਥਾਪਿਤ ਦੂਰ ਸੰਚਾਰ ਪ੍ਰਣਾਲੀ ਵਿਚ ਜਾਂ ਉਸ ਦੇ ਤਲੱਕ ਵਿਚ ਨਿਯੋਜਨ ਵਿਅਕਤੀਆਂ ਨੂੰ, ਲਾਗੂ ਹੋਣ ਵਿਚ, ਕਿਸੇ ਵਿਸਤਾਰ ਤੱਕ ਪਾਬੰਦੀ ਲਾਈ ਜਾਵੇਗੀ ਜਾਂ ਉਨ੍ਹਾਂ ਦਾ ਨਿਰਾਕਰਣ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦੇ ਕਰੱਤਵਾਂ ਦੀ ਉਚਿਤ ਪਾਲਣਾ ਅਤੇ ਉਨ੍ਹਾਂ ਵਿਚ ਅਨੁਸਾਸ਼ਨ ਕਾਇਮ ਰਹਿਣਾ ਸੁਨਿਸਚਤ ਹੋ ਸਕੇ ।

ਜਦ ਤੱਕ ਕਿਸੇ ਖੇਤਰ ਵਿਚ ਸੈਨਿਕ ਕਾਨੂੰਨ ਨਾਫਜ ਹੋਵੇ

34. ਇਸ ਭਾਗ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਕਾਨੂੰਨ ਦੁਆਰਾ ਸੰਘ ਜਾਂ ਕਿਸੇ ਰਾਜ ਦੀ ਸੇਵਾ ਵਿਚਲੇ ਕਿਸੇ ਵਿਅਕਤੀ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਕਿਸੇ ਅਜਿਹੇ ਕਾਜ ਕਾਰਬਾਰੇ ਨਿਸਤਾਰਾ ਦੇ ਸਕੇਗੀ ਜੋ ਉਸ ਨੇ ਭਾਰਤ ਰਾਜਖੇਤਰ ਦੇ

[34] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 6 ਦੁਆਰਾ 01.02.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[35] ਸੰਵਿਧਾਨ (ਪੰਜਾਹਵੀਂ ਸੋਧ) ਐਕਟ, 1984 ਦੀ ਧਾਰਾ 2 ਦੁਆਰਾ ਅਨੁਛੇਦ 33 ਦੇ ਸਥਾਨ ਰੱਖਿਆ ਗਿਆ ।



Ministry of Law & Justice

ਇਸ ਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਤੇ ਪਾਬੰਦੀ।

ਅੰਦਰ ਕਿਸੇ ਅਜਿਹੇ ਖੇਤਰ ਵਿਚ ਜਿੱਥੇ ਸੈਨਿਕ ਕਾਨੂੰਨ ਨਾਫਜ ਸੀ, ਅਮਨ ਦੇ ਕਾਇਮ ਰੱਖਣ ਜਾਂ ਮੁੜ-ਸਥਾਪਣ ਦੇ ਤਲੱਕ ਵਿਚ ਕੀਤਾ ਹੋਵੇ ਜਾਂ ਅਜਿਹੇ ਖੇਤਰ ਵਿਚ ਸੈਨਿਕ ਕਾਨੂੰਨ ਦੇ ਅਧੀਨ ਕਿਸੇ ਦਿੱਤੇ ਗਏ ਦੰਡ-ਹੁਕਮ, ਲਈ ਗਈ ਸਜ਼ਾ, ਹੁਕਮ ਕੀਤੀ ਗਈ ਜਬਤੀ, ਜਾਂ ਕੀਤੇ ਗਏ ਹੋਰ ਕਾਜ ਕਾਰਨੂੰ ਜਾਇਜ ਕਰ ਸਕੇਗੀ।

ਇਸ ਭਾਗ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਕਾਨੂੰਨ।

35. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,--

(ੳ) ਸੰਸਦ ਨੂੰ ਸ਼ਕਤੀ ਪ੍ਰਾਪਤ ਹੋਵੇਗੀ ਅਤੇ ਰਾਜ ਦੇ ਵਿਧਾਨ-ਮੰਡਲ ਨੂੰ ਪ੍ਰਾਪਤ ਨਹੀਂ ਹੋਵੇਗੀ, ਕਿ ਉਹ–

(i) ਜਿਨ੍ਹਾਂ ਮਾਮਲਿਆਂ ਲਈ ਅਨੁਛੇਦ 16 ਦੇ ਖੰਡ (3), ਅਨੁਛੇਦ 32 ਦੇ ਖੰਡ (3), ਅਨੁਛੇਦ 33 ਅਤੇ ਅਨੁਛੇਦ 34 ਦੇ ਅਧੀਨ ਸਸੰਦ ਕਾਨੂੰਨ ਦੁਆਰਾ ਉਪਬੰਧ ਕਰ ਸਕੇਗੀ, ਉਨ੍ਹਾਂ ਵਿਚੋਂ ਕਿਸੇ ਬਾਰੇ ;ਅਤੇ

(ii) ਜਿਨ੍ਹਾਂ ਕਾਰਜਾਂ ਦਾ ਇਸ ਭਾਗ ਅਧੀਨ ਅਪਰਾਧ ਹੋਣਾ ਐਲਾਨਿਆਂ ਗਿਆ ਹੈ ਉਨ੍ਹਾਂ ਲਈ ਸਜ਼ਾ ਮੁਕੱਰਰ ਕਰਨ ਲਈ; ਕਾਨੂੰਨ ਬਣਾਵੇ ਅਤੇ ਸੰਸਦ, ਇਸ ਸੰਵਿਧਾਨ ਦੇ ਅਰੰਭ ਪਿੱਛੋ, ਜਿੰਨੀ ਛੇਤੀ ਹੋ ਸਕੇ, ਅਜਿਹੇ ਕਾਰਜਾਂ ਲਈ ਜਿਨ੍ਹਾਂ ਦਾ ਉਪ-ਖੰਡ (ii) ਵਿਚ ਹਵਾਲਾ ਦਿੱਤਾ ਗਿਆ ਹੈ, ਸਜ਼ਾ ਮੁਕੱਰਰ ਕਰਨ ਲਈ ਕਾਨੂੰਨ ਬਣਾਵੇਗੀ ;

(ਅ) ਖੰਡ (ਉ) ਦੇ ਉਪ-ਖੰਡ (i) ਵਿਚ ਹਵਾਲਾ ਦਿੱਤੇ ਮਾਮਲਿਆਂ ਵਿਚੋਂ ਕਿਸੇ ਬਾਰੇ, ਜਾਂ ਉਸ ਖੰਡ ਦੇ ਉਪ-ਖੰਡ (ii) ਵਿਚ ਹਵਾਲਾ ਦਿੱਤੇ ਕਿਸੇ ਕਾਜ ਕਾਰਲਈ ਸਜ਼ਾ ਦਾ ਉਪਬੰਧ ਕਰਨ ਵਾਲਾ ਕੋਈ ਕਾਂਨੂਨ ਜੋ ਭਾਰਤ ਰਾਜਖੇਤਰ ਵਿਚ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਨਾਫਜ ਸੀ, ਉਸ ਦੇ ਅਤੇ ਉਨ੍ਹਾਂ ਕਿਸੇ ਅਨੁਕੂਲਣਾਂ ਅਤੇ ਰੂਪਭੇਦਾਂ ਦੇ, ਜੋ ਉਸ ਵਿਚ ਅਨੁਛੇਦ 372 ਦੇ ਅਧੀਨ ਕੀਤੇ ਜਾਣ, ਤਾਬੇ ਨਾਫਜ ਰਹੇਗਾ ਜਦ ਤੱਕ ਸੰਸਦ ਦੁਆਰਾ ਬਦਲਿਆ ਜਾਂ ਨਿਰਸਤ ਕੀਤਾ ਜਾਂ

Ministry of Law & Justice

ਸੋਧਿਆ ਨ ਜਾਵੇ ।

ਵਿਆਖਿਆ.–ਇਸ ਅਨੁਛੇਦ ਵਿਚ ਪਦ "ਨਾਫਜ ਕਾਨੂੰਨ" ਦਾ ਉਹੀ ਅਰਥ ਹੈ, ਜੋ ਅਨੁਛੇਦ 372 ਵਿਚ ਹੈ ।[36]

Ministry of Law & Justice

---

[36] " 35 ਓ. ਸਥਾਈ ਨਿਵਾਸੀਆਂ ਅਤੇ ਉਨ੍ਹਾਂ ਦੇ ਅਧਿਕਾਰਂ ਬਾਰੇ ਕਾਨੂੰਨਾਂ ਦਾ ਬਚਾਓ- ਇਸ ਸੰਵਿਧਾਨ ਵਿਚ ਕਿਸੇ ਗੱਲਦੇ ਹੁੰਦਿਆਂ ਹੋਇਆਂ ਵੀ,

(ਉ) ਉਨ੍ਹਾਂ ਵਿਅਕਤੀਆਂ ਦੇ ਵਰਗਾਂ ਨੂੰ ਪਰਿਭਾਸ਼ਤ ਕਰਦਾ, ਜੋ ਜੰਮੂ ਅਤੇ ਕਸ਼ਮੀਰ ਰਾਜ ਦੇ ਸਥਾਈ ਨਿਵਾਸੀ ਹਨ, ਜਾਂ ਹੋਣਗੇ ; ਜਾਂ

(ਅ) (i) ਰਜਾ ਸਰਕਾਰ ਦੇ ਅਧੀਨ ਰੋਜਗਾਰ;

(ii) ਰਾਜ ਵਿਚ ਅਚੁੱਕਵੀਂ ਸੰਪੱਤੀ ਦੇ ਅਰਜਨ;

(iii) ਰਾਜ ਵਿਚ ਵਾਸ ; ਜਾਂ

(iv) ਵਜੀਫਿਆਂ ਅਤੇ ਸਹਾਇਤਾ ਦੇ ਅਜਿਹੇ ਹੋਰ ਰੂਪਾਂ, ਜਿਹੀਆਂ ਦਾ ਰਾਜ ਸਰਕਾਰ ਪ੍ਰਬੰਦ ਕਰੇ, ਦੇ ਅਧਿਕਾਰ,

ਬਾਰੇ ਅਜਿਹੇ ਸਥਾਈ ਨਿਵਾਸੀਆਂ ਨੂੰ ਕੋਈ ਉਚੇਚੇ ਅਧਿਕਾਰ ਜਾਂ ਵਿਸ਼ੇਸ਼-ਅਧਿਕਾਰ ਪ੍ਰਦਾਨ ਕਰਦਾ ਜਾਂ ਹੋਰ ਵਿਅਕਤੀਆਂ ਤੇ ਕੋਈ ਪਾਬੰਦੀਆਂ ਲਾਉਂਦਾ,

ਜੰਮੂ ਅਤੇ ਕਸ਼ਮੀਰ ਰਾਜ ਵਿਚ ਨਾਫਜ ਕੋਈ ਮੈਜੂਦਾ ਕਾਨੂੰਨ ਰਾਜ ਦੇ ਵਿਧਾਨ-ਮੰਡਲ ਦੁਆਰਾ ਇਸ ਪਿੱਛੋਂ , ਐਕਟ ਬਣਾਇਆ ਕੋਈ ਕਾਨੂੰਨ ਇਸ ਆਧਾਰ ਤੇ ਸੁੰਨ ਨਹੀਂ ਹੋਵੇਗੀ ਕੁ ਉਹ ਭਾਰਤ ਦੇ ਹੋਰ ਨਾਗਰਿਕਾਂ ਨੂੰ ਇਸ ਭਾਗਦਿ ਕਿਸੇ ਉਪਬੰਧ ਦੁਆਰਾ ਪ੍ਰਦਾਨ ਕੀਤੇ ਗਏ ਕਿਸੇ ਅਧਿਕਾਰਂ ਨਾਲ ਅਸੰਗਤ ਹੈ ਜਾਂ ਉਨ੍ਹਾਂ ਨੂੰ ਖੋਹਦਾ ਜਾਂ ਸੰਕੁਚਦਾ ਹੈ । "

## ਭਾਗ IV

## ਰਾਜ ਦੀ ਨੀਤੀ ਦੇ ਨਿਦੇਸ਼ਕ ਸਿਧਾਂਤ

ਪਰਿਭਾਸ਼ਾ।

36. ਇਸ ਭਾਗ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇ ਲੋੜੀਂਦਾ ਨ ਹੋਵੇ, ਰਾਜ ਦਾ ਉਹ ਅਰਥ ਹੈ ਜੋ ਭਾਗ III ਵਿਚ ਹੈ।

ਇਸ ਭਾਗ ਵਿਚਲੇ ਸਿਧਾਂਤਾਂ ਦਾ ਲਾਗੂ ਹੋਣਾ।

37. ਇਸ ਭਾਗ ਵਿਚਲੇ ਉਪਬੰਧ ਕਿਸੇ ਅਦਾਲਤ ਦੁਆਰਾ ਨਾਫਜ ਨਹੀਂ ਕਰਵਾਏ ਜਾ ਸਕਣਗੇ, ਪਰ ਤਾਂ ਵੀ ਇਨ੍ਹਾਂ ਵਿਚ ਦਿਤੇ ਗਏ ਸਿਧਾਂਤ ਦੇਸ਼ ਦੇ ਸ਼ਾਸਨ ਵਿਚ ਮੂਲਿਕ ਹਨ, ਅਤੇ ਰਾਜ ਦਾ ਕਰਤੱਵ ਹੋਵੇਗਾ ਕਿ ਕਾਨੂੰਨ ਬਣਾਉਣ ਵਿਚ ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰੇ।

ਰਾਜ ਦਾ ਲੋਕ ਭਲਾਈ ਦੀ ਤਰੱਕੀ ਲਈ ਸਮਾਜਕ ਵਿਵਸਥਾ ਪ੍ਰਾਪਤ ਕਰਾਉਣਾ।

**38**[1]**.[(1)]** ਰਾਜ ਇਕ ਅਜਿਹੀ ਸਮਾਜਕ ਵਿਵਸਥਾ ਦਾ, ਜਿਸ ਵਿਚ ਸਮਾਜਕ, ਆਰਥਕ ਅਤੇ ਰਾਜਨੀਤੱਕ ਨਿਆਂ ਕੌਮੀ ਜੀਵਨ ਦੀਆਂ ਸਭਨਾ ਸੰਸਥਾਵਾਂ ਵਿਚ ਰਚਿਆ ਹੋਵੇ, ਪ੍ਰਭਾਵਕ ਤੌਰ ਤੇ, ਜਿਨ੍ਹਾਂ ਵੀ ਉਹ ਕਰ ਸਕੇ, ਦੀ ਸਥਾਪਨਾ ਅਤੇ ਹਿਫ਼ਾਜ਼ਤ ਕਰਕੇ ਲੋਕ ਭਲਾਈ ਦੀ ਤਰੱਕੀ ਲਈ ਯਤਨ ਕਰੇਗਾ।

[2][(2) ਰਾਜ, ਖ਼ਾਸ ਤੌਰ ਤੇ, ਸਧਾਰਨਦਨ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਦਾ ਯਤਨ ਕਰੇਗਾ ਅਤੇ ਨਾ ਕੇਵਲ ਵਿਅਕਤੀਆਂ ਵਿਚਕਾਰ ਬਲਕਿ ਭਿੰਨ ਖੇਤਰਾਂ ਵਿਚ ਰਹਿਣ ਵਾਲੇ ਅਤੇ ਭਿੰਨ ਭਿੰਨ ਕਿਤਿੱਆਂ ਵਿਚ ਲੱਗੇ ਹੋਏ ਲੋਕਾਂ ਦੇ ਸਮੂਹਾਂ ਦੇ ਵਿਚਕਾਰ ਵੀ ਰੁਤਵਾ, ਸੁਵਿਧਾਵਾਂ ਅਤੇ ਮੌਕਿਆ ਦੀ ਅਸਮਾਨਤਾਵਾਂ ਖਤਮ ਕਰਨ ਦਾ ਯਤਨ ਕਰੇਗਾ ।]

ਰਾਜ ਦੁਆਰਾ ਪੈਰਵੀ ਕੀਤੇ ਜਾਣ ਵਾਲੇ ਕੁਝ

39. ਰਾਜ ਆਪਣੀ ਨੀਤੀ, ਖਾਸ ਕਰਕੇ, ਇਹ ਸੁਨਿਸਚਿਤ ਕਰਾਉਣ ਲਈ ਚਲਾਵੇਗਾ ਕਿ–

---

[1] ਸੰਵਿਧਾਨ (ਚੋਤਾਲਵੀਂ ਸੋਧ) ਐਕਟ, 1978 ਦੀ ਧਾਰਾ 9 ਦੁਆਰਾ (20.6.1979 ਤੋਂ ਪ੍ਰਭਾਵੀ) ਅਨੁਛੇਦ 38 ਨੂੰ ਉਸਦੇ ਖੰਡ (1) ਦੇ ਰੂਪ ਵਿਚ ਮੁੜਅੰਕਾਰਿਤ ਕੀਤਾ ਗਿਆ।

[2] ਸੰਵਿਧਾਨ (ਚੋਤਾਲਵੀਂ ਸੋਧ) ਐਕਟ, 1978 ਦੀ ਧਾਰਾ 9 ਦੁਆਰਾ (20.6.1979 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

ਕੁ ਨੀਤੀ ਦੇ ਸਿਧਾਂਤ। (ੳ) ਸਭਨਾਂ ਨਾਗਰਿਕਾਂ ਨੂੰ, ਪੁਰਖਾਂ ਅਤੇ ਇਸਤਰੀਆਂ ਨੂੰ ਸਮਾਨ ਤੌਰ ਤੇ, ਜੀਵਕਾ ਦੇ ਚੋਖੇ ਸਾਧਨ ਪ੍ਰਾਪਤ ਕਰਨ ਦਾ ਅਧਿਕਾਰ ਹੋਵੇ;

(ਅ) ਸਮਾਜ ਦੇ ਪਦਾਰਥਕ ਵਸੀਲਿਆਂ ਦੀ ਮਾਲਕੀ ਅਤੇ ਨਿਯੰਤਰਨ ਇਸ ਤਰ੍ਹਾਂ ਵੰਡਿਆ ਹੋਵੇ ਕਿ ਉਸ ਨਾਲ ਵੱਧ ਤੋਂ ਵੱਧ ਸਾਂਝੀ ਭਲਾਈ ਹੋਵੇ;

(ਇ) ਆਰਥਕ ਪ੍ਰਬੰਧ ਇਸ ਤਰ੍ਹਾਂ ਚਲੇ, ਕਿ ਉਸ ਨਾਲ ਦੌਲਤ ਅਤੇ ਉਤਪਾਦਨ ਦੇ ਸਾਧਨਾਂ ਦਾ ਸਰਬ-ਸਾਧਾਰਣ ਲਈ ਹਾਨੀਕਾਰਕ ਕੇਂਦਰਣ ਨ ਹੋਵੇ;

(ਸ) ਪੁਰਖਾਂ ਅਤੇ ਇਸਤਰੀਆਂ ਦੋਹਾਂ ਦਾ ਸਮਾਨ ਕੰਮ ਲਈ ਸਮਾਨ ਵੇਤਨ ਹੋਵੇ ;

(ਹ) ਕਾਮਿਆਂ, ਪੁਰਖਾਂ ਅਤੇ ਇਸਤਰੀਆਂ ਦੀ ਸਿਹਤ ਅਤੇ ਤਾਕਤ ਅਤੇ ਬੱਚਿਆਂ ਦੀ ਨਰਮ ਉਮਰ ਦੀ ਦੁਰਵਰਤੋਂ ਨ ਹੋਵੇ ਅਤੇ ਨਾਗਰਿਕਾਂ ਨੂੰ ਆਰਥਕ ਜਰੂਰਤ ਤੋਂ ਬੇਬਸ ਹੋ ਕੇ ਅਜਿਹੇ ਰੋਜਗਾਰਾਂ ਵਿਚ ਨ ਜਾਣਾ ਪਵੇ, ਜੋ ਉਨ੍ਹਾਂ ਦੀ ਉਮਰ ਜਾਂ ਤਾਕਤ ਤੇ ਅਨੁਕੂਲ ਨ ਹੋਣ ;

[3](ਕ) ਬੱਚਿਆਂ ਨੂੰ ਸੁਤੰਤਰ ਅਤੇ ਗੌਰਵ ਵਾਤਾਵਰਣ ਵਿਚ ਸਵਸਥ ਤਰੀਕੇ ਨਾਲ ਵਿਕਾਸ ਦੇ ਮੌਕੇ ਸਹੂਲਤਾਂ ਦਿੱਤੀਆਂ ਜਾਣ ਅਤੇ ਬੱਚਿਆਂ ਅਤੇ ਨੌਜਵਾਨਾਂ ਦੀ ਸ਼ੋਸ਼ਣ ਤੇ ਅਤੇ ਸਦਾਚਾਰਕ ਅਤੇ ਪਦਾਰਥਕ ਤੱਜਣ ਤੋਂ ਹਿਫਾਜ਼ਤ ਹੋਵੇ।

ਸਮਾਨ ਨਿਆਂ ਅਤੇ ਮੁਫ਼ਤ [4]39 ੳ. ਰਾਜ, ਇਹ ਸੁਨਿਸਚਤ ਕਰੇਗਾ ਕਿ ਕਾਨੂੰਨੀ ਪ੍ਰਣਾਲੀ ਦਾ ਅਮਲ ਸਮਾਨ ਮੌਕੇ ਦੇ ਅਧਾਰ ਤੇ ਨਿਆਂ ਬੜ੍ਹਾਵਾ ਅਤੇ ਉਹ, ਖ਼ਾਸ ਤੌਰ ਤੇ, ਇਹ

---

[3] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 7 ਦੁਆਰਾ (03-1.1977 ਤੋਂ ਪ੍ਰਭਾਵੀ)ਖੰਡ (ਕ) ਦੀ ਥਾਵੇਂ ਰੱਖਿਆ ਗਿਆ ।

[4] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 8 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ ।

**ਕਾਨੂੰਨੀ ਸਹਾਇਤਾ।**

ਸੁਨਿਸਚਤ ਕਰਨ ਲਈ ਕਿ ਆਰਥਿਕ ਜਾਂ ਕਿਸੇ ਹੋਰ ਨਿਰਯੋਗਤਾ ਦੇ ਕਾਰਣ ਕਿਸੇ ਨਾਗਰਿਕ ਨੂੰ ਵਾਂਝਿਆ ਨਾ ਕੀਤਾ ਜਾਵੇ, ਢਕਵੇਂ ਵਿਧਾਨ ਜਾਂ ਸਕੀਮ ਦੁਆਰਾ ਜਾਂ ਕਿਸੇ ਹੋਰ ਤਰੀਕੇ ਨਾਲ ਮੁਫ਼ਤ ਕਾਨੂੰਨੀ ਸਹਾਇਤਾ ਦਾ ਉਪਬੰਧ ਕਰੇਗਾ।

**ਪਿੰਡ-ਪੰਚਾਇਤਾਂ ਦਾ ਸੰਗਠਨ।**

40. ਰਾਜ ਪਿੰਡ ਪੰਚਾਇਤਾ ਸੰਗਠਤ ਕਰਨ ਲਈ ਕਦਮ ਚੁਕੇਗਾ ਅਤੇ ਉਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਸੱਤਾ ਪ੍ਰਦਾਨ ਕਰੇਗਾ ਜੋ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ ਇਕਾਈਆਂ ਵਜੋਂ  ਕਾਰਜਕਰਨ ਲਈ ਸਮਰੱਥ ਬਣਾਉਣ ਲਈ ਜਰੂਰੀ ਹੋਣ।

**ਕੋਮ, ਸਿੱਖਿਆ ਅਤੇ ਕੁਝਕੁ ਸੂਰਤਾਂ ਵਿਚ ਲੋਕ ਸਹਾਇਤਾ ਪਾਉਣ ਦਾ ਅਧਿਕਾਰ।**

41. ਰਾਜ ਆਪਣੀ ਆਰਥਕ ਸਮਰਥਾ ਅਤੇ ਵਿਕਾਸ ਦੀਆਂ ਸੀਮਾਵਾਂ ਅੰਦਰ ਕੰਮ ਪ੍ਰਾਪਤ ਕਰਨ ਦੇ, ਸਿਖਿਆ ਪ੍ਰਾਪਤ ਕਰਨ ਦੇ, ਅਤੇ ਬੇਰੋਜਗਾਰੀ, ਬੁਢਾਪਾ, ਬੀਮਾਰੀ ਅਤੇ ਨਕਾਰਗੀ ਅਤੇ ਹੋਰ ਅਣਹੱਕੀ ਥੁੜ ਦੀਆਂ ਸੂਰਤਾਂ ਵਿਚ ਲੋਕ ਸਹਾਇਤਾ ਪ੍ਰਾਪਤੱਕਰਨ ਦੇ ਅਧਿਕਾਰ ਨੂੰ ਸੁਨਿਸਚਿਤ ਕਰਾਉਣ ਦਾ ਪ੍ਰਭਾਵਕ ਉਪਬੰਧ ਕਰੇਗਾ।

**ਕੰਮ ਦੀਆਂ ਨਿਆਂਪੂਰਣ ਅਤੇ ਮਨੁੱਖ-ਉਚਿਤ ਹਾਲਤਾਂ ਦਾ ਅਤੇ ਜਣੇਪਾ ਸਹਾਇਤਾ ਦਾ ਉਪਬੰਧ।**

42. ਰਾਜ ਕੰਮ ਦੀਆਂ ਨਿਆਂਪੂਰਣ ਅਤੇ ਮਨੁੱਖ-ਉਚਿਤ ਹਾਲਾਤਾਂ ਨੂੰ ਸੁਨਿਸਚਿਤ ਕਰਾਉਣ ਲਈ ਅਤੇ ਜਣੇਪਾ ਸਹਾਇਤਾ ਲਈ ਉਪਬੰਧ ਕਰੇਗਾ।

**ਕਾਮਿਆਂ ਲਈ ਨਿਰਬਾਹ-ਮਜਦੂਰੀ ਆਦਿ।**

43. ਰਾਜ, ਢੁਕਵੇਂ ਵਿਧਾਨ ਜਾਂ ਆਰਥਕ ਸੰਗਠਨ ਦੁਆਰਾ ਜਾਂ ਕਿਸੇ ਹੋਰ ਤਰ੍ਹਾਂ ਨਾਲ, ਖੇਤੀ ਦੇ, ਉਦਯੋਗ ਦੇ ਜਾਂ ਹੋਰ ਤਰ੍ਹਾਂ ਦੇ ਸਭ ਕਾਮਿਆਂ ਨੂੰ ਕੰਮ, ਨਿਰਬਾਹ-ਮਜਦੂਰੀ, ਸੁਚੱਜਾ ਜੀਵਨ-ਮਿਆਰ ਅਤੇ ਵਿਹਲ ਦੇ ਸੰਪੂਰਨ ਮਾਣਨ ਨੂੰ ਸੁਨਿਸਚਿਤ ਕਰਨ ਵਾਲੀਆਂ ਕੰਮ ਦੀਆਂ ਹਾਲਤਾਂ ਅਤੇ ਸਮਾਜਕ ਅਤੇ ਸਭਿਆਚਾਰਕ ਅਵਸਰ ਪ੍ਰਾਪਤ ਕਰਾਉਣ ਦਾ ਯਤਨ

Ministry of Law & Justice

ਕਰੇਗਾ, ਅਤੇ ਖਾਸ ਕਰਕੇ, ਰਾਜ ਪਿੰਡ -ਖੇਤਰ ਵਿਚ ਘਰੇਲੂ ਉਪਦੋਗਾਂ ਨੂੰ ਵਿਅਕਤੀਗਤ ਜਾਂ ਸਹਿਕਾਰੀ ਆਧਾਰ ਦੇ ਤਰੱਕੀ ਦੇਣ ਦਾ ਯਤਨ ਕਰੇਗਾ ।

**ਉਪਯੋਗਿਕ ਪ੍ਰਬੰਧ ਵਿਚ ਕਾਮਿਆਂ ਦਾ ਭਾਗ ਲੈਣਾ ।**

[5]43.ੳ ਰਾਜ, ਕਿਸੇ ਉਦਯੋਗ ਵਿਚ ਲੱਗੇ ਹੋਏ ਉਪਕ੍ਰਮਾਂ, ਸਥਾਪਨਾਵਾਂ ਜਾਂ ਹੋਰ ਸੰਗਠਨਾਂ ਦੇ ਪ੍ਰਬੰਧ ਵਿਚ ਕਾਮਿਆਂ ਦਾ ਭਾਗ ਲੈਣਾ ਸੁਨਿਸਚਤ ਕਰਨ ਲਈ ਢੁਕਵੇਂ ਵਿਧਾਨ ਦੁਆਰਾ ਜਾਂ ਕਿਸੇ ਹੋਰ ਤਰੀਕੇ ਨਾਲ ਕਦਮ ਉਠਾਏਗਾ ।

**ਸਹਿਕਾਰੀ ਸੋਸਾਇਟੀਆਂ ਨੂੰ ਵਧਾਵਾ ਦੇਣਾ ।**

[6]43. ਅ ਰਾਜ, ਸਹਿਕਾਰੀ ਸੋਸਾਇਟੀਆਂ ਦੀ ਸਵੈਇੱਛਕ ਰਚਨਾ, ਉਨ੍ਹਾਂ ਦੇ ਖ਼ੁਦਮੁਖ਼ਤਾਰ ਕਾਜਕਾਰ, ਲੋਕਤੰਤਰੀ ਨਿਯੰਤਰਨ ਅਤੇ ਪੇਸ਼ਾਵਰਾਨਾ ਪ੍ਰਬੰਧ ਨੂੰ ਬੜ੍ਹਾਵਾ ਦੇਣ ਦਾ ਯਤਨ ਕਰੇਗਾ ।

**ਨਾਗਰਿਕਾਂ ਲਈ ਇਕਸਾਰ ਦੀਵਾਨੀ ਸੰਘਤਾ ।**

44. ਰਾਜ ਭਾਰਤ ਦੇ ਕੁਲ ਰਾਜਖੇਤਰ ਭਰ ਵਿਚ ਨਾਗਰਿਕਾਂ ਲਈ ਇਕਸਾਰ ਦੀਵਾਨੀ ਸੰਘਤਾ ਪ੍ਰਾਪਤ ਕਰਾਉਣ ਦਾ ਯਤਨ ਕਰੇਗਾ ।

**ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ ਮੁਢੱਲੀ ਬਾਲ ਅਵਸਥਾ ਦੀ ਦੇਖਰੇਖ ਅਤੇ ਸਿਖਿਆ ਲਈ ਉਪਬੰਧ ।**

[7]45 ਰਾਜ ਸਭ ਬੱਚਿਆਂ ਦੇ ਲਈ ਛੇ ਸਾਲ ਦੀ ਉਮਰ ਪੂਰੀ ਕਰਨ ਤੱਕ, ਮੁਢੱਲੀ ਬਾਲ ਅਵਸਥਾ ਦੀ ਦੇਖ ਰੇਖ ਅਤੇ ਸਿੱਖਿਆ ਦੇਣ ਦੇ ਲਈ ਉਪਬੰਧ ਕਰਨ ਦਾ ਯਤਨ ਕਰੇਗਾ ।

**ਅਨੁਸੂਚਿਤ ਜਾਤਾਂ ,**

46. ਰਾਜ ਲੋਕਾਂ ਦੇ ਕਮਜੋਰ ਅਨੁਭਾਗਾਂ ਦੇ ਅਤੇ, ਖਾਸ ਕਰਕੇ ਅਨੁਸੂਚੀ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੇ, ਸਿਖਿਅਕ ਅਤੇ ਆਰਥਕ ਹਿਤਾਂ

---

[5] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 9 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[6] ਸੰਵਿਧਾਨ ( ਸਤਾਨਵੇਂ ਸੋਧ) ਐਕਟ, 2011 ਦੀ ਧਾਰਾ 3 ਦੁਆਰਾ (15.02.2012 ਤੋਂ) ਅੰਤਰਸਥਾਪਤ ।

[7] ਸੰਵਿਧਾਨ ( ਛਿਆਸਵੀਂ ਸੋਧ) ਐਕਟ, 2002 ਦੀ ਧਾਰਾ 3 ਦੁਆਰਾ (01.04.2010 ਤੋਂ ਪ੍ਰਭਾਵੀ) ਦੀ ਥਾਵੇਂ ਰੱਖਿਆ ਗਿਆ ।

Ministry of Law & Justice

**ਅਨੁਸੂਚਿਤ ਕਬੀਲਿਆਂ ਅਤੇ ਹੋਰ ਕਮਜੋਰ ਅਨੁਭਾਗਾਂ ਦੇ ਸਿਖਿਅਕ ਅਤੇ ਆਰਥਕ ਹਿਤਾਂ ਦੀ ਤਰੱਕੀ।**

ਦੇ ਵਿਸ਼ੇਸ਼ ਸਾਵਧਾਨੀ ਨਾਲ ਤਰੱਕੀ ਕਰੇਗਾ ਅਤੇ ਉਨ੍ਹਾਂ ਦੀ ਸਮਾਜਕ ਅਨਿਆਂ ਅਤੇ ਸਭ ਕਿਸਮ ਦੇ ਸ਼ੋਸ਼ਣ ਤੋਂ ਹਿਫਾਜ਼ਤ ਕਰੇਗਾ।

**ਰਾਜ ਦਾ ਅਹਾਰ-ਪੂਸ਼ਟੀ ਦੇ ਪੱਧਰ ਅਤੇ ਜੀਵਨ-ਮਿਆਰ ਨੂੰ ਉਚਿਆਂ ਕਰਨ ਅਤੇ ਲੋਕ ਸਿਹਤ ਦਾ ਸੁਧਾਰ ਕਰਨ ਦਾ ਕਰਤੱਵ।**

47. ਰਾਜ ਆਪਣੇ ਲੋਕਾਂ ਦੇ ਅਹਾਰਪੂਸ਼ਟੀ ਦੇ ਪੱਧਰ ਅਤੇ ਜੀਵਨ-ਮਿਆਰ ਨੂੰ ਉਚਿਆਂ ਕਰਨ ਅਤੇ ਲੋਕ ਸਿਹਤ ਦੇ ਸੁਧਾਰ ਦਾ ਆਪਣੇ ਮੁਢਲੇ ਕਰਤੱਵਾਂ ਵਿਚ ਹੋਣਾ ਮੰਨੇਗਾ ਅਤੇ, ਖਾਸ ਕਰਕੇ, ਰਾਜ ਨਸ਼ੀਲੀਆਂ ਪੀਣ ਵਾਲੀਆਂ ਚੀਜਾਂ ਅਤੇ ਸਿਹਤ ਲਈ ਹਾਨੀਕਾਰਕ ਭੇਖਜਾਂ ਦੀ ਖਪਤ, ਸਿਵਾਏ ਔਸ਼ਧਿਕ ਪ੍ਰਯੋਜਨਾਂ ਦੇ, ਮਨ੍ਹਾਂ ਕਰਨ ਦਾ ਯਤਨ ਕਰੇਗਾ।

**ਖੇਤੀ ਅਤੇ ਪਸ਼ੂ-ਪਾਲਣ ਦਾ ਸੰਗਠਨ।**

48. ਰਾਜ ਖੇਤੀ ਅਤੇ ਪਸ਼ੂ-ਪਾਲਣ ਨੂੰ ਆਧੁਨਿਕ ਅਤੇ ਵਿਗਿਆਨਕ ਲੀਹਾਂ ਤੇ ਸੰਗਠਤ ਕਰਨ ਦਾ ਯਤਨ ਕਰੇਗਾ, ਖਾਸ ਕਰਕੇ, ਗਊਆਂ ਅਤੇ ਵੱਛਿਆਂ ਅਤੇ ਹੋਰ ਦੋਧਲ ਅਤੇ ਢੁਆਈ ਵਾਲੇ ਡੰਗਰਾਂ ਦੀਆਂ ਨਸਲਾਂ ਦੇ ਕਾਇਮ ਰੱਖਣ ਅਤੇ ਸੁਧਾਰ ਲਈ, ਅਤੇ ਉਨ੍ਹਾਂ ਦੀ ਹੱਤਿਆ ਕਰਨ ਦੀ ਮਨਾਹੀ ਕਰਨ ਲਈ ਕਦਮ ਚੁੱਕੇਗਾ ।

**ਵਾਤਾਵਰਣ ਦੀ ਹਿਫ਼ਾਜ਼ਤ ਤੇ ਬਿਹਤਰੀ ਅਤੇ ਵਣ ਤੇ ਵਣ ਜੀਵਾਂ ਦੀ ਸੁਰੱਖਿਆ।**

[8][48 (ੳ). ਰਾਜ ਦੇਸ਼ ਦੇ ਵਾਤਾਵਰਣ ਦੀ ਹਿਫ਼ਾਜ਼ਤ ਅਤੇ ਬਿਹਤਰੀ ਦਾ ਅਤੇ ਵਣ ਅਤੇ ਵਣ ਜੀਵਾਂ ਦੀ ਸੁਰੱਖਿਆ ਕਰਨ ਦਾ ਉੱਦਮ ਕਰੇਗਾ।

[8] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 10 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰ ਸਥਾਪਨਾ।

Ministry of Law & Justice

**ਕੌਮੀ ਮਹੱਤਤਾ ਦੀਆਂ ਯਾਦਗਾਰਾਂ ਅਤੇ ਸਥਾਨਾਂ ਅਤੇ ਚੀਜਾਂ ਦੀ ਹਿਫਾਜ਼ਤ ।**

49 [9][ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂਦੇ ਅਧੀਨ ਕੌਮੀ ਮਹੱਤਤਾ ਦੀ ਹੋਣੀ ਐਲਾਨ ਲਈ] ਕਲਾਤਮਕ ਜਾਂ ਇਤਿਹਾਸਿਕ ਦਿਲਚਸਪੀ ਵਾਲੀ ਰਹੇਕ ਯਾਦ-ਗਾਰ ਜਾਂ ਸਥਾਨ ਜਾਂ ਚੀਜ ਦੇ ਲੁੱਟਣ ਖੁੱਟਣ, ਰੂਪ-ਵਿਗਾੜਨ, ਨਾਸ਼ ਕਰਨ, ਚੁੱਕ ਖੜਨ, ਨਿਬੇੜਨ ਜਾਂ ਬਰਾਮਦ ਕਰਨ ਤੋਂ, ਜਿਹੀ ਕਿ ਸੂਰਤ ਹੋਵੇ, ਹਿਫਾਜ਼ਤ ਕਰਨੀ ਰਾਜ ਦੀ ਬਾਂਧ ਹੋਵੇਗੀ ।

**ਕਾਰਜਪਾਲਕਾ ਨਾਲੋਂ ਨਿਆਂ-ਪਾਲਾਕਾ ਦਾ ਵਖਰਾਓ ।**

50. ਰਾਜ, ਰਾਜ ਦੀਆਂ ਲੋਕ ਸੇਵਾਵਾਂ ਵਿਚ ਨਿਆਂਪਾਲਕਾ ਨੂੰ ਕਾਰਜਪਾਲਕਾ ਨਾਲੋਂ ਵੱਖ ਕਰਨ ਲਈ ਕਦਮ ਚੁੱਕੇਗਾ ।

**ਕੌਮਾਂਤਰੀ ਸ਼ਾਂਤੀ ਅਤੇਸੁਰੱਖਿਆ ਦੀ ਤਰੱਕੀ ।**

51. ਰਾਜ–

(ੳ) ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਦੇਣ ਦਾ;

(ਅ) ਕੌਮਾਂ ਵਿਚਕਾਰ ਨਿਆਂਪੂਰਣ ਅਤੇ ਸਨਮਾਨਪੂਰਣ ਸੰਬੰਧਾਂ ਨੂੰ ਕਾਇਮ ਰੱਖਣ ਦਾ;

(ੲ) ਸੰਗਠਤ ਲੋਕਾਂ ਦੇ ਇਕ ਦੂਜੇ ਨਾਲ ਵਿਹਾਰਾਂ ਵਿਚ ਕੌਮਾਂਤਰੀ ਕਾਨੂੰਨ ਅਤੇ ਸੰਧੀ ਬਾਂਧਾਂ ਦੇ ਪ੍ਰਤਿ ਆਦਰ ਵਧਾਉਣ ਦਾ ; ਅਤੇ

(ਸ) ਕੌਮਾਂਤਰੀ ਝਗੜਿਆਂ ਦੇ ਸਾਲਸੀ ਦੁਆਰਾ ਨਿਪਟਾਰੇ ਲਈ ਉਤਸ਼ਾਹ ਦੇਣ ਦਾ ;

ਯਤਨ ਕਰੇਗਾ ।

Ministry of Law & Justice

---

[9] ਸੰਵਿਧਾਨ (ਸੱਤਵੀ ਸੋਧ) ਐਕਟ, 1956, ਧਾਰ 27 ਦੁਆਰਾ "ਸੰਸਦ ਦੁਆਰਾ ਐਲਾਨੀ ਗਈ" ਦੀ ਥਾਵੇਂ ਰੱਖੇ ਗਏ ।

## [1][ਭਾਗ IV ੳ.

## ਮੂਲ ਕਰੱਤਵ

ਮੂਲ ਕਰੱਤਵ। 51ੳ. ਭਾਰਤ ਦੇ ਹਰਿਕ ਨਾਗਰਿਕ ਦਾ ਇਹ ਮੂਲ ਕਰੱਤਵ ਹੋਵੇਗਾ -

(ੳ) ਸੰਵਿਧਾਨ ਦਾ ਪਾਲਣ ਕਰੇ ਅਤੇ ਉਸਦੇ ਆਦਰਸ਼ਾਂ ਸੰਸਥਾਵਾਂ, ਕੌਮੀ ਝੰਡਾ ਅਤੇ ਕੌਮੀ ਗੀਤ ਦਾ ਆਦਰ ਕਰਨਾ ;

(ਅ) ਸੁਤੰਤਰਤਾ ਦੇ ਲਈ ਸਾਡੇ ਕੌਮੀ ਅੰਦੋਲਨ ਨੂੰ ਪ੍ਰੇਰਤ ਕਰਨ ਵਾਲੇ ਉੱਚ ਆਦਰਸ਼ਾਂ ਨੂੰ ਹਿਰਦੇ ਵਿਚ ਸਜੋਏ ਰੱਖਣਾ ਅਤੇ ਉਨ੍ਹਾਂ ਦਾ ਪਾਲਣ ਕਰਨਾ;

(ੲ) ਭਾਰਤ ਦੀ ਪ੍ਰਭੂਤਾ, ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ;

(ਸ) ਦੇਸ਼ ਦੀ ਰੱਖਿਆ ਕਰਨਾ ਅਤੇ ਬੁਲਾਉਣ ਤੇ ਕੌਮੀ ਸੇਵਾ ਕਰਨਾ ;

(ਹ) ਭਾਰਤ ਦੇ ਸਭ ਲੋਕਾਂ ਵਿਚਕਾਰ ਇਕਸੂਰਤਾ ਅਤੇ ਸਧਾਰਨ ਭਾਈਚਾਰੇ ਦੀ ਭਾਵਨਾਂ ਨੂੰ ਬੜ੍ਹਾਵਾ ਦੇਣਾ, ਜੋ ਧਰਮ, ਭਾਸ਼ਾ ਅਤੇ ਪ੍ਰਾਦੇਸ਼ਕ ਜਾਂ ਅਨੁਭਾਗੀ ਭਿੰਨਤਾਵਾਂ ਤੋਂ ਪਰੇ ਹੋਣ, ਅਜਿਹੀਆਂ ਪ੍ਰਥਾਵਾਂ ਅਤੇ ਤਿਆਗ ਕਰਨਾ ਜੋ ਇਸਤਰੀਆਂ ਦੇ ਸਨਮਾਨ ਦੇ ਵਿਰੁੱਧ ਹੇਣ ;

(ਕ) ਆਪਣੇ ਮਿਲੇ-ਜੁਲੇ ਸਭਿਆਚਾਰ ਦੀ ਚੌਖੀ ਵਿਰਾਸਤ ਦਾ ਮਹੱਤਵ ਸਮਝਣਾ ਅਤੇ ਪਰਿਰੱਖਣ ਕਰਨਾ ;

---

[1] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 11 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰ ਸਥਾਪਨਾ।

Ministry of Law & Justice

(ਖ) ਪ੍ਰਾਕ੍ਰਿਤੱਕ ਵਾਤਾਵਰਣ ਦੀ, ਜਿਸ ਵਿਚ ਵਣ, ਝੀਲਾਂ, ਦਰਿਆਂ ਅਤੇ ਵਣ ਜੀਵਨ ਸ਼ਾਮਲ ਹੈ, ਰੱਖਿਆ ਅਤੇ ਬਿਹਤਰੀ ਕਰਨਾ ਅਤੇ ਜਾਨਦਾਰ ਜੰਤੂਆਂ ਤੇ ਦਇਆ ਰੱਖਣਾ;

(ਗ) ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਵਾਦ ਅਤੇ ਜਾਂਚ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰਨਾ ;

(ਘ) ਲੋਕ ਸੰਪੱਤੀ ਨੂੰ ਸੁਰੱਖਿਅਤ ਰੱਖਣਾ ਅਤੇ ਹਿੰਸਾਂ ਤੋਂ ਗੁਰੇਜ ਕਰਨਾ ;

(ਙ) ਵਿਅਕਤੀਗਤ ਅਤੇ ਸਮੂਹਿਕ ਗਤੀਵਿਧਿਆਂ ਦੇ ਸਭ ਖੇਤਰਾਂ ਵਿਚ ਉਤਕ੍ਰਿਸ਼ਟਤਾ ਵੱਲ ਵੱਧਣ ਨੂੰ ਉੱਦਮ ਕਰੇਗਾ ਤਾਂ ਕਿ ਰਾਸ਼ਟਰ ਨਿਰੰਤਰ ਤੌਰ ਤੇ ਉੱਦਮਾਂ ਅਤੇ ਪ੍ਰਾਪਤੀਆਂ ਦੀਆਂ ਉਚਾਈਆਂ ਨੂੰ ਛੂ ਲਵੇ ;

[2](ਚ) ਜੋ ਮਾਤਾ-ਪਿਤਾ ਜਾਂ ਸਰਪਰਸਤ ਹਨ, ਛੇ ਸਾਲ ਤੋਂ ਚੌਦਾਂ ਸਾਲ ਤੱਕ ਦੀ ਉਮਰ ਵਾਲੇ ਆਪਣੇ ਬੱਚੇ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਤਿਪਾਲਕ ਦੇ ਲਈ ਸਿੱਖਿਆ ਦੇ ਮੌਕੇ ਦੇਣਾ।

[2] ਸੰਵਿਧਾਨ (ਛਿਆਸਵੀਂ ਸੋਧ) ਐਕਟ, 2002 ਦੀ ਧਾਰਾ 4 ਦੁਆਰਾ (01.04.2010 ਤੋਂ ਪ੍ਰਭਾਵੀ) ਅੰਤਰ ਸਥਾਪਨਾ।

Ministry of Law & Justice

# ਭਾਗ V
# ਸੰਘ

## ਅਧਿਆਏ I-ਕਾਰਜਪਾਲਕਾ
## ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ

ਭਾਰਤ ਦਾ ਰਾਸ਼ਟਰਪਤੀ ।

52 ਭਾਰਤ ਦਾ ਇਕ ਰਾਸ਼ਟਰਪਤੀ ਹੋਵੇਗਾ ।

ਸੰਘ ਦੀ ਕਾਰਜਪਾਲਕ ਸ਼ਕਤੀ ।

53. (1) ਸੰਘ ਦੀ ਕਾਰਜਪਾਲਕ ਸ਼ਕਤੀ ਰਾਸ਼ਟਰਪਤੀ ਵਿਚ ਨਿਹਿਤ ਹੋਵੇਗੀ ਅਤੇ ਉਹ ਇਸ ਦੀ ਵਰਤੋਂ ਇਸ ਸੰਵਿਧਾਨ ਦਾ ਅਨੁਸਾਰਤਾ ਵਿਚ ਜਾਂ ਤਾਂ ਸਿੱਧੇ ਤੌਰ ਤੇ ਆਪ ਜਾਂ ਆਪਣੇ ਅਧੀਨ ਅਫਸਰਾਂ ਰਾਹੀਂ ਕਰੇਗਾ ।

(2) ਪੂਰਵਗਾਮੀ ਉਪਬੰਧ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਸੰਘ ਦੀ ਰੱਖਿਆ ਸੈਨਾਂ ਦੀ ਸਰਵ-ਉੱਚ ਕਮਾਨ ਰਾਸ਼ਟਰਪਤੀ ਵਿਚ ਨਿਹਿਤ ਹੋਵੇਗੀ ਅਤੇ ਉਸ ਦੀ ਵਰਤੋਂ ਕਾਨੂੰਨ ਦੁਆਰਾ ਵਿਨਿਯਮਤ ਹੋਵੇਗੀ ।

(3) ਇਸ ਅਨੁਛੇਦ ਦੀ ਕੋਈ ਗੱਲ–

(ੳ) ਕਿਸੇ ਮੌਜੂਦਾ ਕਾਨੂੰਨ ਦੁਆਰਾ ਕਿਸੇ ਰਾਜ ਦੀ ਸਰਕਾਰ ਜਾਂ ਹੋਰ ਸੱਤਾਧਾਰੀ ਨੂੰ ਪ੍ਰਦਾਨ ਕੀਤੇ ਕੋਈ ਕਾਜਕਾਰ ਰਾਸ਼ਟਰਪਤੀ ਨੂੰ ਇੰਤਕਾਲ ਕਰਦੀ ਨਹੀਂ ਸਮਝੀ ਜਾਵੇਗੀ ; ਜਾਂ

(ਅ) ਸੰਸਦ ਨੂੰ ਰਾਸ਼ਟਰਪਤੀ ਤੋਂ ਬਿਨਾਂ ਹੋਰ ਸੱਤਾਧਾਰੀਆਂ ਨੂੰ ਕਾਨੂੰਨ ਦੁਆਰਾ ਕਾਜਕਾਰ ਪ੍ਰਦਾਨ ਕਰਨ ਤੋਂ ਨਹੀਂ ਰੋਕੇਗੀ ।

ਰਾਸ਼ਟਰਪਤੀ ਦੀ ਚੋਣ ।

54. ਰਾਸ਼ਟਰਪਤੀ ਦੀ ਚੋਣ ਇਕ ਅਜਿਹੇ ਚੋਣਕਾਰ ਮੰਡਲ ਦੇ ਮੈਂਬਰ ਕਰਨਗੇ ਜੋ–

(ੳ) ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਮੈਂਬਰਾਂ ; ਅਤੇ

(ਅ) ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਮੈਂਬਰਾਂ ;

ਤੋਂ ਮਿਲ ਕੇ ਬਣੇਗਾ ।

[1]ਵਿਆਖਿਆ,- ਇਸ ਅਨੁਛੇਦ ਅਤੇ ਅਨੁਛੇਦ 55 ਵਿਚ, "ਰਾਜ" ਵਿਚ ਦਿੱਲੀ ਰਾਸ਼ਟਰੀ-ਕੌਮੀ ਰਾਜਧਾਨੀ ਰਾਜ ਖੇਤਰ ਅਤੇ ਪੁਦੁਚੇਰੀ* ਸੰਘ ਰਾਜਖੇਤਰ ਸ਼ਾਮਲ ਹੈ ।

ਰਾਸ਼ਟਰਪਤੀ ਦੀ ਚੋਣ ਕਾ ਢੰਗ ।

55. (1) ਜਿਥੋਂ ਤੱਕ ਅਮਲਯੋਗ ਹੋਵੇ, ਰਾਸ਼ਟਰਪਤੀ ਦੀ ਚੋਣ ਵਿਚ ਵੱਖ ਵੱਖ ਰਾਜਾਂ ਦੀ ਪ੍ਰਤੀਨਿਧਤਾ ਦੇ ਪੈਮਾਨੇ ਵਿਚ ਇਕਤਸਾਰਤਾ ਹੋਵੇਗੀ ।

(2) ਰਾਜਾਂ ਵਿਚਕਾਰ ਆਪਸ ਵਿਚਲੀ ਅਜਿਹੀ ਇਕਸਾਰਤਾ ਅਤੇ ਰਾਜਾਂ ਵਿਚਕਾਰ ਸਮੁੱਚੇ ਤੌਰ ਤੇ ਅਤੇ ਸੰਘ ਵਿਚ ਬਰਾਬਰੀ ਸੁਨਿਸਚਿਤ ਕਰਨ ਤੇ ਪ੍ਰਯੋਜਨ ਲਈ, ਸੰਸਦ ਦੀ ਅਤੇ ਹਰੇਕ ਰਾਜ ਦੀ ਵਿਧਾਨ ਸਭਾ ਦਾ ਹਰੇਕ ਚੁਣਿਆ ਮੈਂਬਰ ਜਿੰਨੇ ਵੋਟ ਅਜਿਹੀ ਚੋਣ ਵਿਚ ਦੇਣ ਦਾ ਹੱਕਦਾਰ ਹੈ ਉਨ੍ਹਾਂ ਦੀ ਗਿਣਤੀ ਹੇਠ-ਲਿਖੇ ਢੰਗ ਨਾਲ ਤੈਅ ਕੀਤੀ ਜਾਵੇਗੀ :-

(ੳ) ਕਿਸੇ ਰਾਜ ਦੀ ਵਿਧਾਨ ਸਭਾ ਦੇ ਹਰਿਕ ਚੁਣੇ ਮੈਂਬਰ ਦੀਆਂ ਉਨਿਆਂ ਵੋਟਾਂ ਹੋਣਗੀਆਂ ਜਿੰਨੇ ਕਿ ਇਕ ਹਾਜਰ ਦੇ ਗੁਣਿਤ, ਉਸ ਭਾਗ-ਫਲ ਵਿਚ ਹੋਣ ਜੋ ਰਾਜ ਦੀ ਆਬਾਦੀ ਨੂੰ ਉਸ ਸਭਾ ਦੇ ਚੁਣੇ ਮੈਂਬਰਾਂ ਦੀ ਕੁਲ ਗਿਣਤੀ ਨਾਲ ਭਾਗ ਦੇਣ ਤੋਂ ਪ੍ਰਾਪਤ ਹੋਣ ;

(ਅ) ਜੇ ਇਕ ਹਜਾਰ ਦੇ ਉਕਤ ਗੁਣਿਤਾਂ ਨੂੰ ਪਿੱਛੋਂ, ਬਾਕੀ ਪੰਜ ਸੌ ਤੋਂ ਘਟ ਨ ਹੋਵੇ ਤਾਂ ਉਪ-ਖੰਡ (ੳ) ਵਿਚ ਹਵਾਲਾ ਦਿੱਤੇ ਹਰੇਕ ਮੈਂਬਰ ਦੀਆਂ ਵੋਟਾਂ ਦੀ ਗਿਣਤੀ ਵਿਚ ਇਕ ਹੋਰ ਵਧਾ ਦਿੱਤਾ ਜਾਵੇਗਾ ;

---

[1] ਸੰਵਿਧਾਨ (ਸਤਰਵੀਂ ਸੋਧ) ਐਕਟ, 1992 ਦਾ ਧੈਰਾ 2 ਦੁਆਰਾ (01.06.1995 ਤੋਂ ਪ੍ਰਭਾਵੀ) ਅੰਤਰਸਥਾਪਤ ।

* ਪੌਡੀਚੇਰੀ (ਨਾਂ ਦਾ ਬਦਲਣਾ) ਔਕਟ, 2006 ਦੁਆਰਾ (01.10.2006ਤੋਂ ਪ੍ਰਭਾਵੀ) ਪੁਦੁਚੇਰੀ ਕੀਤਾ ਗਿਆ ।

(ੲ) ਸੰਸਦ ਦੇ ਹਰੇਕ ਸਦਨ ਦੇ ਹਰੇਕ ਚੁਣੇ ਮੈਂਬਰ ਦੀਆਂ ਵੋਟਾਂ ਦੀ ਗਿਣਤੀ ਉਹੀ ਹੋਵੇਗੀ ਜੋ ਉਪ-ਖੰਡ (ੳ)ਅਤੇ (ਅ) ਦੇ ਅਧੀਨ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਲਈ ਨਿਯਤ ਕੁਲ ਵੋਟ-ਗਿਣਤੀ ਨੂੰ ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਮੈਂਬਰਾਂ ਦੀ ਕੁਲ ਗਿਣਤੀ ਨਾਲ ਭਾਗ ਦੇਣ ਨਾਲ ਪ੍ਰਾਪਤ ਹੋਵੇ, ਜਿਸ ਵਿਚ ਅੱਧੇ ਤੋਂ ਵੱਧ ਭਿੰਨਾਂ ਨੂੰ ਇਕ ਗਿਣਿਆ ਜਾਵੇਗਾ ਅਤੇ ਹੋਰ ਭਿੰਨਾਂ ਨੂੰ ਅਖੋਂ ਉਹਲੇ ਕਰ ਦਿੱਤਾ ਜਾਵੇਗਾ ।

(3) ਰਾਸ਼ਟਰਪਤੀ ਦੀ ਚੋਣ, ਅਨੁਪਾਤੀ ਪ੍ਰਤੀਨਿਧਤਾ ਦੇ ਕਾਇਦੇ ਦੀ ਅਨੁਸਾਰਤਾ ਵਿਚ ਇਕਹਿਰੀ ਬਦਲਈ-ਯੋਗ ਵੋਟ ਨਾਲ ਹੋਵੇਗੀ ਅਤੇ ਅਜਿਹੀ ਚੋਣ ਵਿਚ ਵੋਟ ਗੁਪਤ ਪਰਚੀ ਦੁਆਰਾ ਦਿੱਤੀ ਜਾਵੇਗੀ ।

[2][ਵਿਆਖਿਆ.- ਇਸ ਅਨੁਛੇਦ ਵਿਚ ਪਦ "ਆਬਾਦੀ" ਦਾ ਮਤਲਬ ਹੈ ਅਜਿਹੀ ਅੰਤਮ ਪੂਰਵਵਰਤੀ ਜਨ-ਗਣਨਾ ਵਿਚ ਨਿਸਚੇ ਕੀਤੀ ਗਈ ਆਬਾਦੀ ਜਿਸ ਦੇ ਸੁਸੰਗਤ ਅੰਕ ਪ੍ਰਕਾਸ਼ਤ ਹੋ ਚੁੱਕੇ ਹੋਣ :

ਪਰੰਤੂ ਇਸ ਵਿਆਖਿਆ ਵਿਚ ਅੰਤਮ ਪੂਰਵਵਰਤੀ ਜਨ ਗਣਨਾ ਦੇ ਪ੍ਰਤਿ, ਜਿਸ ਦੇ ਸੁਸੰਗਤ ਅੰਕ ਪ੍ਰਕਾਸ਼ਤ ਹੋ ਗਏ ਹਨ, ਹਵਾਲੇ ਦਾ, ਜਦ ਤੱਕ ਸਾਲ [3][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨ-ਗਣਨਾ ਦੇ ਸੁਸੰਗਤ ਅੰਕ ਪ੍ਰਕਾਸ਼ਤ ਨਹੀਂ ਹੋ ਜਾਂਦੇ ਹਨ, ਇਹ ਅਰਥ ਕੱਢਿਆ ਜਾਵੇਗੀ ਕਿ ਉਹ 1971 ਦੀ ਜਨ ਗਣਨਾ ਪ੍ਰਤਿ ਹਵਾਲਾ ਹੈ ।

ਰਾਸ਼ਟਰਪਤੀ ਦੇ ਅਹੁਦੇ ਦੀ ਅਉਧ ।

56(1) ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ :

ਪਰੰਤੂ—

---

[2] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦਾ ਧਾਰਾ 12 ਦੁਆਰਾ (03.01.1977 ਤੋਂ ਪ੍ਰਭਾਵੀ) ਵਿਆਖਿਆ ਦੀ ਥਾਵੇਂ ਰੱਖਿਆ ਗਿਆ ।

[3] ਸੰਵਿਧਾਨ (ਚੌਰਾਸੀਵੀਂ ਸੋਧ) ਐਕਟ, 2001 ਦਾ ਧਾਰਾ 2 ਦੁਆਰਾ "2000" ਦਾ ਥਾਵੇਂ ਰੱਖਿਆ ਗਿਆ ।

(ੳ) ਰਾਸ਼ਟਰਪਤੀ, ਉਪ-ਰਾਸ਼ਟਰਪਤੀ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ;

(ਅ) ਰਾਸ਼ਟਰਪਤੀ ਸੰਵਿਧਾਨ ਦੀ ਖਿਲਾਫ-ਵਰਜੀ ਲਈ ਅਨੁਛੇਦ 61 ਵਿਚ ਉਪਬੰਧਤ ਢੰਗ ਨਾਲ ਕੀਤੇ ਗਏ ਮਹਾਂ-ਦੋਸ਼ ਦੁਆਰਾ ਅਹੁਦੇ ਤੋ ਹਟਾਇਆ ਜਾ ਸਕੇਗਾ ;

(ੲ) ਰਾਸ਼ਟਰਪਤੀ, ਆਪਣੇ ਅਹੁਦੇ ਦੀ ਅਉਧ ਗੁਜਰ ਜਾਣ ਤੇ ਵੀ, ਜਦ ਤੱਕ ਉਸਦਾ ਉੱਤਰ-ਅਧਿਕਾਰੀ ਆਪਣਾ ਅਹੁਦਾ ਨ ਸੰਭਾਲ ਲਵੇ ਅਹੁਦਾ ਧਾਰਨ ਕਰੀ ਰੱਖੇਗਾ ।

(2) ਖੰਡ (1) ਦੇ ਪਰੰਤੁਕ ਦੇ ਖੰਡ (ੳ) ਦੇ ਅਧੀਨ ਉਪ-ਰਾਸ਼ਟਰਪਤੀ ਨੂੰ ਸੰਬੋਧਤ ਕਿਸੇ ਅਸਤੀਫੇ ਦੀ ਸੂਚਨਾ ਉਸ ਦੁਆਰਾ ਲੋਕ ਸਭਾ ਦੇ ਸਪੀਕਰ ਨੂੰ ਤੱਤਕਾਲ ਦਿੱਤੀ ਜਾਵੇਗੀ ।

**ਮੁੜ-ਚੋਣ ਲਈ ਪਾਤਰਤਾ ।**

57. ਕੋਈ ਵਿਅਕਤੀ ਜੋ ਰਾਸ਼ਟਰਪਤੀ ਵਜੋਂ ਅਹੁਦਾ ਧਾਰਨ ਕਰਦਾ ਹੋਵੇ, ਜਾਂ ਕਰ ਚੁੱਕਾ ਹੋਵੇ, ਇਸ ਸੰਵਿਧਾਨ ਦੇ ਹੋਰ ਉਪਬੰਧਾਂ ਦੇ ਤਾਬੇ, ਉਸ ਅਹੁਦੇ ਲਈ ਮੁੜ ਚੋਣ ਦਾ ਪਾਤਰ ਹੋਵੇਗਾ ।

**ਰਾਸ਼ਟਰਪਤੀ ਚੁਣੇ ਜਾਣ ਲਈ ਕਾਬਲਈਅਤਾਂ ।**

58.(1) ਕੋਈ ਵਿਅਕਤੀ ਰਾਸ਼ਟਰਪਤੀ ਚੁਣੇ ਜਾਣ ਲਈ ਪਾਤਰ ਨਹੀਂ ਹੋਵੇਗਾ ਜੇਕਰ ਉਹ–

(ੳ)ਭਾਰਤ ਦਾ ਨਾਗਰਿਕ ਨ ਹੋਵੇ,

(ਅ) ਪੈਂਤੀ ਸਾਲ ਦੀ ਉਮਰ ਪੂਰੀ ਨ ਕਰ ਚੁੱਕਾ ਹੋਵੇ, ਅਤੇ

(ੲ) ਲੋਕ ਸਭਾ ਦਾ ਮੈਂਬਰ ਚੁਣੇ ਜਾਣ ਲਈ ਕਾਬਲ ਨ ਹੋਵੇ ।

(2) ਕੋਈ ਵਿਅਕਤੀ ਜੋ ਉਸ ਨੇ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਜਾਂ ਸਰਕਾਰ ਦੇ ਅਧੀਨ ਜਾਂ ਉਕਤ ਸਰਕਾਰ ਵਿਚੋਂ ਕਿਸੇ ਦੇ ਨਿਯੰਤਰਨ ਦੇ ਤਾਬੇ ਕਿਸੇ ਸਥਾਨਕ ਜਾਂ ਹੋਰ ਸੱਤਾਧਾਰੀ ਦੇ ਅਧੀਨ ਕੋਈ ਲਾਭ ਦਾ

Ministry of Law & Justice

ਅਹੁਦਾ ਧਾਰਨ ਕੀਤਾ ਹੋਇਆਂ ਹੋਵੇ, ਰਾਸ਼ਟਰਪਤੀ ਚੁਣੇ ਜਾਣ ਲਈ ਪਾਤਰ ਨਹੀਂ ਹੋਵੇਗਾ ।

ਵਿਆਖਿਆ,- ਇਸ ਅਨੁਛੇਦ ਦੇ ਪ੍ਰਯੋਜਨਾਂ ਲਈ ਕੋਈ ਵਿਅਕਤੀ ਕੇਵਲ ਇਸ ਕਾਰਨ ਤੋਂ ਕੋਈ ਲਾਭ ਦਾ ਅਦੁਹਾ ਧਾਰਨ ਕਰਦਾ ਨਹੀਂ ਸਮਝਿਆ ਜਾਵੇਗਾ ਕਿ ਉਹ ਸੰਘ ਦਾ ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਜਾਂ ਕਿਸੇ ਰਾਜ ਦਾ ਰਾਜਪਾਲ [4]* * * ਹੈ ਜਾਂ ਸੰਘ ਦੀ ਜਾਂ ਕਿਸੇ ਰਾਜ ਦਾ ਮੰਤਰੀ ਹੈ ।

ਰਾਸ਼ਟਟਰਪਤੀ ਦੇ ਅਹੁਦੇ ਦੀਆਂ ਸ਼ਰਤਾਂ ।

59. (1) ਰਾਸ਼ਟਰਪਤੀ ਸੰਸਦ ਦੇ ਕਿਸੇ ਸਦਨ ਦਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਹੋਵੇਗਾ, ਅਤੇ ਜੇ ਸੰਸਦ ਨੂੰ ਕਿਸੇ ਸਦਨ ਦਾ ਜਾਂ ਅਜਿਹੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਕੋਈ ਮੈਂਬਰ ਰਾਸ਼ਟਰਪਤੀ ਚੁਣਿਆ ਜਾਵੇ, ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਉਸ ਸਦਨ ਦੀ ਆਪਣੀ ਥਾਂ ਰਾਸ਼ਟਰਪਤੀ ਵਜੋਂ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਖ਼ਾਲੀ ਕਰ ਦਿੱਤੀ ਹੈ ।

(2) ਰਾਸ਼ਟਰਪਤੀ ਕੋਈ ਹੋਰ ਲਾਭ ਦਾ ਅਹੁਦਾ ਧਾਰਨ ਨਹੀਂ ਕਰੇਗਾ ।

(3) ਰਾਸ਼ਟਰਪਤੀ ਬਿਨਾਂ ਕਿਰਾਇਆ ਅਦਾ ਕੀਤਿਆਂ ਆਪਣੇ ਸਰਕਾਰੀ ਨਿਵਾਸਾਂ ਦੀ ਵਰਤੋਂ ਦਾ ਹੱਕਦਾਰ ਹੋਵੇਗਾ ਅਤੇ ਉਹ ਉਨ੍ਹਾਂ ਉਪਲਭਤਾ, ਭੱਤਿਆਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਵੀ ਜੋ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ ਜਦੋਂ ਤੱਕ ਉਸ ਨਮਿਤ ਇਸ ਤਰ੍ਹਾਂ ਉਪਬੰਧ ਨ ਕੀਤਾ ਜਾਵੇ, ਅਜਿਹੀਆਂ ਉਪਲਭਤਾਂ, ਭੱਤਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ, ਜੋ ਦੂਜੀ ਅਨੁਸੂਚੀ ਵਿਚ ਉਲਿਖਤ ਹਨ, ਵੀ ਹੱਕਦਾਰ ਹੋਵੇਗਾ ।

(4) ਰਾਸ਼ਟਰਪਤੀ ਦੀਆਂ ਉਪਲਭਤਾਂ ਅਤੇ ਭੱਤੇ ਉਸ ਦੇ ਅਹੁਦੇ ਦੀ

[4] ਸ਼ਬਦ "ਜਾਂ ਰਾਜਪ੍ਰਮੁਖ ਜਾਂ ਉਪ-ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

Ministry of Law & Justice

ਅਉਧ ਦੇ ਦੌਰਾਨ ਨਹੀਂ ਘਟਾਏ ਜਾਣਗੇ ।

**ਰਾਸ਼ਟਰਪਤੀ ਦੀ ਸੰਹੁ ਜਾਂ ਪ੍ਰਤਿੱਗਿਆ ।**

60. ਹਰਿਕ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਵਜੋਂ ਕਾਰਜ ਕਰਦਾ ਜਾਂ ਰਾਸ਼ਟਰਪਤੀ ਦੇ ਕਾਜਕਾਰ ਨਿਭਾਉਣ ਵਾਲਾ ਹਰਿਕ ਵਿਅਕਤੀ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ,ਭਾਰਤ ਦੇ ਚੀਫ ਜਸਟਿਸ ਜਾਂ ਉਸ ਦੀ ਗੈਰ-ਹਾਜਰੀ ਵਿਚ ਸਰਵਉੱਚ ਅਦਾਲਤ ਦੇ ਮਿਲ ਸਕਦੇ ਸਭ ਤੋਂ ਸੀਨੀਅਰ ਜੱਜ ਦੇ ਸਾਹਮਣੇ ਹੇਠ-ਲਿਖੇ ਫਾਰਮ ਵਿਚ ਸੰਹੂ ਚੁੱਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ, ਅਰਥਾਤ-

"ਮੈਂ ਉ.ਅ, <u>ਈਸ਼ਵਰ ਦੀ ਸੰਹੁ ਚੁੱਕਦਾਂ ਹੈ,</u>
ਸੱਚੇ ਦਿਲੋ ਪ੍ਰਤਿਗਿਆ ਕਰਦਾ ਹੈਂ

ਕਿ ਮੈਂ ਵਫਾਦਾਰੀ ਨਾਲ, ਭਾਰਤ ਦੇ ਰਾਸ਼ਟਰਪਤੀ ਦੇ ਅਹੁਦੇ ਦਾ ਕਾਰਜ-ਪਾਲਣ ਕਰਾਂਗਾ (ਜਾਂ ਰਾਸ਼ਟਰਪਤੀ ਦੇ ਕਾਜ-ਕਾਰ ਨਿਭਾਵਾਂਗਾ), ਅਤੇ ਆਪਣੀ ਪੂਰੀ ਯੋਗਤਾ ਨਾਲ ਸੰਵਿਧਾਨ ਅਤੇ ਕਾਨੂੰਨ ਨੂੰ ਕਾਇਮ ਰੱਖਾਂਗਾ, ਉਸਦੀ ਹਿਫਾਜ਼ਤ ਅਤੇ ਰੱਖਿਆ ਕਰਾਂਗਾ ਅਤੇ ਮੈਂ ਆਪਣੇ ਆਪ ਨੂੰ ਭਾਰਤ ਦੇ ਲੋਕਾਂ ਦੀ ਸੇਵਾ ਅਤੇ ਭਲਾਈ ਲਈ ਅਰਪ ਦਿਆਂਗਾ ।"

**ਰਾਸ਼ਟਰਪਤੀ ਦੇ ਮਹਾਂ ਦੋਸ਼ ਦਾ ਜਾਬਤਾ ।**

61(1) ਜਦ ਰਾਸ਼ਟਰਪਤੀ ਨੂੰ ਸੰਵਿਧਾਨ ਦੀ ਖਿਲਾਫਵਰਜੀ ਲਈ ਮਹਾਂ-ਦੋਸ਼ਤ ਕਰਨਾ ਹੋਵੇ, ਸੰਸਦ ਦਾ ਕੋਈ ਇਕ ਸਦਨ ਦੋਸ਼ ਲਾਵੇਗਾ ।

(2) ਕੋਈ ਅਜਿਹਾ ਦੋਸ਼ ਨਹੀਂ ਲਾਇਆ ਜਾਵੇਗਾ ਜੇਕਰ---

(ੳ) ਅਜਿਹਾ ਦੋਸ਼ ਲਾਉਣ ਦੀ ਤਜਵੀਜ਼ ਕਿਸੇ ਮਤੇ ਵਿਚ ਨ ਹੋਵੇ ਜੋ ਘੱਟ ਤੋਂ ਘੱਟ ਚੋਦਾਂ ਦਿਨਾਂ ਦੇ ਅਜਿਹੇ ਲਿਖਤੀ ਨੋਟਿਸ ਦੇ ਦਿੱਤੇ ਜਾਣ ਪਿੱਛੋਂ ਪੇਸ਼ ਕੀਤਾ ਗਿਆ ਹੋਵੇ ਜਿਸ ਤੇ ਉਸ ਸਦਨ ਦੇ ਮੈਂਬਰਾਂ ਦੀ ਕੁਲ ਗਿਣਤੀ ਦੀ ਘੱਟ ਤੋਂ ਘੱਟ ਇਕ ਚੌਥਾਈ ਨੇ ਦਸਖਤ ਕਰਕੇ ਉਸ ਮਤੇ ਨੂੰ ਪੇਸ਼ ਕਰਨ ਤਾ ਇਰਾਦਾ ਪ੍ਰਗਟ ਕੀਤਾ ਹੋਵੇ, ਅਤੇ

(ਅ) ਉਸ ਸਦਨ ਕੇ ਕੁਲ ਮੈਂਬਰਾਂ ਦੀ ਘੱਟ ਤੋਂ ਘੱਟ ਦੋ-ਤਿਹਾਈ ਦੀ ਬਹੁ-ਸੰਮਤੀ ਨਾਲ ਅਜਿਹਾ ਮਤਾ ਪਾਸ ਨ ਕੀਤਾ ਗਿਆ ਹੋਵੇ ।

Ministry of Law & Justice

(3) ਜਦ ਸੰਸਦ ਦੇ ਕਿਸੇ ਇਕ ਸਦਨ ਦੁਆਰਾ ਇਸ ਤਰ੍ਹਾਂ ਦੋਸ਼ ਲੱਗ ਚੁੱਕਾ ਹੋਵੇ, ਦੂਜਾ ਸਦਨ ਉਸ ਦੋਸ਼ ਦੀ ਛਾਣ-ਬੀਣ ਕਰੇਗਾ ਜਾਂ ਉਸ ਦੋਸ਼ ਦੀ ਛਾਣ-ਬੀਣ ਕਰਵਾਵੇਗਾ, ਅਤੇ ਰਾਸ਼ਟਰਪਤੀ ਨੂੰ ਇਸ ਛਾਣ-ਬੀਣ ਵਿਚ ਹਾਜਰ ਹੋਣ ਅਤੇ ਆਪਣੀ ਪ੍ਰਤੀਨਿਧਤਾ ਕਰਾਉਣ ਦਾ ਅਧਿਕਾਰ ਹੋਵੇਗਾ ।

(4) ਜੇ ਛਾਣ-ਬੀਣ ਦੇ ਸਿੱਟੇ ਵਜੋਂ ਰਾਸ਼ਟਰਪਤੀ ਦੇ ਖਿਲਾਫ ਲਾਏ ਗਏ ਦੋਸ਼ ਦੇ ਸਿੱਧ ਹੋਣ ਦਾ ਐਲਾਨ ਕਰਨ ਵਾਲਾ ਮਤਾ ਦੋਸ਼ ਦੀ ਛਾਣ-ਬੀਣ ਕਰਨ ਜਾਂ ਕਰਾਉਣ ਵਾਲੇ ਸਦਨ ਦੇ ਕੁੱਲ ਮੈਂਬਰਾਂ ਦੀ ਘੱਟ ਤੋਂ ਘੱਟ ਦੋ ਤਿਹਾਈ ਬਹੁਸੰਮਤੀ ਨਾਲ ਪਾਸ ਹੋ ਜਾਵੇ, ਤਾਂ ਅਜਿਹੇ ਮਤੇ ਦਾ ਪ੍ਰਭਾਵ ਉਸ ਮਤੇ ਦੇ ਇਸ ਤਰ੍ਹਾਂ ਪਾਸ ਹੋਣ ਦੀ ਤਰੀਕ ਤੋਂ ਰਾਸ਼ਟਰਪਤੀ ਦਾ ਆਪਣੇ ਅਹੁਦੇ ਤੋਂ ਹਟਾਇਆ ਜਾਣਾ ਹੋਵੇਗਾ ।

ਰਾਸ਼ਟਰਪਤੀ ਦੇ ਅਹੁਦੇ ਦੀ ਖ਼ਾਲੀ ਥਾਂ ਨੂੰ ਭਰਨ ਲਈ ਚੋਣ ਕਰਨ ਦਾ ਸਮਾਂ ਅਤੇ ਇਤਫ਼ਾਕੀਆ ਖ਼ਾਲੀ ਥਾਂ ਭਰਨ ਲਈ ਚੁਣੇ ਵਿਅਕਤੀ ਦੇ ਅਹੁਦੇ ਦੀ ਅਉਧ ।

62(1) ਰਾਸ਼ਟਰਪਤੀ ਦੇ ਅਹੁਦੇ ਦੀ ਅਉਧ ਗੁਜ਼ਰਨਰ ਨਾਲ ਖ਼ਾਲੀ ਹੋਈ ਥਾਂ ਨੂੰ ਭਰਨ ਲਈ ਚੋਣ ਉਸ ਅਉਧ ਦੇ ਗੁਜ਼ਰਨਰ ਤੋਂ ਪਹਿਲਾਂ ਹੀ ਪੂਰੀ ਕਰ ਲਈ ਜਾਵੇਗੀ ।

(2) ਰਾਸ਼ਟਰਪਤੀ ਦੀ ਮੌਤ, ਅਸਤੀਫੇ ਜਾਂ ਹਟਾਏ ਜਾਣ ਕਾਰਨ, ਜਾਂ ਹੋਰਵੇਂ ਖ਼ਾਲੀ ਹੋਈ ਉਸ ਦੇ ਅਹੁਦੇ ਦੀ ਥਾਂ ਨੂੰ ਭਰਨ ਲਈ ਚੋਣ ਥਾਂ ਖ਼ਾਲੀ ਹੋਣ ਦੀ ਤਰੀਕ ਤੋਂ ਪਿੱਛੋਂ, ਜਿੰਨੀ ਛੇਤੀ ਸੰਭਵ ਹੋਵੇ, ਅਤੇ ਹਰ ਸੂਰਤ ਵਿਚ ਉਸ ਤਰੀਕ ਤੋਂ ਛੇ ਮਹੀਨੇ ਬੀਤਣ ਤੋਂ ਪਹਿਲਾਂ ਕੀਤਾ ਜਾਵੇਗੀ ; ਅਤੇ ਖ਼ਾਲੀ ਥਾਂ ਭਰਨ ਲਈ ਚੁਣਿਆ ਗਿਆ ਵਿਅਕਤੀ , ਅਨੁਛੇਦ 56 ਦੇ ਉਪਬੰਧਾਂ ਦੇ ਤਾਬੇ, ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਪੂਰੀ ਅਉਧ ਲਈ ਅਹੁਦਾ ਧਾਰਨ ਕਰਨ ਦਾ ਹੱਕਦਾਰ ਹੋਵੇਗਾ ।

ਭਾਰਤ ਦਾ ਉਪ-ਰਾਸ਼ਟਰਪਤੀ

63. ਭਾਰਤ ਦਾ ਇਕ ਉਪ-ਰਾਸ਼ਟਰਪਤੀ ਹੋਵੇਗਾ ।

ਉਪ-ਰਾਸ਼ਟਰਪਤੀ ਦੇ ਅਹੁਦੇ- ਕਾਰਨ

64. ਉਪ-ਰਾਸ਼ਟਰਪਤੀ ਅਹੁਦੇ ਕਾਰਨ ਰਾਜ ਸਭਾ ਦਾ ਸਭਾਪਤੀ ਹੋਵੇਗਾ ਅਤੇ ਕੋਈ ਹੋਰ ਲਾਭ ਤਾ ਅਹੁਦਾ ਧਾਰਨ ਨਹੀਂ ਕਰੇਗਾ :

Ministry of Law & Justice

ਰਾਜਸਭਾ ਦਾ ਸਭਾਪਤੀ ਹੋਣਾ ।

ਪਰੰਤੂ ਉਸ ਕਿਸੇ ਮੁੱਦਤ ਤੇ ਦੌਰਾਨ ਜਦ ਉਪ-ਰਾਸ਼ਟਰਪਤੀ ਅਨੁਛੇਦ 65 ਦੇ ਅਧੀਨ ਰਾਸ਼ਟਰਪਤੀ ਵਜੋਂ ਕਾਰਜ ਕਰਦਾ ਹੋਵੇ ਜਾਂ ਰਾਸ਼ਟਰਪਤੀ ਦੇ ਕਾਰਜ ਨਿਭਾਉਂਦਾ ਹੋਵੇ, ਉਹ ਰਾਜ ਸਭਾ ਦੇ ਸਭਾਪਤੀ ਦੇ ਅਹੁਦੇ ਦੇ ਕਰਤਵਾਂ ਦਾ ਪਾਲਣ ਨਹੀਂ ਕਰੇਗਾ ਅਤੇ ਅਨੁਛੇਦ 97 ਦੇ ਅਧੀਨ ਰਾਜ ਸਭਾ ਦੇ ਸਭਾਪਤੀ ਨੰ ਅਦਾਇਗੀ ਯੋਗ ਕਿਸੇ ਤਨਖਾਹ ਜਾਂ ਭੱਤੇ ਦਾ ਹੱਕਦਾਰ ਨਹੀਂ ਹੋਵੇਗਾ ।

ਰਾਸ਼ਟਰਪਤੀ ਦੇ ਅਹੁਦੇ ਦੇ ਇਤਫ਼ਾਕੀਆ ਖ਼ਾਲੀ ਹੋਣ, ਜਾਂ ਉਸ ਦੀ ਗੈਰਹਾਜਰੀ ਦੇ ਦੌਰਾਨ ਉਪ-ਰਾਸ਼ਟਰਪਤੀ ਦਾ ਰਾਸ਼ਟਰਪਤੀ ਵਜੋਂ ਕਾਰਜ ਕਰਨਾ ਜਾਂ ਉਸਦੇ ਕਾਜਕਾਰ ਨਿਭਾਉਣਾ ।

65. (1) ਰਾਸ਼ਟਰਪਤੀ ਦੀ ਮੌਤ, ਅਸਤੀਫੇ ਜਾਂ ਹਟਾਏ ਜਾਣ ਕਾਰਨ, ਜਾਂ ਹੋਰਵੇਂ, ਉਸ ਦੇ ਅਹੁਦੇ ਦੀ ਥਾਂ ਖ਼ਾਲੀ ਹੋਣ ਦੀ ਹਾਲਤ ਵਿਚ ਉਪ-ਰਾਸ਼ਟਰਪਤੀ ਉਸ ਤਰੀਕ ਤੱਕ ਰਾਸ਼ਟਰਪਤੀ ਵਜੋਂ ਕਾਰਜ ਕਰੇਗਾ ਜਿਨ੍ਹਾ ਨੂੰ ਕਿ ਇਸ ਅਧਿਆਏ ਦੇ ਅਜਿਹੀ ਖ਼ਾਲੀ ਥਾਂ ਨੂੰ ਭਰਨ ਲਈ ਉਪਬੰਧਾਂ ਦੀ ਅਨੁਸਾਰਤਾ ਵਿਚ ਚੁਣਿਆ ਗਿਆ ਨਵਾਂ ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲ ਲਵੇ ।

(2) ਜਦ ਰਾਸ਼ਟਰਪਤੀ ਗੈਰ-ਹਾਜਰੀ, ਬੀਮਾਰੀ ਜਾਂ ਹੋਰ ਕਿਸੇ ਕਾਰਨ ਤੋਂ ਆਪਣੇ ਕਾਜਕਾਰ ਨਿਭਾਉਣ ਵਿਚ ਅਸਮਰਥ ਹੋਵੇ, ਉਪ-ਰਾਸ਼ਟਰਪਤੀ ਉਸ ਦੇ ਕਾਜਕਾਰ ਉਸ ਤਰੀਕ ਤੱਕ ਨਿਭਾਵੇਗਾ ਜਿਸ ਨੂੰ ਕਿ ਰਾਸ਼ਟਰਪਤੀ ਆਪਣੇ ਕਰਤੱਵ ਮੁੜ ਸੰਭਾਲ ਲਵੇ ।

(3) ਉਪ-ਰਾਸ਼ਟਰਪਤੀ ਨੂੰ, ਉਸ ਮੁੱਦਤ ਦੇ ਦੌਰਾਨ, ਅਤੇ ਬਾਰੇ, ਜਦ ਕਿ ਉਹ ਰਾਸ਼ਟਰਪਤੀ ਵਜੋਂ ਇਸ ਤਰ੍ਹਾਂ ਕਾਰਜ ਕਰ ਰਿਹਾ ਹੋਵੇ, ਜਾਂ ਉਸ ਦੇ ਕਾਜਕਾਰ ਨਿਭਾ ਰਿਹਾ ਹੋਵੇ, ਰਾਸ਼ਟਰਪਤੀ ਦੀਆਂ ਸਭਾ ਸ਼ਕਤੀਆਂ ਅਤੇ ਉਨਮੁਕਤੀਆਂ ਪ੍ਰਾਪਤ ਹੋਣਗੀਆਂ ਅਤੇ ਉਹ ਉਨ੍ਹਾਂ ਉਪਲਭਤਾਂ, ਭੱਤਿਆਂ

Ministry of Law & Justice

ਅਤੇ ਵਿਸ਼ੇਸ਼-ਅਧਿਕਾਰਾਂ ਦਾ ਜੋ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ, ਜਦ ਤੱਕ ਉਸ ਨਮਿਤ ਇਸ ਤਰ੍ਹਾਂ ਉਪਬੰਧ ਨ ਕੀਤਾ ਜਾਵੇ, ਉਨ੍ਹਾਂ ਉਪਲਭਤਾਂ, ਭੱਤਿਆਂ ਅਤੇ ਵਿਸ਼ੇਸ-ਅਧਿਕਾਰਾਂ ਦਾ, ਜੋ ਦੂਜੀ ਅਨੁਸੂਚੀ ਵਿਚ ਉਲਿਖਤ ਹਨ, ਹੱਕਦਾਰ ਹੋਵੇਗਾ।

ਉਪ-ਰਾਸ਼ਟਰਪਤੀ ਦੀ ਚੋਣ।

66.(1) ਉਪ-ਰਾਸ਼ਟਰਪਤੀ [5][ਸੰਸਦ ਦੇ ਦੋਹਾਂ ਸਦਨਾਂ ਦੇ ਮੈਂਬਰਾਂ ਤੋਂ ਮਿਲ ਕੇ ਬਣੇ ਚੋਣਕਾਰ ਮੰਡਲ ਦੇ ਮੈਂਬਰਾਂ] ਦੁਆਰਾ ਅਨੁਪਾਤੀ ਪ੍ਰਤੀਨਿਧਤਾ ਦੇ ਕਾਇਦੇ ਦੀ ਅਨੁਸਾਰਤਾ ਵਿਚ ਇਕਹਿਰੀ ਬਦਲੀ-ਯੋਗ ਵੋਟ ਨਾਲ ਚੁਣਿਆ ਜਾਵੇਗਾ ਅਤੇ ਅਜਿਹੇ ਚੋਣ ਵਿਚ ਵੋਟ ਗੁਪਤ ਪਰਚੀ ਦੁਆਰਾ ਦਿੱਤੀ ਜਾਵੇਗੀ।

(2) ਉਪ-ਰਾਸ਼ਟਰਪਤੀ ਸੰਸਦ ਦੇ ਦੋਹਾਂ ਸਦਨਾਂ ਵਿਚੋਂ ਕਿਸੇ ਦਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ, ਮੈਂਬਰ ਨਹੀਂ ਹੋਵੇਗਾ, ਅਤੇ, ਜੇ ਸੰਸਦ ਦੇ ਕਿਸੇ ਸਦਨ ਦਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਕੋਈ ਮੈਂਬਰ ਉਪ-ਰਾਸ਼ਟਰਪਤੀ ਚੁਣਿਆ ਜਾਵੇ, ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਉਸ ਸਦਨ ਦੀ ਆਪਣੀ ਥਾਂ ਉਪ-ਰਾਸ਼ਟਰਪਤੀ ਵਜੋਂ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਖ਼ਾਲੀ ਕਰ ਦਿੱਤੀ ਹੈ।

(3) ਕੋਈ ਵਿਅਕਤੀ ਉਪ-ਰਾਸ਼ਟਰਪਤੀ ਚੁਣੇ ਜਾਣ ਲਈ ਪਾਤਰ ਨਹੀਂ ਹੋਵੇਗਾ ਜੇਕਰ ਉਹ–

(ੳ) ਭਾਰਤ ਦਾ ਨਾਗਰਿਕ ਨ ਹੋਵੇ ;

(ਅ) ਪੈਂਤੀ ਸਾਲ ਦੀ ਉਮਰ ਪੂਰੀ ਨ ਕਰ ਚੁੱਕਾ ਹੋਵੇ ; ਅਤੇ

(ੲ) ਰਾਜ-ਸਭਾ ਦਾ ਮੈਂਬਰ ਚੁਣੇ ਜਾਣ ਲਈ ਕਾਬਲ ਨ ਹੋਵੇ।

---

[5] ਸੰਵਿਧਾਨ (ਗਿਯਾਰ੍ਹਵੀਂ ਸੋਧ) ਐਕਟ, 1961, ਧਾਰਾ 2 ਦੁਆਰਾ "ਸੰਯੁਕਤ ਇਕੱਤਰਤਾ ਵਿਚ ਇਕੱਠੇ ਹੋਏ ਸੰਸਦ ਦੇ ਦੋਹਾਂ ਸਦਨਾਂ ਦੇ ਮੈਂਬਰਾਂ" ਦੀ ਥਾਂਵੇ ਰੱਖੇ ਗਏ।



Ministry of Law & Justice

(4) ਕੋਈ ਵਿਅਕਤੀ  ਜੇ ਉਸ ਨੇ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਜਾਂ ਉਕਤ ਸਰਕਾਰਾਂ ਵਿਚੋਂ ਕਿਸੇ ਦੇ ਨਿਯੰਤਰਨ ਦੇ ਤਾਬੇ ਕਿਸੇ ਸਥਾਨਕ ਜਾਂ ਹੋਰ ਸੱਤਾਧਾਰੀ ਦੇ ਅਧੀਨ ਕੋਈ ਲਾਭ ਦਾ ਅਹੁਦਾ ਧਾਰਨ ਕੀਤਾ ਹੋਇਆ ਹੋਵੇ, ਉਪ-ਰਾਸ਼ਟਰਪਤੀ ਚੁਣੇ ਜਾਣ ਲਈ ਪਾਤਰ ਨਹੀਂ ਹੋਵੇਗਾ ।

ਵਿਆਖਿਆ :- ਇਸ ਅਨੁਛੇਦ ਦੇ ਪ੍ਰਯੋਜਨਾਂ ਲਈ ਕੋਈ ਵਿਅਕਤੀ ਕੇਵਲ ਇਸ ਕਾਰਨ ਤੋਂ ਕੋਈ ਲਾਭ ਦਾ ਅਹੁਦਾ ਧਾਰਨ ਕਰਦਾ ਨਹੀਂ ਸਮਝਿਆ ਜਾਵੇਗਾ ਕਿ ਉਹ ਸੰਘ  ਦਾ  ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਜਾਂ ਕਿਸੇ ਰਾਜ ਦਾ ਰਾਜਪਾਲ [6] * * * *ਹੈ ਜਾਂ ਸੰਘ ਦਾ ਜਾਂ ਕਿਸੇ ਰਾਜ ਦਾ ਮੰਤਰੀ ਹੈ ।

ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਅਉਧ ।

67. ਉਪ-ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋ ਪੰਜ-ਸਾਲ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ :

ਪਰੰਤੂ–

(ੳ)ਉਪ-ਰਾਸ਼ਟਰਪਤੀ, ਰਾਸ਼ਟਰਪਤੀ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ;

(ਅ) ਉਪ-ਰਾਸ਼ਟਰਪਤੀ ਰਾਜਸਭਾ ਦੇ ਅਜਿਹੇ ਮਤੇ ਦੁਆਰਾ  ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ ਜਿਸ ਨੂੰ ਰਾਜ-ਸਭਾ ਦੇ ਉਸ ਸਮੇਂ ਦੇ ਸਾਰੇ ਮੈਂਬਰਾਂ ਦੀ ਬਹੁ-ਸੰਮਤੀ ਨੇ ਪਾਸ ਕੀਤਾ ਹੋਵੇ ਅਤੇ ਜਿਸ ਨਾਲ ਲੋਕ ਸਭਾ ਸਹਿਮਤ ਹੋ ਗਈ ਹੋਵੇ ; ਪਰ ਇਸ ਖੰਡ  ਦੇ ਪ੍ਰਯੋਜਨ ਲਈ ਕੋਈ ਵੀ ਮਤਾ ਪੇਸ਼ ਨਹੀਂ ਕੀਤਾ ਜਾਵੇਗਾ ਜੇਕਰ ਉਸ ਮਤੇ ਨੂੰ ਪੇਸ਼ ਕਰਨ ਦੇ ਇਰਾਦੇ ਦਾ ਘੱਟ ਤੋਂ ਘੱਟ ਚੋਦਾਂ ਦਿਨਾਂ ਦਾ ਨੋਟਿਸ ਨ ਦਿੱਤਾ ਗਿਆ ਹੋਵੇ ;

[6] ਸ਼ਬਦ "ਜਾਂ ਰਾਜਪ੍ਰਮੁਖ ਜਾਂ ਉਪ-ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956  ਧਾਰਾ 29 ਅਤੇ ਅਨੁਸੂਚੀ ਦੁਆਰਾ  ਲੋਪ ਕਰ ਦਿੱਤੇ ਗਏ ।

Ministry of Law & Justice

(ਇ) ਉਪ-ਰਾਸ਼ਟਰਪਤੀ, ਆਪਣੇ ਅਹੁਦੇ ਦੀ ਅਉਧ ਗੁਜਰ ਜਾਣ ਤੇ ਵੀ ਜਦ ਤੱਕ ਉਸ ਦਾ ਉਤੱਰ-ਅਧਿਕਾਰੀ ਆਪਣਾ ਅਹੁਦਾ ਨ ਸੰਭਾਲ ਲਵੇ ਅਹੁਦਾ ਧਾਰਨ ਕਰੀ ਰੱਖੇਗਾ ।

**ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਖ਼ਾਲੀ ਥਾਂ ਨੂੰ ਭਰਨ ਲਈ ਚੋਣ ਕਰਨ ਦਾ ਸਮਾਂ ਅਤੇ ਇਤਫ਼ਾਕੀਆਂ ਖ਼ਾਲੀ ਥਾਂ ਭਰਨ ਲਈ ਚੁਣੇ ਵਿਅਕਤੀ ਦੇ ਅਹੁਦੇ ਦੀ ਅਉਧ ।**

68(1) ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਅਉਧ ਗੁਜ਼ਰਨਰ ਨਾਲ ਖ਼ਾਲੀ ਹੋਈ ਥਾਂ ਨੂੰ ਭਰਨ ਲਈ ਚੋਣ ਉਸ  ਅਉਧ ਦੇ ਗੁਜ਼ਰਨ ਤੋਂ ਪਹਿਲਾਂ ਹੀ ਪੂਰੀ ਕਰ ਲਈ ਜਾਵੇਗੀ ।

(2) ਉਪ-ਰਾਸ਼ਟਰਪਤੀ  ਦੀ ਮੌਤ, ਅਸਤੀਫੇ ਜਾਂ ਹਟਾਏ ਜਾਣ ਕਾਰਨ ਜਾਂ ਹੋਰਵੇਂ ਖ਼ਾਲੀ ਹੋਈ ਉਸ ਦੇ ਅਹੁਦੇ ਦੀ ਥਾਂ ਨੂੰ ਭਰਨ ਲਈ ਚੋਣ ਥਾਂ ਖ਼ਾਲੀ ਹੋਣ ਪਿੱਛੋਂ ਜਿੰਨੀ ਛੇਤੀ ਸੰਭਵ ਹੋਵੇ ਕੀਤੀ ਜਾਵੇਗੀ, ਅਤੇ ਖ਼ਾਲੀ ਥਾਂ ਭਰਨ ਲਈ ਚੁਣਿਆ ਗਿਆ ਵਿਅਕਤੀ ਅਨੁਛੇਦ 67 ਦੇ ਉਪਬੰਧਾਂ ਦੇ ਤਾਬੇ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਪੂਰੀ ਅਉਧ ਲਈ ਅਹੁਦਾ ਧਾਰਨ ਕਰਨ ਦਾ ਹੱਕਦਾਰ ਹੋਵੇਗਾ ।

**ਉਪ-ਰਾਸ਼ਟਰਪਤੀ ਦੀ ਸੰਹੁ ਜਾਂ ਪ੍ਰਤਿਗਿਆ ।**

69. ਹਰਿਕ ਉਪ-ਰਾਸ਼ਟਰਪਤੀ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਸ਼ਟਰਪਤੀ, ਜਾਂ ਉਸ ਦੁਆਰਾ ਉਸ ਨਮਿਤ ਨਿਯੁਕਤ ਕਿਸੇ ਵਿਅਕਤੀ ਅੱਗੇ ਹੇਠ-ਲਿਖੇ ਫਾਰਮ ਵਿਚ ਸੰਹੁ ਚੁਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ, ਅਰਥਾਤ–

"ਮੈਂ    ੳ.ਅ.  ਈਸ਼ਵਰ ਦੀ ਸੰਹੁ ਚੁੱਕਦਾਂ ਹੈ<br>
ਸੱਚੇ ਦਿਲੋ ਪ੍ਰਤਿਗਿਆ ਕਰਦਾ ਹਾਂ<br>
ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰਖਾਂਗਾ ਅਤੇ ਜਿਸ ਅਹੁਦੇ ਨੂੰ ਮੈਂ ਸੰਭਾਲਣ ਵਾਲਾ ਹਾਂ ਉਸ ਦੇ ਕਰਤੱਵਾਂ ਨੂੰ ਵਫਾਦਾਰੀ ਨਾਲ ਨਿਭਾਵਾਂਗਾ ।"

**ਹੋਰ ਅਚਾਨਕਤਾਵਾਂ ਵਿਚ**

70. ਸੰਸਦ ਇਸ ਅਧਿਆਏ ਵਿਚ ਉਪਬੰਧਤ ਨ ਕੀਤੀ ਹੋਈ ਕਿਸੇ ਅਚਾਨਕਤਾ ਵਿਚ ਰਾਸ਼ਟਰਪਤੀ ਦੇ ਕਾਜਕਾਰ ਨਿਭਾਉਣ ਲਈ ਅਜਿਹਾ

Ministry of Law & Justice

ਰਾਸ਼ਟਰਪਤੀ ਦੇ ਕਾਜਕਾਰ ਦਾ ਨਿਭਾਉਣਆ । ਉਪਬੰਧ ਬਣਾ ਸਕੇਗੀ ਜਿਹਾ ਉਹ ਉਚਿਤ ਸਮਝੇ ।

ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਦੀ ਚੋਣ ਸੰਬੰਧੀ ਜਾਂ ਉਸ ਦੇ ਮੁਤੱਲਕ ਮਾਮਲੇ ।

[7]71. (1) ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਦੀ ਚੋਣ ਤੋਂ ਉਤਪੰਨ ਜਾਂ ਮੁਤੱਲਕ ਸਭ (ਸ਼ੰਕਾਵਾਂ) ਅਤੇ ਝਗੜਿਆਂ ਦੀ ਜਾਂਚ ਅਤੇ ਫ਼ੈਸਲੇ ਸਰਬ-ਉੱਚ ਅਦਾਲਤ ਦੁਆਰਾ ਕੀਤਾ ਜਾਣਗੇ ਅਤੇ ਉਸ ਦਾ ਫੈਸਲਾ ਅੰਤਮ ਹੋਵੇਗਾ ।

(2) ਜੇ ਸਰਬ-ਉੱਚ ਅਦਾਲਤ ਦੁਆਰਾ ਕਿਸੇ ਵਿਅਕਤੀ ਦੀ ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਦੇ ਰੂਪ ਵਿਚ ਚੋਣ ਨੂੰ ਸੁੰਨ ਐਲਾਨਿਆ ਗਿਆ ਹੈ, ਤਾਂ ਉਸ ਦੁਆਰਾ, ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ, ਜਿਹੀ ਕੀ ਸੂਰਤ ਹੋਵੇ, ਦੇ ਅਹੁੱਦੇ ਦੀਆਂ ਸ਼ਕਤੀਆਂ ਦੀ ਵਰਤੋਂ ਅਤੇ ਕਰੱਤਵਾਂ ਦਾ ਪਾਲਣ ਵਿਚ ਸਰਬ-ਉੱਚ ਅਦਾਲਤ ਦੇ ਫੈਸਲੇ ਦੀ ਤਰੀਕ ਨੂੰ ਉਸ ਤੋਂ ਪਹਿਲਾਂ ਕੀਤੇ ਗਏ ਕਾਰਜ ਉਸ ਐਲਾਨ ਦੇ ਕਾਰਣ ਨਾਜਾਇਜ਼ ਨਹੀਂ ਹੋਣਗੇ ।

(3) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਦੀ ਚੋਣ ਸੰਬੰਧੀ ਜਾਂ ਉਸ ਦੇ ਮੁਤੱਲਕ ਕਿਸੇ ਮਾਮਲੇ ਦਾ ਵਿਨਿਯਮਨ ਸੰਸਦ ਕਾਨੂੰਨ ਦੁਆਰਾ ਕਰ ਸਕੇਗੀ ।

(4) ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਦੇ ਰੂਪ ਵਿਚ ਕਿਸੇ ਵਿਅਕਤੀ ਦੀ ਚੋਣ ਨੂੰ ਉਸ ਦੀ ਚੋਣ ਕਰਨ ਵਾਲੇ ਚੋਣਕਾਰ ਮੰਡਲ ਦੇ ਮੈਂਬਰਾਂ ਵਿਚੋਂ ਕਿਸੇ ਵੀ ਕਾਰਣ ਕਰਕੇ ਮੌਜੂਦ ਖ਼ਾਲੀ ਥਾਂ ਦੇ ਅਧਾਰ ਤੇ ਉਜ਼ਰ ਨਹੀਂ ਕੀਤਾ ਜਾਵੇਗਾ ।

[7] ਅਨੁਛੇਦ 71, ਸੰਵਿਧਾਨ (ਉਨਤਾਲਵੀਂ ਸੋਧ) ਐਕਟ, 1975 ਦੀ ਧਾਰਾ 2 ਦੁਆਰਾ (10.08.1975 ਤੋਂ ਪ੍ਰਭਾਵੀ) ਅਤੇ ਉਸ ਤੋਂ ਪਿੱਛੋਂ ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 10 ਦੁਆਰਾ (20.06.1979 ਤੋਂ ਪ੍ਰਭਾਵੀ) ਸੋਧਿਆ ਹੋਣ ਕਰਕੇ ਉਪਰੋਕਤ ਰੂਪ ਵਿਚ ਸਿਲਸਿਲੇਵਾਰ ਰੱਖਿਆ ਗਿਆ ।

**ਕੁਝ ਕੁ ਸੂਰਤਾਂ ਵਿਚ ਰਾਸ਼ਟਰਪਤੀ ਦੀ ਮਾਫੀਆਂ, ਅਦਿ ਦੇਣ ਅਤੇ ਦੰਡਾਂ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ ਸ਼ਕਤੀ ।**

72.(1) ਰਾਸ਼ਟਰਪਤੀ ਨੂੰ ਮਾਫੀਆਂ, ਮੁਹਲਤ, ਸਹੁਲਤਾਂ ਦੇਣ ਜਾਂ ਸਜ਼ਾ ਵਿਚ ਛੋਟਾਂ ਕਰਨ ਦੀ ਜਾਂ ਕਿਸੇ ਅਪਰਾਧ ਲਈ ਸਿੱਧ-ਦੋਸ਼ ਕਿਸੇ ਵਿਅਕਤੀ ਦੇ ਦੰਡ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ–

(ੳ) ਉਨ੍ਹਾਂ ਸਭ ਸੂਰਤਾਂ ਵਿਚ ਜਿਥੇ ਸਜ਼ਾ ਜਾਂ ਦੰਡ ਫ਼ੌਜੀ ਅਦਾਲਤ ਵਲੋਂ ਹੋਵੇ ;

(ਅ) ਉਨ੍ਹਾਂ ਸਭ ਸੂਰਤਾਂ ਵਿਚ ਜਿੱਥੇ ਸਜਾਂ ਜਾਂ ਦੰਡ ਅਜਿਹੇ ਮਾਮਲੇ ਸੰਬੰਧੀ ਕਿਸੇ ਕਾਨੂੰਨ ਦੇ ਖਿਲਾਫ ਕਿਸੇ ਅਪਰਾਧ ਲਈ ਹੋਵੇ ਜਿਸ ਮਾਮਲੇ ਤੱਕ ਸੰਘ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਹੈ ;

(ਇ) ਉਨ੍ਹਾਂ ਸਭਾ ਸੂਰਤਾਂ ਵਿਚ ਜਿਥੇ ਦੰਡ ਮੌਤ ਦਾ ਦੰਡ ਹੋਵੇ ;

ਸ਼ਕਤੀ ਹੋਵੇਗੀ ।

(2) ਖੰਡ (1) ਕੇ ਉਪ-ਖੰਡ (ੳ)ਦੀ ਕੋਈ ਗੱਲ ਸੰਘ ਦੀ ਸ਼ਸਤਰਧਾਰੀ ਸੈਨਾ ਦੇ ਕਿਸੇ ਅਫਸਰ ਨੂੰ ਕਿਸੇ ਫ਼ੌਜੀ ਅਦਾਲਤ ਦੁਆਰਾ ਦਿੱਤੇ ਗਏ ਦੰਡ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਸ਼ਕਤੀ ਤੇ ਪ੍ਰਭਾਵ ਨਹੀਂ ਪਾਵੇਗੀ ।

(3) ਖੰਡ (1) ਦੇ ਉਪ-ਖੰਡ (ਇ) ਦੀ ਕੋਈ ਗੱਲ ਤਤਸਮੇਂਨਾਫ਼ਜ਼ ਕਿਸੇ ਕਾਨੂੰਨ ਦੇ ਅਧੀਨ ਕਿਸੇ ਰਾਜ ਦੇ ਰਾਜਪਾਲ[8] * ** ਦੁਆਰਾ ਵਰਤੀ ਜਾ ਸਕਣ ਵਾਲੀ ਕਿਸੇ ਮੌਤ ਦੇ ਦੰਡ ਨੂੰ ਮੁਅੱਤਲ ਕਰਨ ਜਾਂ ਛੋਟਾਉਣ ਜਾਂ ਨਰਮਾਉਣ ਦੀ ਸ਼ਕਤੀ ਤੇ ਪ੍ਰਭਾਵ ਨਹੀਂ ਪਾਵੇਗੀ ।

**ਸੰਘ ਦੀ ਕਾਰਪਾਲਕ ਸ਼ਕਤੀ ਦਾ**

73.(1) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਸੰਘ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ–

[8] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਘਾਨ (ਸੱਤਵੀਂ ਸੋਧ) ਐਕਟ 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

Ministry of Law & Justice

ਵਿਸਤਾਰ। (ੳ) ਜਿਨ੍ਹਾਂ ਮਾਮਲਿਆਂ ਬਾਰੇ ਸੰਸਦ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ ਉਨ੍ਹਾਂ ਤੱਕ ;ਅਤੇ

(ਅ) ਅਜਿਹੇ ਅਧਿਕਾਰਾ, ਸੱਤਾ ਅਤੇ ਅਧਿਕਾਰਤਾ, ਜੋ ਭਾਰਤ ਸਰਕਾਰ ਦੁਆਰਾ ਕਿਸੇ ਸੰਧੀ ਜਾਂ ਕਰਾਰ ਦੇ ਆਧਾਰ ਤੇ ਵਰਤੋਯੋਗ ਹੋਣ ਦੀ ਵਰਤੋਂ ਤੱਕ ;

ਹੋਵੇਗਾ :

ਪਰੰਤੂ ਇਸ ਸੰਵਿਧਾਨ ਵਿਚ ਜਾਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਵਿਚ ਸਪਸ਼ਟ ਤੌਰ ਤੇ ਉਪਬੰਧਤ ਨੂੰ ਛੱਡ ਕੇ, ਉਪ-ਖੰਡ (ੳ)ਵਿਚ ਹਵਾਲਾ ਦਿੱਤੀ ਕਾਰਜਪਾਲਕ ਸ਼ਕਤੀ ਕਿਸੇ ਰਾਜ [9] * * * ਵਿਚ ਅਜਿਹੇ ਮਾਮਲਿਆਂ ਤੱਕ ਵਿਸਤਰਿਤ ਨਹੀਂ ਹੋਵੇਗੀ ਜਿਨ੍ਹਾਂ ਬਾਰੇ ਉਸ ਰਾਜ ਦੇ ਵਿਧਾਨ-ਮੰਡਲ ਨੂੰ ਵੀ ਕਾਨੂੰਨ ਬਣਾਉਣ ਦੀ ਸ਼ਕਤੀ ਹੈ ।

(2) ਜਦ ਤੱਕ ਸੰਸਦ ਹੋਰਵੇਂ ਉਪਬੰਧ ਨ ਕਰੇ, ਇਸ ਅਨੁਛੇਦ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਰਾਜ ਅਤੇ ਕਿਸੇ ਰਾਜ ਦੇ ਕੋਈ ਅਫਸਰ ਜਾਂ ਸੱਤਾਧਾਰੀ ਉਨ੍ਹਾਂ ਮਾਮਲਿਆਂ ਵਿਚ ਜਿਨ੍ਹਾਂ ਬਾਰੇ ਸੰਸਦ ਨੂੰ ਉਸ ਰਾਜ ਲਈ ਕਾਨੂੰਨ ਬਣਾਉਣ ਦੀ ਸ਼ਕਤੀ ਹੈ ਉਸ ਕਾਰਜਪਾਲਕ ਸ਼ਕਤੀ ਦੀ ਜਾਂ ਕਾਜਕਾਰ ਦੀ ਵਰਤੋਂ ਕਰਦਾ ਰਹਿ ਸਕਦਾ ਹੈ ਜੋ ਉਹ ਰਾਜ ਜਾਂ ਉਸ ਦਾ ਅਫਸਰ ਜਾਂ ਸੱਤਾਧਾਰੀ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਕਰ ਸਕਦਾ ਸੀ ।

## ਮੰਤਰੀ ਪਰਿਸ਼ਦ

ਰਾਸ਼ਟਰਪਤੀ ਨੂੰ ਸਹਾਇਤਾ ਅਤੇ 74. [10][(1) ਰਾਸ਼ਟਰਪਤੀ ਨੂੰ ਸਾਇਤਾ ਅਤੇ ਸਲਾਹ ਦੇਣ ਲਈ ਇਕ ਮੰਤਰੀ-ਪਰਿਸ਼ਦ ਹੋਵੇਗੀ ਜਿਸ ਦਾ ਮੁੱਖੀ, ਪ੍ਰਧਾਨ ਮੰਤਰੀ ਹੋਵੇਗਾ ਅਤੇ

[9] ਸ਼ਬਦ ਅਤੇ ਅਖਰ "ਪਹਿਲੀ ਅਨੁਸੂਚੀ ਦੇ ਭਾਗ ਉ ਜਾ ਭਾਗ ਅ ਵਿਚ ਉਲਿਖਤ" ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[10] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 13 ਦੁਆਰਾ (03.01.1977 ਤੋਂ ਪ੍ਰਭਾਵੀ ) ਖੰਡ (1) ਦੀ ਥਾਂਵੇ ਰਖਿਆ ਗਿਆ ।

**ਸਲਾਹ ਦੇਣ ਲਈ ਮੰਤਰੀ ਪਰਿਸ਼ਦ ।**

ਰਾਸ਼ਟਰਪਤੀ ਦੇ ਕਾਜਕਾਰ ਨਜਿੱਠਣ ਵਿਚ, ਅਜਿਹੀ ਸਲਾਹ ਦੀ ਅਨੁਸਾਰਤਾ ਵਿਚ ਕਾਰਜ ਕਰੇਗਾ

[11][ਪਰੰਤੂ ਰਾਸ਼ਟਰਪਤੀ ਮੰਤਰੀ-ਪਰਿਸ਼ਦ ਨੂੰ ਅਜਿਹੀ ਸਲਾਹ ਤੇ ਜਾਂ ਤਾਂ ਸਧਾਰਨ ਤੌਰ ਤੇ ਜਾਂ ਹੋਰਵੇਂ ਮੁੜ-ਵਿਚਾਰ ਕਰਨ ਦੀ ਆਗਿਆ ਕਰ ਸਕੇਗਾ ਅਤੇ ਰਾਸ਼ਟਰਪਤੀ ਅਜਿਹੇ ਮੁੜ-ਵਿਚਾਰ ਪਿੱਛੋਂ ਦਿੱਤੀ ਗਈ ਸਲਾਹ ਦੀ ਅਨੁਸਾਰਤਾ ਵਿਚ ਕਾਰਜ ਕਰੇਗਾ ।]

(2) ਕੀ ਮੰਤਰੀਆਂ ਨੇ ਰਾਸ਼ਟਰਪਤੀ ਨੂੰ ਕੋਈ ਸਲਾਹ ਦਿੱਤੀ, ਅਤੇ ਜੇ ਦਿੱਤੀ ਤਾਂ ਕੀ ਦਿੱਤੀ, ਇਸ ਸਵਾਲ ਦੀ ਕਿਸੇ ਅਦਾਲਤ ਵਿਚ ਜਾਂਚ ਨਹੀਂ ਕੀਤੀ ਜਾਵੇਗੀ ।

**ਮੰਤਰੀਆਂ ਬਾਬਤ ਹੋਰ ਉਪਬੰਧ ।**

75(1) ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਕਰੇਗਾ ਅਤੇ ਹੋਰ ਮੰਤਰੀਆਂ ਦੀ ਨਿਯੁਕਤੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦੀ ਸਲਾਹ ਤੇ ਕਰੇਗਾ ।

**[**[12](1) (ੳ) ਮੰਤਰੀ ਪਰਿਸ਼ਦ ਵਿਚ ਪ੍ਰਧਾਨ ਮੰਤਰੀ ਸਮੇਤ ਮੰਤਰੀਆਂ ਦੀ ਕੁੱਲ ਗਿਣਤੀ ਲੋਕ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦੀ ਪੰਦਰਾ ਪ੍ਰਤਿਸ਼ਤ ਤੋਂ ਵੱਧ ਨਹੀਂ ਹੋਵੇਗੀ ।

(1ਅ) ਕਿਸੇ ਰਾਜਨੀਤੱਕ ਪਾਰਟੀ ਦਾ ਸੰਸਦ ਦੇ ਕਿਸੇ ਸਦਨ ਦਾ ਕੋਈ ਮੈਂਬਰ, ਜੋ ਦਸਵੀਂ ਅਨੁਸੂਚੀ ਦੇ ਪੈਰਾ 2 ਦੇ ਅਧੀਨ ਉਸ ਸਦਨ ਦਾ ਮੈਂਬਰ ਹੋਣ ਤੋਂ ਨਾਕਾਬਲ ਹੋ ਗਿਆ ਹੈ, ਆਪਣੀ ਨਾਕਾਬਲਤਾ ਦੀ ਤਰੀਕ ਤੋਂ ਅਰੰਭ ਹੋਣ ਵਾਲੀ ਅਤੇ ਉਸ ਤਰੀਕ ਤੱਕ ਜਿਸ ਨੂੰ ਅਜਿਹੇ ਮੈਂਬਰ ਦੇ ਰੂਪ ਵਿਚ ਉਸ ਦੇ ਅਹੁੱਦੇ ਦੀ ਅਉਧ ਗੁਜ਼ਰੇਗੀ ਜਾਂ ਜਿੱਥੇ ਅਜਿਹੀ ਮੁਦੱਤ ਦੇ ਗੁਜ਼ਰਨ ਤੋਂ ਪਹਿਲਾਂ ਸੰਸਦ ਦੇ ਕਿਸੇ ਸਦਨ ਦੇ ਲਈ ਚੋਣ ਲੜਦਾ ਹੈ, ਉਸ ਤਰੀਕ ਤੱਕ ਜਿਸ ਨੂੰ ਉਹ ਚੁਣਿਆ ਐਲਾਨਿਆ ਗਿਆ ਹੈ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇਗੀ, ਦੀ ਮੁਦੱਤ ਦੇ ਦੌਰਾਨ, ਖੰਡ (1) ਦੇ ਅਧੀਨ

Ministry of Law & Justice

---

[11] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 11 ਦੁਆਰਾ (20.06.1979 ਤੋਂ ਪ੍ਰਭਾਵੀ) ਅੰਤਰਸਥਾਪਤ ।

[12] ਸੰਵਿਧਾਨ (ਇਕਾਨਵੇਂਵੀ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਅੰਤਰਸਥਾਪਤ ।

ਮੰਤਰੀ ਦੇ ਰੂਪ ਵਿਚ ਨਿਯੁਕਤ ਕਿਤੇ ਜਾਣ ਦੇ ਲਈ ਵੀ ਨਾਕਾਬਲ ਹੋਵੇਗਾ ।]

(2) ਮੰਤਰੀ ਰਾਸ਼ਟਰਪਤੀ ਦੀ ਪ੍ਰਸੰਨਤਾ ਪ੍ਰਯੰਤ ਅਹੁਦਾ ਧਾਰਨ ਕਰਨਗੇ ।

(3) ਮੰਤਰੀ-ਪਰਿਸ਼ਦ ਲੋਕ ਸਭਾ ਅੱਗੇ ਸਮੂਹਕ ਤੌਰ ਤੇ ਉਤੱਰਦਾਈ ਹੋਵੇਗੀ ।

(4) ਕਿਸੇ ਮੰਤਰੀ ਦੇ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ, ਰਾਸ਼ਟਰਪਤੀ ਉਸ ਤੋਂ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮਾਂ ਦੇ ਅਨੁਸਾਰ ਅਹੁਦੇ ਅਤੇ ਗੋਪਤਾ ਦੀਆਂ ਸੰਹੁਆਂ ਚੁਕਵਾਏਗਾ ।

(5) ਕੋਈ ਮੰਤਰੀ ਜੋ ਲਗਾਤਾਰ ਛੇ ਮਹੀਨੇ ਦੀ ਕਿਸੇ ਮੁੱਦਤ ਲਈ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨ ਰਹੇ ਉਸ ਮੁੱਦਤ ਦੇ ਗੁਜ਼ਰਨਰ ਤੇ ਮੰਤਰੀ ਨਹੀਂ ਰਹੇਗਾ ।

(6) ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਅਜਿਹੇ ਹੋਣਗੇ ਜਿਹੇ ਸੰਸਦ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਤੈਅ ਕਰੇ ਅਤੇ, ਜਦ ਤੱਕ ਸੰਸਦ ਇਸ ਤਰ੍ਹਾਂ ਤੈਅ ਨ ਕਰੇ, ਅਜਿਹੇ ਹੋਣਗੇ ਜਿਹੇ ਦੂਜੀ ਅਨੁਸੂਚੀ ਵਿਚ ਉਲਿਖਤ ਹਨ ।

**ਭਾਰਤ ਦਾ ਅਟਾਰਨੀ ਜਨਰਲ**

ਭਾਰਤ ਦਾ ਅਟਾਰਨੀ ਜਨਰਲ ।

76(1) ਰਾਸ਼ਟਰਪਤੀ ਸਰਵ-ਉੱਚ ਅਦਾਲਤ ਦਾ ਜੱਜ ਨਿਯੁਕਤ ਹੋਣ ਦੇ ਕਾਬਲ ਕਿਸੇ ਵਿਅਕਤੀ ਨੂੰ ਭਾਰਤ ਦਾ ਅਟਾਰਨੀ ਜਨਰਲ ਨਿਯੁਕਤ ਕਰੇਗਾ ।

(2) ਅਟਾਰਨੀ ਜਨਰਲ ਦਾ ਕਰਤੱਵ ਹੋਵੇਗਾ ਕਿ ਉਹ ਭਾਰਤ ਸਰਕਾਰ ਨੂੰ ਅਜਿਹੇ ਕਾਨੂੰਨੀ ਮਾਮਲਿਆਂ ਤੇ ਸਲਾਹ ਦੇਵੇ, ਅਤੇ ਕਿਸੇ ਕਾਨੂੰਨੀ



Ministry of Law & Justice

ਪ੍ਰਕਿਰਤੀ ਦੇ ਅਜਿਹੇ ਹੋਰ ਕਰਤੱਵ ਦਾ ਪਾਲਣ ਕਰੇ, ਜਿਹੇ ਉਸ ਨੂੰ ਰਾਸ਼ਟਰਪਤੀ ਦੁਆਰਾ ਸਮੇਂ ਸਮੇਂ ਤੇ ਹਵਾਲੇ ਕੀਤੇ ਜਾਂ ਸੌਂਪੇ ਜਾਣ ਅਤੇ ਉਹ ਕਾਜਕਾਰ ਨਿਭਾਵੇ ਜੋ ਉਸ ਨੂੰ ਇਸ ਸੰਵਿਧਾਨ ਜਾਂ ਤਤ-ਸਮੇਂਨਾਫ਼ਜ਼ ਕਿਸੇ ਹੋਰ ਕਾਨੂੰਨ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੇ ਗਏ ਹੋਣ ।

(3) ਆਪਣੇ ਕਰਤੱਵਾਂ ਦੇ ਪਾਲਣ ਵਿਚ ਅਟਾਰਨੀ ਜਨਰਲ ਨੂੰ ਭਾਰਤ ਰਾਜਖੇਤਰ ਵਿਚਲੀਆਂ ਸਭ ਅਦਾਲਤਾਂ ਵਿਚ ਸੁਣਵਾਈ ਦਾ ਅਧਿਕਾਰ ਹੋਵੇਗਾ ।

(4) ਅਟਾਰਨੀ ਜਨਰਲ ਰਾਸ਼ਟਰਪਤੀ ਦੀ ਪ੍ਰਸੰਨਤਾ ਪਰਯੰਤ ਅਹੁਦਾ ਧਾਰਨ ਕਰੇਗਾ, ਅਤੇ ਅਜਿਹਾ ਮਿਹਨਤਾਨਾ ਪ੍ਰਾਪਤ ਕਰੇਗਾ ਜਿਹਾ ਰਾਸ਼ਟਰਪਤੀ ਤੈਅ ਕਰੇ ।

## ਸਰਕਾਰ ਦੇ ਕਾਰਜ ਦਾ ਸੰਚਾਲਣ

ਭਾਰਤ ਸਰਕਾਰ ਦੇ ਕਾਰਜ ਦਾ ਸੰਲਾਚਣ ।

77.(1) ਭਾਰਤ ਸਰਕਾਰ ਦੀ ਸਾਰੀ ਕਾਰਜਪਾਲਕ ਕਾਰਵਾਈ ਰਾਸ਼ਟਰਪਤੀ ਦੇ ਨਾਂ ਵਿਚ ਕੀਤੀ ਜਾਈ ਪ੍ਰਗਟ ਕੀਤੀ ਜਾਵੇਗੀ ।

(2) ਰਾਸ਼ਟਰਪਤੀ ਦੇ ਨਾਂ ਵਿਚ ਦਿੱਤੇ ਗਏ ਅਤੇ ਨਿਸ਼ਪਾਦਤ ਹੁਕਮਾਂ ਅਤੇ ਹੋਰ ਲਿਖਤਾਂ ਨੂੰ ਉਸ ਢੰਗ ਨਾਲ ਪ੍ਰਮਾਣੀਕ ਕੀਤਾ ਜਾਵੇਗਾ ਜੋ ਰਾਸ਼ਟਰਪਤੀ ਦੁਆਰਾ ਬਣਾਏ ਜਾਣ ਵਾਲੇ [13]ਨਿਯਮਾਂ ਵਿਚ ਉਲਿਖਤ ਹੋਵੇ, ਅਤੇ ਇਸ ਤਰ੍ਹਾਂ ਪ੍ਰਮਾਣੀਕ ਕੀਤੇ ਕਿਸੇ ਹੁਕਮ ਜਾਂ ਲਿਖਤ ਦੀ ਜਾਇਜਤਾ ਤੇ ਇਸ ਆਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ਕੁ ਉਹ ਰਾਸ਼ਟਰਪਤੀ ਦੁਆਰਾ ਦਿੱਤਾ ਗਿਆ ਜਾਂ ਨਿਸ਼ਪਾਦਤ ਹੁਕਮ ਜਾਂ ਲਿਖਤ ਨਹੀਂ ਹੈ ।

(3) ਰਾਸ਼ਟਰਪਤੀ ਭਾਰਤ ਸਰਕਾਰ ਦਾ ਕਾਰਜ ਵਧੇਰੇ ਸੌਖ ਨਾਲ

[13] ਵੇਖੋ ਅਧਿਸੂਚਨਾ ਨੰ. : ਐਸ.ਓ.2297, ਤਰੀਕ 3 ਨਵੰਬਰ, 1958 ਭਾਰਤ ਦਾ ਗਜਟ ਅਸਾਧਾਰਣ, 1958, ਭਾਗ II, ਅਨੁਭਾਗ 3(ii) ਪੰਨਾ, 1315 ਸਮੇਂ ਸਮੇਂ ਤੇ ਸੋਧਿਆ ਗਿਆ ।



Ministry of Law & Justice

ਨੇਪਰੇ ਚਾੜ੍ਹਨ ਲਈ, ਅਤੇ ਮੰਤਰੀਆਂ ਵਿਚ ਕਾਰ ਉਕਤ ਕਾਰਜ ਦੇ ਟਿੱਕਣ ਲਈ ਨਿਯਮ ਬਣਾਵੇਗਾ ।

[14][(4) x x x x]

ਰਾਸ਼ਟਰਪਤੀ ਨੂੰ ਜਾਣਕਾਰੀ ਦੇਣ ਆਦਿ ਬਾਰੇ ਪ੍ਰਧਾਨ ਮੰਤਰੀ ਦੇ ਕਰਤੱਵ ।

78. ਪ੍ਰਧਾਨ ਮੰਤਰੀ ਦਾ ਕਰਤੱਵ ਹੋਵੇਗਾ ਕਿ ਉਹ–

(ੳ) ਸੰਘ ਦੇ ਕਾਰ-ਵਿਹਾਰ ਦੇ ਪ੍ਰਸ਼ਾਸਨ ਅਤੇ ਵਿਧਾਨ ਲਈ ਤਜਵੀਜ਼ ਸੰਬੰਧੀ ਮੰਤਰੀ ਪਰਿਸ਼ਦ ਦੇ ਸਭ ਫੈਸਲੇ ਰਾਸ਼ਟਰਪਤੀ ਨੂੰ ਦੱਸੇ ;

(ਅ) ਸੰਘ ਦੇ ਕਾਰ-ਵਿਹਾਰ ਦੇ ਪ੍ਰਸ਼ਾਸਨ ਅਤੇ ਵਿਧਾਨ ਲਈ ਤਜਵੀਜਾਂ ਸੰਬੰਧੀ ਜੋ ਜਾਣਕਾਰੀ ਰਾਸ਼ਟਰਪਤੀ ਮੰਗਵਾਏ ਉਸ ਨੂੰ ਦੇਵੇ ; ਅਤੇ

(ੲ) ਕਿਸੇ ਮਾਮਲੇ ਨੂੰ ਜਿਸ ਤੇ ਕਿਸੇ ਮੰਤਰੀ ਨੇ ਫੈਸਲਾ ਕਰ ਦਿੱਤਾ ਹੋਵੇ ਪਰ ਮੰਤਰੀ ਪਰਿਸ਼ਦ ਨੇ ਵਿਚਾਰ ਨ ਕੀਤੀ ਹੋਵੇ, ਜੇ ਰਾਸ਼ਟਰਪਤੀ ਅਜਿਹਾ ਲੋੜੇ, ਪਰਿਸ਼ਦ ਨੂੰ ਵਿਚਾਰ ਲਈ ਪੇਸ਼ ਕਰੇ ।

## ਅਧਿਆਏ II ---ਸੰਸਦ

### ਸਧਾਰਨ

ਸੰਸਦ ਦਾ ਗਠਨ ।

79. ਸੰਘ ਲਈ ਇੱਕ ਸੰਸਦ ਹੋਵੇਗੀ ਜੋ ਰਾਸ਼ਟਰਪਤੀ ਤੇ ਦੋ ਸਦਨਾਂ ਤੋਂ ਮਿਲ ਕੇ ਬਣੇਗੀ ਜੋ ਕ੍ਰਮਵਾਰ ਰਾਜ ਸਭਾ ਅਤੇ ਲੋਕ ਸਭਾ ਦੇ ਨਾਂਵਾਂ ਨਾਲ ਜਾਣੇ ਜਾਣਗੇ ।

ਰਾਜ ਸਭਾ ਦੀ

80. (1)[15][[16] * * * ਰਾਜ ਸਭਾ–

---

[14] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 14 ਦੁਆਰਾ (03.01.1977 ਤੋਂ ਪ੍ਰਭਾਵੀ) ਖੰਡ (4) ਅੰਤਰਸਥਾਪਤ ਕੀਤਾ ਗਿਆ ਅਤੇ ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 12 ਦੁਆਰਾ (20.06.1979 ਤੋਂ ਪ੍ਰਭਾਵੀ) ਉਸ ਦਾ ਲੋਪ ਕੀਤਾ ਗਿਆ ।

[15] ਸੰਵਿਧਾਨ (ਪੈਤੀਂਵੀ ਸੋਧ) ਐਕਟ, 1974 ਦੀ ਧਾਰਾ 3 ਦੁਆਰਾ (1.3.1975 ਤੋਂ ਪ੍ਰਭਾਵੀ) "ਰਾਜ ਸਭਾ" ਜੋੜੇ ਗਏ ।



Ministry of Law & Justice

ਰਚਨਾ ।

(ੳ) ਰਾਸ਼ਟਰਪਤੀ ਦੁਆਰਾ ਖੰਡ (3) ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਨਾਮਜਦ ਕੀਤੇ ਜਾਣ ਵਾਲੇ ਬਾਰਾਂ ਮੈਂਬਰਾਂ ; ਅਤੇ

(ਅ) ਰਾਜਾਂ ਦੇ [17][ ਅਤੇ ਸੰਘ ਰਾਜ ਖੇਤਰਾਂ ਦੇ] ਦੋ ਸੌ ਅਠੱਤੀ ਤੋਂ ਵੱਧ ਨ ਹੋਣ ਵਾਲੇ ਪ੍ਰਤਿਨਿਧਾਂ,

ਤੋਂ ਮਿਲ ਕੇ ਬਣੇਗੀ ।

(2) ਰਾਜ ਸਭਾ ਵਿਚ ਰਾਜਾਂ ਦੇ [ਅਤੇ ਸੰਘ ਰਾਜਖੇਤਰਾਂ ਦੇ] ਪ੍ਰਤੀਨਿਧਾਂ ਦੁਆਰਾ ਭਰੀਆਂ ਜਾਣ ਵਾਲੀਆਂ ਥਾਂਵਾਂ ਦਾ ਟਿੱਕਣ ਚੌਥੀ ਅਨੁਸੂਚੀ ਵਿਚਲੇ ਉਸ ਨਮਿਤ ਉਪਬੰਧਾਂ ਦੀ ਅਨੁਸਾਰਤਾ ਵਿਚ ਹੋਵੇਗਾ ।

(3) ਖੰਡ (1) ਦੇ ਉਪੇ-ਖੰਡ (ੳ) ਦੇ ਅਧੀਨ ਰਾਸ਼ਟਰਪਤੀ ਦੁਆਰਾ ਨਾਮਜਦ ਕੀਤੇ ਜਾਣ ਵਾਲੇ ਮੈਂਬਰ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਹੇਠ-ਲਿਖੇ ਜਿਹੇ ਮਾਮਲਿਆਂ ਬਾਰੇ ਵਿਸ਼ੇਸ ਗਿਆਨ ਜਾਂ ਅਮਲੀ ਤਜਰਬਾ ਹੋਵੇ, ਅਰਥਾਤ–

ਸਾਹਿਤ, ਵਿਗਿਆਨ, ਕਲਾ ਅਤੇ ਸਮਾਜਕ ਸੇਵਾ ।

(4) ਰਾਜ-ਸਭਾ ਲਈ [18] * * * ਹਰੇਕ ਰਾਜ ਦੇ ਪ੍ਰਤੀਨਿਧ ਉਸ ਰਾਜ ਦੀ ਵਿਧਾਨ-ਸਭਾ ਦੇ ਚੁਣੇ ਮੈਂਬਰਾਂ ਦੁਆਰਾ ਅਨੁਪਾਤੀ ਪ੍ਰਤੀਨਿਧਤਾ ਦੇ ਕਾਇਦੇ ਦੀ ਅਨੁਸਾਰਤਾ ਵਿਚ ਇਕਹਿਰੀ ਬਦਲਈ-ਯੋਗ ਵੋਟ ਨਾਲ ਚੁਣੇ ਜਾਣਗੇ ।

---

[16] ਸੰਵਿਧਾਨ (ਛਤਵੀਂ ਸੋਧ) ਐਕਟ, 1975 ਧਾਰਾ 5 ਦੁਆਰਾ (26.4.1975 ਤੋਂ ) "ਦਸਵੀਂ ਅਨੁਸੂਚੀ ਦੇ ਪੈਰਾ 4 ਦੇ ਉਪਬੰਧਾਂ ਦੇ ਤਾਬੇ" ਸ਼ਬਦਾਂ ਦਾ ਲੋਪ ਕਿੱਤਾ ਗਿਆ ।"

[17] ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 3 ਦੁਆਰਾ ਜੋੜੇ ਗਏ ।

[18] ਸੰਵਿਧਾਨ (ਸੱਤਵੀ ਸੋਧ) ਐਕਟ, 1956 ਦੀ ਧਾਰਾ 3 ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸ਼ਬਦ ਅਤੇ ਅੱਖਰਾਂ ਦਾ ਲੋਪ ਕਰ ਦਿੱਤਾ ਗਿਆ ।

(5) ਰਾਜ ਸਭਾ ਲਈ [19][ਸੰਘ ਰਾਜਖੇਤਰ] ਦੇ ਪ੍ਰਤੀਨਿਧ ਅਜਿਹੇ ਢੰਗ ਨਾਲ ਚੁਣੇ ਜਾਣਗੇ ਜਿਹਾ ਸੰਸਦ ਕਾਨੂੰਨ ਦੁਆਰਾ ਮੁਕੱਰਰ ਕਰੇ ।

ਲੋਕ ਸਭਾ ਦੀ ਰਚਨਾ ।

[20][*81 (1) [21]ਅਨੁਛੇਦ 331 ਦੇ [22]* * * ਉਪਬੰਧਾਂ ਦ ਤਾਬੇ ਲੋਕ ਸਭਾ -

(ੳ) ਰਾਜਾਂ ਵਿਚ ਪ੍ਰਦੇਸ਼ਕ ਚੇਣ ਖੇਤਰਾਂ ਤੋਂ ਸਿੱਧੀ ਚੋਣ ਦੁਆਰਾ ਚੁਣੇ ਹੋਏ [23][ਪੰਜ ਸੋ ਤੀਹ] ਤੋਂ ਵੱਧ ਨ ਹੋਣ ਵਾਲੇ [ਮੈਂਬਰ] ;ਅਤੇ

(ਅ) ਸੰਘ ਰਾਜ ਖੇਤਰਾਂ ਦੀ ਪ੍ਰਤੀਨਿਧਤਾ ਕਰਨ ਲਈ, ਅਜਿਹੇ ਢੰਗ ਨਾਲ ਜਿਹਾ ਸੰਸਦ ਕਾਨੂੰਨ ਦੁਆਰਾ ਉਪਬੰਧਤ ਕਰੇ, ਚੁਣੇ ਹੋਏ [24][ਵੀਹ] ਤੋਂ ਵੱਧ ਨ ਹੋਣ ਵਾਲੇ ਮੈਂਬਰਾਂ ;

ਤੋਂ ਮਿਲ ਕੇ ਬਣੇਗੀ ।

(2) ਖੰਡ (1) ਦੇ ਉਪ-ਖੰਡ (ੳ) ਦੇ ਪ੍ਰਯੋਜਨਾਂ ਲਈ–

(ੳ) ਹਰੇਕ ਰਾਜ ਲਈ ਲੋਕ ਸਭਾ ਵਿਚ ਥਾਂਵਾਂ ਦੀ ਗਿਣਤੀ ਅਜਿਹੇ ਢੰਗ ਨਾਲ ਅਲਾਟ ਕੀਤੀ ਜਾਵੇਗੀ ਕਿ ਉਸ ਗਿਣਤੀ ਨਾਲ ਰਾਜ ਦੀ ਆਬਾਦੀ ਦਾ ਅਨੁਪਾਤ ਸਾਰੇ ਰਾਜਾਂ ਲਈ, ਜਿਥੇਂ ਤੱਕ ਅਮਲਯੋਗ ਹੋਵੇ, ਇਕੋਂ ਹੀ ਹੋਵੇਗਾ, ਅਤੇ

(ਅ) ਹਰੇਕ ਰਾਜ ਨੂੰ ਪ੍ਰਦੇਸ਼ਕ ਚੋਣ-ਹਲਕਿਆਂ ਵਿਚ ਅਜਿਹੇ ਢੰਗ ਨਾਲ ਵੰਡਿਆ ਜਾਵੇਗਾ ਕਿ ਹਰੇਕ ਚੋਣ-ਹਲਕੇ ਦੀ ਆਬਾਦੀ ਦਾ ਉਸਨੂੰ

---

[19] ਉਪਰੋਕਤ ਦੀ ਧਾਰਾ 3 ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ਇ ਵਿਚ ਉਲਿਖਤ ਰਾਜਾਂ " ਦੀ ਥਾਵੇਂ ਰੱਖੇ ਗਏ ।

[20] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 4 ਦੁਆਰਾ ਅਨੁਛੇਦ 81 ਅਤੇ 82 ਦੀ ਥਾਵੇਂ ਰੱਖੇ ਗਏ ।

[21] ਸੰਵਿਧਾਨ (ਪੈਂਤੀਵੀਂ ਸੋਧ) ਐਕਟ, 1974 ਦੀ ਧਾਰਾ 4 ਦੁਆਰਾ (1.3.1975 ਤੋਂ) "ਅਨੁਛੇਦ 331 ਦੇ ਉਪਬੰਧਾਂ ਦੇ ਅਧੀਨ ਰਹਿੰਦੇ ਹੋਏ" ਦੀ ਥਾਵੇਂ ਰੱਖੇ ਗਏ ।

[22] ਸੰਵਿਧਾਨ (ਛਤੀਵੀਂ ਸੋਧ) ਐਕਟ, 1975 ਦੀ ਧਾਰਾ 5 ਦੁਆਰਾ (26.4.1975 ਤੋਂ) "ਅਤੇ ਦਸਵੀਂ ਅਨੁਸੂਚੀ ਦੇ ਪੈਰਾ 5" ਸ਼ਬਦ ਅਤੇ ਅੰਕ ਦਾ ਲੋਪ ਕਰ ਦਿੱਤਾ ਗਿਆ ।

[23] ਗੋਆ, ਦਮਨ ਅਤੇ ਦੀਵ ਪੁਨਰਗਠਨ ਐਕਟ, 1987 (1987 ਦਾ 18) ਦੀ ਧਾਰਾ 63 ਦੁਆਰਾ (30.05.1987 ਤੋਂ ਪ੍ਰਭਾਵੀ) "ਪੰਜ ਸੌ ਪੱਚੀ" ਮੈਂਬਰਾਂ ਦੀ ਥਾਵੇਂ ਰੱਖਿਆ ਗਿਆ ।

[24] ਸੰਵਿਧਾਨ (ਇਕੱਤੀਵੀਂ ਸੋਧ) ਐਕਟ, 1973, ਧਾਰਾ 2 ਦੁਆਰਾ "ਪੰਝੀ ਮੈਂਬਰਾਂ" ਦੀ ਥਾਵੇਂ ਰੱਖੇ ਗਏ ।



Ministry of Law & Justice

ਅਲਾਟ ਕੀਤੀਆਂ ਥਾਵਾਂ ਦੀ ਗਿਣਤੀ ਨਾਲ ਅਨੁਪਾਤ, ਜਿਥੋਂ ਤੱਕ ਅਮਲਯੋਗ ਹੋਵੇ, ਰਾਜ ਭਰ ਵਿਚ ਇਕੋ ਹੀ ਹੋਵੇਗਾ।

[25][ਪਰੰਤੂ ਲੋਕ ਸਭਾ ਵਿਚ ਕਿਸੇ ਰਾਜ ਨੂੰ ਥਾਵਾਂ ਦੀ ਅਲਾਟਮੈਂਟ ਦੇ ਪ੍ਰਯੋਜਨ ਲਈ ਇਸ ਖੰਡ ਦੇ ਉਪ-ਖੰਡ(ੳ) ਦੇ ਉਪਬੰਧ ਓਦੋਂ ਲਾਗੂ ਨਹੀਂ ਹੋਣਗੇ ਜਦੋ ਤੱਕ ਕਿ ਉਸ ਰਾਜ ਦੀ ਆਬਾਦੀ ਸਠ ਲੱਖ ਤੋਂ ਵੱਦ ਨ ਹੋਵੇ।]

(3) ਇਸ ਅਨੁਛੇਦ ਵਿਚ ਪਦ "ਆਬਾਦੀ" ਦਾ ਮਤਲਬ ਹੈ ਅਜਿਹੀ ਅੰਤਮ ਪੂਰਵਵਰਤੀ ਜਨ-ਗਿਣਤੀ ਵਿਚ ਨਿਸਚੇ ਕੀਤੀ ਗਈ ਆਬਾਦੀ ਜਿਸ ਦੇ ਸੰਯੁਕਤ ਅੰਕੜੇ ਪ੍ਰਕਾਸ਼ਤ ਹੋ ਚੁੱਕੇ ਹੋਣ ।

[26] [ਪਰੰਤੂ ਇਸ ਖੰਡ ਵਿਚ ਅੰਤਮ ਪੂਰਬਵਰਤੀ ਜਨ-ਗਣਨਾ ਦੇ ਪ੍ਰਤਿ, ਜਿਸ ਦੇ ਸੁਸੰਗਤ ਅੰਕ ਪ੍ਰਕਾਸ਼ਤ ਹੋ ਚੁੱਕੇ ਹਨ, ਹਵਾਲੇ ਦਾ, ਜਦ ਤੱਕ ਸਾਲ [27][2026] ਪ੍ਰਕਾਸ਼ਤ ਨਹੀਂਹੋ ਜਾਂਦੇ ਹਨ [28][ਇਹ ਅਰਥ ਕੱਢਿਆ ਜਾਵੇਗੀ ਕਿ ਉਹ,

(i) ਖੰਡ (2) ਕੇ ਉਪ-ਖੰਡ (ੳ) ਅਤੇ ਉਸ ਖੰਡ ਦੇ ਪਰੰਤੁਕ ਦੇ ਪ੍ਰਯੋਜਨਾਂ ਦੇ ਲਈ 1971 ਦੀ ਜਨ-ਗਣਨਾ ਦੇ ਪ੍ਰਤਿ ਹਵਾਲਾ ਹੈ ;ਅਤੇ

(ii) ਖੰਡ (2) ਦੇ ਉਪ-ਖੰਡਜ (ਅ) ਦੇ ਪ੍ਰਯੋਜਨਾਂ ਦੇ ਲਈ [29][2001] ਦੀ ਜਨ-ਗਣਨਾ ਦੇ ਪ੍ਰਤਿ ਹਵਾਲਾ ਹੈ । ]

ਹਰੇਕ ਜਨ- 82. ਹਰੇਕ ਜਨ-ਗਿਣਤੀ ਦੇ ਪੂਰੀ ਹੋਣ ਤੇ, ਲੋਕ-ਸਭਾ ਵਿਚ ਰਾਜਾਂ ਨੂੰ

---

[25] ਸੰਵਿਧਾਨ (ਇਕੱਤੀਵੀਂ ਸੋਧ) ਐਕਟ, 1973, ਧਾਰਾ 2 ਦੁਆਰਾ ਅੰਤਰਸਥਾਪਤ ।

[26] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 15 ਦੁਆਰਾ (03.1.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[27] ਸੰਵਿਧਾਨ (ਚੌਰਾਸੀਵੀਂ ਸੋਧ) ਐਕਟ, 2001 ਦੀ ਧਾਰਾ 3 ਦੁਆਰਾ "2000" ਦੀ ਥਾਵੇਂ ਰੱਖਿਆ ਗਿਆ ।

[28] ਸੰਵਿਧਾਨ (ਚੌਰਾਸੀਵੀਂ ਸੋਧ) ਐਕਟ, 2001 ਦੀ ਧਾਰਾ 3 ਦੁਆਰਾ ਕੁੱਝ ਸ਼ਬਦਾਂ ਦੀ ਥਾਵੇਂ ਰੱਖੇ ਗਏ । ।

[29] ਸੰਵਿਧਾਨ (ਸਤਾਸਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ "1991" ਦੀ ਥਾਵੇਂ ਰੱਖਿਆ ਗਿਆ ।

Ministry of Law & Justice

ਗਿਣਤੀ ਪਿੱਛੋਂ ਪੁਨਰਮੇਲਾਨ। ਥਾਵਾਂ ਦਾ ਟਿੱਕਣ ਅਤੇ ਹਰੇਕ ਰਾਜ ਦੇ ਪ੍ਰਦੇਸ਼ਕ ਚੋਣ-ਹਲਕਿਆਂ ਵਿਚ ਵੰਡ ਦਾ ਅਜਿਹੇ ਸੱਤਾਧਾਰੀ ਦੁਆਰਾ ਅਤੇ ਅਜਿਹੇ ਢੰਗ ਨਾਲ ਪੂਨਰ-ਮੇਲਾਨ ਕੀਤਾ ਜਾਵੇਗਾ ਜਿਹਾ ਸੰਸਦ ਕਾਨੂੰਨ ਦੁਆਰਾ ਤੈਅ ਕਰੇ :

ਪਰੰਤੂ ਅਜਿਹੇ ਪੂਨਰਮੇਲਾਨ ਨਾਲ ਲੋਕ ਸਭਾ ਵਿਚ ਪ੍ਰਤੀਨਿਧਤਾ ਤੇ ਤਦ ਤੱਕ ਕੋਈ ਪ੍ਰਭਾਵ ਨਹੀਂ ਪਵੇਗਾ ਜਦ ਤੱਕ ਉਸ ਸਮੇਂ ਮੌਜੂਦ ਸਦਨ ਦਾ ਤੜਾਓ ਨ ਹੋ ਜਾਵੇ ।

[30][ਪਰੰਤੂ ਇਹ ਹੋਰ ਕਿ ਅਜਿਹਾ ਪੁਨਰ ਮੇਲਾਨ ਉਸ ਤਰੀਕ ਤੋਂ ਪ੍ਰਭਾਵੀ ਹੋਵੇਗਾ ਜੋ ਰਾਸ਼ਟਰਪਤੀ ਹੁਕਮ ਦੁਆਰਾ ਉਲਿੱਖਤ ਕਰੇ ਅਤੇ ਅਜਿਹੇ ਪੁਨਰ ਮੇਲਾਨ ਤੋਂ ਪ੍ਰਭਾਵੀ ਹੋਣ ਤੱਕ ਲੋਕ ਸਭਾ ਦੇ ਲਈ ਕੋਈ ਚੋਣ ਉਨ੍ਹਾਂ ਪ੍ਰਦੇਸ਼ਕ ਚੋਣ ਖੇਤਰਾਂ ਦੇ ਆਧਾਰ ਤੇ ਹੋ ਸਕੇਗਾ ਜੋ ਅਜਿਹੇ ਪੁਨਰ ਮੇਲਾਨ ਤੋਂ ਪਹਿਲਾਂ ਮੌਜੂਦ ਹਨ ]

ਪਰੰਤੂ ਇਹ ਹੋਰ ਵੀ ਕਿ ਜਤ ਤੱਕ ਸਾਲ [31][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨ-ਗਣਨਾ ਦੇ ਸੁਸੰਗਤ ਅੰਕ ਪ੍ਰਕਾਸ਼ਤ ਨਹੀਂ ਹੋ ਜਾਂਦੇ ਹਨ ਤਦ ਤੱਕ [32][ਇਸ ਅਨੁਛੇਦ ਦੇ ਅਧੀਨ,-

(i) ਰਾਜਾਂ ਵਿਚ ਲੋਕ ਸਭਾ ਵਿਚ 1971 ਦੀ ਜਨ-ਗਣਨਾ ਦੇ ਅਧਾਰ ਤੇ ਪੁਨਰ ਮੇਲਾਨਿਤ ਥਾਵਾਂ ਦੇ ਟਿਕਣ ਦਾ;ਅਤੇ

(ii) ਹਰੇਕ ਰਾਜ ਦੇ ਰਾਜ ਖੇਤਰੀ ਚੋਣਾ-ਖੇਤਰਾਂ ਵਿਚ ਡਿਵੀਜ਼ਨ ਦਾ, ਜੋ [33][2001] ਦੀ ਜਨ-ਗਣਨਾ ਦੇ ਆਧਾਰ ਤੇ ਪੁਨਰ ਮੇਲਾਨ ਕੀਤੇ ਜਾਣ ।

ਪੁਨਰ ਮੇਲਾਨ ਜ਼ਰੂਰੀ ਨਹੀਂ ਹੈ ।]

---

[30] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 16 ਦੁਆਰਾ (03.1.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[31] ਸੰਵਿਧਾਨ (ਚੌਰਾਸਵੀਂ ਸੋਧ) ਐਕਟ, 2001 ਦੀ ਧਾਰਾ 4 ਦੁਆਰਾ "2000" ਦੀ ਥਾਵੇਂ ਰੱਖਿਆ ਗਿਆ ।

[32] ਸੰਵਿਧਾਨ (ਚੌਰਾਸਵੀਂ ਸੋਧ) ਐਕਟ, 2001 ਦੀ ਧਾਰਾ 4 ਦੁਆਰਾ ਕੁੱਝ ਸ਼ਬਦ ਦੀ ਥਾਵੇਂ ਰੱਖਿਆ ਗਿਆ ।

[33] ਸੰਵਿਧਾਨ (ਸਤਾਸਵੀਂ ਸੋਧ) ਐਕਟ, 2003 ਦੀ ਧਾਰਾ 3 ਦੁਆਰਾ "1991" ਦੀ ਥਾਵੇਂ ਰੱਖਿਆ ਗਿਆ ।

Ministry of Law & Justice

ਸੰਸਦ ਦੇ ਸਦਨਾਂ ਦੀ ਮਿਆਦ ।

83.(1) ਰਾਜ ਸਭਾ ਦਾ ਤੁੜਾਓ ਨਹੀਂ ਹੋਵੇਗਾ, ਪਰ ਉਸ ਦੇ ਮੈਂਬਰਾਂ ਵਿਚੋਂ ਜਿਥੇ ਤੱਕ ਸੰਭਵ ਹੋਵੇ, ਇਕ ਤਿਹਾਈ ਦੇ ਨੇੜੇ ਸੰਸਦ ਦੇ ਕਾਨੂੰਨ ਦੁਆਰਾ ਉਸ ਨਮਿਤ ਬਣਾਏ ਉਪਬੰਧਾਂ ਦੀ ਅਨੁਸਾਰਤਾ ਵਿਚ ਹਰਿਕ ਦੂਜੇ ਸਾਲ ਦੇ ਗੁਜ਼ਰਨ ਤੇ ਜਿੰਨੀ ਛੇਤੀ ਹੋ ਸਕੇ, ਨਿਵਿਰਤ ਹੋ ਜਾਣਗੇ ।

(2) ਲੋਕ ਸਭਾ, ਜੇ ਉਹ ਪਹਿਲਾਂ ਹੀ ਨਾ ਤੋੜ ਦਿੱਤੀ ਗਈ ਹੋਵੇ, ਤਾਂ ਆਪਣੀ ਪਹਿਲੀ ਇਕੱਤਰਤਾ ਲਈ ਨਿਯੁਤ ਤਰੀਕ ਤੋਂ [34][ਪੰਜ ਸਾਲ] ਤੱਕ ਜਾਰੀ ਰਹੇਗੀ ਅਤੇ ਇਸ ਤੋਂ ਵੱਧ ਨਹੀਂ ਅਤੇ [35][ਪੰਜ ਸਾਲ] ਦੀ ਉਕਤ ਮੁੱਦਤ ਦਾ ਗੁਜ਼ਰਨਾ ਉਸ ਸਭਾ ਦੇ ਤੁੜਾਓ ਦਾ ਅਸਰ ਰੱਖੇਗਾ :

ਪਰੰਤੂ ਉਕਤ ਮੁੱਦਤ ਨੂੰ, ਜਦ ਤੱਕ ਸੰਕਟ-ਘੋਸ਼ਣਾ ਅਮਲ ਵਿਚ ਹੋਵੇ, ਸੰਸਦ ਕਾਨੂੰਨ ਦੁਆਰਾ ਕਿਸੇ ਮੁੱਦਤ ਲਈ, ਜੋ ਇਕ ਵਾਰ ਇਕ ਸਾਲ ਤੋਂ ਵੱਧ ਨਹੀਂ ਹੋਵੇਗੀ, ਵਧਾ ਸਕੇਗੀ ਅਤੇ ਕਿਸੇ ਸੂਰਤ ਵਿਚ ਘੋਸ਼ਣਾ ਦੇ "ਅਮਲ ਦਾ ਅੰਤ ਹੋ ਜਾਣ ਪਿੱਛੋਂ ਛੇ ਮਹੀਨੇ ਦੀ ਮੁੱਦਤ ਤੋਂ ਬਾਅਦ ਵਿਸਤਰਿਤ ਨਹੀਂ ਹੋਵੇਗੀ ।

ਸੰਸਦ ਦੀ ਮੈਂਬਰੀ ਲਈ ਕਾਬਲੀਅਤ ।

84. ਕੋਈ ਵਿਅਕਤੀ ਸੰਸਦ ਦੇ ਕਿਸੇ ਥਾਂ ਨੂੰ ਭਰਨ ਲਈ ਚੁਣੇ ਜਾਣ ਲਈ ਕਾਬਲ ਨਹੀਂ ਹੋਵੇਗਾ ਜੇਕਰ ਉਹ--

[36][(ੳ) ਭਾਰਤ ਦਾ ਨਾਗਰਿਕ ਨ ਹੋਵੇ, ਅਤੇ ਚੋਣ-ਕਮਿਸ਼ਨ ਦੁਆਰਾ ਉਸ ਨਮਿਤ ਅਖਤਿਆਰਤ ਕਿਸੇ ਵਿਅਕਤੀ ਅੱਗੇ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਦੇ ਅਨੁਸਾਰ ਸੰਹੁ ਨ ਚੁੱਕੇ ਜਾਂ ਪ੍ਰਤਿਗਿਆ ਨ ਕਰੇ ਅਤੇ ਉਸ ਤੇ ਸਹੀ ਨ ਪਾਵੇ ;]

(ਅ) ਰਾਜ-ਸਭਾ ਦੀ ਕਿਸੇ ਥਾਂ ਦੀ ਸੂਰਤ ਵਿਚ ਘੱਟ ਤੋਂ ਘੱਟ ਤੀਹ

---

[34] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 13 ਦੁਆਰਾ (20.06.1979 ਤੋਂ ਪ੍ਰਭਾਵੀ) ਸ਼ਬਦ "ਛੇ ਸਾਲ'' ਦੀ ਥਾਵੇਂ ਰੱਖੇ ਗਏ । ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 17 ਦੁਆਰਾ (3.1.1977 ਤੋਂ ਪ੍ਰਭਾਵੀ) "ਪੰਜ ਸਾਲ" ਮੂਲ ਸ਼ਬਦ ਦੀ ਥਾਵੇਂ "ਛੇ ਸਾਲ" ਸ਼ਬਦ ਰੱਖੇ ਗਏ ।

[35] ਸਮਾਨ ਸਰੋਤ।

[36] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963 , ਧਾਰਾ 3ਦ ਦੁਆਰਾ ਖੰਡ (ੳ) ਦੀ ਥਾਵੇਂ ਰੱਖਿਆ ਗਿਆ ।

Ministry of Law & Justice

ਸਾਲ ਦੀ ਉਮਰ ਦਾ ਅਤੇ, ਲੋਕ-ਸਭਾ ਦੀ ਕਿਸੇ ਥਾਂ ਦੀ ਸੂਰਤ ਵਿਚ, ਘੱਟ ਤੋਂ ਘੱਟ ਪੰਝੀ ਸਾਲ ਦੀ ਉਮਰ ਦਾ ਨ ਹੋਵੇ ; ਅਤੇ

(ਇ) ਅਜਿਹੀਆਂ ਹੋਰ ਕਾਬਲੀਅਤਾਂ ਨ ਰਖਦਾ ਹੋਵੇ ਜਿਹੀਆਂ ਉਸ ਨਮਿਤ ਸੰਸਦ ਤੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕਰੱਰ ਕੀਤੀਆਂ ਜਾਣ ।

ਸੰਸਦ ਦੇ ਇਜਲਾਸ, ਉਠਾ ਦੇਣ ਅਤੇ ਤੁੜਾਓ ।

[37][85(1) ਰਾਸ਼ਟਰਪਤੀ ਸਮੇਂ ਸਮੇਂ ਤੇ ਸੰਸਦ ਦੇ ਹਰੇਕ ਸਦਨ ਨੂੰ ਅਜਿਹੇ ਸਮੇਂ ਅਤੇ ਸਥਾਨ ਤੇ,ਜਿਹਾ ਉਹ ਉਚਿਤ ਸਮਝੇ, ਇਕੱਤਰ ਹੋਣ ਲਈ ਬੁਲਾਵੇਗਾ, ਪਰ ਉਸ ਦੇ ਇਕ ਇਜਲਾਸ ਦੀ ਅੰਤਮ ਬੈਠਕ ਅਤੇ ਉਸਦੇ ਅਗਲੇ ਇਜਲਾਸ ਦੀ ਪਹਿਲੀ ਬੈਠਕ ਲਈ ਨਿਯਤ ਤਰੀਕ ਦੇ ਵਿਚਕਾਰ ਛੇ ਮਹੀਨੇ ਨਹੀਂ ਪੈਣਗੇ ।]

(2) ਰਾਸ਼ਟਰਪਤੀ ਸਮੇਂ ਸਮੇਂ ਤੇ–

(ੳ) ਸਦਨਾਂ ਜਾਂ ਕਿਸੇ ਸਦਨ ਨੂੰ ਉਠਾ ਸਕੇਗਾ ;

(ਅ) ਲੋਕ ਸਭਾ ਨੂੰ ਤੋੜ ਸਕੇਗਾ ।]

ਰਾਸ਼ਟਰਪਤੀ ਦਾ ਸਦਨਾਂ ਨੂੰ ਸੰਬੋਧਨ ਕਰਨ ਅਤੇ ਸੰਦੇਸ਼ ਭੇਜਣ ਦਾ ਅਧਿਕਾਰ ।

86(1) ਰਾਸ਼ਟਰਪਤੀ ਸੰਸਦ ਦੇ ਕਿਸੇ ਸਦਨ ਨੂੰ ਜਾਂ ਮਿਲ ਇਕੱਠੇ ਹੋਏ ਦੋਹਾਂ ਸਦਨਾਂ ਨੂੰ ਸੰਬੋਧਤ ਕਰ ਸਕੇਗਾ, ਅਤੇ ਉਸ ਪ੍ਰਯੋਜਨ ਲਈ ਮੈਂਬਰਾਂ ਦੀ ਹਾਜਰੀ ਲੋੜ ਸਕੇਗਾ ।

(2) ਰਾਸ਼ਟਰਪਤੀ, ਭਾਵੇਂ ਸੰਸਦ ਵਿਚ ਉਦੋਂ ਲੰਬਿਤ ਕਿਸੇ ਬਿਲ ਬਾਰੇ ਜਾਂ ਹੋਰਵੇਂ ਸੰਸਦ ਦੇ ਕਿਸੇ ਸਦਨ ਨੂੰ ਸੰਦੇਸ਼ ਭੇਜ ਸਕੇਗਾ ਅਤੇ ਉਹ ਸਦਨ ਜਿਸ ਨੂੰ ਕੋਈ ਸੰਦੇਸ਼ ਇਸ ਤਰ੍ਹਾਂ ਭੇਜਿਆ ਗਿਆ ਹੋਵੇ ਉਸ ਸੰਦੇਸ਼ ਦੁਆਰਾ

[37] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 6 ਦੁਆਰਾ ਮੂਲ ਅਨੁਛੇਦ ਦੀ ਥਾਵੇਂ ਰੱਖਿਆ ਗਿਆ ।



Ministry of Law & Justice

ਵਿਚਾਰ ਕਰਨ ਲਈ ਲੋੜੇ ਮਾਮਲੇ ਤੇ ਪੂਰੀ ਸੌਖ-ਪੂਰਬਕ ਸ਼ੀਘਰਤਾ ਨਾਲ ਵਿਚਾਰ ਕਰੇਗਾ ।

ਰਾਸ਼ਟਰਪਤੀ ਦਾ ਵਿਸ਼ੇਸ਼ ਭਾਸ਼ਣ ।

87. (1) ਰਾਸ਼ਟਰਪਤੀ [38][ਲੋਕ-ਸਭਾ ਲਈ ਹਰੇਕ ਸਧਾਰਨ ਚੋਣ ਪਿੱਛੋਂ ਪਹਿਲੇ ਇਜਲਾਸ ਦੇ ਅਰੰਭ ਵਿਚ ਅਤੇ ਹਰੇਕ ਸਾਲ ਦੇ ਪਹਿਲੇ ਇਜਲਾਸ ਦੇ ਅਰੰਭ ਵਿਚ] ਮਿਲ ਇਕੱਠੇ ਹੋਏ ਸੰਸਦ ਦੇ ਦੋਹਾਂ ਸਦਨਾਂ ਨੂੰ ਸੰਬੋਧਨ ਕਰੇਗਾ ਅਤੇ ਸੰਸਦ ਨੂੰ ਉਸ ਦੇ ਬਲਾਉਣ ਦੇ ਕਾਰਨ ਦੱਸੇਗਾ ।

(2) ਹਰੇਕ ਸਦਨ ਦੇ ਜ਼ਾਬਤੇ ਦਾ ਵਿਨਿਯਮਨ ਕਰਨ ਵਾਲੇ ਨਿਯਮਾਂ ਦੁਆਰਾ ਅਜਿਹੇ ਭਾਸ਼ਣ ਵਿਚ ਹਵਾਲਾ ਦਿੱਤੇ ਗਏ ਮਾਮਲਿਆਂ ਦੀ ਚਰਚਾ ਲਈ ਸਮਾਂ ਆਲਾਟ ਕਰਨ [39]* * *ਲਈ ਉਪਬੰਧ ਕੀਤਾ ਜਾਵੇਗਾ ।

ਸਦਨਾਂ ਬਾਰੇ ਮੰਤਰੀਆਂ ਅਤੇ ਅਟਾਰਨੀ ਜਨਰਲ ਦੇ ਅਧਿਕਾਰ ।

88. ਹਰਿਕ ਮੰਤਰੀ ਅਤੇ ਭਾਰਤ ਦੇ ਅਟਾਰਨੀ ਜਨਰਲ ਨੂੰ ਅਧਿਕਾਰ ਹੋਵੇਗਾ ਕਿ ਉਹ ਕਿਸੇ ਸਦਨ ਵਿਚ, ਸਦਨਾਂ ਦੀ ਕਿਸੇ ਸੰਯੁਕਤ ਬੈਠਕ ਵਿਚ, ਅਤੇ ਸੰਸਦ ਦੀ ਕਿਸੇ ਕਮੇਟੀ ਵਿਚ ਜਿਸ ਵਿਚ ਉਸਦਾ ਨਾਂ ਮੈਂਬਰ ਵਜੋਂ ਦਿਤਾ ਗਿਆ ਹੋਵੇ, ਬੋਲੇ ਅਤੇ ਹੋਰਵੇਂ ਕਾਰਵਾਈਆਂ ਵਿਚ ਭਾਗ ਲਵੇ, ਪਰ ਇਸ ਅਨੁਛੇਦ ਦੇ ਆਧਾਰ ਤੇ ਉਸ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ ।

## ਸੰਸਦ ਦੇ ਅਫਸਰ

ਰਾਜ ਸਭਾ ਦਾ ਸਭਾਪਤੀ ਅਤੇ ਉਪ-ਸਭਾਪਤੀ

89.(1) ਭਾਰਤ ਦੇ ਉਪ-ਰਾਸ਼ਟਰਪਤੀ ਅਹੁਦੇ ਕਾਰਨ ਰਾਜਸਭਾ ਦਾ ਸਭਾਪਤੀ ਹੋਵੇਗਾ ।

(2) ਰਾਜ ਸਭਾ,ਜਿੰਨੀ ਛੇਤੀ ਹੋ ਸਕੇ, ਆਪਣੇ ਕਿਸੇ ਮੈਂਬਰ ਨੂੰ ਆਪਣਾ ਉਪ-ਸਭਾਪਤੀ ਚੁਣੇਗੀ ਅਤੇ, ਜਦ ਤੱਕ ਸਭਾਪਤੀ ਦਾ ਅਹੁਦਾ ਖ਼ਾਲੀ

---

[38] ਸੰਵਿਧਾਨ (ਪਹਿਲੀ ਸੋਧ) ਐਕਟ, 1951 ਦੀ ਧਾਰਾ 7 ਦੁਆਰਾ "ਹਰਿਕ ਇਜਲਾਸ ਦੇ ਅਰੰਭ ਵਿਚ" ਦੀ ਥਾਵੇਂ ਰੱਖੇ ਗਏ ।

[39] ਸ਼ਬਦ "ਅਤੇ ਸਦਨ ਦੇ ਹੋਰ ਕਾਜ ਕਾਰ ਤੇ ਅਜਿਹੀ ਚਰਚਾ ਨੂੰ ਪਹਿਲ ਦੇਣ ਲਈ" ਉਪਰੋਕਤ ਦੀ ਧਾਰਾ 7 ਦੁਆਰਾ ਲੋਪ ਕਰ ਦਿਤੇ ਗਏ ।

Ministry of Law & Justice

ਹੋਵੇ ਤਦ ਤੱਕ ਉਹ ਸਭਾ ਕਿਸੇ ਹੋਰ ਮੈਂਬਰ ਨੂੰ ਆਪਣਾ ਉਪ-ਸਭਾਪਤੀ ਚੁਣੇਗੀ ।

ਉਪ-ਸਭਾਪਤੀ ਦੇ ਅਹੁਦੇ ਦਾ ਖ਼ਾਲੀ ਹੋਣਾ ਅਤੇ ਉਸ ਤੋਂ ਅਸਤੀਫਾ, ਅਤੇ ਹਟਾਇਆ ਜਾਣਾ ।

90. ਰਾਜ ਸਭਾ ਦੇ ਉਪ-ਸਭਾਪਤੀ ਵਜੋਂ ਅਹੁਦਾ ਧਾਰਨ ਕਰਦਾ ਮੈਂਬਰ–

(ੳ) ਜੇ ਉਹ ਉਸ ਸਭਾ ਦਾ ਮੈਂਬਰ ਨ ਰਹੇ ਤਾਂ ਆਪਣਾ ਅਹੁਦਾ ਖ਼ਾਲੀ ਕਰ ਦੇਵੇਗਾ ;

(ਅ) ਕਿਸੇ ਸਮੇਂ ਵੀ, ਸਭਾਪਤੀ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ਅਤੇ;

(ੲ) ਉਸ ਸਭਾ ਦੇ ਉਸ ਸਮੇਂ ਕੁਲ ਮੈਂਬਰਾਂ ਦੀ ਬਹੁ-ਸੰਮਤੀ ਨਾਲ ਪਾਸ ਕੀਤੇ ਗਏ ਸਭਾ ਦੇ ਮਤੇ ਦੁਆਰਾ ਆਪਣੇ ਅਹੁਦੇ ਤੋ ਹਟਾਇਆ ਜਾ ਸਕੇਗਾ ;

ਪਰੰਤੂ ਖੰਡ (ੲ) ਦੇ ਪ੍ਰਯੋਜਨ ਲਈ ਕੋਈ ਮਤਾ ਪੇਸ਼ ਨਹੀਂ ਕੀਤਾ ਜਾਵੇਗਾ ਜੇਕਰ ਉਸ ਮਤੇ ਨੂੰ ਪੇਸ਼ ਕਰਨ ਦੇ ਇਰਾਦੇ ਦਾ ਘੱਟ ਤੋਂ ਘੱਟ ਚੌਦਾਂ ਦਿਨਾਂ ਦਾ ਨੋਟਿਸ ਨ ਦੇ ਦਿੱਤਾ ਗਿਆ ਹੋਵੇ ।

ਉਪ-ਸਭਾਪਤੀ ਜਾਂ ਹੋਰ ਵਿਅਕਤੀ ਦੀ, ਸਭਾਪਤੀ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਭਾਪਤੀ ਵਜੋਂ

91.(1) ਜਦ ਤੱਕ ਸਭਾਪਤੀ ਦਾ ਅਹੁਦਾ ਖ਼ਾਲੀ ਹੋਵੇ,ਜਾਂ ਸਿਕੇ ਮੁੱਦਤ ਦੇ ਦੌਰਾਨ ਜਦ ਉਪ-ਰਾਸ਼ਟਰਪਤੀ ਰਾਸ਼ਟਰਪਤੀ ਵਜੋਂ ਕਾਰਜ ਕਰ ਰਿਹਾ ਹੋਵੇ, ਜਾਂ ਉਸ ਦੇ ਕਾਜਕਾਰ ਨਿਭਾ ਰਿਹਾ ਹੋਵੇ, ਉਪ-ਸਭਾਪਤੀ ਜਾਂ, ਜੇ ਉਪ-ਸਭਾਪਤੀ ਦਾ ਅਹੁਦਾ ਵੀ ਖ਼ਾਲੀ ਹੋਵੇ, ਤਾਂ ਰਾਜ ਸਭਾ ਦਾ ਅਜਿਹਾ ਮੈਂਬਰ ਜਿਸ ਨੂੰ ਰਾਸ਼ਟਰਪਤੀ ਉਸ ਪ੍ਰਯੋਜਨ ਲਈ ਨਿਯੁਕਤ ਕਰੇ ਉਸ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰੇਗਾ ।

Ministry of Law & Justice

ਕਾਰਜ ਕਰਨ ਦੀ ਸ਼ਕਤੀ ।

(2) ਰਾਜ ਸਭਾ ਦੀ ਕਿਸੇ ਬੈਠਕ ਤੋਂ ਸਭਾਪਤੀ ਦੀ ਗੈਰਹਾਜਰੀ ਦੇ ਦੌਰਾਨ ਉਪ-ਸਭਾਪਤੀ, ਜਾਂ, ਜੋ ਉਹ ਵੀ ਗੈਰਹਾਜਰ ਹੋਵੇ, ਤਾਂ ਅਜਿਹਾ ਕੋਈ ਵਿਅਕਤੀ ਹਾਜਰ ਨ ਹੋਵੇ, ਤਾਂ ਅਜਿਹਾ ਹੋਰ ਵਿਅਕਤੀ ਜੋ ਸਭਾ ਦੁਆਰਾ ਤੈਅ ਕੀਤਾ ਜਾਵੇ, ਸਭਾਪਤੀ ਵਜੋਂ ਕਾਰਜ ਕਰੇਗਾ ।

ਜਦ ਤੱਕ ਉਸ ਨੂੰ ਅਹੁਦੇ ਤੋ ਹਟਾਉਣ ਦਾ ਮਤਾ ਵਿਚਾਰ-ਅਧੀਨ ਹੋਵੇ, ਸਭਾਪਤੀ ਜਾਂ ਉਪ-ਸਭਾਪਤੀ ਦਾ ਪ੍ਰਧਾਨਗੀ ਨ ਕਰਨਾ ।

92.(1) ਰਾਜ ਸਭਾ ਦੀ ਕਿਸੇ ਬੈਠਕ ਵਿਚ, ਜਦ ਤੱਕ ਉਪ-ਰਾਸ਼ਟਰਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਭਾਪਤੀ,ਜਾਂ ਉਪਸਭਪਾਤੀ ਨੂੰ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ ਉਦੋਂ ਤੱਕ ਉਪ-ਸਭਾਪਤੀ ਭਾਵੇਂ ਉਹ ਹਾਜਰ ਹੋਵੇ, ਪ੍ਰਧਾਨਗੀ ਨਹੀਂ ਕਰੇਗਾ, ਅਤੇ ਅਨੁਛੇਦ 91 ਤੇ ਖੰਡ (2) ਤੇ ਉਪਬੰਧ ਉਸੇ ਤਰ੍ਹਾਂ ਹਰਿਕ ਅਜਿਹੀ ਬੈਠਕ ਦੇ ਸੰਬੰਧ ਵਿਚ ਲਾਗੂ ਹੋਣਗੇ ਜਿਸ ਤਰ੍ਹਾਂ ਕਿ ਉਹ ਉਸ ਬੈਠਕ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ਜਿਸ ਤੋਂ ਸਭਾਪਤੀ ਜਾਂ ਉਪ-ਸਭਾਪਤੀ,ਜਿਹੀ ਕਿ ਸੂਰਤ ਹੋਵੇ, ਗੈਰਹਾਜਰ ਹੋਵੇ ।

(2) ਜਦ ਤੱਕ ਉਪ-ਰਾਸ਼ਟਰਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਰਾਜ ਸਭਾ ਵਿਚ ਵਿਚਾਰ ਅਧੀਨ ਹੋਵੇ, ਸਭਾਪਤੀ ਨੂੰ ਸਭਾ ਵਿਚ ਬੋਲਣ ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਵਿਚ ਭਾਗ ਲੈਣ ਦਾ ਅਧਿਕਾਰ ਹੋਵੇਗਾ, ਪਰ, ਅਨੁਛੇਦ 100 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੇ ਮਤੇ ਤੇ ਜਾਂ ਅਜਿਹੀਆਂ ਕਾਰਵਾਈਆਂ ਦੇ ਦੌਰਾਨ ਕਿਸੇ ਹੋਰ ਮਾਮਲੇ ਤੇ ਵੋਟ ਦੇਣ ਦਾ ਉਕਾ ਹੱਕ ਨਹੀਂ ਹੋਵੇਗਾ ।

ਲੋਕ ਸਭਾ ਦਾ ਸਪੀਕਰ ਅਤੇ ਡਿਪਟੀ-ਸਪੀਕਰ ।

93. ਲੋਕ ਸਭਾ, ਜਿੰਨੀ ਛੇਤੀ ਹੋ ਸਕੇ, ਆਪਣੇ ਦੋ ਮੈਂਬਰਾਂ ਨੂੰ ਕ੍ਰਮਵਾਰ ਆਪਣਾ ਸਪੀਕਰ ਅਤੇ ਡਿਪਟੀ ਸਪੀਕਰ ਚੁਣੇਗੀ ਅਤੇ, ਜਦ ਤੱਕ ਸਪੀਕਰ ਜਾਂ ਡੀਪਟੀ ਸਪੀਕਰ ਦਾ ਅਹੁਦਾ ਖ਼ਾਲੀ ਹੋਵੇ, ਤਦ ਤੱਕ ਉਹ ਸਭਾ ਕਿਸੇ ਹੋਰ ਮੈਂਬਰ ਨੂੰ ਸਪੀਕਰ ਜਾਂ ਡਿਪਟੀ ਸਪੀਕਰ, ਜਿਹੀ ਕੀ ਸੂਰਤ ਹੋਵੇ, ਚੁਣੇਗੀ ।

Ministry of Law & Justice

ਸਪੀਕਰ ਅਤੇ ਡਿਪਟੀ ਸਪੀਕਰ ਦੇ ਅਹੁਦਿਆਂ ਦਾ ਖ਼ਾਲੀ ਹੋਣਾ, ਅਤੇ ਉਸ ਤੋਂ ਅਸਤੀਫਾ ਅਤੇ ਹਟਾਇਆ ਜਾਣਾ ।

94. ਲੋਕ ਸਭਾ ਦੇ ਸਪੀਕਰ ਜਾਂ ਡਿਪਟੀ ਸਪੀਕਰ ਵਜੋਂ ਅਹੁਦਾ ਧਾਰਨ ਕਰਦਾ ਮੈਂਬਰ–

(ੳ) ਜੇ ਉਹ ਲੋਕ ਸਭਾ ਦਾ ਮੈਂਬਰ ਨ ਰਹੇ ਤਾਂ ਆਪਣਾ ਅਹੁਦਾ ਖ਼ਾਲੀ ਕਰ ਦੇਵੇਗਾ ;

(ਅ) ਕਿਸੇ ਸਮੇਂ ਵੀ, ਜੇ ਅਜਿਹਾ ਮੈਂਬਰ ਸਪੀਕਰ ਹੋਵੇ, ਡਿਪਟੀ ਸਪੀਕਰ ਨੂੰ ਅਤੇ ਜੇ ਅਜਿਹਾ ਮੈਂਬਰ ਡਿਪਟੀ ਸਪੀਕਰ ਹੋਵੇ, ਸਪੀਕਰ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ; ਅਤੇ

(ੲ) ਲੋਕ ਸਭਾ ਦੇ ਉਸ ਸਮੇਂ ਕੁਲ ਮੈਂਬਰਾਂ ਦੀ ਬਹੁਸੰਮਤੀ ਨਾਲ ਪਾਸ ਕੀਤੇ ਗਏ ਮਤੇ ਦੁਆਰਾ ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ :

ਪਰੰਤੂ ਖੰਡ (ੲ) ਕੇ ਪ੍ਰਯੋਜਨ ਲਈ ਕੋਈ ਮਤਾ ਪੇਸ਼ ਨਹੀਂ ਕੀਤਾ ਜਾਵੇਗਾ ਜੇਕਰ ਉਸ ਮਤੇ ਨੂੰ ਪੇਸ਼ ਕਰਨ ਦੇ ਇਰਾਦੇ ਦਾ ਘੱਟ ਤੋਂ ਘੱਟ ਚੌਦਾਂ ਦਿਨਾਂ ਦਾ ਨੋਟਿਸ ਨ ਦੇ ਦਿੱਤਾ ਗਿਆ ਹੋਵੇ :

ਪਰੰਤੂ ਇਹ ਹੋਰ, ਕਿ ਜਦ ਕਦੇ ਲੋਕ ਸਭਾ ਤੋੜ ਦਿਤੀ ਜਾਵੇ ਤਾਂ ਤੁੜਾਓ ਪਿੱਛੋਂ ਹੋਣ ਵਾਲੀ ਲੋਕ ਸਭਾ ਦੀ ਪਹਿਲੀ ਇਕਤਰਤਾ ਦੇ ਤੁਰੰਤ ਪਹਿਲਾਂ ਤੱਕ ਸਪੀਕਰ ਆਪਣਾ ਅਹੁਦਾ ਖ਼ਾਲੀ ਨਹੀਂ ਕਰੇਗਾ ।

ਡਿਪਟੀ ਸਪੀਕਰ ਜਾਂ ਹੋਰ ਵਿਅਕਤੀ ਦੀ ਸਪੀਕਰ ਦੇ ਅਹੁਦੇ ਤੇ ਕਰਤਵਾਂ ਦਾ ਪਾਲਣ ਕਰਨ ਦੀ ਜਾਂ ਸਪੀਕਰ

95.(1) ਜਦ ਤੱਕ ਸਪੀਕਰ ਦਾ ਅਹੁਦਾ ਖ਼ਾਲੀ ਹੋਵੇ, ਡਿਪਟੀ ਸਪੀਕਰ ਜਾਂ, ਜੇ ਡਿਪਟੀ ਸਪੀਕਰ ਦਾ ਅਹੁਦਾ ਵੀ ਖ਼ਾਲੀ ਹੋਵੇ, ਤਾਂ ਲੋਕ ਸਭਾ ਦਾ ਅਜਿਹਾ ਮੈਂਬਰ ਜਿਸ ਨੂੰ ਰਾਸ਼ਟਰਪਤੀ ਉਸ ਪ੍ਰਯੋਜਨ ਲਈ ਨਿਯੁਕਤ ਕਰੇ, ਉਸ ਅਹੁਦੇ ਦੇ ਕਰਤਵਾਂ ਦਾ ਪਾਲਣ ਕਰੇਗਾ ।

(2) ਲੋਕ ਸਭਾ ਦੀ ਕਿਸੇ ਬੈਠਕ ਤੋਂ ਸਪੀਕਰ ਦੀ ਗ਼ੈਰਹਾਜਰੀ ਦੇ ਦੌਰਾਨ ਡਿਪਟੀ ਸਪੀਕਰ ਜਾਂ, ਜੇ ਉਹ ਵੀ ਗ਼ੈਰਹਾਜਰ ਹੋਵੇ ਤਾਂ ਅਜਿਹਾ ਵਿਅਕਤੀ ਜੋ ਉਹ ਸਭਾ ਦੇ ਜ਼ਾਬਤੇ ਦੇ ਨਿਯਮਾਂ ਦੁਆਰਾ ਤੈਅ ਕੀਤਾ ਜਾਵੇ

ਵਜੋਂ ਕਾਰਜ ਕਰਨ ਦੀ ਸ਼ਕਤੀ ।

ਜਾਂ, ਜੇ ਅਜਿਹਾ ਕੋਈ ਵਿਅਕਤੀ ਹਾਜਰ ਨ ਹੋਵੇ, ਤਾਂ ਅਜਿਹਾ ਹੋਰ ਵਿਅਕਤੀ ਜੋ ਉਸ ਸਭਾ ਦੁਆਰਾ ਤੈਅ ਕੀਤਾ ਜਾਵੇ, ਸਪੀਕਰ ਵਜੋਂ ਕਾਰਜ ਕਰੇਗਾ ।

ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਪੀਕਰ ਜਾਂ ਡਿਪਟੀ ਸਪੀਕਰ ਦਾ ਪ੍ਰਧਾਨਗੀ ਨ ਕਰਨਾ ।

96(1) ਲੋਕ ਸਭਾ ਦੀ ਕਿਸੇ ਬੈਠਕ ਵਿਚ, ਜਦ ਤੱਕ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਪੀਕਰ ਜਾਂ ਜਦ ਤੱਕ ਡਿਪਟੀ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਡਿਪਟੀ ਸਪੀਕਰ, ਭਾਵੇਂ ਉਹ ਹਾਜਰ ਹੋਵੇ, ਪ੍ਰਧਾਨਗੀ ਨਹੀਂ ਕਰੇਗਾ ਅਤੇ, ਅਨੁਛੇਦ 95 ਦੇ ਖੰਡ (2) ਦੇ ਉਪਬੰਧ ਉਸੇ ਤਰ੍ਹਾਂ ਹਰਿਕ ਅਜਿਹੀ ਬੈਠਕ ਦੇ ਸੰਬੰਧ ਵਿਚ ਲਾਗੂ ਹੋਣਗੇ ਜਿਸ ਤਰ੍ਹਾਂ ਕਿ ਉਹ ਉਸ ਬੈਠਕ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ਜਿਸ ਤੋਂ ਸਪੀਕਰ ਜਾਂ ਡਿਪਟੀ ਸਪੀਕਰ, ਜਿਹੀ ਕਿ ਸੂਰਤ ਹੋਵੇ ਗੈਰਹਾਜਰ ਹੋਵੇ ।

(2) ਜਦ ਤੱਕ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਲੋਕ ਸਭਾ ਵਿਚ ਵਿਚਾਰ ਅਧੀਨ ਹੋਵੇ, ਉਸ ਨੂੰ ਲੋਕ ਸਭਾ ਵਿਚ ਬੋਲਣ ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਦੇ ਦੌਰਾਨ ਭਾਗ ਲੈਣ ਦਾ ਅਧਿਕਾਰ ਹੋਵੇਗਾ, ਅਤੇ ਅਨੁਛੇਦ 100 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੇ ਮਤੇ ਤੇ ਜਾਂ ਅਜਿਹੀਆਂ ਕਾਰਵਾਈਆਂ ਦੇ ਦੌਰਾਨ ਕਿਸੇ ਹੋਰ ਮਾਮਲੇ ਤੇ ਕੇਵਲ ਪਹਿਲੀ ਵਾਰ ਵੋਟ ਦੇਣ ਦਾ ਹੱਕ ਹੋਵੇਗਾ ਪਰ ਵੋਟਾਂ ਬਰਾਬਰ ਹੋਣ ਕੀ ਸੂਰਤ ਵਿਚ ਨਹੀਂ ਹੋਵੇਗਾ ।

ਸਭਾਪਤੀ ਅਤੇ ਉਪ-ਸਭਾਪਤੀ ਅਤੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ ਅਤੇ ਭੱਤੇ ।

97. ਰਾਜਸਭਾ ਦੇ ਸਭਾਪਤੀ ਅਤੇ ਉਪ-ਸਭਾਪਤੀ ਨੂੰ, ਅਤੇ ਲੋਕ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਨੂੰ, ਅਜਿਹੀਆਂ ਤਨਖਾਹਾਂ ਅਤੇ ਭੱਤੇ ਜਿਹੇ ਕ੍ਰਮਵਾਰ ਸੰਸਦ ਕਾਨੂੰਨ ਦੁਆਰਾ ਨਿਯਤ ਕਰੇ ਅਤੇ, ਜਦ ਤੱਕ ਨਮਿਤ ਉਪਬੰਧ ਇਸ ਤਰ੍ਹਾਂ ਨ ਕੀਤਾ ਜਾਵੇ, ਅਜਿਹੀਆਂ ਤਨਖਾਹਾਂ ਅਤੇ ਭੱਤੇ, ਜਿਹੇ ਦੂਜੀ ਅਨੁਸੂਚੀ ਵਿਚ ਉਲ਼ਿਖਤ ਹਨ, ਅਦਾ ਕੀਤੇ ਜਾਣਗੇ ।

Ministry of Law & Justice

ਸੰਸਦ ਦਾ ਸਕਤਰੇਤ ।

98.(1) ਸੰਸਦ ਦੇ ਹਰੇਕ ਸਦਨ ਦਾ ਆਪਣਾ ਵਖਰਾ ਸਕਤਰੇਤੀ ਅਮਲਾ ਹੋਵੇਗਾ :

ਪਰੰਤੂ ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗੀ ਕਿ ਉਹ ਸੰਸਦ ਦੇ ਦੋਂਹਾਂ ਸਦਨਾਂ ਲਈ ਸਾਂਝੀਆਂ ਆਸਾਮੀਆਂ ਦੇ ਸਿਰਜਣ ਨੂੰ ਰੋਕਦੀ ਹੈ ।

(2) ਸੰਸਦ, ਕਾਨੂੰਨ ਦੁਆਰਾ ਸੰਸਦ ਦੇ ਹਰੇਕ ਸਦਨ ਦੇ ਸਕਤਰੇਤੀ ਅਮਲ ਵਿਚ ਭਰਤੀ ਦਾ, ਅਤੇ ਨਿਯੁਕਤ ਵਿਅਕਤੀਆਂ ਦੀਆਂ ਸੇਵਾਂ ਦੀਆਂ ਸ਼ਰਤਾਂ ਦਾ, ਵਿਨਿਯਮਨ ਕਰ ਸਕੇਗੀ ।

(3) ਜਦ ਤੱਕ ਸੰਸਦ ਖੰਡ (2) ਦੇ ਅਧੀਨ ਉਪਬੰਧ ਨਹੀਂ ਕਰਦੀ, ਰਾਸ਼ਟਰਪਤੀ ਲੋਕ ਸਭਾ ਦੇ ਸਪੀਕਰ ਜਾਂ ਰਾਜ ਸਭਾ ਦੇ ਸਭਾਪਤੀ ਨਾਲ, ਜਿਹੀ ਕਿ ਸੂਰਤ ਹੋਵੇ, ਮਸ਼ਵਰੇ ਪਿੱਛੋਂ, ਲੋਕ ਸਭਾ ਦੇ ਜਾਂ ਰਾਜ ਸਭਾ ਦੇ ਸਕਤਰੇਤੀ ਅਮਲੇ ਵਿਚ ਭਰਤੀ ਦੇ, ਅਤੇ ਨਿਯੁਕਤ ਵਿਅਕਤੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਦੇ ਵਿਨਿਯਮਨ ਲਈ ਨਿਯਮ ਬਣਾ ਸਕੇਗਾ ਅਤੇ ਇਸ ਤਰ੍ਹਾਂ ਬਣਾਏ ਕੋਈ ਨਿਯਮ ਉਕਤ ਖੰਡ ਦੇ ਅਧੀਨ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਪ੍ਰਭਾਵੀ ਹੋਣਗੇ ।

## ਕਾਰਜ ਦਾ ਸੰਚਾਲਣ

ਮੈਬਰਾਂ ਦੀ ਸੰਹੁ ਜਾਂ ਪ੍ਰਤਿਗਿਆ ।

99.ਸੰਸਦ ਦੇ ਹਰੇਕ ਸਦਨ ਦਾ ਰਹਿਕ ਮੈਂਬਰ, ਆਪਣੀ ਥਾਂ ਸਭਾਲਣ ਤੋ ਪਹਿਲਾਂ, ਰਾਸ਼ਟਰਪਤੀ, ਜਾਂ ਰਾਸ਼ਟਰਪਤੀ ਦੁਆਰਾ ਉਸ ਨਮਿਤ ਨਿਯੁਕਤ ਹੋਏ ਵਿਅਕਤੀ ਅਗੇ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਦੇ ਅਨੁਸਾਰ ਸੰਹੁ ਚੁਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ ।

ਸਦਨਾਂ ਵਿਚ ਵੋਟ ਦੇਣਾ,

100.(1) ਇਸ ਸੰਵਿਧਾਨ ਵਿਚ ਹੋਰਵੇਂ ਉਪਬੰਧਤ ਨੂੰ ਛੱਡ ਕੇ ਕਿਸੇ , ਸਦਨ ਦੀ ਕਿਸੇ ਬੇਠਕ ਜਾਂ ਸਦਨਾਂ ਦੀ ਸੰਯੁਕਤ ਬੈਠਕ ਵਿਚ ਸਭ



Ministry of Law & Justice

**ਖ਼ਾਲੀ ਥਾਵਾਂ ਦੇ ਹੁੰਦਿਆ ਹੋਇਆਂ ਵੀ ਸਦਨਾਂ ਦੀ ਕਾਰਜ ਕਰਨ ਕੀ ਸ਼ਕਤੀ ਅਤੇ ਕੋਰਮ।**

ਸਵਾਲ, ਸਪੀਕਰ ਜਾਂ ਸਭਾਪਤੀ ਜਾਂ ਸਪੀਕਰ ਵਜੋ ਕਾਰਜ ਕਰਦੇ ਵਿਅਕਤੀ ਤੋਂ ਬਿਨਾਂ ਹੋਰ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀਆਂ ਵੋਟਾਂ ਦੀ ਬਹੁ-ਸੰਮਤੀ ਨਾਲ ਤੈਅ ਕੀਤੇ ਜਾਣਗੇ।

ਸਭਾਪਤੀ ਜਾਂ ਸਪੀਕਰ, ਜਾਂ ਉਸ ਵਜੋਂ ਕਾਰਜ ਕਰਦਾ ਵਿਅਕਤੀ, ਪਹਿਲੀ ਵਾਰ ਵੋਟ ਨਹੀਂ ਦੇਵੇਗਾ, ਪਰ ਵੋਟਾਂ ਬਰਾਬਰ ਹੋਣ ਕੀ ਸੂਰਤ ਵਿਚ ਉਸ ਦੀ ਨਿਰਣਾਇਕ ਵੋਟ ਹੋਵੇਗੀ ਅਤੇ ਉਹ ਉਸ ਦੀ ਵਰਤੋਂ ਕਰੇਗਾ।

(2) ਸੰਸਦ ਦੇ ਕਿਸੇ ਸਦਨ ਨੂੰ ਉਸ ਦੀ ਮੈਂਬਰੀ ਵਿਚ ਕੋਈ ਥਾਂ ਖ਼ਾਲੀ ਹੁੰਦਿਆਂ ਹੋਇਆਂ ਵੀ ਕਾਰਜਕਰਨ ਦੀ ਸ਼ਕਤੀ ਹੋਵੇਗੀ ਅਤੇ ਮੰਸਦ ਵਿਚਲੀਆਂ ਕੋਈ ਕਾਰਵਾਈਆਂ ਇਕ ਗੱਲ ਦੇ ਹੁੰਦਿਆਂ ਹੋਇਆਂ ਵੀ ਜਾਇਜ ਹੋਣਗੀਆਂ ਕਿ ਪਿੱਛੋਂ ਇਹ ਪਤਾ ਲੱਗੇ ਕਿ ਕੋਈ ਵਿਅਕਤੀ ਜਿਸ ਨੂੰ ਅਜਿਹਾ ਕਰਨ ਦਾ ਹੱਕ ਨਹੀਂ ਸੀ ਕਾਰਵਾਈਆਂ ਵਿਚ ਹਾਜਰ ਰਿਹਾ, ਉਸ ਨੇ ਵੋਟ ਦਿੱਤੀ ਜਾਂ ਹੋਰਵੇਂ ਭਾਗ ਲਿਆ।

(3) ਜਦ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਸੰਸਦ ਦੇ ਕਿਸੇ ਸਦਨ ਦੀ ਇਕੱਤਰਤਾ ਗਠਤ ਕਰਨ ਲਈ ਕੋਰਮ ਸਦਨ ਦੇ ਮੈਂਬਰਾਂ ਦੀ ਕੁਲ ਗਿਣਤੀ ਦਾ ਦਸਵਾਂ ਹਿੱਸਾ ਹੋਵੇਗਾ।

(4) ਜੇ ਕਿਸੇ ਸਦਨ ਦੀ ਕਿਸੇ ਇਕੱਤਰਤਾ ਦੇ ਦੌਰਾਨ ਕਿਸੇ ਸਮੇਂ ਕੋਰਮ ਨ ਹੋਵੇ, ਤਾਂ ਸਭਾਪਤੀ ਜਾਂ ਸਪੀਕਰ , ਜਾਂ ਉਸ ਵਜੋਂ ਕਾਰਜ ਕਰਦੇ ਵਿਅਕਤੀ ਦਾ ਕਰਤੱਵ ਹੋਵੇਗਾ ਕਿ ਉਹ ਜਾਂ ਤਾਂ ਸਦਨ ਨੂੰ ਸਥੱਗਤ ਕਰ ਦੇਵੇ ਜਾਂ ਇਕੱਤਰਤਾ ਨੂੰ ਤਦ ਤੱਕ ਲਈ ਮੁਅੱਤਲ ਕਰ ਦੇਵੇ ਜਦ ਤੱਕ ਕਿ ਕੋਰਮ ਨ ਹੋ ਜਾਵੇ।

## ਮੈਂਬਰਾਂ ਦੀਆਂ ਨਾਕਾਬਲੀਅਤਾਂ

**ਥਾਂਵਾਂ ਦਾ ਖ਼ਾਲੀ**

101.(1) ਕੋਈ ਵਿਅਕਤੀ ਸੰਸਦ ਦੇ ਦੋਹਾਂ ਸਦਨਾਂ ਦਾ ਮੈਂਬਰ ਨਹੀਂ

Ministry of Law & Justice

ਹੋਣਾ ।

ਹੋਵੇਗਾ ਅਤੇ ਜੋ ਵਿਅਕਤੀ ਦੋਹਾਂ ਸਦਨਾਂ ਦਾ ਮੈਂਬਰ ਚੁਣਿਆ ਜਾਵੇ ਉਸ ਦੇ ਇਕ ਜਾਂ ਦੂਜੇ ਸਦਨ ਵਿਚ ਆਪਣੀ ਥਾਂ ਖ਼ਾਲੀ ਕਰਨ ਲਈ ਸੰਸਦ ਕਾਨੂੰਨ ਦੁਆਰਾ ਉਪਬੰਧ ਬਣਾਵੇਗੀ ।

(2) ਕੋਈ ਵਿਅਕਤੀ ਸੰਸਦ ਅਤੇ [40]ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ, ਦੋਹਾਂ ਦਾ ਮੈਂਬਰ ਨਹੀਂ ਹੋਵੇਗਾ, ਅਤੇ ਜੇ ਕੋਈ ਵਿਅਕਤੀ ਸੰਸਦ ਅਤੇ [41][ਕਿਸੇ ਰਾਜ] ਦੇ ਵਿਧਾਨ-ਮੰਡਲ ਦੇ ਕਿਸੇ ਸਦਨ, ਦੋਹਾਂ ਦਾ ਮੈਂਬਰ ਚੁਣ ਲਿਆ ਜਾਵੇ, ਤਾਂ ਅਜਿਹੀ ਮੁੱਦਤ ਦੇ ਗੁਜ਼ਰ ਤੇ ਜਿਹੀ ਰਾਸ਼ਟਰਪਤੀ ਦੁਆਰਾ ਬਣਾਏ ਗਏ [42]ਨਿਯਮਾਂ ਵਿਚ ਉਲਿਖਤ ਹੋਵੇ, ਸੰਸਦ ਵਿਚ ਉਸ ਵਿਅਕਤੀ ਦੀ ਥਾਂ ਖ਼ਾਲੀ ਹੋ ਜਾਵੇਗੀ, ਜੇਕਰ ਉਸ ਨੇ ਰਾਜ ਦੇ ਵਿਧਾਨ-ਮੰਡਲ ਵਿਚ ਆਪਣੀ ਥਾਂ ਤੋਂ ਪਹਿਲਾਂ ਹੀ ਅਸਤੀਫਾ ਨ ਦੇ ਦਿੱਤਾ ਹੋਵੇ ।

(3) ਜੇ ਸੰਸਦ ਦੇ ਕਿਸੇ ਸਦਨ ਦਾ ਕੋਈ ਮੈਂਬਰ–

(ੳ) [43][ਅਨੁਛੇਦ 102 ਤੇ ਖੰਡ (1)ਜਾਂ ਖੰਡ (2) ਵਿਚ ਜਿਕਰ ਕੀਤੀਆਂ ਨਾਕਾਬਲੀਅਤਾਂ ਵਿਚੋਂ ਕਿਸੇ ਦੇ ਤਾਬੇ ਹੋ ਜਾਵੇ ;ਜਾਂ

[44][(ਅ) ਸਭਾਪਤੀ ਜਾਂ ਸਪੀਕਰ, ਜਿਹੀ ਕਿ ਸੂਰਤ ਹੋਵੇ, ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ ਆਪਣੀ ਥਾਂ ਤੋਂ ਅਸਤੀਫਾ ਦੇ ਦੇਵੇ ਅਤੇ ਉਸ ਦਾ ਅਸਤੀਫਾ ਸਭਾਪਤੀ ਜਾਂ ਸਪੀਕਰ, ਜਿਹੀ ਕਿ ਸੂਰਤ ਹੋਵੇ, ਦੁਆਰਾ ਪਰਵਾਨ ਕਰ ਲਿਆ ਜਾਵੇ,]

---

[40] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[41] ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ "ਅਜਿਹੇ ਕਿਸੇ ਰਾਜ" ਦੀ ਥਾਵੇਂ ਰੱਖੇ ਗਏ ।

[42] ਵੇਖੋ ਕਾਨੂੰਨ ਮੰਤ੍ਰਾਲੇ ਦੀ ਅਧਿਸੂਚਨਾ ਨੰ. : ਔਫ, 46/50/ਸੀ ਤਰੀਕ 26 ਜਨਵਰੀ, 1950, ਭਾਰਤ ਦਾ ਗਜਟ ਅਸਾਧਾਰਣ, ਪੰਨਾ 678 ਦੇ ਪ੍ਰਕਾਸ਼ਤ ਦ ਪ੍ਰੋਹਿਬਿਸ਼ਨ ਔਫ ਸਾਈਮਲਟਨੀਅਣ ਮੈਂਬਰਸ਼ਿਪ ਰੂਲਜ, 1950

[43] ਸੰਵਿਧਾਨ (ਬਵੰਜਵੀਂ ਸੋਧ) ਐਕਟ, 1985 ਦੀ ਧਾਰਾ 2 ਦੁਆਰਾ (01.03.1985 ਤੋਂ ਪ੍ਰਭਾਵੀ) "ਅਨੁਛੇਦ 102 ਦੇ ਖੰਡ (1)" ਦੀ ਥਾਵੇਂ ਰੱਖਿਆ ਗਿਆ ।

[44] ਸੰਵਿਧਾਨ (ਤੇਤੀਵੀਂ ਸੋਧ) ਐਕਟ, 1974, ਧਾਰਾ 2 ਦੁਆਰਾ, ਥਾਂਵੇ ਰੱਖਿਆ ਗਿਆ ।



Ministry of Law & Justice

ਤਾਂ ਉਸ ਤੇ ਉਸ ਦੀ ਥਾਂ ਖ਼ਾਲੀ ਹੋ ਜਾਵੇਗੀ :

[45][ਪਰੰਤੂ ਉਪ-ਖੰਡ (ਅ) ਵਿਚ ਹਵਾਲਾ ਦਿੱਤੇ ਅਸਤੀਫੇ ਦੀ ਸੂਰਤ ਵਿਚ, ਜਾਂ ਪ੍ਰਾਪਤ ਹੋਈ ਜਾਣਕਾਰੀ ਤੋਂ ਜਾਂ ਹੋਰਵੇਂ ਅਤੇ ਅਜਿਹੀ ਜਾਂਚ ਕਰਨ ਪਿੱਛੋਂ, ਜਿਹੀ ਉਹ ਠੀਕ ਸਮਝੇ, ਸਭਾਪਤੀ ਜਾਂ ਸਪੀਕਰ, ਜਿਹੀ ਕਿ ਸੂਰਤ ਹੋਵੇ, ਦੀ ਤਸੱਲੀ ਹੋ ਜਾਵੇ ਕਿ ਅਜਿਹਾ ਅਸਤੀਫਾ ਸਵੈ-ਇੱਛਤ ਜਾਂ ਅਸਲੀ ਨਹੀਂ, ਤਾਂ ਉਹ ਅਜਿਹਾ ਅਸਤੀਫਾ ਸਵੀਕਾਰ ਨਹੀਂ ਕਰੇਗਾ ।]

(4) ਜੇ ਸੰਸਦ ਦੇ ਕਿਸੇ ਸਦਨ ਦਾ ਕੋਈ ਮੈਂਬਰ ਸੱਠ ਦਿਨਾਂ ਦੀ ਮੁੱਦਤ ਲਈ ਸਦਨ ਦੀ ਇਜਾਜ਼ਤ ਬਿਨਾਂ ਉਸ ਦੀਆਂ ਸਾਰੀਆਂ ਇਕੱਤਰਤਾਵਾਂ ਤੋਂ ਗੈਰਹਾਜਰ ਰਹੇ, ਤਾਂ ਸਦਨ ਉਸ ਦੀ ਥਾਂ ਨੂੰ ਖ਼ਾਲੀ ਐਲਾਨ ਸਕੇਗਾ :

ਪਰੰਤੂ ਸੱਠ ਦਿਨਾਂ ਦੀ ਉਕਤ ਮੁੱਦਤ ਦਾ ਹਿਸਾਬ ਲਾਉਣ ਵਿਚ ਕਿਸੇ ਅਜਿਹੀ ਮੁੱਦਤ ਨੂੰ ਧਿਆਨ ਵਿਚ ਨਹੀਂ ਲਿਆ ਜਾਵੇਗਾ ਜਿਸ ਦੇ ਦੌਰਾਨ ਸਦਨ ਉਠਿਆਂ ਰਿਹਾ ਹੋਵੇ ਜਾਂ ਲਗਾਤਾਰ ਚਾਰ ਤੋਂ ਵੱਧ ਦਿਨਾਂ ਲਈ ਸਥੱਗਤ ਰਿਹਾ ਹੋਵੇ ।

ਮੈਂਬਰੀ ਲਈ ਨਾ-ਕਾਬਲਈਅਤਾਂ ।

102. (1) ਕੋਈ ਵਿਅਕਤੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਚੁਣਿਆ ਜਾਣ ਲਈ ਅਤੇ ਮੈਂਬਰ ਰਹਿਣ ਲਈ, ਨਾਕਾਬਲ ਹੋਵੇਗਾ—

(ੳ) ਜੇ ਉਸ ਦੇ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਅਜਿਹੇ ਅਹੁਦੇ ਤੋਂ ਬਿਨਾਂ ਜਿਸ ਨੂੰ ਧਾਰਨ ਕਰਨ ਵਾਲੇ ਦਾ ਨਾਕਾਬਲ ਨ ਹੋਣਾ ਸੰਸਦ ਦੇ ਕਾਨੂੰਨ ਦੁਆਰਾ ਐਲਾਨਿਆਂ ਹੋਵੇ, ਕੋਈ ਹੋਰ ਲਾਭ ਦਾ ਅਹੁਦਾ ਧਾਰਨ ਕੀਤਾ ਹੋਇਆ ਹੋਵੇ;

(ਅ) ਜੇ ਉਹ ਵਿਗੜ-ਚਿੱਤ ਹੋਵੇ ਅਤੇ ਕਿਸੇ ਸ਼ਕਤਵਾਲ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰੱਖਿਆ ਹੋਵੇ;

---

[45] ਸੰਵਿਧਾਨ (ਤੇਤੀਵੀਂ ਸੋਧ) ਐਕਟ, 1974 ਦੀ ਧਾਰਾ 2(2) ਦੁਆਰਾ ਅੰਤਰਸਥਾਪਤ ।

(ਇ) ਜੇ ਉਹ ਅਨੁਕਤ ਦੀ ਦੀਵਾਲੀਆ ਹੋਵੇ;

(ਸ) ਜੇ ਉਹ ਭਾਰਤ ਦਾ ਨਾਗਰਿਕ ਨ ਹੋਵੇ, ਜਾਂ ਕਿਸੇ ਵਿਦੇਸ਼ੀ ਰਾਜ ਦੀ ਨਾਗਰਿਕਤਾ ਸਵੈ-ਇੱਛਾ ਨਾਲ ਅਰਜਨ ਕਰ ਚੁੱਕਿਆ ਹੋਵੇ,ਜਾਂ ਉਸ ਨੇ ਕਿਸੇ ਵਿਦੇਸ਼ੀ ਰਾਜ ਪ੍ਰਤਿ ਨਿਸ਼ਠਾ ਜਾਂ ਲਗਾਓ ਨੂੰ ਮੰਨਿਆ ਹੋਇਆ ਹੋਵੇ;

(ਹ) ਜੇ ਉਸ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਇਸ ਤਰ੍ਹਾਂ ਨਾਕਾਬਲ ਕਰ ਦਿੱਤਾ ਗਿਆ ਹੋਵੇ ।

[46][ਵਿਆਖਿਆ.- ਇਸ ਖੰਡ ਦੇ ਪ੍ਰਯੋਜਨਾਂ ਲਈ] ਕੋਈ ਵਿਅਕਤੀ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕੋਈ ਲਾਭ ਦਾ ਅਹੁੱਦਾ ਧਾਰਨ ਕਰਨ ਵਾਲਾ ਕੇਵਲ ਇਸ ਕਾਰਨ ਤੋਂ ਨਹੀਂ ਸਮਝਿਆ ਜਾਵੇਗਾ ਕਿ ਉਹ ਸੰਘ ਦਾ ਜਾਂ ਅਜਿਹੇ ਰਾਜ ਦਾ ਮੰਤਰੀ ਹੈ ।

[47] [(2) ਕੋਈ ਵਿਅਕਤੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਹੋਣ ਦੇ ਲਈ ਨਾਕਾਬਲ ਹੋਵੇਗਾ ਜੇ ਉਹ ਦਸਵੀਂ ਅਨੁਸੂਚੀ ਦੇ ਅਧੀਨ ਇਸ ਪ੍ਰਕਾਰ ਨਾਕਾਬਲ ਹੋ ਗਿਆ ਹੈ ।]

ਮੈਬਰਾਂ ਦੀਆਂ ਨਾਕਾਬਲੀਅਤਾਂ ਬਾਬਤ ਸਵਾਲਾਂ ਤੇ ਫੈਸਲਾਂ ।

[48]103.(1) ਜੇ ਕੋਈ ਸਵਾਲ ਪੈਦਾ ਹੋਵੇ ਕਿ ਕੀ ਸੰਸਦ ਦੇ ਕਿਸੇ ਸਦਨ ਦਾ ਕੋਈ ਮੈਂਬਰ ਅਨੁਛੇਦ 102 ਕੇ ਖੰਡ (1) ਵਿਚ ਜਿਕਰ ਕੀਤੀਆਂ ਨਾਕਾਬਲੀਅਤਾਂ ਵਿਚੋਂ ਕਿਸੇ ਦੇ ਤਾਬੇ ਹੋ ਗਿਆ ਹੈ ਜਾਂ ਨਹੀਂ , ਤਾਂ ਉਹ ਸਵਾਲ ਫੈਸਲੇ ਲਈ ਰਾਸ਼ਟਰਪਤੀ ਨੂੰ ਹਵਾਲਾ ਕੀਤਾ ਜਾਵੇਗਾ ਅਤੇ ਉਸ ਦਾ ਫੈਸਲਾ ਅੰਤਮ ਹੋਵੇਗਾ ।

---

[46] ਸੰਵਿਧਾਨ (ਬਵੰਜਵਾਂ ਸੋਧ) ਐਕਟ, 1985 ਦੀ ਧਾਰਾ 3 ਦੁਆਰਾ (01.03.1985 ਤੋਂ ਪ੍ਰਭਾਵੀ) "(2) ਇਸ ਅਨੁਛੇਦ ਦੇ ਪ੍ਰਯੋਜਨਾਂ ਦੇ ਲਈ" ਦੀ ਥਾਵੇਂ ਰੱਖਿਆ ਗਿਆ ।

[47] ਸੰਵਿਧਾਨ (ਬਵੰਜਵਾਂ ਸੋਧ) ਐਕਟ, 1985 ਦੀ ਧਾਰਾ 3 ਦੁਆਰਾ (01.03.1985 ਤੋਂ ਪ੍ਰਭਾਵੀ) ਅੰਤਰਸਥਾਪਤ

[48] ਅਨੁਛੇਦ 103, ਸੰਵਿਧਾਨ (ਬਿਆਲਵੀਂ ਸੋਧ) ਐਕਟ, 1975 ਦੀ ਧਾਰਾ 20 ਦੁਆਰਾ (03.01.1977 ਤੋਂ ਪ੍ਰਭਾਵੀ) ਅਤੇ ਇਸ ਤੋਂ ਪਿੱਛੋਂ ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 14 ਦੁਆਰਾ (20.06.1979 ਤੋਂ ਪ੍ਰਭਾਵੀ) ਸੋਧ ਹੋਏ ਰੂਪ ਵਿਚ ਆਈ ।

(2) ਅਜਿਹੇ ਕਿਸੇ ਸਵਾਲ ਦੇ ਕੋਈ ਫੈਸਲਾ ਦੇਣ ਤੋਂ ਪਹਿਲਾਂ, ਰਾਸ਼ਟਰਪਤੀ ਚੋਣ ਕਮਿਸ਼ਨ ਦੀ ਰਾਏ ਪ੍ਰਾਪਤ ਕਰੇਗਾ ਅਤੇ ਅਜਿਹੀ ਰਾਏ ਦੇ ਅਨੁਸਾਰ ਕਾਰਜ ਕਰੇਗਾ ।

ਅਨੁਛੇਦ 99 ਦੇ ਅਧੀਨ ਸੰਹੁ ਚੁੱਕਣ ਜਾਂ ਪ੍ਰਤੀਗਿਆ ਕਰਨ ਤੋਂ ਪਹਿਲਾਂ ਜਾਂ ਕਾਬਲ ਨ ਹੁੰਦਿਆਂ ਜਾਂ ਨਾਕਾਬਲ ਹੋਣ ਤੋਂ ਬੈਠਣ ਅਤੇ ਵੋਟ ਦੇਣ ਲਈ ਡੰਨ

104. ਜੇ ਸੰਸਦ ਦੇ ਕਿਸੇ ਸਦਨ ਵਿਚ ਕੋਈ ਵਿਅਕਤੀ ਅਨੁਛੇਦ 99 ਦੀਆਂ ਲੋੜਾਂ ਦੀ ਪੂਰਤੀ ਕਰਨ ਤੋਂ ਪਹਿਲਾਂ, ਜਾਂ ਇਹ ਜਾਣਦੇ ਹੋਏ ਕਿ ਉਹ ਉਸ ਦੀ ਮੈਂਬਰੀ ਲਈ ਕਾਬਲ ਨਹੀਂ ਹਾ ਜਾਂ ਨਾਕਾਬਲ ਹੈ, ਜਾਂ ਉਸ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੁਆਰਾ ਅਜਿਹਾ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ, ਮੈਂਬਰ ਵਜੋਂ ਬੈਠੇ ਜਾਂ ਵੋਟ ਦੇਵੇ, ਤਾਂ ਉਹ ਹਰੇਕ ਦਿਨ ਲਈ ਜਦ ਉਹ ਇਸ ਤਰ੍ਹਾਂ ਬੈਠੇ ਜਾਂ ਵੋਟ ਦੇਵੇ, ਪੰਜ ਸੋ ਰੁਪਏ ਦੇ ਡੰਨ ਦਾ ਭਾਗੀ ਹਵੇਗਾ ਜੋ ਸੰਘ ਨੂੰ ਦੇਣਯੋਗ ਰਿਣ ਵਜੋਂ ਵਸੂਲ ਹੋਵੇਗਾ ।

**ਸੰਸਦ ਅਤੇ ਉਸ ਦੇ ਮੈਂਬਰਾਂ ਦੀਆਂ ਸ਼ਕਤੀਆਂ, ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ।**

ਸੰਸਦ ਦੇ ਸਦਨਾਂ ਦੀਆਂ ਅਤੇ ਉਸਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ ਵਿਸ਼ੇਸ਼-ਅਧਿਕਾਰ ਆਦਿ ।

105. (1) ਇਸ ਸੰਵਿਧਾਨ ਦੇ ਉਪਬੰਧਾਂ ਤੇ ਅਤੇ ਸੰਸਦ ਦੇ ਜ਼ਾਬਤੇ ਦਾ ਵਿਨਿਯਮਨ ਕਰਨ ਵਾਲੇ ਨਿਯਮਾਂ ਅਤੇ ਸਥਾਈ ਹੁਕਮਾਂ ਦੇ ਤਾਬੇ, ਸੰਸਦ ਵਿਚ ਬੋਲਣ ਦੀ ਸੁਤੰਤਰਤਾ ਹੋਵੇਗੀ ।

(2) ਸੰਸਦ ਕੇ ਕਿਸੇ ਮੈਂਬਰ ਦੇ ਵਿਰੁੱਧ ਸੰਸਦ ਜਾਂ ਉਸ ਦੀ ਕਿਸੇ ਕਮੇਟੀ ਵਿਚ ਉਸ ਦੀ ਆਖੀ ਕਿਸੇ ਗੱਲ ਜਾਂ ਦਿੱਤੀ ਕਿਸੇ ਵੋਟ ਬਾਰੇ ਕਿਸੇ ਅਦਾਲਤ ਵਿਚ ਕੋਈ ਕਾਰਵਾਈਆਂ ਨਹੀਂ ਚਲ ਸਕਣਗੀਆਂ, ਅਤੇ ਨ ਕਿਸੇ ਵਿਅਕਤੀ ਦੇ ਵਿਰੁੱਧ ਸੰਸਦ ਦੇ ਕਿਸੇ ਸਦਨ ਦੀ ਸੱਤਾ ਦੁਆਰਾ ਜਾਂ ਦੇ ਅਧੀਨ ਕਿਸੇ ਰਿਪੋਟ, ਪੱਤਰ, ਵੋਟਾਂ ਜਾਂ ਕਾਰਵਾਈਆਂ ਦੇ ਪ੍ਰਕਾਸ਼ਨ ਬਾਰੇ ਇਸ ਤਰ੍ਹਾਂ ਦੀਆਂ ਕੋਈ ਕਾਰਵਾਈਆਂ ਚੱਲ ਸਕਣਗੀਆਂ ।

Ministry of Law & Justice

(3) ਹੋਰ ਗੱਲਾਂ ਵਿਚ, ਸੰਸਦ ਦੇ ਹਰੇਕ ਸਦਨ ਦੀਆਂ ਅਤੇ ਹਰੇਕ ਸਦਨ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸਕਤੀਆਂ, ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਅਜਿਹਾਂ ਹੋਣਗੀਆਂ ਜਿਹੀਆਂ ਸੰਸਦ ਸਮੇਂ ਸਮੇਂ ਤੇ, ਕਾਨੂੰਨ ਦੁਆਰਾ, ਪਰਿਭਾਸ਼ਤ ਕਰੇ ਅਤੇ ਜਦ ਤੱਕ ਇਸ ਤਰ੍ਹਾਂ ਪਰਿਭਾਸ਼ਤ ਨ ਕੀਤੀਆਂ ਜਾਣ, ਤਦ ਤੱਕ [49][ਉਹੀ ਹੋਣਗੀਆਂ ਜੋ ਇਸ ਸੰਵਿਧਾਨ (ਚੌਤਾਲਵੀਂ ਸੋਧ ਐਕਟ, 1978 ਦੀ ਧਾਰਾ ਦੇ ਨਾਫ਼ਜ ਹੋਣ ਤੋਂ ਤੁਰੰਤ ਪਹਿਲਾਂ ਉਸ ਸਦਨ ਦੀ ਅਤੇ ਉਸ ਦੇ ਮੈਂਬਰਾਂ ਅਤੇ ਕਮੇਟੀਆਂ ਦੀ ਸੀ ।]

(4) ਜਿਨ੍ਹਾਂ ਵਿਅਕਤੀਆਂ ਨੂੰ ਇਸ ਸੰਵਿਧਾਨ ਦੇ ਆਧਾਰ ਤੇ ਸੰਸਦ ਦੇ ਕਿਸੇ ਸਦਨ ਜਾਂ ਉਸ ਦੀ ਕਿਸੇ ਕਮੇਟੀ ਵਿਚ ਬੋਲਣ ਦਾ, ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਵਿਚ ਭਾਗ ਲੈਣ ਦਾ , ਅਧਿਕਾਰ ਹੈ ਉਨ੍ਹਾਂ ਦੇ ਸੰਬੰਧ ਵਿਚ ਖੰਡ (1), (2) ਅਤੇ (3) ਦੇ ਉਪਬੰਧ ਉਸੇ ਤਰ੍ਹਾਂ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਸੰਸਦ ਦੇ ਮੈਂਬਰਾਂ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ।

ਮੈਂਬਰ ਦੀਆਂ ਤਨਖਾਹਾਂ ਅਤੇ ਭੱਤੇ ।

106. ਸੰਸਦ ਦੇ ਹਰੇਕ ਸਦਨ ਦੇ ਮੈਂਬਰਾਂ ਨੂੰ ਅਜਿਹੀਆਂ ਤਨਖਾਹਾਂ ਅਤੇ ਭੱਤੇ ਜਿਹੇ ਸੰਸਦ ਕਾਨੂੰਨ ਦੁਆਰਾ ਸਮੇਂ ਸਮੇਂ ਤੇ ਤੈਅ ਕਰੇ ਅਤੇ ਜਦ ਤੱਕ ਉਸ ਬਾਰੇ ਉਪਬੰਧ ਇਸ ਤਰ੍ਹਾਂ ਨ ਬਣਾਇਆ ਜਾਵੇ, ਅਜਿਹੇ ਭੱਤੇ ਅਜਿਹੀਆਂ ਦਰਾਂ ਅਤੇ ਅਜਿਹੀਆਂ ਸ਼ਰਤਾਂ ਤੇ ਜਿਹੀਆਂ ਭਾਰਤ ਡੋਮੀਨੀਅਨ ਦੀ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਸੂਰਤ ਵਿਚ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਲਾਗੂ ਸਨ, ਪ੍ਰਾਪਤ ਕਰਨ ਦਾ ਹੱਕ ਹੋਵੇਗਾ ।

## ਵਿਧਾਨਕ ਜਾਬਤਾ

ਬਿਲਾਂ ਦੇ ਪੁਰਸਥਾਪਨ ਅਤੇ ਪਾਸ ਕਰਨ ਬਾਬਤ ਉਪਬੰਧ ।

107. (1) ਧਨ ਬਿਲਾਂ ਅਤੇ ਹੋਰ ਵਿੱਤੀ ਬਿਲਾਂ ਬਾਰੇ ਅਨੁਛੇਦ 109 ਅਤੇ 117 ਦੇ ਉਪਬੰਧਾਂ ਦੇ ਤਾਬੇ, ਕੋਈ ਬਿਲ ਸੰਸਦ ਦੇ ਕਿਸੇ ਵੀ ਸਦਨ ਵਿਚ ਅਰੰਭ ਹੋ ਸਕੇਗਾ ।

(2) ਅਨੁਛੇਦ 108 ਅਤੇ 109 ਦੇ ਉਪਬੰਧਾਂ ਦੇ ਤਾਬੇ, ਕੋਈ ਬਿਲ ਸੰਸਦ

[49] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 15 ਦੁਆਰਾ (20.06.1979 ਤੋਂ ਪ੍ਰਭਾਵੀ) ਕੁੱਝ ਸ਼ਬਦਾਂ ਦੀ ਥਾਵੇਂ ਰੱਖੇ ।

Ministry of Law & Justice

ਦੇ ਸਦਨਾਂ ਦੁਆਰਾ ਪਾਸ ਹੋਇਆ ਨਹੀਂ ਸਮਝਿਆ ਜਾਵੇਗਾ, ਜੇਕਰ, ਜਾਂ ਤਾਂ ਬਿਨਾਂ ਸੋਧ ਦੇ ਜਾਂ ਕੇਵਲ ਅਜਿਹੀਆਂ ਸੋਧਾਂ ਨਾਲ ਜਿਨ੍ਹਾਂ ਤੇ ਦੋਵੇਂ ਸਦਨ ਸਹਿਮਤ ਹੋਣ, ਦੋਵੇਂ ਸਦਨ ਉਸ ਤੇ ਸਹਿਮਤ ਨ ਹੋ ਗਏ ਹੋਣ ।

(3)ਸੰਸਦ ਵਿਚ ਲੰਬਿਤ ਕੋਈ ਬਿਲ ਸਦਨਾਂ ਦੇ ਉਠਾ ਦਿੱਤੇ ਜਾਣ ਕਾਰਨ ਬੀਤ ਨਹੀਂ ਜਾਵੇਗਾ ।

(4) ਰਾਜ ਸਭਾ ਵਿਚ ਲੰਬਿਤ ਕੋਈ ਬਿਲ ਜਿਸ ਨੂੰ ਲੋਕ ਸਭਾ ਨੇ ਪਾਸ ਨ ਕੀਤਾ ਹੋਵੇ ਲੋਕ ਸਭਾ ਦੇ ਤੁੜਾਓ ਤੇ ਬੀਤ ਨਹੀਂ ਜਾਵੇਗਾ ।

(5) ਕੋਈ ਬਿਲ ਜੋ ਲੋਕ ਸਭਾ ਵਿਚ ਲੰਬਿਤ ਹੋਵੇ ਜਾਂ ਜੋ ਲੋਕ ਸਭਾ ਵਿਚ ਪਾਸ ਹੋ ਕੇ ਰਾਜ ਸਭਾ ਵਿਚ ਲੰਬਿਤ ਹੋਵੇ, ਅਨੁਛੇਦ 108 ਦੇ ਉਪਬੰਧਾਂ ਦੇ ਤਾਬੇ, ਲੋਕ ਸਭਾ ਦੇ ਤੁੜਾਓ ਤੇ ਬੀਤ ਜਾਵੇਗਾ ।

ਕੁਝ ਕੁ ਸੂਰਤਾਂ ਵਿਚ ਦੋਹਾਂ ਸਦਨਾਂ ਦੀ ਸੰਯੁਕਤ ਬੈਠਕ ।

108.(1) ਜੋ ਕਿਸੇ ਬਿਲ ਦੇ ਇਸ ਸਦਨ ਵਿਚ ਪਾਸ ਹੋਣ ਅਤੇ ਦੂਜੇ ਸਦਨ ਨੂੰ ਘੱਲੇ ਜਾਣ ਪਿੱਛੋਂ -

(ੳ) ਉਹ ਬਿਲ ਦੂਜੇ ਸਦਨ ਦੁਆਰਾ ਨਾਮਨਜ਼ੂਰ ਕਰ ਦਿੱਤਾ ਜਾਵੇ, ਜਾਂ;

(ਅ) ਉਸ ਬਿਲ ਵਿਚ ਕੀਤੀਆਂ ਜਾਣ ਵਾਲੀਆਂ ਸੋਧਾ ਬਾਬਤ ਦੋਵੇਂ ਸਦਨ ਅੰਤਮ ਤੌਰ ਤੇ ਅਸਹਿਮਤ ਹੋ ਚੁੱਕੇ ਹੋਣ, ਜਾਂ;

(ੲ) ਉਸ ਬਿਲ ਦੀ ਦੂਜੇ ਦਸਨ ਦੁਆਰਾ ਪ੍ਰਾਪਤੀ ਦੀ ਤਰੀਕ ਤੋਂ ਉਸ ਦੇ ਉਸ ਨੂੰ ਪਾਸ ਕੀਤੇ ਬਿਨਾਂ ਛੇ ਮਹੀਨੇ ਤੋਂ ਵੱਧ ਬੀਤ ਜਾਣਾ,

ਤਾਂ ਜੇਕਰ ਲੋਕ ਸਭਾ ਦੇ ਤੁੜਾਓ ਦੇ ਕਾਰਨ ਉਹ ਬਿਲ ਬੀਤ ਨ ਗਿਆ ਹੋਵੇ, ਰਾਸ਼ਟਰਪਤੀ ਸਦਨਾਂ ਨੂੰ ਉਸ ਬਿਲ ਤੇ ਗੋਰ ਕਰਨ ਅਤੇ ਵੋਟ ਦੇਣ ਦੇ ਪ੍ਰਯੋਜਨ ਲਈ ਸੰਯੁਕਤ ਬੈਠਕ ਵਿਚ ਇਕੱਤਰ ਹੋਣ ਲਈ ਉਨ੍ਹਾਂ ਨੂੰ ਬੁਲਾਉਣ ਦੇ ਆਪਣੇ ਇਰਾਦੇ ਦੀ ਅਧਿਸੂਚਨਾ, ਜੇ ਉਹ ਬੈਠਕ ਵਿਚ ਹੋਣ



Ministry of Law & Justice

ਤਾਂ ਸੰਦੇਸ਼ ਦੁਆਰਾ ਜਾਂ ਜੇ ਬੈਠਕ ਵਿਚ ਨ ਹੋਣ ਤਾਂ ਲੋਕ ਅਧਿਸੂਚਨਾ ਦੁਆਰਾ , ਦੇ ਸਕੇਗਾ :

ਪਰੰਤੂ ਇਸ ਖੰਡ ਦੀ ਕੋਈ ਗੱਲ ਕਿਸੇ ਧਨ-ਬਿਲ ਨੂੰ ਲਾਗੂ ਨਹੀਂ ਹਵੇਗੀ ।
(2) ਅਜਿਹੇ ਕਿਸੇ ਛੇ ਮਹੀਨੇ ਦੀ ਮੁੱਦਤ ਦਾ ਸ਼ੁਮਾਰ ਕਰਨ ਵਿਚ ਜਿਸ ਦਾ ਖੰਡ (1) ਵਿਚ ਹਵਾਲਾ ਦਿੱਤਾ ਗਿਆ ਹੈ, ਕਿਸੇ ਅਜਿਹੇ ਮੁੱਦਤ ਨੂੰ ਧਿਆਨ ਵਿਚ ਨਹੀਂ ਲਿਆ ਜਾਵੇਗਾ ਜਿਸ ਦੇ ਦੌਰਾਨ ਉਕਤ ਖੰਡ ਦੇ ਉਪ-ਖੰਡ (ੲ) ਵਿਚ ਹਵਾਲਾ ਦਿੱਤਾ ਗਿਆ ਸਦਨ ਉਠਿਆ ਜਾਂ ਲਗਾਤਾਰ ਚਾਰ ਤੋਂ ਵੱਧ ਦਿਨ ਲਈ ਸਥੱਗਤ ਰਿਹਾ ਹੈ ।

(3) ਜਦ ਰਾਸ਼ਟਰਪਤੀ ਸਦਨਾਂ ਨੂੰ ਸੰਯੁਕਤ ਬੈਠਕ ਵਿਚ ਇਕੱਤਰ ਹੋਣ ਲਈ ਬੁਲਾਉਣ ਦੇ ਆਪਣੇ ਇਰਾਦੇ ਨੂੰ ਖੰਡ (1) ਦੇ ਅਧੀਨ ਅਧਿਸੂਚਿਤ ਕਰ ਚੁੱਕਿਆ ਹੋਵੇ, ਤਾਂ ਕੋਈ ਸਦਨ ਬਿਲ ਤੇ ਅੱਗੇ ਕਾਰਵਾਈ ਨਹੀਂ ਕਰੇਗਾ, ਪਰ ਰਾਸ਼ਟਰਪਤੀ ਆਪਣੀ ਅਧਿਸੂਚਨਾ ਦੀ ਤਰੀਕ ਪਿੱਛੋਂ ਕਿਸੇ ਸਮੇਂ ਸਦਨਾਂ ਨੂੰ ਅਧਿਸੂਚਨਾ ਵਿਚ ਉਲਿਖਤ ਪ੍ਰਯੋਜਨ ਲਈ ਸੰਯੁਕਤ ਬੈਠਕ ਵਿਚ ਇਕੱਤਰ ਹੋਣ ਲਈ ਬੁਲਾ ਸਕੇਗਾ ਅਤੇ ਜੇ ਉਹ ਅਜਿਹਾ ਕਰੇ, ਤਾਂ ਸਦਨ ਉਸਦੇ ਅਨੁਸਾਰ ਇਕਤੱਰ ਹੋਣਗੇ ।

(4) ਜੇ ਦੋਹਾਂ ਸਦਨਾਂ ਦੀ ਸੰਯੁਕਤ ਬੈਠਕ ਵਿਚ ਬਿਲ, ਅਜਿਹੀਆਂ ਸੋਧਾਂ ਨਾਲ, ਜੋ ਕੋਈ ਹੋਣ, ਜਿਨ੍ਹਾਂ ਤੇ ਸੰਯੁਕਤ ਬੈਠਕ ਵਿਚ ਸਹਿਮਤੀ ਹੋ ਗਈ ਹੋਵੇ, ਦੋਹਾਂ ਸਦਨਾਂ ਤੇ ਹਾਜਰ ਅਤੇ ਵੋਟ ਦੇਣ ਵਾਲੇ ਕੁਲ ਮੈਂਬਰਾਂ ਦੀ ਬਹੁਸੰਮਤੀ ਨਾਲ ਪਾਸ ਹੋ ਜਾਵੇ, ਤਾਂ ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ ਉਹ ਦੋਹਾਂ ਸਦਨਾਂ ਦੁਆਰਾ ਪਾਸ ਕੀਤਾ ਸਮਝਿਆ ਜਾਵੇਗਾ
ਪਰੰਤੂ ਸੰਯੁਕਤ ਬੈਠਕ ਵਿਚ–

(ੳ) ਜੇ ਬਿਲ ਇਕ ਸਦਨ ਤੋਂ ਪਾਸ ਹੋ ਕੇ, ਦੁਜੇ ਸਦਨ ਦੁਆਰਾ ਸੋਧਾ ਨਾਲ ਪਾਸ ਨ ਕੀਤਾ ਗਿਆ ਹੋਵੇ ਅਤੇ ਉਸ ਸਦਨ ਨੂੰ ਜਿਸ ਵਿਚ ਉਹ ਆਰੰਭ ਹੋਇਆ ਸੀ ਮੋੜ ਨ ਦਿੱਤਾ ਗਿਆ ਹੋਵੇ, ਤਾਂ ਅਜਿਹੀਆਂ ਸੋਧਾਂ ਤੋਂ ਬਿਨਾਂ (ਜੇ ਕੋਈ ਹੋਣ), ਜੋ ਬਿਲ ਦੇ ਪਾਸ ਹੋਣ ਵਿਚ ਦੇਰੀ ਦੇ ਕਾਰਨ ਜਰੂਰੀ ਹੋ ਗਈਆਂ ਹੋਣ, ਬਿਲ ਵਿਚ ਕੋਈ ਹੋਰ ਸੋਧ ਤਜਵੀਜ਼ ਨਹੀਂ



Ministry of Law & Justice

ਕੀਤੀ ਜਾਵੇਗੀ ;

(ਅ) ਜੇ ਬਿਲ ਇਸ ਤਰ੍ਹਾਂ ਪਾਸ ਕੀਤਾ ਅਤੇ ਮੋੜਿਆ ਜਾ ਚੁੱਕਿਆ ਹੋਵੇ, ਤਾਂ ਬਿਲ ਵਿਚ ਕੇਵਲ ਉਪਰੋਕਤ ਜਿਹੀਆਂ ਸੋਧਾਂ ਅਤੇ ਅਜਿਹੀਆਂ ਹੋਰ ਸੋਧਾਂ ਜੋ ਉਨ੍ਹਾਂ ਮਾਮਲਿਆਂ ਨਾਲ ਸੁਸੰਗਤ ਹੋਣ ਜਿਨ੍ਹਾਂ ਬਾਰੇ ਸਦਨਾਂ ਵਿਚ ਸਹਿਮਤੀ ਨ ਹੋਈ ਹੋਵੇ, ਤਜਵੀਜ਼ ਕੀਤੀਆਂ ਜਾਣਗੀਆਂ ;

ਅਤੇ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਦਾ ਫੈਸਲਾ ਕਿ ਕਿਹੜੀਆਂ ਸੋਧਾਂ ਇਸ ਖੰਡ ਦੇ ਅਧੀਨ ਗ੍ਰਹਿਣਯੋਗ ਹਨ, ਅੰਤਮ ਹੋਵੇਗਾ ।

(5) ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਸਦਨਾਂ ਨੂੰ ਉਸ ਬੈਠਕ ਵਿਚ ਇਕੱਤਰ ਹੋਣ ਲਈ ਬੁਲਾਉਣ ਦੇ ਇਰਾਦੇ ਦੀ ਰਾਸ਼ਟਰਪਤੀ ਦੀ ਅਧਿਸੂਚਨਾ ਤੋਂ ਪਿੱਛੋਂ ਲੋਕ ਸਭਾ ਦਾ ਤੁੜਾਓ ਵਿਚਕਾਰ ਪੈ ਗਿਆ ਹੋਵੇ, ਇਸ ਅਨੁਛੇਦ ਦੇ ਅਧੀਨ ਸੰਯੁਕਤ ਬੈਠਕ ਹੋ ਸਕੇਗੀ ਅਤੇ ਉਸ ਵਿਚ ਬਿਲ ਪਾਸ ਹੋ ਸਕੇਗਾ ।

ਧਨ ਬਿਲਾਂ ਅਤੇ ਵਿਸ਼ੇਸ਼ ਜਾਬਤਾ ।

109. (1) ਕੋਈ ਧਨ ਬਿਲ ਰਾਜ ਸਭਾ ਵਿਚ ਪੁਰਸਥਾਪਤ ਨਹੀਂ ਕੀਤਾ ਜਾਵੇਗਾ ।

(2) ਧਨ ਬਿਲ ਲੋਕ ਸਭਾ ਤੋਂ ਪਾਸ ਹੋ ਜਾਣ ਪਿਛੰ ਰਾਜਸਭਾ ਨੂੰ ਉਸ ਦੀਆਂ ਸਿਫਾਰਸ਼ਾਂ ਲਈ ਘੱਲਿਆ ਜਾਵੇਗਾ ਅਤੇ ਰਾਜ ਸਭਾ ਬਿਲ ਦੀ ਆਪਣੀ ਪ੍ਰਾਪਤੀ ਦੀ ਤਰੀਕ ਤੋਂ ਚੌਦਾਂ ਦਿਨ ਦੀ ਮੁੱਦਤ ਦੇ ਅੰਦਰ ਬਿਲ ਨੂੰ ਆਪਣੀਆਂ ਸਿਫਾਰਸ਼ਾਂ ਨਾਲ ਲੋਕ ਸਭਾ ਨੂੰ ਮੋੜ ਦੇਵੇਗੀ ਅਤੇ ਉਸ ਤੇ ਲੋਕ ਸਭਾ, ਰਾਜ ਸਭਾ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਜਾਂ ਉਨ੍ਹਾਂ ਵਿਚੋਂ ਕਿਸੇ ਨੂੰ ਮੰਨ ਸਕੇਗੀ ਜਾਂ ਨਾਮਨਜ਼ੂਰ ਕਰ ਸਕੇਗੀ ।

(3) ਜੇ ਲੋਕ ਸਭਾ ਰਾਜ ਸਭਾ ਦੀਆਂ ਸਿਫਾਰਸ਼ਾਂ ਵਿਚੋਂ ਕਿਸੇ ਨੂੰ ਮੰਨ ਲਵੇ, ਤਾਂ ਧਨ ਬਿਲ ਰਾਜ ਸਭਾ ਦੁਆਰਾ ਸਿਫਾਰਸ਼ ਕੀਤੀਆਂ ਗਈਆਂ ਅਤੇ ਲੋਕ ਸਭਾ ਦੁਆਰਾ ਮੰਨ ਲਈਆਂ ਗਈਆਂ ਸੋਧਾਂ ਨਾਲ ਦੋਹਾਂ ਦੁਆਰਾ ਪਾਸ



Ministry of Law & Justice

ਕੀਤਾ ਸਮਝਿਆ ਜਾਵੇਗਾ ।

(4) ਜੇ ਲੋਕ ਸਭਾ ਰਾਜ ਸਭਾ ਦੀਆਂ ਸਿਫਾਰਸ਼ਾਂ ਵਿਚੋਂ ਕਿਸੇ ਨੂੰ ਵੀ ਨਹੀਂ ਮੰਨਦੀ, ਤਾਂ ਧਨ ਬਿਲ ਰਾਜਸਭਾ ਦੁਆਰਾ ਸਿਫਾਰਸ਼ ਕੀਤੀਆਂ ਗਈਆਂ ਸੋਧਾਂ ਵਿਚੋਂ ਕਿਸੇ ਬਿਨਾਂ ਉਸ ਰੂਪ ਵਿਚ ਦੋਹਾਂ ਸਦਨਾਂ ਦੁਆਰਾ ਪਾਸ ਕੀਤਾ ਸਮਝਿਆ ਜਾਵੇਗਾ ਜਿਸ ਵਿਚ ਕਿ ਉਹ ਲੋਕ ਸਭਾ ਦੁਆਰਾ ਪਾਸ ਕੀਤਾ ਗਿਆ ਸੀ ।

(5) ਜੇ ਲੋਕ ਸਭਾ ਦੁਆਰਾ ਪਾਸ ਕੀਤਾ ਗਿਆ ਅਤੇ ਰਾਜ ਸਭਾ ਨੂੰ ਉਸ ਦੀਆਂ ਸਿਫਾਰਸ਼ਾਂ ਲਈ  ਘੱਲਿਆ ਗਿਆ ਧਨ ਬਿਲ ਉਕਤ ਚੌਦਾਂ ਦਿਨ ਦੀ ਮੁਦੱਤ ਦੇ ਅੰਦਰ ਲੋਕ ਸਭਾ ਨੂੰ ਮੋੜਿਆ ਨ ਜਾਵੇ, ਤਾਂ ਉਕਤ ਮੁੱਦਤ ਦੇ ਗੁਰਜਨ ਤੇ ਉਹ ਦੋਹਾਂ ਸਦਨਾਂ ਦੁਆਰਾ ਉਸ ਰੂਪ ਵਿਚ ਪਾਸ ਕੀਤਾ ਗਿਆ ਸਮਝਿਆ ਜਾਵੇਗਾ ਜਿਸ ਵਿਚ ਉਹ ਲੋਕ ਸਭਾ ਦੁਆਰਾ ਪਾਸ ਕੀਤਾ ਗਿਆ ਸੀ ।

"ਧਨ ਬਿਲਾਂ" ਦੀ ਪਰਿਭਾਸ਼ਾ ।

110.(1) ਇਸ ਅਧਿਆਏ ਦੇ ਪ੍ਰਯਜਨਾਂ ਲਈ, ਕੋਈ ਬਿਲ ਧਨ ਬਿਲ ਸਮਝਿਆ ਜਾਵੇਗਾ ਜੇ ਉਸ ਵਿਚ ਹੇਠ-ਲਿਖ ਸਾਰੇ ਮਾਮਲਿਆਂ ਜਾਂ ਉਨ੍ਹਾਂ ਵਿਚੋਂ ਕਿਸੇ ਨਾਲ ਸੰਬੰਧ ਰੱਖਣ ਵਾਲੇ ਉਪਬੰਧ ਹੀ ਹਨ, ਅਰਥਾਤ-

(ੳ) ਕਿਸੇ ਕਰ ਦਾ ਅਰੋਪਣਾ, ਅੰਤ ਕਰਨਾ, ਛੋਟਾਉਣਾ, ਬਦਲਣਾ ਜਾਂ ਵਿਨਿਯਮਨ ਕਰਨਾ ;

(ਅ) ਭਾਰਤ ਸਰਕਾਰ ਧਨ ਉਧਾਰ ਲੈਣ ਦਾ ਜਾਂ ਕੋਈ ਗਰੰਟੀ ਦੇਣ ਦਾ ਵਿਨਿਯਮਨ, ਜਾਂ ਭਾਰਤ ਸਰਕਾਰ ਦੁਆਰਾ ਲਈਆਂ ਗਈਆਂ ਜਾਂ ਲਈਆਂ ਜਾਣ ਵਾਲੀਆਂ ਕਿਸੇ ਵਿੱਤੀ ਬਾਂਧਾਂ ਦੇ ਬਾਰੇ ਕਾਨੂੰਨ ਦੀ ਸੋਧ;

(ੲ) ਭਾਰਤ ਦੇ ਸੰਚਿਤ ਫ਼ੰਡ ਜਾਂ ਅਚੇਤ ਫ਼ੰਡ ਦੀ ਸੰਭਾਲ, ਅਜਿਹੇ ਕਿਸੇ ਫ਼ੰਡ ਵਿਚ ਧਨਾਂ ਦਾ ਪਾਉਣਾ ਜਾਂ ਉਸ ਵਿਚੋਂ ਧਨਾਂ ਦਾ ਕਢਣਾ;

(ਸ) ਭਾਰਤ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਦਾ ਨਮਿਤਣਾ;

(ਹ) ਕਿਸੇ ਖ਼ਰਚ ਨੂੰ ਭਾਰਤ ਤੇ ਸੰਚਿਤ ਫ਼ੰਡ ਤੇ ਭਾਰਿਤ ਖ਼ਰਚ ਐਲਾਨਣਾ ਜਾਂ ਅਜਿਹੇ ਕਿਸੇ ਖ਼ਰਚ ਦੀ ਰਕਮ ਵਧਾਉਣਾ ;

(ਕ) ਭਾਰਤ ਦੇ ਸੰਚਿਤ ਫ਼ੰਡ ਵਿਚ ਜਾਂ ਭਾਰਤ ਦੇ ਲੋਕ ਲੇਖੇ ਵਿਚ ਧਨ ਪ੍ਰਾਪਤ ਕਰਨਾ ਜਾਂ ਅਜਿਹੇ ਧਨ ਦੀ ਸੰਭਾਲ ਜਾਂ ਨਿਕਾਸੀ ਕਰਨਾ ਜਾਂ ਸੰਘ ਜਾਂ ਰਾਜ ਦੇ ਲੇਖਿਆਂ ਦੀ ਲੇਖਾ-ਪਰੀਖਿਆ ;ਜਾਂ

(ਖ) ਖੰਡ (ੳ) ਤੋਂ (ਕ) ਤੱਕ ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਦਾ ਅਨੁਸੰਗਕ ਕੋਈ ਮਾਮਲਾ ।

(2) ਕੋਈ ਬਿਲ ਕੇਵਲ ਇਸ ਕਾਰਨ ਤੋਂ ਧਨ ਬਿਲ ਨਹੀਂ ਸਮਝਿਆ ਜਾਵੇਗਾ ਕਿ ਉਹ ਜੁਰਮਾਨਿਆਂ ਜਾਂ ਹੋਰ ਮਾਇਕ ਡੰਨਾਂ ਦੇ ਅਰੋਪਣ ਦਾ, ਜਾਂ ਲਸੰਸਾਂ ਲਈ ਫ਼ੀਸਾਂ ਦੀ ਜਾਂ ਕੀਤੀਆਂ ਸੇਵਾਵਾਂ ਲਈ ਫ਼ੀਸਾਂ ਦੀ ਮੰਗ ਦਾ ਜਾਂ ਅਦਾਇਗੀ ਦਾ ਉਪਬੰਧ ਕਰਦਾ ਹੈ, ਜਾਂ ਇਸ ਕਾਰਨ ਤੋਂ ਕਿ ਉਹ ਕਿਸੇ ਸਥਾਨਕ ਸੱਤਾਧਾਰੀ ਜਾਂ ਬੌਡੀ ਦੁਆਰਾ ਸਥਾਨਕ ਪ੍ਰਯੋਜਨਾਂ ਲਈ ਕਿਸੇ ਕਰ ਦੇ ਅਰੋਪਣ , ਅੰਤ ਕਰਨ, ਛੋਟਾਊਣ, ਬਦਲਣ ਜਾਂ ਵਿਨਿਯਮਨ ਕਰਨ ਦਾ ਉਪਬੰਧ ਕਰਦਾ ਹੈ ।

(3) ਜੇ ਕੋਈ ਸਵਾਲ ਪੈਦਾ ਹੋਵੇ ਕਿ ਕੀ ਕੋਈ ਬਿਲ ਧਨ ਬਿਲ ਹੈ ਜਾਂ ਨਹੀਂ, ਤਾਂ ਉਸ ਤੇ ਲੋਕ ਸਭਾ ਦੇ ਮਪੀਕਰ ਦਾ ਫੈਸਲਾ ਅੰਤਮ ਹੋਵੇਗਾ ।

(4) ਜਦ ਕੋਈ ਧਨ ਬਿਲ ਅਨੁਛੇਦ 109 ਦੇ ਅਧੀਨ ਰਾਜ ਸਭਾ ਨੂੰ ਘੱਲਿਆ ਜਾਵੇ, ਅਤੇ ਜਦ ਉਹ ਅਨੁਛੇਦ 111 ਦੇ ਅਧੀਨ ਰਾਸ਼ਟਰਪਤੀ ਨੂੰ ਅਨੁਮਤੀ ਲਈ ਪੇਸ਼ ਕੀਤਾ ਜਾਵੇ, ਤਾਂ ਹਰਿਕ ਅਜਿਹੇ ਬਿਲ ਤੇ, ਲੋਕ ਸਭਾ ਦੇ ਸਪੀਕਰ ਦੇ ਦਸਖਤ ਨਾਲ ਇਹ ਪਰਮਾਣ ਪਿੱਠ ਅੰਕਿਤ ਕੀਤਾ ਜਾਵੇਗਾ ਕਿ ਉਹ ਧਨ ਬਿਲ ਹੈ ।

ਬਿਲਾਂ ਨੂੰ ਅਨੁਮਤੀ ।

111. ਜਦ ਕੋਈ ਬਿਲ ਸੰਸਦ ਦੇ ਸਦਨਾਂ ਦੁਆਰਾ ਪਾਸ ਕਰ ਦਿੱਤਾ ਗਿਆ ਹੋਵੇ, ਤਾਂ ਉਹ ਰਾਸ਼ਟਰਪਤੀ ਨੂੰ ਪੇਸ਼ ਕੀਤਾ ਜਾਵੇਗਾ, ਅਤੇ ਰਾਸ਼ਟਰਪਤੀ ਐਲਾਨ ਕਰੇਗਾ ਕਿ ਜਾਂ ਤਾਂ ਉਹ ਬਿਲ ਨੂੰ ਅਨੁਮਤੀ ਦਿੰਦਾ ਹੈ,ਜਾਂ ਉਹ

ਉਸ ਤੋਂ ਅਨੁਮਤੀ ਰੋਕ ਲੈਂਦਾ ਹੈ :

ਪਰੰਤੂ ਰਾਸ਼ਟਰਪਤੀ, ਅਨੁਮਤੀ ਲਈ ਉਸ ਨੂੰ ਬਿਲ ਪੇਸ਼ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਸੰਭਵ ਹੋਵੇ, ਉਸ ਬਿਲ ਨੂੰ ਜੇ ਉਹ ਧਨ ਬਿਲ ਨ ਹੋਵੇ, ਸਦਨਾਂ ਨੂੰ ਸੰਦੇਸ਼ ਨਾਲ ਮੋੜ ਸਕੇਗਾ ਕਿ ਉਹ ਉਸ ਬਿਲ ਤੇ ਜਾਂ ਉਸ ਦੇ ਕਿਸੇ ਉਲਿਖਤ ਉਪਬੰਧਾਂ ਤੇ ਮੁੜ-ਵਿਚਾਰ ਕਰੇ ਅਤੇ, ਖਾਸ ਕਰਕੇ, ਕਿਸੇ ਅਜਿਹੀਆਂ ਸੋਧਾ ਦੇ ਪੁਰਸਥਾਪਨ ਦੀ ਵਾਂਛਨੀਅਤਾ ਤੇ ਵਿਚਾਰ ਕਰੇ ਜਿਨ੍ਹਾਂ ਦੀ ਉਹ ਆਪਣੇ ਸੰਦੇਸ਼ ਵਿਚ ਸਿਫਾਰਸ਼ ਕਰੇ, ਅਤੇ ਜਦ ਬਿਲ ਇਸ ਤਰ੍ਹਾਂ ਮੋੜ ਦਿੱਤਾ ਗਿਆ ਹੋਵੇ, ਤਦ ਸਦਨ ਉਸ ਬਿਲ ਤੇ ਉਸ ਦੇ ਅਨੁਸਾਰ ਮੁੜ ਵਿਚਾਰ ਕਰਣਗੇ, ਅਤੇ ਜੇ ਬਿਲ ਸਦਨਾਂ ਦੁਆਰਾ ਸੋਧ ਨਾਲ ਜਾਂ ਬਿਨਾਂ ਮੁੜ ਪਾਸ ਕਰ ਦਿਤਾ ਜਾਵੇ ਅਤੇ ਰਾਸ਼ਟਰਪਤੀ ਨੂੰ ਅਨੁਮਤੀ ਲਈ ਪੇਸ਼ ਕੀਤਾ ਜਾਵੇ, ਤਾਂ ਰਾਸ਼ਟਰਪਤੀ ਉਸ ਤੋਂ ਅਨੁਮਤੀ ਨਹੀਂ ਰੋਕੇਗਾ ।

## ਵਿੱਤੀ ਮਾਮਲਿਆਂ ਵਿਚ ਜਾਬਤਾ

ਸਾਲਾਨਾ ਵਿੱਤ ਵਿਵਰਣ ।

112.(1) ਰਾਸ਼ਟਰਪਤੀ ਹਰਿਕ ਵਿੱਤੀ ਸਾਲ ਬਾਰੇ ਸੰਸਦ ਦੇ ਦੋਹਾਂ ਸਦਨਾਂ ਅੱਗੇ ਭਾਰਤ ਸਰਕਾਰ ਦੀਆਂ ਉਸ ਸਾਲ ਲਈ ਅਨੁਮਾਨਤ ਪ੍ਰਾਪਤੀਆਂ ਅਤੇ ਖ਼ਰਚ ਦਾ ਵਿਵਰਣ ਰਖਵਾਏਗਾ, ਜਿਸ ਦਾ ਇਸ ਭਾਗ ਵਿਚ "ਸਾਲਾਨਾ ਵਿੱਤ ਵਿਵਰਣ" ਦੇ ਨਾਂ ਨਾਲ ਹਵਾਲਾ ਦਿਤਾ ਗਿਆ ਹੈ ।

(2) ਸਾਲਾਨਾ ਵਿੱਤ ਵਿਵਰਣ ਵਿਚ ਦਿੱਤੇ ਹੋਏ ਖ਼ਰਚ ਦੇ ਅਨੁਮਾਨਾਂ ਵਿਚ–

(ੳ) ਜੋ ਖ਼ਰਚ ਇਸ ਸੰਵਿਧਾਨ ਵਿਚ ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਖ਼ਰਚ ਵਜੋਂ ਵਰਣਤ ਹੈ ਉਸ ਦੀ ਪੂਰਤੀ ਲਈ ਲੋੜੀਦੀਆਂ ਰਕਮਾਂ ; ਅਤੇ

(ਅ) ਭਾਰਤ ਦੇ ਸੰਚਿਤ ਫ਼ੰਡ ਵਿਚੋਂ ਕੀਤੇ ਜਾਣ ਲਈ ਤਜਵੀਜ਼ ਹੋਏ ਹੋਰ ਖ਼ਰਚ ਦੀ ਪੂਰਤੀ ਲਈ ਲੋੜੀਦੀਆਂ ਰਕਮਾਂ,



Ministry of Law & Justice

ਵੱਖ ਵੱਖ ਵਿਖਾਈਆਂ ਜਾਣਗੀਆਂ ਅਤੇ ਸਰਕਾਰੀ ਆਮਦਨ ਲੇਖੇ ਤੇ ਹੋਣ ਵਾਲੇ ਖ਼ਰਚ ਦਾ ਹੋਰ ਖ਼ਰਚ ਨਾਲੋਂ ਭੇਦ ਕੀਤਾ ਜਾਵੇਗਾ ।

(3) ਹੇਠ-ਲਿਖਿਆਂ ਖ਼ਰਚ ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਖ਼ਰਚ ਹੋਵੇਗਾ -

(ੳ) ਰਾਸ਼ਟਰਪਤੀ ਦੀਆਂ ਉਪਲਭਤਾਂ ਅਤੇ ਭੱਤੇ ਅਤੇ ਉਸ ਦੇ ਅਹੁਦੇ ਨਾਲ ਸੰਬੰਧਤ ਹੋਰ ਖ਼ਰਚ;

(ਅ) ਰਾਜ ਸਭਾ ਦੇ ਸਭਾਪਤੀ ਅਤੇ ਉਪ-ਸਭਾਪਤੀ ਅਤੇ ਲੋਕਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ ਅਤੇ ਭੱਤੇ;

(ੲ) ਅਜਿਹੇ ਰਿਣ-ਭਾਰ ਜਿਨ੍ਹਾਂ ਦੀ ਦੇਣਦਾਰੀ ਭਾਰਤ ਸਰਕਾਰ ਤੇ ਹੈ ਜਿਨ੍ਹਾਂ ਵਿਚ ਵਿਆਜ, ਰਿਣ-ਭੁਗਤਾਨ ਫ਼ੰਡ ਭਾਰਤ ਅਤੇ ਛੁੜਾਈ ਭਾਰ ਅਤੇ ਉਧਾਰ ਲੈਣ ਅਤੇ ਰਿਣ-ਸੇਵਾ ਅਤੇ ਰਿਣ-ਛੁੜਾਈ ਸੰਬੰਧੀ ਹੋਰ ਖ਼ਰਚ ਸ਼ਾਮਲ ਹਨ;

(ਸ) (i) ਸਰਵ-ਉੱਚ ਅਦਾਲਤ ਦੇ ਜੱਜਾਂ ਨੂੰ ਜਾਂ ਦੇ ਬਾਰੇ ਅਦਾਇਗੀਯੋਗ ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ,

(ii) ਫੈਡਰਲ ਕੋਰਟ ਦੇ ਜੱਜਾਂ ਨੂੰ ਜਾਂ ਦੇ ਬਾਰੇ ਅਦਾਇਗੀ-ਯੋਗ ਪੈਨਸ਼ਨਾਂ,

(iii) ਜੋ ਉੱਚ-ਅਦਾਲਤ ਭਾਰਤ ਰਾਜਖੇਤਰ ਵਿਚ ਸ਼ਾਮਲ ਕਿਸੇ ਖੇਤਰ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਹੈ ਜਾਂ ਜੋ [50][ਭਾਰਤ ਡੋਮੀਨੀਅਨ ਤੇ ਕਿਸੇ ਰਾਜਪਾਲ ਦੇ ਪ੍ਰਾਂਤ] ਵਿਚ ਸ਼ਾਮਲ ਕਿਸੇ ਖੇਤਰ ਦੇ ਸੰਬੰਧ ਵਿਚ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ

[50] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ੳ ਵਿਚ ਉਲਿਖਤ ਕਿਸੇ ਰਾਜ ਦੇ ਤਤਸਥਾਨੀ ਪ੍ਰਾਂਤ" ਦੀ ਥਾਵੇਂ ਰੱਖੇ ਗਏ ।

Ministry of Law & Justice

ਕਿਸੇ ਵੀ ਸਮੇਂ ਅਧਿਕਾਰਤਾ ਦੀ ਵਰਤੋਂ ਕਰਦੀ ਸੀ ਉਸ ਦੇ ਜੱਜਾਂ ਨੂੰ ਜਾਂ ਦੇ ਬਾਰੇ ਅਦਾਇਗੀਯੋਗ ਪੈਨਸ਼ਨਾਂ;

(ਗ) ਭਾਰਤ ਦੇ ਕੰਪਟਰੋਲਰ ਅਤੇ ਮਹਾਂ- ਲੇਖਾ-ਪਰੀਖਿਅਕ ਨੂੰ ਜਾਂ ਤੇ ਬਾਰੇ ਅਦਾਇਗੀਯੋਗ ਤਨਖਾਹ, ਭੱਤੇ ਅਤੇ ਪੈਨਸ਼ਨ;

(ਕ) ਕਿਸੇ ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਦੇ ਨਿਰਣੇ, ਡਿਗਰੀ ਜਾਂ ਸਾਲਸੀ ਫੈਸਲੇ ਦੇ ਭੁਗਤਾਨ ਲਈ ਲੋੜੀਦੀਆਂ ਕੋਈ ਰਕਮਾਂ ;

(ਖ) ਇਸ ਸੰਵਿਧਾਨ ਦੁਆਰਾ ਜਾਂ ਸੰਸਦ ਦੇ ਕਾਂਨੂਨ ਦੁਆਰਾ ਇਸ ਤਰ੍ਹਾਂ ਭਾਰਿਤ ਹੋਣਾ ਐਲਾਨਿਆ ਕੋਈ ਹੋਰ ਖ਼ਰਚ ।

ਸੰਸਦ ਵਿਚ ਅਨੁਮਾਨਾਂ ਬਾਰੇ ਜਾਬਤਾ ।

113. ਅਨੁਮਾਨਾਂ ਦਾ ਉਨਾ ਭਾਗ ਜੋ ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਖ਼ਰਚ ਨਾਲ ਸੰਬੰਧਤ ਹੈ ਸੰਸਦ ਵਿਚ ਵੋਟ ਲਈ ਨਹੀਂ ਰੱਖਿਆ ਜਾਵੇਗਾ, ਪਰ ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਸੰਸਦ ਦੇ ਕਿਸੇ ਸਦਨ ਵਿਚ ਉਨ੍ਹਾਂ ਅਨੁਮਾਨਾਂ ਵਿਚੋਂ ਕਿਸੇ ਤੇ ਚਰਚਾ ਨੂੰ ਰੋਕਦੀ ਹੈ ।

(2) ਉਕਤ ਅਨੁਮਾਨਾਂ ਦਾ ਉਨਾ ਭਾਗ ਜੋ ਹੋਰ ਖਚਰ ਨਾਲ ਸਬੰਧਤ ਹੈ ਲੋਕ ਸਭਾ ਨੂੰ ਗ੍ਰਾਂਟਾਂ ਦੀਆਂ ਮੰਗਾਂ ਦੇ ਰੂਪ ਵਿਚ ਪੇਸ਼ ਕੀਤਾ ਜਾਵੇਗਾ, ਅਤੇ ਲੋਕ ਸਭਾ ਨੂੰ ਸ਼ਕਤੀ ਹੋਵੇਗੀ ਕਿ ਕਿਸੇ ਮੰਗ ਨੂੰ ਅਨੁਮਤੀ ਦੇਵੇ, ਜਾਂ ਅਨੁਮਤੀ ਦੇਣ ਤੋਂ ਇੰਨਕਾਰ ਕਰ ਦੇਵੇ, ਜਾਂ ਕਿਸੇ ਮੰਗ ਨੂੰ ਉਸ ਵਿਚ ਉਲਿਖਤ ਰਕਮ ਨੂੰ ਘੱਟ ਕਰਕੇ ਅਨੁਮਤੀ ਦੇਵੇ ।

(3) ਕਿਸੇ ਵੀ ਗ੍ਰਾਂਟ ਦੀ ਮੰਗ ਰਾਸ਼ਟਰਪਤੀ ਦੀ ਸਿਫਾਰਸ਼ ਦੇ ਸਿਵਾਏ ਨਹੀਂ ਕੀਤੀ ਜਾਵੇਗੀ ।

ਨਮਿਤਣ ਬਿਲ ।

114. (1) ਲੋਕ ਸਭਾ ਦੁਆਰਾ ਅਨੁਛੇਦ 113 ਦੇ ਅਧੀਨ ਗ੍ਰਾਂਟਾਂ ਦੇ ਦਿੱਤੇ ਜਾਣ ਪਿੱਛੋ, ਜਿੰਨੀ ਛੇਤੀ ਹੋ ਸਕੇ, ਭਾਰਤ ਦੇ ਸੰਚਿਤ ਫ਼ੰਡ ਵਿਚੋਂ–

(ੳ) ਲੋਕ ਸਭਾ ਦੁਆਰਾ ਇਸ ਤਰ੍ਹਾਂ ਦਿਤੀਆਂ ਗਈਆਂ ਗ੍ਰਾਂਟਾਂ ਦੀ ; ਅਤੇ

(ਅ) ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਪਰ ਸੰਸਦ ਅੱਗੇ ਪਹਿਲਾਂ ਰੱਖੇ ਗਏ ਵਿਵਰਣ ਵਿਚ ਦਿੱਤੀ ਹੋਈ ਰਕਮ ਤੋਂ ਕਿਸੇ ਵੀ ਸੂਰਤ ਵਿਚ ਵੱਧ ਨ ਹੋਣ ਵਾਲੇ ਖ਼ਰਚ ਦੀ,

ਪੂਰਤੀ ਲਈ ਲੋੜੀਦੇ ਸਭ ਧਨਾਂ ਦੇ ਨਮਿਤਣ ਲਈ ਉਪਬੰਧ ਕਰਨ ਲਈ ਬਿਲ ਪੁਰਸਥਾਪਤ ਕੀਤਾ ਜਾਵੇਗਾ ।

(2) ਇਸ ਤਰ੍ਹਾਂ ਦਿੱਤੀ ਗਈ ਕਿਸੇ ਗ੍ਰਾਂਟ ਦੀ ਰਕਮ ਵਿਚ ਅਦਲ ਬਦਲ ਕਰ ਜਾਂ ਗ੍ਰਾਂਟ ਦੇ ਨਿਸ਼ਾਨੇ ਨੂੰ ਬਦਲਣ, ਜਾਂ ਭਾਰਤ ਤੇ ਸੰਚਿਤ ਫ਼ੰਡ ਤੇ ਭਾਰਿਤ ਕਿਸੇ ਖ਼ਰਚ ਦੀ ਰਕਮ ਵਿਚ ਅਦਲ ਬਦਲ ਕਰਨ ਦਾ ਪ੍ਰਭਾਵ ਰੱਖਣ ਵਾਲੀ ਕੋਈ ਸੋਧ ਅਜਿਹੇ ਬਿਲ ਵਿਚ ਸੰਸਦ ਦੇ ਕਿਸੇ ਸਦਨ ਵਿਚ ਤਜਵੀਜ਼ ਨਹੀਂ ਕੀਤੀ ਜਾਵੇਗੀ ਅਤੇ ਕੋਈ ਸੋਧ ਇਸ ਖੰਡ ਦੇ ਅਧੀਨ ਅਗ੍ਰਿਹਣ-ਯੋਗ ਹੈ ਇਸ ਬਾਬਤ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਦਾ ਫੈਸਲਾ ਅੰਤਮ ਹੋਵੇਗਾ ।

(3) ਅਨੁਛੇਦ 113 ਅਤੇ 116 ਦੇ ਉਪਬੰਧਾਂ ਤੇ ਤਾਬੇ, ਕੋਈ ਧਨ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਨਹੀਂ ਕਢਵਾਇਆ ਜਾਵੇਗਾ ਸਿਵਾਏ ਇਸ ਦੇ ਕਿ ਉਹ ਅਜਿਹੇ ਨਮਿਤਣ ਅਧੀਨ ਹੋਵੇ, ਜੋ ਇਸ ਅਨੁਛੇਦ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਪਾਸ ਕੀਤੇ ਗਏ ਕਾਨੂੰਨ ਦੁਆਰਾ ਕੀਤਾ ਗਿਆ ਹੋਵੇ ।

ਅਨੁਪੂਰਕ, ਅਤਿਰਿਕਤ, ਜਾਂ ਵਧੀਕ ਗ੍ਰਾਂਟਾਂ ।

115. (1) ਜੇ–

(ੳ) ਅਨੁਛੇਦ 114 ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਬਣਾਏ ਕਿਸੇ ਕਾਨੂੰਨ ਦੁਆਰਾ ਕਿਸੇ ਪਾਸ ਸੇਵਾ ਤੇ ਚਾਲੂ ਵਿੱਤੀ ਸਾਲ ਲਈ ਖ਼ਰਚ ਕੀਤੇ ਜਾਣ ਲਈ ਅਖਤਿਆਰਤ ਕੋਈ ਰਕਮ ਉਸ ਸਾਲ ਦੇ ਪ੍ਰਯੋਜਨਾਂ ਲਈ ਨਾਕਾਫੀ ਪਾਈ ਜਾਵੇ ਜਾਂ ਜਦੋਂ ਉਸ ਸਾਲ ਦੇ ਸਾਲਾਨਾ ਵਿੱਤ-ਵਿਵਰਣ ਵਿਚ ਅਣ-ਚਿਤਵੀਂ ਕਿਸੇ ਨਵੀਂ ਸੇਵਾ ਤੇ ਅਨੁਪੂਰਕ ਜਾਂ ਅਤਿਰਿਕਤ ਖ਼ਰਚ ਦੀ ਚਾਲੂ ਵਿੱਤੀ ਸਾਲ ਦੇ ਦੌਰਾਨ

Ministry of Law & Justice

ਜਰੂਰਤ ਪੈਦਾ ਹੋ ਗਈ ਹੋਵੇ, ਜਾਂ

(ਅ) ਕਿਸੇ ਵਿੱਤੀ ਸਾਲ ਦੇ ਦੌਰਾਨ ਕਿਸੇ ਸੇਵਾ ਤੇ ਉਸ ਸੇਵਾ ਅਤੇ ਉਸ ਸਾਲ ਲਈ ਗ੍ਰਾਂਟ ਕੀਤੀ ਗਈ ਰਕਮ ਤੋਂ ਵਧੀਨ ਕੋਈ ਧਨ ਖ਼ਰਚ ਹੋ ਗਿਆ ਹੋਵੇ,

ਤਾਂ ਰਾਸ਼ਟਰਪਤੀ ਸੰਸਦ ਦੇ ਦੋਹਾਂ ਸਦਨਾਂ ਅੱਗੇ, ਜਿਹੀ ਕਿ ਸੂਰਤ ਹੋਵੇ, ਉਸ ਖ਼ਰਚ ਦੀ ਅਨੁਮਾਨਤ ਰਕਮ ਨੂੰ ਵਿਖਾਉਣ ਵਾਲਾ ਹੋਰ ਵਿਵਰਣ ਰਖਵਾਏਗਾ ਜਾਂ ਲੋਕ ਸਭਾ ਨੂੰ ਅਜਿਹੀ ਵਧੀਕ ਰਕਮ ਲਈ ਮੰਗ ਪੇਸ਼ ਕਰਵਾਏਗਾ ।

(2) ਅਜਿਹੇ ਕਿਸੇ ਵਿਵਰਣ ਅਤੇ ਖ਼ਰਚ ਜਾਂ ਮੰਗ ਦੇ ਸੰਬੰਧ ਵਿਚ ਅਤੇ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਖ਼ਰਚ ਜਾਂ ਅਜਿਹੀ ਮੰਗ ਬਾਰੇ ਗ੍ਰਾਂਟ ਦੀ ਪੂਰਤੀ ਲਈ ਧਨਾਂ ਦਾ ਨਮਿਤਣ ਅਖਤਿਆਰਤ ਕਰਨ ਲਈ ਬਣਾਏ ਜਾਣ ਵਾਲੇ ਕਿਸੇ ਕਾਨੂੰਨ ਦੇ ਸੰਬੰਧ ਵਿਚ ਵੀ, ਅਨੁਛੇਦ 112, 113 ਅਤੇ 114 ਦੇ ਉਪਬੰਧ ਉਸੇ ਤਰ੍ਹਾਂ ਹੀ ਪ੍ਰਭਾਵੀ ਹੋਣਗੇ ਜਿਸ ਤਰ੍ਹਾਂ ਸਾਲਾਨਾ ਵਿੱਤ ਵਿਵਰਣ ਅਤੇ ਉਸ ਵਿਚ ਜਿਕਰ ਕੀਤੇ ਖ਼ਰਚ ਜਾਂ ਗ੍ਰਾਂਟ ਲਈ ਕਿਸੇ ਮੰਗ ਅਤੇ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਕਿਸੇ ਖ਼ਰਚ ਜਾਂ ਗ੍ਰਾਂਟ ਦੀ ਪੂਰਤੀ ਲਈ ਧਨਾਂ ਦਾ ਨਮਿਤਣ ਅਖਤਿਆਰਤ ਕਰਨ ਲਈ ਬਣਾਏ ਜਾਣ ਵਾਲੇ ਕਾਨੂੰਨ ਦੇ ਸੰਬੰਧ ਵਿਚ ਪ੍ਰਭਾਵੀ ਹੁੰਦੇ ਹਨ ।

ਲੇਖਾਂ-ਗ੍ਰਾਂਟਾਂ, ਸਾਖਗ੍ਰਾਂਟਾ ਅਤੇ ਅਪਵਾਦੀ ਗ੍ਰਾਂਟਾਂ ।

116. (1) ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ , ਲੋਕ ਸਭਾ ਨੂੰ—

(ੳ) ਕਿਸੇ ਵਿੱਤੀ ਸਾਲ ਦੇ ਕਿਸੇ ਭਾਗ ਲਈ ਅਨੁਮਾਨਤ ਖ਼ਰਚ ਬਾਰੇ ਕਿਸੇ ਗ੍ਰਾਂਟ ਨੂੰ, ਅਜਿਹੀ ਗ੍ਰਾਂਟ ਲਈ ਵੋਟ ਦੇਣ ਲਈ ਅਨੁਛੇਦ 113 ਵਿਚ ਮੁਕੱਰਰ ਜ਼ਾਬਤੇ ਦੀ ਪੂਰਤੀ ਦੇ ਲੰਬਿਤ ਰਹਿਣ ਤੱਕ ਅਤੇ ਉਸ ਖ਼ਰਚ ਦੇ ਸੰਬੰਧ ਵਿਚ ਅਨੁਛੇਦ 114 ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਕਾਨੂੰਨ ਦਾ ਪਾਸ ਹੋਣਾ ਲੰਬਿਤ ਰਹਿਣ ਤੱਕ, ਪੇਸ਼ਗੀ ਦੇਣ ਦੀ ;

Ministry of Law & Justice

(ਅ) ਜਦ ਕਿਸੇ ਸੇਵਾ ਦੇ ਆਧਾਰ ਜਾਂ ਅਨਿਸਚਿਤ ਪ੍ਰਕਿਰਤੀ ਦੇ ਕਾਰਨ ਮੰਗ ਉਸ ਵੇਰਵੇ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ ਜੋ ਸਾਧਾਰਣ ਤੌਰ ਤੇ ਸਾਲਾਨਾ ਵਿੱਤ ਵਿਵਰਣ ਵਿਚ ਦਿੱਤਾ ਜਾਂਦਾ ਹੈ ਤਦ ਭਾਰਤ ਦੇ ਵਸੀਲਿਆਂ ਦੀ ਕਿਸੇ ਅਚਣਚੇਤੀ ਮੰਗ ਦੀ ਪੂਰਤੀ ਲਈ ਗ੍ਰਾਂਟ ਦੇਣ ਦੀ;

(ੲ) ਕੋਈ ਅਜਿਹੀ ਅਪਵਾਦੀ ਗ੍ਰਾਂਟ ਜੋ ਕਿਸੇ ਵਿੱਤੀ ਸਾਲ ਦੀ ਚਾਲੂ ਸੇਵਾ ਦਾ ਭਾਗ ਨ ਹੋਵੇ ਦੇਣ ਦੀ,

ਸ਼ਕਤੀ ਹੋਵੇਗੀ ਅਤੇ ਸੰਸਦ ਨੂੰ ਉਨ੍ਹਾਂ ਪ੍ਰਯੋਜਨਾਂ ਲਈ ਜਿਨ੍ਹਾਂ ਲਈ ਉਕਤ ਗ੍ਰਾਂਟਾ ਦਿੱਤੀਆਂ ਗਈਆਂ ਹੋਣ ਕਾਨੂੰਨ ਦੁਆਰਾ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਦਾ ਕੱਢਣਾ ਅਖਤਿਆਰਤ ਕਰਨ ਦੀ ਸ਼ਕਤੀ ਹੋਵੇਗੀ ।

(2) ਖੰਡ (1) ਦੇ ਅਧੀਨ ਕਿਸੇ ਗ੍ਰਾਂਟ ਦੇ ਦੇਣ ਅਤੇ ਉਸ ਖੰਡ ਦੇ ਅਧੀਨ ਬਣਾਏ ਜਾਣ ਵਾਲੇ ਕਿਸੇ ਕਾਨੂੰਨ ਦੇ ਸੰਬੰਧ ਵਿਚ ਅਨੁਛੇਦ 113 ਅਤੇ 114 ਦੇ ਉਪਬੰਧ ਉਸੇ ਤਰ੍ਹਾਂ ਪ੍ਰਭਾਵੀ ਹੋਣਗੇ ਜਿਸ ਤਰ੍ਹਾਂ ਉਹ ਸਾਲਾਨਾ ਵਿੱਤ ਵਿਵਰਣ ਵਿਚ ਜਿਕਰ ਕੀਤੇ ਕਿਸੇ ਖ਼ਰਚ ਬਾਬਤ ਕਿਸੇ ਗ੍ਰਾਂਟ ਦੇਣ ਤੇ ਅਤੇ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਖ਼ਰਚ ਦੀ ਪੂਰਤੀ ਲਈ ਧਨਾਂ ਦਾ ਨਮਿਤਣ ਅਖਤਿਆਰ ਕਰਨ ਲਈ ਬਣਾਏ ਜਾਣ ਵਾਲੇ ਕਾਨੂੰਨ ਦੇ ਸੰਬੰਧ ਵਿਚ ਪ੍ਰਭਾਵੀ ਹੁੰਦੇ ਹਨ ।

ਵਿੱਤੀ ਬਿਲਾਂ ਬਾਬਤ ਵਿਸ਼ੇਸ ਉਪਬੰਧ ।

117.(1) ਅਨੁਛੇਦ 110 ਦੇ ਖੰਡ (1) ਦੇ (ੳ) ਤੋਂ (ਕ) ਤੱਕ ਦੇ ਉਪ-ਖੰਡਾਂ ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਲਈ ਉਪਬੰਧ ਕਰਨ ਵਾਲਾ ਕੋਈ ਬਿਲ ਜਾ ਸੋਧ ਰਾਸ਼ਟਰਪਤੀ ਦੀ ਸਿਫਾਰਸ਼ ਦੇ ਸਿਵਾਏ ਪੁਰਸਥਾਪਤ ਜਾਂ ਪੇਸ਼ ਨਹੀ ਕੀਤਾ ਜਾਵੇਗਾ:

ਪਰੰਤੂ ਕਿਸੇ ਕਰ ਦੇ ਘਟਾਉਣ ਜਾਂ ਉਸ ਦਾ ਅੰਤ ਕਰਨ ਲਈ ਉਪਬੰਧ ਬਣਾਉਣ ਵਾਲੀ ਕੋਈ ਸੋਧ ਪੇਸ਼ ਕਰ ਲਈ ਇਸ ਖੰਡ ਦੇ ਅਧੀਨ ਕਿਸੇ ਸਿਫਾਰਸ਼ ਦੀ ਲੋੜ ਨਹੀਂ ਹੋਵੇਗੀ ।

(2) ਕੋਈ ਬਿਲ ਜਾਂ ਸੋਧ ਉਪਰੋਕਤ ਮਾਮਲਿਆਂ ਵਿਚੋਂ ਕਿਸੇ ਲਈ



Ministry of Law & Justice

ਉਪਬੰਧ ਕਰਦੀ ਕੇਵਲ ਇਸ ਕਾਰਨ ਤੋਂ ਨਹੀਂ ਸਮਝੀ ਜਾਵੇਗੀ ਕੁ ਉਹ ਜੁਰਮਾਨਿਆ ਜਾਂ ਹੋਰ ਮਾਇਕ ਡੰਨਾਂ ਦੇ ਅਰੋਪਣ ਦਾ, ਜਾਂ ਲੰਸਸਾਂ ਲਈ ਫ਼ੀਸਾਂ ਜਾਂ ਕੀਤੀਆਂ ਗਈਆਂ ਸਵਾਵਾਂ ਲਈ ਫ਼ੀਸਾਂ ਦੀ ਮੰਗ ਜਾਂ ਅਦਾਇਗੀ ਲਈ ਉਪਬੰਧ ਕਰਦੀ ਹੈ ਜਾਂ ਇਸ ਕਕਾਰ ਤੋਂ ਕਿ ਉਹ ਕਿਸੇ ਸਥਾਨਕ ਸੱਤਾਧਾਰੀ ਜਾਂ ਬੌਡੀ ਦੁਆਰਾ ਸਥਾਨਕ ਪ੍ਰਯੋਜਨਾਂ ਲਈ ਕਿਸੇ ਕਰ ਦੇ ਅਰੋਪਣ, ਅੰਤ ਕਰਨ, ਛੋਟਾਉਣ, ਬਦਲਣ ਜਾਂ ਵਿਨਿਯਮਨ ਲਈ ਉਪਬੰਧ ਕਰਦੀ ਹੈ ।

(3) ਜਿਸ ਬਿਲ ਦੇ ਐਕਟ ਬਣਾਏ ਜਾਣ ਅਤੇ ਅਮਲ ਵਿਚ ਲਿਆਂਦੇ ਜਾਣ ਤੇ, ਭਾਰਤ ਦੇ ਸੰਚਿਤ ਫ਼ੰਡ ਵਿਚੋਂ ਖ਼ਰਚ ਕਰਨਾ ਪੈਣਾ ਹੋਵੇ ਉਹ ਬਿਲ ਸੰਸਦ ਦੇ ਕਿਸੇ ਸਦਨ ਦੁਆਰਾ ਪਾਸ ਨਹੀਂ ਕੀਤਾ ਜਾਵੇਗਾ ਜੇ ਕਰ ਰਾਸ਼ਟਰਪਤੀ ਨੇ ਅਜਿਹੇ ਬਿਲ ਦੇ ਵਿਚਾਰ ਕਰਨ ਲਈ ਉਸ ਸਦਨ ਨੂੰ ਸਿਫਾਰਸ਼ ਨ ਕੀਤੀ ਹੋਵੇ ।

## ਜ਼ਾਬਤਾ ਸਧਾਰਨ ਤੌਰ ਤੇ

ਜ਼ਾਬਤੇ ਦੇ ਨਿਯਮ ।

118. (1) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਸੰਸਦ ਦਾ ਹਰੇਕ ਸਦਨ ਆਪਣੇ ਜ਼ਾਬਤੇ ਅਤੇ ਆਪਣੇ ਕਾਰਜ ਦੇ ਸੰਚਾਲਣ ਦਾ ਵਿਨਿਯਮਨ ਕਰਨ ਲਈ ਨਿਯਮ ਬਣਾ ਸਕੇਗਾ ।

(2) ਜਤ ਤੱਕ ਖੰਡ (1) ਦੇ ਅਧੀਨ ਨਿਯਮ ਨ ਬਣਾਏ ਜਾਣ, ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਡੋਮੀਨੀਅਨ ਦੇ ਵਿਧਾਨ-ਮੰਡਲ ਬਾਰੇ ਜੋ ਜ਼ਾਬਤੇ ਦੇ ਨਿਯਮ ਅਤੇ ਸਥਾਈ ਹੁਕਮ ਨਾਫ਼ਜ਼ ਸਨ ਉਹ ਅਜਿਹੇ ਰੁਪਭੇਦਾਂ ਅਤੇ ਅਨੁਕੂਲਣਾਂ ਦੇ ਤਾਬੇ ਜੋ ਉਨ੍ਹਾਂ ਵਿਚ ਰਾਜ ਸਭਾ ਦੇ ਸਭਾਪਤੀ ਜਾਂ ਲੋਕ ਸਭਾ ਦੇ ਸਪੀਕਰ, ਜਿਹੀ ਕਿ ਸੂਰਤ ਹੋਵੇ, ਦੁਆਰਾ ਕੀਤੇ ਜਾਣ ਸੰਸਦ ਦੇ ਸੰਬੰਧ ਵਿਚ ਪ੍ਰਭਾਵੀ ਹੋਣਗੇ ।

(3) ਰਾਸ਼ਟਰਪਤੀ, ਰਾਜਸਭਾ ਦੇ ਸਭਾਪਤੀ ਅਤੇ ਲੋਕ ਸਭਾ ਦੇ ਸਪੀਕਰ ਨਾਲ ਮਸ਼ਵਰਾ ਕਰਨ ਪਿੱਛੋਂ, ਦੋਹਾਂ ਸਦਨਾਂ ਦੀਆਂ ਸੰਯੁਕਤ ਬੈਠਕਾਂ ਬਾਰੇ,

Ministry of Law & Justice

ਅਤੇ ਉਨ੍ਹਾਂ ਵਿਚਕਾਰ ਸੰਚਾਰ ਬਾਰੇ, ਜ਼ਾਬਤੇ ਦੇ ਨਿਯਮ ਬਣਾ ਸਕੇਗਾ ।

(4) ਦੋਹਾਂ ਸਦਨਾਂ ਦੀ ਸੰਯੁਕਤ ਬੈਠਕ ਵਿਚ ਲੋਕ-ਸਭਾ ਦਾ ਸਪੀਕਰ, ਜਾਂ ਉਸ ਦੀ ਗੈਰ-ਹਾਜਰੀ ਵਿਚ ਅਜਿਹਾ ਵਿਅਕਤੀ ਜੋ ਖੰਡ (3) ਦੇ ਅਧੀਨ, ਬਣਾਏ ਗਏ ਜ਼ਾਬਤੇ ਦੇ ਨਿਯਮਾਂ ਦੁਆਰਾ ਤੈਅ ਹੋਵੇ, ਪ੍ਰਦਾਨਗੀ ਕਰੇਗਾ ।

ਸੰਸਦ ਵਿਚ ਵਿੱਤੀ ਕਾਰਜ ਸੰਬੰਧੀ ਜ਼ਾਬਤੇ ਦਾ ਕਾਨੂੰਨ ਦੁਆਰਾ ਵਿਨਿਯਮਨ ।

119. ਸੰਸਦ ਵਿੱਤੀ ਕਾਰਜ ਨੂੰ ਸਮੇਂ ਸਿਰ ਕਰਨ ਦੇ ਪ੍ਰਯੋਜਨ ਲਈ ਕਾਨੂੰਨ ਦੁਆਰਾ, ਕਿਸੇ ਵਿੱਤੀ ਮਾਮਲੇ ਦੇ ਜਾਂ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਦਾ ਨਮਿਤਣ ਕਰਨ ਵਾਲੇ ਕਿਸੇ ਬਿਲ ਦੇ ਸੰਬੰਧ ਵਿਚ ਸੰਸਦ ਦੇ ਹਰੇਕ ਸਦਨ ਦੇ ਜ਼ਾਬਤੇ ਅਤੇ ਉਸ ਵਿਚ ਕਾਰਜ ਦੇ ਸੰਚਾਲਣ ਦਾ ਵਿਨਿਯਮਨ ਕਰ ਸਕੇਗੀ, ਅਤੇ ਜੇ, ਅਤੇ ਜਿਥੋਂ ਤੱਕ ਇਸ ਤਰ੍ਹਾਂ ਬਣਾਏ ਗਏ ਕਿਸੇ ਕਾਨੂੰਨ ਦਾ ਕੋਈ ਉਪਬੰਧ ਅਨੁਛੇਦ 118 ਦੇ ਖੰਡ (1) ਦੇ ਅਧੀਨ ਸੰਸਦ ਦੇ ਕਿਸੇ ਸਦਨ ਦੁਆਰਾ ਬਣਾਏ ਗਏ ਕਿਸੇ ਨਿਯਮ ਨਾਲ ਜਾਂ ਉਸ ਅਨੁਛੇਦ ਦੇ ਖੰਡ (2) ਦੇ ਅਧੀਨ ਸੰਸਦ ਦੇ ਸੰਬੰਧ ਵਿਚ ਪ੍ਰਭਾਵੀ ਕਿਸੇ ਨਿਯਮ ਜਾਂ ਸਥਾਈ ਹੁਕਮ ਨਾਲ ਅਸੰਗਤ ਹੋਵੇ, ਅਜਿਹਾ ਉਪਬੰਧ ਪ੍ਰਬਲ ਹੋਵੇਗਾ ।

ਸੰਸਦ ਵਿਚ ਵਰਤੀ ਜਾਣ ਵਾਲੀ ਭਾਸ਼ਾ ।

120.(1) ਭਾਗ XVII ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਅਨੁਛੇਦ 348 ਦੇ ਉਪਬੰਧਾਂ ਦੇ ਤਾਬੇ, ਸੰਸਦ ਵਿਚ ਕਾਰਜ ਹਿੰਦੀ ਵਿਚ ਜਾਂ ਅੰਗਰੇਜੀ ਵਿਚ ਕੀਤਾ ਜਾਵੇਗਾ :

ਪਰੰਤੂ ਰਾਜ ਸਭਾ ਦੇ ਸਭਾਪਤੀ ਜਾਂ ਲੋਕ ਸਭਾ ਦੇ ਸਪੀਕਰ, ਜਾਂ ਉਸ ਵਜੋਂ ਕਾਜਰ ਕਰਨ ਵਾਲਾ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਕਿਸੇ ਮੈਂਬਰ ਨੂੰ ਜੋ ਆਪਣਾ ਪ੍ਰਗਟਾਓ ਹਿੰਦੀ ਵਿਚ ਜਾਂ ਅੰਗਰੇਜੀ ਵਿਚ ਚੰਗੀ ਤਰ੍ਹਾਂ ਨਹੀਂ ਕਰ ਸਕਦਾ ਸਦਨ ਨੂੰ ਆਪਣੀ ਮਾਤ-ਭਾਸ਼ਾ ਵਿਚ ਸੰਬੋਧਨ ਕਰਨ ਦੀ ਇਜਾਜ਼ਤ ਦੇ ਸਕੇਗਾ ।

(2) ਜੇਕਰ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ ਇਹ ਅਨੁਛੇਦ ਇਸ ਸੰਵਿਧਾਨ ਦੇ ਅਰੰਭ ਤੋਂ ਪੰਦਰਾਂ ਸਾਲ ਦੀ ਮੁਦੱਤ ਦੇ



Ministry of Law & Justice

ਗੁਜ਼ਰਨਰ ਪਿੱਛੋਂ, ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਸ਼ਬਦ "ਜਾਂ ਅੰਗਰੇਜੀ ਵਿਚ" ਉਸ ਵਿਚੋਂ ਲੋਪ ਕਰ ਦਿੱਤੇ ਗਏ ਹੋਣ ।

ਸੰਸਦ ਵਿਚ ਚਰਚਾ ਤੇ ਪਾਬੰਦੀ ।

121. ਸੰਸਦ ਵਿਚ ਸਰਵ-ਉੱਚ ਅਦਾਲਤ ਦੇ ਜਾਂ ਕਿਸੇ ਉੱਚ-ਅਦਾਲਤ ਦੇ ਕਿਸੇ ਜੱਜ ਨੂੰ ਇਸ ਵਿਚ ਇਸ ਉਪਰੰਤ ਉਪਬੰਧ ਢੰਗ ਨਾਲ ਹਟਾਉਣ ਦੀ ਪ੍ਰਾਰਥਨਾ ਕਰਨ ਵਾਲੀ ਅਰਜਦਾਸ਼ਤ ਨੂੰ ਰਾਸ਼ਟਰਪਤੀ ਨੂੰ ਪੇਸ਼ ਕਰਨ ਦੇ ਪ੍ਰਸਾਤਵ ਤੇ ਚਰਚਾ ਦੇ ਸਿਵਾਏ ਕੋਈ ਚਰਚਾ ਅਜਿਹੇ ਕਿਸੇ ਜੱਜ ਦੇ ਆਪਣੇ ਕਰਤੱਵ ਨਿਭਾਉਣ ਵਿਚ ਕੀਤੇ ਗਏ ਆਚਰਣ ਬਾਰੇ ਨਹੀਂ ਹੋਵੇਗੀ ।

ਅਦਾਲਤਾਂ ਦਾ ਸੰਸਦ ਦੀਆਂ ਕਾਰਵਾਈਆਂ ਦੀ ਜਾਂਚ ਨ ਕਰਨਾ ।

122. (1) ਜ਼ਾਬਤੇ ਦੀ ਕਿਸੇ ਕਥਿਤ ਅਨਿਯਮਤਤਾ ਦੇ ਆਧਾਰ ਤੇ ਸੰਸਦ ਦੀ ਕਿਸੇ ਕਾਰਵਾਈ ਦੀ ਜਾਇਜਤਾ ਤੇ ਕੋਈ ਉਜਰ ਨਹੀਂ ਕੀਤਾ ਜਾਵੇਗਾ ।

(2) ਸੰਸਦ ਦਾ ਕੋਈ ਅਫਸਰ ਜਾਂ ਮੈਂਬਰ ਜਿਸ ਵਿਚ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਸੰਸਦ ਵਿਚ ਜ਼ਾਬਤੇ ਨੂੰ ਜਾਂ ਕਾਰਜ ਦੇ ਸੰਚਾਰਣ ਦਾ ਵਿਨਿਯਮਨ ਕਰਨ ਲਈ ਜਾਂ ਵਿਵਸਥਾ ਕਾਇਮ ਰੱਖਣ ਲਈ ਸ਼ਕਤੀਆਂ ਨਿਹਿਤ ਹਨ, ਉਨ੍ਹਾਂ ਸ਼ਕਤੀਆਂ ਦੀ ਆਪਣੇ ਦੁਆਰਾ ਕੀਤੀ ਗਈ ਵਰਤੋਂ ਬਾਰੇ ਕਿਸੇ ਅਦਾਲਤ ਦੀ ਅਧਿਕਾਰਤਾ ਦੇ ਤਾਬੇ ਨਹੀਂ ਹੋਵੇਗਾ ।

## ਅਧਿਆਏ -III ਰਾਸ਼ਟਰਪਤੀ ਦੀਆਂ ਵਿਧਾਨਕ ਸ਼ਕਤੀਆਂ

ਰਾਸ਼ਟਰਪਤੀ ਦੀ ਸੰਸਦ ਦੇ ਵਿਸ਼ਰਾਮ ਕਾਲ ਦੇ ਦੋਰਾਨ ਅਧਿਆਦੇਸ਼ ਜਾਰੀ ਕਰਨ ਦੀ

123. (1) ਉਸ ਸਮੇਂ ਦੇ ਸਿਵਾਏ ਜਦ ਸੰਸਦ ਦੇ ਦੋਵੇ ਸਦਨ ਇਜਲਾਸ ਵਿਚ ਹੋਣ, ਜੇ ਕਿਸੇ ਸਮੇਂ, ਰਾਸ਼ਟਰਪਤੀ ਦੀ ਤਸੱਲੀ ਹੋ ਜਾਵੇ ਕਿ ਅਜਿਹੇ ਹਾਲਾਤ ਮੌਜੂਦ ਹਨ ਜਿਨ੍ਹਾਂ ਵਿਚ ਉਸਦੇ ਲਈ ਤੁਰੰਤ ਕਾਰਵਾਈ ਕਰਨੀ ਜਰੂਰੀ ਹੈ, ਤਾਂ ਉਹ ਅਜਿਹੇ ਅਧਿਆਦੇਸ਼ ਜਾਰੀ ਕਰ ਸਕੇਗਾ ਜੋ ਉਸ ਨੂੰ ਹਾਲਾਤ ਤੋਂ ਲੋੜੀਦੇ ਪ੍ਰਤੀਤ ਹੋਣ ।

Ministry of Law & Justice

ਸ਼ਕਤੀ । (2) ਇਸ ਅਨੁਛੇਦ ਦੇ ਅਧੀਨ ਜਾਰੀ ਕੀਤੇ ਗਏ ਕਿਸੇ ਅਧਿਆਦੇਸ਼ ਦਾ ਉਹੀ ਬਲ ਅਤੇ ਪ੍ਰਭਾਵ ਹੋਵੇਗਾ ਜੋ ਸੰਸਦ ਦੇ ਐਕਟ ਦਾ ਹੁੰਦਾ ਹੈ, ਪਰ ਹਰਿਕ ਅਜਿਹਾ ਅਧਿਆਦੇਸ਼ –

(ੳ) ਸੰਸਦ ਦੇ ਦੋਹਾਂ ਸਦਨਾਂ ਅੱਗੇ ਰੱਖਿਆ ਜਾਵੇਗਾ ਅਤੇ ਸੰਸਦ ਦੇ ਮੁੜ ਇਕੱਠੇ ਹੋਣ ਤੋਂ ਛੇ ਮਾਤਿਆਂ ਦੇ ਗੁਜ਼ਰਨ ਤੇ, ਜਾਂ, ਜੇ ਉਸ ਮੁਦੱਤ ਦੇ ਗੁਰਜਨ ਤੋਂ ਪਹਿਲਾਂ ਦੋਵੇਂ ਸਦਨ ਉਸ ਦੀ ਅਪਰਵਾਨਗੀ ਦੇ ਮਤੇ ਪਾਸ ਕਰ ਦੇਣ, ਤਾਂ ਉਨ੍ਹਾਂ ਵਿਚੋਂ ਦੂਜੇ ਮਤੇ ਦੇ ਪਾਸ ਹੋਣ ਤੇ ਅਮਲ ਵਿਚ ਨਹੀਂ ਰਹੇਗਾ ; ਅਤੇ

(ਅ) ਰਾਸ਼ਟਰਪਤੀ ਦੁਆਰਾ ਕਿਸੇ ਸਮੇਂ ਵੀ ਵਾਪਸ ਲਿਆ ਜਾ ਸਕੇਗਾ ।

ਵਿਆਖਿਆ.–ਜਿੱਥੇ ਸੰਸਦ ਦੇ ਸਦਨ ਵੱਖ ਵੱਖ ਤਰੀਕਾਂ ਤੇ ਮੁੜ ਇਕੱਠੇ ਹੋਣ ਲਈ ਬੁਲਾਏ ਜਾਣ, ਉਥੇ ਇਸ ਖੰਡ ਦੇ ਪ੍ਰਯੋਜਨਾਂ ਲਈ ਛੇ ਹਫ਼ਤਿਆਂ ਦੀ ਮੁਦੱਤ ਦਾ ਸ਼ੁਮਾਰ ਉਨ੍ਹਾਂ ਤਰੀਕਾਂ ਵਿਚੋਂ ਪਿਛਲੀ ਤਰੀਕ ਤੋਂ ਕੀਤਾ ਜਾਵੇਗਾ ।

(3) ਜੇ ਅਤੇ ਜਿੱਥੇ ਤੱਕ ਇਸ ਅਨੁਛੇਦ ਦੇ ਅਧੀਨ ਅਧਿਆਦੇਸ਼ ਕੋਈ ਅਜਿਹਾ ਉਪਬੰਧ ਕਰਦਾ ਹੋਵੇ ਜਿਸ ਨੂੰ ਐਕਟ ਬਣਾਉਣ ਲਈ ਸੰਸਦ ਇਸ ਸੰਵਿਧਾਨ ਦੇ ਅਧੀਨ ਸ਼ਕਤਾਵਾਨ ਨ ਹੋਵੇ, ਉਹ ਸੁੰਨ ਹੋਵੇਗਾ ।

[51]x x x x

## ਅਧਿਆਏ - IV ਸੰਘ ਦੀ ਨਿਆਂਪਾਲਕਾ

ਸਰਵ-ਉੱਚ ਅਦਾਲਤ ਦੀ 124. (1) ਭਾਰਤ ਦੀ ਇੱਕ ਸਰਵ-ਉੱਚ ਅਦਾਲਤ ਹੋਵੇਗੀ ਜੋ ਭਾਰਤ ਦੇ ਅਤੇ ਚੀਫ ਜਸਟਿਸ ਅਤੇ, ਹੋਰ ਜੱਜਾਂ ਜੋ ਜਦ ਤੱਕ ਸੰਸਦ ਕਾਨੂੰਨ

[51] ਸੰਵਿਧਾਨ (ਅਠਤੀਵੀਂ ਸੋਧ) ਐਕਟ, 1975 ਦੀ ਧਾਰਾ 2 ਦੁਆਰਾ (ਭੂਤਕਾਲੀ ਰੂਪ ਵਿਚ) ਖੰਡ (4) ਵਿਚ ਸਥਾਪਤ ਕੀਤਾ ਗਿਆ ਅਤੇ ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 16 ਦੁਆਰਾ (20.06.1979 ਤੋਂ ਪ੍ਰਭਾਵੀ) ਲੋਪ ਕੀਤਾ ਗਿਆ ।



Ministry of Law & Justice

ਸਥਾਪਨਾ ਅਤੇ ਗਠਨ ।

ਦੁਆਰਾ ਕੋਈ ਵਡੇਰੀ ਗਿਣਤੀ ਮੁਕੱਰਰ ਹਨੀਂ ਕਰਦੀ [52]"ਸੱਤ" ਤੋਂ ਵੱਧ ਨਹੀਂ ਹੋਣਗੇ ਤੋਂ ਮਿਲਕੇ ਬਣੇਗੀ

(2) [53]ਸਰਵ-ਉੱਚ ਅਦਾਲਤ ਦੇ ਹਰਿਕ ਜੱਜ ਨੂੰ ਰਾਸ਼ਟਰਪਤੀ ਸਰਵ-ਉੱਚ ਅਦਾਲਤ ਦੇ ਅਤੇ ਰਾਜਾਂ ਦੀਆਂ ਉਚੱ-ਅਦਾਲਤਾਂ ਦੇ ਅਜਿਹੇ ਜੱਜਾਂ ਨਾਲ ਮਸ਼ਵਰਾ ਕਰਨ ਪਿਛੋਂ ਜਿਨ੍ਹਾਂ ਰਾਸ਼ਟਰਪਤੀ ਇਸ ਪ੍ਰਯੋਜਨ ਲਈ ਮਸ਼ਵਰਾ ਕਰਨਾ ਜਰੂਰੀ ਸਮਝੇ ਆਪਣੇ ਦਸਖਤ ਅਤੇ ਮੁਹਰ ਨਾਲ ਵਾਰੰਟ ਦੁਆਰਾ ਨਿਯੁਕਤ ਕਰੇਗਾ ਅਤੇ ਉਹ ਜੱਜ ਤਦ ਤਕ ਅਹੁਦਾ ਧਾਰਨ ਕਰੇਗਾ ਜਦ ਤੱਕ ਉਹ ਪੈਂਠ ਸਾਲ ਦੀ ਉਮਰ ਪ੍ਰਾਪਤ ਨ ਕਰ ਲਵੇ:

ਪਰੰਤੂ ਚੀਫ ਜਸਟਿਸ ਤੋਂ ਬਿਨਾਂ ਕਿਸੇ ਹੋਰ ਜੱਜ ਦੀ ਨਿਯੁਕਤੀ ਦੀ ਸੂਰਤ ਵਿੱਚ ਭਾਰਤ ਦੇ ਚੀਫ ਜਸਟਿਸ ਨਾਲ ਰਮੇਸ਼ਾ ਮਸ਼ਵਰਾ ਕੀਤਾ ਜਾਵੇਗਾ

[54]ਪਰੰਤੂ ਮੁੱਖ ਜੱਜ ਤੋਂ ਇਲਾਵਾ ਕਿਸੇ ਜੱਜ ਦੀ ਨਿਯੁਕਤੀ ਦੀ ਸੂਰਤ ਵਿਚ ਭਾਰਤ ਦੇ ਚੀਫ਼ ਜਸਟਿਸ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ:

[55][ਪਰੰਤੂ] ਇਹ ਹੋਰ ਕਿ–

---

[52] ਸਰਵ-ਉੱਚ ਅਦਾਲਤ (ਜੱਜਾਂ ਦੀ ਗਿਣਤੀ ) ਸੋਧ ਐਕਟ, 2019 (2019 ਦਾ 34) ਦੀ ਧਾਰਾ 2 ਦੇ ਅਨੁਸਾਰ ਇਹ ਹੁਣ ਗਿਣਤੀ "ਤੇਤੀ" ਕੀਤੀ ਗਈ ।

[53] "[ਅਨੁਛੇਦ 124 ਉ ਵਿਚ ਹਵਾਲਾ ਦਿੱਤੇ ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਦੀ ਸਿਫ਼ਾਰਸ਼ ਤੇ] ਰਾਸ਼ਟਰਪਤੀ ਆਪਣੇ ਦਸਖਤਾਂ ਅਤੇ ਮੁਹਰ ਨਾਲ ਵਰੰਟ ਦੁਆਰਾ ਸਰਵ-ਉੱਚ ਅਦਾਲਤ ਦੇ ਹਰਿਕ ਜੱਜ ਨੂੰ ਨਿਯੁਕਤ ਕਰੇਗਾ ਅਤੇ ਉਹ ਤਦ ਤੱਕ ਪਦ ਸੰਭਾਲੇਗਾ ਜਦ ਤੱਕ ਉਹ ਪੈਂਠ ਸਾਲ ਦੀ ਉਮਰ ਪ੍ਰਾਪਤ ਨਾ ਕਰ ਲਵੇ :" ਸੰਵਿਧਾਨ (ਨੜਿਨਵੇਂਵੀਂ ਸੋਧ) ਐਕਟ, 2014 ਦਾ ਧਾਰਾ 2 ਦੁਆਰਾ (13.04.2015) ਤੋਂ "ਸਰਵ-ਉੱਚ ਅਦਾਲਤ ਦੇ ਹੋਰ ਰਾਜਾਂ ਦੇ ਉੱਚ ਅਦਾਲਤ ਦੇ ਅਜਿਹੇ ਜੱਜਾਂ ਨਾਲ ਮਸ਼ਵਰਾ ਕਰਨ ਤੋਂ ਪਿੱਛੋਂ, ਜਿੰਨ੍ਹਾਂ ਨਾਲ ਰਾਸ਼ਟਰਪਤੀ ਇਸ ਪ੍ਰਯੋਜਨ ਦੇ ਲਈ ਮਸ਼ਵਰਾ ਕਰਨਾ ਜ਼ਰੂਰੀ ਸਮਝੇ" ਸ਼ਬਦਾਂ ਦੀ ਥਾਵੇਂ ਰੱਖੇ ਜਾਣਗੇ । ਇਹ ਸੋਧ ਸਰਵ-ਉੱਚ ਅਦਾਲਤ ਦੇ ਐਡਵੋਕੇਟਸ ਆਨ ਰਿਕਾਰਡ ਐਸੋਸੀਐਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲਿਆਂ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015, ਦੇ ਹੁਕਮ ਦੁਆਰਾ ਅੱਟਕਾ ਦਿੱਤਾ ਗਿਆ ਹੈ ।

[54] ਸੰਵਿਧਾਨ (ਨੜਿਨਵੇਂਵੀਂ ਸੋਧ) ਐਕਟ, 2014 ਦੀ ਧਾਰਾ 2 ਦੁਆਰਾ (13.04. 2015 ਤੋਂ )ਪਹਿਲੇ ਪਰੰਤੁਕ ਦਾ ਲੋਪ ਕੀਤਾ ਗਿਆ ਸੀ ਜੋ ਸਰਵ-ਉੱਚ ਅਦਾਲਤ ਦੇ ਐਡਵੋਕੇਟਸ ਆਨ ਰਿਕਾਰਡ ਐਸੋਸੀਐਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲਿਆਂ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015, ਦੇ ਹੁਕਮ ਦੁਆਰਾ ਅੱਟਕਾ ਦਿੱਤਾ ਗਿਆ ਹੈ ।

(ਉ) ਕੋਈ ਜੱਜ, ਰਾਸ਼ਟਰਪਤੀ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ;

(ਅ) ਕੋਈ ਜੱਜ ਖੰਡ (4) ਵਿਚ ਉਪਬੰਧਤ ਢੰਗ ਨਾਲ ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ ।

[56][(2ਉ) ਸਰਵ-ਉੱਚ ਅਦਾਲਤ ਦੇ ਕਿਸੇ ਜੱਜ ਦੀ ਉਮਰ ਅਜਿਹੇ ਸੱਤਾਧਾਰੀ ਦੁਆਰਾ ਅਤੇ ਅਜਿਹੇ ਢੰਗ ਨਾਲ ਤੈਅ ਕੀਤੀ ਜਾਵੇਗੀ ਜਿਹਾ ਸੰਸਦ ਕਾਨੂੰਨ ਦੁਆਰਾ ਉਪਬੰਧਤ ਕਰੇ ।]

(3) ਕੋਈ ਵਿਅਕਤੀ ਸਰਵ-ਉੱਚ ਅਦਾਲਤ ਦੇ ਜੱਜ ਵਜੋਂ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ ਜੇਕਰ ਉਹ ਭਾਰਤ ਦਾ ਨਾਗਰਿਕ ਨ ਹੋਵੇ ਅਤੇ-

(ੳ) ਕਿਸੇ ਉੱਚ ਅਦਾਲਤ ਦਾ ਜਾਂ ਦੋ ਜਾਂ ਵਧੇਰੇ ਅਜਿਹੀਆਂ ਅਦਾਲਤਾਂ ਦਾ ਲਗਾਤਰਾ ਘੱਟ ਤੋਂ ਘੱਟ ਪੰਜ ਸਾਲ ਲਈ ਜੱਜ ਨ ਰਹਿ ਚੁੱਕਿਆ ਹੋਵੇ; ਜਾਂ

(ਅ) ਕਿਸੇ ਉੱਚ ਅਦਾਲਤ ਦਾ ਜਾਂ ਦੋ ਜਾਂ ਵਧੇਰੇ ਅਜਿਹੀਆਂ ਅਦਾਲਤਾਂ ਦਾ ਲਗਾਤਾਰ ਘੱਟ ਤੋਂ ਘੱਟ ਦਸ ਸਾਲ ਲਈ ਐਡਵੋਕੇਟ ਨ ਰਹਿ ਚੁੱਕਿਆ ਹੋਵੇ; ਜਾਂ

(ੲ) ਰਾਸ਼ਟਰਪਤੀ ਦੀ ਰਾਏ ਵਿਚ ਸਿਰ-ਕਢੱਵਾਂ ਕਾਨੂੰਨਦਾਨ ਨ ਹੋਵੇ ।

ਵਿਆਖਿਆ I -ਇਸ ਖੰਡ ਵਿਚ "ਉੱਚ-ਅਦਾਲਤ" ਦਾ ਮਤਲਬ ਹੈ ਉਹ

---

[55] ਸੰਵਿਧਾਨ (ਨੜਿਨਵੇਂਵੀਂ ਸੋਧ) ਐਕਟ, 2014 ਦੀ ਧਾਰਾ 2 ਦੁਆਰਾ (13.04. 2015 ਤੋਂ ) "ਪਰੰਤੂ ਇਹ ਹੋਰ ਕਿ" ਸ਼ਬਦਾਂ ਦੀ ਥਾਵੇਂ ਰੱਖਿਆ ਗਿਆ ਸੀ ਜੋ ਸਰਵ-ਉੱਚ ਅਦਾਲਤ ਦੇ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲਿਆਂ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015, ਦੇ ਹੁਕਮ ਦੁਆਰਾ ਅੱਟਕਾ ਦਿੱਤਾ ਗਿਆ ਹੈ ।

[56] ਸੰਵਿਧਾਨ (ਪੰਦਰ੍ਹਵੀਂ ਸੋਧ) ਐਕਟ, 1963 ਦੀ ਧਾਰਾ 2 ਦੁਆਰਾ ਅੰਤਰਸਥਾਪਤ ।



Ministry of Law & Justice

ਉੱਚ ਅਦਾਲਤ ਜੋ ਭਾਰਤ ਦੇ ਰਾਜਖੇਤਰ ਦੇ ਕਿਸੇ ਭਾਗ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਹੈ ਜਾ, ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਕਿਸੇ ਸਮੇਂ ਵੀ, ਵਰਤੋਂ ਕਰਦੀ ਸੀ ।

ਵਿਆਖਿਆ -II ਇਸ ਖੰਡ ਦੇ ਪ੍ਰਯੋਜਨ ਲਈ ਕਿਸੇ ਵਿਅਕਤੀ ਦੇ ਐਡਵੋਕੇਟ ਰਹਿਣ ਦੀ ਮੁੱਦਤ ਦਾ ਹਿਸਾਬ ਲਾਉਣ ਵਿਚ ਉਹ ਮੁੱਦਤ ਵੀ ਸ਼ਾਮਲ ਹੋਵੇਗੀ ਜਿਸ ਦੇ ਦੋਰਾਨ ਉਸ ਵਿਅਕਤੀ ਨੇ ਐਡਵੋਕੇਟ ਬਣਨ ਪਿੱਛੋਂ ਅਜਿਹੇ ਅਦਾਲਤੀ ਅਹੁਦੇ ਨੂੰ ਜੋ ਜਿਲ੍ਹਾ ਜੱਜ ਦੇ ਅਹੁਦੇ ਤੋਂ ਛੋਟਾ ਨ ਹੋਵੇ, ਧਾਰਨ ਕਰੀ ਰੱਖਿਆ ਹੋਵੇ ।

(4) ਸਰਵ ਉੱਚ-ਅਦਾਲਤ ਦਾ ਕੋਈ ਜੱਜ ਆਪਣੇ ਅਹੁਦੇ ਤੋਂ ਨਹੀਂ ਹਟਾਇਆ ਜਾਵੇਗਾ ਸਿਵਾਏ ਇਸ ਦੇ ਕਿ ਸਾਬਤ ਹੋਏ ਕਦਾਚਾਰ ਜਾਂ ਅਸਮਰਥਾ ਦੇ ਆਧਾਰ ਤੇ ਇਸ ਤਰ੍ਹਾਂ ਹਟਾਏ ਜਾਣ ਲਈ ਸੰਸਦ ਦੇ ਹਰੇਕ ਸਦਨ ਦੇ ਕੁਲ ਮੈਂਬਰਾਂ ਦੀ ਗਿਣਤੀ ਦੀ ਬਹੁ-ਸੰਮਤੀ ਦੁਆਰਾ ਅਤੇ ਉਸਦੇ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਦੋ ਤਿਹਾਈ ਦੀ ਬਹੁ-ਸੰਮਤੀ ਦੁਆਰਾ ਸਮਰਥਤ ਅਰਜਦਾਸ਼ਤ ਰਾਸ਼ਟਰਪਤੀ ਨੂੰ ਉਸੇ ਇਜਲਾਸ ਵਿਚ ਪੇਸ਼ ਕੀਤੇ ਜਾਣ ਪਿੱਛੋਂ ਰਾਸਟਰਪਤੀ ਨੇ ਹੁਕਮ ਨ ਦਿਤਾ ਹੋਵੇ ।

(5) ਸੰਸਦ ਖੰਡ (4) ਦੇ ਅਧੀਨ ਕਿਸੇ ਅਰਜਦਾਸ਼ਤ ਦੇ ਪੇਸ਼ ਕੀਤੇ ਜਾਣ ਅਤੇ ਕਿਸੇ ਜੱਜ ਦੇ ਕਦਾਚਾਰ ਜਾਂ ਅਸਮਰਥਾ ਦੀ ਛਾਣ-ਬੀਣ ਅਤੇ ਸਬੂਤ ਲਈ ਜ਼ਾਬਤੇ ਦਾ ਕਾਨੂੰਨ ਦੁਆਰਾ ਵਿਨਿਯਮਨ ਕਰ ਸਕੇਗੀ ।

(6) ਸਰਵ-ਉੱਚ ਅਦਾਲਤ ਦਾ ਜੱਜ ਹੋਣ ਲਈ ਨਿਯੁਕਤ ਹਰਿਕ ਵਿਅਕਤੀ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ, ਰਾਸ਼ਟਰਪਤੀ ਦੇ, ਜਾਂ ਉਸ ਦੁਆਰਾ ਨਮਿਤ ਨਿਯੁਕਤ ਕਿਸੇ ਵਿਅਕਤੀ ਦੇ ਅੱਗੇ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਦੇ ਅਨੁਸਾਰ ਸਹੁੰ ਚੁਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ ।

(7) ਕੋਈ ਵਿਅਕਤੀ ਜੋ ਸਰਵ-ਉੱਚ ਅਦਾਲਤ ਦੇ ਜੱਜ ਵਜੋਂ ਅਹੁਦਾ

Ministry of Law & Justice

ਧਾਰਨ ਕਰ ਚੁਕਿਆ ਹੈ, ਭਾਰਤ ਦੇ ਰਾਜ ਖੇਤਰ ਅੰਦਰ ਕਿਸੇ ਅਦਾਲਤ ਵਿਚ ਜਾਂ ਕਿਸੇ ਸੱਤਾਧਾਰੀ ਅੱਗੇ ਵਕਾਲਤ ਜਾਂ ਕਾਰਜ ਨਹੀਂ ਕਰੇਗਾ ।

ਰਾਸ਼ਟਰੀ ਨਿਆਂਇਕ ਨਿਯੁਕਤੀ ਕਮੀਸ਼ਨ

[57][124ਓ. (1) ਰਾਸ਼ਟਰੀ ਨਿਆਂਇਕ ਨਾਂ ਨਾਲ ਜਾਣਿਆ ਜਾਣ ਵਾਲਾ ਇਕ ਕਮਿਸ਼ਨ ਹੋਵੇਗਾ, ਜੋ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ, ਅਰਥਾਤ :-

(ੳ) ਭਾਰਤ ਦਾ ਚੀਫ ਜਸਟਿਸ ਚੇਅਰਪਰਸਨ, ਅਹੁੱਦੇ ਕਾਰਨ ;

(ਅ) ਭਾਰਤ ਦੇ ਚੀਫ ਜਸਟਿਸ ਤੋ ਠੀਕ ਹੇਠਾਂ ਦੇ ਸਰਵ-ਉੱਚ ਅਦਾਲਤ
ਦੇ ਦੋ ਹੋਰ ਸੀਨੀਅਰ ਜੱਜ ਮੈਂਬਰ, ਅਹੁੱਦੇ ਕਾਰਨ;

(ੲ) ਸੰਘ ਦਾ ਕਾਨੂੰਨ ਅਤੇ ਨਿਆਂ ਦਾ ਇੰਚਾਰਜ ਮੰਤਰੀ-ਮੈਂਬਰ ਅਹੁੱਦੇ ਕਾਰਨ;

(ਸ) ਪ੍ਰਧਾਨ ਮੰਤਰੀ, ਭਾਰਤ ਦਾ ਚੀਫ ਜਸਟਿਸ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਜਾਂ ਜਿੱਥੇ ਅਜਿਹਾ ਕੋਈ ਵਿਰੋਧ ਧਿਰ ਦਾ ਨੇਤਾ ਨਹੀਂ ਹੈ, ਲੋਕ ਸਭਾ ਵਿਚ ਸਭ ਤੋਂ ਬੜੇ ਇਕੱਲੇ ਧਿਰ ਦੇ ਨੇਤਾ ਮਿਲਕੇ ਬਣਨ ਵਾਲੀ ਕਮੇਟੀ ਦਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਵਿਅਕੀਤੀ-ਮੈਂਬਰ;

ਪਰੰਤੂ ਉੱਘੇ ਵਿਅਕਤੀਆਂ ਵਿਚੋਂ ਇਕ ਉੱਘਾ ਵਿਅਕਤੀ, ਅਨੁਸੂਚਿਤ ਜਾਤਿਆਂ, ਅਨੁਸੂਚਿਤ ਕਬੀਲਿਆਂ, ਹੋਰਕ ਪਿੱਛੜੇ ਵਰਗਾਂ, ਘੱਟ ਗਿਣਤੀਆਂ ਦੇ ਵਰਗ ਦੇ ਵਿਅਕਤੀਆਂ ਜਾਂ ਇਸਤਰੀਆਂ ਵਿੱਚੋਂ ਨਾਮਜਦ ਕੀਤਾ ਜਾਵੇਗਾ :

ਪਰੰਤੂ ਇਹ ਹੋਰ ਕਿ ਉੱਘਾ ਵਿਅਕਤੀ ਤਿੰਨ ਸਾਲ ਦੀ ਮੁਦੱਤ ਲਈ ਨਾਮਜਦ ਕੀਤਾ ਜਾਵੇਗਾ ਅਤੇ ਮੁੜ-ਨਿਯੁਕਤੀ ਦਾ ਪਾਤਰ ਨਹੀਂ ਹੋਵੇਗਾ ।

[57] ਸੰਵਿਧਾਨ (ਨੜਿਨਵੇਂਵੀਂ ਸੋਧ) ਐਕਟ, 2014 ਦੀ ਧਾਰਾ 3 ਦੁਆਰਾ (13.04.2015 ਤੋਂ ਪ੍ਰਭਾਵੀ) ਅੰਤਰ ਸਥਾਪਤ । ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਅੱਟਕਾ ਦਿੱਤਾ ਗਿਆ ਹੈ ।

Ministry of Law & Justice

(2) ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਦਾ ਕੋਈ  ਕਾਰਜ ਜਾਂ ਕਾਰਵਾਈ, ਕੇਵਲ ਇਸ ਅਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ਜਾਂ ਨਾਜ਼ਾਇਜ਼ ਨਹੀਂ ਹੋਵੇਗਾ ਕਿ ਕਮਿਸ਼ਨ ਵਿਚ ਕੋਈ ਖ਼ਾਲੀ ਥਾਂ ਜਾਂ ਉਸ ਦੇ ਗਠਨ ਵਿਚ ਕੋਈ ਤਰੁੱਟੀ ਹੈ ।

ਕਮਿਸ਼ਨ ਦੇ ਕਾਜਕਾਰ ।

124 ਅ. ਰਾਸ਼ਟਰੀ ਨਿਆਂਇਕ ਕਮਿਸ਼ਨ ਦੇ ਹੇਠ-ਲਿਖੇ ਕਾਜਕਾਰ ਹੋਣਗੇ –

(ੳ) ਭਾਰਤ ਦੇ ਚੀਫ ਜਸਟਿਸ, ਸੁਪਰੀਮ, ਕੋਰਟ ਦੇ ਜੱਜਾਂ, ਉੱਚ ਅਦਾਲਤ ਦੇ ਮੁੱਖ ਜੱਜਾਂ ਅਤੇ ਹੋਰ ਜੱਜਾਂ ਦੇ ਰੂਪ ਵਿਚ ਨਿਯੁਕਤੀ ਦੇ ਲਈ ਵਿਅਕਤੀਆਂ ਦੀ ਸਿਫ਼ਾਰਸ਼ ਕਰਨਾ ;

(ਅ) ਉੱਚ ਅਦਾਲਤ ਦੇ ਮੁੱਖ ਜਜਾਂ ਅਤੇ ਹੋਰ ਜੱਜਾਂ ਦਾ ਇਕ ਉੱਚ ਅਦਾਲਤ ਤੋਂ ਬਦਲੀ ਕਰਨ ਦੀ ਸਿਫ਼ਾਰਸ਼ ਕਰਨਾ ; ਅਤੇ

(ੲ) ਇਹ ਸੁਨਿਸਚਿਤ ਕਰਨਾ ਕਿ ਉਹ ਵਿਅਕਤੀ ਜਿਸ ਦੀ ਸਿਫ਼ਾਰਸ਼ ਕੀਤੀ ਗਈ ਹੈ, ਯੋਗਤਾ ਵਾਲਾ ਅਤੇ ਦਿਆਨਤਦਾਰ ਹੈ ।

ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ ।

124 ੲ. ਸੰਸਦ, ਕਾਨੂੰਨ ਦੁਆਰਾ, ਭਾਰਤ ਦੇ ਚੀਫ ਜਸਟਿਸ ਅਤੇ ਸਰਵ-ਉੱਚ ਅਦਾਲਤ ਦੇ ਹੋਰ ਜੱਜਾਂ ਅਤੇ ਉੱਚ ਅਦਾਲਤ ਦੇ ਮੁੱਖ ਜੱਜਾਂ ਅਤੇ ਹੋਰ ਜੱਜਾਂ ਦੀ ਨਿਯੁਕਤੀ ਦੀ ਜ਼ਾਬਤਾ ਵਿਨਿਯਮਤ ਕਰ ਸਕੇਗੀ ਅਤੇ ਕਮਿਸ਼ਨ ਨੂੰ ਵਿਨਿਯਮਾਂ ਦੁਆਰਾ ਉਸ ਦੇ ਕਾਜਕਾਰਾਂ ਦਾ ਨਿਸਤਾਰਾ, ਨਿਯੁਕਤੀ ਦੇ ਲਈ ਵਿਅਕਤੀਆਂ ਦੀ ਚੋਣ ਦਾ ਤਰੀਕਾ ਅਤੇ ਹੋਰ ਵਿਸ਼ਿਆਂ ਦੇ ਲਈ, ਜੋ ਉਸ ਦੇ ਦੁਆਰਾ ਜ਼ਰੂਰੀ ਸਮਝੇ ਜਾਣ, ਜਾਬਤਾ ਕਥਤ ਕਰਨ ਦੇ ਲਈ ਸ਼ਕਤੀ ਦੇ ਸਕੇਗੀ ।

ਜੱਜਾਂ ਦੀਆਂ ਤਨਖਾਹਾਂ ਆਦਿ ।

[58]125. (1) ਸਰਵ-ਉੱਚ ਅਦਾਲਤ ਦੇ ਜੱਜਾਂ ਨੂੰ ਅਜਿਹੀਆਂ ਤਨਖਾਹਾਂ ਅਦਾ ਕੀਤੀਆਂ ਜਾਣਗੀਆਂ, ਜੋ ਸੰਸਦ, ਕਾਨੂੰਨ ਦੁਆਰਾ ਤੈਅ ਕਰੇ ਅਤੇ ਜਦ ਤੱਕ ਇਸ ਨਮਿਤ ਇਸ ਪ੍ਰਕਾਰ ਉਪਬੰਧ ਨਹੀਂ ਕੀਤਾ ਜਾਂਦਾ ਹੈ ਤਦ

[58] ਸੰਵਿਧਾਨ ( ਚੁਰੰਜੀਵੀਂ ਸੋਧ) ਐਕਟ, 1986 ਦੀ ਧਾਰਾ 2 ਦੁਆਰਾ (01.04.1986 ਤੋਂ ਪ੍ਰਭਾਵੀ) ਖੰਡ (1) ਦੀ ਥਾਵੇਂ ਰੱਖੇ ਗਏ ।

Ministry of Law & Justice

ਤੱਕ ਅਜਿਹੀਆਂ ਤਨਖਾਹਾਂ ਅਦਾ ਕੀਤੀਆਂ ਜਾਣਗੀਆਂ ਜੋ ਦੂਜੀ ਅਨੁਸੂਚੀ ਵਿਚ ਉਲਿੱਖਤ ਹੈ ।

(2) ਹਰਿਕ ਜੱਜ ਨੂੰ ਅਜਿਹੇ ਵਿਸ਼ੇਸ-ਅਧਿਕਾਰਾਂ ਅਤੇ ਭੱਤਿਆਂ ਦਾ ਅਤੇ ਗੈਰ-ਹਾਜਰੀ ਦੀ ਛੁੱਟੀ ਅਤੇ ਪੈਨਸ਼ਨ ਬਾਰੇ ਅਜਿਹੇ ਅਧਿਕਾਰਾਂ ਦਾ, ਜਿਹੇ ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂ ਦੇ ਅਧੀਨ ਸਮੇਂ ਸਮੇਂ ਤੇ ਤੈਅ ਕੀਤੇ ਜਾਣ, ਅਤੇ ਜਦ ਤੱਕ ਇਸ ਤਰ੍ਹਾਂ ਤੈਅ ਨ ਕੀਤੇ ਜਾਣ, ਅਜਿਹੇ ਵਿਸ਼ੇਸ਼-ਅਧਿਕਾਰਾਂ, ਭੱਤਿਆਂ ਅਤੇ ਅਧਿਕਾਰਾਂ ਦਾ ਜਿਹੇ ਅਨੁਸੂਚੀ ਵਿਚ ਉਲਿਖਤ ਹਨ, ਹੱਕ ਹੋਵੇਗਾ :

ਪਰੰਤੂ ਕਿਸੇ ਜੱਜ ਦੇ ਨ ਤਾਂ ਵਿਸ਼ੇਸ-ਅਧਿਕਾਰਾਂ ਵਿਚ ਅਤੇ ਨ ਭੱਤਿਆਂ ਵਿਚ ਅਤੇ ਨ ਗੈਰ-ਹਾਜਰੀ ਦੀ ਛੁੱਟੀ ਜਾਂ ਪੈਨਸ਼ਨ ਬਾਰੇ ਉਸ ਦੇ ਅਧਿਕਾਰਾਂ ਵਿਚ, ਉਸ ਦੀ ਨਿਯੁਕਤੀ ਪਿੱਛੋਂ ਉਸ ਨੂੰ ਅਲਾਭਕਾਰੀ ਕੋਈ ਅਦਲ ਬਦਲ ਕੀਤੀ ਜਾਵੇਗੀ ।

ਕਾਰਜਕਾਰੀ ਚੀਫ ਜਸਟਿਸ ਦੀ ਨਿਯੁਕਤੀ ।

126. ਜਦ ਭਾਰਤ ਦੇ ਚੀਫ ਜਸਟਿਸ ਦਾ ਅਹੁਦਾ ਖ਼ਾਲੀ ਹੋਵੇ ਜਾਂ ਜਦ ਚੀਫ ਜਸਟਿਸ, ਗੈਰ-ਹਾਜਰੀ ਤੇ ਕਾਰਨ ਜਾਂ ਹੋਰਵੇਂ, ਆਪਣੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਤੋਂ ਅਸਮਰੱਥ ਹੋਵੇ ਅਦਾਲਤ ਦੇ ਹੋਰ ਜੱਜਾਂ ਵਿਚੋਂ ਅਜਿਹਾ ਇਕ, ਜਿਸ ਨੂੰ ਰਾਸ਼ਟਰਪਤੀ ਉਸ ਪ੍ਰਯੋਜਨ ਲਈ ਨਿਯੁਕਤ ਕਰੇ, ਉਸ ਅਹੁਦੇ ਤੇ ਕਰਤੱਵ ਦਾ ਪਾਲਣ ਕਰੇਗਾ ।

ਤਦ-ਅਰਥ ਜੱਜਾਂ ਦੀ ਨਿਯੁਕਤੀ ।

127.(1) ਜੇ ਕਿਸੇ ਸਮੇਂ ਸਰਵ-ਉੱਚ ਅਦਾਲਤ ਦਾ ਇਜਲਾਸ ਕਰਨ ਜਾਂ ਚਾਲੂ ਰੱਖਣ ਲਈ ਉਸ ਅਦਾਲਤ ਦੇ ਜੱਜਾਂ ਦਾ ਕੋਰਮ ਪ੍ਰਾਪਤ ਨ ਹੋਵੇ, ਤਾਂ [59][ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਭਾਰਤ ਦੇ ਚੀਫ਼ ਜਸਟਿਸ ਦੁਆਰਾ ਉਸ ਨੂੰ ਕੀਤੇ ਕਿਸੇ ਹਵਾਲੇ ਤੇ ਰਾਸ਼ਟਰਪਤੀ ਦੀ ਪੂਰਵ ਸੰਮਤੀ ਨਾਲ]ਅਤੇ ਸੰਬੰਧਤ ਉੱਚ ਅਦਾਲਤ ਦੇ ਚੀਫ ਜਸਟਿਸ ਨਾਲ ਮਸ਼ਵਰਾ

---

[59] ਸੰਵਿਧਾਨ (ਨੜੀਨਵੇਂਵੀਂ ਸੋਧ) ਐਕਟ, 2014 ਦੀ ਧਾਰਾ 4 ਦੁਆਰਾ (13.04.2015 ਤੋਂ ) "ਭਾਰਤ ਦਾ ਚੀਫ ਜਸਟਿਸ ਰਾਸ਼ਟਪਤੀ ਦੀ ਪੂਰਵ ਸੰਮਤੀ ਨਾਲ" ਸ਼ਬਦਾਂ ਦੀ ਥਾਵੇਂ ਰੱਖੇ ਗਏ ਸੀ । ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟ ਆਨ ਰਿਰਾਕਡ ਐਸੋਸੀਏਸ਼ਨ ਬਨਾਮ ਭਾਰਤ ਸੰਗ ਵਾਲੇ ਮਾਮਲੇ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਅੱਟਕਾਂ ਦਿੱਤਾ ਗਿਆ ਹੈ ।

Ministry of Law & Justice

ਕਰਨ ਪਿੱਛੋਂ, ਕਿਸੇ ਉੱਚ ਅਦਾਲਤ ਦੇ ਕਿਸੇ ਅਜਿਹੇ ਜੱਜ ਨੂੰ ਜੋ ਸਰਵ-ਉੱਚ ਅਦਾਲਤ ਦਾ ਜੱਜ ਨਿਯੁਕਤ ਹੋਣ ਲਈ ਯਥਾਯੋਗ ਕਾਬਲ ਹੋਵੇ ਅਤੇ ਜਿਸ ਨੂੰ ਭਾਰਤ ਦਾ ਚੀਫ ਜਸਟਿਸ ਥਾਪ ਦੇਵੇ, ਸਰਵ-ਉੱਚ ਅਦਾਲਤ ਦੀਆਂ ਬੈਠਕਾਂ ਵਿਚ ਇੰਨੀ ਮੁੱਦਤ ਲਈ ਜਿੰਨੀ ਜਰੂਰੀ ਹੋਵੇ, ਤਦ-ਅਰਥ ਜੱਜ ਵਜੋਂ ਹਾਜਰ ਰਹਿਣ ਲਈ ਲਿਖਤ ਦੁਆਰਾ ਪ੍ਰਾਰਥਨਾ ਕਰ ਸਕੇਗਾ ।

(2) ਇਸ ਤਰ੍ਹਾਂ ਥਾਪੇ ਗਏ ਜੱਜ ਦਾ ਕਰਤੱਵ ਹੋਵੇਗਾ ਕਿ ਆਪਣੇ ਅਹੁਦੇ ਦੇ ਹੋਰ ਕਰਤੱਵਾਂ ਤੋਂ ਪਹਿਲ ਦੇ ਕੇ ਸਰਵ-ਉੱਚ ਅਦਾਲਤ ਦੀਆਂ ਬੈਠਕਾਂ ਵਿਚ ਉਸ ਸਮੇਂ ਅਤੇ ਉਸ ਮੁੱਦਤ ਲਈ, ਜਿਸ ਲਈ ਉਸ ਦੀ ਹਾਜਰੀ ਲੋੜੀਦੀ ਹੋਵੇ, ਹਾਜਰ ਹੋਵੇ, ਅਤੇ ਜਦ ਤੱਕ ਉਹ ਇਸ ਤਰ੍ਹਾਂ ਹਾਜਰ ਹੋਵੇ ਉਸ ਨੂੰ ਸਰਵ-ਉੱਚ ਅਦਾਲਤ ਤੇ ਜੱਜ ਦੀ ਸਭ ਅਧਿਕਾਰਤਾ, ਸ਼ਕਤੀਆਂ ਅਤੇ ਵਿਸ਼ੇਸ-ਅਧਿਕਾਰ ਪ੍ਰਾਪਤ ਹੋਣਗੇ ਅਤੇ ਉਹ ਉਕਤ ਜੱਜ ਦੇ ਕਰਤੱਵਾਂ ਨੂੰ ਨਿਭਾਵੇਗਾ ।

ਨਿਵਿਰਤ ਹੋਏ ਜੱਜਾਂ ਦੀ ਸਰਵ-ਉੱਚ ਅਦਾਲਤ ਦੀਆਂ ਬੈਠਕਾਂ ਵਿਚ ਹਾਜਰੀ।

128. ਇਸ ਅਧਿਆਏ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ, [60][ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ] ਕਿਸੇ ਸਮੇਂ ਵੀ, ਰਾਸ਼ਟਰਪਤੀ ਦੀ ਪੂਰਵ ਸੰਮਤੀ ਨਾਲ, ਕਿਸੇ ਵਿਅਕਤੀ ਨੂੰ ਜੋ ਸਰਵ-ਉੱਚ ਅਦਾਲਤ [[61]ਜਾਂ ਫੈਡਰਲ ਕੋਰਟ ਦੇ ਜੱਜ ਦਾ ਅਹੁਦਾ ਧਾਰਨ ਕਰ ਚੁਕਿਆ ਹੋਵੇ ਅਤੇ ਸਰਵ-ਉੱਚ ਅਦਾਲਤ ਦਾ ਜੱਜ ਨਿਯੁਕਤ ਹੋਣ ਲਈ ਯਥਾਯੋਗ ਕਾਬਲ ਹੋਵੇ] ਸਰਵ-ਉੱਚ ਅਦਾਲਤ ਵਿਚ ਜੱਜ ਵਜੋ ਬੈਠਣ ਅਤੇ ਕਾਰਜ ਕਰਨ ਦੀ ਪ੍ਰਾਰਥਨਾ ਕਰ ਸਕੇਗਾ ਅਤੇ ਇਸ ਤਰ੍ਹਾਂ ਪ੍ਰਾਰਥਨਾ ਕੀਤੇ ਗਏ ਹਰਿਕ ਅਜਿਹੇ ਵਿਅਕਤੀ ਨੂੰ ਜਦ ਤੱਕ ਉਹ ਇਸ ਤ੍ਰਰਾਂ ਬੇਠੇ ਅਤੇ ਕਾਰਜ ਕਰੇ, ਅਜਿਹੇ ਭੱਤਿਆ ਦਾ, ਜਿਹੇ ਰਾਸ਼ਟਰਪਤੀ ਹੁਕਮ ਦੁਆਰਾ ਤੈਅ ਕਰੇ, ਹੱਕਦਾਰ ਹੋਵੇਗਾ ਅਤੇ ਉਸ ਨੂੰ ਸਰਵ-ਉੱਚ ਅਦਾਲਤ ਦੇ ਜੱਜ ਦੀ ਵਿਸ਼ੇਸ-ਅਧਿਕਾਰ ਪ੍ਰਾਪਤ ਹੋਣਗੇ, ਪਰ ਉਹ ਹੋਰਵੇਂ

---

[60] ਸੰਵਿਧਾਨ (ਨੜ੍ਹੀਨਵੇਂਵੀਂ ਸੋਧ) ਐਕਟ, 2014 ਦੀ ਧਾਰਾ 5 ਤੋਂ (13.04.2015 ਤੋਂ ) "ਭਾਰਤ ਦਾ ਚੀਫ ਜਸਟਿਸ " ਸ਼ਬਦਾਂ ਦੀ ਥਾਵੇਂ ਰੱਖੇ ਗਏ । ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟ ਆਨ ਰਿਰਾਕਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਅੱਟਕਾਂ ਦਿੱਤਾ ਗਿਆ ਹੈ ।

[61] ਸੰਵਿਧਾਨ (ਪੰਦਰਵਾਂ ਸੋਧ) ਐਕਟ, 1963 ਦੀ ਧਾਰਾ 3 ਦੁਆਰਾ ਅੰਤਰਸਥਾਪਤ ।

ਉਸ ਅਦਾਲਤ ਦਾ ਜੱਜ ਨਹੀਂ ਸਮਝਿਆ ਜਾਵੇਗਾ :

ਪਰੰਤੂ ਜੇਕਰ ਉਪਰੋਕਤ ਜਿਹਾ ਕੋਈ ਵਿਅਕਤੀ ਸਰਵ-ਉੱਚ ਅਦਾਲਤ ਦੇ ਜੱਜ ਵਜੋਂ ਬੈਠਣ ਅਤੇ  ਕਾਰਜਕਰਨ ਦੀ ਸੰਮਤੀ ਨ ਦੇਵੇ ਤਾਂ ਇਸ ਅਨੁਛੇਦ ਦੀ ਕੋਈ ਗੱਲ ਉਸ ਤੋਂ ਅਜਿਹਾ ਕਰਨਾ ਲੋੜਨ, ਵਾਲੀ ਨਹੀਂ ਸਮਝੀ ਜਾਵੇਗੀ ।

ਸਰਵ-ਉੱਚ ਅਦਾਲਤ ਦਾ ਰਿਕਾਰਡ ਦੀ ਅਦਾਲਤ ਹੋਣਾ ।

129. ਸਰਵ-ਉੱਚ ਅਦਾਲਤ ਰਿਕਾਰਡ ਦੀ ਅਦਾਲਤ ਹੋਵੇਗੀ ਅਤੇ ਉਸ ਨੂੰ ਆਪਣੇ ਅਪਮਾਨ ਲਈ ਸਜ਼ਾ ਦੇਣ ਦੀ ਸ਼ਕਤੀ ਸਮੇਤ ਅਜਿਹੀ ਅਦਾਲਤ ਦੀਆਂ ਸਭ ਸ਼ਕਤੀਆਂ ਪ੍ਰਾਪਤ ਹੋਣਗੀਆਂ ।

ਸਰਵ-ਉੱਚ ਅਦਾਲਤ ਦੀ ਥਾਂ

130.ਸਰਵ-ਉੱਚ ਅਦਾਲਤ  ਦਿੱਲੀ ਵਿਚ ਜਾਂ ਅਜਿਹੇ ਹੋਰ ਸਥਾਨ ਜਾਂ ਸਥਾਨਾਂ ਵਿਚ, ਜਿਨ੍ਹਾਂ ਨੂੰ ਭਾਰਤ ਦਾ ਚੀਫ ਜਸਟਿਸ , ਰਾਸ਼ਟਰਪਤੀ ਨਾਲ, ਸਮੇਂ ਸਮੇਂ ਤੇ , ਨਿਯਤ ਕਰੇ, ਬੈਠੇਗੀ ।

ਸਰਵ-ਉੱਚ ਅਦਾਲਤ ਦੀ ਅਰੰਭਕ ਅਧਿਕਾਰਤਾ ।

131. ਸੰਵਿਧਾਨ ਦੇ ਉਪਬੰਧਾਂ ਦੇ ਤਾਬੇ—

(ੳ) ਭਾਰਤ ਸਰਕਾਰ ਅਤੇ ਇਕ ਜਾਂ ਵਧੇਰੇ ਰਾਜਾਂ ਦੇ ਵਿਚਕਾਰ; ਜਾਂ

(ਅ) ਇਕ ਪਾਸੇ ਭਾਰਤ ਸਰਕਾਰ ਅਤੇ ਕੋਈ ਰਾਜ ਜਾਂ ਰਾਜਾਂ ਅਤੇ ਦੂਜੇ ਪਾਸੇ ਇਕ ਜਾਂ ਵਧੇਰੇ ਹੋਰ ਰਾਜਾਂ ਦੇ ਵਿਚਕਾਰ; ਜਾਂ

(ੲ) ਦੋ ਜਾਂ ਵਧੇਰੇ ਰਾਜਾਂ ਦੇ ਵਿਚਕਾਰ,

ਕਿਸੇ ਝਗੜੇ ਵਿਚ, ਜੇ ਅਤੇ ਜਿਥੋਂ ਤੱਕ ਉਸ ਝਗੜੇ ਵਿਚ  ਅਜਿਹਾ ਕੋਈ ਸਵਾਲ ਪਲਚਿਆ ਹੈ (ਭਾਵੇਂ ਕਾਨੂੰਨ ਦਾ ਜਾਂ ਤੱਥ ਦਾ)  ਜਿਸ ਤੋਂ ਕਿਸੇ ਕਾਨੂੰਨੀ ਅਧਿਕਾਰੀ ਦੀ ਹੋਂਦ ਜਾਂ ਵਿਸਤਾਰ ਨਿਰਭਰ ਹੈ, ਹੋਰ ਅਦਾਲਤਾਂ ਨੂੰ ਖਾਰਜ ਕਰਕੇ, ਸਰਵ-ਉੱਚ ਅਦਾਲਤ ਦੀ ਅਰੰਭਕ ਅਧਿਕਾਰਤਾ ਹੋਵੇਗੀ



Ministry of Law & Justice

[62][ਪਰੰਤੂ ਉਕਤ ਅਧਿਕਾਰਤਾ ਦਾ ਵਿਸਤਾਰ ਉਸ ਝਗੜੇ ਤੱਕ ਨਹੀਂ ਹੋਵੇਗਾ ਜੋ ਕਿਸੇ ਅਜਿਹੀ ਸੰਧੀ, ਕਰਾਰ, ਕਵੇਨੈਂਟ, ਬਾਂਨ੍ਹ, ਸਨਦ ਜਾਂ ਹੋਰ ਉਸ ਵਰਗੀ ਲਿਖਤ ਤੋਂ ਪੈਦਾ ਹੋਇਆ ਹੋਵੇ, ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਕੀਤੀ ਗਈ ਜਾਂ ਨਿਸ਼ਪਾਦਤ ਹੋਈ ਹੋਵੇ, ਅਤੇ ਅਜਿਹੇ ਅਰੰਭ ਪਿੱਛੋਂ ਅਮਲ ਵਿਚ ਹੋਵੇ, ਜਾਂ ਜੋ ਉਪਬੰਧ ਕਰਦੀ ਹੋਵੇ ਕਿ ਉਕਤ ਅਧਿਕਾਰਤਾ ਦਾ ਵਿਸਤਾਰ ਅਜਿਹੇ ਝਗੜੇ ਤੱਕ ਨਹੀਂ ਹੋਵੇਗਾ ।]

131ੳ. [63][ਕੇਂਦਰੀ ਕਾਨੂੰਨਾਂ ਦੀ ਸੰਵਿਧਾਨਕ ਜਾਇਜ਼ਤਾ ਨਾਲ ਸੰਬੰਧਤ ਸਵਾਲਾਂ ਬਾਬਤ ਸਰਵ-ਉੱਚ ਅਦਾਲਤ ਦੀ ਨਿਰੋਲ ਅਧਿਕਾਰਤਾ] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 4 ਦੁਆਰਾ (13.04.1978 ਤੋਂ ਪ੍ਰਭਾਵੀ)
ਨਿਰਸਤ ।

ਕੁਝਕੁ ਸੂਰਤਾਂ ਵਿਚ ਉੱਚ ਅਦਾਲਤ ਤੋਂ ਅਪੀਲਾਂ ਵਿਚ ਸਰਵ-ਉੱਚ ਅਦਾਲਤ ਦੀ ਅਪੀਲੀ ਲਈ ਅਧਿਕਾਰਤਾ ।

132. ਭਾਰਤ ਰਾਜ-ਖੇਤਰ ਵਿਚਲੀ ਕਿਸੇ ਉੱਚ ਅਦਾਲਤ ਦੇ, ਭਾਵੇਂ ਦੀਵਾਨੀ, ਫੌਜਦਾਰੀ ਜਾਂ ਹੋਰ ਕਾਰਵਾਈ ਵਿਚ ਦਿੱਤੇ ਨਿਰਣੇ, ਡਿਗਰੀ ਜਾਂ ਅੰਤਮ ਹੁਕਮ ਦੀ ਅਪੀਲ ਸਰਵ-ਉੱਚ ਅਦਾਲਤ ਵਿਚ ਹੋਵੇਗੀ, [64][ਜੇ ਉਚ ਅਦਾਲਤ ਅਨੁਛੇਦ 134 (ੳ)] ਅਧੀਨ ਪ੍ਰਮਾਣਤ ਕਰ ਦੇਵੇ ਕਿ ਉਸ ਮੁਕੱਦਮੇਂ ਵਿਚ ਇਸ ਸੰਵਿਧਾਨ ਦੇ ਨਿਰਵਚਨ ਬਾਬਤ ਕੋਈ ਸਾਰਵਾਨ ਕਾਨੂੰਨੀ ਸਵਾਲ ਪਲਚਿਆ ਹੈ ।

[65] x x x x

(3) ਜਿਥੇ ਅਜਿਹਾ ਪ੍ਰਮਾਣ-ਪੱਤਰ ਦਿੱਤਾ ਗਿਆ ਹੈ [66]xxx ਉੱਥੇ ਉਸ

---

[62] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 5 ਦੁਆਰਾ ਮੂਲ ਪਰੰਤੁਕ ਦੀ ਥਾਵੇਂ ਰਖਿੱਆ ਗਿਆ ।

[63] ਸੰਵਿਧਾਨ (ਬਿਆਲਵੀਂਸੋਧ) ਐਕਟ, 1976 ਦੀ ਧਾਰਾ 23 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[64] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 17 ਦੁਆਰਾ (01.08.1979 ਤੋਂ ਪ੍ਰਭਾਵੀ) "ਜੇ ਉੱਚ ਅਦਾਲਤ ਪ੍ਰਮਾਣਤ ਕਰੇ" ਸ਼ਬਦਾਂ ਦੀ ਥਾਵੇਂ ਰੱਖੇ ।

[65] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 17 ਦੁਆਰਾ (01.08.1979 ਤੋਂ ਪ੍ਰਭਾਵੀ) ਖੰਡ (2) ਦਾ ਲੋਪ ਕੀਤਾ ਗਿਆ ।



Ministry of Law & Justice

ਮੁਕੱਦਮੇਂ ਵਿਚ ਕੋਈ ਧਿਰ ਇਸ ਆਧਾਰ ਤੇ ਸਰਵ-ਉੱਚ ਅਦਾਲਤ ਵਿਚ ਅਪੀਲ ਕਰ ਸਕੇਗੀ ਕਿ ਉਪਰੋਕਤ ਕਿਸੇ ਸਵਾਲ ਦਾ ਫੈਸਲਾ ਗਲਤ ਕੀਤਾ ਗਿਆ ਹੈ [67]xxx ।

ਵਿਆਖਿਆ.—ਇਸ ਅਨੁਛੇਦ ਦੇ ਪ੍ਰਯੋਜਨਾਂ ਲਈ, ਪਦ ਅੰਤਮ ਹੁਕਮਾਂ ਵਿਚ ਅਜਿਹੇ ਤਨਕੀਹ ਦਾ ਫੈਸਲਾ ਕਰਦਾ ਹੁਕਮ ਸ਼ਾਮਲ ਹੈ, ਜੋ, ਜੇ ਉਸ ਦਾ ਫੈਸਲਾ ਅਪੀਲਕਾਰ ਦੇ ਪੱਖ ਵਿਚ ਦਿਤਾ ਜਾਵੇ, ਤਾਂ ਉਸ ਮੁਕੱਦਮੇ ਦੇ ਅੰਤਮ ਨਿਬੇੜੇ ਲਈ ਕਾਫ਼ੀ ਹੋਵੇਗੀ ।

ਉੱਚ ਅਦਾਲਤ ਤੋਂ ਦੀਵਾਨੀ ਮਾਮਲਿਆਂ ਬਾਬਤ ਕੀਤੀਆਂ ਅਪੀਲਾਂ ਵਿਚ ਸਰਵ-ਉੱਚ ਅਦਾਲਤ ਦੀ ਅਪੀਲ ਲਈ ਅਧਿਕਾਰਤਾ ।

133 [68][(1) ਭਾਰਤ ਦੇ ਰਾਜਖੇਤਰ ਵਿਚ ਕਿਸੇ ਉਚ-ਅਦਾਲਤ ਦੀ ਕਿਸੇ ਦੀਵਾਨੀ ਕਾਰਵਾਈ ਵਿਚ ਕਿਸੇ ਨਿਰਣੇ, ਡਿਗਰੀ ਜਾਂ ਅੰਤਮ ਹੁਕਮ ਦੀ ਅਪੀਲ ਸਰਵ-ਉੱਚ ਅਦਾਲਤ ਵਿਚ ਹੋਵੇਗੀ [69][ਜੇ ਉੱਚ ਅਦਾਲਤ ਅਨੁਛੇਦ 134 ੳ ਅਧੀਨ ਪ੍ਰਮਾਣਤ ਕਰ ਦਿੰਦੀ ਹੈ ਕਿ]

(ੳ) ਕਿ ਉਸ ਮੁਕੱਦਮੇਂ ਵਿਚ ਵਿਆਪਕ ਮਹੱਤਤਾ ਵਾਲਾ ਕੋਈ ਸਾਰਵਾਨ ਕਾਨੂੰਨੀ ਸਵਾਲ ਪਲਚਿਆ ਹੈ ਅਤੇ

(ਅ) ਕਿ ਉੱਚ ਅਦਾਲਤ ਦੀ ਰਾਏ ਵਿਚ ਉਪਰੋਕਤ ਸਵਾਲ ਦਾ ਸਰਵ-ਉੱਚ ਅਦਾਲਤ ਦੁਆਰਾ ਫੈਸਲਾ ਹੋਣਾ ਜਰੂਰੀ ਹੈ ।

(2) ਇਸ ਅਨੁਛੇਦ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਉੱਚ ਅਦਾਲਤ ਦੇ ਇਕ ਜੱਜ ਦੇ ਨਿਰਣੇ, ਡਿਗਰੀ ਜਾਂ ਅੰਤਮ ਹੁਕਮ ਦੀ ਅਪੀਲ, ਜੇਕਰ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਸਰਵ-ਉੱਚ ਅਦਾਲਤ ਵਿਚ ਨਹੀਂ ਹੋ ਸਕੇਗੀ ।

Ministry of Law & Justice

---

[66] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 17 ਦੁਆਰਾ (01.08.1979 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦਾ ਲੋਪ ਕੀਤਾ ਗਿਆ ।

[67] ਸਮਾਨ ਸਰੋਤ।

[68] ਸੰਵਿਧਾਨ (ਤੀਹਵੀਂ ਸੋਧ) ਐਕਟ, 1972, ਧਾਰਾ 2 ਦੁਆਰਾ (27.02.1973 ਤੋਂ ਪ੍ਰਭਾਵੀ) ਖੰਡ (1) ਦੀ ਥਾਵੇਂ ਰਖਿਆ ਗਿਆ

[69] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੁਆਰਾ (01.08.1979 ਤੋਂ ਪ੍ਰਭਾਵੀ) "ਜੇ ਉੱਚ ਅਦਾਲਤ ਪ੍ਰਮਾਣਤ ਕਰੇ" ਸ਼ਬਦਾਂ ਦੀ ਥਾਵੇਂ ਰੱਖੇ ।

(3) ਇਸ ਅਨੁਛੇਦ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਉੱਚ ਅਦਾਲਤ ਦੇ ਇਕ ਜੱਜ ਦੇ ਨਿਰਣੇ, ਡਿਗਰੀ, ਜਾਂ ਅੰਤਮ-ਹੁਕਮ ਦੀ ਅਪੀਲ, ਜੇਕਰ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਸਰਵ-ਉੱਚ ਅਦਾਲਤ ਵਿਚ ਨਹੀਂ ਹੋ ਸਕੇਗੀ ।

ਫ਼ੌਜਦਾਰੀ ਮਾਮਲਿਆਂ ਬਾਬਤ ਸਰਵ-ਉੱਚ ਅਦਾਲਤ ਦੀ ਅਪੀਲ ਅਧਿਕਾਰਾਤਾ ।

134 (1) ਭਾਰਤ ਰਾਜਖੇਤਰ ਵਿਚਲੀ ਕਿਸੇ ਉੱਚ ਅਦਾਲਤ ਦੀ ਕਿਸੇ ਫੋਜਦਾਰੀ ਕਾਰਵਾਈ ਵਿਚ ਦਿੱਤੇ ਨਿਰਣੇ, ਅੰਤਮ ਹੁਕਮ ਜਾਂ ਦੰਡ ਦੀ ਸਰਵ-ਉੱਚ ਅਦਾਲਤ ਵਿਚ ਅਪੀਲ ਹੋ ਸਕੇਗੀ ਜੇ–

(ੳ) ਉਸ ਉੱਚ ਅਦਾਲਤ ਨੇ ਅਪੀਲ ਵਿਚ ਕਿਸੇ ਮੁਲਜਮ ਵਿਅਕਤੀ ਦੇ ਬਰੀ ਹੋਣ ਦੇ ਹੁਕਮ ਨੂੰ ਉਲਟ ਦਿੱਤਾ ਹੋਵੇ ਅਤੇ ਉਸ ਨੂੰ ਮੌਤ ਦਾ ਦੰਡ ਦਿੱਤਾ ਹੋਵੇ ਜਾਂ;

(ਅ) ਉਸ ਉੱਚ ਅਦਾਲਤ ਨੇ ਆਪਨੀ ਮਤਾ ਦੇ ਅਪੀਲ ਕਿਸੇ ਅਦਾਲਤ ਤੋਂ ਕਿਸੇ ਮੁਕੱਦਮੇ ਨੂੰ ਵਿਚਾਰਣ ਲਈ ਆਪਣੇ ਪਾਸ ਮੰਗਵਾ ਲਿਆ ਹੋਵੇ ਅਤੇ ਅਜਿਹੇ ਵਿਚਾਰਣ ਵਿਚ ਮੁਲਜਮ ਵਿਅਕਤੀ ਨੂੰ ਸਿੱਧ-ਦੋਸ਼ ਕੀਤਾ ਹੋਵੇ ਅਤੇ ਉਸ ਨੂੰ ਮੌਤ ਦਾ ਦੰਡ ਦਿੱਤਾ ਹੋਵੇ ਜਾਂ ;

(ੲ) ਉਹ ਸਰਵ-ਉੱਚ ਅਦਾਲਤ [70][ਅਨੁਛੇਦ 134 ੳ ਅਧੀਨ ਪ੍ਰਮਾਣਤ ਕਰਦਾ ਹੈ] ਕਿ ਮੁਕੱਦਮਾ ਸਰਵ-ਉੱਚ ਅਦਾਲਤ ਵਿਚ ਅਪੀਲ ਕੀਤੇ ਜਾਣ ਦੇ ਲਾਇਕ ਹੈ :

ਪਰੰਤੂ ਉਪਖੰਡ (ੲ) ਦੇ ਅਧੀਨ ਹੋਣ ਵਾਲੀ ਅਪੀਲ ਅਜਿਹੇ ਉਪਬੰਧਾਂ ਦੇ ਜੋ ਅਨੁਛੇਦ 145 ਦੇ ਖੰਡ (1) ਦੇ ਅਧੀਨ ਉਸ ਨਮਿਤ ਬਣਾਏ ਜਾਣ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ ਹੀ ਹੋ ਸਕੇਗੀ ਜੋ ਉੱਚ ਅਦਾਲਤ ਦੁਆਰਾ ਸਥਾਪਤ ਕੀਤੀਆਂ ਜਾਂ ਲੋੜੀਆਂ ਜਾਣ।

---

[70] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 19 ਦੁਆਰਾ (01.08.1979 ਤੋਂ ਪ੍ਰਭਾਵੀ) "ਪ੍ਰਮਾਣਤ ਕਰਦਾ ਹੈ" ਦੀ ਥਾਵੇਂ ਰੱਖੇ ।



Ministry of Law & Justice

(2) ਸੰਸਦ ਕਾਨੂੰਨ ਦੁਆਰਾ ਅਜਿਹੀਆਂ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ ਜੋ ਅਜਿਹੇ ਕਾਨੂੰਨ ਵਿਚ ਉਲਿਖਤ ਕੀਤੀਆਂ ਜਾਣ, ਸਰਵ-ਉੱਚ ਅਦਾਲਤ ਨੂੰ ਭਾਰਤ ਦੇ ਰਾਜਖੇਤਰ ਵਿਚਲੀ ਕਿਸੇ ਉੱਚ ਅਦਾਲਤ ਦੀ ਫ਼ੌਜਦਾਰੀ ਕਾਰਵਾਈ ਵਿਚ ਦਿੱਤੇ ਗਏ ਕਿਸੇ ਨਿਰਣੇ, ਅੰਤਮ ਹੁਕਮ ਜਾਂ ਦੰਡ ਦੀਆਂ ਅਪੀਲਾਂ ਲੈਣ ਅਤੇ ਸੁਣਨ ਦੀਆਂ ਕੋਈ ਹੋਰ ਸ਼ਕਤੀਆਂ ਪ੍ਰਧਾਨ ਕਰ ਸਕੇਗੀ ।

**ਸਰਵ-ਉੱਚ ਅਦਾਲਤ ਵਿਚ ਅਪੀਲ ਦੇ ਲਈ ਪ੍ਰਮਾਣ-ਪੱਤਰ ।**

[71][134 ੳ. ਹਰੇਕ ਉੱਚ ਅਦਾਲਤ, ਜੋ ਅਨੁਛੇਦ 132 ਦੇ ਖੰਡ (1) ਜਾਂ ਅਨੁਛੇਦ 133 ਦੇ ਖੰਡ (1) ਜਾਂ ਅਨੁਛੇਦ 134 ਤੇ ਖੰਡ (1) ਵਿਚ ਹਵਾਲਾ ਦਿੱਤੇ ਨਿਰਣੇ, ਡਿਗਰੀ, ਅੰਤਮ ਹੁਕਮ ਜਾਂ ਦੰਡ ਪਾਸ ਕਰਦੀ ਹੈ ਜਾਂ ਦਿੰਦੀ ਹੈ, ਅਜਿਹੇ ਪਾਸ ਕੀਤੇ ਜਾਂ ਦਿੱਤੇ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਇਸ ਸਵਾਲ ਦਾ ਤੈਅ ਕਰਨਾ ਕਿ ਉਸ ਮੁਕਦਮੇਂ ਦੇ ਸੰਬੰਧ ਵਿਚ, ਜਿਹੀ ਕਿ ਸੂਰਤ ਹੋਵੇ, ਅਨੁਛੇਦ 132 ਦੇ ਖੰਡ (1) ਜਾਂ ਅਨੁਛੇਦ 133 ਦੇ ਖੰਡ (1) ਜਾਂ ਅਨੁਛੇਦ 134 ਦੇ ਖੰਡ (1) ਦੇ ਉਪ-ਖੰਡ (ੲ) ਵਿਚ ਹਵਾਲਾ ਦਿੱਤੀ ਪ੍ਰਕ੍ਰਿਤੀ ਦਾ ਪ੍ਰਮਾਣ ਪੱਤਰ ਦਿੱਤਾ ਜਾਵੇ ਜਾਂ ਨਹੀਂ,-

(ੳ) ਜੇ ਇਹ ਇਸ ਤਰ੍ਹਾਂ ਕਰਨਾ ਠੀਕ ਸਮਝਦਾ ਹੈ ਤਾਂ ਸਵੈ-ਪ੍ਰੇਰਨਾ ਨਾਲ ਕਰ ਸਕੇਗਾ ;ਅਤੇ

(ਅ) ਜੇ ਅਜਿਹਾ ਨਿਰਣਾ, ਡਿਗਰੀ, ਅੰਤਮ ਹੁਕਮ ਜਾਂ ਦੰਡ ਪਾਸ ਕੀਤੇ ਜਾਣ ਜਾਂ ਦਿੱਤੇ ਜਾਣ ਦੇ ਤੁਰੰਤ ਮਗਰੋਂ ਦੁਖਤ ਧਿਰ ਦੁਆਰਾ ਜਾਂ ਉਸਦੇ ਨਮਿਤ ਜ਼ਬਾਨੀ ਦਰਖ਼ਾਸਤ ਦਿੱਤੀ ਜਾਂਦੀ ਹੈ, ਤਾਂ ਕਰੇਗਾ । ]

**ਮੋਜੂਦਾ ਕਾਨੂੰਨ ਦੇ ਅਧੀਨ ਫੈਡਰਲ ਕੋਰਟ ਦੀ ਅਧਿਕਾਰਤਾ ਅਤੇ ਸ਼ਕਤੀਆਂ ਦਾ ਸਰਵ-ਉੱਚ**

135 ਜਦ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਸਰਵ-ਉੱਚ ਅਦਾਲਤ ਸਰਵ-ਉੱਚ ਅਦਾਲਤ ਨੂੰ ਕਿਸੇ ਅਜਿਹੇ ਮਾਮਲੇ ਬਾਰੇ ਵੀ, ਜਿਨ ਨੂੰ ਅਨੁਛੇਦ 133 ਜਾਂ ਅਨੁਛੇਦ 134 ਦੇ ਉਪਬੰਧ ਲਾਗੂ ਨਹੀਂ ਹੁੰਦੇ, ਅਧਿਕਾਰਤਾ ਅਤੇ ਸ਼ਕਤੀਆਂ ਹੋਣਗੀਆਂ ਜੋ ਉਸ ਮਾਮਲੇ ਦੇ ਸੰਬੰਧ ਵਿਚ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਕਿਸੇ ਮੌਜੂਦਾ ਕਾਨੂੰਨ ਦੇ ਅਧੀਨ ਅਧਿਕਾਰਤਾ ਅਤੇ ਸ਼ਕਤੀਆਂ ਫੈਡਰਲ ਕੋਰਟ ਦੁਆਰਾ ਵਰਤੋਂ

[71] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 20 ਦੁਆਰਾ (01.08.1979 ਤੋਂ ਪ੍ਰਭਾਵੀ) ਅੰਤਰਸਥਾਪਤ ।

Ministry of Law & Justice

ਅਦਾਲਤ ਦੁਆਰਾ ਵਰਤੋਂ ਯੋਗ ਹੋਣਾ ।

ਯੋਗ ਸਨ ।

ਅਪੀਲ ਲਈ ਸਰਵ-ਉੱਚ ਅਦਾਲਤ ਦੀ ਵਿਸ਼ੇਸ ਇਜਾਜ਼ਤ ।

136(1) ਇਸ ਅਧਿਆਏ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਵ-ਉੱਚ ਅਦਾਲਤ, ਸਵੈ-ਵਿਵੇਕ ਨਾਲ, ਭਾਰਤ ਦੇ ਰਾਜਖੇਤਰ ਵਿਚਲੀ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਦੁਆਰਾ ਕਿਸੇ ਮੁਕੱਦਮੇ ਜਾਂ ਮਾਮਲੇ ਵਿਚ ਦਿੱਤੇ ਜਾਂ ਕੀਤੇ ਕਿਸੇ ਨਿਰਣੇ, ਡਿਗਰੀ, ਮੁਕਾਓ, ਦੰਡ ਜਾਂ ਹੁਕਮ ਤੋਂ ਅਪੀਲ ਲਈ ਵਿਸ਼ੇਸ ਇਜਾਜ਼ਤ ਦੇ ਸਕੇਗੀ ।

(2) ਖੰਡ (1) ਦੀ ਕੋਈ ਗੱਲ ਸ਼ਸਤਰਧਾਰੀ ਸੈਨਾ ਨਾਲ ਸੰਬੰਧਤ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਗਠਤ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਦੁਆਰਾ ਦਿੱਤੇ ਜਾਂ ਕੀਤੇ ਗਏ ਕਿਸੇ ਨਿਰਣੇ, ਮੁਕਾਓ , ਦੰਡ ਜਾਂ ਹੁਕਮ ਨੂੰ ਲਾਗੂ ਨਹੀਂ ਹੋਵੇਗੀ ।

ਨਿਰਣਿਆਂ ਜਾਂ ਹੁਕਮਾਂ ਤੇ ਸਰਵ-ਉੱਚ ਅਦਾਲਤ ਦੁਆਰਾ ਨਜਰਸਾਨੀ ।

137. ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਜਾਂ ਅਨੁਛੇਦ 145 ਦੇ ਅਧੀਨ ਬਣਾਏ ਗਏ ਕਿਸੇ ਨਿਯਮਾਂ ਦੇ ਤਾਬੇ, ਸਰਵ-ਉੱਚ ਅਦਾਲਤ ਨੂੰ ਆਪਣੇ ਦੁਆਰਾ ਸੁਣਾਏ ਗਏ ਨਿਰਣੇ ਜਾਂ ਦਿੱਤੇ ਗਏ ਹੁਕਮ ਤੇ ਨਜਰਸਾਨੀ ਕਰਨ ਦੀ ਸ਼ਕਤੀ ਹੋਵੇਗੀ ।

ਸਰਵ-ਉੱਚ ਅਦਾਲਤ ਦੀ ਅਧਿਕਾਰਤਾ ਦਾ ਵਧਾਅ ।

138.(1) ਸੰਘ ਸੂਚੀ ਦੇ ਮਾਮਲਿਆਂ ਵਿਚੋਂ ਕਿਸੇ ਬਾਰੇ ਸਰਵ-ਉੱਚ ਅਦਾਲਤ ਨੂੰ ਅਜਿਹੀ ਹੋਰ ਅਧਿਕਾਰਤਾ ਅਤੇ ਸ਼ਕਤੀਆਂ ਹੋਣਗੀਆਂ ਜਿਹੀਆਂ ਸੰਸਦ ਕਾਨੂੰਨ ਦੁਆਰਾ ਪ੍ਰਦਾਨ ਕਰੇ ।

(2) ਜੇ ਸੰਸਦ ਸਰਵ-ਉੱਚ ਅਦਾਲਤ ਦੁਆਰਾ ਅਜਿਹੀ ਅਧਿਕਰਤਾ ਅਤੇ ਸ਼ਕਤੀਆਂ ਦੀ ਵਰਤੋਂ ਦਾ ਕਾਨੂੰਨ ਦੁਆਰਾ ਉਪਬੰਧ ਕਰੇ, ਤਾਂ ਸਰਵ-ਉੱਚ ਅਦਾਲਤ ਨੂੰ ਕਿਸੇ ਮਾਮਲੇ ਬਾਰੇ ਅਜਿਹੀ ਹੋਰ ਅਧਿਕਾਰਤਾ ਅਤੇ ਸ਼ਕਤੀਆਂ ਹੋਣਗੀਆਂ ਜਿਹੀਆਂ ਭਾਰਤ ਸਰਕਾਰ ਅਤੇ ਕਿਸੇ ਰਾਜ ਦੀ ਸਰਕਾਰ ਵਿਸ਼ੇਸ ਕਰਾਰ ਦੁਆਰਾ ਪ੍ਰਦਾਨ ਕਰੇ ।

Ministry of Law & Justice

ਕੁਝ ਕੁ ਰਿੱਟਾਂ ਦੇ ਜਾਰੀ ਕਰਨ ਦੀਆਂ ਸ਼ਕਤੀਆਂ ਦਾ ਸਰਵ-ਉੱਚ ਅਦਾਲਤ ਨੂੰ ਪ੍ਰਦਾਨ ਹੋਣਾ ।

139. ਸੰਸਦ ਅਨੁਛੇਦ 32 ਦੇ ਖੰਡ (2) ਵਿਚ ਜਿਕਰ ਕੀਤੇ ਪ੍ਰਯੋਜਨਾਂ ਤੋਂ ਬਿਨਾਂ ਕਿਸੇ ਹੋਰ ਪ੍ਰਯੋਜਨ ਲਈ, ਅਜਿਹੇ ਨਿਦੇਸ਼ ਜਾਂ ਰਿੱਟਾਂ, ਜਿਨ੍ਹਾਂ ਵਿਚ ਹੇਬੀਅਸ ਕੋਰਪਲ, ਮੈਂਡੇਮਜ, ਮਨਾਹੀ, ਕੋਵਾਰੰਟੋ ਅਤੇ ਸਰਸ਼ਿਓਰੇਰਾਈ ਦੀ ਪ੍ਰਕਿਰਤੀ ਦੀਆਂ ਰਿੱਟਾ ਸ਼ਾਮਲ ਹਨ, ਜਾਂ ਇਨ੍ਹਾਂ ਵਿਚੋਂ ਕੋਈ ਜਾਰੀ ਕਰਨ ਕੀ ਸ਼ਕਤੀ ਕਾਨੂੰਨ ਦੁਆਰਾ ਸਰਵ-ਉੱਚ ਅਦਾਲਤ ਨੂੰ ਪ੍ਰਦਾਨ ਕਰ ਸਕੇਗੀ ।

ਕੁਝ ਕੁ ਕੇਸਾਂ ਦਾ ਅੰਤਰਣ ।

[72][139 ਓ [73][(1) ਜਿੱਥੇ ਅਜਿਹੇ ਮੁਕੱਦਮੇਂ, ਜਿਨ੍ਹਾਂ ਵਿਚ ਕਾਨੂੰਨ ਦੇ ਸਮਾਨ ਜਾਂ ਸਾਰਵਾਨ ਰੂਪ ਵਿਚ ਉਹੀ ਸਵਾਲ ਸੰਮਲਿਤ ਹੋਣ, ਸਰਵ-ਉੱਚ ਅਦਾਲਤ ਦੇ ਅਤੇ ਇਕ ਜਾਂ ਇਕ ਤੋਂ ਵੱਧ ਉੱਚ ਅਦਾਲਤਾਂ ਦੇ ਜਾਂ ਦੋ ਜਾਂ ਦੋਂ ਤੋਂ ਵੱਧ ਉੱਚ ਅਦਾਲਤਾਂ ਦੇ ਅੱਗੇ ਲੰਬਤ ਹੋਣ ਅਤੇ ਸਰਵ-ਉੱਚ ਅਦਾਲਤ ਦੀ ਸਵੈ-ਪ੍ਰੇਰਣਾ ਨਾਲ ਜਾਂ ਭਾਰਤ ਦੇ ਅਟਾਰਨੀ ਜਨਰਲ ਦੁਆਰਾ ਜਾਂ ਅਜਿਹੇ ਕਿਸੇ ਮੁਕੱਦਮੇਂ ਦੀ ਕਿਸੇ ਧਿਰ ਦੁਆਰਾ ਦਿੱਤੀ ਗਈ ਦਰਖ਼ਾਸਤ ਤੇ ਇਹ ਤਸੱਲੀ ਹੋ ਜਾਂਦੀ ਹੈ ਕਿ ਅਜਿਹਾ ਸਵਾਲ ਸਧਾਰਨ ਮਹੱਤਤਾ ਦਾ ਸਾਰਵਾਨ ਰੂਪ ਵਿਚ ਸਵਾਲ ਹੈ ਤਾਂ, ਸਰਵ-ਉੱਚ ਅਦਾਲਤ ਉਸ ਉੱਚ ਅਦਾਲਤ ਜਾਂ ਉਨ੍ਹਾਂ ਉੱਚ ਅਦਾਲਤਾਂ ਦੇ ਅੱਗੇ ਲੰਬਤ ਮੁਕੱਦਮੇਂ ਜਾਂ ਮੁਕੱਦਮਿਆਂ ਨੂੰ ਆਪਣੇ ਕੋਲ ਮੰਗਵਾ ਸਕੇਗੀ ਅਤੇ ਉਨ੍ਹਾਂ ਸਾਰੇ ਮੁਕੱਦਮਿਆਂ ਨੂੰ ਖ਼ੁਦ ਨਿਪਟਾ ਸਕੇਗੀ:

ਪਰੰਤੂ ਸਰਵ-ਉੱਚ ਅਦਾਲਤ ਇਸ ਤਰ੍ਹਾਂ ਵਾਪਸ ਮੰਗਵਾਏ ਗਏ ਮੁਕੱਦਮੇ ਨੂੰ ਉਕਤ ਕਾਨੂੰਨ ਦੇ ਸਵਾਲ ਤੈਅ ਕਰਨ ਪਿੱਛੋਂ ਅਜਿਹੇ ਸਵਾਲਾਂ ਦੇ ਆਪਣੇ ਨਿਰਣੇ ਦੀ ਨਕਲ ਸਮੇਤ ਉਸ ਉੱਚ ਅਦਾਲਤ ਨੂੰ, ਜਿਸ ਤੋਂ ਮੁਕੱਦਮਾ ਮੰਗਵਾਇਆ ਗਿਆ ਸੀ, ਵਾਪਸ ਭੇਜ ਸਕੇਗੀ ਅਤੇ ਉਹ ਉੱਚ ਅਦਾਲਤ ਉਦੇ ਪ੍ਰਾਪਤ ਹੋਣ ਤੇ ਉਸ ਮੁਕੱਦਮੇਂ ਨੂੰ ਅਜਿਹੇ ਨਿਰਣੇ ਅਨੁਰੂਪ ਨਿਪਟਾਉਣ ਦੇ ਲਈ ਅੱਗੇ ਕਾਰਵਾਈ ਕਰੇਗੀ ।]

(2) ਜੇ ਸਰਵ-ਉੱਚ ਅਦਾਲਤ ਨਿਆਂ ਦੇ ਉਦੇਸ਼ ਦੀ ਪੂਰਤੀ ਦੇ ਲਈ

---

[72] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 24 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[73] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 21 ਦੁਆਰਾ (01.08.1979 ਤੋਂ ਪ੍ਰਭਾਵੀ) ਖੰਡ (1) ਦੀ ਥਾਵੇਂ ਰੱਖੇ ।

Ministry of Law & Justice

ਅਜਿਹਾ ਕਰਨਾ ਉਚਿਤ ਸਮਝੇ, ਤਾਂ ਉਹ ਕਿਸੇ ਉੱਚ ਅਦਾਲਤ ਅੱਗੇ ਲੰਬਤ ਕਿਸੇ ਮੁਕੱਦਮੇ, ਅਪੀਲ ਜਾਂ ਹੋਰ ਕਾਰਵਾਈ ਦਾ ਅੰਤਰਣ ਕਿਸੇ ਹੋਰ ਉੱਚ ਅਦਾਲਤ ਨੂੰ ਕਰ ਸਕੇਗੀ ।

ਸਰਵ-ਉੱਚ ਅਦਾਲਤ ਦੀਆਂ ਸਹਾਇਕ ਸ਼ਕਤੀਆਂ ।

140. ਸੰਸਦ ਅਜਿਹੀਆਂ ਅਨੁਪੂਰਕ ਸ਼ਕਤੀਆਂ ਜੋ ਇਸ ਸੰਵਿਧਾਨ ਦੇ ਉਪਬੰਧਾਂ ਵਿਚੋਂ ਕਿਸੇ ਨਾਲ ਅਸੰਗਤ ਨ ਹੋਣ ਕਾਨੂੰਨ ਦੁਆਰਾ ਸਰਵ-ਉੱਚ ਅਦਾਲਤ ਨੂੰ ਪ੍ਰਦਾਨ ਕਰਨ ਲਈ ਉਪਬੰਧ ਕਰ ਸਕੇਗੀ ਜਿਹੀਆਂ ਉਸ ਅਦਾਲਤ ਨੂੰ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੀ ਗਈ ਅਧਿਕਾਰਤਾ ਦੀ ਵਧੇਰੇ ਪ੍ਰਭਾਵਕ ਤੌਰ ਤੇ ਵਰਤੋਂ ਕਰਨ ਦੇ ਸਮਰੱਥ ਬਣਾਉਣ ਦੇ ਪ੍ਰਯੋਜਨ ਲਈ ਜਰੂਰੀ ਜਾਂ ਵਾਂਛਨੀ ਪ੍ਰਤੀਤ ਹੋਣ ।

ਸਰਵ-ਉੱਚ ਅਦਾਲਤ ਦੁਆਰਾ ਐਲਾਨੇ ਗਏ ਕਾਨੂੰਨ ਦਾ ਸਭ ਅਦਾਲਤਾਂ ਦੇ ਬੰਧਨਕਾਰੀ ਹੋਣਾ ।

141. ਸਰਵ-ਉੱਚ ਅਦਾਲਤ ਦੁਆਰਾ ਐਲਾਨਿਆ ਗਿਆ ਕਾਨੂੰਨ ਭਾਰਤ ਦੇ ਰਾਜਖੇਤਰ ਅੰਦਰ ਸਭ ਅਦਾਲਤਾਂ ਤੇ ਬੰਧਨਕਾਰੀ ਹੋਵੇਗਾ ।

ਸਰਵ-ਉੱਚ ਅਦਾਲਤ ਦੀਆਂ ਡਿਗਰੀਆਂ ਅਤੇ ਹੁਕਮਾਂ ਦਾ ਨਾਫ਼ਜ਼ ਕਰਾਉਣ ਅਤੇ ਪ੍ਰਗਟ ਕਰਾਉਣ ਆਦਿ ਬਾਬਤ ਹੁਕਮ ।

142(1) ਸਰਵ-ਉੱਚ ਅਦਾਲਤ ਆਪਣੀ ਅਧਿਕਾਰਤਾ ਦੀ ਵਰਤੋਂ ਵਿਚ ਅਜਿਹੀ ਡਿਗਰੀ ਦੇ ਸਕੇਗੀ ਜਾਂ ਅਜਿਹਾ ਹੁਕਮ ਕਰ ਸਕੇਗੀ ਜਿਹਾ ਉਸ ਅੱਗੇ ਲੰਬਿਤ ਕਿਸੇ ਮੁਕੱਦਮੇਂ ਜਾਂ ਮਾਮਲੇ ਵਿਚ ਪੂਰਨ ਨਿਆਂ ਕਰਨ ਲਈ ਜਰੂਰੀ ਹੋਵੇ, ਅਤੇ ਇਸ ਤਰ੍ਹਾਂ ਦਿੱਤੀ ਕੋਈ ਡਿਗਰੀ ਜਾਂ ਕੀਤਾ ਗਿਆ ਹੋਈ ਹੁਕਮ ਭਾਰਤ ਦੇ ਰਾਜਖੇਤਰ ਭਰ ਵਿਚ ਅਜਿਹੇ ਢੰਗ ਨਾਲ ਜਿਹਾ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕਰਰ ਕੀਤਾ ਜਾਵੇ ਅਤੇ ਜਦ ਤੱਕ ਉਸ ਨਮਿਤ ਇਸ ਤਰ੍ਹਾਂ ਉਪਬੰਧ ਨਹੀਂ ਕੀਤਾ ਜਾਂਦਾ, ਅਜਿਹੇ ਢੰਗ ਨਾਲ ਜਿਹਾ ਰਾਸ਼ਟਰਪਤੀ [74]ਹੁਕਮ ਦੁਆਰ ਮੁਕੱਰਰ ਕਰੇ,ਨਾਫ਼ਜ਼ ਕਰਨਯੋਗ ਹੋਵੇਗਾ ।

---

[74] ਵੇਖੋ ਕਾਨੂੰਨ ਮੰਤ੍ਰਾਲਾ ਅਧਿਸੂਚਨਾ ਨੰ. ਸੀ.ਓ 47, ਤਰੀਕ 14 ਜਨਵਰੀ, 1954, ਨਾਲ ਭਾਰਤ ਸਰਕਾਰ ਦੇ ਗਜਟ ਅਸਧਾਰਣ, ਭਾਗ , ਅਨੁਭਾਗ 3, ਪੰਨਾ 75 ਤੇ ਪ੍ਰਕਾਸ਼ਤ ਸੁਪਰੀਮ ਕੋਰਟ (ਡਿਕਰੀਜ ਐਂਡ ਐਰਡਰਨ) ਐਨਫੋਰਸਮੈਂਟ ਔਰਡਰ, 1954 ।

Ministry of Law & Justice

(2) ਸੰਸਦ ਦੁਆਰਾ ਇਸ ਨਮਿਤ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਸਰਵ-ਉੱਚ ਅਦਾਲਤ ਨੂੰ, ਭਾਰਤ ਦੇ ਸਾਰੇ ਰਾਜਖੇਤਰ ਬਾਰੇ, ਕਿਸੇ ਵਿਅਕਤੀ ਨੂੰ ਹਾਜਰ ਕਰਾਉਣ ਦੇ, ਕਿਸੇ ਦਸਤਾਵੇਜ ਨੂੰ ਪ੍ਰਗਟ ਜਾਂ ਪੇਸ਼ ਕਰਾਉਣ ਦੇ, ਜਾਂ ਆਪਣੇ ਕਿਸੇ ਅਪਮਾਨ ਦੀ ਛਾਣ-ਬੀਣ ਕਰਾਉਣ ਜਾਂ ਲਈ ਸਜ਼ਾ ਦੇਣ ਦੇ ਪ੍ਰਯੋਜਨ ਲਈ ਕੋਈ ਹੁਕਮ ਦੇਣ ਦੀ ਸਭ ਅਤੇ ਹਰਿਕ ਸ਼ਕਤੀ ਹੋਵੇਗੀ ।

ਰਾਸ਼ਟਰਪਤੀ ਦੀ ਸਰਵ-ਉੱਚ ਅਦਾਲਤ ਨਾਲ ਮਸ਼ਵਰਾ ਕਰਨ ਦੀ ਸ਼ਕਤੀ ।

143. (1) ਜੇ ਕਿਸੇ ਸਮੇਂ ਰਾਸ਼ਟਰਪਤੀ ਨੂੰ ਪ੍ਰਤੀਤ ਹੋਵੇ ਕਿ ਕਾਨੂੰਨ ਜਾਂ ਤੱਥ ਦਾ ਕੋਈ ਅਜਿਹਾ ਸਵਾਲ ਪੈਦਾ ਹੋ ਗਿਆ ਹੈ, ਜਾਂ ਉਸ ਦਾ ਪੈਦਾ ਹੋਣਾ ਸੰਭਾਵੀ ਹੈ, ਜੋ ਅਜਿਹੀ ਪ੍ਰਕਿਰਤੀ ਦਾ ਅਤੇ ਅਜਿਹੀ ਲੋਕ ਮਹੱਤਤਾ ਦਾ ਹੈ ਕਿ ਉਸ ਤੇ ਸਰਵ-ਉੱਚ ਅਦਾਲਤ ਦੀ ਰਾਏ ਪ੍ਰਾਪਤ ਕਰਨਾ ਕਾਲ-ਉਚਿਤ ਹੈ ਤਾਂ ਉਹ ਉਸ ਸਵਾਲ ਨੂੰ ਉਸ ਅਦਾਲਤ ਦੇ ਵਿਚਾਰ ਲਈ ਸੌਂਪ ਸਕੇਗਾ ਅਤੇ ਉਹ ਅਦਾਲਤ ਅਜਿਹੀ ਸੁਣਵਾਈ ਪਿੱਛੋਂ ਜਿਹੀ ਉਹ ਉਚਿਤ ਸਮਝੇ, ਰਾਸ਼ਟਰਪਤੀ ਨੂੰ ਉਸ ਤੇ ਆਪਣੀ ਰਾਏ ਦੀ ਰਿਪੋਟ ਭੇਜੇਗੀ ।

(2) ਰਾਸ਼ਟਰਪਤੀ, ਅਨੁਛੇਦ 131 ਦੇ ਪਰੰਤੁਕ [75] ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, [76][ਉਕਤ ਪਰੰਤੁਕ] ਵਿਚ ਜਿਕਰ ਕੀਤੀ ਪ੍ਰਕਾਰ ਦਾ ਝਗੜਾ ਸਰਵ-ਉੱਚ ਅਦਾਲਤ ਨੂੰ ਰਾਏ ਲਈ ਸੌਂਪ ਸਕੇਗਾ ਅਤੇ ਸਰਵ-ਉੱਚ ਅਦਾਲਤ ਅਜਿਹੀ ਸੁਣਵਾਈ ਪਿੱਛੋਂ ਜਿਹੀ ਉਹ ਉਚਿਤ ਸਮਝੇ, ਰਾਸ਼ਟਰਪਤੀ ਨੂੰ ਉਸ ਤੇ ਆਪਣੀ ਰਾਏ ਦੀ ਰਿਪੋਟ ਭੇਜੇਗੀ ।

ਸਿਵਲ ਅਤੇ ਅਦਾਲਤੀ ਸੱਤਾਧਾਰੀਆਂ ਦਾਂ ਸਰਵ-ਉੱਚ ਅਦਾਲਤ ਦੀ ਸਹਾਇਤਾ ਵਿਚ

144. ਭਾਰਤ ਰਾਜਖੇਤਰ ਵਿਚ ਸਭ ਸੱਤਾਧਾਰੀ ਸਿਵਲ ਅਤੇ ਅਦਾਲਤੀ ਸਰਵ-ਉੱਚ ਅਦਾਲਤ ਦੀ ਸਹਾਇਤਾ ਵਿਚ ਕਾਰਜ ਕਰਨਗੇ ।

---

[75] ਸ਼ਬਦ ਬ੍ਰੈਕਟ ਅਤੇ ਅੰਕ "ਦੇ ਖੰਡ ()" ਸੰਵਿਧਾਨ (ਸੱਤਵੀਂ ਸੋਧ) ਐਕਟ 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[76] ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ "ਉਕਤ ਖੰਡ" ਦੀ ਥਾਵੇਂ ਰੱਖੇ ਗਏ ।

ਕਾਰਜ ਕਰਨਾ ।

[77]144. ੳ [ਕਾਨੂੰਨਾਂ ਦੀ ਸੰਵਿਧਾਨਕ ਜਾਇਜ਼ਤਾ ਨਾਲ ਸੰਬੰਧਤ ਸਵਾਲਾਂ ਦੇ ਨਿਪਟਾਰੇ ਬਾਬਤ ਵਿਸ਼ੇਸ ਉਪਬੰਧ] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 5 ਦੁਆਰਾ (13.04.1978 ਤੋਂ ਪ੍ਰਭਾਵੀ) ਨਿਰਸਤ ।

ਅਦਾਲਤ ਦੇ ਨਿਯਮ ਆਦਿ ।

145.(1) ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਸਰਵ-ਉੱਚ ਅਦਾਲਤ, ਸਮੇਂ ਸਮੇਂ ਤੇ ਰਾਸ਼ਟਰਪਤੀ ਦੀ ਪਰਵਾਨਗੀ ਨਾਲ ਅਦਾਲਤ ਦੀ ਕਾਰਜ-ਪ੍ਰਣਾਲੀ ਅਤੇ ਜ਼ਾਬਤੇ ਦੇ ਸਧਾਰਨ ਤੌਰ ਤੇ ਵਿਨਿਯਮਨ ਲਈ ਨਿਯਮ ਬਣਾ ਸਕੇਗੀ ਜਿਸ ਵਿਚ–

(ੳ) ਉਸ ਅਦਾਲਤ ਵਿਚ ਪ੍ਰੈਕਟਿਸ ਕਰਦੇ ਵਿਅਕਤੀਆਂ ਬਾਬਤ ਨਿਯਮ;

(ਅ) ਅਪੀਲਾਂ ਸੁਣਨ ਲਈ ਜ਼ਾਬਤੇ ਬਾਬਤ ਅਤੇ ਅਪੀਲਾਂ ਸੰਬੰਧੀ ਹੋਰ ਮਾਮਲਿਆਂ ਬਾਬਤ ਜਿਨ੍ਹਾਂ ਵਿਚ ਉਹ ਸਮਾਂ ਸ਼ਾਮਲ ਹੈ ਜਿਸ ਅੰਦਰ ਅਪੀਲਾਂ ਅਦਾਲਤ ਵਿਚ ਦਾਖਲ ਕੀਤੀਆਂ ਜਾਣੀਆਂ ਹਨ, ਨਿਯਮ ;

(ੲ) ਭਾਗ III ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਂ ਵਿਚੋਂ ਕਿਸੇ ਦੇ ਨਾਫ਼ਜ਼ ਕਰਾਉਣ ਲਈ ਉਸ ਅਦਾਲਤ ਵਿਚ ਕਾਰਵਾਈਆਂ ਬਾਬਤ ਨਿਯਮ ;

[78][(ੲੲ) [79][ਅਨੁਛੇਦ 139 ੳ] ਦੇ ਅਧੀਨ ਉਸ ਅਦਾਲਤ ਵਿਚ ਕਾਰਵਾਈਆਂ ਦੇ ਬਾਰੇ ਵਿਚ ਨਿਯਮ ।]

---

[77] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 25 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[78] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 26 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[79] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 6 ਦੁਆਰਾ (13.04.1978 ਤੋਂ ਪ੍ਰਭਾਵੀ) "ਅਨੁਛੇਦ 131ੳ ਅਤੇ ਅਨੁਛੇਦ 139ੳ" ਦੀ ਥਾਵੇਂ ਰਖੇ ।



Ministry of Law & Justice

(ਸ) ਅਨੁਛੇਦ 134 ਤੇ ਖੰਡ (1) ਦੇ ਉਪ-ਖੰਡ (ਇ) ਦੇ ਅਧੀਨ ਅਪੀਲਾਂ ਦੇ ਲਏ ਜਾਣ ਬਾਬਤ ਨਿਯਮ ;

(ਹ) ਉਸ ਅਦਾਲਤ ਦੁਆਰਾ ਸੁਣਾਇਆ ਗਿਆ ਕੋਈ ਨਿਰਣਾ ਜਾਂ ਦਿੱਤਾ ਗਿਆ ਹੁਕਮ ਜਿਨ੍ਹਾਂ ਸ਼ਰਤਾਂ ਦੇ ਤਾਬੇ ਨਜਰਸਾਨੀ ਕੀਤਾ ਜਾ ਸਕੇਗਾ ਉਨ੍ਹਾਂ ਬਾਬਤ ਅਤੇ ਅਜਿਹੀ ਨਜਰਸਾਨੀ ਲਈ ਜ਼ਾਬਤੇ ਬਾਬਤ ਜਿਸ ਵਿਚ ਉਹ ਸਮਾਂ ਸ਼ਾਮਲ ਹੈ ਜਿਸ ਦੇ ਅੰਦਰ ਅਜਿਹੀ ਨਜਰਸਾਨੀ ਲਈ ਦਰਖਾਸਤਾਂ ਅਦਾਲਤ ਵਿਚ ਦਾਖਲ ਕੀਤੀਆਂ ਜਾਣੀਆਂ ਹਨ ਨਿਯਮ ;

(ਕ) ਉਸ ਅਦਾਲਤ ਵਿਚਲੀਆਂ ਕਿਸੇ ਕਾਰਵਾਈਆਂ ਦੇ ਅਤੇ ਉਨ੍ਹਾਂ ਦੇ ਅਨੁਸੰਗਕ ਖਰਚਿਆਂ ਬਾਬਤ ਅਤੇ ਉਸ ਵਿਚ ਕਾਰਵਾਈਆਂ ਬਾਰੇ ਚਾਰਜ ਕੀਤੀਆਂ ਜਾਣ ਵਾਲੀਆਂ ਫ਼ੀਸਾਂ ਬਾਬਤ ਨਿਯਮ ;

(ਖ) ਜਮਾਨਤ ਲੈਣ ਬਾਬਤ ਨਿਯਮ ;

(ਗ) ਕਾਰਵਾਈਆਂ ਰੋਕਣ ਬਾਬਤ ਨਿਯਮ ;

(ਘ) ਅਜਿਹੀ ਅਪੀਲ ਜੋ ਉਸ ਅਦਾਲਤ ਨੂੰ ਤੁੱਛ ਜਾਂ ਤੰਗ ਕਰਨ ਵਾਲੀ ਜਾਂ ਦੇਰੀ ਕਰਨ ਦੇ ਪ੍ਰਯੋਜਨ ਨਾਲ ਕੀਤੀ ਗਈ ਪ੍ਰਤੀਤ ਹੋਵੇ ਉਸ ਦੇ ਸਰਸਰੀ ਮੁਕਾਓ ਲਈ ਉਪਬੰਧ ਕਰ ਵਾਲੇ ਨਿਯਮ ;

(ਙ) ਅਨੁਛੇਦ 317 ਕੇ ਖੰਡ (1) ਵਿਚ ਹਵਾਲਾ ਦਿੱਤੀਆਂ ਜਾਂਚਾਂ ਲਈ ਜ਼ਾਬਤੇ ਬਾਬਤ ਨਿਯਮ ;

ਸ਼ਾਮਲ ਹਨ ।

Ministry of Law & Justice

145(2) [80][xxx ਖੰਡ [81](3) ਦੇ ਉਪਬਧਾਂ] ਦੇ ਤਾਬੇ ਇਸ ਅਨੁਛੇਦ ਦੇ ਅਧੀਨ ਬਣਾਏ ਗਏ ਨਿਯਮ, ਕਿਸੇ ਪ੍ਰਯੋਜਨ ਲਈ ਬੈਠਣ ਵਾਲੇ ਜੱਜਾਂ ਦੀ ਘੱਟ ਤੋਂ ਘੱਟ ਗਿਣਤੀ ਨਿਯਤ ਕਰ ਸਕਣਗੇ ਅਤੇ ਇਕੱਲੇ ਜੱਜਾਂ ਅਤੇ ਖੰਡ ਅਦਾਲਤਾਂ ਦੀਆਂ ਸ਼ਕਤੀਆਂ ਲਈ ਉਪਬੰਧ ਕਰ ਸਕਣਗੇ ।

(3) ਇਸ ਸੰਵਿਧਾਨ ਦੇ ਅਰਥ ਨਿਰਣੇ ਬਾਬਤ ਕੋਈ ਸਾਰਵਾਨ ਕਾਨੂੰਨੀ ਸਵਾਲ ਜਿਸ ਮੁਕੱਦਮੇ ਵਿਚ ਪਲਚਿਆ ਹੈ, ਉਸ ਦਾ ਫੈਸਲਾ ਕਰਨ ਦੇ ਪ੍ਰਯੋਜਨ ਲਈ ਜਾਂ ਅਨੁਛੇਦ 143 ਦੇ ਅਧੀਨ ਹੋਇਆ ਹਵਾਲਾ ਸੁਣਨ ਦੇ ਪ੍ਰਯੋਜਨ ਲਈ ਬੈਠਣ ਵਾਲੇ ਜੱਜਾਂ ਦੀ [82][[83]xxxਗਿਣਤੀ ਘੱਟ ਤੋਂ ਘੱਟ ]ਪੰਜ ਹੋਵੇਗੀ ।

ਪਰੰਤੂ, ਜਿਥੇ ਇਸ ਅਧਿਆਏ ਦੇ ਅਨੁਛੇਦ 132 ਤੋਂ ਬਿਨਾਂ ਹੋਰ ਉਪੇਬੰਧਾਂ ਵਿਚੋਂ ਕਿਸੇ ਦੇ ਅਧੀਨ ਕੋਈ ਅਪੀਲ ਸੁਣਨ ਵਾਲੀ ਅਦਾਲਤ ਪੰਜ ਜੱਜਾਂ ਤੋਂ ਘੱਟ ਦੀ ਮਿਲ ਕੇ ਬਣੀ ਹੋਵੇ ਅਤੇ ਅਪੀਲ ਸੁਣਨ ਤੇ ਦੋਰ ਵਿਚ ਉਸ ਅਦਾਲਤ ਦੀ ਤਸੱਲੀ ਹੋ ਜਾਵੇ ਕਿ ਅਪੀਲ ਵਿਚ ਸੰਵਿਧਾਨ ਦੇ ਨਿਰਵਚਨ ਬਾਬਤ ਕੋਈ ਸਾਰਵਾਲ ਕਾਨੂੰਨੀ ਸਵਾਲ ਪਲਚਿਆ ਹੈ ਜਿਸ ਦਾ ਮੁਕਾਊ ਅਪੀਲ ਦੇ ਨਿਬੇੜੇ ਲਈ ਜਰੂਰੀ ਹੈ, ਉਥੇ ਉਹ ਅਦਾਲਤ ਅਜਿਹੇ ਸਵਾਲ ਨੂੰ ਉਸ ਅਦਾਲਤ ਨੂੰ, ਜੋ ਅਜਿਹੇ ਕਿਸੇ ਸਵਾਲ ਨੂੰ ਪਲਚਿਆ ਰੱਖਣ ਵਾਲੇ ਕਿਸੀ ਮੁਕੱਦਮੇਂ ਦਾ ਫੈਸਲਾ ਕਰਨ ਦੇ ਪ੍ਰਯੋਜਨ ਲਈ ਇਸ ਖੰਡ ਦੁਆਰਾ ਲਏ ਗਏ ਰੂਪ ਵਿਚ ਗਠਤ ਕੀਤੀ ਗਈ ਹੋਵੇ, ਰਾਏ ਲਈ ਸੋਂਪੇਗੀ ਅਤੇ ਰਾਏ ਦੀ ਪ੍ਰਪਤੀ ਤੇ ਉਸ ਅਪੀਲ ਨੂੰ ਅਜਿਹੀ ਰਾਏ ਦੀ ਅਨੁਰੂਪਤਾ ਵਿਚ ਨਿਬੇੜੇਗੀ ।

(4) ਸਰਵ-ਉੱਚ ਅਦਾਲਤ ਕੋਈ ਨਿਰਣਾ ਖੁਲ੍ਹੀ ਅਦਾਲਤ ਵਿਚ ਦੇ

[80] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 26 ਦੁਆਰਾ (01.02.1977 ਤੋਂ ਪ੍ਰਭਾਵੀ) "ਖੰਡ (3) ਦੇ ਉਪਬੰਧਾਂ" ਦੀ ਥਾਵੇਂ ਰੱਖੇ ਗਏ ।

[81] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 6 ਦੁਆਰਾ (13.04.1978 ਤੋਂ ਪ੍ਰਭਾਵੀ) ਕੁਝ ਸ਼ਬਦਾਂ, ਅੰਕਾਂ ਅਤੇ ਅੱਖਰਾਂ ਦਾ ਲੋਪ ਕੀਤਾ ਗਿਆ ।

[82] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 26 ਦੁਆਰਾ (01.02.1977 ਤੋਂ ਪ੍ਰਭਾਵੀ) "ਘੱਟ ਤੋਂ ਘੱਟ ਗਿਣਤੀ" ਦੀ ਥਾਵੇਂ ਰੱਖੇ ।

[83] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 6 ਦੁਆਰਾ (13.04.1978 ਤੋਂ ਪ੍ਰਭਾਵੀ) ਕੁਝ ਸ਼ਬਦਾਂ, ਅੰਕਾਂ ਅਤੇ ਅੱਖਰਾਂ ਦਾ ਲੋਪ ਕੀਤਾ ਗਿਆ ।

Ministry of Law & Justice

ਸਿਵਾਏ ਨਹੀਂ ਦੇਵੇਗੀ ਅਤੇ ਅਨੁਛੇਦ 143 ਦੇ ਅਧੀਨ ਕੋਈ ਰਿਪੋਟ ਨਹੀਂ ਕਰੇਗੀ ਸਿਵਾਏ ਇਸ ਦੇ ਕਿ ਉਹ ਅਜਿਹੀ ਕਿਸੇ ਰਾਏ ਦੀ ਅਨੁਸਾਰਤਾ ਵਿਚ ਹੋਵੇ ਜੋ ਖੁਲ੍ਹੀ ਅਦਾਲਤ ਵਿਚ ਹੀ ਦਿੱਤੀ ਗਈ ਹੋਵੇਗੀ ।

(5) ਕੋਈ ਨਿਰਣਾ ਅਤੇ ਅਜਿਹੀ ਕੋਈ ਰਾਏ ਸਰਵ-ਉੱਚ ਅਦਾਲਤ ਦੁਆਰਾ ਮੁਕੱਦਮੇ ਦੀ ਸੁਣਵਾਈ ਵਿਚ ਹਾਜਰ ਜੱਜਾਂ ਵਿਚੋਂ ਬਹੁ ਗਿਣਤੀ ਦੀ ਸਹਿਮਤੀ ਦੇ ਸਿਵਾਏ ਨਹੀਂ ਦਿੱਤੀ ਜਾਵੇਗੀ, ਪਰ ਇਸ ਖੰਡ ਦੀ ਕੋਈ ਗੱਲ ਸਹਿਮਤ ਨ ਹੋਣ ਵਾਲੇ ਕਿਸੇ ਜੱਜ ਨੂੰ ਆਪਣਾ ਬੇਸਹਿਮਤ ਨਿਰਣਾ ਜਾ ਰਾਏ ਦੇਣ ਤੋਂ ਰੋਕਦੀ ਨਹੀਂ ਸਮਝੀ ਜਾਵੇਗੀ ।

ਸਰਵ-ਉੱਚ ਅਦਾਲਤ ਦੇ ਅਫਸਰ ਅਤੇ ਸੇਵਕ ਅਤੇ ਖ਼ਰਚ ।

146. (1) ਸਰਵ-ਉੱਚ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਦੀਆਂ ਨਿਯੁਕਤੀਆਂ ਭਾਰਤ ਦਾ ਚੀਫ ਜਸਟਿਸ ਜਾਂ ਉਸ ਅਦਾਲਤ ਦਾ ਅਜਿਹਾ ਹੋਰ ਜੱਜ ਜਾਂ ਅਫ਼ਸਰ ਜਿਸ ਨੂੰ ਉਹ ਨਿਦੇਸ਼ ਕਰੇ, ਕਰੇਗਾ :

ਪਰੰਤੂ ਰਾਸ਼ਟਰਪਤੀ ਨਿਯਮ ਦੁਆਰਾ ਲੋੜ ਸਕੇਗਾ ਕਿ ਅਜਿਹੀਆਂ ਸੂਰਤਾਂ ਵਿਚ ਜਿਹੀਆਂ ਨਿਯਮ ਵਿਚ ਉਲਿਖਤ ਹੋਣ, ਕਿਸੇ ਅਜਿਹੇ ਵਿਅਕਤੀ ਨੂੰ ਜੋ ਪਹਿਲਾਂ ਹੀ ਅਦਾਲਤ ਵਿਚ ਲੱਗਿਆ ਹੋਇਆ ਨ ਹੋਵੇ, ਅਦਾਲਤ ਨਾਲ ਮੁਤੱਲਤ ਕਿਸੇ ਅਹੁਦੇ ਤੇ ਸੰਘ ਲੋਕ ਸੇਵਾ ਕਮਿਸ਼ਨ ਨਾਲ ਮਸ਼ਵਰਾ ਕਰਨ ਪਿੱਛੋਂ ਦੇ ਸਿਵਾਏ ਨਿਯੁਕਤ ਨਹੀਂ ਕੀਤਾ ਜਾਵੇਗਾ ।

(2) ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ , ਸਰਵ-ਉੱਚ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਦੀਸੇਵਾ ਦੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਹੀਆਂ ਭਾਰਤ ਦੇ ਚੀਫ ਜਸਟਿਸ ਜਾਂ ਉਸ ਅਦਾਲਤ ਦੇ ਅਜਿਹੇ ਹੋਰ ਜੱਜ ਜਾਂ ਅਫਸਰ ਜਿਸ ਨੂੰ ਭਾਰਤ ਦੇ ਚੀਫ ਜਸਟਿਸ ਨੇ ਉਸ ਪ੍ਰਯੋਜਨ ਲਈ ਨਿਯਮ ਬਣਾਉਣ ਲਈ ਅਖਤਿਆਰਤ ਕੀਤਾ ਹੋਵੇ ਦੇ ਬਣਾਏ ਨਿਯਮਾਂ ਦੁਆਰਾ ਮੁਕੱਰਰ ਕੀਤੀਆਂ ਜਾਣ :

ਪਰੰਤੂ ਇਸ ਖੰਡ ਦੇ ਅਧੀਨ ਬਣਾਏ ਗਏ ਨਿਯਮਾਂ ਲਈ, ਜਿੱਥੋਂ ਤੱਕ ਉਹ ਤਨਖਾਹਾਂ, ਭੱਤਿਆਂ, ਛੁੱਟੀ ਜਾਂ ਪੈਨਸ਼ਨਾਂ ਨਾਲ ਸੰਬੰਧਤ ਹੋਣ,

Ministry of Law & Justice

ਰਾਸ਼ਟਰਪਤੀ ਦੀ ਪਰਵਾਨਗੀ ਦੀ ਲੋੜ ਹੋਵੇਗੀ ।

(3) ਸਰਵ-ਉੱਚ ਅਦਾਲਤ ਦੇ ਪ੍ਰਸ਼ਾਸਨੀ ਖ਼ਰਚ, ਜਿਨ੍ਹਾਂ ਵਿਚ ਉਸ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਨੂੰ ਜਾਂ ਦੇ ਬਾਰ, ਅਦਾਇਗੀਯੋਗ ਸਭ ਤਨਖਾਹਾਂ , ਭੱਤੇ ਅਤੇ ਪੈਨਸ਼ਨਾਂ ਸ਼ਾਮਲ ਹਨ, ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਣਗੇ, ਅਤੇ ਉਸ ਅਦਾਲਤ ਦੁਆਰਾ ਲਈਆਂ ਗਈਆਂ ਕੋਈ ਫ਼ੀਸਾਂ ਜਾਂ ਹੋਰ ਧਨ ਉਸ ਫ਼ੰਡ ਦਾ ਭਾਗ ਹੋਣਗੇ।

ਨਿਰਵਚਨ ।

147. ਇਸ ਅਧਿਆਏ ਵਿਚ ਅਤੇ ਭਾਗ VI ਦੇ ਅਧਿਆਏ V ਵਿਚ ਇਸ ਸੰਵਿਧਾਨ ਦੇ ਨਿਰਵਚਨ ਬਾਬਤ ਕਿਸੇ ਸਾਰਵਾਨ ਕਾਨੂੰਨੀ ਸਵਾਲ ਪ੍ਰਤਿ ਜੋ ਹਵਾਲੇ ਹਨ ਉਨ੍ਹਾਂ ਦਾ ਇਹ ਅਰਥ ਕੀਤਾ ਜਾਵੇਗੀ ਕਿ ਉਨ੍ਹਾਂ ਵਿਚ ਗਵਰਨਮੈਂਟ ਔਫ ਇੰਡੀਆ ਐਕਟ, 1935 ਦੇ (ਜਿਸ ਵਿਚ ਉਸ ਐਕਟ ਨੂੰ ਸੋਧਣ ਜਾਂ ਅਨੁਪੂਰਤ ਕਰਨ ਵਾਲੀ ਕੋਈ ਇਨੈਕਟਮੈਂਟ ਸ਼ਾਮਲ ਹੈ) ਜਾਂ ਉਸ ਦੇ ਅਧੀਨ ਬਣਾਏ ਗਏ ਕਿਸੇ ਔਰਡਰ ਇਸ ਕੌਂਸਿਲ, ਜਾਂ ਹੁਕਮ ਦੇ, ਜਾਂ ਇੰਡੀਅਨ ਇੰਡੀਪੈਂਡੈਂਸ ਐਕਟ, 1947 ਦੇ ਜਾਂ ਉਸ ਦੇ ਅਧੀਨ ਬਣਾਏ ਗਏ ਕਿਸੇ ਹੁਕਮ ਦੇ ਨਿਰਵਚਨ ਬਾਬਤ ਕਿਸੇ ਸਾਰਵਾਨ ਕਾਨੂੰਨੀ ਸਵਾਲ ਪ੍ਰਤਿ ਹਵਾਲੇ ਸ਼ਾਮਲ ਹਨ ।

ਅਧਿਆਏ V- ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ

ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ

148(1) ਭਾਰਤ ਦਾ ਇਕ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਹੋਵੇਗਾ ਜਿਸ ਨੂੰ ਰਾਸ਼ਟਰਪਤੀ ਆਪਣੇ ਦਸਖਤ ਅਤੇ ਮੁਹਰ ਨਾਲ ਵਾਂਰਟ ਦੁਆਰਾ ਨਿਯੁਕਤ ਕਰੇਗਾ ਅਤੇ ਉਹ ਆਪਣੇ ਅਹੁਦੇ ਦੋਂ ਕੇਵਲ ਉਸ ਢੰਗ ਨਾਲ ਅਤੇ ਉਨ੍ਹਾਂ ਅਧਾਰਾਂ ਤੇ ਹਟਾਇਆ ਜਾਵੇਗਾ ਜਿਸ ਢੰਗ ਨਾਲ ਅਤੇ ਜਿਨ੍ਹਾਂ ਆਧਾਰਾਂ ਤੇ ਸਰਵ-ਉੱਚ ਅਦਾਲਤ ਦਾ ਕੋਈ ਜੱਜ ਹਟਾਇਆ ਜਾ ਸਕਦਾ ਹੈ ।

(2) ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਹੋਣ ਲਈ ਨਿਯੁਕਤ ਹਰਿੱਕ ਵਿਅਕਤੀ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ,

Ministry of Law & Justice

ਰਾਸ਼ਟਰਪਤੀ ਦੇ, ਜਾਂ ਉਸ ਦੁਆਰਾ ਉਸ ਨਮਿਤ ਨਿਯੁਕਤ ਕਿਸੇ ਵਿਅਕਤੀ ਦੇ ਅੱਗੇ, ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਅਨੁਸਾਰ ਸਹੁੰ ਚੁੱਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ ।

(3) ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀ ਤਨਖਾਹ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਹੀਆਂ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ, ਜਦ ਤੱਕ ਉਹ ਇਸ ਤਰ੍ਹਾਂ ਤੈਅ ਨ ਕੀਤੀਆਂ ਜਾਣ, ਦੂਜੀ ਅਨੁਸੂਚੀ ਵਿਚ ਉਲਿਖਤ ਜਿਹੀਆਂ ਹੋਣਗੀਆਂ :

ਪਰੰਤੂ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀ ਨ ਤਾਂ ਤਨਖਾਹ ਵਿਚ ਅਤੇ ਨ ਉਸ ਦੀ ਗੈਰ-ਹਾਜਰੀ ਦੀ ਛੁੱਟੀ, ਪੈਨਸ਼ਨ ਜਾਂ ਰੀਟਾਇਰ ਹੋਣ ਦੀ ਉਮਰ ਬਾਰੇ ਅਧਿਕਾਰਾਂ ਵਿਚ ਉਸ ਦੀ ਨਿਯੁਕਤੀ ਪਿੱਛੋਂ ਉਸ ਨੂੰ ਅਲਾਭਕਾਰੀ ਕੋਈ ਅਦਲ-ਬਦਲ ਕੀਤੀ ਜਾਵੇਗੀ ।

(4) ਆਪਣੇ ਅਹੁਦੇ ਤੇ ਨ ਰਹਿਣ ਪਿੱਛੋਂ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਹੋਰ ਅਹੁਦੇ ਦਾ ਪਾਤਰ ਨਹੀਂ ਹੋਵੇਗਾ ।

(5) ਇਸ ਸੰਵਿਧਾਨ ਦੇ ਅਤੇ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਤੇ ਤਾਬੇ, ਭਾਰਤੀ ਕੰਪਟਰੋਲਰ ਅਤੇ ਲੇਖਾ-ਪਰਿਖਿਆ ਅਤੇ ਲੇਖਾ ਵਿਭਾਗ ਵਿਚ ਸੇਵਾ ਕਰਨ ਵਾਲੇ ਵਿਅਕਤੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਕੰਪਟਰੋਲਰ ਅਤੇ ਮਹਾਂ ਲੇਖਾ-ਪਰੀਖਿਅਕ ਦੀਆਂ ਪ੍ਰਸ਼ਾਸਨੀ ਸ਼ਕਤੀਆਂ ਅਜਿਹਾਂ ਹੋਣਗੀਆਂ ਜਿਹੀਆਂ ਰਾਸ਼ਟਰਪਤੀ ਦੁਆਰਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਨਾਲ ਮਸ਼ਵਰਾਂ ਕਰਨ ਪਿੱਛੋਂ ਬਣਾਏ ਗਏ ਨਿਯਮਾਂ ਦੁਆਰ ਮੁਕੱਰਰ ਕੀਤੀਆਂ ਜਾਣ ।

(6) ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੇ ਦਫਤਰ ਦੇ ਪ੍ਰਸ਼ਾਸਨੀ, ਖ਼ਰਚ, ਜਿਨ੍ਹਾਂ ਵਿਚ ਉਸ ਦਫਤਰ ਵਿਚ ਸੇਵਾ ਕਰ ਵਾਲੇ

Ministry of Law & Justice

ਵਿਅਕਤੀਆਂ ਨੂੰ ਜਾਂ ਦੇ ਬਾਰੇ ਅਦਾਇਗੀਯੋਗ ਸਭ ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ ਸ਼ਾਮਲ ਹਨ, ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਣਗੇ ।

ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੇ ਕਰਤੱਵ ਅਤੇ ਸ਼ਕਤੀਆਂ ।

149. ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਸੰਘ ਦੇ ਅਤੇ ਰਾਜਾਂ ਦੇ ਅਤੇ ਕਿਸੇ ਹੋਰ ਸੱਤਾਧਾਰੀ ਜਾਂ ਬੌਡੀ ਦੇ ਲੇਖਿਆਂ ਦੇ ਸੰਬੰਧ ਵਿਚ ਅਜਿਹੇ ਕਰਤੱਵਾਂ ਦਾ ਪਾਲਣ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਜਿਹੀਆਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕੱਰਰ ਕੀਤੀਆਂ ਜਾਣ ਅਤੇ ਜਦ ਤੱਕ ਉਸ ਨਮਿਤ ਇਸ ਤਰ੍ਹਾਂ ਉਪਬੰਧ ਨਹੀਂ ਕੀਤਾ ਜਾਂਦਾ ਸੰਘ ਦੇ ਅਤੇ ਰਾਜਾਂ ਦੇ ਲੇਖਿਆਂ ਦੇ ਸੰਬੰਧ ਵਿਚ ਅਜਿਹੇ ਕਰਤੱਵਾਂ ਦਾ ਪਾਲਣ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਜਿਹੀਆਂ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਕ੍ਰਮਵਾਰ ਭਾਰਤ ਡੋਮੀਨੀਅਨ ਦੇ ਅਤੇ ਪ੍ਰਾਂਤਾਂ ਦੇ ਲੇਖਿਆਂ ਦੇ ਸੰਬੰਧ ਵਿਚ ਭਾਰਤ ਦੇ ਮਹਾਂ ਲੇਖਾ-ਪਰਿਖਿਅਕ ਨੂੰ ਪ੍ਰਦਾਨ ਕੀਤੀਆਂ ਹੋਈਆਂ ਜਾਂ ਦੇ ਦੁਆਰਾ ਵਰਤੋਂ ਯੋਗ ਹਨ ।

ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀ ਲੇਖਿਆਂ ਬਾਬਤ ਨਿਦੇਸ਼ ਦੇਣ ਦੀ ਸ਼ਕਤੀ ।

[84][150.ਸੰਘ ਦੇ ਅਤੇ ਰਾਜਾਂ ਦੇ ਲੇਖੇ ਅਜਿਹੇ ਰੂਪ ਵਿਚ ਰਖੇ ਜਾਣਗੇ ਜੋ ਰਾਸ਼ਟਰਪਤੀ, ਭਾਰਤ ਦਾ ਮਹਾਂ ਲੇਖਾ-ਪਰਿਖਿਅਕ, [85][ਦੀ ਸਲਾਹ] ਤੇ ਮੁਕੱਰਰ ਕਰੇ ।]

ਲੇਖਾ-ਪਰਿਖਿਆ ਰਿਪੋਟਾਂ

151(1) ਭਾਰਤ ਦੇ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀਆਂ ਸੰਘ ਦੇ ਲੇਖਿਆਂ ਸੰਬੰਧੀ ਰਿਪੋਟਾਂ ਰਾਸ਼ਟਰਪਤੀ ਨੂੰ ਪੇਸ ਕੀਤੀਆਂ ਜਾਣਗੀਆਂ, ਜੋ ਉਨ੍ਹਾਂ ਨੂੰ ਸੰਸਦ ਦੇ ਹਰੇਕ ਸਦਨ ਅੱਗੇ ਰਖਵਾਏਗਾ ।

(2) ਭਾਰਤ ਦੇ ਕੰਪਟਰੋਲਰ ਅਤੇ ਮਹਾਂ ਲੇਖਾ-ਪਰਿਖਿਅਕ ਦੀਆਂ ਕਿਸੇ

---

[84] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 27 ਦੁਆਰਾ (01.02.1977 ਤੋਂ ਪ੍ਰਭਾਵੀ) ਅਨੁਛੇਦ 150 ਦੀ ਥਾਵੇਂ ਰੱਖੇ ।

[85] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 22 ਦੁਆਰਾ (20.06.1979 ਤੋਂ ਪ੍ਰਭਾਵੀ) "ਸਲਾਹ ਤੋਂ ਪਿੱਛੋਂ" ਦੀ ਥਾਵੇਂ ਰੱਖੇ ।

Ministry of Law & Justice

ਰਾਜ ਦੇ ਲੇਖਿਆ ਸੰਬੰਧੀ ਰਿਪੋਟਾਂ ਉਸ ਰਾਜ ਦੇ ਰਾਜਪਾਲ [86]***ਨੂੰ ਪੇਸ਼ ਕੀਤੀਆਂ ਜਾਣਗੀਆਂ ਜੋ ਉਨ੍ਹਾਂ ਨੂੰ ਉਸ ਰਾਜ ਦੇ ਵਿਧਾਨ-ਮੰਡਲ ਅੱਗੇ ਰਖਵਾਏਗਾ ।

Ministry of Law & Justice

[86] ਸ਼ਬਦ ਜਾਂ "ਰਾਜਪ੍ਰਮੁੱਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤਾ ਗਿਆ ।

# ਭਾਗ VI

## [1]* * *ਰਾਜ

### ਅਧਿਆਏ I---ਸਧਾਰਨ

ਪਰਿਭਾਸ਼ਾ।

152. ਇਸ ਭਾਗ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀਂਦਾ ਨ ਹੋਵੇ, ਪਦ ਰਾਜ [2][ਵਿਚ ਜੰਮੂ ਅਤੇ ਕਸ਼ਮੀਰ ਰਾਜ ਸ਼ਾਮਲ ਨਹੀਂ ਹੈ] ।

### ਅਧਿਆਏ II - ਕਾਰਜਪਾਲਕਾ

#### ਰਾਜਪਾਲ

ਰਾਜਾਂ ਦੇ ਰਾਜਪਾਲ।

153. ਹਰੇਕ ਰਾਜ ਲਈ ਇਕ ਰਾਜਪਾਲ ਹੋਵੇਗਾ:

[3][ਪਰੰਤੂ ਇਸ ਅਨੁਛੇਦ ਦੀ ਕੋਈ ਗੱਲ ਇਕ ਵਿਅਕਤੀ ਦਾ ਜਾਂ ਵਧੇਰੇ ਰਾਜਾਂ ਲਈ ਰਾਜਪਾਲ ਨਿਯੁਕਤ ਕੀਤਾ ਜਾਣਾ ਨਹੀਂ ਰੋਕੇਗੀ।]

ਰਾਜ ਦੀ ਕਾਰਜਪਾਲਕ ਸ਼ਕਤੀ।

154. (1) ਰਾਜ ਦੀ ਕਾਰਜਪਾਲਕ ਸ਼ਕਤੀ ਰਾਜਪਾਲ ਵਿਚ ਨਿਹਿਤ ਹੋਵੇਗੀ ਅਤੇ ਉਹ ਇਸ ਦੀ ਵਰਤੋਂ ਇਸ ਸੰਵਿਧਾਨ ਦੀ ਅਨੁਸਾਰਤਾ ਵਿਚ ਜਾਂ ਤਾਂ ਆਪ ਜਾਂ ਆਪਣੇ ਅਧੀਨ ਅਫਸਰਾਂ ਰਾਹੀਂ ਕਰੇਗਾ।

(2) ਇਸ ਅਨੁਛੇਦ ਦੀ ਕੋਈ ਗੱਲ---

(ੳ) ਕਿਸੇ ਮੌਵਜੁਦਾ ਕਾਨੂੰਨ ਦੁਆਰਾ ਕਿਸੇ ਹੋਰ ਸੱਤਾਧਾਰੀ ਨੂੰ ਪ੍ਰਦਾਨ ਕੀਤੇ ਕੋਈ ਕਾਜ-ਕਾਰ ਰਾਜਪਾਲ ਨੂੰ ਇੰਤਕਾਲ ਕਰਦੀ ਨਹੀਂ ਸਮਝੀ ਜਾਵੇਗੀ;

---

[1] ਸ਼ਬਦ "ਪਹਿਲੀ ਅਨੁਸੂਚੀ ਦੇ ਭਾਗ ਦੇ ਵਿਚਲੇ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[2] ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ "ਦਾ ਮਤਲਬ ਹੈ ਪਹਿਲੀ ਅਨੁਸੂਚੀ ਦੇ ਭਾਗ ੳ ਵਿਚ ਉਲਿਖਤ ਕੋਈ ਰਾਜ" ਦੀ ਥਾਵੇਂ ਰੱਖੇ ਗਏ।

[3] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 6 ਦੁਆਰਾ ਜੋੜਿਆ ਗਿਆ।

(ਅ) ਸੰਸਦ ਜਾਂ ਰਾਜ ਦੇ ਵਿਧਾਨ-ਮੰਡਲ ਨੂੰ ਰਾਜਪਾਲ ਦੇ ਅਧੀਨ ਕਿਸੇ ਸੱਤਾਧਾਰੀ ਨੂੰ ਕਾਨੂੰਨ ਦੁਆਰਾ ਕਾਜ-ਕਾਰ ਪ੍ਰਦਾਨ ਕਰਨ ਤੋਂ ਨਹੀਂ ਰੋਕੇਗੀ ।

ਰਾਜਪਾਲ ਦੀ ਨਿਯੁਕਤੀ ।

155. ਕਿਸੇ ਰਾਜ ਦੇ ਰਾਜਪਾਲ ਨੂੰ ਰਾਸ਼ਟਰਪਤੀ ਆਪਣੇ ਦਸਖਤ ਅਤੇ ਮੋਹਰ ਨਾਲ ਵਾਰੰਟ ਦੁਆਰਾ ਨਿਯੁਕਤ ਕਰੇਗਾ ।

ਰਾਜਪਾਲ ਦੇ ਅਹੁਦੇ ਦੀ ਅਉਧ ।

156 (1) ਰਾਜਪਾਲ ਰਾਸ਼ਟਰਪਤੀ ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰੇਗਾ ।

(2) ਰਾਜਪਾਲ, ਰਾਸ਼ਟਰਪਤੀ ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ।

(3) ਇਸ ਅਨੁਛੇਦ ਦੇ ਪੂਰਵਗਾਮੀ ਉਪਬੰਧਾਂ ਦੇ ਤਾਬੇ, ਰਾਜਪਾਲ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਪੰਜ ਸਾਲ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ ।

ਪਰੰਤੂ ਕੋਈ ਰਾਜਪਾਲ, ਆਪਣੇ ਅਹੁਦੇ ਦੀ ਅਉਧ ਗੁਜਰ ਜਾਣ ਤੋਂ ਵੀ, ਆਪਣੇ ਉੱਤਰ-ਅਧਿਕਾਰਾਂ ਦੇ ਅਹੁਦਾ ਸੰਭਾਲਣ ਤੱਕ ਅਹੁਦਾ ਧਾਰਨ ਕਰੀ ਰੱਖੇਗਾ ।

ਹਾਜਪਾਲ ਵਜੋਂ ਨਿਯੁਕਤ ਹੋਣ ਲਈ ਕਾਬਲੀਅਤਾਂ।

157 ਕੋਈ ਵਿਅਕਤੀ ਰਾਜਪਾਲ ਨਿਯੁਕਤ ਹੋਣ ਲਈ ਪਾਤਰ ਨਹੀਂ ਹੋਵੇਗਾ ਜੇਕਰ ਉਹ ਭਾਰਤ ਦਾ ਨਾਗਰਿਕ ਨ ਹੋਵੇ ਅਤੇ ਪੈਂਤੀ ਸਾਲ ਦੀ ਉਮਰ ਪੂਰੀ ਨ ਕਰ ਚੁੱਕਾ ਹੋਵੇ ।

ਰਾਜਪਾਲ ਦੇ ਅਹੁਦੇ ਦੀਆਂ ਸ਼ਰਤਾਂ ।

158. (1) ਰਾਜਪਾਲ ਸੰਸਦ ਦੇ ਕਿਸੇ ਸਦਨ ਦਾ ਜਾਂ ਪਹਿਲੀ ਅਨੁਸੂਚੀ ਵਿਚ ਉਲਿਖਤ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਹੋਵੇਗਾ, ਅਤੇ ਜੇ ਸੰਸਦ ਨੂੰ ਕਿਸੇ ਸਦਨ ਦਾ ਜਾਂ ਅਜਿਹੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਕੋਈ ਮੈਂਬਰ

Ministry of Law & Justice

ਰਾਜਪਾਲ ਨਿਯੁਕਤ ਹੋ ਜਾਵੇ, ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਉਸ ਸਦਨ ਦੀ ਆਪਣੀ ਥਾਂ ਰਾਜਪਾਲ ਵਜੋਂ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਖ਼ਾਲੀ ਕਰ ਦਿੱਤੀ ਹੈ।

(2) ਰਾਜਪਾਲ ਕੋਈ ਹੋਰ ਲਾਭ ਦਾ ਅਹੁਦਾ ਧਾਰਨ ਨਹੀਂ ਕਰੇਗਾ।

(3) ਰਾਜਪਾਲ ਬਿਨਾਂ ਕਿਰਾਇਆ ਅਦਾ ਕੀਤਿਆਂ ਆਪਣੇ ਸਰਕਾਰੀ ਨਿਵਾਸਾਂ ਦੀ ਵਰਤੋਂ ਦਾ ਹੱਕਦਾਰ ਹੋਵੇਗਾ ਅਤੇ ਉਹ ਉਨ੍ਹਾਂ ਉਪਲਭਤਾ, ਭੱਤਿਆਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਵੀ ਜੋ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ ਜਦ ਤੱਕ ਉਸ  ਨਮਿੱਤ ਇਸ ਤਰ੍ਹਾਂ ਉਪਬੰਧ ਨ ਕੀਤਾ ਜਾਵੇ, ਅਜਿਹੀਆਂ ਉਪਲਭਤਾਂ, ਭੱਤਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ, ਜੋ ਦੂਜੀ ਅਨੁਸੂਚੀ ਵਿਚ ਉਲਿਖਤ ਹਨ ਹੱਕਦਾਰ ਹੋਵੇਗਾ।

[4][(3 ੳ) ਜਿੱਥੇ ਇਕ ਵਿਅਕਤੀ ਦੋ ਜਾਂ ਵਧੇਰੇ ਰਾਜਾਂ ਲਈ ਰਾਜਪਾਲ ਨਿਯੁਕਤ ਹੋ ਜਾਵੇ, ਉਥੋਂ ਉਸ ਰਾਜਪਾਲ ਨੂੰ ਅਦਾਇਗੀਯੋਗ ਉਪਲਭਤਾਂ ਅਤੇ ਭੱਤੇ ਉਨ੍ਹਾਂ ਰਾਜਾਂ ਵਿਚਕਾਰ ਅਜਿਹੇ ਅਨੁਪਾਤ ਵਿਚ ਟਿੱਕੇ ਜਾਣਗੇ ਜਿਹਾ ਰਾਸ਼ਟਰਪਤੀ ਹੁਕਮ ਦੁਆਰਾ ਤੈਅ ਕਰੇ।]

(4) ਰਾਜਪਾਲ ਦੀਆਂ ਉਪਲਭਤਾਂ ਅਤੇ ਭੱਤੇ ਉਸ ਦੇ ਅਹੁਦੇ ਦੀ ਅਉਧ ਦੇ ਦੌਰਾਨ ਨਹੀਂ ਘਟਾਏ ਜਾਣਗੇ।

ਰਾਜਪਾਲ ਦੀ ਸੰਹੁ ਜਾਂ ਪ੍ਰਤਿੱਗਿਆ।

159. ਹਰਿਕ ਰਾਜਪਾਲ ਅਤੇ  ਰਾਜਪਾਲ ਦੇ  ਕਾਰਜਕਾਰ ਨਿਭਾਉਣ ਵਾਲਾ ਹਰਿਕ ਵਿਅਕਤੀ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ, ਉਸ ਰਾਜ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਨ ਲਈ ਉੱਚ ਅਦਾਲਤ ਦੇ ਚੀਫ ਜਸਟਿਸ, ਜਾਂ ਉਸ ਦੀ ਗੈਰਹਾਜਰੀ ਵਿਚ, ਉਸ ਅਦਾਲਤ ਦੇ ਮਿਲ ਸਕਦੇ ਸਭ ਤੋਂ ਸੀਨੀਅਰ ਜੱਜ ਦੇ ਸਾਹਮਣੇ ਹੇਠ-ਲਿਖੇ ਫਾਰਮ ਵਿਚ ਸੰਹੂ ਚੁੱਕੇਗਾ ਜਾਂ ਪ੍ਰਤਿੱਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ ਅਰਥਾਤ-

[4] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 7 ਦੁਆਰਾ ਅੰਤਰਸਥਾਪਤ।

"ਮੈਂ ੳ.ਅ ਈਸ਼ਵਰ ਦੀ ਸਹੁੰ ਚੁੱਕਦਾਂ ਹੈ ਕਿ ਮੈਂ ਵਫਾਦਾਰੀ ਨਾਲ
ਸੱਚੇ ਦਿਲੋ ਪ੍ਰਤਿੱਗਿਆ ਕਰਦਾ ਹੈਂ
(ਰਾਜ ਦਾ ਨਾਂ) ਦੇ ਰਾਜਪਾਲ ਦੇ ਅਹੁਦੇ ਦਾ ਕਾਰਜ-ਪਾਲਣ ਕਰਾਂਗਾ (ਜਾਂ ਰਾਜਪਾਲ ਦੇ ਕਾਜ-ਕਾਰ ਨਿਭਾਵਾਂਗਾ), ਅਤੇ ਆਪਣੀ ਪੂਰੀ ਯੋਗਤਾ ਨਾਲ ਸੰਵਿਧਾਨ ਅਤੇ ਕਾਨੂੰਨ ਨੂੰ ਕਾਇਮ ਰੱਖਾਂਗਾ, ਉਸਦੀ ਹਿਫਾਜ਼ਤ ਅਤੇ ਰੱਖਿਆ ਕਰਾਂਗਾ ਅਤੇ ਮੈਂ ਆਪਣੇ ਆਪ ਨੂੰ......(ਰਾਜ ਦਾ ਨਾਂ) ਦੇ ਲੋਕਾਂ ਦੀ ਸੇਵਾ ਅਤੇ ਭਲਾਈ ਲਈ ਅਰਪ ਦਿਆਂਗਾ।"

ਕੁਝਕੁ ਅਚਾਨਕ ਤਾਵਾਂ ਵਿਚ ਰਾਜਪਾਲ ਦੇ ਕਾਰਜਕਾਰ ਦਾ ਨਿਭਾਉਣਾ।

160 ਰਾਸ਼ਟਰਪਤੀ ਇਸ ਅਧਿਆਏ ਵਿਚ ਉਪਬੰਧਤ ਨ ਕੀਤੀ ਹੋਈ ਕਿਸੇ ਅਚਾਨਕਤਾ ਵਿਚ ਕਿਸੇ ਰਾਜ ਦੇ ਰਾਜਪਾਲ ਦੇ ਕਾਜਕਾਰ ਨਿਭਾਉਣ ਲਈ ਅਜਿਹਾ ਉਪਬੰਧ ਬਣਾ ਸਕੇਗਾ ਜਿਹਾ ਉਹ ਉਚਿਤ ਸਮਝੇ।

ਕੁਝਕੁ ਸੂਰਤਾਂ ਵਿਚ ਰਾਜਪਾਲ ਦੀ ਮਾਫੀਆਂ ਆਦਿ ਦੇਣ ਅਤੇ ਦੰਡਾਂ ਨੂੰ ਮੁਅੱਤਲ ਕਰਨ, ਛੋਟਾਉਣ ਜਾਂ ਨਰਮਾਉਣ ਦੀ ਸ਼ਕਤੀ।

161. ਕਿਸੇ ਰਾਜ ਦੇ ਰਾਜਪਾਲ ਨੂੰ ਅਜਿਹੇ ਕਿਸੇ ਮਾਮਲੇ ਸੰਬੰਧੀ ਜਿਸ ਤੱਕ ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਹੈ ਮਾਫੀਆਂ, ਮੁਹਲਤ, ਸਹੁਲਤਾਂ ਦੇਣ ਜਾਂ ਸਜਾਂ ਵਿਚ ਛੋਟਾਂ ਕਰਨ ਦੀ ਜਾਂ ਕਿਸੇ ਕਾਨੂੰਨ ਦੇ ਖਿਲਾਫ ਕਿਸੇ ਅਪਰਾਧ ਲਈ ਸਿੱਧ-ਦੋਸ਼ ਕਿਸੇ ਵਿਅਕਤੀ ਦੇ ਦੰਡ ਨੂੰ ਮੁਅੱਤਲ ਕਰਨ, ਛੋਟਾਉਣ, ਜਾਂ ਨਰਮਾਉਣ ਦੀ ਸ਼ਕਤੀ ਹੋਵੇਗੀ।

ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ।

162. ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਉਨ੍ਹਾਂ ਮਾਮਲਿਆਂ ਤੱਕ ਹੋਵੇਗਾ ਜਿਨ੍ਹਾਂ ਬਾਰੇ ਉਸ ਰਾਜ ਦੇ ਵਿਧਾਨ-ਮੰਡਲ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ:

ਪਰੰਤੂ ਕਿਸੇ ਅਜਿਹੇ ਮਾਮਲੇ ਵਿਚ ਜਿਸ ਬਾਰੇ ਕਿਸੇ ਰਾਜ ਦੇ ਵਿਧਾਨ-ਮੰਡਲ ਅਤੇ ਸੰਸਦ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ, ਉਸ ਵਿਚ ਰਾਜ ਦੀ ਕਾਰਜਪਾਲਕ ਸ਼ਕਤੀ ਇਸ ਸੰਵਿਧਾਨ ਦੁਆਰਾ ਜਾਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਸੰਘ ਜਾਂ ਉਸ ਦੇ ਸੱਤਾਧਾਰੀਆਂ ਨੂੰ ਸਪੱਸ਼ਟ ਤੌਰ ਤੇ ਪ੍ਰਦਾਨ ਕੀਤੀ ਕਾਰਜਪਾਲਕ ਸ਼ਕਤੀ ਦੇ ਤਾਬੇ,

Ministry of Law & Justice

ਅਤੇ ਤੋਂ ਸੀਮਿਤ ਹੋਵੇਗੀ।

## ਮੰਤਰੀ ਪਰਿਸ਼ਦ

ਰਾਜਪਾਲ ਨੂੰ ਸਹਾਇਤਾ ਅਤੇ ਸਲਾਹ ਦੇਣ ਲਈ ਮੰਤਰੀ-ਪਰਿਸ਼ਦ।

163. (1) ਜਿਥੋਂ ਤੱਕ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਰਾਜਪਾਲ ਤੋਂ ਇਹ ਲੋੜਿਆ ਜਾਂਦਾ ਹੈ ਕਿ ਉਹ ਆਪਣੇ ਕਾਜਕਾਰ ਜਾਂ ਉਨ੍ਹਾਂ ਵਿਚੋਂ ਕੋਈ ਆਪਣੇ ਸਵੈ-ਵਿਵੇਕ ਨਾਲ ਨਜਿਠੇਗਾ ਉਥੋਂ ਤੱਕ ਦੇ ਸਿਵਾਏ, ਰਾਜਪਾਲ ਨੂੰ ਆਪਣੇ ਕਾਜਕਾਰ ਨਜਿਠਣ ਵਿਚ ਸਹਾਇਤਾ ਅਤੇ ਸਲਾਹੋ ਦੇਣ ਲਈ ਇਕ ਮੰਤਰੀ ਪਰਿਸ਼ਦ ਹੋਵੇਗੀ ਜਿਸਦਾ ਮੁੱਖੀ ਮੁੱਖਮੰਤਰੀ ਹੋਵੇਗਾ।

(2) ਜੋ ਕੋਈ ਸਵਾਲ ਪੈਦਾ ਹੋਵੇ ਕਿ ਕੀ ਕੋਈ ਮਾਮਲਾ ਅਜਿਹਾ ਮਾਮਲਾ ਹੈ ਜਾਂ ਨਹੀਂ ਜਿਸ ਬਾਰੇ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਰਾਜਪਾਲ ਤੋਂ ਲੋੜੀਂਦਾ ਹੈ ਕਿ ਉਹ ਆਪਣੇ ਸਵੈ-ਵਿਵੇਕ ਨਾਲ ਕਾਰਜ ਕਰੇ, ਤਾਂ ਰਾਜਪਾਲ ਦਾ ਸਵੈ-ਵਿਵੇਕ ਨਾਲ ਕੀਤਾ ਹੋਇਆ ਫੈਸਲਾ ਅੰਤਮ ਹੋਵੇਗਾ, ਅਤੇ ਰਾਜਪਾਲ ਦੁਆਰਾ ਕੀਤੀ ਹੋਈ ਕਿਸੇ ਗੱਲ ਦੀ ਜਾਇਜਤਾ ਨੂੰ ਇਸ ਆਧਾਰ ਤੇ ਕੋਈ ਉਜਰ ਨਹੀਂ ਕੀਤਾ ਜਾਵੇਗਾ ਕਿ ਉਸ ਨੂੰ ਆਪਣੇ ਸਵੈ-ਵਿਵੇਕ ਨਾਲ ਕਾਰਜ ਕਰਨਾ ਜਾਂ ਨਹੀਂ ਕਰਨਾ ਚਾਹੀਦਾ ਸੀ।

(3) ਇਸ ਸਵਾਲ ਦੀ ਕਿਸੇ ਅਦਾਲਤ ਵਿਚ ਜਾਂਚ ਨਹੀਂ ਕੀਤੀ ਜਾਵੇਗੀ ਕਿ ਮੰਤਰੀਆਂ ਨੇ ਰਾਜਪਾਲ ਨੂੰ ਕੋਈ ਸਲਾਹ ਦਿੱਤੀ, ਅਤੇ ਜੇ ਦਿੱਤੀ ਤਾਂ ਕੀ ਦਿੱਤੀ ।

ਮੰਤਰੀਆਂ ਬਾਬਤ ਹੋਰ ਉਪਬੰਧ।

164.(1) ਮੁੱਖ-ਮੰਤਰੀ ਦੀ ਨਿਯੁਕਤੀ ਰਾਜਪਾਲ ਕਰੇਗਾ ਅਤੇ ਹੋਰ ਮੰਤਰੀਆਂ ਦੀ ਨਿਯੁਕਤੀ ਰਾਜਪਾਲ ਮੁੱਖ-ਮੰਤਰੀ ਦੀ ਸਲਾਹ ਤੇ ਕਰੇਗਾ, ਅਤੇ ਮੰਤਰੀ ਰਾਜਪਾਲ ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰਨਗੇ :

Ministry of Law & Justice

ਪਰੰਤੂ [5][ਛੱਤੀਸਗੜ੍ਹ, ਝਾਰਖੰਡ] ਮੱਧਪ੍ਰਦੇਸ਼ ਅਤੇ [6][ਉਡੀਸਾ ] ਰਾਜਾਂ ਵਿਚ ਇੱਕ ਕਬਾਇਲੀ ਭਲਾਈ ਦਾ ਇਨਚਾਰਜ ਮੰਤਰੀ ਹੋਵੇਗਾ ਜੋ ਨਾਲ ਨਾਲ ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦਾ ਜਾਂ ਕਿਸੇ ਹੋਰ ਕੰਮ ਦਾ ਵੀ ਇਨਚਾਰਜ ਹੋ ਸਕੇਗਾ।

[7][(1 ੳ) ਕਿਸੇ ਰਾਜ ਦੀ ਮੰਤਰੀ ਪਰਿਸ਼ਦ ਵਿਚ ਮੁੱਖ ਮੰਤਰੀ ਸਮੇਤ ਮੰਤਰੀਆਂ ਦੀ ਕੁੱਲ ਗਿਣਤੀ ਉਸ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦੇ ਪੰਦਰਾਂ ਪ੍ਰਤਿਸ਼ਤ ਤੋਂ ਵੱਧ ਨਹੀਂ ਹੋਵੇਗੀ:

ਪਰੰਤੂ ਕਿਸੇ ਰਾਜ ਵਿਚ ਮੁੱਖ ਮੰਤਰੀ ਸਮੇਤ ਮੰਤਰੀਆਂ ਦੀ ਸੰਖਿਆ ਬਾਰਾਂ ਤੋਂ ਘੱਟ ਨਹੀਂ ਹੋਵੇਗੀ :

ਪਰੰਤੂ ਇਹ ਹੋਰ ਕਿ ਜਿੱਥੇ ਸੰਵਿਧਾਨ (ਇਕਾਨਵੀਂ ਸ਼ੋਧ) ਐਕਟ, 2003 ਦੇ ਅਰੰਭ ਤੋਂ ਕਿਸੇ ਰਾਜ ਦੀ ਮੰਤਰੀ ਪਰਿਸ਼ਦ ਵਿਚ ਮੁੱਖ ਮੰਤਰੀ ਸਮੇਤ ਮੰਤਰੀਆਂ ਦੀ ਕੁੱਲ ਗਿਣਤੀ, ਜਿਹੀ ਕੀ ਸੂਰਤ ਹੋਵੇ, ਉਹ ਪੰਦਰਾਂ ਪ੍ਰਤਿਸ਼ਤ ਜਾਂ ਪਹਿਲੇ ਪਰੰਤੂਕ ਵਿਚ ਉਲਿੱਖਤ ਗਿਣਤੀ ਤੋਂ ਵੱਧ ਹੈ ਉਥੇ ਉਸ ਰਾਜ ਵਿਚ ਮੰਤਰੀਆਂ ਦੀ ਕੁੱਲ ਗਿਣਤੀ [*]ਅਜਿਹੀ ਤਰੀਕ ਤੋਂ, ਜੋ ਰਾਸ਼ਟਰਪਤੀ ਲੋਕ ਅਧਿਸੂਚਨਾ ਦੁਆਰਾ ਨਿਯਤ ਕਰੇ, ਛੇ ਮਹੀਨੇ ਦੇ ਅੰਦਰ ਇਸ ਖੰਡ ਦੇ ਉਪਬੰਧਾਂ ਦੇ ਅਨੁਰੂਪ ਲਿਆਂਦੀ ਜਾਵੇਗੀ।

(1ਅ) ਕਿਸੇ ਰਾਜਨੀਤਿਕ ਦਲ ਦਾ ਕਿਸੇ ਰਾਜ ਦੀ ਵਿਧਾਨ ਸਭਾ ਦਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਜਿਸ ਵਿਚ ਵਿਧਾਨ ਪਰਿਸ਼ਦ ਹੈ, ਕੋਈ ਮੈਂਬਰ ਜੋ ਦਸਵੀਂ ਅਨੁਸੂਚੀ ਦੇ ਪੈਰਾ 2 ਦੇ ਅਧੀਨ ਉਸ ਸਦਨ ਦਾ ਮੈਂਬਰ ਹੋਣ ਦੇ ਨਾਕਾਬਲ ਹੈ, ਆਪਣੀ ਨਾਕਾਬਲੀਅਤਾ ਦੀ ਤਰੀਕ ਤੋਂ ਅਰੰਭ ਹੋਣ ਵਾਲੀ ਅਤੇ ਉਸ ਤਰੀਕ ਤੱਕ ਜਿਸ ਨੂੰ ਅਜਿਹੇ ਮੈਂਬਰ ਦੇ ਰੂਪ ਵਿਚ ਉਸ ਦੇ ਅਹੁਦੇ ਦੀ ਅਉਧ ਗੁਜ਼ਰਦੀ ਹੋਵੇਗੀ ਜਾਂ ਜਿੱਥੇ ਉਹ, ਅਜਿਹੀ ਮੁਦੱਤ ਦੇ ਗੁਜ਼ਰਨ ਤੋਂ

---

[5] ਸੰਵਿਧਾਨ (ਚੌਰਾਨਵੀਂ ਸੋਧ) ਐਕਟ, 2006 ਦੀ ਧਾਰਾ 2 ਦੁਆਰਾ ਬਿਹਾਰ ਦੀ ਥਾਵੇਂ ਰੱਖੇ ਗਏ।

[6] ਉੜੀਆ (ਨਾਂ ਵਿਚ ਬਦਲੀ) ਐਕਟ, 2011 (2011 ਦਾ 15) ਦੀ ਧਾਰਾ (01.11.2011 ਤੋਂ) ਉੜੀਸਾ ਦੀ ਥਾਵੇਂ ਰੱਖੇ ਗਏ।

[7] ਸੰਵਿਧਾਨ (ਇਕਾਨਵੀਂ ਸੋਧ) ਐਕਟ, 2003 ਦੀ ਧਾਰਾ 3 ਦੁਆਰਾ ਅੰਤਰਸਥਾਪਤ।

[*] 7.1.2004, ਵੇਖੋ ਕਾ.ਆ. 21 (ੳ), ਤਰੀਕ 7.1.2004।

ਪਹਿਲਾਂ, ਜਿਹੀ ਕਿ ਸੂਰਤ ਹੋਵੇ, ਕਿਸੇ ਰਾਜ ਵਿਧਾਨ ਸਭਾ ਦੇ ਲਈ ਜਾਂ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦੇ ਲਈ ਕੋਈ ਚੋਣ ਲੜਦਾ ਹੈ, ਉਸ ਤਰੀਕ ਤੱਕ ਜਿਸ ਨੂੰ ਉਹ ਚੋਣ ਦਾ ਐਲਾਨ ਕੀਤਾ ਜਾਂਦਾ ਹੈ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਦੀ ਮੁੱਦਤ ਦੇ ਦੌਰਾਨ, ਖੰਡ (1) ਦੇ ਅਧੀਨ ਮੰਤਰੀ ਦੇ ਰੂਪ ਵਿਚ ਨਿਯੁਕਤ ਕੀਤੇ ਜਾਣ ਦੇ ਲਈ ਨਾਕਾਬਲ ਹੋਵੇਗਾ ।]

(2) ਮੰਤਰੀ-ਪਰਿਸ਼ਦ ਰਾਜ ਦੀ ਵਿਧਾਨ ਸਭਾ ਅੱਗੇ ਸਮੂਹੱਕ ਤੌਰ ਤੇ ਉੱਤਰਦਾਈ ਹੋਵੇਗੀ ।

(3) ਕਿਸੇ ਮੰਤਰੀ ਦੇ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ , ਰਾਸ਼ਟਰਪਤੀ ਤੋਂ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮਾਂ ਦੇ ਅਨੁਸਰਣ ਅਹੁਦੇ ਅਤੇ ਗੋਪਤਾ ਦੀਆਂ ਸੰਹੁਆਂ ਚੁਕਵਾਏਗਾ ।

(4) ਕੋਈ ਮੰਤਰੀ ਜੋ ਲਗਾਤਾਰ ਛੇ ਮਹੀਨੇ ਦੀ ਕਿਸੇ ਮੁੱਦਤ ਲਈ ਰਾਜ ਦੇ ਵਿਧਾਨ ਮੰਡਲ ਦਾ ਮੈਂਬਰ ਨ ਰਹੇ ਉਸ ਮੁੱਦਤ ਦੇ ਗੁਜ਼ਰਨ ਤੇ ਮੰਤਰੀ ਨਹੀਂ ਰਹੇਗਾ ।

(5) ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਅਜਿਹੇ ਹੋਣਗੇ ਜਿਹੇ ਉਸ ਰਾਜ ਦੇ ਵਿਧਾਨ-ਮੰਡਲ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਤੈਅ ਕਰੇ ਅਤੇ ਜਦ ਤੱਕ ਉਸ ਰਾਜ ਦਾ ਵਿਧਾਨ-ਮੰਡਲ ਇਸ ਤਰ੍ਹਾਂ ਨ ਕਰੇ, ਅਜਿਹੇ ਹੋਣਗੇ ਜਿਹੇ ਦੂਜੀ ਅਨੁਸੂਚੀ ਵਿਚ ਉਲਿਖਤਹੋਣਗੇ ।

**ਰਾਜ ਦਾ ਐਡਵੋਕੇਟ-ਜਨਰਲ**

ਰਾਜ ਦਾ ਐਡਵੋਕੇਟ- 165 (1) ਹੋਰੇਕ ਰਾਜ ਦਾ ਰਾਜਪਾਲ ਉੱਚ ਅਦਾਲਤ ਦਾ ਜੱਜ

ਜਨਰਲ।

ਨਿਯੁਕਤ ਹੋਣ ਲਈ ਕਾਬਲ ਕਿਸੇ ਵਿਅਕਤੀ ਨੂੰ ਉਸ ਰਾਜ ਦਾ ਐਡਵੋਕੇਟ-ਜਨਰਲ ਨਿਯੁਕਤ ਕਰੇਗਾ।

(2) ਐਡਵੋਕੇਟ-ਜਨਰਲ ਦਾ ਕਰਤੱਵ ਹੋਵੇਗਾ ਕਿ ਉਹ ਰਾਜ ਦੀ ਸਰਕਾਰ ਨੂੰ ਅਜਿਹੇ ਕਾਨੂੰਨੀ ਮਾਮਲਿਆਂ ਤੇ ਸਲਾਹ ਦੇਵੇ, ਅਤੇ ਕਾਨੂੰਨੀ ਪ੍ਰਕਿਰਤੀ ਦੇ ਅਜਿਹੇ ਹੋਰ ਕੱਰਤਵਾਂ ਦਾ ਪਾਲਣ ਕਰੇ, ਜਿਹੇ ਉਸ ਨੂੰ ਰਾਜਪਾਲ ਦੁਆਰਾ ਸਮੇਂ ਸਮੇਂ ਤੇ ਭੇਜੇ ਜਾਂ ਸੋਪੇਂ ਜਾਣ, ਅਤੇ ਉਹ ਕਾਜਕਾਰ ਨਿਭਾਵੇ ਜੋ ਉਸ ਨੂੰ ਇਸ ਸੰਵਿਧਾਨ ਜਾਂ ਕਿਸੇ ਹੋਰ ਤਤਸਮੇਂ ਨਾਫਜ ਕਾਨੂੰਨ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੇ ਗਏ ਹੋਣ।

(3) ਐਡਵੋਕੇਟ-ਜਨਰਲ ਰਾਜਪਾਲ ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰੇਗਾ ਅਤੇ ਅਜਿਹਾ ਮਿਹਨਤਾਨਾ ਪ੍ਰਾਪਤ ਕਰੇਗਾ ਜਿਹਾ ਰਾਜਪਾਲ ਤੈਅ ਕਰੇ।

## ਸਰਕਾਰੀ ਕਾਰਜ ਦਾ ਸੰਚਾਲਣ

ਕਿਸੇ ਰਾਜ ਦੀ ਸਰਕਾਰ ਦੇ ਕਾਰਜ ਦਾ ਸੰਚਾਲਣ।

166.(1) ਕਿਸੇ ਰਾਜ ਦੀ ਸਰਕਾਰ ਦੀ ਸਾਰੀ ਕਾਰਜਪਾਲਕ ਕਾਰਵਾਈ ਰਾਜਪਾਲ ਦੇ ਨਾਂ ਵਿਚ ਕੀਤੀ ਜਾਣੀ ਪ੍ਰਗਟ ਕੀਤੀ ਜਾਵੇਗੀ।

(2) ਰਾਜਪਾਲ ਦੇ ਨਾਂ ਵਿਚ ਦਿਤੇ ਗਏ ਅਤੇ ਨਿਸ਼ਪਾਦਤ ਹੁਕਮਾਂ ਅਤੇ ਹੋਰ ਲਿਖਤਾਂ ਨੂੰ ਅਜਿਹੇ ਢੰਗ ਨਾਲ ਪਰਮਾਣੀਕ ਕੀਤਾ ਜਾਵੇਗਾ ਜੋ ਰਾਜਪਾਲ ਦੁਆਰਾ ਬਣਾਏ ਜਾਣ ਵਾਲੇ ਨਿਯਮਾਂ ਵਿਚ ਉਲਿਖਤ ਕੀਤਾ ਜਾਵੇ ਅਤੇ ਇਸ ਤਰ੍ਹਾਂ ਪਰਮਾਣੀਕ ਕੀਤੇ ਹੁਕਮ ਜਾਂ ਲਿਖਤ ਦੀ ਜਾਇਜਤਾਂ ਤੇ ਇਸ ਆਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ਕਿ ਉਹ ਰਾਜਪਾਲ ਦੁਆਰਾ ਦਿੱਤਾ ਗਿਆ ਜਾਂ ਨਿਸ਼ਪਾਦਤ ਹੁਕਮ ਜਾਂ ਲਿਖਤ ਨਹੀਂ ਹੈ।

(3) ਰਾਜਪਾਲ ਰਾਜ ਦੀ ਸਰਕਾਰ ਦਾ ਕਾਰਜ ਵਧੇਰੇ ਨਾਲ ਨੇਪਰੇ ਚਾੜ੍ਹਨ ਲਈ, ਅਤੇ ਜਿੱਥੇ ਤੱਕ ਉਹ ਕਾਰਜ ਅਜਿਹਾ ਨਹੀਂ ਜਿਸ ਬਾਰੇ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਲੋੜੀਂਦਾ ਹੈ ਕਿ ਰਾਜਪਾਲ ਸਵੈ-ਵਿਵੇਕ ਨਾਲ ਕਾਰਜਕਰੇ ਉਕਤ ਕਾਰਜ ਦੇ ਮੰਤਰੀਆਂ

Ministry of Law & Justice

ਵਿਚਕਾਰ ਟਿੱਕਣ ਲਈ ਨਿਯਮ ਬਣਾਵੇਗਾ ।

[8]X X X

ਰਾਜਪਾਲ ਨੂੰ ਜਾਣਕਾਰੀ ਦੇਣ ਆਦਿ ਬਾਰੇ ਮੁੱਖ ਮੰਤਰੀ ਦੇ ਕਰਤੱਵ ।

167. ਹਰੇਕ ਰਾਜ ਦੇ ਮੁੱਖ ਮੰਤਰੀ ਦਾ ਕਰਤੱਵ ਹੋਵੇਗਾ ਕਿ ਉਹ–

(ੳ) ਰਾਜ ਦੇ ਕਾਰ-ਵਿਹਾਰ ਦੇ ਪ੍ਰਸ਼ਾਸਨ ਅਤੇ ਵਿਧਾਨ ਲਈ ਤਜਵੀਜਾਂ ਸੰਬੰਧੀ ਮੰਤਰੀ ਪਰਿਸ਼ਦ ਦੇ ਸਭ ਫੈਸਲੇ ਰਾਜਪਾਲ ਨੂੰ ਦੱਸੇ ;

(ਅ) ਰਾਜ ਦੇ ਕਾਰ-ਵਿਹਾਰ ਦੇ ਪ੍ਰਸ਼ਾਸਨ ਅਤੇ ਵਿਧਾਨ ਲਈ ਤਜਵੀਜਾਂ ਸੰਬੰਧੀ ਜੋ ਜਾਣਕਾਰੀ ਰਾਜਪਾਲ ਮੰਗਵਾਏ ਉਸ ਨੂੰ ਦੇਵੇ ; ਅਤੇ

(ੲ) ਕਿਸੇ ਮਾਮਲੇ ਨੂੰ ਜਿਸ ਤੇ ਕਿਸੇ ਮੰਤਰੀ ਨੇ ਫੈਸਲਾਂ ਕਰ ਦਿੱਤਾ ਹੋਵੇ, ਜੇ ਰਾਜਪਾਲ ਅਜਿਹਾ ਲੜੇ, ਮੰਤਰੀ ਪਰਿਸ਼ਦ ਅੱਗੇ ਵਿਚਾਰ ਲਈ ਪੇਸ਼ ਕਰੇ ।

## ਅਧਿਆਏ - III ਰਾਜ ਦਾ ਵਿਧਾਨ-ਮੰਡਲ

### ਸਧਾਰਨ

ਰਾਜਾਂ ਦੇ ਵਿਧਾਨ ਮੰਡਲਾਂ ਦਾ ਗਠਨ ।

168 (1) ਹਰਿਕ ਰਾਜ ਲਈ ਇਕ ਵਿਧਾਨ-ਮੰਡਲ ਹੋਵੇਗਾ ਜੋ ਰਾਜਪਾਲ, ਅਤੇ

(ੳ) * * *[9][ਆਂਧਰ ਪ੍ਰਦੇਸ਼], ਬਿਹਾਰ,[10]*** [11][ਮੱਧਪ੍ਰਦੇਸ਼] [12]***, [13][ਮਹਾਰਾਸ਼ਟਰ], [14][ਕਰਨਾਟਕ], [15]***

---

[8] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 28 ਦੁਆਰਾ (03.01.1977 ਤੋਂ ਪ੍ਰਭਾਵੀ) ਖੰਡ 3 ਅੰਤਰਸਥਾਪਤ ਕੀਤਾ ਗਿਆ ਸੀ ਅਤੇ ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 23 ਦੁਆਰਾ (20.06.1979 ਤੋਂ ਪ੍ਰਭਾਵੀ) ਲੋਪ ਕੀਤਾ ਗਿਆ ।

[9] "ਆਂਧਰ ਪ੍ਰਦੇਸ਼" ਸ਼ਬਦਾਂ ਦਾ ਆਂਧਰ ਪ੍ਰਦੇਸ਼ ਵਿਧਾਨ ਪਰਿਸ਼ਦ (ਅੰਤ ਕਰਨ) ਐਕਟ, 1985 (1985 ਦਾ 14) ਦੀ ਦਾਰਾ 4 ਦੁਆਰਾ (01.06.1985 ਤੋਂ ਪ੍ਰਭਾਵੀ) ਲੋਪ ਕੀਤਾ ਗਿਆ ਅਤੇ ਆਂਧਰ ਪ੍ਰਦੇਸ਼ ਵਿਧਾਨ ਪਰਿਸ਼ਦ ਐਕਟ, 2005 (2006 ਦਾ 1) ਦਾ ਧਾਰਾ ਦੁਆਰਾ (30.03.2007 ਤੋਂ ਪ੍ਰਭਾਵੀ) ਅੰਤਰਸਥਾਪਤ ।



Ministry of Law & Justice

[16][[17][ਤਾਮਿਲ ਨਾਡੂ, ਤੇਲੰਗਾਨਾ ]] [18][ਅਤੇ ਉੱਤਰ ਪ੍ਰਦੇਸ਼] ਦੇ ਰਾਜਾਂ ਵਿਚ, ਦੋ ਸਦਨਾਂ ਤੋਂ ;

(ਅ) ਹੋਰ ਰਾਜਾਂ ਵਿਚ, ਇੰਕ ਸਦਨ ਤੋਂ,

ਮਿਲ ਕੇ ਬਣੇਗਾ ।

(2) ਜਿੱਥੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਦੋ ਸਦਨ ਹੋਣ, ਉੱਥੇ ਇੱਕ ਵਿਧਾਨ ਪਰਿਸ਼ਦ ਅਤੇ ਦੂਜਾ ਵਿਧਾਨ ਸਭਾ ਦੇ ਨਾਂ ਨਾਲ ਜਾਣਿਆ ਜਾਵੇਗਾ ਅਤੇ ਜਿੱਥੇ ਕੇਵਲ ਇਕ ਸਦਨ ਹੋਵੇ, ਉਹ ਵਿਧਾਨ ਸਭਾ ਦੇ ਨਾਂ ਨਾਲ ਜਾਣਿਆ ਜਾਵੇਗਾ ।

ਰਾਜਾਂ ਵਿਚ ਵਿਧਾਨ ਪਰਿਸ਼ਦਾਂ ਦਾ ਅੰਤ ਕਰਨਾ ਜਾਂ ਸਿਰਜਣ ।

169. (1) ਅਨੁਛੇਦ 168 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਕਾਨੂੰਨ ਦੁਆਰਾ ਕਿਸੇ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਵਿਚ ਵਿਧਾਨ ਪਰਿਸ਼ਦ ਦਾ ਅੰਤ ਕਰਨ ਲਈ ਜਾਂ ਅਜਿਹੇ ਪਰਿਸ਼ਦ ਤੋਂ ਰਹਿਤ ਕਿਸੇ ਰਾਜ ਵਿਚ ਅਜਿਹੀ ਪਰਿਸ਼ਦ ਦੇ ਸਿਰਜਣ ਲਈ ਉਪਬੰਧ ਕਰ ਸਕੇਗੀ, ਜੋ ਰਾਜ ਦੀ ਵਿਧਾਨ ਸਭਾ ਨੇ ਉਸ ਆਸ਼ੇ ਦਾ ਮਤਾ ਸਭਾ

---

[10] "ਬੰਬੇ" ਸ਼ਬਦ ਦਾ ਬੰਬੇ ਪੁਨਰਗਠਨ ਐਕਟ, 1960 (1960 ਦਾ 11) ਦੀ ਧਾਰਾ 20 ਦੁਆਰਾ (1.5.1960 ਤੋਂ ਲੈ ਕੇ) ਲੋਪ ਕਰ ਦਿੱਤਾ ਗਿਆ ।

[11] ਸੰਵਿਧਾਨ (ਸੱਤਵੀਂ ਸੋਧ), ਐਕਟ, 1956, ਧਾਰਾ 8(2) (ਅਧਿਸੂਚਿਤ ਕੀਤੀ ਜਾਣ ਵਾਲੀ ਤਰੀਕ ਤੋਂ ਲੈ ਕੇ) ਅੰਤਰਸਥਾਪਤ ।

[12] "ਤਾਮਿਲ ਨਾਡੂ" ਵਿਧਾਨ ਪਰਿਸ਼ਦ (ਅੰਤਰਕਨ) ਐਕਟ, 1986 (1986 ਦਾ 40) ਦੀ ਧਾਰਾ 4 ਦੁਆਰਾ (01.11.1986 ਤੋਂ ਪ੍ਰਭਾਵੀ) "ਤਾਮਿਲ ਨਾਡੂ ਸ਼ਬਦ ਦਾ ਲੋਪ ਕਰ ਦਿੱਤਾ ਗਿਆ ।।

[13] ਬੰਬੇ ਪੁਨਨਗਠਨ ਐਕਟ, 1960 (1960 ਦਾ 11), ਧਾਰਾ 20 ਦੁਆਰਾ (1.5.1960 ਤੋ ਲੈ ਕੇ) ਅੰਤਰਸਥਾਪਤ ।

[14] ਸੰਵਿਧਾਨ (ਸੱਤਵੀਂ ਸੋਧ), ਐਕਟ, 1956, ਧਾਰਾ 8(2) ਦੁਆਰਾ ਸ਼ਬਦ "ਮੈਸੂਰ" ਅੰਤਰਸਥਾਪਤ ਕੀਤਾ ਗਿਆ ਅਤੇ ਮੁੜ ਦ ਮੈਸੂਰ (ਆਲਟਰੇਸ਼ਨ ਔਫ ਨੇਮ) ਐਕਟ, 1974 ਦੁਆਰਾ ਮੈਸੂਰ ਦੀ ਥਾਵੇਂ ਕਰਨਾਟਕ ਰਖਿਆ ਗਿਆ ।

[15] "ਪੰਜਾਬ" ਸ਼ਬਦ ਦਾ ਪੰਜਾਬ ਵਿਧਾਨ ਪਰਿਸ਼ਦ (ਅੰਤ ਕਰਨ) ਐਕਟ, 1969 (1969 ਦਾ 46) ਦੀ ਧਾਰਾ 4 ਦੁਆਰਾ (7.1.1970 ਤੋਂ ਲੈ ਕੇ) ਲੋਪ ਕਰ ਦਿੰਤਾ ਗਿਆ ।।

[16] ਤਾਮਿਲ ਨਾਡੂ ਵਿਧਾਨ ਪਰਿਸ਼ਦ ਐਕਟ, 2010 (2010 ਦਾ 16) ਦੀ ਧਾਰਾ 3 ਦੁਆਰਾ (ਜੋ ਅਜੇ ਨਾਫਜ ਨਹੀਂ ਹੋਈ, ਤਰੀਕ ਬਾਦ ਵਿਚ ਅਧਿਸੂਚਿਤ ਕੀਤੀ ਜਾਵੇਗੀ) ਅੰਤਰਸਥਾਪਤ ।

[17] ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 96 ਦੁਆਰਾ (01.06.2014 ਤੋਂ) "ਤਾਮਿਲ ਨਾਡੂ" ਦੀ ਥਾਵੇਂ ਰੱਖਿਆ ਗਿਆ ।

[18] ਪੱਛਮੀ ਬੰਗਾਲ ਵਿਧਾਨ ਪਰਿਸ਼ਦ (ਅੰਤ ਕਰਨ) ਐਕਟ, 1969 (1969 ਦਾ 20), ਧਾਰਾ 4 ਦੁਆਰਾ "ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ" ਦੀ ਥਾਵੇਂ (1.8.1969 ਤੋ ਲੈ ਕੇ) ਰੱਖੇ ਗਏ ।



Ministry of Law & Justice

ਦੀ ਕੁਲ ਮੈਂਬਰ-ਗਿਣਤੀ ਦੀ ਬਹੁਸੰਮਤੀ ਨਾਲ ਅਤੇ ਸਭਾ ਦੇ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਦੋ ਤਿਹਾਈ ਬਹੁਸੰਮਤੀ ਨਾਲ ਪਾਸ ਕਰ ਦਿੱਤਾ ਹੋਵੇ।

**(2)** ਖੰਡ (1) ਵਿਚ ਹਵਾਲਾ ਦਿੱਤੇ ਗਏ ਕਿਸੇ ਕਾਨੂੰਨ ਵਿਚ ਇਸ ਸੰਵਿਧਾਨ ਦੀ ਸੋਧ ਲਈ ਅਜਿਹੇ ਉਪਬੰਧ ਹੋਣਗੇ ਜਿਹੇ ਉਸ ਕਾਨੂੰਨ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਜਰੂਰੀ ਹੋਣ ਅਤੇ ਅਜਿਹੇ ਅਨੁਪੂਰਕ, ਅਨੁਸੰਗਕ ਅਤੇ ਪਰਿਣਾਮਕ ਉਪਬੰਧ ਵੀ ਹੋ ਸਕਣਗੇ ਜਿਹੇ ਸੰਸਦ ਜਰੂਰੀ ਸਮਝੇ।

(3) ਉਪਰੋਕਤ ਜਿਹਾ ਕੋਈ ਕਾਨੂੰਨ ਅਨੁਛੇਦ 368 ਦੇ ਪ੍ਰਯਜੋਨਾਂ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝਿਆ ਜਾਵੇਗਾ ।

ਵਿਧਾਨ ਸਭਾਵਾਂ ਦੀ ਰਚਨਾ।

[19][170.(1) ਅਨੁਛੇਦ 333 ਦੇ ਉਪਬੰਧਾਂ ਦੇ ਤਾਬੇ, ਹਰੇਕ ਰਾਜ ਦੀ ਵਿਧਾਨ ਸਭਾ ਉਸ ਰਾਜ ਵਿਚ ਪ੍ਰਦੇਸ਼ਕ ਚੋਣ-ਹਲਕਿਆਂ ਤੋਂ ਸਿੱਧੀ ਚੋਣ ਦੁਆਰਾ ਚੁਣੇ ਹੋਏ ਵੱਧ ਤੋਂ ਵੱਧ ਪੰਜ ਸੋ, ਅਤੇ ਘੱਟ ਤੋਂ ਘੱਟ ਸੱਠ ਮੈਂਬਰਾਂ ਤੋਂ ਮਿਲ ਕੇ ਬਣੇਗੀ।

(2) ਖੰਡ (1) ਦੇ ਪ੍ਰਯਜੋਨਾਂ ਲਈ ਹਰੇਕ ਰਾਜ ਨੂੰ ਪ੍ਰਦੇਸ਼ਕ ਚੋਣ-ਹਲਕਿਆਂ ਵਿਚ ਅਜਿਹੇ ਢੰਗ ਨਾਲ ਵੰਡਿਆ ਜਾਵੇਗਾ ਕਿ ਹਰੇਕ ਚੋਣ-ਹਲਕੇ ਦੀ ਆਬਾਦੀ ਦਾ ਉਸ ਨੂੰ ਅਲਾਟ ਕੀਤੀਆਂ ਥਾਂਵਾਂ ਦੀ ਗਿਣਤੀ ਨਾਲ ਅਨੁਪਾਤ, ਜਿੱਥੇ ਅਮਲਯੋਗ ਹੋਵੇ, ਰਾਜ ਭਰ ਵਿਚ ਇੱਕ ਹੋਵੇਗਾ ।

[20][ਵਿਆਖਿਆ - ਇਸ ਖੰਡ ਵਿਚ ਪਦ "ਆਬਾਦੀ" ਦਾ ਮਤਲਬ ਹੈ ਅਜਿਹੀ ਅੰਤਮ ਪੂਰਵਵਰਤੀ ਜਨ-ਗਿਣਤੀ ਵਿਚ ਨਿਸਚਤ ਕੀਤੀ ਗਈ ਆਬਾਦੀ ਜਿਸ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਹੋ ਚੁੱਕੇ ਹਨ :

---

[19] ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 9 ਦੁਆਰਾ, ਮੂਲ ਅਨੁਛੇਦ ਦੀ ਥਾਵੇਂ ਰੱਖਿਆ ਗਿਆ।

[20] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 29 ਦੁਆਰਾ (03.01.1977 ਤੋਂ ਨੱਥੀ) ਵਿਆਖਿਆ ਦੇ ਸਥਾਨ ਤੇ ਰੱਖੇ ਗਏ।



Ministry of Law & Justice

ਪਰੰਤੂ ਇਸ ਵਿਆਖਿਆ ਵਿਚ ਅੰਤਮ ਪਹਿਲੀ ਜਨ-ਗਣਨਾ ਦੇ ਪ੍ਰਤਿ ਜਿਸ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਹੋ ਗਏ ਹੋਣ, ਹਵਾਲੇ ਦਾ, ਜਦ ਤੱਕ ਸਾਲ [21][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨਗਣਨਾ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਨਹੀਂ ਹੋ ਜਾਂਦੇ ਹਨ, ਇਹ ਅਰਥ ਕੱਢਿਆ ਜਾਵੇਗਾ ਕਿ ਉਹ [[22][2001]] ਦੀ ਜਨਗਣਨਾ ਦੇ ਪ੍ਰਤੀ ਹਵਾਲਾ ਹੈ : ]

(3) ਹਰੇਕ ਜਨ-ਗਿਣਤੀ ਦੇ ਪੂਰਾ ਹੋਣ ਤੇ ਹਰੇਕ ਰਾਜ ਦੀ ਵਿਧਾਨ ਸਭਾ ਵਿਚ ਥਾਵਾਂ ਦੀ ਕੁਲ ਗਿਣਤੀ ਅਤੇ ਹਰੇਕ ਰਾਜਦੇ ਪ੍ਰਦੇਸ਼ਕ ਚੋਣ-ਹਲਕਿਆਂ ਵਿਚ ਪੰਡ ਦਾ ਅਜਿਹੇ ਸੱਤਾਧਾਰੀ ਦੁਆਰਾ ਅਤੇ ਅਜਿਹੇ ਢੰਗ ਨਾਲ ਪੁਨਰ-ਮੇਲਾਨ ਕੀਤਾ ਜਾਵੇਗਾ ਜਿਹਾ ਸੰਸਦ ਕਾਨੂੰਨ ਦੁਆਰਾ ਤੈਅ ਕਰੇ

ਪਰੰਤੂ ਅਜਿਹੇ ਪੁਨਰ-ਮੇਲਾਨ ਨਾਲ ਵਿਧਾਨ ਸਭਾ ਵਿਚ ਪ੍ਰਤੀਨਿਧਤਾ ਤੇ ਤਦ ਤੱਕ ਕੋਈ ਪ੍ਰਭਾਵ ਨਹੀਂ ਪਵੇਗਾ ਜਦ ਤੱਕ ਉਸ ਸਮੇਂ ਮੌਜੂਦ ਵਿਧਾਨ ਸਭਾ ਦਾ ਤੁੜਾਓ ਨ ਹੋ ਜਾਵੇ :

[23] [ਪਰੰਤੂ ਇਹ ਹੋਰ ਕਿ ਅਜਿਹੀ ਪੁਨਰ-ਮੇਲਾਨ ਉਸ ਤਰੀਕ ਤੋਂ ਪ੍ਰਭਾਵੀ ਹੋਵੇਗਾ ਜੋ ਰਾਸ਼ਟਰਪਤੀ ਹੁਕਮ ਦੁਆਰਾ ਉਲਿੱਖਤ ਕਰੇ ਅਤੇ ਜਦ ਤੱਕ ਅਜਿਹਾ ਪੁਨਰ-ਮੇਲਾਨ ਦੇ ਪ੍ਰਭਾਵੀ ਨ ਹੋਣ ਤੱਕ ਵਿਧਾਨ ਸਭਾ ਦੇ ਲਈ ਕੋਈ ਚੋਣ ਉਨ੍ਹਾਂ ਪ੍ਰਾਦੇਸ਼ਕ ਚੋਣ-ਖੇਤਰਾਂ ਦੇ ਆਧਾਰ ਤੇ ਹੋ ਸਕੇਗਾ ਜੋ ਅਜਿਹੇ ਪੁਨਰ-ਮੇਲਾਨ ਦੇ ਪਹਿਲਾਂ ਮੌਜੂਦ ਹੈ :

ਪਰੰਤੂ ਇਹ ਵੀ ਕਿ ਜਦ ਤੱਕ ਸਾਲ [21][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨਗਣਨਾ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਨਹੀਂ ਹੋ ਜਾਂਦੇ ਹਨ ਤਦ ਤੱਕ

[24][ਇਸ ਖੰਡ ਦੇ ਅਧੀਨ,-

[21] ਸੰਵਿਧਾਨ (ਚੌਰਾਸੀਵੀਂ ਸੋਧ) ਐਕਟ, 2001 ਦੀ ਧਾਰਾ 5 ਦੁਆਰਾ "2000" ਅਤੇ "1971"ਦੀ ਥਾਵੇਂ ਰੱਖੇ ਗਏ।

[22] ਸੰਵਿਧਾਨ (ਸਤਾਸੀਵੀਂ ਸੋਧ) ਐਕਟ, 2003 ਦੀ ਧਾਰਾ 4 ਦੁਆਰਾ "1991"ਦੀ ਥਾਵੇਂ ਰੱਖੇ ਗਏ।

[23] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 29 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ ਕੀਤੇਗਏ।

[24] ਸੰਵਿਧਾਨ (ਚੌਰਾਸੀਵੀਂ ਸੋਧ) ਐਕਟ, 2001 ਦੀ ਧਾਰਾ 5 ਦੁਆਰਾ ਕੁਝ ਕੁ ਸ਼ਬਦਾਂ ਦੀ ਥਾਵੇਂ ਰੱਖੇ ਗਏ।



Ministry of Law & Justice

(i) ਹਰੇਕ ਰਾਜ ਦੀ ਵਿਧਾਨ ਸਭਾ ਵਿਚ 1971 ਦੀ ਜਨਗਣਨਾ ਦੇ ਆਧਾਰ ਤੇ ਪੁਨਰ-ਮੇਲਾਨ ਕੀਤੇ ਸਥਾਨਾਂ ਦੀ ਕੁੱਲ ਗਿਣਤੀ ਦਾ ;ਅਤੇ

(ii) ਅਜਿਹੇ ਰਾਜ ਦੇ ਪ੍ਰਾਦੇਸ਼ਕ ਚੋਣ-ਖੇਤਰਾਂ ਵਿਚ ਵੰਡ ਦਾ, ਜੋ [22][2001] ਦੀ ਜਨਗਣਨਾ ਦੇ ਆਧਾਰ ਤੇ ਪੁਨਰ-ਮੇਲਾਨ ਕੀਤੇ ਜਾਣ, ਪੁਨਰ-ਮੇਲਾਨ ਜ਼ਰੂਰੀ ਨਹੀਂ ਹੋਵੇਗਾ ।]

ਵਿਧਾਨ ਪਰਿਸ਼ਦਾਂ ਦੀ ਰਚਨਾ ।

171. (1) ਵਿਧਾਨ ਪਰਿਸ਼ਦ ਵਾਲੇ ਰਾਜ ਦੀ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਕੁਲ ਗਿਣਤੀ ਉਸ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਕੂਲ ਗਿਣਤੀ ਦੀ [25][ਇਕ ਤਿਹਾਈ] ਤੋਂ ਵੱਧ ਨਹੀਂ ਹੋਵੇਗੀ:

ਪਰੰਤੂ ਕਿਸੇ ਸੂਰਤ ਵਿਚ ਕਿਸੇ ਰਾਜ ਦੀ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਕੂਲ ਗਿਣਤੀ ਚਾਲਈ ਤੋਂ ਘੱਟ ਨਹੀਂ ਹੋਵੇਗੀ ।

(2) ਜਦ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਕਿਸੇ ਰਾਜ ਦੀ ਵਿਧਾਨ ਪਰਿਸ਼ਦ ਦੀ ਰਚਨਾ ਖੰਡ (3) ਵਿਚ ਉਪਬੰਧਤ ਜਿਹੀ ਹੋਵੇਗੀ ।

(3) ਕਿਸੇ ਰਾਜ ਦੀ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਕੂਲ ਗਿਣਤੀ ਵਿਚ-

(ੳ) ਜਿੱਥੋ ਤੱਕ ਹੋ ਸਕੇ, ਇਕ ਤਿਹਾਈ ਦੇ ਨੇੜੇ ਹਿੱਸਾ ਉਸ ਰਾਜ ਵਿਚਲੀਆਂ ਨਗਰਪਾਲਕਾਵਾਂ ਜਿਲਾ ਬੋਰਡਾਂ [ਅਤੇ  ਅਜਿਹੇ ਹੋਰ ਸਥਾਨਕ ਸੱਤਾਧਾਰੀਆਂ ਜਿਹੇ ਸੰਸਦ ਕਾਨੂੰਨ ਦੁਆਰਾ ਉਲਿਖਤ ਕਰੇ, ਦੇ ਮੈਂਬਰਾਂ ਤੋਂ ਮਿਲ ਕੇ ਬਣੇ ਚੋਣਕਾਰ-ਸਮੂਹਾਂ ਦੁਆਰਾ ਚੁਣਿਆ ਜਾਵੇਗਾ ;

(ਅ) ਜਿੱਥੋ ਤੱਕ ਹੋ ਸਕੇ, ਬਾਰ੍ਹਵੇਂ ਹਿੱਸੇ ਦੇ ਨੇੜੇ ਹਿੱਸਾ ਉਸ ਰਾਜ

[25] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 10 ਦੁਆਰਾ ਇਕ ਚੌਥਾਈ ਦੀ ਥਾਵੇਂ ਰਖਿਆ ਗਿਆ ।

Ministry of Law & Justice

ਵਿਚ ਨਿਵਾਸ ਕਰਦੇ ਵਿਅਕਤੀਆਂ ਤੋਂ ਮਿਲ ਕੇ ਬਣੇ ਚੋਣਕਾਰ-ਸਮੂਹਾਂ ਦੁਆਰਾ ਚੁਣਿਆ ਜਾਵੇਗਾ ਜੋ ਭਾਰਤ ਰਾਜਖੇਤਰ ਵਿਚਲੀ ਕਿਸੇ ਯੂਨੀਵਰਸਿਟੀ ਦੇ ਘੱਟ ਤੋਂ ਘੱਟ ਤਿੰਨ ਸਾਲ ਤੋਂ ਗ੍ਰੈਜੂਏਟ ਹੋਣ ਜਾਂ ਜਿਨ੍ਹਾਂ ਨੇ ਘੱਟ ਤੋਂ ਘੱਟ ਤਿੰਨ ਸਾਲ ਤੋਂ ਅਜਿਹੀਆਂ ਕਾਬਲੀਅਤਾਂ ਧਾਰਨ ਕੀਤੀਆਂ ਹੋਈਆਂ ਹੋਣ ਜੋ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਅਜਿਹੇ ਕਿਸੇ ਯੂਨੀਵਰਸਿਟੀ ਦੇ ਗ੍ਰੈਜੂਏਟ ਦੀਆਂ ਕਾਬਲੀਅਤਾਂ ਦੇ ਤੁੱਲ ਮੁਕੱਰਰ ਕੀਤੀਆਂ ਗਈਆਂ ਹੋਣ ;

(ਇ) ਜਿੱਥੋਂ ਤੱਕ ਹੋ ਸਕੇ, ਬਾਰ੍ਹਵੇਂ ਹਿੱਸੇ ਦੇ ਨੇੜੇ ਹਿੱਸਾ ਅਜਿਹੇ ਵਿਅਕਤੀਆਂ ਤੋਂ ਮਿਲ ਕੇ ਬਣੇ ਚੋਣਕਾਰ-ਸਮੂਹਾਂ ਦੁਆਰਾ ਚੁਣਿਆ ਜਾਵੇਗਾ ਜੋ ਉਸ ਰਾਜ ਅੰਦਰ ਅਜਿਹੀਆਂ ਸਿਖਿਆ ਸੰਸਥਾਵਾਂ ਵਿਚ, ਜੋ ਸੈਕੰਡਰੀ ਸਕੂਲ ਦੇ ਮਿਆਰ ਤੋਂ ਘੱਟ ਮਿਆਰ ਦੀਆਂ ਨ ਹੋਣ, ਪੜ੍ਹਾਉਣ ਦੇ ਕੰਮ ਵਿਚ ਘੱਟ ਤੋਂ ਘੱਟ ਤਿੰਨ ਸਾਲ ਤੋਂ ਲੱਗੇ ਹੋਏ ਹੋਣ, ਜਿਹੀਆਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕਰੱਰ ਕੀਤੀਆਂ ਜਾਣ ;

(ਸ) ਜਿੱਥੋ ਤੱਕ ਹੋ ਸਕੇ, ਇਕ-ਤਿਹਾਈ ਦੇ ਨੇੜੇ ਹਿੱਸਾ ਉਸ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਅਜਿਹੇ ਵਿਅਕਤੀਆਂ ਵਿਚ ਚੁਣਿਆ ਜਾਵੇਗਾ ਜੋ ਸਭਾ ਦੇ ਮੈਂਬਰ ਨ ਹੋਣ ;

(ਹ) ਬਾਕੀ ਹਿੱਸਾ ਰਾਜਪਾਲ ਦੁਆਰਾ ਖੰਡ (5) ਦੇ ਉਪਬੰਧ ਦੀ ਅਨੁਸਾਰਤਾ ਵਿਚ ਨਾਮਜਦ ਕੀਤਾ ਜਾਵੇਗਾ ।

(4) ਖੰਡ (3) ਦੇ ਉਪਖੰਡਾਂ (ੳ), (ਅ) ਅਤੇ (ਇ) ਦੇ ਅਧੀਨ ਚੁਣੇ ਜਾਣ ਵਾਲੇ ਮੈਂਬਰ ਅਜਿਹੇ ਪ੍ਰਦੇਸ਼ਕ ਚੋਣ-ਹਲਕਿਆਂ ਵਿੱਚੋਂ ਚੁਣੇ ਜਾਣਗੇ ਜਿਹੇ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕਰੱਰ ਕੀਤੇ ਜਾਣ, ਅਤੇ ਉਕਤ ਉਪਖੰਡਾਂ ਦੇ ਅਧੀਨ ਅਤੇ ਉਕਤ ਖੰਡ ਦੇ ਉਪ-ਖੰਡ (ਸ) ਦੇ ਅਧੀਨ ਹੋਣ ਵਾਲੀਆਂ ਚੋਣਾ ਅਨੁਪਾਤੀ ਪ੍ਰਤੀਨਿਤਾ ਦੇ ਕਾਇਦੇ ਦੀ ਅਨੁਸਾਰਤਾ ਵਿਚ ਇਕਹਿਰੀ ਬਦੋਲਈਯੋਗ ਵੋਟ

Ministry of Law & Justice

ਦੁਆਰਾ ਕੀਤੀਆਂ ਜਾਣਗੀਆਂ।

(5) ਖੰਡ (3) ਦੇ ਉਪ-ਖੰਡ (ਹ) ਦੇ ਅਧੀਨ ਰਾਜਪਾਲ ਦੁਆਰਾ ਨਾਮਜਦ ਕੀਤੇ ਜਾਣ ਵਾਲੇ ਮੈਂਬਰ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਹੇਠ-ਲਿਖੇ ਜਿਹੇ ਮਾਮਲਿਆਂ ਬਾਰੇ ਵਿਸ਼ੇਸ ਗਿਆਨ ਜਾਂ ਅਮਲੀ ਤਜਰਬਾ ਹੋਵੇ, ਅਰਥਾਤ :-

ਸਾਹਿਤ, ਵਿਗਿਆਨ, ਕਲਾ, ਸਹਿਕਾਰੀ ਅੰਦੋਲਨ ਅਤੇ ਸਮਾਜਕ ਸੇਵਾ।

ਰਾਜ ਦੇ ਵਿਧਾਨ-ਮੰਡਲਾਂ ਦੀ ਮਿਆਦ।

172. (1) ਹਰਿਕ ਰਾਜ ਦੀ ਹਰਿਕ ਵਿਧਾਨ-ਸਭਾ, ਜੇਕਰ ਪਹਿਲਾਂ ਹੀ ਨ ਤੋੜ ਦਿੱਤੀ ਗਈ ਹੋਵੇ, ਆਪਣੀ ਪਹਿਲੀ ਇਕੱਤਰਤਾ ਲਈ ਨਿਯੁਕਤ ਤਰੀਕ ਤੋ [26][ਪੰਜ ਸਾਲ] ਤੱਕ ਜਾਰੀ ਰਹੇਗੀ ਅਤੇ ਇਸ ਤੋਂ ਵੱਧ ਨਹੀਂ ਅਤੇ [26][ਪੰਜ ਸਾਲ] ਦੀ ਉਕਤ ਮੁਦੱਤ ਦਾ ਗੁਜ਼ਰਨਾ ਉਸ ਵਿਧਾਨ ਸਭਾ ਦੇ ਭੰਗ ਕਰਨ ਦਾ ਅਸਰ ਰੱਖੇਗਾ :

ਪਰੰਤੂ ਉਕਤ ਮੁਦੱਤ ਨੂੰ, ਜਦ ਤੱਕ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਸੰਸਦ ਕਾਨੂੰਨ ਦੁਆਰਾ ਕਿਸੇ ਮੁਦੱਤ ਲਈ ਜੋ ਇਕ ਵਾਰ ਇਕ ਸਾਲ ਤੋਂ ਵੱਧ ਨਹੀਂ ਹੋਵੇਗੀ ਵਧਾ ਸਕੇਗੀ ਅਤੇ ਕਿਸੇ ਸੂਰਤ ਵਿਚ ਘੋਸ਼ਣਾ ਦੇ ਅਮਲ ਦਾ ਅੰਤ ਹੋ ਜਾਣ ਪਿੱਛੋਂ ਛੇ ਮਹੀਨੇ ਦੀ ਮੁੱਦਤ ਤੋਂ ਬਾਅਦ ਵਿਸਤਰਿਤ ਨਹੀਂ ਹੋਵੇਗੀ।

(2) ਰਾਜ ਦੀ ਵਿਧਾਨ ਪਰਿਸ਼ਦ ਦਾ ਤੁੜਾਓ ਨਹੀਂ ਹੋਵੇਗਾ, ਪਰ ਉਸ ਦੇ ਮੈਂਬਰਾਂ ਵਿਚੋ ਜਿਥੋਂ ਤੱਕ ਸੰਭਵ ਹੋਵੇ ਇਕ-ਤਿਹਾਈ ਦੇ ਨੇੜੇ ਸੰਸਦ ਦੇ ਕਾਨੂੰਨ ਦੁਆਰਾ ਉਸ ਨਮਿੱਤ ਬਣਾਏ ਗਏ ਉਪਬੰਧਾਂ ਦੀ ਅਨੁਸਾਰਤਾ ਵਿਚ, ਹਰਿਕ ਦੂਜੇ ਸਾਲ ਦੇ ਗੁਜਰਨ ਤੋਂ ਜਿਨੀ ਛੇਤੀ ਹੋ ਸਕੇ ਨਿਵਿਰਤ ਹੋ ਜਾਣਗੇ।

---

[26] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 24 ਦੁਆਰਾ (06.09.1979 ਤੋਂ ਪ੍ਰਭਾਵੀ) "ਛੇ ਸਾਲ" ਦੀ ਥਾਵੇਂ ਰੱਖੇ ਗਏ। ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 30 ਦੁਆਰਾ (03.01.1977 ਤੋਂ ਪ੍ਰਭਾਵੀ) "ਪੰਜ ਸਾਲ" ਦੀ ਥਾਵੇਂ "ਛੇ ਸਾਲ" ਰੱਖੇ ਗਏ ਸਨ।



Ministry of Law & Justice

ਰਾਜ ਵਿਧਾਨ-ਮੰਡਲ ਦੀ ਮੈਂਬਰੀ ਲਈ ਕਾਬਲਈਅਤਾ।

173. ਕੋਈ ਵਿਅਕਤੀ ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਕਿਸੇ ਥਾਂ ਨੂੰ ਭਰਨ ਲਈ ਚੁਣੇ ਜਾਣ ਦੇ ਕਾਬਲ ਨਹੀਂ ਹੋਵੇਗਾ ਜੇਕਰ, ਉਹ -

[27][(ੳ) ਭਾਰਤ ਦਾ ਨਾਗਰਿਕ ਨ ਹੋਵੇ, ਅਤੇ ਚੋਣ ਕਮਿਸ਼ਨ ਦੁਆਰਾ ਉਸ ਨਮਿੱਤ ਅਖਤਿਆਰਤ ਕਿਸੇ ਵਿਅਕਤੀ ਅੱਗੇ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਦੇ ਅਨੁਸਾਰ ਸੰਹੁ ਨ ਚੁਕੇ ਜਾਂ ਪ੍ਰਤਿੱਗਿਆ ਨ ਕਰੇ ਅਤੇ ਉਸ ਤੇ ਸਹੀ ਨ ਪਾਵੇ ;]

(ਅ) ਵਿਧਾਨ ਸਭਾ ਦੀ ਕਿਸੇ ਥਾਂ ਦੀ ਸੂਰਤ ਵਿਚ ਘੱਟ ਤੋਂ ਘੱਟ ਪੰਝੀ ਸਾਲ ਦੀ ਉਮਰ ਦਾ ਅਤੇ, ਵਿਧਾਨ ਪਰਿਸ਼ਦ ਦੀ ਕਿਸੇ ਥਾਂ ਦੀ ਸੂਰਤ ਵਿਚ, ਘੱਟ ਤੋਂ ਘੱਟ ਤੀਹ ਸਾਲ ਦੀ ਉਮਰ ਦਾ ਨ ਹੋਵੇ, ਅਤੇ;

(ਇ) ਅਜਿਹੀਆਂ ਹੋਰ ਕਾਬਲੀਅਤਾਂ ਨ ਰੱਖਦਾ ਹੋਵੇ ਜਿਹੀਆਂ ਉਸ ਨਮਿਤ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਮੁਕੱਰਰ ਕੀਤੀਆਂ ਜਾਣ।

ਰਾਜ ਵਿਧਾਨ-ਮੰਡਲ ਦੇ ਇਜਲਾਸ, ਉਨਾ ਦੇਣ ਅਤੇ ਤੁੜਾਓ।

[28][174. (1) ਰਾਜਪਾਲ ਸਮੇਂ ਸਮੇਂ ਤੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਹਰੇਕ ਸਦਨ ਨੂੰ ਅਜਿਹੇ ਸਮੇਂ ਅਤੇ ਸਥਾਨ ਤੇ, ਜਿਹਾ ਉਹ ਉਚਿਤ ਸਮਝੇ, ਇਕੱਤਰ ਹੋਣ ਲਈ ਬੁਲਾਵੇਗਾ, ਪਰ ਉਸ ਦੇ ਇਕ ਇਜਲਾਸ ਦੀ ਅੰਤਮ ਬੈਠਕ ਅਤੇ ਉਸ ਦੇ ਅਗਲੇ ਇਜਲਾਸ ਦੀ ਪਹਿਲੀ ਬੈਠਕ ਲਈ ਨਿਯਤ ਤਰੀਕ ਦੇ ਵਿਚਕਾਰ ਛੇ ਮਹੀਨੇ ਨਹੀਂ ਪੈਣਗੇ।

(2) ਰਾਜ ਪਾਲ ਸਮੇਂ ਸਮੇਂ ਤੇ-

(ੳ) ਸਦਨ ਜਾਂ ਕਿਸੇ ਸਦਨ ਨੂੰ ਉਠਾ ਸਕੇਗਾ ;

---

[27] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963, ਧਾਰਾ 4 ਦੁਆਰਾ ਖੰਡ (ੳ) ਦੀ ਥਾਵੇਂ ਰੱਖਿਆ ਗਿਆ।

[28] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 8 ਦੁਆਰਾ ਮੂਲ ਅਨੁਛੇਦ ਦੀ ਥਾਵੇਂ ਰਖਿਆ ਗਿਆ।



Ministry of Law & Justice

(ਅ) ਵਿਧਾਨ ਸਭਾ ਨੂੰ ਤੋੜ ਸਕੇਗਾ ।]

ਰਾਜ ਪਾਲ ਦਾ ਸਦਨ ਜਾਂ ਸਦਨਾਂ ਨੂੰ ਸੰਬੋਧਨ ਕਰਨ ਅਤੇ ਸੰਦੇਸ਼ ਭੇਜਣ ਦਾ ਅਧਿਕਾਰ ।

175. (1) ਰਾਜਪਾਲ ਵਿਧਾਨ ਸਭਾ ਨੂੰ ਜਾਂ,ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਸੂਰਤ ਵਿਚ, ਉਸ ਰਾਜ ਦੇ ਵਿਧਾਨ -ਮੰਡਲ ਦੇ ਕਿਸੇ ਇਕ ਸਦਨ ਨੂੰ, ਜਾਂ ਮਿਸ ਇਕੱਠੇ ਹੋਏ ਦੋਹਾਂ ਸਦਨਾਂ ਨੂੰ ਸੰਬੋਧਨ ਕਰ ਸਕੇਗਾ, ਅਤੇ ਉਸ ਪ੍ਰਯੋਜਨ ਲਈ ਮੈਂਬਰਾਂ ਦੀ ਹਾਜਰੀ ਲੋੜ ਸਕੇਗਾ ।

(2) ਰਾਜਪਾਲ ਭਾਵੇਂ ਰਾਜ ਦੇ ਵਿਧਾਨ-ਮੰਡਲ ਵਿਚ ਉਦੋਂ ਲੰਬਿਤ ਕਿਸੇ ਬਿਲ ਬਾਰੇ ਜਾਂ ਹੋਰਵੇਂ, ਉਸ ਵਿਧਾਨ-ਮੰਡਲ ਦੇ ਸਦਨ ਜਾਂ ਸਦਨਾਂ ਨੂੰ ਸੰਦੇਸ਼ ਭੇਜ ਸਕੇਗਾ ਅਤੇ ਉਹ ਸਦਨ ਜਿਸ ਨੂੰ ਕੋਈ ਸੰਦੇਸ਼ ਇਸ ਤਰ੍ਹਾਂ ਭੇਜਿਆ ਗਿਆ ਹੋਵੇ ਉਸ ਸੰਦੇਸ਼ ਦੁਆਰਾ ਵਿਚਾਰ ਕਰਨ ਲਈ ਲੋੜੇ ਮਾਮਲੇ ਤੇ ਪੂਰੀ ਸੋਖ-ਪੂਰਬਕ ਸ਼ੀਘਰਤਾ ਨਾਲ ਵਿਚਾਰ ਕਰੇਗਾ ।

ਰਾਜਪਾਲ ਦਾ ਵਿਸ਼ੇਸ਼ ਭਾਸ਼ਣ ।

176. (1) [29][ਵਿਧਾਨ ਸਭਾ ਲਈ ਹਰੇਕ ਸਧਾਰਨ ਚੋਣ ਪਿੱਛੋਂ ਪਹਿਲੇ ਇਜਲਾਸ ਦੇ ਅਰੰਭ ਤੇ ਅਤੇ ਹਰੇਕ ਸਾਲ ਦੇ ਪਹਿਲੇ ਇਜਲਾਸ ਦੇ ਅਰੰਭ ਤੇ] ਰਾਜਪਾਲ ਵਿਧਾਨ ਸਭਾ ਨੂੰ ਜਾਂ, ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਸੂਰਤ ਵਿਚ, ਮਿਲ ਇਕੱਠੇ ਹੋਏ ਦੋਹਾਂ ਸਦਨਾਂ ਨੂੰ, ਸੰਬੋਧਤ ਕਰੇਗਾ ਅਤੇ ਵਿਧਾਨ-ਮੰਡਲ ਨੂੰ ਉਸ ਦੇ ਬੁਲਾਉਣ ਦੇ ਕਾਰਨ ਦਸੇਗਾ ।

(2) ਸਦਨ ਜਾਂ ਕਿਸੇ ਸਦਨ ਦੇ ਜ਼ਾਬਤੇ ਦਾ ਵਿਨਿਯਮਨ ਕਰਨ ਵਾਲੇ ਨਿਯਮਾਂ ਦੁਆਰਾ ਅਜਿਹੇ ਭਾਸ਼ਣ ਵਿਚ ਹਵਾਲਾ ਦਿੱਤੇ ਗਏ ਮਾਮਲਿਆਂ ਦੀ ਚਰਚਾ ਲਈ ਸਮਾਂ ਅਲਾਟ ਕਰਨ ਲਈ [30]* * * ਉਪਬੰਧ ਕੀਤਾ ਜਾਵੇਗਾ ।

---

[29] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 9 ਦੁਆਰਾ "ਹਰਿਕ ਇਜਲਾਸ" ਦੀ ਥਾਵੇਂ ਰੱਖੇ ਗਏ ।

[30] ਸ਼ਬਦ "ਅਤੇ ਸਦਨ ਦੇ ਹੋਰ ਕਾਰਜਨਾਲੋਂ ਇਸ ਚਰਚਾ ਨੂੰ ਪਹਿਲ ਦੇਣ ਲਈ" ਸੰਵਿਧਾਨ (ਪਹਿਲੀ ਸੋਧ) ਐਕਟ, 1951 ਦੀ ਧਾਰਾ 9 ਦੁਆਰਾ ਲੋਪ ਕਰ ਦਿੱਤੇ ਗਏ ।

ਸਦਨਾਂ ਬਾਰੇ ਮੰਤਰੀਆਂ ਅਤੇ ਐਡਵੋਕੇਟ-ਜਨਰਲ ਦੇ ਅਧਿਕਾਰ।

177. ਕਿਸੇ ਰਾਜ ਦੇ ਹਰਿਕ ਮੰਤਰੀ ਅਤੇ ਐਡਵੋਕੇਟ-ਜਨਰਲ ਨੂੰ ਅਧਿਕਾਰ ਹੋਵੇਗਾ ਕਿ ਉਹ ਉਸ ਰਾਜ ਦੀ ਵਿਧਾਨ ਸਭਾ ਵਿਚ ਜਾਂ, ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਸੂਰਤ ਵਿਚ, ਦੋਹਾਂ ਸਦਨਾਂ ਵਿਚ ਬੋਲੇ, ਅਤੇ ਹੋਰਵੇਂ ਉਨ੍ਹਾਂ ਦੀਆਂ ਕਾਰਵਾਈਆਂ ਵਿਚ ਭਾਗ ਲਵੇ, ਅਤੇ ਵਿਧਾਨ-ਮੰਡਲ ਦੀ ਕਿਸੇ ਕਮੇਟੀ ਵਿਚ ਜਿਸ ਵਿਚ ਉਸ ਦਾ ਨਾਂ ਮੈਂਬਰ ਵਜੋਂ ਦਿੱਤਾ ਗਿਆ ਹੋਵੇ, ਬੋਲੇ, ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਵਿਚ ਭਾਗ ਲਵੇ, ਪਰ ਇਸ ਅਨੁਛੇਦ ਦੇ ਆਧਾਰ ਤੇ, ਉਸ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ।

## ਰਾਜ ਵਿਧਾਨ ਮੰਡਲ ਦੇ ਅਫਸਰ

ਵਿਧਾਨ ਸਭਾ ਦਾ ਸਪੀਕਰ ਅਤੇ ਡਿਪਟੀ ਸਪੀਕਰ।

178 ਰਾਜ ਦੀ ਹਰਿਕ ਵਿਧਾਨ ਸਭਾ, ਜਿੰਨੀ ਛੇਤੀ ਹੋ ਸਕੇ, ਆਪਣੇ ਦੋ ਮੈਂਬਰਾਂ ਨੂੰ ਕ੍ਰਮਵਾਰ ਆਪਣਾ ਸਪੀਕਰ ਅਤੇ ਡਿਪਟੀ ਸਪੀਕਰ ਚੁਣੇਗੀ ਅਤੇ, ਜਦ ਜਦ ਸਪੀਕਰ ਜਾਂ ਡਿਪਟੀ-ਸਪੀਕਰ ਦਾ ਅਹੁਦਾ ਖ਼ਾਲੀ ਹੋਵੇ, ਤਦ ਤੱਕ ਉਹ ਸਭਾ ਕਿਸੇ ਹੋਰ ਮੈਂਬਰ ਨੂੰ ਸਪੀਕਰ ਜਾਂ ਡਿਪਟੀ ਸਪੀਕਰ, ਜਿਹੀ ਕੀ ਸੂਰਤ ਹੋਵੇ, ਚੁਣੇਗੀ।

ਸਪੀਕਰ ਅਤੇ ਡਿਪਟੀ ਸਪੀਕਰ ਦੇ ਅਹੁਦਿਆਂ ਦਾ ਖ਼ਾਲੀ ਹੋਣ ਅਤੇ ਤੋਂ ਅਸਤੀਫਾ, ਅਤੇ ਹਟਾਇਆ ਜਾਣਾ।

179. ਕਿਸੇ ਵਿਧਾਨ ਸਭਾ ਦੇ ਸਪੀਕਰ ਜਾਂ ਡਿਪਟੀ ਸਪੀਕਰ ਵਜੋਂ ਅਹੁਦਾ ਧਾਰਨ ਕਰਦਾ ਮੈਂਬਰ -

(ੳ) ਜੇ ਸਭਾ ਦਾ ਮੈਂਬਰ ਨ ਰਹੇ ਤਾਂ ਆਪਣਾ ਅਹੁਦਾ ਖ਼ਾਲੀ ਕਰ ਦੇਵੇਗਾ ;

(ਅ) ਕਿਸੇ ਸਮੇਂ, ਜੇ ਅਜਿਹਾ ਮੈਂਬਰ ਸਪੀਕਰ ਹੋਵੇ, ਡਿਪਟੀ ਸਪੀਕਰ ਨੂੰ, ਅਤੇ ਜੇ ਅਜਿਹਾ ਮੈਂਬਰ ਡਿਪਟੀ ਸਪੀਕਰ ਹੋਵੇ, ਸਪੀਕਰ ਨੂੰ, ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ; ਅਤੇ

(ੲ) ਵਿਧਾਨ ਸਭਾ ਦੇ ਉਸ ਸਮੇਂ ਕੁਲ ਮੈਂਬਰਾਂ ਦਾ ਬਹੁਸੰਮਤੀ ਨਾਲ ਪਾਸ ਕੀਤੇ ਗਏ ਸਭਾ ਦੇ ਮਤੇ ਦੁਆਰਾ ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ :

Ministry of Law & Justice

ਪਰੰਤੂ ਖੰਡ (ਇ) ਦੇ ਪ੍ਰਯੋਜਨ ਲਈ ਕੋਈ ਮਤਾ ਪੇਸ਼ ਨਹੀਂ ਕੀਤਾ ਜਾਵੇਗਾ ਜੇਕਰ ਉਸ ਮਤੇ ਨੂੰ ਪੇਸ਼ ਕਰਨ ਦੇ ਇਰਾਦੇ ਦਾ ਘੱਟ ਤੋਂ ਘੱਟ ਚੌਦਾਂ ਦਿਨ ਦਾ ਨੋਟਿਸ ਨ ਦਿੱਤਾ ਗਿਆ ਹੋਵੇ :

ਪਰੰਤੂ ਇਹ ਹੋਰ ਕਿ, ਜਦ ਕਦੇ ਵਿਧਾਨ ਸਭਾ ਤੋੜ ਦਿੱਤੀ ਜਾਵੇ, ਤਾਂ ਤੁੜਾਓ ਪਿੱਛੋਂ ਹੋਣ ਵਾਲੀ ਵਿਧਾਨ ਸਭਾ ਦੀ ਪਹਿਲੀ ਇਕੱਤਰਤਾ ਦੇ ਤੁੰਰਤ ਪਹਿਲਾਂ ਤੱਕ ਸਪੀਕਰ ਆਪਣਾ ਅਹੁਦਾ ਖ਼ਾਲੀ ਨਹੀਂ ਕਰੇਗਾ ।

**ਡਿਪਟੀ ਸਪੀਕਰ ਜਾਂ ਹੋਰ ਵਿਅਕਤੀ ਦੀ ਸਪੀਕਰ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਪੀਕਰ ਵਜੋਂ ਕਾਰਜ ਕਰਨ ਦੀ ਸ਼ਕਤੀ ।**

180(1) ਜਦ ਤੱਕ ਸਪੀਕਰ ਦਾ ਅਹੁਦਾ ਖ਼ਾਲੀ ਹੋਵੇ, ਡਿਪਟੀ ਸਪੀਕਰ ਜਾਂ ਜੇ ਡਿਪਟੀ ਸਪੀਕਰ ਦਾ ਅਹੁਦਾ ਵੀ ਖ਼ਾਲੀ ਹੋਵੇ, ਤਾਂ ਵਿਧਾਨ ਸਭਾ ਦਾ ਅਜਿਹਾ ਮੈਂਬਰ ਜਿਸ ਨੂੰ ਰਾਜਪਾਲ ਉਸ ਪ੍ਰਯੋਜਨ ਲਈ ਨਿਯੁਕਤ ਕਰੇ ਉਸ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰੇਗਾ ।

(2) ਵਿਧਾਨ ਸਭਾ ਦੀ ਕਿਸੇ ਬੈਠਕ ਤੋਂ ਸਪੀਕਰ ਦੀ ਗੈਰਹਾਜਰੀ ਦੇ ਦੌਰਾਨ ਡਿਪਟੀ ਸਪੀਕਰ ਜਾਂ, ਜੇ ਉਹ ਵੀ ਗੈਰਹਾਜਰ ਹੋਵੇ, ਤਾਂ ਅਜਿਹਾ ਵਿਅਕਤੀ ਜੋ ਸਭਾ ਦੇ ਜ਼ਾਬਤੇ ਦੇ ਨਿਯਮਾਂ ਦੁਆਰਾ ਤੈਅ ਕੀਤਾ ਜਾਵੇ, ਜਾਂ, ਜੇ ਅਜਿਹਾ ਕੋਈ ਵਿਅਕਤੀ ਹਾਜਰ ਨ ਹੋਵੇ, ਤਾਂ ਅਜਿਹਾ ਹੋਰ ਵਿਅਕਤੀ ਜੋ ਉਸ ਸਭਾ ਦੁਆਰਾ ਤੈਅ ਕੀਤਾ ਜਾਵੇ ਸਪੀਕਰ ਵਜੋ ਕਾਰਜ ਕਰੇਗਾ ।

**ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਦਾ ਕੋਈ ਮਤਾ ਵਿਚਾਰ ਅਧੀਨ ਹੋਵੇ ਸਪੀਕਰ ਜਾਂ ਡਿਪਟੀ ਸਪੀਕਰ ਦਾ ਪ੍ਰਧਾਨਗੀ ਨ ਕਰਨਾ ।**

181. (1) ਵਿਧਾਨ ਸਭਾ ਦੀ ਕਿਸੇ ਬੈਠਕ ਵਿਚ, ਜਦ ਤੱਕ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਪੀਕਰ, ਜਾਂ ਜਦ ਤੱਕ ਡਿਪਟੀ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਡਿਪਟੀ ਸਪੀਕਰ, ਭਾਵੇਂ ਉਹ ਹਾਜਰ ਹੋਵੇ, ਪ੍ਰਧਾਨਗੀ ਨਹੀਂ ਕਰੇਗਾ, ਅਤੇ ਅਨੁਛੇਦ 180 ਦੇ ਖੰਡ (2) ਕੇ ਉਪਬੰਧ ਉਸੇ ਤਰ੍ਹਾਂ ਹਰਿਕ ਅਜਿਹੀ ਬੈਠਕ ਦੇ ਸੰਬੰਧ ਵਿਚ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਉਸ ਬੈਠਕ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ਜਿਸ ਤੋਂ ਸਪੀਕਰ ਜਾਂ, ਡਿਪਟੀ ਸਪੀਕਰ, ਜਿਹੀ ਕਿ ਸੂਰਤ ਹੋਵੇ, ਗੈਰਹਾਜਰ ਹੋਵੇ ।

Ministry of Law & Justice

(2) ਜਦ ਤੱਕ ਸਪੀਕਰ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਧਾਨ ਸਭਾ ਦੇ ਵਿਚਾਰ ਅਧੀਨ ਹੋਵੇ, ਉਸ ਨੂੰ ਸਭਾ ਵਿਚ ਬੋਲਣ, ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਦੇ ਦੌਰਾਨ ਭਾਗ ਲੈਣ ਦਾ ਅਧਿਕਾਰ ਹੋਵੇਗਾ ਅਤੇ, ਅਨੁਛੇਦ 189 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੇ ਮਤੇ ਤੇ ਜਾਂ ਅਜਿਹੀਆਂ ਕਾਰਵਾਈਆਂ ਦੇ ਦੋਰਾਨ ਕਿਸੇ ਹੋਰ ਮਾਮਲੇ ਤੇ ਕੇਵਲ ਪਹਿਲੀ ਵਾਰ ਵੋਟ ਦੇਣ ਦਾ ਹੱਕ ਹੋਵੇਗਾ ਪਰ ਵੋਟਾਂ ਬਰਾਬਰ ਹੋਣ ਦੀ ਸੂਰਤ ਵਿਚ ਨਹੀਂ ਹੋਵੇਗਾ।

**ਵਿਧਾਨ ਪਰਿਸ਼ਦ ਦੇ ਸਭਾਪਤੀ ਅਤੇ ਉਪ-ਸਭਾਪਤੀ।**

182. ਹਰਿਕ ਰਾਜ ਦੀ ਵਿਧਾਨ ਪਰਿਸ਼ਦ, ਜਿੱਥੇ ਅਜਿਹੀ ਪਰਿਸ਼ਦ ਹੋਵੇ, ਜਿੰਨੀ ਛੇਤੀ ਹੋ ਸਕੇ, ਆਪਣੇ ਦੇ ਮੈਂਬਰਾਂ ਨੂੰ ਕ੍ਰਮਵਾਰ ਆਪਣਾ ਸਭਾਪਤੀ ਅਤੇ ਉਪ-ਸਭਾਪਤੀ ਚੁਣੇਗੀ ਅਤੇ, ਜਦ ਜਦ ਸਭਾਪਤੀ ਜਾਂ ਉਪ ਸਭਾਪਤੀ ਦਾ ਅਹੁਦਾ ਖ਼ਾਲੀ ਹੋਵੇ, ਤਦ ਤਦ ਉਹ ਪਰਿਸ਼ਦ ਕਿਸੇ ਹੋਰ ਮੈਂਬਰ ਨੰ ਆਪਣਾ ਸਭਾਪਤੀ ਜਾਂ ਉਪ-ਸਭਾਪਤੀ, ਜਿਹੀ ਕੀ ਸੂਰਤ ਹੋਵੇ, ਚੁਣੇਗੀ।

**ਸਭਾਪਤੀ ਅਤੇ ਉਪ-ਸਭਾਪਤੀ ਦੇ ਅਹੁਦਿਆਂ ਦਾ ਖ਼ਾਲੀ ਹੋਣਾ ਅਤੇ ਤੋਂ ਅਸਤੀਫਾ, ਅਤੇ ਹਟਾਇਆ ਜਾਣਾ।**

183.ਕਿਸੇ ਵਿਧਾਨ ਪਰਿਸ਼ਦ ਦੇ ਸਭਾਪਤੀ ਜਾਂ ਉਪ-ਸਭਾਪਤੀ ਵਜੋਂ ਅਹੁਦਾ ਧਾਰਨ ਕਰਦਾ ਮੈਂਬਰ --

(ੳ) ਜੇ ਉਹ ਪਰਿਸ਼ਦ ਦਾ ਮੈਂਬਰ ਨ ਰਹੇ ਤਾਂ ਆਪਣਾ ਅਹੁਦਾ ਖ਼ਾਲੀ ਕਰ ਦੇਵੇਗਾ ;

(ਅ) ਕਿਸੇ ਸਮੇਂ ਆਪਣੇ ਦਸਖਤੀ ਲੇਖ ਦੁਆਰਾ ਜੋ ਉਪ-ਸਭਾਪਤੀ ਨੂੰ ਸੰਬੋਧਤ ਹੋਵੇਗਾ, ਜੇ ਉਹ ਮੈਂਬਰ ਸਭਾਪਤੀ ਹੋਵੇ, ਅਤੇ ਸਭਾ-ਪਤੀ ਨੂੰ ਸੰਬੋਧਤ ਹੋਵੇਗਾ, ਜੇ ਉਹ ਮੈਂਬਰ ਉਪ-ਸਭਾਪਤੀ ਹੋਵੇ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ; ਅਤੇ

(ੲ) ਉਸ ਪਰਿਸ਼ਦ ਦੇ ਉਸ ਸਮੇਂ ਕੁਲ ਮੈਂਬਰਾਂ ਦੀ ਬਹੁਸੰਮਤੀ ਨਾਲ ਪਾਸ ਕੀਤੇ ਗਏ, ਪਰਿਸ਼ਦ ਦੇ ਮਤੇ ਦੁਆਰਾ ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ :

Ministry of Law & Justice

ਪਰੰਤੂ ਖੰਡ (ਇ) ਦੇ ਪ੍ਰਯੋਜਨ ਲਈ ਕੋਈ ਮਤਾ ਪੇਸ਼ ਨਹੀਂ ਕੀਤਾ ਜਾਵੇਗਾ ਜੇਕਰ ਉਸ ਮਤੇ ਨੂੰ ਪੇਸ਼ ਕਰਨ ਦੇ ਇਰਾਦੇ ਦਾ ਘੱਟ ਤੋਂ ਘੱਟ ਚੋਦਾਂ ਦਿਨ ਦਾ ਨੋਟਿਸ ਨ ਦੇ ਦਿੱਤਾ ਗਿਆ ਹੋਵੇ।

**ਉਪ-ਸਭਾਪਤੀ ਜਾਂ ਹੋਰ ਵਿਅਕਤੀ ਦੀ ਸਭਾਪਤੀ ਦੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਦੀ, ਜਾਂ ਸਭਾਪਤੀ ਵਜੋਂ ਕਾਰਜਕਰਨ ਦੀ ਸ਼ਕਤੀ।**

184 (1) ਜਦ ਤੱਕ ਸਭਾਪਤੀ ਦਾ ਅਹੁਦਾ ਖ਼ਾਲੀ ਹੋਵੇ, ਉਪ-ਸਭਾਪਤੀ ਜਾਂ, ਜੋ ਉਪ-ਸਭਾਪਤੀ ਦਾ ਅਹੁਦਾ ਵੀ ਖ਼ਾਲੀ ਹੋਵੇ, ਵਿਧਾਨ ਪਰਿਸ਼ਦ ਦਾ ਅਜਿਹਾ ਮੈਂਬਰ, ਜਿਸ ਨੂੰ ਰਾਜਪਾਲ ਉਸ ਪ੍ਰਯੋਜਨ ਲਈ ਨਿਯੁਕਤ ਕਰੇ ਉਸ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰੇਗਾ।

(2) ਵਿਧਾਨ ਪਰਿਸ਼ਦ ਦੀ ਕਿਸੇ ਬੈਠਕ ਤੋਂ ਸਭਾਪਤੀ ਦੀ ਗੈਰਹਾਜਰੀ ਦੇ ਦੌਰਾਨ ਉਪ ਸਭਾਪਤੀ, ਜਾਂ, ਜੇ ਉਹ ਵੀ ਗੈਰਹਾਜਰ ਹੋਵੇ, ਅਜਿਹਾ ਵਿਅਕਤੀ ਜੋ ਪਰਿਸ਼ਦ ਦੇ ਜ਼ਾਬਤੇ ਦੇ ਨਿਯਮਾਂ ਦੁਆਰਾ ਤੈਅ ਕੀਤਾ ਜਾਵੇ, ਜਾਂ. ਜੇ ਅਜਿਹਾ ਕੋਈ ਵਿਅਕਤੀ ਜੋ ਪਰਿਸ਼ਦ ਦੁਆਰਾ ਤੈਅ ਕੀਤਾ ਜਾਵੇ, ਸਭਾਪਤੀ ਵਜੋਂ ਕਾਰਜ ਕਰੇਗਾ।

**ਜਦ ਤੱਕ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਭਾਪਤੀ ਦਾ ਜਾਂ ਉਪ-ਸਭਾਪਤੀ ਦਾ ਪ੍ਰਧਾਨਗੀ ਨ ਕਰਨਾ।**

185. (1) ਵਿਧਾਨ ਪਰਿਸ਼ਦ ਦੀ ਕਿਸੇ ਬੈਠਕ ਵਿਚ, ਜਦ ਤੱਕ ਸਭਾਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਾਰ ਅਧੀਨ ਹੋਵੇ, ਸਭਾਪਤੀ, ਜਾਂ ਜਦ ਤੱਕ ਉਪ-ਸਭਾਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ ਮਤਾ ਵਿਚਰਾ ਅਧੀਨ ਹੋਵੇ, ਉਪ-ਸਭਾਪਤੀ, ਭਾਵੇਂ ਉਹ ਰਾਜਰ ਹੋਵੇ, ਪ੍ਰਦਾਨਗੀ ਨਹੀਂ ਕਰੇਗਾ, ਅਤੇ ਅਨੁਛੇਦ 184 ਕੇ ਖੰਡ (2) ਦੇ ਉਪਬੰਧ ਉਸੇ ਤਰ੍ਹਾਂ ਹਰਿਕ ਅਜਿਹੀ ਬੈਠਕ ਦੇ ਸੰਬੰਧ ਵਿਚ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਉਸ ਬੈਠਕ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ਜਿਸ ਤੋਂ ਸਭਾਪਤੀ ਜਾਂ ਉਪ ਸਭਾਪਤੀ , ਜਿਹੀ ਕਿ ਸੂਰਤ ਹੋਵੇ, ਗੈਰਹਾਜਰ ਹੋਵੇ।

(2) ਜਦ ਤੱਕ ਸਭਾਪਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਕੋਈ

Ministry of Law & Justice

ਮਤਾ ਵਿਧਾਨ ਪਰਿਸ਼ਦ ਦੇ ਵਿਚਾਰ ਅਧੀਨ ਹੋਵੇ ਉਸ ਨੂੰ ਪਰਿਸ਼ਦ ਵਿਚ ਬੋਲਣ, ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਵਿਚ ਭਾਗ ਲੈਣ ਦਾ ਅਧਿਕਾਰ ਹੋਵੇਗਾ ਅਤੇ, ਅਨੁਛੇਦ 189 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੇ ਮਤੇ ਤੇ ਜਾਂ ਅਜਿਹੀਆਂ ਕਾਰਵਾਈਆਂ ਦੇ ਦੌਰਾਨ ਕਿਸੇ ਹੋਰ ਮਾਮਲੇ ਤੇ ਕੇਵਲ ਪਹਿਲੀ ਵਾਰ ਵੋਟ ਦੇਣ ਦਾ ਹੱਕ ਹੋਵੇਗਾ ਪਰ ਵੋਟਾਂ ਬਰਾਬਰ ਹੋਣ ਦੀ ਸੂਰਤ ਵਿਚ ਨਹੀਂ ਹੋਵੇਗਾ।

ਸਪੀਕਰ ਅਤੇ ਡਿਪਟੀ ਸਪੀਕਰ ਅਤੇ ਸਭਾਪਤੀ ਅਤੇ ਉਪ-ਸਭਾਪਤੀ ਦੀਆਂ ਤਨਖਾਹਾਂ ਅਤੇ ਭੱਤੇ।

186. ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਨੂੰ , ਅਤੇ ਵਿਧਾਨ ਪਰਿਸ਼ਦ ਦੇ ਸਭਾਪਤੀ ਅਤੇ ਉਪ-ਸਭਾਪਤੀ ਨੂੰ, ਅਜਿਹੀਆਂ ਤਨਖਾਹਾਂ ਅਤੇ ਭੱਤੇ ਜਿਹੇ ਕ੍ਰਮਵਾਰ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਨਿਯਤ ਕਰੇ ਅਤੇ ਜਦ ਤੱਕ ਉਸ ਨੱਮਿਤ ਉਪਬੰਧ ਇਸ ਤਰ੍ਹਾਂ ਨ ਕੀਤਾ ਜਾਵੇ, ਅਜਿਹੀਆਂ ਤਨਖਾਹਾਂ ਅਤੇ ਭੱਤੇ ਜਿਹੇ ਦੂਜੀ ਅਨੁਸੂਚੀ ਵਿਚ ਉਲਿਖਤ ਹਨ ਅਦਾ ਕੀਤੇ ਜਾਣਗੇ।

ਰਾਜ ਦੇ ਵਿਧਾਨ ਮੰਡਲ ਦਾ ਸਕੱਤਰੇਤ।

187 (1) ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਹਰੇਕ ਸਦਨ ਦਾ ਵੱਖਰਾ ਸਕੱਤਰੇਤ ਅਮਲਾ ਹੋਵੇਗਾ :

ਪਰੰਤੂ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਸੂਰਤ ਵਿਚ, ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਅਜਿਹੇ ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਲਈ ਸਾਰੀਆਂ ਆਸਾਮੀਆਂ ਦੇ ਸਿਰਜਣ ਨੂੰ ਰੋਕਦੀ ਹੈ।

(2) ਕਿਸੇ ਰਾਜ ਦਾ ਵਿਧਾਨ ਮੰਡਲ ਕਾਨੂੰਨ ਦੁਆਰਾ ਉਸ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਸਦਨਾਂ ਦੇ ਸਕੱਤਰੇਤੀ ਅਮਲੇ ਵਿਚ ਭਰਤੀ ਦਾ, ਅਤੇ ਨਿਯੁਕਤ ਵਿਅਕਤੀਆਂ ਦੀ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮਨ ਕਰ ਸਕੇਗਾ।

(3) ਜਦ ਤੱਕ ਰਾਜ ਦਾ ਵਿਧਾਨ-ਮੰਡਲ ਖੰਡ (2) ਦੇ ਅਧੀਨ ਉਪਬੰਧ ਨ ਕਰੇ, ਰਾਜਪਾਲ ਵਿਧਾਨ ਸਭਾ ਦੇ ਸਪੀਕਰ ਨਾਲ ਜਾਂ ਵਿਧਾਨ ਪਰਿਸ਼ਦ ਦੇ ਸਭਾਪਤੀ ਨਾਲ, ਜਿਹੀ ਕਿ ਸੂਰਤ ਹੋਵੇ, ਮਸ਼ਵਰੇ



Ministry of Law & Justice

ਪਿੱਛੋਂ, ਸਭਾ ਜਾਂ ਪਰਿਸ਼ਦ ਦੇ ਸਕੱਤਰੇਤੀ ਅਮਲੇ ਵਿਚ ਭਰਤੀ ਦੇ, ਅਤੇ ਨਿਯੁਕਤ ਵਿਅਕਤੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਦੇ ਵਿਨਿਯਮਨ ਲਈ ਨਿਯਮ ਬਣਾ ਸਕੇਗਾ, ਅਤੇ ਇਸ ਤਰ੍ਹਾਂ ਬਣਾਏ ਕੋਈ ਨਿਯਮ ਉਕਤ ਖੰਡ ਦੇ ਅਧੀਨ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਪ੍ਰਭਾਵੀ ਹੋਣਗੇ ।

## ਕਾਰਜ ਦਾ ਸੰਚਾਲਣ

ਮੈਂਬਰਾਂ ਦੀ ਸੰਹੁ ਜਾਂ ਪ੍ਰਤਿੱਗਿਆ ।

188. ਕਿਸੇ ਰਾਜ ਦੀ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦਾ ਹਰਿਕ ਮੈਂਬਰ ਆਪਣੀ ਥਾਂ ਸੰਭਾਲਣ ਤੋਂ ਪਹਿਲਾਂ, ਰਾਜਪਾਲ ਜਾਂ ਉਸ ਦੁਆਰਾ ਉਸ ਨਮਿੱਤ ਨਿਯੁਕਤ ਵਿਅਕਤੀ ਅੱਗੇ, ਤੀਜੀ ਅਨੁਸਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਦੇ ਅਨੁਸਾਰ ਸੰਹੁ ਚੁਕੇਗਾ ਜਾਂ ਪ੍ਰਤਿੱਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ ।

ਸਦਨਾਂ ਵਿਚ ਵੋਟ ਦੇਣਾ, ਖ਼ਾਲੀ ਥਾਵਾਂ ਦੇ ਹੁੰਦਿਆਂ ਹੋਇਆਂ ਵੀ ਸਦਨਾਂ ਦੀ ਕਾਰਜ ਕਰਨ ਦੀ ਸ਼ਕਤੀ ਅਤੇ ਕੋਰਮ ।

189. (1) ਇਸ ਸੰਵਿਧਾਨ ਵਿਚ ਹੋਰਵੇਂ ਉਪਬੰਧ ਨੂੰ ਛੱਡ ਕੇ, ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦੀ ਕਿਸੇ ਬੈਠਕ ਵਿਚ ਸਭ ਸਵਾਲ ਸਪੀਕਰ ਜਾਂ ਸਭਾਪਤੀ ਜਾਂ ਉਸ ਵਜੋਂ ਕਾਰਜ ਕਰਦੇ ਵਿਅਕਤੀ ਤੋਂ ਬਿਨਾਂ ਹੋਰ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀਆਂ ਵੋਟਾਂ ਦੀ ਬਹੁਗਿਣਤੀ ਨਾਲ ਤੈਅ ਕੀਤੇ ਜਾਣਗੇ ।

ਸਪੀਕਰ ਜਾਂ ਸਭਾਪਤੀ, ਜਾਂ ਉਸ ਵਜੋਂ ਕਾਰਜ ਕਰਦਾ ਵਿਅਕਤੀ, ਪਹਿਲੀ ਵਾਰ ਵੋਟ ਨਹੀਂ ਦੇਵੇਗਾ, ਪਰ ਵੋਟਾਂ ਬਰਾਬਰ ਹੋਣ ਕੀ ਸੂਰਤ ਵਿਚ ਉਸ ਦੀ ਨਿਰਣਾ ਇਕ ਵੋਟ ਹੋਵੇਗੀ ਅਤੇ ਉਹ ਉਸ ਦੀ ਵਰਤੋਂ ਕਰੇਗਾ ।

(2) ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਨੂੰ ਉਸਦੀ ਮੈਂਬਰਸ਼ਿਪ ਵਿਚ ਕੋਈ ਥਾਂ ਖ਼ਾਲੀ ਹੁੰਦਿਆਂ ਹੋਇਆਂ ਵੀ ਕਾਰਜ ਕਰਨ ਦੀ ਸ਼ਕਤੀ ਹੋਵੇਗੀ, ਅਤੇ ਰਾਜ ਦੇ ਵਿਧਾਨ-ਮੰਡਲ ਵਿਚਲੀਆਂ ਕੋਈ ਕਾਰਵਾਈਆਂ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਜਾਇਜ ਹੋਣਗੀਆਂ ਕਿ ਪਿੱਛੋਂ ਇਹ ਪਤਾ ਲੱਗੇ ਕਿ ਕੋਈ ਵਿਅਕਤੀ ਜਿਸ ਨੂੰ ਅਜਿਹਾ ਕਰਨ ਦਾ ਹੱਕ ਨਹੀਂ ਸੀ ਕਾਰਵਾਈਆਂ ਵਿਚ ਹਾਜਰ ਰਿਹਾ ਜਾਂ ਉਸ ਨੇ ਵੋਟ ਦਿੱਤੀ ਜਾਂ

Ministry of Law & Justice

ਹੋਰਵੇਂ ਭਾਗ ਲਿਆ।

(3) ਜਦ ਤੱਕ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦੀ ਇਕੱਤਰਤਾ ਦੇ ਗਠਨ ਕਰਨ ਲਈ ਕੋਰਮ ਦਸ ਮੈਂਬਰ ਜਾਂ ਸਦਨ ਦੇ ਮੈਂਬਰਾਂ ਦੀ ਕੁਲ ਗਿਣਤੀ ਦਾ ਦਸਵਾਂ ਹਿੱਸਾ, ਇਨ੍ਹਾਂ ਵਿਚੋਂ ਜੋ ਵੀ ਵੱਧ ਹੋਵੇ, ਹੋਵੇਗਾ।

(4) ਜੇ ਰਾਜ ਦੀ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦੀ ਇਕੱਤਰਤਾ ਦੇ ਦੌਰਾਨ ਕਿਸੇ ਸਮੇਂ ਕੋਰਮ ਨ ਹੋਵੇ, ਤਾਂ ਸਪੀਕਰ ਜਾਂ ਸਭਾਪਤੀ, ਜਾਂ ਉਸ ਵਜੋਂ ਕਾਰਜ ਕਰਦੇ ਵਿਅਕਤੀ ਦਾ ਕਰਤੱਵ ਹੋਵੇਗਾ, ਕਿ ਉਹ ਜਾਂ ਤਾਂ ਸਦਨ ਨੂੰ ਸਥੱਗਤ ਕਰ ਦੇਵੇ ਜਾਂ ਇਕੱਤਰਤਾ ਨੂੰ ਤਦ ਤੱਕ ਮੁਅੱਤਲ ਕਰ ਦੇਵੇ ਜਦ ਤੱਕ ਕੋਰਮ ਨ ਹੋ ਜਾਵੇ।

## ਮੈਂਬਰਾਂ ਦੀਆਂ ਨਾਕਾਬਲੀਅਤਾਂ

ਥਾਂਵਾਂ ਦਾ ਖ਼ਾਲੀ ਹੋਣਾ।

190 (1) ਕੋਈ ਵਿਅਕਤੀ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਦਾ ਮੈਂਬਰ ਨਹੀਂ ਹੋਵੇਗਾ ਅਤੇ ਜੇ ਵਿਅਕਤੀ ਦੋਹਾਂ ਸਦਨਾਂ ਦਾ ਮੈਂਬਰ ਚੁਣਿਆ ਜਾਵੇ ਉਸਦੇ ਇਕ ਜਾਂ ਦੂਜੇ ਸਦਨ ਵਿਚ ਆਪਣੀ ਥਾਂ ਖ਼ਾਲੀ ਕਰਨ ਲਈ ਉਸ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਉਪਬੰਧ ਬਣਾਵੇਗਾ।

(2) ਕੋਈ ਵਿਅਕਤੀ ਪਹਿਲੀ ਅਨੁਸੂਚੀ ਵਿਚ ਉਲਿਖਤ ਦੋ ਜਾਂ ਵੱਧ ਰਾਜਾਂ ਦੇ ਵਿਧਾਨ-ਮੰਡਲਾਂ ਦਾ ਮੈਂਬਰ ਨਹੀਂ ਹੋਵੇਗਾ ਅਤੇ ਜੇ ਕੋਈ ਵਿਅਕਤੀ ਦੋ ਜਾਂ ਵੱਧ ਅਜਿਹੇ ਰਾਜਾਂ ਦੇ ਵਿਧਾਨ-ਮੰਡਲਾਂ ਦਾ ਮੈਂਬਰ ਚੁਣਿਆ ਜਾਵੇ, ਤਾਂ ਅਜਿਹੀ ਮੁੱਦਤ ਦੇ ਗੁਜ਼ਰਨਰ ਤੇ, ਜਿਹੀ ਰਾਸ਼ਟਰਪਤੀ ਦੇ ਬਣਾਏ [31]ਨਿਯਮਾਂ ਵਿਚ ਉਲਿਖਤ ਹੋਵੇ, ਅਜਿਹੇ ਸਭ ਰਾਜਾਂ ਦੇ ਵਿਧਾਨ-ਮੰਡਲਾਂ ਵਿਚ ਉਸ ਵਿਅਕਤੀ ਦੀ ਥਾਂ ਖ਼ਾਲੀ ਹੋ ਜਾਵੇਗੀ, ਜੇਕਰ ਉਸ ਨੇ ਇਕ ਰਾਜ ਤੋਂ ਛੁੱਟ ਹੋਰ ਸਭ ਰਾਜਾਂ ਦੇ

---

*[31] ਵੇਖੋ ਪੂਰਬਲੇ ਪੰਨਾ 46 ਤੇ ਫੁਟ ਨੋਟ ਵਿਚ ਜਿਕਰ ਕੀਤੇ ਦ ਪ੍ਰੋਹਿਬਿਸ਼ਨ ਔਫ ਸਾਈਮੈਲਟੇਨਯਸ ਮੈਂਬਰਸ਼ਿਪ ਰੂਲਸ, 1950।

Ministry of Law & Justice

ਵਿਧਾਨ-ਮੰਡਲਾਂ ਦੀ ਆਪਣੀ ਥਾਂ ਤੋਂ ਪਹਿਲਾਂ ਹੀ ਅਸਤੀਫਾ ਨ ਦੇ ਦਿੱਤਾ ਹੋਵੇ।

(3) ਜੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਕੋਈ ਮੈਂਬਰ

(ੳ) ਅਨੁਛੇਦ 191 ਦੇ [32][ਖੰਡ (1) ਜਾਂ ਖੰਡ (2) ਵਿਚ ਜਿਕਰ ਕੀਤੀਆਂ ਨਾਕਾਬਲੀਅਤਾਂ ਵਿਚੋਂ ਕਿਸੇ ਦੇ ਤਾਬੇ ਹੋ ਜਾਵੇ ; ਜਾਂ

[33][(ਅ) ਸਪੀਕਰ ਜਾਂ ਸਭਾਪਤੀ, ਜਿਹੀ ਕਿ ਸੂਰਤ ਹੋਵੇ, ਨੂੰ ਸੰਬੋਧਤ ਆਪਣੇ ਦਸਖਤੀ ਲੇਖ ਦੁਆਰਾ ਆਪਣੀ ਥਾਂ ਤੋਂ ਅਸਤੀਫਾ ਦੇ ਦੇਵੇ ਅਤੇ ਉਸ ਦਾ ਅਸਤੀਫਾ ਸਪੀਕਰ ਜਾਂ ਸਭਾਪਤੀ, ਜਿਹੀ ਕੀ ਸੂਰਤ ਹੋਵੇ, ਦੁਆਰਾ ਪਰਵਾਨ ਕਰ ਲਿਆ ਜਾਵੇ ;]

ਤਾਂ ਉਸ ਤੇ ਉਸ ਦੀ ਥਾਂ ਖ਼ਾਲੀ ਹੋ ਜਾਵੇਗੀ।

[34][ਪਰੰਤੂ ਉਪ-ਖੰਡ (ਅ) ਵਿਚ ਹਵਾਲਾ ਦਿੱਤੇ ਅਸਤੀਫੇ ਦੀ ਸੂਰਤ ਵਿਚ ਜੇ ਪ੍ਰਾਪਤ ਹੋਈ ਜਾਣਕਾਰੀ ਤੋਂ ਜਾਂ ਹੋਰਵੇਂ ਅਤੇ ਅਜਿਹੀ ਜਾਂਚ ਕਰਨ ਪਿੱਛੋਂ, ਜਿਹੀ ਉਹ ਠੀਕ ਸਮਝੇ, ਸਪੀਕਰ ਜਾਂ ਸਭਾਪਤੀ, ਜਿਹੀ ਕਿ ਸੂਰਤ ਹੋਵੇ, ਦੀ ਤਸੱਲੀ ਹੋ ਜਾਵੇ ਕਿ ਅਜਿਹਾ ਅਸਤੀਫ਼ਾ ਸਵੈ-ਇੱਛਤ ਜਾਂ ਅਸਲੀ ਨਹੀਂ ਤਾਂ ਉਹ ਅਜਿਹਾ ਅਸਤੀਫਾ ਸਵੀਕਾਰ ਨਹੀਂ ਕਰੇਗਾ।]

(4) ਜੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦਾ ਕੋਈ ਮੈਂਬਰ ਸੱਠ ਦਿਨ ਦੀ ਮੁਦੱਤ ਲਈ ਸਦਨ ਦੀ ਇਜਾਜ਼ਤ ਬਿਨਾਂ ਉਸ ਦੀਆਂ ਸਭ ਇਕੱਤਰਤਾਵਾਂ ਤੋਂ ਗੈਰਹਾਜਰ ਰਹੇ, ਤਾਂ ਸਦਨ ਉਸ ਦੀ ਥਾਂ ਨੂੰ

---

[32] ਸੰਵਿਧਾਨ (ਬੰਵਜਵੀਂ ਸੋਧ) ਐਕਟ, 1985 ਦੀ ਧਾਰਾ 4 ਦੁਆਰਾ (01.03.1985 ਤੋਂ ਪ੍ਰਭਾਵੀ) "ਅਨੁਛੇਦ 191 ਦੇ ਖੰਡ (1)" ਦੀ ਥਾਵੇਂ ਰੱਖੇ ਗਏ।

[33] ਸੰਵਿਧਾਨ (ਤੇਤੀਵੀਂ ਸੋਧ) ਐਕਟ, 1974, ਧਾਰਾ (3) ਦੁਆਰਾ ਥਾਵੇਂ ਰਖਿਆ।

[34] ਸੰਵਿਧਾਨ ( ਤੇਤੀਵੀਂ ਸੋਧ) ਐਕਟ, 1974, ਧਾਰਾ 3(2) ਦੁਆਰਾ ਅੰਤਰਸਥਾਪਤ।



Ministry of Law & Justice

ਖ਼ਾਲੀ ਐਲਾਨ ਸਕੇਗਾ :

ਪਰੰਤੂ ਸੱਠ ਦਿਨ ਦੀ ਉਕਤ ਮੁੱਦਤ ਦਾ ਹਿਸਾਬ ਲਾਉਣ ਵਿਚ ਕਿਸੇ ਅਜਿਹੀ ਮੁੱਦਤ ਨੂੰ ਧਿਆਨ ਵਿਚ ਨਹੀਂ ਲਿਆ ਜਾਵੇਗਾ ਜਿਸ ਦੇ ਦੌਰਾਨ ਸਦਨ ਉਠਿਆ ਰਿਹਾ ਹੋਵੇ ਜਾਂ ਲਗਾਤਾਰ ਚਾਰ ਤੋਂ ਵਧ ਦਿਨ ਲਈ ਸਥੱਗਤ ਰਿਹਾ ਹੋਵੇ ।

ਮੈਂਬਰ ਲਈ ਨਾਕਾਬਲੀਅਤਾਂ।

191. (1) ਕੋਈ ਵਿਅਕਤੀ ਕਿਸੇ ਰਾਜ ਦੀ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦਾ ਮੈਂਬਰ ਚੁਣਿਆ ਜਾਣ ਲਈ, ਅਤੇ ਮੈਂਬਰ ਰਹਿਣ ਲਈ, ਨਾਕਾਬਲ ਹੋਵੇਗਾ –

(ੳ) ਜੇ ਉਸ ਨੇ ਭਾਰਤ ਸਰਕਾਰ ਦੇ ਜਾਂ ਪਹਿਲੀ ਅਨੁਸੂਚੀ ਵਿਚ ਉਲਿਖਤ ਕਿਸੇ ਰਾਜ ਦੀ ਸਰਕਾਰ ਦੇ ਅਧੀਨ , ਅਜਿਹੇ ਅਹੁਦੇ ਤੋਂ ਬਿਨਾਂ ਜਿਸ ਨੂੰ ਧਾਰਨ ਕਰਨ ਵਾਲੇ ਦਾ ਨਾਕਾਬਲ ਨ ਹੋਣਾ ਉਸ ਰਾਜ ਦੇ ਵਿਧਾਨ-ਮੰਡਲ ਨੇ ਕਾਨੂੰਨ ਦੁਆਰਾ ਐਲਾਨਿਆ ਹੋਵੇ, ਕੋਈ ਹੋਰ ਲਾਭ ਦਾ ਅਹੁਦਾ ਧਾਰਨ ਕੀਤਾ ਹੋਇਆ ਹੋਵੇ ;

(ਅ) ਜੇ ਉਹ ਵਿਗੜ-ਚਿੱਤ ਹੋਵੇ ਅਤੇ ਕਿਸੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰਖਿਆ ਹੋਵੇ ;

(ੲ) ਜੇ ਉਹ ਅਮੁਕਤ ਦਿਵਾਲੀਆ ਹੋਵੇ ;

(ਸ) ਜੇ ਉਹ ਭਾਰਤ ਦਾ ਨਾਗਰਿਕ ਨ ਹੋਵੇ, ਜਾਂ ਕਿਸੇ ਵਿਦੇਸ਼ੀ ਰਾਜ ਦੀ ਨਾਗਰਿਕਤਾ ਸਵੈ-ਇੱਛਾ ਨਾਲ ਅਰਜਤ ਕਰ ਚੁੱਕਿਆ ਹੋਵੇ, ਜਾਂ ਉਸ ਨੇ ਕਿਸੇ ਵਿਦੇਸ਼ੀ ਰਾਜ ਪ੍ਰਤਿ ਨਿਸ਼ਠਾ ਜਾਂ ਲਗਾਓ ਨੂੰ ਮੰਨਿਆ ਹੋਇਆ ਹੋਵੇ ;

(ਹ) ਜੇ ਉਹ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਇਸ ਤਰ੍ਹਾਂ ਨਾਕਾਬਲ ਕਰ ਦਿੱਤਾ ਗਿਆ ਹੋਵੇ ।

Ministry of Law & Justice

[35][ਵਿਆਖਿਆ,- ਇਸ ਖੰਡ ਦੇ ਪ੍ਰਯੋਜਨਾਂ ਲਈ,] ਕੋਈ ਵਿਅਕਤੀ ਕੇਵਲ ਇਸ ਕਾਰਨ ਭਾਰਤ ਸਰਕਾਰ ਦੇ ਜਾਂ ਪਹਿਲੀ ਅਨੁਸੂਚੀ ਵਿਚ ਉਲਿਖੱਤ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕੋਈ ਲਾਭ ਦਾ ਅਹੁੱਦਾ ਧਾਰਨ ਕਰਨ ਵਾਲਾ ਕੇਵਲ ਇਸ ਕਾਰਣ ਤੋਂ ਨਹੀਂ ਸਮਝਿਆ ਜਾਵੇਗਾ ਕਿ ਉਹ ਜਾਂ ਤਾਂ ਸੰਘ ਦਾ ਜਾਂ ਅਜਿਹੇ ਰਾਜ ਦਾ ਮੰਤਰੀ ਹੈ ।

[36][(2) ਕੋਈ ਵਿਅਕਤੀ ਕਿਸੇ ਰਾਜ ਦੀ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦਾ ਮੈਂਬਰ ਹੋਣ ਦੇ ਲਈ ਨਾਕਾਬਲ ਹੋਵੇਗਾ ਜੇ ਉਹ ਦਸਵੀਂ ਅਨੁਸੂਚੀ ਦੇ ਅਧੀਨ ਇਸ ਤਰ੍ਹਾਂ ਨਾਕਾਬਲ ਹੋ ਜਾਂਦਾ ਹੈ ।]

ਮੈਂਬਰਾਂ ਦੀਆਂ ਨਾਕਾਬਲੀਅਤਾਂ ਬਾਬਤ ਸਵਾਲਾਂ ਤੇ ਫੈਸਲਾਂ ।

[37]192.(1) ਜੇ ਕੋਈ ਸਵਾਲ ਪੈਦਾ ਹੋਵੇ ਕਿ, ਕੀ ਕਿਸੇ ਰਾਜ ਦੇ ਵਿਧਾਨ ਮੰਡਲ ਦਾ ਕੋਈ ਮੈਂਬਰ ਅਨੁਛੇਦ 191 ਦੇ ਖੰਡ (1) ਵਿਚ ਜਿਕਰ ਕੀਤੀਆਂ ਨਾਕਾਬਲੀਅਤਾਂ ਵਿਚੋਂ ਕਿਸੇ ਦੇ ਤਾਬੇ ਹੋ ਗਿਆ ਹੈ ਤਾਂ ਉਹ ਸਵਾਲ ਫੈਸਲੇ ਲਈ ਰਾਜਪਾਲ ਨੂੰ ਹਵਾਲਾ ਕੀਤਾ ਜਾਵੇਗਾ ਅਤੇ ਉਸ ਦਾ ਫੈਸਲਾ ਅੰਤਮ ਹੋਵੇਗਾ।

(2) ਅਜਿਹੇ ਕਿਸੇ ਸਵਾਲ ਤੇ ਕੋਈ ਫੈਸਲਾ ਦੇਣ ਤੋਂ ਪਹਿਲਾਂ, ਰਾਜਪਾਲ ਚੋਣ ਕਮਿਸ਼ਨ ਦੀ ਰਾਏ ਪ੍ਰਾਪਤ ਕਰੇਗਾ ਅਤੇ ਅਜਿਹੀ ਰਾਏ ਦੇ ਅਨੁਸਾਰ ਕਾਰਜ ਕਰੇਗਾ ।

ਅਨੁਛੇਦ 188 ਦੇ ਅਧੀਨ ਸਹੁੰ ਚੁੱਕਣ ਜਾਂ ਪ੍ਰੱਤਗਿਆ ਕਰਨ

193. ਜੇ ਕਿਸੇ ਰਾਜ ਦੀ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਵਿਚ ਕੋਈ ਵਿਅਕਤੀ ਅਨੁਛੇਦ 188 ਦੀਆਂ ਲੋੜਾਂ ਕੀ ਪੂਰਤੀ ਕਰਨ ਤੋਂ ਪਹਿਲਾਂ, ਜਾਂ ਇਹ ਜਾਣਦੇ ਹੋਏ ਕਿ ਉਹ ਉਸ ਦੀ ਮੈਂਬਰੀ ਲਈ ਕਾਬਲ

[35] ਸੰਵਿਧਾਨ (ਬੰਵਜਵੀਂ ਸੋਧ) ਐਕਟ, 1985 ਦੀ ਧਾਰਾ 5 ਦੁਆਰਾ (01.03.1985 ਤੋਂ ਪ੍ਰਭਾਵੀ) "(2) ਤੋਂ ਇਸ ਅਨੁਛੇਦ ਦੇ ਪ੍ਰਯੋਜਨਾਂ ਲਈ" ਦੀ ਥਾਵੇਂ ਰੱਖੇ ਗਏ ।

[36] ਸੰਵਿਧਾਨ (ਬੰਵਜਵੀਂ ਸੋਧ) ਐਕਟ, 1985 ਦੀ ਧਾਰਾ 5 ਦੁਆਰਾ (01.03.1985 ਤੋਂ ਪ੍ਰਭਾਵੀ) ਅੰਤਰਸਥਾਪਤ ।

[37] ਅਨੁਛੇਦ 192, ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 33 ਦੁਆਰਾ (03.01.1977 ਤੋਂ ਪ੍ਰਭਾਵੀ) ਅਤੇ ਇਸ ਤੋਂ ਪਿੱਛੋਂ ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 25 ਦੁਆਰਾ (20.06. 1979 ਤੋਂ ਪ੍ਰਭਾਵੀ) ਸੋਧ ਹੋ ਰੋ ਉਪਰੋਕਤ ਅਨੁਸਾਰ ਸਫ਼ਲਤਾ ਪੂਰਬਰ ਰੱਖਿਆ ਗਿਆ ।

Ministry of Law & Justice

ਤੋਂ ਪਹਿਲਾਂ ਜਾਂ ਕਾਬਲ ਨ ਹੁੰਦਿਆਂ ਹੋਇਆਂ ਜਾਂ ਨਾਕਾਬਲ ਹੋਣ ਤੇ ਬੈਠਣ ਅਤੇ ਵੋਟ ਦੇਣ ਲਈ ਡੰਨ।

ਨਹੀਂ ਹੈ ਜਾਂ ਨਾਕਾਬਲ ਹੈ, ਜਾਂ ਉਹ ਸੰਸਦ ਜਾਂ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੁਆਰਾ ਅਜਿਹਾ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ, ਮੈਂਬਰ ਵਜੋਂ ਬੈਠੇ ਜਾਂ ਵੋਟ ਦੇਵੇ, ਤਾਂ ਉਹ ਹਰੇਕ ਦਿਨ ਲਈ ਜਦ ਉਹ ਇਸ ਤਰ੍ਹਾਂ ਬੈਠੇ ਜਾਂ ਵੋਟ ਦੇਵੇ ਪੰਜ ਸੌ ਰੁਪਏ ਦੇ ਡੰਨ ਦਾ ਭਾਗੀ ਹੋਵੇਗਾ ਜੋ ਉਸ ਰਾਜ ਨੂੰ ਦੇਣ ਯੋਗ ਹਿਣ ਵਜੋਂ ਵਸੂਲ ਹੋਵੇਗਾ।

**ਰਾਜ ਵਿਧਾਨ-ਮੰਡਲਾਂ ਅਤੇ ਉਨ੍ਹਾਂ ਦੇ ਮੈਂਬਰਾਂ ਦੀਆਂ ਸ਼ਕਤੀਆਂ, ਵਿਸ਼ੇਸ-ਅਧਿਕਾਰ ਅਤੇ ਉਨਮੁਕਤੀਆਂ**

ਵਿਧਾਨ-ਮੰਡਲਾਂ ਦੇ ਸਦਨਾਂ ਦੀਆਂ ਅਤੇ ਉਨ੍ਹਾਂ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ, ਵਿਸ਼ੇਸ-ਅਧਿਕਾਰ, ਆਦਿ।

194.(1) ਇਸ ਸੰਵਿਧਾਨ ਦੇ ਉਪਬੰਧਾਂ ਦੇ ਅਤੇ ਵਿਧਾਨ-ਮੰਡਲ ਦੇ ਜ਼ਾਬਤੇ ਦਾ ਵਿਨਿਯਮਨ ਕਰਨ ਵਾਲੇ ਨਿਯਮਾਂ ਅਤੇ ਸਥਾਈ ਹੁਕਮਾਂ ਦੇ ਤਾਬੇ, ਹਰਿਕ ਰਾਜ ਦੇ ਵਿਧਾਨ-ਮੰਡਲ ਵਿਚ ਬੋਲਣ ਦੀ ਸੁਤੰਤਰਤਾ ਹੋਵੇਗੀ।

(2) ਰਾਜ ਦੇ ਕਿਸੇ ਵਿਧਾਨ-ਮੰਡਲ ਦੇ ਕਿਸੇ ਮੈਂਬਰ ਦੇ ਵਿਰੁੱਧ ਉਸ ਵਿਧਾਨ-ਮੰਡਲ ਵਿਚ ਜਾਂ ਉਸ ਦੀ ਕਿਸੇ ਕਮੇਟੀ ਵਿਚ ਉਸ ਦੀ ਆਖੀ ਕਿਸੇ ਗੱਲ ਜਾਂ ਦਿੱਤੀ ਕਿਸੇ ਵੋਟ ਬਾਰੇ ਕਿਸੇ ਅਦਾਲਤ ਵਿਚ ਕੋਈ ਕਾਰਵਾਈਆਂ ਨਹੀਂ ਚਲ ਸਕਣਗੀਆਂ, ਅਤੇ ਨ ਕਿਸੇ ਵਿਅਕਤੀ ਦੇ ਵਿਰੁੱਧ ਅਜਿਹੇ ਕਿਸੇ ਵਿਧਾਨ-ਮੰਡਲ ਦੇ ਕਿਸੇ ਸਦਨ ਦੀ ਸੱਤਾ ਦੁਆਰਾ ਜਾਂ ਦੇ ਅਧੀਨ ਕਿਸੇ ਰਿਪੋਟ, ਪੱਤਰ ਜਾਂ ਕਾਰਵਾਈਆਂ ਦੇ ਪ੍ਰਕਾਸ਼ਨ ਬਾਰੇ ਇਸ ਤਰ੍ਹਾਂ ਦੀਆਂ ਕੋਈ ਕਾਰਵਾਈਆਂ ਚੱਲ ਸਕਣਗੀਆਂ।

(3) ਹੋਰ ਗੱਲਾਂ ਵਿਚ, ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦੀਆਂ, ਅਤੇ ਅਜਿਹੇ ਵਿਧਾਨ-ਮੰਡਲ ਦੇ ਕਿਸੇ ਸਦਨ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ, ਵਿਸ਼ੇਸ-ਅਧਿਕਾਰ ਅਤੇ ਉਨਮੁਕਤੀਆਂ ਅਜਿਹੀਆਂ ਹੋਣਗੀਆਂ ਜਿਹੀਆਂ ਉਹ ਵਿਧਾਨ-ਮੰਡਲ, ਸਮੇਂ ਸਮੇਂ ਤੇ ਕਾਨੂੰਨ ਦੁਆਰਾ ਪਰਿਨਿਸਚਤ ਕਰੇ, ਅਤੇ, ਜਦ ਤੱਕ ਇਸ ਤਰ੍ਹਾਂ

Ministry of Law & Justice

ਪਰਿਨਿਸ਼ਚਿਤ ਨ ਕੀਤੀਆਂ ਜਾਣ, [38][ਉਹ ਹੋਣਗੀਆਂ ਜੋ ਇਸ ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 26 ਦੇ ਨਾਫ਼ਜ ਹੋਣ ਦੇ ਤੁਰੰਤ ਪਹਿਲਾਂ ਉਸ ਸਦਨ ਦੀਆਂ ਅਤੇ ਇਸਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸਨ ।]

(4) ਜਿਨ੍ਹਾਂ ਵਿਅਕਤੀਆਂ ਨੂੰ ਇਸ ਸੰਵਿਧਾਨ ਦੇ ਆਧਾਰ ਤੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਜਾਂ ਉਸ ਦੀ ਕਿਸੇ ਕਮੇਟੀ ਵਿਚ ਬੋਲਣ ਦਾ, ਅਤੇ ਹੋਰਵੇਂ ਉਸ ਦੀਆਂ ਕਾਰਵਾਈਆਂ ਵਿਚ ਭਾਗ ਲੈਣ ਦਾ ਅਧਿਕਾਰ ਹੈ, ਉਨ੍ਹਾਂ ਦੇ ਸੰਬੰਧ ਵਿਚ ਖੰਡ (1), (2) ਅਤੇ (3) ਦੇ ਉਪਬੰਧ ਉਸੇ ਤਰ੍ਹਾਂ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਉਸ ਵਿਧਾਨ-ਮੰਡਲ ਦੇ ਮੈਂਬਰਾਂ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ।

ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ ।

195. ਕਿਸੇ ਰਾਜ ਦੀ ਵਿਧਾਨ-ਸਭਾ ਅਤੇ ਵਿਧਾਨ ਪਰਿਸ਼ਦ ਦੇ ਮੈਂਬਰਾਂ ਨੂੰ ਅਜਿਹੀਆਂ ਤਨਖਾਹਾਂ ਅਤੇ ਭੱਤੇ, ਜਿਹੇ ਉਸ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਸਮੇਂ ਸਮੇਂ ਤੇ ਤੈਅ ਕਰੇ ਅਤੇ ਜਦ ਤੱਕ ਉਸ ਬਾਰੇ ਉਪਬੰਧ ਇਸ ਤਰ੍ਹਾਂ ਨ ਬਣਾਇਆ ਜਾਵੇ, ਅਜਿਹੀਆਂ ਤਨਖਾਹਾਂ ਅਤੇ ਭੱਤੇ ਅਜਿਹੀਆਂ ਦਰਾਂ ਤੇ ਅਤੇ ਅਜਿਹੀਆਂ ਸ਼ਰਤਾਂ ਤੇ ਜਿਹੀਆਂ ਇਸ ਸੰਵਿਧਾਨ ਦੇ ਅਰੰਭ ਤੋਂ ਤੁੰਰਤ ਪਹਿਲਾਂ ਉਸ ਰਾਜ ਦੇ ਤਤ-ਸਥਾਨੀ ਪ੍ਰਾਂਤ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਸੂਰਤ ਵਿਚ ਲਾਗੂ ਸਨ ਪ੍ਰਾਪਤ ਕਰਨ ਦਾ ਹੱਕ ਹੋਵੇਗਾ ।

**ਵਿਧਾਨਕ ਜ਼ਾਬਤਾ**

ਬਿਲਾਂ ਦੇ ਪੂਰਸਥਾਪਨ ਅਤੇ ਪਾਸ ਕਰਨ ਬਾਬਤ ਉਪਬੰਧ ।

196 (1) ਧਨ ਬਿਲਾਂ ਅਤੇ ਹੋਰ ਦਿੱਤੀ ਵਿੱਤੀ ਬਿਲਾਂ ਬਾਰੇ ਅਨੁਛੇਦ 198 ਅਤੇ 207 ਦੇ ਉਪਬੰਧਾਂ ਦੇ ਤਾਬੇ, ਕੋਈ ਬਿਲ ਵਿਧਾਨ-ਪਰਿਸ਼ਦ ਵਾਲੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਵੀ ਸਦਨ ਵਿਚ ਅਰੰਭ ਹੋ ਸਕੇਗਾ ।

(2) ਅਨੁਛੇਦ 197 ਅਤੇ 198 ਦੇ ਉਪਬੰਧਾਂ ਦੇ ਤਾਬੇ, ਕੋਈ ਬਿਲ

[38] ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 26 ਦੁਆਰਾ (20.06.1979 ਤੋਂ ਪ੍ਰਭਾਵੀ) ਕੁੱਝ ਸ਼ਬਦਾਂ ਦੀ ਥਾਵੇਂ ਰੱਖੇ ਗਏ ।

ਵਿਧਾਨ ਪਰਿਸ਼ਦ ਵਾਲੇ ਰਾਜ ਦੇ ਵਿਧਾਨ-ਮੰਡਲ ਦੇ ਸਦਨਾਂ ਦੁਆਰਾ ਪਾਸ ਕੀਤਾ ਗਿਆ ਨਹੀਂ ਸਮਝਿਆ ਜਾਵੇਗਾ ਜੇਕਰ ਜਾਂ ਤਾਂ ਬਿਨਾਂ ਸੋਧ ਦੇ ਜਾਂ ਕੇਵਲ ਅਜਿਹੀਆਂ ਸੋਧਾਂ ਨਾਲ ਜਿਹੀਆਂ ਤੇ ਦੋਵੇਂ ਸਦਨ ਸਹਿਮਤ ਹੋਣ, ਦੋਵੇਂ ਸਦਨ ਉਸ ਤੇ ਸਹਿਮਤ ਨ ਹੋ ਗਏ ਹੋਣ।

(3) ਕਿਸੇ ਰਾਜ ਦੇ ਵਿਧਾਨ-ਮੰਡਲ ਵਿਚ ਲੰਬਿਤ ਕੋਈ ਬਿਲ ਉਸ ਦੇ ਸਦਨ ਜਾਂ ਸਦਨਾਂ ਦੇ ਉਠਾ ਦਿੱਤੇ ਜਾਣ ਕਾਰਨ ਬੀਤ ਨਹੀਂ ਜਾਵੇਗਾ।

(4) ਕਿਸੇ ਰਾਜ ਦੀ ਵਿਧਾਨ-ਪਰਿਸ਼ਦ ਵਿਚ ਲੰਬਿਤ ਕੋਈ ਬਿਲ ਜਿਸ ਨੂੰ ਵਿਧਾਨ ਸਭਾ ਨੇ ਪਾਸ ਨ ਕੀਤਾ ਹੋਵੇ ਵਿਧਾਨ ਸਭਾ ਦੇ ਤੁੜਾਓ ਤੇ ਬੀਤ ਨਹੀਂ ਜਾਵੇਗਾ।

(5) ਕੋਈ ਬਿਲ ਜੋ ਕਿਸੇ ਰਾਜ ਦੀ ਵਿਧਾਨ ਸਭਾ ਵਿਚ ਲੰਬਿਤ ਹੋਵੇ ਜਾਂ ਜੇ ਵਿਧਾਨ ਸਭਾ ਦੁਆਰਾ ਪਾਸ ਹੋ ਕੇ ਵਿਧਾਨ ਪਰਿਸ਼ਦ ਵਿਚ ਲੰਬਿਤ ਹੋਵੇ, ਵਿਧਾਨ ਸਭਾ ਦੇ ਤੁੜਾਓ ਤੇ ਬੀਤ ਜਾਵੇਗਾ।

**ਧਨ ਬਿਲਾਂ ਤੋਂ ਬਿਨਾਂ ਹੋਰ ਬਿਲਾਂ ਬਾਬਤ ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਤੇ ਪਾਬੰਦੀ।**

197.(1) ਜੇ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਵਿਧਾਨ ਸਭਾ ਦੁਆਰਾ ਕਿਸੇ ਬਿਲ ਦੇ ਪਾਸ ਹੋ ਜਾਣ ਅਤੇ ਵਿਧਾਨ ਪਰਿਸ਼ਦ ਨੂੰ ਘੱਲੇ ਜਾਣ ਪਿੱਛੋਂ -

(ੳ) ਉਹ ਬਿਲ ਪਰਿਸ਼ਦ ਦੁਆਰਾ ਨਾਮਨਜ਼ੂਰ ਕਰ ਦਿੱਤਾ ਜਾਵੇ ;ਜਾਂ

(ਅ) ਪਰਿਸ਼ਦ ਅੱਗੇ ਬਿਲ ਦੇ ਰੱਖੇ ਜਾਣ ਦੀ ਤਰੀਕ ਤੋਂ ਉਸ ਦੇ ਉਸ ਨੂੰ ਪਾਸ ਕੀਤੇ ਬਿਨਾਂ ਤਿੰਨ ਮਹੀਨੇ ਤੋਂ ਵੱਧ ਬੀਤ ਜਾਣ ; ਜਾਂ

(ੲ) ਉਹ ਬਿਲ ਪਰਿਸ਼ਦ ਦੁਆਰਾ ਅਜਿਹੀਆਂ ਸੋਧਾਂ ਨਾਲ ਪਾਸ ਕੀਤਾ ਗਿਆ ਹੋਵੇ ਜਿਨ੍ਹਾਂ ਤੇ ਵਿਧਾਨ ਸਭਾ ਸਹਿਮਤ ਨ ਹੋਈ ਹੋਵੇ।

ਤਾਂ ਵਿਧਾਨ ਸਭਾ ਉਸ ਬਿਲ ਨੂੰ ਆਪਣੇ ਜ਼ਾਬਤੇ ਦਾ ਵਿਨਿਯਮਨ ਕਰਨ ਵਾਲੇ ਨਿਯਮਾਂ ਦੇ ਤਾਬੇ ਉਸੇ ਜਾਂ ਕਿਸੇ ਅੱਗੇ ਆਉਣ ਵਾਲੇ ਇਜਲਾਸ ਵਿਚ ਅਜਿਹੀਆਂ ਸੋਧਾਂ ਨਾਲ ਜਾਂ ਬਿਨਾਂ, ਜੇ ਕੋਈ ਹੋਣ, ਜੋ

Ministry of Law & Justice

ਵਿਧਾਨ ਪਰਿਸ਼ਦ ਦੁਆਰਾ ਕੀਤੀਆਂ ਜਾ ਸੁਝਾਈਆਂ ਗਈਆਂ ਹੋਣ ਜਾਂ ਜਿਨ੍ਹਾਂ ਤੇ ਉਹ ਸਹਿਮਤ ਹੋ ਗਈ ਹੋਵੇ ਮੁੜ ਪਾਸ ਕਰ ਸਕੇਗੀ ਅਤੇ ਤਦ ਇਸ ਤਰ੍ਹਾਂ ਪਾਸ ਕੀਤੇ ਬਿਲ ਨੂੰ ਵਿਧਾਨ ਪਰਿਸ਼ਦ ਨੂੰ ਘੱਲ ਸਕੇਗੀ ।

(2) ਜੇ ਵਿਧਾਨ ਸਭਾ ਦੁਆਰਾ ਬਿਲ ਦੇ ਇਸ ਤਰ੍ਹਾਂ ਦੂਜੀ ਵਾਰ ਪਾਸ ਕਰ ਦਿੱਤੇ ਅਤੇ ਵਿਧਾਨ ਪਰਿਸ਼ਦ ਨੂੰ ਘੱਲੇ ਜਾਣ ਪਿੱਛੋਂ -

(ੳ) ਬਿਲ ਪਰਿਸ਼ਦ ਦੁਆਰਾ ਨਾਮਨਜ਼ੂਰ ਕਰ ਦਿੱਤਾ ਜਾਵੇ ;ਜਾਂ

(ਅ) ਪਰਿਸ਼ਦ ਅੱਗੇ ਬਿਲ ਦੇ ਰੱਖੇ ਜਾਣ ਦੀ ਤਰੀਕ ਤੋਂ ਉਸ ਵਲੋਂ ਬਿਲ ਪਾਸ ਹੋਏ ਬਿਨਾਂ ਇਸ ਮਹੀਨੇ ਤੋਂ ਵੱਧ ਬੀਤ ਗਿਆ ਹੋਵੇ ;ਜਾਂ

(ੲ) ਬਿਲ ਪਰਿਸ਼ਦ ਦੁਆਰਾ ਅਜਿਹੀਆਂ ਸੋਧਾਂ ਨਾਲ ਪਾਸ ਕੀਤਾ ਜਾਵੇ ਜਿਨ੍ਹਾਂ ਤੇ ਵਿਧਾਨ ਸਭਾ ਸਹਿਮਤ ਨ ਹੋਈ ਹੋਵੇ;

ਤਾਂ ਬਿਲ ਰਾਜ ਦੇ ਵਿਧਾਨ ਮੰਡਲ ਦੇ ਸਦਨਾਂ ਦੁਆਰਾ ਉਸ ਰੂਪ ਵਿਚ ਪਾਸ ਕੀਤਾ ਗਿਆ ਸਮਝਿਆ ਜਾਵੇਗਾ ਜਿਸ ਵਿਚ, ਉਹ ਵਿਧਾਨ ਸਭਾ ਦੁਆਰਾ ਅਜਿਹੀਆਂ ਸੋਧਾਂ ਨਾਲ, ਜੋ ਕੋਈ ਹੋਣ, ਜਿਹੀਆਂ ਵਿਧਾਨ ਪਰਿਸ਼ਦ ਦੁਆਰਾ ਕੀਤੀਆਂ ਜਾਂ ਸੁਝਾਈਆਂ ਗਈਆਂ ਹੋਣ ਅਤੇ ਜਿਨ੍ਹਾਂ ਤੇ ਵਿਧਾਨ ਸਭਾ ਸਹਿਮਤ ਹੋ ਗਈ ਹੋਵੇ, ਦੂਜੀ ਵਾਰ ਪਾਸ ਕੀਤਾ ਗਿਆ ਸੀ ।

(3) ਇਸ ਅਨੁਛੇਦ ਦੀ ਕੋਈ ਗੱਲ ਕਿਸੇ ਧਨ ਬਿਲ ਨੂੰ ਲਾਗੂ ਨਹੀਂ ਹੋਵੇਗੀ ।

ਧਨ ਬਿਲਾਂ ਬਾਰੇ ਵਿਸ਼ੇਸ ਜ਼ਾਬਤਾ ।

198. (1) ਕੋਈ ਧਨ ਬਿਲ ਕਿਸੇ ਵਿਧਾਨ ਪਰਿਸ਼ਦ ਵਿਚ ਪੁਰਸਥਾਪਤ ਨਹੀਂ ਕੀਤਾ ਜਾਵੇਗਾ ।

(2) ਧਨ ਬਿਲ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਵਿਧਾਨ ਸਭਾ ਦੁਆਰਾ ਪਾਸ ਕੀਤੇ ਜਾਣ ਪਿੱਛੋਂ ਵਿਧਾਨ-ਪਰਿਸ਼ਦ ਨੂੰ ਉਸ ਦੀਆਂ

ਸਿਫਾਰਸ਼ਾਂ ਲਈ ਘਲਿਆ ਜਾਵੇਗਾ ਅਤੇ ਵਿਧਾਨ ਪਰਿਸ਼ਦ ਬਿਲ ਦੀ ਆਪਣੀ ਪ੍ਰਾਪਤੀ ਦੀ ਤਰੀਕ ਤੋਂ ਚੌਦਾਂ ਦਿਨ ਦੀ ਮੁਦੱਤ ਦੇ ਅੰਦਰ ਬਿਲ ਨੂੰ ਆਪਣੀਆਂ ਸਿਫਾਰਸ਼ਾਂ ਨਾਲ ਵਿਧਾਨ ਸਭਾ ਨੂੰ ਮੋੜ ਦੇਵੇਗੀ, ਅਤੇ ਉਸ ਤੇ ਵਿਧਾਨ ਪਰਿਸ਼ਦ ਦੀਆਂ ਸਭ ਸਿਫਾਰਸ਼ਾਂ ਨੂੰ ਜਾਂ ਉਨ੍ਹਾਂ ਵਿਚੋਂ ਕਿਸੇ ਨੂੰ ਮੰਨ ਸਕੇਗੀ ਜਾਂ ਨਾਮਨਜ਼ੂਰ ਕਰ ਸਕੇਗੀ।

(3) ਜੇ ਵਿਧਾਨ ਸਭਾ, ਵਿਧਾਨ ਪਰਿਸ਼ਦ ਦੀਆਂ ਸਿਫਾਰਸ਼ਾਂ ਵਿਚੋਂ ਕਿਸੇ ਨੂੰ ਮੰਨ ਲਵੇ, ਤਾਂ ਧਨ ਬਿਲ ਵਿਧਾਨ ਪਰਿਸ਼ਦ ਦੁਆਰਾ ਸਿਫਾਰਸ਼ ਕੀਤੀਆਂ ਗਈਆਂ ਅਤੇ ਵਿਧਾਨ ਸਭਾ ਦੁਆਰਾ ਮੰਨ ਲਈਆਂ ਗਈਆਂ ਸੋਧਾ ਨਾਲ ਦੋਹਾਂ ਸਦਨਾਂ ਦੁਆਰਾ ਪਾਸ ਕੀਤਾ ਸਮਝਿਆ ਜਾਵੇਗਾ।

(4) ਜੇ ਵਿਧਾਨ ਸਭਾ ਵਿਧਾਨ ਪਰਿਸ਼ਦ ਦੀਆਂ ਸਿਫਾਰਸ਼ਾਂ ਵਿਚੋਂ ਕਿਸੇ ਨੂੰ ਵੀ ਨ ਮੰਨੇ, ਤਾਂ ਧਨ ਬਿਲ ਵਿਧਾਨ ਪਰਿਸ਼ਦ ਦੁਆਰਾ ਸਿਫਾਰਸ਼ ਕੀਤੀਆਂ ਗਈਆਂ ਸੋਧਾਂ ਵਿਚੋਂ ਕਿਸੇ ਬਿਨਾਂ ਉਸ ਰੂਪ ਵਿਚ ਦੋਹਾਂ ਸਦਨਾਂ ਦੁਆਰਾ ਪਾਸ ਕੀਤਾ ਸਮਝਿਆ ਜਾਵੇਗਾ ਜਿਸ ਵਿਚ ਉਹ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ।

(5) ਜੇ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਅਤੇ ਵਿਧਾਨ ਪਰਿਸ਼ਦ ਨੂੰ ਉਸ ਦੀਆਂ ਸਿਫਾਰਸ਼ਾਂ ਲਈ, ਘੱਲਿਆ ਗਿਆ ਕੋਈ ਧਨ ਬਿਲ ਉਕਤ ਚੌਦਾਂ ਦਿਨ ਦੀ ਮੁੱਦਤ ਦੇ ਅੰਦਰ ਵਿਧਾਨ ਸਭਾ ਨੂੰ ਮੋੜਿਆ ਨ ਜਾਵੇ, ਤਾਂ ਉਕਤ ਮੁੱਦਤ ਤੇ ਗੁਜ਼ਰਨਰ ਤੇ ਉਹ ਦੋਹਾਂ ਸਦਨਾਂ ਦੁਆਰਾ ਉਸ ਰੂਪ ਵਿਚ ਪਾਸ ਕੀਤਾ ਗਿਆ ਸਮਝਿਆ ਜਾਵੇਗਾ ਜਿਸ ਵਿਚ ਉਹ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ।

ਧਨ ਬਿਲਾਂ ਦੀ ਪਰਿਭਾਸ਼ਾ।

199(1) ਇਸ ਅਧਿਆਏ ਦੇ ਪ੍ਰਯੋਜਨਾਂ ਲਈ, ਕੋਈ ਬਿਲ ਧਨ ਬਿਲ ਸਮਝਿਆ ਜਾਵੇਗਾ ਜੇ ਉਸ ਵਿਚ ਹੇਠ-ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿਚੋਂ ਕਿਸੇ ਨਾਲ ਸੰਬੰਧ ਰੱਖਣ ਵਾਲੇ ਉਪਬੰਧ ਹੀ ਹੋਣ, ਅਰਥਾਤ -

(ੳ) ਕਿਸੇ ਕਰ ਦਾ ਅਰੋਪਣਾ, ਅੰਤ ਕਰਨਾ, ਛੋਟਾਉਣਾ, ਬਦਲਣਾ ਜਾਂ ਵਿਨਿਯਮਨ ਕਰਨਾ ;

(ਅ) ਰਾਜ ਦੁਆਰਾ ਧਨ ਉਧਾਰ ਲੈਣ ਦਾ ਜਾਂ ਕੋਈ ਗੰਰਟੀ ਦੇਣ ਦਾ ਵਿਨਿਯਮਨ, ਜਾਂ ਰਾਜ ਦੁਆਰਾ ਲਈਆਂ ਗਈਆਂ ਜਾਂ ਲਈਆਂ ਜਾਣ ਵਾਲੀਆਂ ਕਿਸੇ ਵਿੱਤੀ ਬਾਂਧਾਂ ਬਾਰੇ ਕਾਨੂੰਨ ਦੀ ਸੋਧ ;

(ਇ) ਰਾਜ ਦੇ ਸੰਚਿਤ ਫ਼ੰਡ ਜਾਂ ਅਚੇਤ ਫ਼ੰਡ ਦੀ ਸੰਭਾਲ, ਅਜਿਹੇ ਕਿਸੇ ਫ਼ੰਡ ਵਿਚ ਧਨਾਂ ਦਾ ਪਾਉਣਾ ਜਾਂ ਉਸ ਵਿਚੋਂ ਧਨਾਂ ਦਾ ਕੱਢਣਾ ;

(ਸ) ਰਾਜ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਨਾ ਨਮਿੱਤਣਾ ;

(ਹ) ਕਿਸੇ ਖਰਚ ਨੂੰ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਖਰਚ ਐਲਾਨਣਾ, ਜਾਂ ਅਜਿਹੇ ਕਿਸੇ ਖਰਚ ਦੀ ਰਕਮ ਵਧਾਉਣਾ ;

(ਕ) ਰਾਜ ਦੇ ਸੰਚਿਤ ਫ਼ੰਡ ਵਿਚ ਜਾਂ ਰਾਜ ਦੇ ਲੋਕ ਲੇਖੇ ਵਿਚ ਧਨ ਪ੍ਰਾਪਤ ਕਰਨਾ ਜਾਂ ਅਜਿਹੇ ਧਨ ਦੀ ਸੰਭਾਲ ਜਾਂ ਨਿਕਾਸੀ ਕਰਨਾ ; ਜਾਂ

(ਖ) ਉਪ-ਖੰਡ (ੳ) ਤੋਂ(ਕ) ਤੱਕ ਉਲਿਖਤ ਮਾਮਲਿਆਂ ਵਿਚੋਂ ਕਿਸੇ ਦਾ ਅਨੁਸੰਗਕ ਕੋਈ ਮਾਮਲਾ ।

(2) ਕੋਈ ਬਿਲ ਕੇਵਲ ਇਸ ਕਾਰਨ ਤੋਂ ਧਨ-ਬਿਲ ਨਹੀਂ ਸਮਝਿਆ ਜਾਵੇਗਾ ਕਿ ਉਹ ਜੁਰਮਾਨਿਆਂ ਜਾਂ ਹੋਰ ਮਾਇਕ ਡੰਨਾਂ ਦੇ ਅਰੋਪਣ ਦਾ, ਜਾਂ ਲਸੰਸਾਂ ਲਈ ਫੀਸਾਂ ਦੀ ਜਾਂ ਕੀਤੀਆਂ ਸੇਵਾਵਾਂ ਲਈ ਫੀਸਾਂ ਦੀ ਮੰਗ ਦਾ ਜਾਂ ਅਦਾਇਗੀ ਦਾ ਉਪਬੰਧ ਕਰਦਾ ਹੈ, ਜਾਂ ਇਸ ਕਾਰਨ ਤੋਂ ਕਿ ਉਹ ਕਿਸੇ ਸਥਾਨਕ ਸੱਤਾਧਾਰੀ ਜਾਂ ਬੌਡੀ ਦੁਆਰਾ ਸਥਾਨਕ ਪ੍ਰਯੋਜਨਾਂ ਲਈ ਕਿਸੇ ਕਰ ਦੇ ਅਰੋਪਣ, ਅੰਤ ਕਰਨ, ਛੋਟਾਉਣ, ਬਦਲਣ ਜਾਂ ਵਿਨਿਯਮਨ ਕਰਨ ਦਾ ਉਪਬੰਧ ਕਰਦਾ ਹੈ ।

(3) ਜੇ ਕੋਈ ਸਵਾਲ ਪੈਦਾ ਹੋਵੇ ਕਿ ਵਿਧਾਨ ਪਰਿਸ਼ਦ ਵਾਲੇ ਕਿਸੇ



Ministry of Law & Justice

ਰਾਜ ਦੇ ਵਿਧਾਨ-ਮੰਡਲ ਵਿਚ ਪੁਰਸਥਾਪਤ ਕੋਈ ਬਿਲ ਧਨ ਬਿਲ ਹੈ ਜਾਂ ਨਹੀਂ, ਤਾਂ ਉਸ ਤੇ ਉਸ ਰਾਜ ਦੀ ਵਿਧਾਨ ਸਭਾ ਦੇ ਸਪੀਕਰ ਦਾ ਫੈਸਲਾ ਅੰਤਮ ਹੋਵੇਗਾ।

(4) ਜਦ ਕੋਈ ਧਨ ਬਿਲ ਅਨੁਛੇਦ 198 ਦੇ ਅਧੀਨ ਪਰਿਸ਼ਦ ਨੂੰ ਘੱਲਿਆ ਜਾਵੇ ਅਤੇ ਜਦ ਉਹ ਅਨੁਛੇਦ 200 ਦੇ ਅਧੀਨ ਰਾਜ ਦੇ ਰਾਜਪਾਲ ਨੂੰ ਅਨੁਮਤੀ ਲਈ ਪੇਸ਼ ਕੀਤਾ ਜਾਵੇ, ਤਾਂ ਹਰਿਕ ਅਜਿਹੇ ਬਿਲ ਤੇ ਵਿਧਾਨ ਸਭਾ ਦੇ ਸਪੀਕਰ ਦੇ ਦਸਖਤ ਨਾਲ ਇਹ ਪ੍ਰਮਾਣ ਪਿੱਠ-ਅੰਕਿਤ ਕੀਤਾ ਜਾਵੇਗਾ ਕਿ ਉਹ ਧਨ ਬਿਲ ਹੈ।

ਬਿਲਾਂ ਦੀ ਅਨੁਮਤੀ।

200. ਜਦ ਕੋਈ ਬਿਲ ਕਿਸੇ ਰਾਜ ਦੀ ਵਿਧਾਨ ਸਭਾ ਦੁਆਰਾ ਜਾਂ, ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਸੂਰਤ ਵਿਚ , ਰਾਜ ਦੇ ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਦੁਆਰਾ ਪਾਸ ਕਰ ਦਿੱਤਾ ਗਿਆ ਹੋਵੇ, ਉਹ ਰਾਜਪਾਲ ਨੂੰ ਪੇਸ਼ ਕੀਤਾ ਜਾਵੇਗਾ ਅਤੇ ਰਾਜਪਾਲ ਐਲਾਨ ਕਰੇਗਾ ਕਿ ਜਾਂ ਤਾਂ ਉਹ ਬਿਲ ਨੂੰ ਅਨੁਮਤੀ ਦਿੰਦਾ ਹੈ ਜਾਂ ਉਹ ਉਸ ਤੋਂ ਅਨੁਮਤੀ ਰੋਕ ਲੈਂਦਾ ਹੈ ਜਾਂ ਉਹ ਬਿਲ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕਰ ਲੈਂਦਾ ਹੈ :

ਪਰੰਤੂ ਰਾਜਪਾਲ, ਅਨੁਮਤੀ ਲਈ ਉਸ ਨੂੰ ਬਿਲ ਪੇਸ਼ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਸੰਭਵ ਹੋਵੇ, ਉਸ ਬਿਲ ਨੂੰ ਜੇ ਉਹ ਧਨ ਬਿਲ ਨ ਹੋਵੇ ਅਜਿਹੇ ਸੰਦੇਸ਼ ਨਾਲ ਮੋੜ ਸਕੇਗੀ ਕਿ ਸਦਨ ਜਾਂ ਦੋਵੇ ਸਦਨ ਉਸ ਬਿਲ ਤੇ ਉਸ ਦੇ ਕਿਸੇ ਉਲ਼ਿਖਤ ਉਪਬੰਧਾਂ ਤੇ ਜਾਂ ਮੁੜ ਵਿਚਾਰ ਕਰਨ ਅਤੇ, ਖਾਸ ਕਰਕੇ, ਕਿਸੇ ਅਜਿਹੀਆਂ ਸੋਧਾਂ ਦੇ ਪੁਰਸਥਾਪਨ ਦੀ ਵਾਂਛਨੀਅਤਾ ਤੇ ਵਿਚਾਰ ਕਰਨ ਜਿਨ੍ਹਾਂ ਦੀ ਉਹ ਆਪਣੇ ਸੰਦੇਸ਼ ਵਿਚ ਸਿਫਾਰਸ਼ ਕਰੇ, ਅਤੇ ਜਦ ਬਿਲ ਇਸ ਤਰ੍ਹਾਂ ਮੋੜ ਦਿੱਤਾ ਗਿਆ ਹੋਵੇ, ਤਦ ਸਦਨ ਜਾਂ ਦੋਵੇ ਸਦਨ ਉਸ ਬਿਲ ਤੇ ਉਸ ਦੇ ਅਨੁਸਾਰ ਮੁੜ ਵਿਚਾਰ ਕਰਨਗੇ, ਅਤੇ ਜੇ ਬਿਲ ਸਦਨ ਜਾਂ ਸਦਨਾਂ ਦੁਆਰਾ, ਸੋਧ ਨਾਲ ਜਾਂ ਬਿਨਾਂ, ਮੁੜ ਪਾਸ ਕਰ ਦਿੱਤਾ ਜਾਵੇ ਅਤੇ ਰਾਜਪਾਲ ਨੂੰ ਅਨੁਮਤੀ ਲਈ ਪੇਸ਼ ਕੀਤਾ ਜਾਵੇ, ਤਾਂ ਰਾਜਪਾਲ ਉਸ ਤੋਂ ਅਨੁਮਤੀ ਨਹੀਂ ਰੋਕੇਗਾ :

Ministry of Law & Justice

ਪਰੰਤੂ ਇਹ ਹੋਰ ਕਿ ਜਿਸ ਬਿਲ ਤੋਂ, ਜੇ ਉਹ ਕਾਨੂੰਨ ਬਣ ਜਾਵੇ, ਤਾਂ ਰਾਜਪਾਲ ਦੀ ਰਾਏ ਵਿਚ ਉੱਚ ਅਦਾਲਤ ਦੀਆਂ ਸ਼ਕਤੀਆਂ ਦਾ ਅਜਿਹਾ ਅਲਪਣ ਹੋਵੇਗਾ ਕਿ ਉਹ ਮਰਾਤਬਾ ਜੋ ਉਸ ਅਦਾਲਤ ਨੂੰ ਇਸ ਸੰਵਿਧਾਨ ਦੁਆਰਾ ਪ੍ਰਾਪਤ ਹੋਣਾ ਮਨਸੂਬਿਆ ਗਿਆ ਹੈ, ਖਤਰੇ ਵਿਚ ਪੈ ਜਾਵੇਗਾ, ਉਸ ਬਿਲ ਨੂੰ ਰਾਜਪਾਲ ਅਨੁਮਤੀ ਨਹੀਂ ਦੇਵੇਗਾ ਸਗੋਂ ਉਸ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕਰ ਲਵੇਗਾ।

ਵਿਚਾਰ ਲਈ ਰਾਖਵੇਂ ਕੀਤੇ ਬਿਲ।

201. ਜਦ ਕੋਈ ਬਿਲ ਰਾਜਪਾਲ ਦੁਆਰਾ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕਰ ਲਿਆ ਜਾਵੇ, ਤਦ ਰਾਸ਼ਟਰਤੀ ਐਲਾਨ ਕਰੇਗਾ ਕਿ ਜਾਂ ਤਾਂ ਉਹ ਬਿਲ ਨੂੰ ਅਨੁਮਤੀ ਦਿੰਦਾ ਹੈ ਜਾਂ ਉਹ ਉਸ ਤੋਂ ਅਨੁਮਤੀ ਰੋਕ ਲੈਂਦਾ ਹੈ :

ਪਰੰਤੂ, ਜਿੱਥੇ ਉਹ ਬਿਲ ਧਨ ਬਿਲ ਨ ਹੋਵੇ, ਰਾਸ਼ਟਰਪਤੀ ਰਾਜਪਾਲ ਨੂੰ ਇਹ ਹਦਾਇਤ ਕਰ ਸਕੇਗਾ ਕਿ ਉਹ ਬਿਲ ਰਾਜ ਦੇ ਵਿਧਾਨ ਮੰਡਲ ਦੇ ਸਦਨ ਜਾਂ ਸਦਨਾਂ ਨੂੰ, ਜਿਹੀ ਕਿ ਸੂਰਤ ਹੋਵੇ, ਅਜਿਹੇ ਸੰਦੇਸ਼ ਸਮੇਤ ਜਿਹੇ ਦਾ ਅਨੁਛੇਦ 200 ਦੇ ਪਹਿਲੇ ਪਰੰਤੁਕ ਵਿਚ ਜਿਕਰ ਕੀਤਾ ਗਿਆ ਹੈ ਮੋੜ ਦੇਵੇ ਅਤੇ ਜਦ ਕੋਈ ਬਿਲ ਇਸ ਤਰ੍ਹਾ ਮੋੜ ਦਿੱਤਾ ਜਾਵੇ, ਅਜਿਹੇ ਸੰਦੇਸ਼ ਦੇ ਮਿਲਣ ਦੀ ਤਰੀਕ ਤੋਂ ਛੇ ਮਹੀਨੇ ਦੀ ਮੁਦੱਤ ਦੇ ਅੰਦਰ ਸਦਨ ਜਾਂ ਸਦਨਾਂ ਦੁਆਰਾ ਉਸ ਤੇ ਉਸ ਅਨੁਸਾਰ ਮੁੜ ਵਿਚਾਰ ਕੀਤੀ ਜਾਵੇਗੀ ਅਤੇ, ਜੇ ਉਹ ਸੋਧ ਨਾਲ ਜਾਂ ਬਿਨਾਂ ਸਦਨ ਜਾਂ ਸਦਨਾਂ ਦੁਆਰਾ ਮੁੜ ਪਾਸ ਹੋ ਜਾਵੇ, ਤਾਂ ਉਹ ਰਾਸ਼ਟਰਪਤੀ ਨੂੰ ਉਸ ਦੇ ਵਿਚਾਰ ਲਈ ਮੁੜ ਪੇਸ਼ ਕੀਤਾ ਜਾਵੇਗਾ।

## ਵਿੱਤੀ ਮਾਮਲਿਆਂ ਵਿਚ ਜਾਬਤਾ

ਸਾਲਾਨਾ ਵਿੱਤ-ਵਿਵਰਣ।

202 (1) ਰਾਜਪਾਲ ਹਰਿਕ ਵਿੱਤੀ ਸਾਲ ਬਾਰੇ ਰਾਜ ਦੇ ਵਿਧਾਨ ਮੰਡਲ ਦੇ ਸਦਨ ਜਾਂ ਸਦਨਾਂ ਅੱਗੇ ਉਸ ਰਾਜ ਦੀਆਂ ਉਸ ਸਾਲ ਲਈ ਅਨੁਮਾਨਤ ਪ੍ਰਾਪਤੀਆਂ ਅਤੇ ਖਕਚ ਦਾ ਵਿਵਰਣ ਰਖਵਾਏਗਾ, ਜਿਸ ਦਾ ਇਸ ਭਾਗ ਵਿਚ "ਸਾਲਾਨਾ ਵਿੱਤ-ਵਿਵਰਣ" ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ।

Ministry of Law & Justice

(2) ਸਾਲਾਨਾ ਵਿੱਤ-ਵਿਵਰਣ ਵਿਚ ਦਿੱਤੇ ਹੋਏ ਖਕਚ ਦੇ ਅਨੁਮਾਨਾਂ ਵਿਚ—

(ੳ) ਜੋ ਖਰਚ ਇਸ ਸੰਵਿਧਾਨ ਵਿਚ ਉਸ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਖਰਚ ਵਜੋਂ ਵਰਣਤ ਹੈ ਉਸ ਦੀ ਪੂਰਤੀ ਲਈ ਲੋੜੀਦੀਆਂ ਰਕਮਾਂ ਅਤੇ;

(ਅ) ਰਾਜ ਦੇ ਸੰਚਿਤ ਫ਼ੰਡ ਵਿਚੋਂ ਕੀਤੇ ਜਾਣ ਲਈ ਤਜਵੀਜ ਹੋਏ ਹੋਰ ਖਰਚ ਦੀ ਪੂਰਤੀ ਲਈ ਲੋੜੀਂਦੀਆਂ ਰਕਮਾਂ;

ਅੱਡ ਅੱਡ ਵਿਖਾਈਆਂ ਜਾਣਗੀਆਂ, ਅਤੇ ਸਰਕਾਰੀ ਸਧਾਰਨ ਧਨ-ਲੇਖੇ ਤੇ ਹੋਣ ਵਾਲੇ ਖਰਚ ਦਾ ਹੋਰ ਖਰਚ ਨਾਲੋਂ ਭੇਦ ਕੀਤਾ ਜਾਵੇਗਾ।

(3) ਹੇਠ-ਲਿਖਿਆ ਖਰਚ ਹਰੇਕ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਖਰਚ ਹੋਵੇਗਾ -

(ੳ) ਰਾਜਪਾਲ ਦੀਆਂ ਉਪਲਭਤਾਂ ਅਤੇ ਭੱਤੇ ਉਸ ਦੇ ਅਹੁਦੇ ਸੰਬੰਧੀ ਹੋਰ ਖਰਚ;

(ਅ) ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਅਤੇ, ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੀ ਸੂਰਤ ਵਿਚ, ਵਿਧਾਨ ਪਰਿਸ਼ਦ ਦੇ ਸਭਾਪਤੀ ਅਤੇ ਉਪ-ਸਭਾਪਤੀ ਦੀਆਂ ਵੀ ਤਨਖਾਹਾਂ ਅਤੇ ਭੱਤੇ;

(ੲ) ਅਜਿਹੇ ਰਿਣ ਭਾਰ ਜਿਨ੍ਹਾਂ ਦੀ ਦੇਣਦਾਰੀ ਰਾਜ ਤੇ ਹੈ ਜਿਨ੍ਹਾਂ ਵਿਚ ਵਿਆਜ, ਰਿਣ-ਭੁਗਤਾਨ-ਫ਼ੰਡ-ਭਾਰ, ਅਤੇ ਉਧਾਰ ਲੈਣ ਅਤੇ ਰਿਣ-ਸੇਵਾ ਅਤੇ ਰਿਣ-ਛੁੜਾਈ ਸੰਬੰਧੀ ਹੋਰ ਖਰਚ ਸ਼ਾਮਲ ਹਨ ;

(ਸ) ਕਿਸੇ ਉੱਚ ਅਦਾਲਤ ਦੇ ਜੱਜਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਬਾਰੇ ਖਰਚ;

(ਹ) ਕਿਸੇ ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਦੇ ਕਿਸੇ ਨਿਰਣੇ, ਡਿਗਰੀ ਜਾਂ ਸਾਲਸੀ ਫੈਸਲੇ ਤੇ ਭੁਗਤਾਨ ਲਈ ਲੋੜੀਦੀਆਂ ਕੋਈ

Ministry of Law & Justice

ਰਕਮਾਂ;

(ਕ) ਇਸ ਸੰਵਿਧਾਨ ਦੁਆਰਾ, ਜਾਂ ਰਾਜ ਦੇ ਵਿਧਾਨ-ਮੰਡਲ ਦੁਆਰਾ ਕਾਨੂੰਨ ਦੁਆਰਾ ਇਸ ਤਰ੍ਹਾਂ ਭਾਰਿਤ ਹੋਣਾ ਐਲਾਨਿਆ ਗਿਆ ਕੋਈ ਹੋਰ ਖਰਚ।

**ਵਿਧਾਨ-ਮੰਡਲ ਵਿਚ ਅਨੁਮਾਨਾਂ ਬਾਰੇ ਜਾਬਤਾ।**

203.(1) ਅਨੁਮਾਨਾਂ ਦਾ ਉੱਨਾ ਭਾਗ ਜਿੰਨਾ ਕਿਸੇ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਖਰਚ ਨਾਲ ਸੰਬੰਧਤ ਹੈ ਵਿਧਾਨ ਸਭਾ ਵਿਚ ਵੋਟ ਲਈ ਨਹੀਂ ਰਖਿਆ ਜਾਵੇਗਾ, ਪਰ ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਵਿਧਾਨ-ਮੰਡਲ ਵਿਚ ਉਨ੍ਹਾਂ ਅਨੁਮਾਨਾਂ ਵਿੱਚੋਂ ਕਿਸੇ ਤੇ ਚਰਚਾ ਨੂੰ ਰੋਕਦੀ ਹੈ।

(2) ਉਕਤ ਅਨੁਮਾਨਾਂ ਦਾ ਉਨਾ ਭਾਗ ਜਿੰਨਾ ਹੋਰ ਖਰਚ ਨਾਲ ਸੰਬੰਧਤ ਹੈ ਵਿਧਾਨ ਸਭਾ ਨੂੰ ਗ੍ਰਾਂਟਾਂ ਦੀਆਂ ਮੰਗਾਂ ਦੇ ਰੂਪ ਵਿਚ ਪੇਸ਼ ਕੀਤਾ ਜਾਵੇਗਾ ਅਤੇ ਵਿਧਾਨ ਸਭਾ ਨੂੰ ਸ਼ਕਤੀ ਹੋਵੇਗੀ ਕਿ ਕਿਸੇ ਮੰਗ ਨੂੰ ਅਨੁਮਤੀ ਦੇਵੇ, ਜਾਂ ਅਨੁਮਤੀ ਦੇਣ ਤੋਂ ਇੰਨਕਾਰ ਕਰ ਦੇਵੇ,ਜਾਂ ਕਿਸੇ ਮੰਗ ਨੂੰ ਉਸ ਵਿਚ ਉਲਿਖਤ ਰਕਮ ਘੱਟ ਕਰਕੇ ਅਨੁਮਤੀ ਦੇਵੇ।

(3) ਕਿਸੇ ਗ੍ਰਾਂਟ ਦੀ ਮੰਗ ਰਾਜਪਾਲ ਦੀ ਸਿਫਾਰਸ਼ ਦੇ ਸਿਵਾਏ ਨਹੀਂ ਕੀਤੀ ਜਾਵੇਗੀ।

ਨਮਿੱਤਣ ਬਿਲ।

204.(1) ਵਿਧਾਨ ਸਭਾ ਦੁਆਰਾ ਅਨੁਛੇਦ 203 ਦੇ ਅਧੀਨ ਗ੍ਰਾਂਟਾਂ ਦੇ ਦਿੱਤੇ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਦੇ ਸੰਚਿਤ ਫ਼ੰਡ ਵਿਚੋਂ -

(ੳ) ਸਭਾ ਦੁਆਰਾ ਇਸ ਤਰ੍ਹਾਂ ਦਿੱਤੀਆਂ ਗ੍ਰਾਂਟਾਂ ਦੀ, ਅਤੇ

(ਅ) ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਪਰ ਸਦਨ ਜਾਂ ਸਦਨਾਂ ਅੱਗੇ ਪਹਿਲਾਂ ਰੱਖੇ ਗਏ ਵਿਵਰਣ ਵਿਚ ਦਿੱਤੀ ਹੋਈ ਰਕਮ ਤੋਂ ਕਿਸੇ ਸੂਰਤ ਵਿਚ ਵੱਧ ਨ ਹੋਣ ਵਾਲੇ ਖਰਚ ਦੀ;

ਪੂਰਤੀ ਲਈ ਲੋੜੀਂਦੇ ਸਭ ਧਨਾਂ ਦੇ ਨਮਿੱਤਣ ਲਈ ਉਪਬੰਧ ਕਰਨ ਲਈ ਬਿਲ ਪੁਰਸਥਾਪਤ ਕੀਤਾ ਜਾਵੇਗਾ।

Ministry of Law & Justice

(2) ਇਸ ਤਰ੍ਹਾਂ ਦਿੱਤੀ ਗਈ ਕਿਸੇ ਗ੍ਰਾਂਟ ਦੀ ਰਕਮ ਵਿਚ ਅਦਲ-ਬਦਲ ਕਰਨ ਜਾਂ ਗ੍ਰਾਂਟ ਦੇ ਨਿਸ਼ਾਨੇ ਨੂੰ ਬਦਲਣ ਜਾਂ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਕਿਸੇ ਖਰਚ ਦੀ ਰਕਮ ਵਿਚ ਅਦਲ ਬਦਲ ਕਰਨ ਦਾ ਪ੍ਰਭਾਵ ਰੱਖਣ ਵਾਲੀ ਕੋਈ ਸੋਧ ਅਜਿਹੇ ਕਿਸੇ ਬਿਲ ਵਿਚ ਰਾਜ ਦੇ ਵਿਧਾਨ-ਮੰਡਲ ਦੇ ਸਦਨ ਵਿਚ ਜਾਂ ਕਿਸੇ ਸਦਨ ਵਿਚ ਤਜਵੀਜ ਨਹੀਂ ਕੀਤੀ ਜਾਵੇਗੀ ਅਤੇ ਕੀ ਕੋਈ ਸੋਧ ਇਸ ਖੰਡ ਦੇ ਅਧੀਨ ਅਗ੍ਰਹਿਣਯੋਗ ਹੈ ਇਸ ਬਾਬਤ ਪ੍ਰਧਾਨਗੀ ਕਰਦੇ ਵਿਅਕਤੀ ਦਾ ਫੈਸਲਾ ਅੰਤਮ ਹੋਵੇਗਾ।

(3) ਅਨੁਛੇਦ 205 ਅਤੇ 206 ਦੇ ਉਪਬੰਧਾਂ ਦੇ ਤਾਬੇ, ਕੋਈ ਧਨ ਰਾਜ ਦੇ ਸੰਚਿਤ ਫ਼ੰਡ ਵਿਚੋਂ ਨਹੀਂ ਕਢਾਇਆ ਜਾਵੇਗਾ ਸਿਵਾਏ ਇਸ ਤੇ ਕਿ ਉਹ ਅਜਿਹੇ ਨਮਿੱਤਣ ਅਧੀਨ ਹੋਵੇ ਜੋ ਇਸ ਅਨੁਛੇਦ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਪਾਸ ਕੀਤੇ ਗਏ ਕਾਨੂੰਨ ਦੁਆਰਾ ਕੀਤਾ ਗਿਆ ਹੋਵੇ।

ਅਨੁਪੂਰਕ, ਅਤਿਰਿਕਤ ਜਾਂ ਵਧੀਕ ਗ੍ਰਾਂਟਾਂ।

205(1) ਜੇ-

(ੳ) ਅਨੁਛੇਦ 204 ਦੇ ਉਪਬੰਧਾਂ ਦੇ ਅਨੁਸਾਰਤਾ ਵਿਚ ਬਣਾਏ ਕਿਸੇ ਕਾਨੂੰਨ ਦੁਆਰਾ ਕਿਸੇ ਖਾਸ ਸੇਵਾ ਤੇ ਚਾਲੂ ਵਿੱਤੀ ਸਾਲ ਲਈ ਖਰਚ ਕੀਤੇ ਜਾਣ ਲਈ ਅਖਤਿਆਰਤ ਰਕਮ ਉਸ ਸਾਲ ਦੇ ਪ੍ਰਯੋਜਨਾਂ ਲਈ ਨਾਕਾਫੀ ਪਾਈ ਜਾਵੇ ਜਾਂ ਜਦ ਉਸ ਸਾਲ ਦੇ ਸਾਲਾਨਾ ਵਿੱਤ-ਵਿਵਰਣ ਵਿਚ ਅਣਚਿਤਵੀ ਕਿਸੇ ਨਵੀਂ ਸੇਵਾ ਤੇ ਅਨੁਪੂਰਕ ਜਾਂ ਅਤਿਰਿਕਤ ਖਰਚ ਦੀ ਚਾਲੂ ਵਿੱਤੀ ਸਾਲ ਦੇ ਦੌਰਾਨ ਜਰੂਰਤ ਪੈਦਾ ਹੋ ਗਈ ਹੋਵੇ, ਜਾਂ;

(ਅ) ਕਿਸੇ ਵਿੱਤੀ ਸਾਲ ਦੇ ਦੌਰਾਨ ਕਿਸੇ ਸੇਵਾ ਤੇ ਇਸ ਸੇਵਾ ਅਤੇ ਉਸ ਸਾਲ ਲਈ ਗ੍ਰਾਂਟ ਕੀਤੀ ਗਈ ਰਕਮ ਤੋਂ ਵਧੀਨ ਕੋਈ ਧਨ ਖਰਚ ਹੋ ਗਿਆ ਹੋਵੇ,

ਤਾਂ ਰਾਜਪਾਲ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਸਦਨਾਂ ਅੱਗੇ ਉਸ ਖਰਚ ਦੀ ਅਨੁਮਾਨਤ ਰਕਮ ਨੂੰ ਵਿਖਾਉਣ ਵਾਲਾ ਹੋਰ ਵਿਵਰਣ

Ministry of Law & Justice

ਰੱਖਵਾਏਗਾ ਜਾਂ ਜਿਹੀ ਕਿ ਸੂਰਤ ਹੋਵੇ, ਰਾਜ ਦੀ ਵਿਧਾਨ ਸਭਾ ਵਿਚ ਅਜਿਹੀ ਵਧੀਕ ਰਕਮ ਲਈ ਮੰਗ ਪੇਸ ਕਰਵਾਏਗਾ ।

(2) ਅਜਿਹੇ ਕਿਸੇ ਵਿਵਰਣ ਅਤੇ ਖਰਚ ਜਾਂ ਮੰਗ ਦੇ ਸੰਬੰਧ ਵਿਚ ਅਤੇ ਰਾਜ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਖਰਚ ਜਾਂ ਅਜਿਹੀ ਮੰਗ ਬਾਰੇ ਗ੍ਰਾਂਟ ਦੀ ਪੂਰਤੀ ਲਈ ਧਨਾਂ ਦਾ ਨਮਿੱਤਣ ਅਖਤਿਆਰਤ ਕਰਨ ਲਈ ਬਣਾਏ ਜਾਣ ਵਾਲੇ ਕਿਸੇ ਕਾਨੂੰਨ ਦੇ ਸੰਬੰਧ ਵਿਚ ਵੀ ਅਨੁਛੇਦ 202, 203, ਅਤੇ 204 ਦੇ ਉਪਬੰਧ ਉਸੇ ਤਰ੍ਹਾਂ ਪ੍ਰਭਾਵੀ ਹੋਣਗੇ ਜਿਸ ਤਰ੍ਹਾਂ ਉਹ ਸਾਲਾਨਾ ਵਿੱਤ-ਵਿਵਰਣ ਅਤੇ ਉਸ ਵਿਚ ਜਿਕਰ ਕੀਤੇ ਖਰਚ ਜਾਂ ਗ੍ਰਾਂਟ ਲਈ ਕਿਸੇ ਮੰਗ ਅਤੇ ਰਾਜ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਕਿਸੇ ਖਰਚ ਜਾਂ ਗ੍ਰਾਂਟ ਦੀ ਪੂਰਤੀ ਲਈ ਧਨਾਂ ਦਾ ਨਮਿੱਤਣ ਅਖਤਿਆਰਤ ਕਰਨ ਲਈ ਬਣਾਏ ਜਾਣ ਵਾਲੇ ਕਾਨੂੰਨ ਦੇ ਸੰਬੰਧ ਵਿਚ ਪ੍ਰਭਾਵੀ ਹੁੰਦੇ ਹਨ ।

ਲੇਖਾ-ਗ੍ਰਾਂਟਾਂ, ਸਾਖ ਗ੍ਰਾਂਟਾ ਅਤੇ ਅਪਵਾਦੀ ਗ੍ਰਾਂਟਾ ।

206. (1) ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦੀ ਵਿਧਾਨ ਸਭਾ ਨੂੰ -

(ੳ) ਕਿਸੇ ਵਿੱਤੀ ਸਾਲ ਦੇ ਕਿਸੇ ਭਾਗ ਲਈ ਅਨੁਮਾਨਤ ਖਰਚ ਬਾਰੇ ਕੋਈ ਗ੍ਰਾਂਟ, ਅਜਿਹੀ ਗ੍ਰਾਂਟ ਲਈ ਵੋਟ ਦੇਣ ਲਈ ਅਨੁਛੇਦ 203 ਵਿਚ ਮੁਕੱਰਰ ਜ਼ਾਬਤੇ ਦੀ ਪੂਰਤੀ ਦੇ ਲੰਬਿਤ ਰਹਿਣ ਤੱਕ ਅਤੇ ਉਸ ਖਰਚ ਦੇ ਸੰਬੰਧ ਵਿਚ ਅਨੁਛੇਦ 204 ਦੇ ਉਪਬੰਧ ਦੀ ਅਨੁਸਾਰਤਾ ਵਿਚ ਕਾਨੂੰਨ ਦਾ ਪਾਸ ਹੋਣਾ ਲੰਬਿਤ ਰਹਿਣ ਤੱਕ, ਪੇਸ਼ਗੀ ਦੇਣ ਦੀ ;

(ਅ) ਜਦ ਕਿਸੇ ਸੇਵਾ ਦੇ ਆਕਾਰ ਜਾਂ ਅਨੁਸਚਿਤ ਪ੍ਰਕਿਰਤੀ ਦੇ ਕਾਰਨ ਮੰਗ ਉਸ ਵੇਰਵੇ ਨਾਲ ਬਿਆਨ ਨਹੀਂ ਕੀਤਾ ਜਾ ਸਕਦੀ ਜੋ ਸਾਧਾਰਣ ਤੌਰ ਤੇ ਸਾਲਾਨਾ ਵਿੱਤ-ਵਿਵਰਣ ਵਿਚ ਦਿੱਤਾ ਜਾਂਦਾ ਹੈ ਤਦ ਰਾਜ ਦੇ ਵਸਲਿਆਂ ਤੇ ਕਿਸੇ ਅਚਣਚੇਤੀ ਮੰਗ ਦੀ ਪੂਰਤੀ ਲਈ ਗ੍ਰਾਂਟ ਦੇਣ ਦੀ;

Ministry of Law & Justice

(ਇ) ਕੋਈ ਅਜਿਹੀ ਅਪਵਾਦੀ ਗ੍ਰਾਂਟ, ਜੋ ਕਿਸੇ ਵਿੱਤੀ ਸਾਲ ਦੀ ਚਾਲੂ ਸੇਵਾ ਦਾ ਭਾਗ ਨ ਹੋਵੇ, ਦੇਣ ਦੀ;

ਸ਼ਕਤੀ ਹੋਵੇਗੀ ਅਤੇ ਰਾਜ ਦੇ ਵਿਧਾਨ-ਮੰਡਲ ਨੂੰ ਉਨ੍ਹਾਂ ਪ੍ਰਯੋਜਨਾਂ ਲਈ ਜਿਨ੍ਹਾਂ ਲਈ ਉਕਤ ਗ੍ਰਾਂਟਾਂ ਦਿੱਤੀਆਂ ਗਈਆਂ ਹੋਣ ਕਾਨੂੰਨ ਦੁਆਰਾ ਰਾਜ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਦਾ ਕੱਢਣਾ ਅਖਤਿਆਰਤ ਕਰਨ ਕੀ ਸ਼ਕਤੀ ਹੋਵੇਗੀ।

(2) ਖੰਡ (1) ਤੇ ਅਧੀਨ ਕਿਸੇ ਗ੍ਰਾਂਟ ਦੇ ਦੇਣ ਅਤੇ ਉਸ ਖੰਡ ਦੇ ਅਧੀਨ ਬਣਾਏ ਜਾਣ ਵਾਲੇ ਕਿਸੇ ਕਾਨੂੰਨ ਦੇ ਸੰਬੰਧ ਵਿਚ ਅਨੁਛੇਦ 203 ਅਤੇ 204 ਦੇ ਉਪਬੰਧ ਉਸੇ ਤਰ੍ਹਾਂ ਪ੍ਰਭਾਵੀ ਹੋਣਗੇ ਜਿਸ ਤਰ੍ਹਾਂ ਉਹ ਸਾਲਾਨਾ ਵਿੱਤ-ਵਿਵਰਣ ਵਿਚ ਜਿਕਰ ਕੀਤੇ ਕਿਸੇ ਖਰਚ ਬਾਬਤ ਕਿਸੇ ਗ੍ਰਾਂਟ ਦੇ ਦੇਣ ਤੇ ਅਤੇ ਰਾਜ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਖਰਚ ਦੀ ਪੂਰਤੀ ਲਈ ਧਨਾਂ ਦਾ ਨਮਿੱਤਣ ਅਖਤਿਆਰਤ ਕਰਨ ਲਈ ਬਣਾਏ ਜਾਣ ਵਾਲੇ ਕਾਨੂੰਨ ਦੇ ਸੰਬੰਧ ਵਿਚ ਪ੍ਰਭਾਵੀ ਹੁੰਦੇ ਹਨ।

ਵਿੱਤੀ ਬਿਲਾਂ ਬਾਬਤ ਵਿਸ਼ੇਸ ਉਪਬੰਧ।

207 (1) ਅਨੁਛੇਦ 199 ਦੇ ਖੰਡ (1) ਦੇ (ੳ) ਤੋਂ (ਕ) ਤੱਕ ਉਪਖੰਡਾਂ ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਲਈ ਉਪਬੰਧ ਕਰਨ ਵਾਲਾ ਕੋਈ ਬਿਲ ਜਾਂ ਸੋਧ ਰਾਜਪਾਲ ਦੀ ਸਿਫਾਰਸ਼ ਦੇ ਸਿਵਾਏ ਪੁਰਸਥਾਪਤ ਜਾਂ ਪੇਸ਼ ਨਹੀਂ ਕੀਤੀ ਜਾਵੇਗੀ ਅਤੇ ਅਜਿਹਾ ਉਪਬੰਧ ਕਰਨ ਵਾਲਾ ਕੋਈ ਬਿਲ ਕਿਸੇ ਵਿਧਾਨ ਪਰਿਸ਼ਦ ਵਿਚ ਪੁਰਸਥਾਪਤ ਨਹੀਂ ਕੀਤਾ ਜਾਵੇਗਾ :

ਪਰੰਤੂ ਕਿਸੇ ਕਰ ਦੇ ਘਟਾਉਣ ਜਾਂ ਉਸ ਦਾ ਅੰਤ ਕਰਨ ਲਈ ਉਪਬੰਧ ਬਣਾਉਣ ਵਾਲੀ ਕੋਈ ਸੋਧ ਪੇਸ਼ ਕਰਨ ਲਈ ਇਸ ਖੰਡ ਦੇ ਅਧੀਨ ਕਿਸੇ ਸਿਫਾਰਸ਼ ਦੀ ਲੋੜ ਨਹੀਂ ਹੋਵੇਗੀ।

(2) ਕੋਈ ਬਿਲ ਜਾਂ ਸੋਧ ਉਪਰੋਕਤ ਮਾਮਲਿਆਂ ਵਿਚੋਂ ਕਿਸੇ ਲਈ ਉਪਬੰਧ ਕਰਦੀ ਕੇਵਲ ਇਸ ਕਾਰਨ ਤੋਂ ਨਹੀਂ ਸਮਝੀ ਜਾਵੇਗੀ ਕਿ ਉਹ ਜੁਰਮਾਨਿਆਂ ਜਾਂ ਹੋਰ ਮਾਇਕ ਡਨਾਂ ਤੇ ਅਰੋਪਣ ਦਾ, ਜਾਂ ਲਸੰਸਾਂ ਲਈ ਫੀਸਾਂ ਜਾਂ ਕੀਤੀਆਂ ਗਈਆਂ ਸੇਵਾਵਾਂ ਲਈ ਫੀਸਾਂ ਦੀ ਮੰਗ ਜਾਂ

ਅਦਾਇਗੀ ਲਈ ਉਪਬੰਧ ਕਰਦੀ ਹੈ, ਜਾਂ ਇਸ ਕਾਰਨ ਤੋਂ ਕਿ ਉਹ ਕਿਸੇ ਸਥਾਨਕ ਸੱਤਾਧਾਰੀ ਜਾਂ ਬੋਡੀ ਦੁਆਰਾ ਸਥਾਨਕ ਪ੍ਰਯੋਜਨਾਂ ਲਈ ਕਿਸੇ ਕਰ ਦੇ ਅਰੋਪਣ, ਅੰਤ ਕਰਨ, ਛੋਟਾਉਣ, ਬਦਲਣ ਜਾਂ ਵਿਨਿਯਮਨ ਲਈ ਉਪਬੰਧ ਕਰਦੀ ਹੈ ।

(3) ਜਿਸ ਬਿਲ ਦੇ, ਐਕਟ ਬਣਾਏ ਜਾਣ ਅਤੇ ਅਮਲ ਵਿਚ ਲਿਆਂਦੇ ਜਾਣ ਤੇ ਕਿਸੇ ਰਾਜ ਦੇ ਸੰਚਿਤ ਫ਼ੰਡ ਵਿਚੋਂ ਖਰਚ ਕਰਨਾ ਪੈਂਦਾ ਹੋਵੇ ਉਹ ਬਿਲ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਸਦਨ ਦੁਆਰਾ ਪਾਸ ਨਹੀਂ ਕੀਤਾ ਜਾਵੇਗਾ ਜੇਕਰ ਰਾਜਪਾਲ ਨੇ ਅਜਿਹੇ ਬਿਲ ਤੇ ਵਿਚਾਰ ਕਰਨ ਲਈ ਉਸ ਸਦਨ ਨੂੰ ਸਿਫਾਰਸ਼ ਨ ਕੀਤੀ ਹੋਵੇ ।

**ਜਾਬਤਾ ਸਧਾਰਨ ਤੌਰ ਤੇ**

ਜ਼ਾਬਤੇ ਦੇ ਨਿਯਮ । 208.(1)ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਕਿਸੇ ਰਾਜ ਦੇ ਵਿਧਾਨ-ਮੰਡਲ ਦਾ ਕੋਈ ਸਦਨ ਆਪਣੇ ਜ਼ਾਬਤੇ ਅਤੇ ਆਪਣੇ ਕਾਰਜ ਦੇ ਸੰਚਾਲਣ ਦਾ ਵਿਨਿਯਮਨ ਕਰਨ ਲਈ ਨਿਯਮ ਬਣਾ ਸਕੇਗਾ ।

(2) ਜਦ ਤੱਕ ਖੰਡ (1) ਦੇ ਅਧੀਨ ਨਿਯਮ ਨ ਬਣਾਏ ਜਾਣ, ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਤਤ-ਸਥਾਨੀ ਪ੍ਰਾਂਤਾਂ ਦੇ ਵਿਧਾਨ-ਮੰਡਲ ਬਾਰੇ ਜੋ ਜ਼ਾਬਤੇ ਦੇ ਨਿਯਮ ਅਤੇ ਸਥਾਈ ਹੁਕਮ ਨਾਫਜ ਸਨ ਉਹ ਅਜਿਹੇ ਰੂਪਭੇਦਾਂ ਅਤੇ ਅਨੁਕੂਲਣਾਂ ਦੇ ਤਾਬੇ ਜੋ ਉਨ੍ਹਾਂ ਵਿਚ ਵਿਧਾਨ ਸਭਾ ਦੇ ਸਪੀਕਰ ਜਾਂ ਵਿਧਾਨ ਪਰਿਸ਼ਦ ਦੇ ਸਭਾਪਤੀ,ਜਿਹੀ ਕਿ ਸੂਰਤ ਹੋਵੇ, ਦੁਆਰਾ ਕੀਤੇ ਜਾਣ ਉਸ ਰਾਜ ਦੇ ਵਿਧਾਨ-ਮੰਡਲ ਦੇ ਸੰਬੰਧ ਵਿਚ ਪ੍ਰਭਾਵੀ ਹੋਣਗੇ ।

(3) ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਵਿਚ ਰਾਜਪਾਲ, ਵਿਧਾਨ ਸਭਾ ਦੇ ਸਪੀਕਰ ਅਤੇ ਵਿਧਾਨ ਪਰਿਸ਼ਦ ਦੇ ਸਭਾਪਤੀ ਨਾਲ ਮਸ਼ਵਰਾਂ ਕਰਨ ਪਿੱਛੋਂ , ਦੋਹਾਂ ਸਦਨਾਂ ਵਿਚਕਾਰ ਸੰਚਾਰ ਬਾਰੇ ਜ਼ਾਬਤੇ ਦੇ ਨਿਯਮ ਬਣਾ ਸਕੇਗਾ ।

ਰਾਜ ਦੇ ਵਿਧਾਨ- 209. ਕਿਸੇ ਰਾਜ ਦਾ ਵਿਧਾਨ-ਮੰਡਲ, ਵਿੱਤੀ ਕਾਰਜ ਨੂੰ ਸਮੇਂ ਸਿਰ



Ministry of Law & Justice

ਮੰਡਲ ਵਿਚ ਵਿੱਤੀ ਕਾਰਜ ਸੰਬੰਧੀ ਜ਼ਾਬਤੇ ਦਾ ਕਾਨੂੰਨ ਦੁਆਰਾ ਵਿਨਿਯਮਨ।

ਪੂਰਾ ਕਰਨ ਦੇ ਪ੍ਰਯੋਜਨ ਲਈ, ਕਾਨੂੰਨ ਦੁਆਰਾ , ਕਿਸੇ ਵਿੱਤੀ ਮਾਮਲੇ ਦੇ ਜਾਂ ਰਾਜ ਦੇ ਸੰਚਿਤ ਫ਼ੰਡ ਵਿਚੋਂ ਧਨਾਂ ਦਾ ਨਮਿੱਤਣ ਕਰਨ ਵਾਲੇ ਕਿਸੇ ਬਿਲ ਦੇ ਸੰਬੰਧ ਵਿਚ ਰਾਜ ਦੇ ਸਦਨ ਜਾਂ ਸਦਨਾਂ ਦੇ ਜ਼ਾਬਤੇ ਅਤੇ ਕਾਰਜ ਦੇ ਸੰਚਾਲਣ ਦਾ ਵਿਨਿਯਮਨ ਕਰ ਸਕੇਗਾ, ਅਤੇ, ਜੇ ਅਤੇ ਜਿੱਥੇ ਤੱਕ ਇਸ ਤਰ੍ਹਾਂ ਬਣਾਏ ਗਏ ਕਿਸੇ ਕਾਨੂੰਨ ਦਾ ਕੋਈ ਉਪਬੰਧ ਅਨੁਛੇਦ 208 ਦੇ ਖੰਡ (1) ਦੇ ਅਧੀਨ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਕਿਸੇ ਸਦਨ ਦੁਆਰਾ ਬਣਾਏ ਗਏ ਕਿਸੇ ਨਿਯਮ ਨਾਲ ਜਾਂ ਉਸ ਅਨੁਛੇਦ ਦੇ ਖੰਡ (2) ਦੇ ਅਧੀਨ ਰਾਜ ਦੇ ਵਿਧਾਨ-ਮੰਡਲ ਦੇ ਸੰਬੰਧ ਵਿਚ ਪ੍ਰਭਾਵੀ ਕਿਸੇ ਨਿਯਮ ਜਾਂ ਸਥਾਈ ਹੁਕਮ ਨਾਲ ਅਸੰਗਤ ਹੋਵੇ ਅਜਿਹਾ ਉਪਬੰਧ ਪ੍ਰਬਲ ਹੋਵੇਗਾ।

ਵਿਧਾਨ-ਮੰਡਲ ਵਿਚ ਵਰਤੀ ਜਾਣ ਵਾਲੀ ਭਾਸ਼ਾ।

210. (1) ਭਾਗ **XVII** ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰ ਅਨੁਛੇਦ 348 ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦੇ ਵਿਧਾਨ-ਮੰਡਲ ਵਿਚ ਕਾਰਜ ਉਸ ਰਾਜ ਦੀ ਰਾਜ ਭਾਸ਼ਾ ਜਾਂ ਰਾਜ ਭਾਸ਼ਾਵਾਂ ਵਿਚ ਜਾਂ ਹਿੰਦੀ ਵਿਚ ਜਾਂ ਅੰਗਰੇਜੀ ਵਿਚ ਕੀਤਾ ਜਾਵੇਗਾ :

ਪਰੰਤੂ ਵਿਧਾਨ ਸਭਾ ਦਾ ਸਪੀਕਰ ਜਾਂ ਵਿਧਾਨ ਪਰਿਸ਼ਦ ਦਾ ਸਭਾਪਤੀ, ਜਾ ਉਸ ਵਜੋਂ ਕਾਰਜਕਰਦਾ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਕਿਸੇ ਮੈਂਬਰ ਨੂੰ ਜੋ ਆਪਣਾ ਪ੍ਰਗਟਾਓ ਉਪਰੋਕਤ ਭਾਸ਼ਾਵਾਂ ਵਿਚੋ ਕਿਸੇ ਵਿਚ ਚੰਗੀ ਤਰ੍ਹਾਂ ਨਹੀਂ ਕਰ ਸਕਦਾ, ਨੂੰ ਆਪਣੀ ਮਾਤ ਭਾਸ਼ਾ ਵਿਚ ਸੰਬੋਧਨ ਕਰਨ ਦੀ ਇਜਾਜ਼ਤ ਦੇ ਸਕੇਗਾ।

(2) ਜੇਕਰ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਇਹ ਅਨੁਛੇਦ ਇਸ ਵਿਧਾਨ ਦੇ ਅਰੰਭ ਤੋਂ ਪੰਦਰਾਂ ਸਾਲ ਦੀ ਮੁਦੱਤ ਦੇ ਗੁਜਰਨ ਪਿੱਛੋਂ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਸ਼ਬਦ ਜਾਂ ਅੰਗਰੇਜੀ ਵਿਚ ਉਸ ਵਿਚੋਂ ਲੋਪ ਕਰ ਦਿੱਤੇ ਹੋਣ:

Ministry of Law & Justice

[39][ਪਰੰਤੂ [40](ਹਿਮਾਚਲ ਪ੍ਰਦੇਸ਼, ਮਨੀਪੂਰ, ਮੇਘਾਲਯ ਅਤੇ ਤ੍ਰਿਪੂਰਾ ਰਾਜਾਂ ਦੇ ਵਿਧਾਨ-ਮੰਡਲਾਂ) ਦੇ ਸੰਬੰਧ ਵਿਚ ਇਹ ਖੰਡ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਉਸ ਵਿਚ ਆਉਂਦੇ ਸ਼ਬਦਾਂ ਪੰਦਰਾਂ ਸਾਲ ਦੀ ਥਾਵੇਂ ਸ਼ਬਦ ਪੰਝੀ ਸਾਲ ਰੱਖ ਦਿੱਤੇ ਗਏ ਹੋਣ]:

[41][ਪਰੰਤੂ ਇਹ ਹੋਰ ਕਿ [42][[43]ਅਰੁਣਾਚਲ ਪ੍ਰਦੇਸ਼, ਗੋਆ ਅਤੇ ਮਿਜੋਰਮ] [ਰਾਜ ਦੇ ਵਿਧਾਨ ਮੰਡਲਾਂ] ਦੇ ਸੰਬੰਧ ਵਿਚ ਇਹ ਖੰਡ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਉਸ ਵਿਚ ਆਉਂਦੇ ਸ਼ਬਦਾਂ "ਪੰਦਰਾ ਸਾਲ"
ਦੀ ਥਾਵੇਂ "ਚਾਲੀ ਸਾਲ" ਰੱਖ ਦਿੱਤੇ ਗਏ ਹੋਣ ।]

ਵਿਧਾਨ-ਮੰਡਲ ਵਿਚ ਚਰਚਾ ਤੇ ਪਾਬੰਦੀ ।

211 ਕਿਸੇ ਰਾਜ ਦੇ ਵਿਧਾਨ-ਮੰਡਲ ਵਿਚ ਸਰਵ-ਉੱਚ ਅਦਾਲਤ ਦੇ ਜਾਂ ਕਿਸੇ ਉੱਚ ਅਦਾਲਤ ਦੇ ਕਿਸੇ ਜੱਜ ਦੇ ਆਪਣੇ ਕਰਤੱਵ ਨਿਭਾਉਣ ਵਿਚ ਕੀਤੇ ਗਏ ਆਚਰਣ ਬਾਰੇ ਕੋਈ ਚਰਚਾ ਨਹੀਂ ਹੋਵੇਗੀ ।

ਅਦਾਲਤਾਂ ਦਾ ਵਿਧਾਨ-ਮੰਡਲਾਂ ਦੀਆਂ ਕਾਰਵਾਈਆਂ ਦੀ ਜਾਂਚ ਨ ਕਰਨਾ ।

212. (1)ਜ਼ਾਬਤੇ ਦੀ ਕਿਸੇ ਕਥਤ ਅਨਿਯਮਤਤਾ ਦੇ ਆਧਾਰ ਤੇ ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਕਿਸੇ ਕਾਰਵਾਈ ਦੇ ਜਾਇਜਤਾ ਤੇ ਕੋਈ ਉਜਰ ਨਹੀਂ ਕੀਤਾ ਜਾਵੇਗਾ ।

(2) ਕਿਸੇ ਰਾਜ ਦੇ ਵਿਧਾਨ-ਮੰਡਲ ਦਾ ਕੋਈ ਅਫਸਰ ਜਾਂ ਮੈਂਬਰ ਜਿਸ ਵਿਚ ਇਸ ਵਿਧਾਨ ਦੁਆਰਾ ਜਾਂ ਦੇ ਅਧੀਨ ਉਸ ਵਿਧਾਨ-ਮੰਡਲ ਵਿਚ ਜ਼ਾਬਤੇ ਜਾਂ ਕਾਰਜ ਦੇ ਸੰਚਾਲਣ ਦਾ ਵਿਨਿਯਮਨ ਕਰਨ ਲਈ, ਜਾਂ

---

[39] ਹਿਮਾਚਲ ਪ੍ਰਦੇਸ਼ ਰਾਜ ਐਕਟ, 1970 (1970 ਦਾ 53) ਦੀ ਧਾਰਾ 46 ਦੁਆਰਾ (25.1.1971 ਤੋਂ ਲੈ ਕੇ )ਅੰਤਰਸਥਾਪਤ।

[40] ਪੂਰਵੋਤਰ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾ 71 ਦੁਆਰਾ (21.1.1972 ਤੋਂ) "ਹਿਮਾਚਲ ਪ੍ਰਦੇਸ਼ ਰਾਜ ਦੇ ਵਿਧਾਨ-ਮੰਡਲ" ਦੀ ਥਾਵੇਂ ਰਖਿੱਆ ਗਿਆ ।

[41] ਮਿਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ ਪ੍ਰਭਾਵੀ) ਅਤੰਰਸਥਾਪਤ ਕੀਤਾ ਗਿਆ ।

[42] ਅਰੁਣਾਚਲ ਪ੍ਰਦੇਸ਼ ਰਾਜ ਐਕਟ, 1986 (1986 ਦਾ 69) ਦੀ ਧਾਰਾ 42 ਦੁਆਰਾ (20.02.1987 ਤੋਂ ਪ੍ਰਭਾਵੀ) "ਮਿਜੋਰਮ ਰਾਜ ਦੀ ਵਿਧਾਨ-ਮੰਡਲ" ਦੀ ਥਾਵੇਂ ਅੰਤਰਸਥਾਪਤ ।

[43] ਗੋਆ, ਦਮਨ ਅਤੇ ਦੀਵ ਮੁੜਸੰਗਠਨ ਐਕਟ, 1987 (1987 ਦਾ 18) ਦੀ ਧਾਰਾ 63 ਦੁਆਰਾ (30.05.1987 ਤੋਂ ਪ੍ਰਭਾਵੀ) "ਅਰੁਣਾਚਲ ਪ੍ਰਦੇਸ਼ ਅਤੇ ਮਿਜੋਰਮ" ਦੀ ਥਾਵੇਂ ਪ੍ਰਤਿਸਥਾਪਤ ।



Ministry of Law & Justice

ਵਿਵਸਥਾ ਕਾਇਮ ਰੱਖਣ ਲਈ ਸ਼ਕਤੀਆਂ ਨਿਹਿਤ ਹਨ, ਉਨ੍ਹਾਂ ਸ਼ਕਤੀਆਂ ਦੀ ਆਪਣੇ ਦੁਆਰਾ ਕੀਤੀ ਗਈ ਵਰਤੋਂ ਬਾਰੇ ਕਿਸੇ ਅਦਾਲਤ ਦੀ ਅਧਿਕਾਰਤਾ ਦੇ ਤਾਬੇ ਨਹੀਂ ਹੋਵੇਗਾ।

**ਅਧਿਆਏ IV-ਰਾਜਪਾਲ ਦੀ ਵਿਧਾਨਕ ਸ਼ਕਤੀ**

ਰਾਜਪਾਲ ਦੀ ਵਿਧਾਨ-ਮੰਡਲ ਦੇ ਵਿਸ਼ਰਾਮ-ਕਾਲ ਦੇ ਦੌਰਾਨ ਔਰਡਿਨੈਂਸ ਜਾਰੀ ਕਰਨ ਦੀ ਸ਼ਕਤੀ।

213 (1) ਉਦੋਂ ਦੇ ਸਿਵਾਏ ਜਦ ਕਿਸੇ ਰਾਜ ਦੀ ਵਿਧਾਨ ਸਭਾ ਇਜਲਾਸ ਵਿਚ ਹੋਵੇ, ਜਾਂ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਵਿਚ ਵਿਧਾਨ-ਮੰਡਲ ਦੇ ਦੋਵੇ ਸਦਨ, ਇਜਲਾਸ ਵਿਚ ਹੋਣ, ਜੇ ਕਿਸੇ ਸਮੇਂ ਰਾਜਪਾਲ ਦੀ ਤਸੱਲੀ ਹੋ ਜਾਵੇ ਕਿ ਅਜਿਹੇ ਹਾਲਾਤ ਮੌਜੂਦ ਹਨ ਜਿਨ੍ਹਾਂ ਵਿਚ ਉਸ ਦੇ ਲਈ ਤੁਰੰਤ ਕਾਰਵਾਈ ਕਰਨੀ ਜਰੂਰੀ ਹੋ ਜਾਂਦੀ ਹੈ, ਤਾਂ ਉਹ ਅਜਿਹੇ ਅਧਿਆਦੇਸ਼ ਜਾਰੀ ਕਰ ਸਕੇਗਾ ਜਿਹੇ ਉਸ ਨੂੰ ਹਾਲਾਤ ਤੋਂ ਲੋੜੀਂ ਦੇ ਪ੍ਰਤੀਤ ਹੋਣ:

ਪਰੰਤੂ ਰਾਜਪਾਲ, ਰਾਸ਼ਟਰਪਤੀ ਦੀਆਂ ਹਦਾਇਤਾਂ ਤੋਂ ਬਿਨਾਂ, ਕੋਈ ਅਜਿਹਾ ਅਧਿਆਦੇਸ਼ ਜਾਰੀ ਨਹੀਂ ਕਰੇਗਾ,ਜੋ–

(ੳ) ਉਨ੍ਹਾਂ ਹੀ ਉਪਬੰਧਾਂ ਵਾਲੇ ਕਿਸੇ ਬਿਲ ਦੇ ਇਸ ਸੰਵਿਧਾਨ ਦੇ ਅਧੀਨ ਵਿਧਾਨ-ਮੰਡਲ ਵਿਚ ਪੂਰਸਥਾਪਤ ਕੀਤੇ ਜਾਣ ਲਈ ਰਾਸ਼ਟਰਪਤੀ ਦੀ ਪੂਰਵ-ਮਨਜੂਰੀ ਦੀ ਲੋੜ ਹੁੰਦੀ ; ਜਾਂ

(ਅ) ਉਹ ਉਨ੍ਹਾਂ ਹੀ ਉਪਬੰਧਾਂ ਵਾਲੇ ਕਿਸੇ ਬਿਲ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕਰਨਾ ਜਰੂਰੀ ਸਮਝਦਾ ;ਜਾਂ

(ਇ)) ਉਨ੍ਹਾਂ ਹੀ ਉਪਬੰਧਾਂ ਵਾਲੇ ਰਾਜ ਦੇ ਵਿਧਾਨ-ਮੰਡਲ ਦਾ ਕੋਈ ਐਕਟ ਇਸ ਸੰਵਿਧਾਨ ਦੇ ਅਧੀਨ ਨਾਜਾਇਜ ਹੁੰਦਾ ਜੇ ਕਰ, ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕੀਤਾ ਜਾਣ ਤੇ, ਉਸ ਨੂੰ ਰਾਸ਼ਟਰਪਤੀ ਦੀ ਅਨੁਮਤੀ ਪ੍ਰਾਪਤ ਨਹੀਂ ਹੁੰਦੀ।

(2) ਇਸ ਅਨੁਛੇਦ ਦੇ ਅਧੀਨ ਜਾਰੀ ਕੀਤੇ ਗਏ ਕਿਸੇ ਅਧਿਆਦੇਸ਼ ਦਾ ਉਹੀ ਬਲ ਅਤੇ ਪ੍ਰਭਾਵ ਹੋਵੇਗਾ ਜੋ ਰਾਜਪਾਲ ਦੁਆਰਾ ਅਨੁਮਤੀ-ਪ੍ਰਾਪਤ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਦਾ ਹੁੰਦਾ ਹੈ, ਪਰ

ਹਰਿਕ ਅਜਿਹਾ ਅਧਿਆਦੇਸ਼ –

(ੳ) ਰਾਜ ਦੀ ਵਿਧਾਨ ਸਭਾ ਅੱਗੇ, ਜਾਂ ਜਿੱਥੇ ਰਾਜ ਵਿਚ ਵਿਧਾਨ ਪਰਿਸ਼ਦ ਹੋਵੇ, ਦੋਹਾਂ ਸਦਨਾਂ ਅੱਗੇ ਰੱਖਿਆ ਜਾਵੇਗਾ, ਅਤੇ ਵਿਧਾਨ-ਮੰਡਲ ਦੇ ਮੁੜ-ਇਕੱਠੇ ਹੋਣ ਤੋਂ ਛੇ ਮਹਿਨੀਆਂ ਦੇ ਗੁਜਰਣ ਤੇ ਜਾਂ ਜੇ ਉਸ ਮੁੱਦਤ ਦੇ ਗੁਜ਼ਰਨਰ ਤੋਂ ਪਹਿਲਾਂ ਉਸ ਦੀ ਅਪਰਵਾਨਗੀ ਦਾ ਮਤਾ ਵਿਧਾਨ ਸਭਾ ਦੁਆਰਾ ਪਾਸ ਹੋ ਜਾਵੇ ਅਤੇ ਵਿਧਾਨ ਪਰਿਸ਼ਦ ਜੇ ਕੋਈ ਹੋਵੇ, ਉਸ ਤੇ ਸਹਿਮਤ ਹੋਣ ਤੇ, ਜਿਹੀ ਕੀ ਸੂਰਤ ਹੋਵੇ, ਅਮਲ ਵਿਚ ਨਹੀਂ ਰਹੇਗਾ ;ਅਤੇ

(ਅ) ਰਾਜਪਾਲ ਦੁਆਰਾ ਕਿਸੇ ਸਮੇਂ ਵਾਪਸ ਲਿਆ ਜਾ ਸਕੇਗਾ।

ਵਿਆਖਿਆ-ਜਿੱਥੇ ਵਿਧਾਨ ਪਰਿਸ਼ਦ ਵਾਲੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਵੱਖ ਵੱਖ ਤਰੀਕਾਂ ਤੇ ਮੁੜ-ਇਕੱਠੇ ਹੋਣ ਲਈ ਬੁਲਾਏ ਜਾਣ, ਉਥੇ ਇਸ ਖੰਡ ਦੇ ਪ੍ਰਯੋਜਨਾਂ ਲਈ ਛੇ ਸਾਤਿਆਂ ਦੀ ਮੁੱਦਤ ਦਾ ਸ਼ੁਮਾਰ ਉਨ੍ਹਾਂ ਤਰੀਕਾਂ ਵਿਚੋਂ ਪਿਛਲੀ ਤਰੀਕ ਤੋਂ ਕੀਤਾ ਜਾਵੇਗਾ।

(3) ਜੇ ਅਤੇ ਜਿੱਥੋਂ ਤੱਕ ਇਸ ਅਨੁਛੇਦ ਦੇ ਅਧੀਨ **ਅਧਿਆਦੇਸ਼**, ਕੋਈ ਅਜਿਹਾ ਉਪਬੰਧ ਕਰਦਾ ਹੋਵੇ ਜੋ ਜੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਅਤੇ ਰਾਜਪਾਲ ਤੋਂ ਅਨੁਮਤੀ ਪ੍ਰਾਪਤ ਕਿਸੇ ਐਕਟ ਵਿਚ ਕੀਤਾ ਜਾਂਦਾ, ਤਾਂ ਜਾਇਜ ਨ ਹੁੰਦਾ ਉਹ ਸੁੰਨ ਹੋਵੇਗਾ :

ਪਰੰਤੂ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਅਜਿਹੇ ਐਕਟ ਦੇ, ਜੋ ਸਮਵਰਤੀ ਸੂਚੀ ਵਿਚ ਗਿਣੇ ਹੋਏ ਕਿਸੇ ਮਾਮਲੇ ਬਾਰੇ ਸੰਸਦ ਦੇ ਕਿਸੇ ਐਕਟ ਦਾਂ ਕਿਸੇ ਮੌਜੂਦਾ ਕਾਨੂੰਨ ਦੇ ਵਿਰੁੱਧ ਹੈ, ਪ੍ਰਭਾਵ ਸੰਬੰਧੀ ਇਸ ਸੰਵਿਧਾਨ ਦੇ ਉਪਬੰਧਾਂ ਦੇ ਪ੍ਰਯੋਜਨਾਂ ਲਈ ਕੋਈ ਅਧਿਆਦੇਸ਼ ਜੋ ਰਾਸ਼ਟਰਪਤੀ ਦੀਆਂ ਹਦਾਇਤ ਤੇ ਅਨੁਸਰਣ ਵਿਚ ਇਸ ਖੰਡ ਦੇ ਅਧੀਨ ਜਾਰੀ ਕੀਤਾ ਗਿਆ ਹੋਵੇ ਰਾਜ ਦੇ ਵਿਧਾਨ-ਮੰਡਲ ਦਾ ਅਜਿਹਾ ਐਕਟ ਸਮਝਿਆ ਜਾਵੇਗਾ ਜੋ ਰਾਸ਼ਟਪਤੀ ਦੇ ਵਿਚਾਰ ਲਈ ਰਾਖਾਂ ਕੀਤਾ ਗਿਆ ਅਤੇ ਉਸ ਤੋਂ ਅਨੁਮਤੀ ਪ੍ਰਾਪਤ ਕਰ ਚੁੱਕਿਆ ਹੋਵੇ।

Ministry of Law & Justice

[44] x x x x

**ਅਧਿਆਏ** V. - **ਰਾਜਾਂ ਦੀਆਂ ਉੱਚ ਅਦਾਲਤਾਂ**

ਰਾਜਾਂ ਲਈ ਉੱਚ ਅਦਾਲਤਾਂ

214. [45]* * * ਹਰੇਕ ਰਾਜ ਲਈ ਇਕ ਉੱਚ ਅਦਾਲਤ ਹੋਵੇਗੀ।

[46]* * *

ਉੱਚ ਅਦਾਲਤਾਂ ਦਾ ਰਿਕਾਰਡ ਦੀਆਂ ਅਦਾਲਤਾਂ ਹੋਣਾ।

215.ਹਰਿਕ ਉੱਚ ਅਦਾਲਤ ਰਿਕਾਰਡ ਦੀ ਅਦਾਲਤ ਹੋਵੇਗੀ ਅਤੇ ਉਸ ਨੂੰ ਆਪਣੇ ਅਪਮਾਨ ਲਈ ਸਜਾ ਦੇਣ ਦੀ ਸ਼ਕਤੀ ਸਮੇਤ ਅਜਿਹੀ ਅਦਾਲਤ ਦੀਆਂ ਸਭ ਸ਼ਕਤੀਆਂ ਹੋਣਗੀਆਂ।

ਉੱਚ ਅਦਾਲਤਾਂ ਦਾ ਗਠਨ।

216. ਹਰਿਕ ਉੱਚ ਅਦਾਲਤ ਚੀਫ ਜਸਟਿਸ ਅਤੇ ਅਜਿਹੇ ਹੋਰ ਜੱਜਾਂ ਤੋਂ ਮਿਲ ਕੇ ਬਣੇਗੀ ਜਿਹੇ ਰਾਸ਼ਟਰਪਤੀ ਸਮੇਂ ਸਮੇਂ ਤੇ ਨਿਯੁਕਤ ਕਰਨਾ ਜਰੂਰੀ ਸਮਝੇ।

[47]* * * * * * * * *

ਕਿਸੇ ਉੱਚ ਅਦਾਲਤ ਦੇ ਜੱਜ ਦੀ ਨਿਯੁਕਤੀ ਅਤੇ ਉਸ ਦੇ ਅਹੁੱਦੇ ਦੀਆਂ ਸ਼ਰਤਾਂ।

217. (1) ਉੱਚ ਅਦਾਲਤ ਦੇ ਹਰਿਕ ਜੱਜ ਨੂੰ ਰਾਸ਼ਟਰਪਤੀ [48][ਅਨੁਛੇਦ 124 (ੳ) ਵਿਚ ਹਵਾਲਾ ਦਿੱਤੇ ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਕੀ ਸਿਫਾਰਸ਼ ਤੇ] ਭਾਰਤ ਦੇ ਚੀਫ ਜਸਟਿਸ, ਉਸ ਰਾਜ ਦੇ ਰਾਜਪਾਲ ਨਾਲ, ਅਤੇ, ਚੀਫ ਜਸਟਿਸ ਤੋਂ ਬਿਨਾਂ ਹੋਰ ਜੱਜਾਂ ਦੀ ਨਿਯੁਕਤੀ ਦੀ ਸੂਰਤ ਵਿਚ, ਉਸ ਰਾਜ ਦੀ ਉੱਚ ਅਦਾਲਤ ਦੇ ਚੀਫ ਜਸਟਿਸ ਨਾਸ ਮਸ਼ਵਰਾ ਕਰਨ ਪਿੱਛੋਂ ਆਪਣੇ ਦਸਖਤ ਅਤੇ ਮੂਹਰ ਨਾਲ ਵਾਰੰਟ ਦੁਆਰਾ ਨਿਯੁਕਤ ਕਰੇਗਾ, ਅਤੇ ਉਹ ਜੱਜ

[44] ਸੰਵਿਧਾਨ (ਅੱਠਤੀਵੀਂ ਸੋਧ) ਐਕਟ, 1975, ਦੀ ਧਾਰਾ 3 ਦੁਆਰਾ (ਅਤੀਤਦਰਸ਼ੀ ਪ੍ਰਭਾਵੀ ਤੋਂ) ਖੰਡ (4) ਅੰਤਰਸਥਾਪਤ ਕੀਤਾ ਗਿਆ ਅਤੇ ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 27 ਦੁਆਰਾ (20.06.1979 ਤੋਂ ਪ੍ਰਭਾਵੀ) ਉਸ ਦਾ ਲੋਪ ਕਰ ਦਿੱਤਾ ਗਿਆ।

[45] ਬ੍ਰੈਕਟ ਅਤੇ ਅੰਕ (1) ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[46] ਖੰਡ (2) ਅਤੇ (3) ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤਾ ਗਏ।

[47] ਉਪਰੋਕਤ ਦੀ ਧਾਰਾ 11 ਦੁਆਰਾ ਪਰੰਤੁਕ ਲੋਪ ਕਰ ਦਿੱਤਾ ਗਿਆ।

[48] ਸੰਵਿਧਾਨ (ਨੜਿੰਨਵੇਂਵੀਂ ਸੋਧ) ਐਕਟ, 2014 ਦੀ ਧਾਰਾ 7 ਦੁਆਰਾ (13.04.2015 ਤੋਂ ਪ੍ਰਭਾਵੀ) " ਭਾਰਤ ਦੇ ਰਾਸ਼ਟਰਪਤੀ ਨਾਲ ਮਸ਼ਵਰਾ ਕਰਨ ਪਿੱਛੋਂ ਸ਼ਬਦਾਂ ਦੀ ਥਾਵੇਂ ਰੱਖੇ ਗਏ। ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਰੋਕ ਲਗਾ ਦਿੱਤੀ ਗਈ ਹੈ।



Ministry of Law & Justice

[49]ਅਤਿਰਿਕਤ ਜਾਂ ਕਾਰਜਕਾਰੀ ਜੱਜ ਦੀ ਸੂਰਤ ਵਿਚ, ਅਨੁਛੇਦ 224 ਵਿਚ ਉਪਬੰਧਤ ਦੇ ਅਨੁਸਾਰ ਅਤੇ ਕਿਸੇ ਹੋਰ ਸੂਰਤ ਵਿਚ, ਜਦ ਤੱਕ ਉਹ [50](ਬਾਠ੍ਹ ਸਾਲ) ਦੀ ਉਮਰ ਨ ਪ੍ਰਾਪਤ ਕਰ ਲਵੇ, ਅਹੁਦਾ ਧਾਰਨ ਕਰੇਗਾ

ਪਰੰਤੂ–

(ੳ) ਕੋਈ ਜੱਜ, ਰਾਸ਼ਟਰਪਤੀ ਨੂੰ ਸੰਬੋਧਤ ਆਪਣੇ ਦਸਖ਼ਤੀ ਲੇਖ ਦੁਆਰਾ ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ;

(ਅ) ਕੋਈ ਜੱਜ ਰਾਸ਼ਟਰਪਤੀ ਦੁਆਰਾ ਸਰਵ-ਉੱਚ ਅਦਾਲਤ ਦੇ ਕਿਸੇ ਜੱਜ ਦੇ ਹਟਾਉਣ ਲਈ ਅਨੁਛੇਦ 124 ਦੇ ਖੰਡ (4) ਵਿਚ ਉਪਬੰਧਤ ਢੰਗ ਨਾਲ ਆਪਣੇ ਅਹੁਦੇ ਤੋਂ ਹਟਾਇਆ ਜਾ ਸਕੇਗਾ ;

(ੲ) ਕਿਸੇ ਜੱਜ ਦਾ ਅਹੁਦਾ ਰਾਸ਼ਟਰਪਤੀ ਦੁਆਰਾ ਉਸ ਨੂੰ ਸਰਵ-ਉੱਚ ਅਦਾਲਤ ਦਾ ਜੱਜ ਨਿਯੁਕਤ ਕੀਤੇ ਜਾਣ ਨਾਲ, ਜਾਂ ਰਾਸ਼ਟਰਪਤੀ ਦੁਆਰਾ ਉਸ ਨੂੰ ਭਾਰਤ ਰਾਜਖੇਤਰ ਅੰਦਰ ਕਿਸੇ ਹੋਰ ਉੱਚ ਅਦਾਲਤ ਵਿਚ ਬਦਲ ਦਿੱਤੇ ਜਾਣ ਨਾਲ ਖ਼ਾਲੀ ਹੋ ਜਾਵੇਗਾ ।

(2) ਕੋਈ ਵਿਅਕਤੀ ਕਿਸੇ ਉੱਚ ਅਦਾਲਤ ਦੇ ਜੱਜ ਵਜੋਂ , ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ ਜੇਕਰ ਉਹ ਭਾਰਤ ਤਾ ਨਾਗਰਿਕ ਨ ਹੋਵੇ,ਅਤੇ

(ੳ) ਭਾਰਤ ਰਾਜਖੇਤਰ ਵਿਚ ਘੱਟ ਤੋਂ ਘੱਟ ਦਸ ਸਾਲ ਲਈ ਕੋਈ ਅਦਾਲਤੀ ਅਹੁਦਾ ਧਾਰਨ ਨ ਕਰ ਚੁੱਕਿਆ ਹੋਵੇ, ਜਾਂ ;

[49] ਸੰਵਿਧਾਨ (ਸਤਵੀਂ ਸੋਧ) ਐਕਟ, 1956 ਦੀ ਧਾਰਾ 12 ਦੁਆਰਾ ਦੁਆਰਾ "ਜਦ ਤੱਕ ਕਿ ਉਹ ਸੱਠ ਸਾਲ ਦੀ ਉਮਰ ਪ੍ਰਾਪਤ ਨ ਕਰ ਲਵੇ ਅਹੁਦਾ ਧਾਰਨ ਕਰੇਗਾ" ਦੀ ਥਾਵੇਂ ਰੱਖੇ ਗਏ ।

[50] ਸੰਵਿਧਾਨ (ਪੰਦਰਵੀਂ ਸੋਧ) ਐਕਟ, 1963 ਧਾਰਾ 4 ਦੁਆਰਾ "ਸੱਠ ਸਾਲ" ਦੀ ਥਾਵੇਂ ਰਖੇ ਗਏ ।



Ministry of Law & Justice

(ਅ) [51]* * * ਕਿਸੇ ਉੱਚ ਅਦਾਲਤ ਦਾ ਜਾਂ ਦੋ ਜਾਂ ਵਧੇਰੇ ਅਜਿਹੀਆਂ ਅਦਾਲਤਾਂ ਦਾ ਲਗਾਤਾਰ ਘੱਟ ਤੋਂ ਘੱਟ ਦੱਸ ਸਾਲ ਲਈ ਐਡਵੋਕੇਟ ਨ ਰਹਿ ਚੁਕਿਆ ਹੋਵੇ ;

[52]* * * *

ਵਿਆਖਿਆ.- ਇਸ ਖੰਡ ਦੇ ਪ੍ਰਯੋਜਨਾ ਲਈ–

[53] [(ੳ)ਭਾਰਤ ਦੇ ਰਾਜ ਖੇਤਰ ਵਿਚ ਨਿਆਂਇਕ ਅਹੁਦਾ ਧਾਰਨ ਕਰਨ ਦੀ ਮੁਦੱਤ ਦੀ ਗਣਨਾ ਕਰਨ ਵਿਚ ਉਹ ਮੁਦੱਤ ਵੀ ਸ਼ਾਮਲ ਕੀਤੀ ਜਾਵੇਗੀ, ਜਿਸ ਦੇ ਦੌਰਾਨ ਕੋਈ ਵਿਅਕਤੀ ਨਿਆਂਇਕ ਅਹੁਦਾ ਧਾਰਨ ਕਰਨ ਦੇ ਪਿੱਛੋਂ ਕਿਸੇ ਉੱਚ ਅਦਾਲਤ ਦਾ ਐਡਵੋਕੇਟ ਰਿਹਾ ਹੋਵੇ ਜਾਂ ਉਸ ਨੇ ਕਿਸੇ ਟ੍ਰਿਬਿਊਨਲ ਦੇ ਮੈਂਬਰ ਦਾ ਅਹੁਦਾ ਧਾਰਨ ਕੀਤਾ ਹੈ ਜਾਂ ਸੰਘ ਜਾ ਰਾਜ ਦੇ ਅਧੀਨ ਕੋਈ ਅਹੁਦਾ ਧਾਰਨ ਕੀਤਾ ਹੈ ਜਿਸ ਦੇ ਲਈ ਕਾਨੂੰਨ ਦਾ ਵਿਸ਼ੇਸ਼ ਗਿਆਨ ਲੋੜੀਂਦਾ ਹੈ ;]

[54][(ੳੳ) ਕਿਸੇ ਉੱਚ ਅਦਾਲਤ ਦਾ ਐਡਵੋਕੇਟ ਰਹਿਣ ਦੀ ਮੁਦੱਤ ਦੀ ਗਣਨਾ ਕਰਨ ਵਿਚ ਉਹ ਮੁਦੱਤ ਵੀ ਸ਼ਾਮਲ ਕੀਤੀ ਜਾਵੇਗੀ ਜਿਸ ਦੇ ਦੌਰਾਨ ਕਿਸੇ ਵਿਅਕਤੀ ਨੇ ਐਡਵੋਕੇਟ ਹੋਣ ਦੇ ਪਿੱਛੋਂ [55][ਨਿਆਂਇਕ ਅਹੁਦਾ ਧਾਰਨ ਕੀਤਾ ਹੈ ਜਾਂ ਕਿਸੇ

---

[51] ਸ਼ਬਦ ਪਹਿਲੀ ਅਨੁਸੂਚੀ ਵਿਚ ਉਲਿਖਤ ਕਿਸੇ ਰਾਜ ਵਿਚਲੀ ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[52] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਧਾਰਾ 36 ਦੁਆਰਾ (03.01.1977 ਤੋਂ ਪ੍ਰਭਾਵੀ) ਸ਼ਬਦ "ਜਾਂ" ਅਤੇ ਉਪਬੰਧ (ੲ) ਅੰਤਰਸਥਾਪਤ ਕੀਤੇ ਗਏ ਅਤੇ ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 28 ਦੁਆਰਾ (20.6.1979 ਤੋਂ ਪ੍ਰਭਾਵੀ) ਉਸ ਦਾ ਲੋਪ ਕੀਤਾ ਗਿਆ।

[53] ਸੰਵਿਦਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 28 ਦੁਆਰਾ (20.06.1979 ) ਅੰਤਰਸਥਾਪਤ।

[54] ਸੰਵਿਧਾਨ (ਚਤਾਲਵੀਂਸੋਧ)ਐਕਟ, 1978 ਦੀ ਧਾਰਾ 28 ਦੁਆਰਾ (20.6.1979 ਤੋਂ ਪ੍ਰਭਾਵੀ) ਖੰਡ (ਉ) ਨੂੰ ਖੰਡ (ਉਉ) ਦੇ ਰੂਪ ਵਿਚ ਪੁਨਰਅੰਕਤ ਕੀਤਾ ਗਿਆ।

[55] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 36 ਦੁਆਰਾ (03.01.1977 ਤੋਂ ਪ੍ਰਭਾਵੀ) "ਨਿਆਂਇਕ ਅਹੁਦਾ ਧਾਰਨ ਕੀਤਾ ਹੋਵੇ" ਦੀ ਥਾਵੇਂ ਰੱਖੇ।



Ministry of Law & Justice

ਟ੍ਰਿਬਿਊਨਲ ਦੇ ਮੈਂਬਰ ਦਾ ਅਹੁਦਾ ਧਾਰਨ ਕੀਤਾ ਹੈ ਜਾਂ ਸੰਘ ਜਾਂ ਰਾਜ ਦੇ ਅਧੀਨ ਕੋਈ ਅਜਿਹਾ ਅਹੁਦਾ ਧਾਰਨ ਕੀਤਾ ਹੈ ਜਿਸ ਦੇ ਲਈ ਕਾਨੂੰਨ ਦਾ ਵਿਸ਼ੇਸ਼ ਗਿਆਨ ਲੋੜੀਂਦਾ ਹੈ ;]

(ਅ) ਉਸ ਮੁੱਦਤ ਦਾ ਹਿਸਾਬ ਲਾਉਣ ਵਿਚ ਜਿਸ ਦੇ ਦੌਰਾਨ ਕਿਸੀ ਵਿਅਕਤੀ ਨੇ ਭਾਰਤ ਰਾਜਖੇਤਰ ਵਿਚ ਅਦਾਲਤੀ ਅਹੁਦਾ ਧਾਰਨ ਕਰੀ ਰੱਖਿਆ ਹੋਵੇ ਜਾਂ ਕਿਸੇ ਉੱਚ ਅਦਾਲਤ ਦਾ ਐਡਵੋਕੇਟ ਰਿਹਾ ਹੋਵੇ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਦੀ ਉਹ ਕੋਈ ਮੁੱਦਤ ਸ਼ਾਮਲ ਕੀਤੀ ਜਾਵੇਗੀ ਜਿਸ ਦੇ ਦੌਰਾਨ ਉਸ ਨੇ ਕਿਸੇ ਖੇਤਰ ਵਿਚ ਜੋ ਅਗਸਤ, 1947 ਦੇ ਪੰਦਰ੍ਹਵੇਂ ਦਿਨ ਤੋਂ ਪਹਿਲਾਂ ਗਵਰਨਮੈਂਟ ਔਫ ਇੰਡਿਆ ਐਕਟ, 1935 ਦੁਆਰਾ ਪਰਿਭਾਸ਼ਤ ਭਾਰਤ ਵਿਚ ਸਮਾਵਿਸ਼ਟ ਸੀ, ਅਦਾਲਤੀ ਅਹੁਦਾ ਧਾਰਨ ਕੀਤਾ ਹੋਵੇ ਜਾ ਅਜਿਹੇ ਕਿਸੇ ਖੇਤਰ ਵਿਚਲੀ ਕਿਸੇ ਉੱਚ ਅਦਾਲਤ ਦਾ ,ਜਿਹੀ ਕਿ ਸੂਰਤ ਹੋਵੇ, ਐਡਵੋਕੇਟ ਰਿਹਾ ਹੋਵੇ ।

[56](3) ਜੇ ਕਿਸੇ ਉੱਚ ਅਦਾਲਤ ਦੇ ਕਿਸੇ ਜੱਜ ਕੀ ਉਮਰ ਬਾਬਤ ਕੋਈ ਸਵਾਲ ਪੈਦਾ ਹੋਵੇ ਤਾਂ ਉਸ ਸਵਾਲ ਦਾ ਫੈਸਲਾ ਰਾਸ਼ਟਰਪਤੀ ਦੁਆਰਾ ਭਾਰਤ ਦੇ ਚੀਫ ਜਸਟਿਸ ਨਾਲ ਮਸ਼ਵਰਾ ਕਰਨ ਪਿੱਛੋਂ ਕੀਤਾ ਜਾਵੇਗਾ ਅਤੇ ਰਾਸ਼ਟਰਪਤੀ ਦਾ ਫੈਸਲਾਂ ਅੰਤਮ ਹੋਵੇਗਾ ।

ਸਰਵ ਉੱਚ ਅਦਾਲਤ ਸੰਬੰਧੀ ਕੁਝ ਕੂ ਉਪਬੰਧਾਂ ਦਾ ਉੱਚ ਅਦਾਲਤਾਂ ਨੂੰ ਲਾਗੂ ਹੋਣਾ ।

218. ਅਨੁਛੇਦ 124 ਦੇ ਖੰਡ (4) ਅਤੇ (5) ਦੇ ਉਪਬੰਧ ਜਿੱਥੇ ਜਿੱਥੇ ਉਨ੍ਹਾਂ ਵਿਚ ਸਰਵ-ਉੱਚ ਅਦਾਲਤ ਪ੍ਰਤਿ ਹਵਾਲੇ ਹਨ ਉੱਥੇ ਉੱਥੇ ਉੱਚ ਅਦਾਲਤ ਪ੍ਰਤਿ ਹਵਾਲੇ ਮੰਨ ਕੇ ਕਿਸੇ ਉੱਚ ਅਦਾਲਤ ਦੇ ਸੰਬੰਧ ਵਿਚ ਉਸੇ ਤਰ੍ਹਾਂ ਹੀ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਸਰਵ-ਉੱਚ ਅਦਾਲਤ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ।

ਉੱਚ ਅਦਾਲਤਾਂ ਦੇ ਜੱਜਾਂ ਦੀ ਸੰਹੁ ਜਾਂ

219 [57]* * * ਕਿਸੇ ਉੱਚ ਅਦਾਲਤ ਦਾ ਜੱਜ ਹੋਣ ਲਈ ਨਿਯੁਕਤ ਹਰਿਕ ਵਿਅਕਤੀ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ, ਉਸ ਰਾਜ

---

[56] ਸੰਵਿਧਾਨ (ਪੰਦਰਵੀਂ ਸੋਧ) ਐਕਟ, 1963, ਧਾਰਾ 4 ਦੁਆਰਾ (ਅਤੀਤਦਰਸ਼ੀ ਪ੍ਰਭਾਵ ਨਾਲ) ਅੰਤਰਸਥਾਪਤ

[57] ਸ਼ਬਦ "ਕਿਸੇ ਰਾਜ ਵਿਚ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

ਪ੍ਰਤਿੱਗਿਆ। ਦੇ ਰਾਜਪਾਲ ਜਾਂ ਉਸ ਦੁਆਰਾ ਉਸ ਨਮਿੱਤ ਨਿਯੁਕਤ ਕਿਸੇ ਵਿਅਕਤੀ ਦੇ ਅੱਗੇ ਤੀਜੀ ਅਨੁਸੂਚੀ ਵਿਚ ਇਸ ਪ੍ਰਯੋਜਨ ਲਈ ਦਿੱਤੇ ਫਾਰਮ ਅਨੁਸਾਰ ਸੰਹੁ ਚੁਕੇਗਾ ਜਾਂ ਪ੍ਰਤਿੱਗਿਆ ਕਰੇਗਾ ਅਤੇ ਉਸ ਤੇ ਸਹੀ ਪਾਵੇਗਾ।

ਸਥਾਈ ਜੱਜ ਰਹਿਣ ਪਿੱਛੋਂ ਪ੍ਰੈਕਟਿਸ ਤੇ ਪਾਬੰਦੀ। [58]220. ਕੋਈ ਵਿਅਕਤੀ, ਜੋ ਸੰਵਿਧਾਨ ਦੇ ਅਰੰਭ ਪਿੱਛੋਂ, ਕਿਸੇ ਉੱਚ ਅਦਾਲਤ ਦੇ ਸਥਾਈ ਜੱਜ ਵਜੋਂ ਅਹੁਦਾ ਧਾਰਨ ਕਰ ਚੁਕਿਆ ਹੋਵੇ ਸਰਵ- ਉੱਚ ਅਦਾਲਤ ਅਤੇ ਹੋਰ ਉੱਚ ਅਦਾਲਤਾਂ ਦੇ ਸਿਵਾਏ ਭਾਰਤ ਵਿਚ ਕਿਸੇ ਅਦਾਲਤ ਵਿਚ ਜਾਂ ਕਿਸੇ ਸੱਤਾਧਾਰੀ ਅੱਗੇ ਵਕਾਲਤ ਜਾਂ ਕਾਰਜ ਨਹੀਂ ਕਰੇਗਾ।

ਵਿਆਖਿਆ.–ਇਸ ਅਨੁਛੇਦ ਵਿਚ ਪਦ "ਉੱਚ ਅਦਾਲਤ" ਵਿਚ ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੇ [59]ਅਰੰਭ ਤੋਂ ਪਹਿਲਾਂ ਜਿਹੀ ਪਹਿਲੀ ਅਨੁਸਚੀ ਸੀ ਉਸ ਦੇ ਭਾਗ ਅ ਵਿਚ ਉਲਿਖਤ ਕਿਸੇ ਰਾਜ ਲਈ ਉੱਚ ਅਦਾਲਤ ਸ਼ਾਮਲ ਨਹੀਂ।

ਜੱਜਾਂ ਦੀਆਂ ਤਨਖਾਹਾਂ ਆਦਿ। [60][221. (1) ਹਰੇਕ ਉੱਚ ਅਦਾਲਤ ਦੇ ਜੱਜਾਂ ਨੂੰ ਅਜਿਹੀਆਂ ਤਨਖਾਹਾਂ ਅਦਾ ਕੀਤੀਆਂ ਜਾਣਗੀਆਂ ਜੋ ਸੰਸਦ, ਕਾਨੂੰਨ ਦੁਆਰਾ, ਤੈਅ ਕਰੇ ਅਤੇ ਜਦ ਤੱਕ ਇਸ ਨਮਿੱਤ ਉਪਬੰਧ ਨਹੀਂ ਕੀਤਾ ਜਾਂਦਾ ਹੈ ਤਦ ਤੱਕ ਅਜਿਹੀਆਂ ਤਨਖਾਹਾਂ ਅਦਾ ਕੀਤੀਆਂ ਜਾਣਗੀਆਂ ਜੋ ਦੂਜੀ ਅਨੁਸੂਚੀ ਵਿਚ ਉਲਿਖਤ ਹਨ।]

(2) ਹਰਿਕ ਜੱਜ ਨੂੰ ਅਜਿਹੇ ਭੱਤਿਆਂ ਦਾ ਅਤੇ ਗੈਰ-ਹਾਜਰੀ ਦੀ ਛੁੱਟੀ ਅਤੇ ਪੈਨਸ਼ਨ ਬਾਰੇ ਅਜਿਹੇ ਅਧਿਕਾਰੀ ਦਾ, ਜਿਹੇ ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂ ਦੇ ਅਧੀਨ ਸਮੇਂ ਸਮੇਂ ਤੇ ਤੈਣ ਕੀਤੇ ਜਾਣ ਅਤੇ ਜਦ ਤੱਕ ਇਸ ਤਰ੍ਹਾਂ ਤੈਅ ਨ ਕੀਤੇ ਜਾਣ, ਅਜਿਹੇ ਭੱਤਿਆਂ ਅਤੇ ਅਧਿਕਾਰਾਂ ਦਾ ਜਿਹੇ ਦੂਜੀ ਅਨੁਸੂਚੀ ਵਿਚ ਉਲਿਖਤ ਹਨ ਹੱਕ ਹੋਵੇਗਾ

---

[58] ਸੰਵਿਧਾਨ (ਸਤਵਾਂ ਸੋਧ) ਐਕਟ, 1956 ਦੀ ਧਾਰਾ 13 ਦੁਆਰਾ ਅਨੁਛੇਦ 220 ਦੀ ਥਾਵੇਂ ਅੰਤਰਸਥਾਪਤ।

[59] 1 ਨਵੰਬਰ, 1956।

[60] ਸੰਵਿਧਾਨ (ਚਰੰਜਵੀਂ ਸੋਧ) ਐਕਟ, 1986 ਦੀ ਧਾਰਾ 3 ਦੁਆਰਾ (01.04.1986 ਤੋਂ ਪ੍ਰਭਾਵੀ) ਖੰਡ (1) ਦੀ ਥਾਵੇਂ ਰੱਖੇ ਗਏ।



Ministry of Law & Justice

ਪਰੰਤੂ ਕਿਸੇ ਜੱਜ ਦੇ ਨ ਤਾਂ ਭੱਤਿਆਂ ਵਿਚ ਅਤੇ ਨ ਗ਼ੈਰ-ਹਾਜਰੀ ਦੀ ਛੁੱਟੀ ਜਾਂ ਪੈਨਸ਼ਨ ਬਾਰੇ ਉਸ ਦੇ ਅਧਿਕਾਰਾਂ ਵਿਚ ਉਸ ਦੀ ਨਿਯੁਕਤੀ ਪਿੱਛੋਂ ਉਸ ਨੂੰ ਅਲਾਭਕਾਰੀ ਕੋਈ ਅਦਲ ਬਦਲ ਕੀਤੀ ਜਾਵੇਗੀ ।

ਕਿਸੇ ਜੱਜ ਦੀ ਇਕ ਉੱਚ ਅਦਾਲਤ ਤੋਂ ਕਿਸੇ ਹੋਰ ਵਿਚ ਬਦਲੀ ।

222. (1) ਰਾਸ਼ਟਰਪਤੀ, [61][ਅਨੁਛੇਦ 124ਉ ਵਿਚ ਹਵਾਲਾ ਦਿੱਤੇ ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਦੀ ਸਿਫ਼ਾਰਸ਼ ਤੇ] ਕਿਸੇ ਜੱਜ ਨੂੰ ਇੱਕ ਉੱਚ ਅਦਾਲਤ ਤੋਂ ਕਿਸੇ ਹੋਰ ਉੱਚ ਅਦਾਲਤ[62]*** ਵਿਚ ਬਦਲ ਸਕੇਗਾ ।

[63][(2)ਜਦ ਕੋਈ ਜੱਜ ਇਸ ਤਰ੍ਹਾਂ ਬਦਲ ਦਿੱਤਾ ਗਿਆ ਹੋਵੇ ਜਾਂ ਬਦਲਿਆ ਜਾਵੇ, ਉਸ ਨੂੰ, ਉਸ ਮੁੱਦਤ ਲਈ ਜਿਸ ਦੇ ਦੌਰਾਨ ਉਹ ਸੰਵਿਧਾਨ (ਪੰਦਰ੍ਹਵੀਂ ਸੋਧ) ਐਕਟ, 1963 ਦੇ ਅਰੰਭ ਪਿੱਛੋਂ, ਉਸ ਹੋਰ ਉੱਚ ਅਦਾਲਤ ਦੇ ਜੱਜ ਵਜੋਂ ਸੇਵਾ ਕਰਦਾ ਹੈ, ਆਪਣੀ ਤਨਖਾਹ ਤੋਂ ਇਲਾਵਾ ਅਜਿਹੀ ਮੁਆਵਜਾਂ ਭੱਤਾ ਜਿਹਾ ਸੰਸਦ ਕਾਨੂੰਨ ਦੁਆਰਾ ਤੈਅ ਕਰੇ ਅਤੇ, ਜਦ ਤੱਕ ਇਸ ਤਰ੍ਹਾਂ ਤੈਅ ਨ ਹੋਵੇ, ਅਜਿਹਾ ਮੁਆਵਜਾ ਭੱਤਾ ਜਿਹਾ ਰਾਸ਼ਟਰਪਤੀ ਹੁਕਮ ਦੁਆਰਾ ਨਿਯਤ ਕਰੇ, ਪ੍ਰਾਪਤ ਕਰਨ ਦਾ ਹੱਕ ਹੋਵੇਗਾ ।]

ਕਾਰਜਕਾਰੀ ਚੀਫ ਜਸਟਿਸ ਦੀ

223. ਜਦ ਕਿਸੇ ਉੱਚ ਅਦਾਲਤ ਦੇ ਚੀਫ ਜਸਟਿਸ ਦਾ ਅਹੁਦਾ ਖ਼ਾਲੀ ਹੋਵੇ ਜਾਂ ਜਦ ਅਜਿਹਾ ਕੋਈ ਚੀਫ ਜਸਟਿਸ, ਗੈਰਹਾਜਰੀ ਦੇ ਕਾਰਨ

[61] ਸੰਵਿਧਾਨ (ਨੜ੍ਹਿਨਵੇਂਵੀਂ ਸੋਧ) ਐਕਟ, 2014 ਦੀ ਧਾਰਾ 7 ਦੁਆਰਾ (13.04.2015 ਤੋਂ) “ਭਾਰਤ ਦੇ ਚੀਫ਼ ਜਸਟਿਸ ਨਾਸ ਮਸ਼ਵਰਾ ਕਰਨ ਪਿੱਛੋਂ” ਸ਼ਬਦਾਂ ਦੀ ਥਾਵੇਂ ਰੱਖਿਆ ਗਿਆ । ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਅਟੱਕਾ ਦਿੱਤੀ ਗਈ ਹੈ ।

[62] ਸ਼ਬਦ “ਭਾਰਤ ਰਾਜਖੇਤਰ ਵਿਚਲੀ” ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 14 ਦੁਆਰਾ ਲੋਪ ਕਰ ਦਿੱਤੇ ਗਏ ।

[63] ਸੰਵਿਧਾਨ (ਪੰਦਰ੍ਹਵੀ ਸੋਧ) ਐਕਟ, 1956, ਧਾਰ 5 ਦੁਆਰਾ ਅੰਤਰਸਥਾਪਤ ਮੂਲ ਖੰਡ (2) ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 14 ਦੁਆਰਾ ਲੋਪ ਕਰ ਦਿੱਤੇ ਗਏ ।

[63] ਸੰਵਿਧਾਨ (ਪੰਦਰ੍ਹਵੀ ਸੋਧ) ਐਕਟ, 1956, ਧਾਰ 5 ਦੁਆਰਾ ਅੰਤਰਸ



Ministry of Law & Justice

ਨਿਯੁਕਤੀ। ਜਾਂ ਹੋਰਵੇਂ, ਆਪਣੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਤੋਂ ਅਸਮਰਥ ਹੋਵੇ, ਅਦਾਲਤ ਦੇ ਹੋਰ ਜੱਜਾਂ ਵਿਚੋਂ ਅਜਿਹਾ ਇਕ ਜਿਸ ਨੂੰ ਰਾਸ਼ਟਰਪਤੀ ਉਸ ਪ੍ਰਯੋਜਨ ਲਈ ਨਿਯੁਕਤ ਕਰੇ ਉਸ ਅਹੁਦੇ ਦੇ, ਕਰਤੱਵਾਂ ਦਾ ਪਾਲਣ ਕਰੇਗਾ।

ਅਤਿਰਿਕਤ ਅਤੇ ਕਾਜਕਾਰੀ ਜੱਜਾਂ ਦੀ ਨਿਯੁਕਤੀ। [64][224.(1) ਜੇ ਕਿਸੇ ਉੱਚ ਅਦਾਲਤ ਦੇ ਕਾਰਜ ਵਿਚ ਕਿਸੇ ਅਸਥਾਈ ਵਾਧੇ ਦੇ ਕਾਰਨ ਜਾਂ ਉਸ ਵਿਚ ਕੰਮ ਦੇ ਬਕਾਏ ਦੇ ਕਾਰਨ, ਰਾਸ਼ਟਰਪਤੀ ਨੂੰ ਇਹ ਪ੍ਰਤੀਤ ਹੋਵੇ ਕਿ ਇਸ ਅਦਾਲਤ ਦੇ ਜੱਜਾਂ ਦੀ ਗਿਣਤੀ ਤਤ-ਸਮੇਂ ਲਈ ਵਧਾ ਦੇਣੀ ਚਾਹੀਦੀ ਹੈ, [65][ਤਾਂ ਰਾਸ਼ਟਰਪਤੀ, ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਦੇ ਮਸ਼ਵਰੇ ਨਾਲ, ਨਿਯਤ ਤੌਰ ਤੇ] ਕਾਬਲ ਵਿਅਕਤੀਆਂ ਨੂੰ ਅਜਿਹੀ ਮੁੱਦਤ ਲਈ, ਜੋ ਦੋ ਸਾਲ ਤੋਂ ਵੱਧ ਨ ਹੋਵੇ, ਜਿਹੀ ਉਹ ਉਲਿੱਖਤ ਕਰੇ, ਉਸ ਅਦਾਲਤ ਦੇ ਅਤਿਰਿਕਤ ਜੱਜ ਹੋਣ ਲਈ ਨਿਯੁਕਤ ਕਰ ਸਕੇਗਾ।

(2) ਜਦ ਕਿਸੇ ਉੱਚ ਅਦਾਲਤ ਦੇ ਚੀਫ ਜਸਟਿਸ ਤੋਂ ਬਿਨਾਂ ਹੋਰ ਕੋਈ ਜੱਜ ਗੈਰਹਾਜਰੀ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਆਪਣੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਣ ਤੋਂ ਅਸਮਰੱਥ ਹੋਵੇ ਜਾਂ ਅਸਥਾਈ ਤੌਰ ਤੇ ਚੀਫ ਜਸਟਿਸ ਵਜੋਂ ਕਾਰਜਕਰਨ ਲਈ ਨਿਯੁਕਤ ਕੀਤਾ ਜਾਵੇ, [63][ਤਾਂ ਰਾਸ਼ਟਰਪਤੀ, ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਦੇ ਮਸ਼ਵਰੇ ਨਾਲ, ਨਿਯਤ ਤੌਰ ਤੇ] ਕਿਸੇ ਯਥਾਯੋਗ ਕਾਬਲ ਵਿਅਕਤੀ ਨੂੰ ਤਦ ਤੱਕ ਲਈ ਜਦ ਤੱਕ ਸਥਾਈ ਜੱਜ ਆਪਣੇ ਕਰਤੱਵਾਂ ਨੂੰ ਮੁੜ ਸਾਂਭ ਨਹੀਂ ਲੈਂਦਾ ਉਸ ਅਦਾਲਤ ਦੇ ਜੱਜ ਵਜੋਂ ਕਾਰਜ ਕਰਨ ਲਈ ਨਿਯੁਕਤ ਕਰ ਸਕੇਗਾ।

Ministry of Law & Justice

---

[64] ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 15 ਦੁਆਰਾ ਮੂਲ ਅਨੁਛੇਦ 224 ਦੀ ਥਾਵੇਂ ਰਖਿਆ ਗਿਆ।

[65] ਸੰਵਿਧਾਨ (ਨੜਿੰਨਵੇਂਵੀਂ ਸੋਧ) ਐਕਟ, 2014 ਦੀ ਧਾਰਾ 8 ਦੁਆਰਾ (13.04.2015 ਤੋਂ ਪ੍ਰਭਾਵੀ) "ਰਾਸ਼ਟਰਪਤੀ ਯਥਾਯੋਗ" ਸ਼ਬਦਾਂ ਦੀ ਥਾਵੇਂ ਪ੍ਰਤੀਸ਼ਥਾਪਤ। ਇਹ ਸੋਧ ਸਰਵ-ਉੱਚ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਉੱਚ ਅਦਾਲਤ ਦੇ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਅੱਟਕਾ ਦਿੱਤਾ ਗਿਆ ਹੈ।

(3) ਕਿਸੇ ਉੱਚ ਅਦਾਲਤ ਦੇ ਅਤਿਰਿਕਤ ਜਾਂ ਕਾਰਜ ਕਾਰੀ ਜੱਜ ਵਜੋਂ ਨਿਯੁਕਤ ਕੋਈ ਵਿਅਕਤੀ [66][ਬਾਹਠ ਸਾਲ] ਦੀ ਉਮਰ ਪ੍ਰਾਪਤ ਕਰ ਲੈਣ ਪਿੱਛੋਂ ਅਹੁਦਾ ਧਾਰਨ ਨਹੀਂ ਕਰੇਗਾ।]

ਸੇਵਾ ਨਿਵਰਤ ਜੱਜਾਂ ਦੀ ਉੱਚ ਅਦਾਲਤਾਂ ਦੀਆਂ ਬੈਠਕਾਂ ਵਿਚ ਨਿਯੁਕਤੀ।

[67][224. ੳ. ਇਸ ਅਧਿਆਏ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, [68][ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ ਕਿਸੇ ਰਾਜ ਦੀ ਉੱਚ ਅਦਾਲਤ ਦਾ ਚੀਫ ਜਸਟਿਸ ਦੁਆਰਾ ਉਸ ਨੂੰ ਕੀਤੇ ਗਏ ਕਿਸੇ ਮਸ਼ਵਰੇ ਤੇ, ਰਾਸ਼ਟਰਪਤੀ ਦੀ ਪੂਰਵ ਸੰਮਤੀ ਨਾਲ] ਕਿਸੇ ਵਿਅਕਤੀ ਨੂੰ, ਜੋ ਉਸ ਉੱਚ ਅਦਾਲਤ ਜਾਂ ਕਿਸੇ ਹੋਰ ਉੱਚ ਅਦਾਲਤ ਦੇ ਜੱਜ ਦਾ ਅਹੁਦਾ ਧਾਰਨ ਕਰ ਚੁੱਕਿਆ ਹੋਵੇ, ਉਸ ਰਾਜ ਦੀ, ਉੱਚ ਅਦਾਲਤ ਦੇ ਜੱਜ ਵਜੋਂ ਬੈਠਣ ਅਤੇ ਕਾਰਜ ਕਰਨ ਲਈ ਪ੍ਰਾਰਥਨਾ ਕਰ ਸਕੇਗਾ ਅਤੇ ਇਸ ਤਰ੍ਹਾਂ ਪ੍ਰਾਰਥਨਾ ਕੀਤੇ ਗਏ ਹਰਿਕ ਵਿਅਕਤੀ ਨੂੰ, ਜਦ ਤੱਕ ਉਹ ਇਸ ਤਰ੍ਹਾਂ ਬੈਠੇ ਅਤੇ ਕਾਰਜ ਕਰੇ, ਅਜਿਹੇ ਭੱਤਿਆਂ ਦਾ ਜੋ ਰਾਸ਼ਟਰਪਤੀ ਹੁਕਮ ਦੁਆਰਾ ਤੈਅ ਕਰੇ, ਹੱਕਦਾਰ ਹੋਵੇਗਾ ਅਤੇ ਉਸ ਨੂੰ ਉੱਚ ਅਦਾਲਤ ਦੇ ਜੱਜ ਦੀ ਅਧਿਕਾਰਤਾ, ਸ਼ਕਤੀਆਂ ਅਤੇ ਵਿਸ਼ੇਸ-ਅਧਿਕਾਰ ਸਭ ਪ੍ਰਾਪਤ ਹੋਣਗੇ, ਪਰ ਉਹ ਹੋਰਵੇਂ ਉੱਚ ਅਦਾਲਤ ਦਾ ਜੱਜ ਨਹੀਂ ਸਮਝਿਆ ਜਾਵੇਗਾ :

ਪੰਰਤੂ ਜੇਕਰ ਉਪਰੋਕਤ ਜਿਹਾ ਕੋਈ ਵਿਅਕਤੀ ਉਸ ਉੱਚ ਅਦਾਲਤ ਦੇ ਜੱਜ ਵਜੋ ਬੈਠਣ ਅਤੇ ਕਾਰਜ ਕਰਨ ਦੀ ਸੰਮਤੀ ਨ ਦੇਵੇ ਤਾਂ ਇਸ ਅਨੁਛੇਦ ਦੀ ਕੋਈ ਗੱਲ ਉਸ ਤੋਂ ਅਜਿਹਾ ਕਰਨਾ ਲੋੜਨ ਵਾਲੀ ਨਹੀਂ ਸਮਝੀ ਜਾਵੇਗੀ।]

---

[66] ਸੰਵਿਧਾਨ (ਪੰਦਰਵੀਂ ਸੋਧ) ਐਕਟ, 1963, ਧਾਰਾ 6 ਦੁਆਰਾ "ਸੱਠ ਸਾਲ" ਦੀਂ ਥਾਵੇਂ ਰੱਖੇ ਗਏ।

[67] ਸੰਵਿਧਾਨ (ਪੰਦਰਵੀਂ ਸੋਧ) ਐਕਟ, 1963, ਧਾਰਾ 7 ਦੁਆਰਾ ਅੰਤਰਸਥਾਪਤ।

[68] ਸੰਵਿਧਾਨ (ਨੜਿੰਨਵੇਂਵੀਂ ਸੋਧ) ਐਕਟ, 2014 ਦੀ ਧਾਰਾ 9 ਦੁਆਰਾ (13.04.2015 ਤੋਂ ਪ੍ਰਭਾਵੀ) "ਕਿਸੇ ਰਾਜ ਦੀ ਉੱਚ ਅਦਾਲਤ ਦਾ ਚੀਫ਼ ਜਸਟਿਸ, ਕਿਸੇ ਵੀਂ ਸਮੇਂ, ਰਾਸ਼ਟਰਪਤੀ ਦੀ ਪੂਰਵ ਸੰਮਤੀ ਨਾਲ" ਸ਼ਬਦਾਂ ਦੀ ਥਾਵੇਂ ਰੱਖਿਆ ਗਿਆ। ਇਹ ਸੋਧ ਸਰਵ-ਉੱਚ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਭਾਰਤ ਸੰਘ ਵਾਲੇ ਮਾਮਲੇ ਵਿਚ ਉੱਚ ਅਦਾਲਤ ਦੇ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਰੱਦ ਕਰ ਦਿੱਤੀ ਗਈ ਹੈ।

Ministry of Law & Justice

225. ਇਸ ਸੰਵਿਧਾਨ ਦੇ ਉਪਬੰਧਾਂ ਦੇ ਅਤੇ ਇਸ ਸੰਵਿਧਾਨ ਦੁਆਰਾ ਉਸ ਵਿਧਾਨ-ਮੰਡਲ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੇ ਆਧਾਰ ਦੇ ਮੁਨਾਸਬ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਕਿਸੇ ਮੌਜੂਦਾ ਉੱਚ ਅਦਾਲਤ ਦੀ ਅਧਿਕਾਰਤਾ, ਅਤੇ ਉਸ ਵਿਚ ਪ੍ਰਸ਼ਾਸਤ ਕਾਨੂੰਨ, ਅਤੇ ਉਸ ਅਦਾਲਤ ਵਿਚ ਨਿਆਂ ਪ੍ਰਸਾਸਨ ਦੇ ਸੰਬੰਧ ਵਿਚ ਉਸ ਦੇ ਜੱਜਾਂ ਦੀਆਂ ਆਪਣੀਆਂ ਆਪਣੀਆਂ ਸ਼ਕਤੀਆਂ, ਜਿਨ੍ਹਾਂ ਵਿਚ ਅਦਾਲਤ ਦੇ ਨਿਯਮ ਬਣਾਉਣ ਦੀ ਅਤੇ ਉਸ ਅਦਾਲਤ ਦੀਆਂ ਬੈਠਕਾਂ ਅਤੇ ਉਸ ਦੇ ਮੈਂਬਰਾਂ ਦੇ ਇਕੱਲੇ ਜਾਂ ਖੰਡ ਅਦਾਲਤਾਂ ਵਿਚ ਬੈਠਣ ਦਾ ਵਿਨਿਯਮਨ ਕਰਨ ਦੀ ਕੋਈ ਸ਼ਕਤੀ ਸ਼ਾਮਲ ਹੈ, ਉਹ ਹੋਣਗੀਆਂ ਜੋ ਇਸ ਸੰਵਿਧਾਨ ਦੇ ਅੰਰਭ ਤੋਂ ਤੁਰੰਤ ਪਹਿਲਾਂ ਸਨ :

[69][ਪਰੰਤੂ ਸਰਕਾਰੀ ਸਧਾਰਨ ਧਨ ਸੰਬੰਧੀ ਜਾਂ ਉਸ ਨੂੰ ਉਗਰਾਹੁਣ ਵਿਚ ਹੁਕਮ ਦਿੱਤੇ ਜਾਂ ਕੀਤੇ ਕਿਸੇ ਕਾਰਜ ਸੰਬੰਧੀ ਕਿਸੇ ਮਾਮਲੇ ਬਾਰੇ ਉੱਚ ਅਦਾਲਤਾਂ ਵਿਚੋਂ ਕਿਸੇ ਦੀ ਅਰੰਭਕ ਅਧਿਕਾਰਤਾ ਦੀ ਵਰਤੋਂ, ਜਿਸ ਕਿਸੇ ਪਾਬੰਦੀ ਦੇ ਤਾਬੇ, ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਸੀ, ਉਹ ਅਜਿਹੀ ਅਧਿਕਰਤਾ ਦੀ ਵਰਤੋਂ ਤੇ ਅੱਗੇ ਨੂੰ ਲਾਗੂ ਨਹੀਂ ਹੋਵੇਗੀ। ]

ਉੱਚ ਅਦਾਲਤਾਂ ਦੀ ਕੁਝ ਰਿੱਟਾਂ ਜਾਰੀ ਕਰ ਦੀ ਸ਼ਕਤੀ।

[70][226.(1) ਅਨੁਛੇਦ 32 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, [71]xxxਹਰਿਕ ਉੱਚ ਅਦਾਲਤ ਦੀ ਵਰਤੋਂ ਨੂੰ, ਉਨ੍ਹਾਂ ਰਾਜਖੇਤਰ ਵਿਚ ਸਭ ਥਾਂਈ, ਜਿਨ੍ਹਾਂ ਦੇ ਸੰਬੰਧ ਵਿਚ ਉਹ ਅਧਿਕਾਰਤਾ ਦੀ ਵਰਤੋਂ ਕਰਦੀ ਹੈ, [72][ਭਾਗ III ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਵਿਚੋਂ

---

[69] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 29 ਦੁਆਰਾ (20.06.1979 ਤੋਂ ਪ੍ਰਭਾਵੀ) ਅੰਤਰਸਥਾਪਤ। ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 37 ਦੁਆਰਾ (01.02.1977) ਮੂਲ ਪਰੰਤੁਕ ਦਾ ਲੋਪ ਕੀਤਾ ਗਿਆ ਸੀ।

[70] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 38 ਦੁਆਰਾ (01.02.1977 ਤੋਂ ਪ੍ਰਭਾਵੀ) ਅਨੁਛੇਦ 226 ਦੀ ਥਾਵੇਂ ਰੱਖੇ।

[71] ਸੰਵਿਧਾਨ (ਤਿਰਤਾਲਵੀਂ ਸੋਧ) ਐਕਟ, 1977 ਦੀ ਧਾਰਾ 7 ਦੁਆਰਾ (03.04.1978 ਤੋਂ ਪ੍ਰਭਾਵੀ) "ਪਰੰਤੂ ਅਨੁਛੇਦ 131ਉ ਅਤੇ ਅਨੁਛੇਦ 226 ਉ ਦੇ ਉਪਬੰਧਾਂ ਦੇ ਤਾਬੇ" ਸ਼ਬਦਾਂ ਅੰਕਾਂ ਅਤੇ ਅੱਖਰਾਂ ਦਾ ਲੋਪ ਕੀਤਾ ਗਿਆ।

[72] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 30 ਦੁਆਰਾ (01.08.1979 ਤੋਂ ਪ੍ਰਭਾਵੀ) "ਜਿਸ ਹੇਬੀਅਸ ਕੋਰਪਸ, ਮੈਂਡੇਮਸ, ਪ੍ਰੋਹਿਬਿਟ, ਕੋ ਵਾਰੰਟ ਅਤੇ ਸਰਾਸਿਉਰੇਰਾਈ ਦੀ ਪ੍ਰਕਿਰਤੀ ਦੀਆਂ ਰਿੱਟਾਂ ਸ਼ਾਮਲ ਹਨ ਜਾਂ ਉਨ੍ਹਾਂ ਵਿੱਚੋਂ ਕਿਸੇ ਨੂੰ" "ਸ਼ਬਦਾਂ

Ministry of Law & Justice

ਕਿਸੇ ਨੂੰ ਨਾਫਜ ਕਰਾਉਣ ਲਈ ਅਤੇ ਕਿਸੇ ਹੋਰ ਪ੍ਰਯੋਜਨ ਲਈ] ਉਨ੍ਹਾਂ ਰਾਜਖੇਤਰ ਅੰਦਰ ਕਿਸੇ ਵਿਅਕਤੀ ਜਾਂ ਸੱਤਾਧਾਰੀ ਦੇ ਪ੍ਰਤਿ ਜਾਂ ਮੁਨਾਸਬ ਮਾਮਲਿਆਂ ਵਿਚ ਕਿਸੇ ਸਰਕਾਰ ਦੇ ਪ੍ਰਤਿ ਅਜਿਹੇ ਨਿਦੇਸ਼, ਹੁਕਮ ਜਾਂ ਰਿੱਟਾਂ, ਜਿਨ੍ਹਾਂ ਵਿਚ [ਹੇਬੀਅਸ ਕੋਰਪਸ, ਮੈਂਡੇਸਮ, ਪ੍ਰੋਹਿਬਿਸ਼ਨ, ਕੋ ਵਾਰੰਟ ਅਤੇ ਸਰਸ਼ਿਉਰੇਰਾਈ ਦੀ ਪ੍ਰਕਿਰਤੀ ਦੀਆਂ ਰਿੱਟਾਂ ਸ਼ਾਮਲ ਹਨ, ਜਾਂ ਉਨ੍ਹਾਂ ਵਿਚੋਂ ਕੋਈ] ਜਾਰੀ ਕਰਨ ਦੀ ਸ਼ਕਤੀ ਹੋਵੇਗੀ ।]

(2) ਕਿਸੇ ਸਰਕਾਰ, ਸੱਤਾਧਾਰੀ ਜਾਂ ਵਿਅਕਤੀ ਦੇ ਪ੍ਰਤਿ ਨਿਦੇਸ਼, ਹੁਕਮ ਜਾਂ ਰਿੱਟਾਂ ਜਾਰੀ ਕਰਨ ਲਈ ਖੰਡ (1) ਦੁਆਰਾ ਪ੍ਰਦਾਨ ਕੀਤੀ ਗਈ ਸ਼ਕਤੀ ਦੀ ਵਰਤੋਂ ਉਨ੍ਹਾਂ ਰਾਜਖੇਤਰਾਂ ਦੇ ਸੰਬੰਧ ਵਿਚ ਜਿਨ੍ਹਾਂ ਅੰਦਰ ਅਜਿਹੀ ਸ਼ਕਤੀ ਦੀ ਵਰਤੋਂ ਦਾਵੇ ਦਾ ਕਾਰਨ ਪੂਰਨ ਤੌਰ ਤੇ ਜਾਂ ਅੰਸਕ ਤੌਰ ਤੇ ਪੈਦਾ ਹੋਇਆਂ ਹੋਵੇ, ਅਧਿਕਾਰਤਾ ਦੀ ਵਰਤੋਂ ਕਰਦੀ ਕਿਸੇ ਉੱਚ ਅਦਾਲਤ ਵਲੋਂ ਵੀ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕੀਤੀ ਜਾ ਸਕੇਗੀ ਕਿ ਅਜਿਹੀ ਸਰਕਾਰ ਜਾਂ ਸੱਤਾਧਾਰੀ ਦੀ ਥਾਂ ਜਾਂ ਅਜਿਹੇ ਵਿਅਕਤੀ ਦਾ ਨਿਵਾਸ ਉਨ੍ਹਾਂ ਰਾਜਖੇਤਰਾਂ ਦੇ ਅੰਦਰ ਨਹੀਂ ਹੈ ।]
[73][(3) ਜਿੱਥੇ ਕੋਈ ਧਿਰ, ਜਿਸ ਦੇ ਵਿਰੁੱਧ ਖੰਡ1) ਦੇ ਅਧੀਨ ਕਿਸੇ ਅਰਜੀ ਤੇ ਜਾਂ ਉਸ ਨਾਲ ਸੰਬੰਧਤ ਕਿਸੇ ਕਾਰਵਾਈ ਵਿਚ ਮਨਾਹੀ ਹੁਕਮ ਜਾਂ ਰੋਕ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਅੰਤਰਿਮ ਹੁਕਮ-

(ੳ) ਅਜਿਹੀ ਧਿਨ ਨੂੰ ਅਜਿਹੀ ਅਰਜੀ ਦੀ ਅਤੇ ਅਜਿਹੇ ਅੰਤਰਿਮ ਹੁਕਮ ਦੇ ਲਈ ਦਲੀਲ ਤੇ ਸਮੱਰਥਨ ਵਿਚ ਸਾਰੇ ਦਸਤਾਵੇਜਾਂ ਦੀਆਂ ਨਕਲਾਂ ਅਤੇ;

(ਅ) ਅਜਿਹੀ ਧਿਰ ਨੂੰ ਸੁਣਵਾਈ ਦਾ ਮੋਕਾ, ਦਿੱਤੇ ਬਿਨਾਂ ਕੀਤਾ ਗਿਆ, ਅਜਿਹੇ ਹੁਕਮ ਨੂੰ ਰੱਦ ਕਰਾਉਣ ਦੇ ਉੱਚ

---

ਤੋਂ ਅਰੰਭ ਹੋ ਕੇ" ਨਿਆਂ ਦੀ ਚੋਖੇ ਅਸਫ਼ਲਤਾ ਦੇ ਨਤੀਜੇ ਵਜੋਂ ਅਜਿਹੀ ਗੈਰ ਕਾਨੂੰਨਤਾ " ਸ਼ਬਦਾਂ ਨਾਲ ਸਮਾਪਤ ਹੋਣ ਵਾਲੇ ਭਾਗ ਦੀ ਥਾਵੇਂ ਰੱਖੇ ਗਏ ।

[73] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 30 ਦੁਆਰਾ (01.08.1979 ਤੋਂ ਪ੍ਰਭਾਵੀ) ਖੰਡ (3), ਖੰਡ (4), ਖੰਡ (5), ਅਤੇ ਖੰਡ (6) ਦੀ ਥਾਵੇਂ ਰੱਖੇ ਗਏ ।



Ministry of Law & Justice

ਅਦਾਲਤ ਨੂੰ ਦਰਖ਼ਾਸਤ ਦਿੰਦਾ ਹੈ ਅਤੇ ਅਜਿਹੀ ਦਰਖ਼ਾਸਤ ਦੀ ਇੱਕ ਨਕਲ ਉਸ ਧਿਰ ਨੂੰ ਜਿਸ ਦੇ ਪੱਖ ਵਿਚ ਅਜਿਹਾ ਹੁਕਮ ਕੀਤਾ ਗਿਆ ਹੈ ਜਾਂ ਉਸ ਦੇ ਕਾਊਂਸਲ ਨੂੰ ਦਿੰਦਾ ਹੈ ਉੱਥੇ ਉੱਚ ਅਦਾਲਤ ਉਸ ਦੀ ਪ੍ਰਾਪਤੀ ਨੂੰ ਤਰੀਕ ਤੋਂ ਜਾਂ ਅਜਿਹੀ ਦਰਖ਼ਾਸਤ ਦੀ ਨਕਲ ਇਸ ਪ੍ਰਕਾਰ ਦਿੱਤੇ ਜਾਣ ਦੀ ਤਰੀਕ ਤੋਂ ਜਾਂ ਅਜਿਹੀ ਦਰਖ਼ਾਸਤ ਦੀ ਨਕਲ ਇਸ ਪ੍ਰਕਾਰ ਦਿੱਤੇ ਜਾਣ ਦੀ ਤਰੀਕ ਤੋਂ ਦੋ ਹਫ਼ਤੇ ਦੀ ਮੁਦੱਤ ਦੇ ਅੰਦਰ, ਇਨ੍ਹਾਂ ਵਿਚੋਂ ਜੋਂ ਵੀ ਬਾਅਦ ਵਿਚ ਹੋਵੇ, ਜਾਂ ਜਿੱਥੇ ਉੱਚ ਅਦਾਲਤ ਉਸ ਮੁਦੱਤ ਦੇ ਅੰਤਮ ਦਿਨ ਬੰਦ ਹੈ ਉੱਥੇ ਉਸਦੇ ਠੀਕ ਬਾਅਦ ਵਾਲੇ ਦਿਨ ਦੇ ਗੁਜ਼ਰਨ ਤੋਂ ਪਹਿਲਾਂ ਜਿਸ ਦਿਨ ਉੱਚ ਅਦਾਲਤ ਖੁੱਲੀ ਹੈ, ਦਰਖ਼ਾਸਤ ਨੂੰ ਨਿਪਟਾਏਗਾ ਅਤੇ ਜੇ ਦਰਖ਼ਾਸਤ ਇਸ ਤਰ੍ਹਾਂ ਨਿਪਟਾਈ ਨਹੀਂ ਜਾਂਦੀ ਹੈ ਤਾਂ ਅੰਤਰਿਮ ਹੁਕਮ, ਜਿਹੀ ਕਿ ਸੂਰਤ ਹੋਵੇ, ਉਕਤ ਮੁਦੱਤ ਦੀ ਜਾਂ ਉਕਤ ਠੀਕ ਬਾਅਦ ਵਾਲੇ ਦਿਨ ਦੇ ਗੁਜ਼ਰਨਰ ਤੇ ਰੱਦ ਹੋ ਜਾਵੇਗੀ।

[74][(4) ਇਸ ਅਨੁਛੇਦ ਦੁਆਰਾ ਉੱਚ ਅਦਾਲਤ ਨੂੰ ਪ੍ਰਦਾਨ ਕੀਤੀ ਗਈ ਸ਼ਕਤੀ ਨਾਲ, ਅਨੁਛੇਦ 23 ਦੇ ਖੰਡ (2) ਦੁਆਰਾ ਸਰਵ-ਉੱਚ ਅਦਾਲਤ ਨੂੰ ਪ੍ਰਦਾਨ ਕੀਤੀ ਗਈ ਸ਼ਕਤੀ ਦਾ ਅਲਪਣ ਨਹੀਂ ਹੋਵੇਗਾ।]

[75][226ਉ. ਅਨੁਛੇਦ 226 ਦੇ ਅਧੀਨ ਕਾਰਵਾਈਆਂ ਵਿਚ ਕੇਂਦਰੀ ਕਾਨੂੰਨਾਂ ਦੀ ਸੰਵਿਧਾਨਕ ਜਾਇਜ਼ਤਾ ਦੇ ਵਿਚਾਰ ਨਾ ਕੀਤਾ ਜਾਣਾ ]

ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 8 ਦੁਆਰਾ (13.04.1978 ਤੋਂ ਪ੍ਰਭਾਵੀ) ਨਿਰਸਤ।

ਉੱਚ ਅਦਾਲਤ ਦੀ ਸਭ ਅਦਾਲਤਾਂ ਤੇ ਅਧੀਖਣ ਦੀ ਸ਼ਕਤੀ।

[76][227.(1) ਹਰਿਕ ਉੱਚ ਅਦਾਲਤ ਦਾ ਉਨ੍ਹਾਂ ਰਾਜਖੇਤਰਾਂ ਵਿਚ ਜਿਨ੍ਹਾਂ ਦੇ ਸੰਬੰਧ ਵਿਚ ਉਹ ਅਧਿਕਾਰਤਾ ਦੀ ਵਰਤੋਂ ਕਰਦੀ ਹੈ ਸਭ ਥਾਈਂ ਸਭ ਅਦਾਲਤਾਂ ਅਤੇ ਟ੍ਰਿਬਿਊਨਲਾਂ ਤੇ ਅਧੀਖਣ ਹੋਵੇਗਾ।]

---

[74] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 30 ਦੁਆਰਾ (01.08.1979 ਤੋਂ ਪ੍ਰਭਾਵੀ) ਖੰਡ (7) ਨੂੰ ਖੰਡ (4) ਤੇ ਰੂਪ ਵਿਚ ਪੁਨਰ ਅੰਕਤ ਕੀਤਾ ਗਿਆ।

[75] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 39 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

(2) ਪੂਰਵਗਾਮੀ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਉੱਚ ਅਦਾਲਤ-

(ੳ) ਅਜਿਹੀਆਂ ਅਦਾਲਤਾਂ ਤੋਂ ਵਿਵਰਣੀਆਂ ਮੰਗਾ ਸਕੇਗੀ;

(ਅ) ਅਜਿਹੀਆਂ ਅਦਾਲਤਾਂ ਦੀ ਕਾਰਜ-ਪ੍ਰਣਾਲਈ ਅਤੇ ਕਾਰਵਾਈਆਂ ਦੇ ਵਿਨਿਯਮਨ ਲਈ ਸਧਾਰਨ ਨਿਯਮ ਬਣਾ ਸਕੇਗੀ ਅਤੇ ਕਾਰਵਾਈਆਂ ਦੇ ਵਿਨਿਯਮਨ ਲਈ ਸਧਾਰਨ ਨਿਯਮ ਬਣਾ ਸਕੇਗੀ ਅਤੇ ਜਾਰੀ ਕਰ ਸਕੇਗੀ ਅਤੇ ਫਾਰਮ ਮੁਕੱਰਰ ਕਰ ਸਕੇਗੀ ; ਅਤੇ

(ੲ) ਉਹ ਫਾਰਮ ਮੁਕੱਰਰ ਕਰ ਸਕੇਗੀ ਜਿਨ੍ਹਾਂ ਵਿਚ ਕਿਸੇ ਅਜਿਹੀਆਂ ਅਦਾਲਤਾਂ ਦੇ ਅਫਸਰਾਂ ਦੁਆਰਾ ਕਿਤਾਬਚੇ, ਇੰਦਰਾਜ ਅਤੇ ਲੇਖੇ ਰਖੇ ਜਾਣਗੇ।

(3) ਉੱਚ ਅਦਾਲਤ ਉਨ੍ਹਾਂ ਫੀਸਾਂ ਦੀਆਂ ਸਾਰਣੀਆਂ ਵੀ ਥਿਰ ਕਰ ਸਕੇਗੀ ਜੋ ਅਜਿਹੀਆਂ ਅਦਾਲਤਾਂ ਦੇ ਸ਼ੈਰਿਫ ਅਤੇ ਸਭਾ ਕਲਰਕਾਂ ਅਤੇ ਅਫਸਰਾਂ ਨੂੰ ਅਤੇ ਉਨ੍ਹਾਂ ਵਿਚ ਪ੍ਰੈਕਟਿਸ ਕਰਨ ਵਾਲੇ ਅਟਾਰਨੀਆਂ, ਐਡਵੋਕੇਟਾਂ ਅਤੇ ਪਲੀਡਰਾਂ ਨੂੰ ਮਿਲਣੀਆਂ ਹੋਣ;

ਪਰੰਤੂ ਖੰਡ (2) ਜਾਂ (3) ਦੇ ਅਧੀਨ ਬਣਾਏ ਗਏ ਕੋਈ ਨਿਯਮ ਜਾਂ ਮੁਕੱਰਰ ਕੀਤੇ ਗਏ ਕੋਈ ਫਾਰਮ ਜਾਂ ਥਿਰ ਕੀਤੀਆਂ ਗਈਆਂ ਕੋਈ ਸਾਰਣੀਆਂ ਕਿਸੇ ਤਤ-ਸਮੇਂ ਨਾਫਜ ਕਿਸੇ ਕਾਨੂੰਨ ਦੇ ਉਪਬੰਧ ਨਾਲ ਅਸੰਗਤ ਨਹੀਂ ਹੋਣਗੀਆਂ, ਅਤੇ ਉਨ੍ਹਾਂ ਲਈ ਰਾਜਪਾਲ ਦੀ ਪੂਰਵ ਪਰਵਾਨਗੀ ਦੀ ਲੋੜ ਹੋਵੇਗੀ।

(4) ਇਸ ਅਨੁਛੇਦ ਦੀ ਕੋਈ ਗੱਲ ਕਿਸੇ ਉੱਚ ਅਦਾਲਤ ਨੂੰ ਸ਼ਸਤਰਧਾਰੀ ਸੈਨਾ ਸੰਬੰਧੀ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ

[76] ਖੰਡ (1) ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 40 ਦੁਆਰਾ (01.02.1977 ਤੋਂ ਪ੍ਰਭਾਵੀ) ਅਤੇ ਇਸ ਤੋਂ ਪਿੱਛੋਂ, ਸੰਵਿਧਾਨ (ਚਤਾਲੀਂ ਸੋਧ) ਐਕਟ, 1978 ਦੀ ਧਾਰਾ 31 ਦੁਆਰਾ (20.06.1977 ਤੋਂ ਪ੍ਰਭਾਵੀ) ਦੀ ਥਾਵੇਂ ਰੱਖਦੇ ਉਪਰੋਕਤ ਰੂਪ ਵਿਚ ਆਇਆ।



Ministry of Law & Justice

ਗਠਤ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਦੇ ਅਧੀਖਣ ਦੀਆਂ ਸ਼ਕਤੀਆਂ ਪ੍ਰਦਾਨ ਕਰਨ ਵਾਲੀ ਨਹੀਂ ਸਮਝੀ ਜਾਵੇਗੀ।

[77][227.(5) x x x x x ]

[228. ਜੇ ਉੱਚ ਅਦਾਲਤ ਦੀ ਤਸੱਲੀ ਹੋ ਜਾਵੇ ਕਿ ਉਸ ਦੇ ਅਧੀਨ ਕਿਸੇ ਅਦਾਲਤ ਵਿਚ ਲੰਬਿਤ ਕਿਸੇ ਮਾਮਲੇ ਵਿਚ ਇਸ ਸੰਵਿਧਾਨ ਦੇ ਅਰਥ ਨਿਰਣੇ ਬਾਬਤ ਕੋਈ ਸਾਰਵਾਨ ਕਾਨੂੰਨੀ ਸਵਾਲ ਪਲਚਿਆ ਹੈ ਜਿਸ ਦਾ ਤੈਅ ਹੋਣਾ ਮੁਕੱਦਮੇ ਦੇ ਨਿਬੇੜੇ ਲਈ ਜਰੂਰੀ ਹੈ, [78][ਤਾਂ ਉਹ ਉਸ ਮੁਕੱਦਮੇ ਨੂੰ ਆਪਣੇ ਪਾਸ ਸੰਗਵਾ ਲਵੇਗੀ, ਅਤੇ– ][79]

(ੳ) ਜਾਂ ਤਾਂ ਮੁਕਦਮੇ ਨੂੰ ਆਪ ਨਿਬੇੜ ਸਕੇਗੀ, ਜਾਂ

(ਅ)ਉਕਤ ਕਾਨੂੰਨੀ ਸਵਾਲ ਤੈਅ ਕਰ ਸਕੇਗੀ ਅਤੇ ਅਜਿਹੇ ਸਵਾਲ ਤੇ ਆਪਣੇ ਨਿਰਣੇ ਦੀ ਨਕਲ ਸਮੇਤ ਉਹ ਮੁਕਦਮਾ ਉਸ ਅਦਾਲਤ ਨੂੰ, ਜਿਸ ਤੋਂ ਉਹ ਮੁਕੱਦਮਾ ਇਸ ਤਰ੍ਹਾਂ ਮੰਗਵਾ ਲਿਆ ਗਿਆ ਹੋਵੇ, ਮੋੜ ਸਕੇਗੀ, ਅਤੇ ਉਕਤ ਅਦਾਲਤ ਉਸ ਤੇ ਪ੍ਰਾਪਤ ਹੋਣ ਤੇ , ਅਜਿਹੇ ਨਿਰਣੇ ਦੀ ਅਨੁਰੂਪਤਾ ਵਿਚ ਉਸ ਮੁਕੱਦਮੇ ਨੂੰ ਨਿਬੇੜਨ ਲਈ ਅੱਗੇ ਕਾਰਵਾਈ ਕਰੇਗੀ।

228. ੳ [80][ਰਾਜ ਕਾਨੂੰਨਾਂ ਦੀ ਸੰਵਿਧਾਨਕ ਜਾਇਜ਼ਤਾ ਨਾਲ ਸੰਬੰਧਤ ਸਵਾਲਾਂ ਦੇ ਨਿਪਟਾਰੇ ਦੇ ਬਾਰੇ ਵਿਚ ਵਿਸ਼ੇਸ ਉਪਬੰਧ] ਸੰਵਿਧਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 10 ਦਆਰਾ

---

[77] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 40 ਦੁਆਰਾ (01.02.1977 ਤੋਂ ਪ੍ਰਭਾਵੀ) ਅਤੇ ਇਸ ਤੋਂ ਪਿੱਛੋਂ, ਖੰਡ (5) ਅਤੰਰਸਥਾਪਤ ਕੀਤਾ ਗਿਆ ਅਤੇ ਉਸ ਦਾ ਸੰਵਿਧਾਨ (ਚਤਾਲੀਂ ਸੋਧ) ਐਕਟ, 1978 ਦੀ ਧਾਰਾ 31 ਦੁਆਰਾ (20.06.1979 ਤੋਂ ਪ੍ਰਭਾਵੀ) ਦੀ ਥਾਵੇਂ ਲੋਪ ਕੀਤਾ ਗਿਆ।

[78] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 41 ਦੁਆਰਾ (01.02.1977ਤੋਂ ਪ੍ਰਭਾਵੀ) "ਤਾਂ ਉਹ ਉਸ ਮੁਕੱਦਮੇਂ ਨੂੰ ਆਪਣੇ ਕੋਲ ਵਾਪਸ ਮੰਗਵਾ ਲਵੇਗਾ ਅਤੇ " ਦੀ ਥਾਵੇਂ ਰੱਖੇ ਗਏ।

[79] ਸੰਵਿਧਾਨ (ਤਰਤਾਲਵੀਂ ਸੋਧ) ਐਕਟ, 1977 ਦੀ ਧਾਰਾ 9 ਦੁਆਰਾ (13.04.1978 ਤੋਂ ਪ੍ਰਭਾਵੀ) ਅਨੁਛੇਦ 131 ੳ ਦੇ ਉਪਬੰਧਾਂ ਤੇ ਤਾਬੇ ਸ਼ਬਦਾਂ, ਅੰਕਾਂ ਅਤੇ ਅੱਖਰਾਂ ਦਾ ਲੋਪ ਕੀਤਾ ਗਿਆ।

[80] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 42 ਦੁਆਰਾ (01.02.1977 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

(13.04.1976 ਤੋਂ ਪ੍ਰਭਾਵੀ) ਨਿਰਸਤ।

ਉੱਚ ਅਦਾਲਤਾਂ ਦੇ ਅਫ਼ਸਰ ਅਤੇ ਸੇਵਕ ਅਤੇ ਖਰਚ ।

229(1) ਕਿਸੇ ਉੱਚ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਦੀਆਂ ਨਿਯੁਕਤੀਆਂ ਉਸ ਅਦਾਲਤ ਦਾ ਚੀਫ ਜਸਟਿਸ ਜਾਂ ਉਸ ਅਦਾਲਤ ਦਾ ਅਜਿਹਾ ਹੋਰ ਜੱਜ ਜਾਂ ਅਫਸਰ ਜਿਨ ਨੂੰ ਉਹ ਨਿਦੇਸ਼ ਕਰੇ, ਕਰੇਗਾ :

ਪਰੰਤੂ ਰਾਜ ਦੇ ਰਾਜਪਾਲ [81]*** ਨਿਯਮ ਦੁਆਰਾ ਲੋੜ ਸਕੇਗਾ ਕਿ ਅਜਿਹੀਆਂ ਸੂਰਤਾਂ ਵਿਚ ਜਿਹੀਆਂ ਨਿਯਮ ਵਿਚ ਉਲਿਖਤ ਹੋਣ ਕਿਸੇ ਅਜਿਹੇ ਵਿਅਕਤੀ ਨੂੰ ਜੋ ਪਹਿਲਾਂ ਹੀ ਅਦਾਲਤ ਵਿਚ ਲਗਿਆ ਹੋਇਆ ਨ ਹੋਵੇ, ਅਦਾਲਤ ਨਾਲ ਮੁਤੱਲਕ ਕਿਸੇ ਅਹੁਦੇ ਤੇ ਰਾਜ ਲੋਕ ਸੇਵਾ ਕਮਿਸ਼ਨ ਨਾਲ ਮਸ਼ਵਰਾ ਕਰਨ ਪਿੱਛੋਂ ਦੇ ਸਿਵਾਏ ਨਿਯੁਕਤ ਨਹੀਂ ਕੀਤਾ ਜਾਵੇਗਾ।

(2) ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਕਿਸੇ ਉੱਚ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਦੀ ਸੇਵਾ ਦੀਆਂ ਸ਼ਰਤਾ ਅਜਿਹੀਆਂ ਹੋਣਗੀਆਂ ਜਿਹੀਆਂ ਕਿ ਉਸ ਅਦਾਲਤ ਦੇ ਚੀਫ ਜਸਟਿਸ ਜਾਂ ਉਸ ਅਦਾਲਤ ਦੇ ਚੀਫ਼ ਜਸਟਿਸ ਜਾਂ ਉਸ ਅਦਾਲਤ ਦੇ ਅਜਿਹੇ ਹੋਰ ਜੱਜ ਜਾਂ ਅਫਸਰ ਜਿਸ ਨੂੰ ਚੀਫ ਜਸਟਿਸ ਨੇ ਉਸ ਪ੍ਰਯੋਜਨ ਲਈ ਨਿਯਮ ਬਣਾਉਣ ਲਈ ਅਖਤਿਆਰਤ ਕੀਤਾ ਹੋਵੇ ਦੇ ਬਣਾਏ ਨਿਯਮਾਂ ਦੁਆਰਾ ਮੁਕੱਰਰ ਕੀਤੀਆਂ ਜਾਣ :

ਪਰੰਤੂ ਇਸ ਖੰਡ ਦੇ ਅਧੀਨ ਬਣਾਏ ਗਏ ਨਿਯਮਾਂ ਲਈ, ਜਿੱਥੇ ਤੱਕ ਉਹ ਤਨਖਾਹਾਂ, ਭੱਤਿਆਂ, ਛੁੱਟੀ ਜਾਂ ਪੈਨਸ਼ਨਾਂ ਨਾਲ ਸੰਬੰਧਤ ਹੋਣ, ਰਾਜ ਦੇ ਰਾਜਪਾਲ ਦੀ [82]*** ਪਰਵਾਨਗੀ ਦੀ ਲੋੜ ਹੋਵੇਗੀ।

---

[81] "ਸ਼ਬਦ ਜਿਸ ਵਿਚ ਉੱਚ ਅਦਾਲਤ ਦਾ ਮੁੱਖ-ਸਥਾਨ ਹੈ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[82] ਸ਼ਬਦ ਜਿਸ ਵਿਚ ਉੱਚ ਅਦਾਲਤ ਦਾ ਮੁੱਖ-ਸਥਾਨ ਹੈ ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

(3) ਕਿਸੇ ਉੱਚ ਅਦਾਲਤ ਦੇ ਪ੍ਰਸ਼ਾਸਨੀ ਖਰਚ, ਜਿਨ੍ਹਾਂ ਵਿਚ ਉਸ ਅਦਾਲਤ ਦੇ ਅਫਸਰਾਂ ਅਤੇ ਸੇਵਕਾਂ ਨੂੰ ਜਾਂ ਦੇ ਬਾਰੇ ਅਦਾਇਗੀ-ਯੋਗ ਸਭ ਤਨਖਾਹਾਂ , ਭੱਤੇ ਅਤੇ ਪੈਨਸ਼ਨਾਂ ਸ਼ਾਮਲ ਹਨ, ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਣਗੇ ਅਤੇ ਉਸ ਅਦਾਲਤ ਦੁਆਰਾ ਲਈਆਂ ਗਈਆਂ ਕੋਈ ਫੀਸਾਂ ਜਾਂ ਹੋਰ ਧਨ ਉਸ ਫ਼ੰਡ ਦਾ ਭਾਗ ਹੋਣਗੇ।

ਉੱਚ ਅਦਾਲਤ ਦੀ ਅਧਿਕਾਰਤਾ ਦਾ ਸੰਘ ਰਾਜਖੇਤਰਾਂ ਤੱਕ ਵਿਸਤਾਰ।

[83][ 230. (1) ਸੰਸਦ ਕਾਨੂੰਨ ਦੁਆਰਾ ਕਿਸੇ ਉੱਚ ਅਦਾਲਤ ਦੀ ਅਧਿਕਾਰਤਾ ਦਾ ਵਿਸਤਾਰ ਜਾਂ ਕਿਸੇ ਉੱਚ ਅਦਾਲਤ ਦੀ ਅਧਿਕਾਰਤਾ ਦਾ ਇਖਰਾਜ,ਕਿਸੇ ਸੰਘ ਰਾਜਖੇਤਰ ਤੇ, ਜਾਂ ਤੋਂ ਕਰ ਸਕੇਗੀ।

(2) ਜਿੱਥੇ ਕਿਸੇ ਰਾਜ ਦੀ ਕੋਈ ਉੱਚ ਅਦਾਲਤ ਕਿਸੇ ਸੰਘ ਰਾਜ ਖੇਤਰ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਹੋਵੇ, --

(ੳ) ਇਸ ਸੰਵਿਧਾਨ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਉਸ ਰਾਜ ਦੇ ਵਿਧਾਨ-ਮੰਡਲ ਨੂੰ, ਉਸ ਅਧਿਕਾਰਤਾ ਨੂੰ ਵਧਾਉਣ ਤੇ ਪਾਬੰਦੀ ਲਾਉਣ ਜਾਂ ਦਾ ਅੰਤ ਕਰਨ ਦੀ ਸ਼ਕਤੀ ਦਿੰਦੀ ਹੈ ; ਅਤੇ

(ਅ)ਅਨੁਛੇਦ 227 ਵਿਚ ਰਾਜਪਾਲ ਦੇ ਪ੍ਰਤਿ ਹਵਾਲੇ ਦਾ ਉਸ ਰਾਜਖੇਤਰ ਵਿਚ ਲਈਆਂ ਅਧੀਨ ਅਦਾਲਤਾਂ ਲਈ ਕਿਸੇ ਨਿਯਮਾਂ, ਫਾਰਮਾਂ ਜਾਂ ਸਾਰਣੀਆਂ ਦੇ ਸੰਬੰਧ ਵਿਚ ਇਹ ਅਰਥ ਕੀਤਾ ਜਾਵੇਗਾ ਕਿ ਉਹ ਰਾਸ਼ਟਰਪਤੀ ਤੇ ਪ੍ਰਤਿ ਹਵਾਲਾ ਹੈ।

ਦੋ ਜਾਂ ਵਧੇਰੇ ਰਾਜਾਂ ਲਈ ਇਸ ਸਾਂਝੀ ਉੱਚ ਅਦਾਲਤ ਦੀ ਸਥਾਪਨਾ।

231. (1) ਇਸ ਅਧਿਆਏ ਦੇ ਪੂਰਵਵਰਤੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਦ ਕਾਨੂੰਨ ਦੁਆਰਾ ਦੋ ਜਾਂ ਵਧੇਰੇ ਰਾਜਾਂ ਲਈ ਜਾਂ ਦੇ ਜਾਂ ਵਧੇਰੇ ਰਾਜਾਂ ਅਤੇ ਇਕ ਸੰਘ ਰਾਜਖੇਤਰ ਲਈ ਇਕ ਸਾਂਝੀ ਉੱਚ ਅਦਾਲਤ ਸਥਾਪਤ ਕਰ ਸਕੇਗੀ।

(2) ਕਿਸੇ ਅਜਿਹੇ ਅਦਾਲਤ ਦੇ ਸੰਬੰਧ ਵਿਚ.-

[83] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 16 ਦੁਆਰਾ ਮੂਲ ਅਨੁਛੇਦਾਂ 230, 231 ਅਤੇ 232 ਦੀ ਥਾਵੇਂ ਰਖਿਆ ਗਿਆ।

[84][1 ੳ x x x x

(ਅ) ਅਨੁਛੇਦ 227 ਵਿਚ ਰਾਜਪਾਲ ਦੇ ਪ੍ਰਤਿ ਹਵਾਲੇ ਦਾ, ਅਧੀਨ ਅਦਾਲਤਾਂ ਲਈ ਕਿਸੇ ਨਿਯਮਾਂ, ਫਾਰਮਾਂ ਜਾਂ ਸਾਰਣੀਆਂ ਦੇ ਸੰਬੰਧ ਵਿਚ, ਇਹੋ ਅਰਥ ਕੀਤਾ ਜਾਵੇਗੀ ਕਿ ਉਹ ਉਸ ਰਾਜ ਦੇ ਰਾਜਪਾਲ ਦੇ ਪ੍ਰਤਿ ਹਵਾਲਾ ਹੈ ਜਿਸ ਵਿਚ ਉਹ ਅਧੀਨ ਅਦਾਲਤਾਂ ਸਥਿਤ ਹਨ ; ਅਤੇ

(ੲ)ਅਨੁਛੇਦ 219 ਅਤੇ 229 ਵਿਚ ਰਾਜ ਦੇ ਪ੍ਰਤਿ ਹਵਾਲਿਆਂ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਉਸ ਰਾਜ ਦੇ ਪ੍ਰਤਿ ਹਵਾਲੇ ਹਨ ਜਿਸ ਵਿਚ ਉਸ ਉੱਚ ਅਦਾਲਤ ਦਾ ਮੁੱਖ-ਸਥਾਨ ਹੈ :

ਪਰੰਤੂ ਜੇ ਅਜਿਹਾ ਮੁੱਖ-ਸਥਾਨ ਕਿਸੇ ਸੰਘ ਰਾਜਖੇਤਰ ਵਿਚ ਹੋਵੇ, ਤਾਂ ਅਨੁਛੇਦ 219 ਅਤੇ 229 ਵਿਚ ਰਾਜ ਦੇ ਰਾਜਪਾਲ, ਲੋਕ ਸੇਵਾ ਕਮਿਸ਼ਨ, ਵਿਧਾਨ-ਮੰਡਲ ਅਤੇ ਸੰਚਿਤ ਫ਼ੰਡ ਦੇ ਪ੍ਰਤਿ ਹਵਾਲਿਆਂ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਕ੍ਰਮਵਾਰ ਰਾਸ਼ਟਰਪਤੀ, ਸੰਘ ਲੋਕ ਸੇਵਾ ਕਮਿਸ਼ਨ ਸੰਸਦ ਅਤੇ ਭਾਰਤ ਦੇ ਸੰਚਿਤ ਫ਼ੰਡ ਦੇ ਪ੍ਰਤਿ ਹਵਾਲੇ ਹਨ ।]

232. [85]XXXX

## ਅਧਿਆਏ VI ---ਅਧੀਨ ਅਦਾਲਤਾਂ

---

[84] ਸੰਵਿਧਾਨ (ਨੜਿੰਨਵੇਂਵੀਂਸੋਧ) ਐਕਟ, 2014 ਦੀ ਧਾਰਾ 10 ਦੁਆਰਾ (13.04.2015 ਤੋਂ ਪ੍ਰਭਾਵੀ) ਖੰਡ 2 ਦੇ ਉਪ-ਖੰਡ (ੳ) ਦਾ ਲੋਪ ਕੀਤਾ ਗਿਆ । ਇਹ ਸੋਧ ਸਰਵ-ਉੱਚ ਅਦਾਲਤ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਬਨਾਮ ਬਾਰਤ ਸੰਘ ਵਾਲੇ ਮਾਮਲੇ ਵਿਚ ਸਰਵ-ਉੱਚ ਅਦਾਲਤ ਦੀ ਤਰੀਕ 16 ਅਕਤੂਬਰ, 2015 ਦੇ ਹੁਕਮ ਦੁਆਰਾ ਰੱਦ ਕਰ ਦਿੱਤੀ ਗਈ ਹੈ । ਸੋਧ ਦਾ ਪੂਰਵ ਖੰਡ (ੳ) ਹੇਠ-ਲਿਖੇ ਅਨੁਸਾਰ ਹੈ।

"ਅਨੁਛੇਦ 217 ਵਿਚ ਰਾਜਪਾਲ ਦੇ ਪ੍ਰਤਿ ਹਵਾਲੇ ਦਾ, ਇਹੋ ਅਰਥ ਕੀਤਾ ਜਾਵੇਗਾ ਕਿ ਉਨ੍ਹਾਂ ਸਭ ਰਾਜਾਂ ਦੇ ਰਾਜਪਾਲ ਦੇ ਪ੍ਰਤਿ ਹਵਾਲਾ ਹੈ ਜਿਨ੍ਹਾਂ ਦੇ ਸੰਬੰਧ ਵਿਚ ਉੱਚ ਅਦਾਲਤ ਅਧਿਕਾਰਤਾ ਦੀ ਵਰਤੋਂ ਕਰਦੀ ਹੈ ।"

[85] ਸੰਵਿਧਾਨ (ਸਤਵੀਂ ਸੋਧ ) ਐਕਟ, 1956 ਦੀ ਧਾਰਾ 16 ਦੁਆਰਾ (1-11-1956 ਤੋਂ ਪ੍ਰਭਾਵੀ ) ਨਿਰਸਤ।



Ministry of Law & Justice

**ਜਿਲ੍ਹਾ ਜੱਜਾਂ ਦੀ ਨਿਯੁਕਤੀ।**

233. (1) ਕਿਸੇ ਰਾਜ ਵਿਚ ਜਿਲ੍ਹਾਂ ਜੱਜ ਹੋਣ ਵਾਲੇ ਵਿਅਕਤੀਆਂ ਦੀਆਂ ਨਿਯੁਕਤੀਆਂ, ਅਤੇ ਜਿਲ੍ਹਾਂ ਜੱਜਾਂ ਦੀ ਤੈਨਾਤੀ ਅਤੇ ਤਰੱਕੀ ਉਸ ਰਾਜ ਦਾ ਰਾਜਪਾਲ ਅਜਿਹੇ ਰਾਜ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਉੱਚ ਅਦਾਲਤ ਦੇ ਮਸ਼ਵਰੇ ਨਾਲ ਕਰੇਗਾ।

(2) ਕੋਈ ਵਿਅਕਤੀ ਜੋ ਪਹਿਲਾਂ ਤੋਂ ਹੀ ਸੰਘ ਦੀ ਜਾਂ ਰਾਜ ਦੀ ਸੇਵਾ ਵਿਚ ਨ ਹੋਵੇ, ਜਿਲ੍ਹਾਂ ਜੱਜ ਨਿਯੁਕਤ ਹੋਣ ਲਈ ਕੇਵਲ ਤਾਂ ਹੀ ਪਾਤਰ ਹੋਵੇਗਾ ਜੇ ਉਹ ਘੱਟ ਤੋਂ ਘੱਟ ਸੱਤ ਸਾਲ ਐਡਵੋਕੇਟ ਜਾਂ ਪਲੀਡਰ ਰਹਿ ਚੁੱਕਿਆ ਹੋਵੇ ਅਤੇ ਉੱਚ ਅਦਾਲਤ ਨੇ ਉਸ ਦੀ ਨਿਯੁਕਤੀ ਲਈ ਸਿਫਾਰਸ਼ ਕੀਤੀ ਹੋਵੇ।

**ਕੁਝ ਕੁ ਜਿਲ੍ਹਾ ਜੱਜਾਂ ਦੀਆਂ ਨਿਯੁਕਤੀਆਂ ਅਤੇ ਉਨ੍ਹਾਂ ਦੁਆਰਾ ਦਿੱਤੇ ਗਏ ਨਿਰਿਣਿਆਂ, ਆਦਿ ਦਾ ਜਾਇਜ ਕਰਣ।**

[86][233. ੳ. ਕਿਸੇ ਅਦਾਲਤ ਦੇ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਦੇ ਹੁੰਦਿਆਂ ਹੋਇਆਂ ਵੀ,--

(ੳ) (i) ਅਜਿਹੇ ਕਿਸੇ ਵਿਅਕਤੀ ਦੀ ਜੋ ਪਹਿਲਾਂ ਤੋਂ ਹੀ ਕਿਸੇ ਰਾਜ ਦੀ ਅਦਾਲਤੀ ਸੇਵਾ ਵਿਚ ਹੋਵੇ ਜਾਂ ਅਜਿਹੇ ਕਿਸੇ ਵਿਅਕਤੀ ਦੀ ਜੋ ਘੱਟ ਤੋਂ ਘੱਟ ਸੱਤ ਸਾਲ ਐਡਵੋਕੇਟ ਜਾਂ ਪਲੀਡਰ ਰਹਿ ਚੁਕਿਆ ਹੋਵੇ, ਉਸ ਰਾਜ ਵਿਚ ਜਿਲ੍ਹਾਂ ਜੱਜ ਹੋਣ ਲਈ ਨਿਯੁਕਤੀ, ਅਤੇ

(ii) ਅਜਿਹੇ ਕਿਸੇ ਵਿਅਕਤੀ ਦੀ ਜਿਲ੍ਹਾਂ ਜੱਜ ਵਜੋ ਤੈਨਾਤੀ, ਤਰੱਕੀ ਜਾਂ ਬਦਲੀ, ਜੋ ਅਨੁਛੇਦ 233 ਜਾਂ ਅਨੁਛੇਦ 235 ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਤੋਂ ਹੋਰਵੇਂ, ਸੰਵਿਧਾਨ (ਵੀਹਵੀਂ ਸੋਧ) ਐਕਟ, 1966 ਦੇ ਅਰੰਭ ਤੋਂ ਪਹਿਲਾਂ ਕਿਸੇ ਸਮੇਂ ਕੀਤੀ ਗਈ ਹੋਵੇ, ਕੇਵਲ ਇਸ ਤੱਥ ਦੇ ਕਾਰਨ ਕਿ ਅਜਿਹੀ ਨਿਯੁਕਤੀ, ਤੈਨਾਤੀ ਤਰੱਕੀ ਜਾਂ ਬਦਲੀ ਉਕਤ ਉਪਬੰਧਾਂ ਦੀ ਅਨੁਸਾਰਤਾ ਵਿਚ ਨਹੀਂ ਕੀਤੀ ਗਈ ਸੀ, ਗੈਰ-ਕਾਨੂੰਨੀ ਜਾਂ ਸੁੰਨ ਹੋਈ ਜਾਂ ਕਦੇ ਵੀ ਗੈਰ-ਕਾਨੂੰਨੀ ਜਾਂ ਸੁੰਨ ਹੋ ਗਈ ਨਹੀਂ ਸਮਝੀ ਜਾਵੇਗੀ ;

---

[86] ਸੰਵਿਧਾਨ (ਵੀਹਵੀਂ ਸੋਧ) ਐਕਟ, 1966, ਧਾਰਾ 2 ਦੁਆਰਾ ਅੰਤਰਸਥਾਪਤ।

Ministry of Law & Justice

(ਅ) ਕਿਸੇ ਰਾਜ ਵਿਚ ਜਿਲ੍ਹਾ ਜੱਜ ਵਜੋ ਅਨੁਛੇਦ 233 ਜਾਂ ਅਨੁਛੇਦ 235 ਦੇ ਉਪਬੰਧਾਂ ਦੀ ਅਨੁਸਰਾਤਾ ਵਿਚ ਤੋਂ ਹੋਰਵੇਂ ਨਿਯੁਕਤ ਤੈਨਾਤ, ਤਰੱਕੀ ਦਿੱਤੇ ਜਾਂ ਬਦਲੀ ਕੀਤੇ ਕਿਸੇ ਵਿਅਕਤੀ ਦੁਆਰਾ, ਜਾਂ ਉਸ ਦੇ ਅੱਗੇ ਸੰਵਿਧਾਨ (ਵੀਹਵੀਂ ਸੋਧ) ਐਕਟ, 1966 ਦੇ ਅਰੰਭ ਤੋਂ ਪਹਿਲਾਂ ਵਰਤੀ ਕੋਈ ਆਧਿਕਾਰਤਾ, ਦਿੱਤਾ ਕੋਈ ਨਿਰਣਾ, ਡਿਗਰੀ, ਦੰਡ ਜਾਂ ਹੁਕਮ ਜਾਂ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈ ਕੇਵਲ ਇਸ ਤੱਥ ਦੇ ਕਾਰਨ ਕਿ ਅਜਿਹੀ ਨਿਯੁਕਤੀ ਤੈਨਾਤੀ, ਤਰੱਕੀ ਜਾਂ ਬਦਲੀ ਉਕਤ ਉਪਬੰਧਾਂ ਦੀ ਅਨੁਸਾਰਤਾ ਵਿਚ ਨਹੀਂ ਕੀਤੀ ਗਈ ਸੀ ਗੈਰਕਾਨੂੰਨੀ ਜਾਂ ਨਾਜਾਇਜ ਹੋਣੀ ਜਾਂ ਕਦੇ ਵੀ ਗੈਰਕਾਨੂੰਨੀ ਜਾਂ ਨਾਜਾਇਜ ਬਣ ਗਈ ਨਹੀਂ ਸਮਝੀ ਜਾਏਗੀ ।]

ਅਦਾਲਤੀ ਸੇਵਾ ਵਿਚ ਜਿਲ੍ਹਾ ਜੱਜਾਂ ਤੋ ਬਿਨਾਂ ਹੋਰ ਵਿਅਕਤੀਆਂ ਦੀ ਭਰਤੀ ।

234. ਕਿਸੇ ਰਾਜ ਦੀ ਅਦਾਲਤੀ ਸੇਵਾ ਵਿਚ ਜਿਲ੍ਹਾ ਜੱਜਾਂ ਤੇ ਬਿਨਾਂ ਹੋਰ ਵਿਅਕਤੀਆਂ ਦੀਆਂ ਨਿਯੁਕਤੀਆਂ ਰਾਜ ਦੇ ਰਾਜਪਾਲ ਦੁਆਰਾ ਰਾਜ ਲੋਕ ਸੇਵਾ ਕਮਿਸ਼ਨ ਅਤੇ ਅਜਿਹੇ ਰਾਜ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਉੱਚ ਅਦਾਲਤ ਨਾਲ ਮਸ਼ਵਰਾ ਕਰਨ ਪਿੱਛੋਂ ਉਸ ਦੁਆਰਾ ਉਸ ਨਮਿੱਤ ਬਣਾਏ ਗਏ ਨਿਯਮਾਂ ਦੀ ਅਨੁਸਰਤਾ ਵਿਚ ਕੀਤੀਆਂ ਜਾਣਗੀਆਂ ।

ਅਧੀਨ ਅਦਾਲਤਾਂ ਤੇ ਨਿਯੰਤਰਨ ।

235. ਜਿਲ੍ਹਾ ਅਦਾਲਤਾਂ ਅਤੇ ਉਨ੍ਹਾਂ ਦੇ ਅਧੀਨ ਅਦਾਲਤਾਂ ਤੇ ਨਿਯੰਤਰਨ ਜਿਸ ਵਿਚ ਕਿਸੇ ਰਾਜ ਦੀ ਅਦਾਲਤੀ ਸੇਵਾ ਵਿਚ ਦੇ ਜਿਲ੍ਹਾਂ ਜੱਜ ਦੀ ਆਸਾਮੀ ਤੋਂ ਛੋਟੀ ਕੋਈ ਆਸਾਮੀ ਧਾਰਨ ਕਰਦੇ ਵਿਅਕਤੀਆਂ ਦੀ ਤੈਨਾਤੀ ਅਤੇ ਤਰੱਕੀ ਅਤੇ ਉਨ੍ਹਾਂ ਨੂੰ ਛੁੱਟੀ ਦੀ ਮਨਜੂਰੀ ਸ਼ਾਮਲ ਹੈ, ਉੱਚ ਅਦਾਲਤ ਵਿਚ ਨਿਹਿਤ ਹੋਵੇਗਾ, ਪਰ ਇਸ ਅਨੁਛੇਦ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਅਜਿਹੇ ਕਿਸੇ ਵਿਅਕਤੀ ਤੋਂ ਅਪੀਲ ਦੇ ਕਿਸੇ ਅਧਿਕਾਰ ਨੂੰ ਖੁੰਹਦੀ ਹੈ ਜੋ ਉਸ ਦੀ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮਨ ਕਰਨ ਵਾਲੇ ਕਾਨੂੰਨ ਦੇ ਅਧੀਨ ਉਸ ਨੂੰ ਪ੍ਰਾਪਤ ਹੋਵੇ, ਜਾਂ ਉੱਚ ਅਦਾਲਤ ਨੂੰ ਅਖਤਿਰਾਤ ਕਰਦੀ ਹੈ ਕਿ ਉਹ ਅਜਿਹੇ ਕਾਨੂੰਨ ਦੇ ਅਧੀਨ ਮੁਕੱਰਰ ਕੀਤੀਆਂ ਗਈਆਂ ਉਸ ਦੀ ਸੇਵਾ ਦੀਆਂ ਸ਼ਰਤਾਂ ਦੀ ਅਨੁਸਾਰਤਾ ਵਿਚ ਤੋਂ ਹੋਰਵੇਂ ਉਸ ਨਾਲ

Ministry of Law & Justice

ਵਰਤਾਉ ਕਰੇ।

ਨਿਰਵਚਨ। 236. ਇਸ ਅਨੁਛੇਦ ਵਿਚ–

(ੳ) ਪਦ "ਜਿਲ੍ਹਾ ਜੱਜ" ਵਿਚ ਸ਼ਾਮਲ ਹਨ ਕਿਸੇ ਨਗਰ ਦੀਵਾਨੀ ਅਦਾਲਤ ਦਾ ਜੱਜ, ਅਤਿਰਿਕਤ ਜਿਲ੍ਹਾ ਜੱਜ, ਸੰਯੁਕਤ ਜਿਲ੍ਹਾ ਜੱਜ, ਸਹਾਇਕ ਜਿਲ੍ਹਾ ਜੱਜ, ਛੋਟਾ ਮੁਕੱਦਮਾ ਅਦਾਲਤ ਦਾ ਮੁੱਖ ਜੱਜ, ਮੁੱਖ ਪ੍ਰੈਜ਼ੀਡੈਂਸੀ ਮੈਜਿਸਟਰੇਟ, ਅਤਿਰਿਕਤ ਮੁੱਖ ਪ੍ਰੈਜ਼ੀਡੈਂਸੀ ਮੈਜਿਸਟਰੇਟ, ਸੈਸ਼ਨ ਜੱਜ, ਅਤਿਰਿਕਤ ਸੈਸ਼ਨ ਜੱਜ ਅਤੇ ਸਹਾਇਕ ਸੈਸ਼ਨ ਜੱਜ ;

(ਅ) ਪਦ "ਅਦਾਲਤੀ ਸੇਵਾ" ਦਾ ਮਤਲਬ ਹੈ ਅਜਿਹੀ ਸੇਵਾ ਜੋ ਨਿਰੋਲ ਅਜਿਹੇ ਵਿਅਕਤੀਆਂ ਤੋਂ ਮਿਲ ਕੇ ਬਣੀ ਹੋਵੇ ਜਿਨ੍ਹਾਂ ਨਾਲ ਜਿਲ੍ਹਾ ਜੱਜ, ਜੱਜ ਦੀ ਆਸਾਮੀ ਅਤੇ ਜਿਲ੍ਹਾ ਜੱਜ ਦੀ ਆਸਾਮੀ ਤੋਂ ਛੋਟੀਆਂ ਹੋਰ ਦੀਵਾਨੀ ਅਦਾਲਤੀ ਆਸਾਮੀਆਂ ਭਰਨ ਦੀ ਮਨਸ਼ਾ ਹੋਵੇ।

ਇਸ ਅਧਿਆਏ ਦੇ ਉਪਬੰਧਾਂ ਦਾ ਮੈਜਿਸਟਰੇਟਾਂ ਦੇ ਕੁਝ ਕੁ ਵਰਗ ਜਾਂ ਵਰਗਾਂ ਨੂੰ ਲਾਗੂ ਹੋਣਾ।

237 ਰਾਜਪਾਲ ਲੋਕ ਅਧਿਸੂਚਨਾ ਦੁਆਰਾ ਨਿਦੇਸ ਦੇ ਸਕੇਗਾ ਕਿ ਇਸ ਅਧਿਆਏ ਦੇ ਪੂਰਵਗਾਮੀ ਉਪਬੰਧ ਅਤੇ ਉਨ੍ਹਾਂ ਦੇ ਅਧੀਨ ਬਣਾਏ ਗਏ ਕੋਈ ਨਿਯਮ ਅਜਿਹੀ ਤਰੀਕ ਤੋਂ ਜੋ ਉਸ ਦੁਆਰਾ ਉਸ ਨਮਿੱਤ ਨਿਯਤ ਕੀਤੀ ਜਾਵੇ ਰਾਜ ਦੇ ਮੈਜਿਸਟਰੇਟਾਂ ਦੇ ਕਿਸੇ ਵਰਗ ਜਾਂ ਵਰਗਾਂ ਦੇ ਸਬੰਧ ਵਿਚ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ ਅਧਿਸੂਚਨਾ ਵਿਚ ਉਲਿਖਤ ਕੀਤੇ ਜਾਣ ਉਸੇ ਤਰ੍ਹਾਂ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਰਾਜ ਦੀ ਅਦਾਲਤੀ ਸੇਵਾ ਵਿਚ ਨਿਯੁਕਤ ਵਿਅਕਤੀਆਂ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ।

Ministry of Law & Justice

ਭਾਗ -VII

[ਪਹਿਲੀ ਅਨੁਸੂਚੀ ਦੇ ਭਾਗ ਅ ਵਿਚਲੇ ਰਾਜ] ਸੰਵਿਧਾਨ (ਸੱਤਵੀ ਸੋਧ ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ।

Ministry of Law & Justice

## ਭਾਗ VIII

## [1][ਸੰਘ ਰਾਜਖੇਤਰ]

ਸੰਘ ਰਾਜਖੇਤਰਾਂ ਦਾ ਪ੍ਰਸ਼ਾਸਨ।

[2][239 (1) ਸੰਸਦ ਦੇ ਕਾਨੂੰਨ ਦੁਆਰਾ ਹੋਰਵੇਂ ਉਪਬੰਧਤ ਨੂੰ ਛੱਡ ਕੇ, ਹਰਿਕ ਸੰਘ ਰਾਜਖੇਤਰ ਦਾ ਪ੍ਰਸ਼ਾਸਨ ਰਾਸ਼ਟਰਪਤੀ ਦੁਆਰਾ ਕੀਤਾ ਜਾਵੇਗਾ, ਅਤੇ ਉਹ ਇਸ ਬਾਰੇ ਉੱਨੀ ਹੱਦ ਤੱਕ ਜਿੰਨੀ ਉਹ ਉਚਿਤ ਸਮਝੇ, ਆਪਣੇ ਦੁਆਰਾ ਅਜਿਹੇ ਪਦ-ਨਾਂ ਨਾਲ ਜਿਹਾ ਉਹ ਉਲਿਖਤ ਕਰੇ, ਨਿਯੁਕਤ ਕੀਤੇ ਜਾਣ ਵਾਲੇ ਪ੍ਰਸ਼ਾਸਕ ਰਾਹੀਂ, ਕਾਰਜ ਕਰੇਗਾ।

(2) ਭਾਗ VI ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਕਿਸੇ ਰਾਜ ਦੇ ਰਾਜਪਾਲ ਨੂੰ ਕਿਸੇ ਨਾਲ ਲਗਦੇ ਸੰਘ ਰਾਜਖੇਤਰ ਦਾ ਪ੍ਰਸ਼ਾਸਕ ਨਿਯੁਕਤ ਕਰ ਸਕੇਗਾ, ਅਤੇ ਜਿੱਥੇ ਕੋਈ ਕਾਜਪਾਲ ਇਸ ਤਰ੍ਹਾਂ ਨਿਯੁਕਤ ਕੀਤਾ ਜਾਵੇ, ਉਹ ਅਜਿਹੇ ਪ੍ਰਸ਼ਾਸਕ ਵਜੋਂ ਆਪਣੇ ਕਾਜ-ਕਾਰ ਆਪਣੀ ਮੰਤਰੀ-ਪਰਿਸ਼ਦ ਤੋਂ ਸੁਤੰਤਰ ਤੌਰ ਤੇ ਨਜਿਠੇਗਾ।

ਕੁੱਝ ਕੁ ਸੰਘ ਰਾਜਖੇਤਰਾਂ ਲਈ ਸਥਾਨਕ ਵਿਧਾਨ-ਮੰਡਲਾਂ ਜਾਂ ਮੰਤਰੀ ਪਰਿਸ਼ਦ ਦਾ ਜਾਂ ਦੋਹਾਂ ਦਾ ਸਿਰਜਣ ।

[3]239 ੳ. (1) ਸੰਸਦ, ਕਾਨੂੰਨ ਦੁਆਰਾ [4][[5] ਪੁੱਦੁਚੇਰੀ] ਸੰਘ ਰਾਜਖੇਤਰ ਦੇ ਲਈ—

(ੳ) ਉਸ ਸੰਘ ਰਾਜਖੇਤਰ ਲਈ ਵਿਧਾਨ-ਮੰਡਲ ਵੱਜੋਂ, ਕਾਜ-ਕਾਰ ਕਰਨ ਲਈ, ਭਾਵੇਂ ਚੁਣੀ ਗਈ ਜਾਂ ਅੰਸ਼ਕ ਤੌਰ ਤੇ ਨਾਮਜ਼ਦ ਕੀਤੀ ਗਈ ਅਤੇ ਅੰਸ਼ਕ ਤੌਰ ਤੇ ਚੁਣੀ ਗਈ ਇਕ ਬੌਡੀ, ਜਾਂ

(ਅ)ਇਕ ਮੰਤਰੀ-ਪਰਿਸ਼ਦ,

ਜਾਂ ਦੋਵੇਂ, ਹਰੇਕ ਸੂਰਤ ਵਿਚ ਅਜਿਹੇ ਗਠਨ, ਅਜਿਹੀਆਂ ਸ਼ਕਤੀਆਂ ਅਤੇ

---

[1] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 17, ਦੁਆਰਾ ਮੂਲ ਸਿਰਲੇਖ "ਪਹਿਲੀ ਅਨੁਸੂਚੀ ਦੇ ਭਾਗ ਇ ਵਿਚਲੇ ਰਾਜ" ਦੀ ਥਾਵੇਂ ਰਖਿਆ ਗਿਆ।

[2] ਉਪਰੋਕਤ ਦੀ ਧਾਰਾ 17 ਦੁਆਰਾ ਮੂਲ ਅਨੁਛੇਦ 239 ਅਤੇ 240 ਦੀ ਥਾਵੇਂ ਰਖਿਆ ਗਿਆ।

[3] ਪਾਂਡੀਚੇਰੀ (ਨਾਂ ਬਦਲਾਅ) ਐਕਟ, 2006 (2006 ਦਾ 44) ਦੀ ਧਾਰਾ 4 ਦੁਆਰਾ (01.10.2006) "ਪਾਂਡੀਚੇਰੀ" ਦੀ ਥਾਵੇਂ ਰੱਖੇ ਗਏ।

[4] ਗੋਆ, ਦਮਨ ਅਤੇ ਦੀਵ ਪੂਨਰ ਗਠਨ ਐਕਟ, 1987 (1987 ਦਾ 18) ਦੀ ਧਾਰਾ 63 ਦੁਆਰਾ (30.05.1987 ਤੋਂ ਪ੍ਰਭਾਵੀ) "ਗੋਆ, ਦਮਨ ਅਤੇ ਦੀਵ ਅਤੇ ਪਾਂਡੀਚੇਰੀ ਸੰਘ ਰਾਜਖੇਤਰਾਂ ਵਿਚੋਂ ਕਿਸੇ ਦੇ ਲਈ" ਸ਼ਬਦਾਂ ਦੀ ਥਾਵੇਂ ਰੱਖੇ ਗਏ।

[5] ਪਾਂਡੀਚੇਰੀ (ਨਾਂ ਬਦਲਾਅ) ਐਕਟ, 2006 (2006 ਦਾ 44) ਦੀ ਧਾਰਾ 4 ਦੁਆਰਾ (01.10.2006) "ਪਾਂਡੀਚੇਰੀ" ਦੀ ਥਾਵੇਂ ਰੱਖੇ ਗਏ।

Ministry of Law & Justice

ਅਜਿਹੀ ਕਾਜ-ਕਾਰ ਨਾਲ ਜਿਹੇ ਕਾਨੂੰਨ ਵਿਚ ਉਲਿਖਤ ਕੀਤੇ ਜਾਣ, ਸਿਰਜ ਸਕੇਗੀ।

(2) ਕੋਈ ਅਜਿਹਾ ਕਾਨੂੰਨ ਜਿਹੇ ਦਾ ਖੰਡ (1) ਵਿਚ ਹਵਾਲਾ ਦਿੱਤਾ ਗਿਆ ਹੈ ਅਨੁਛੇਦ 368 ਦੇ ਪ੍ਰਯੋਜਨਾਂ ਲਈ ਇਸ ਸੰਵਿਦਾਨ ਦੀ ਸੋਧ ਇਸ ਗੱਲ ਦੇ ਹੁੰਦਿਆ ਹੋਇਆਂ ਵੀ, ਨਹੀਂ ਸਮਝਿਆ ਜਾਵੇਗਾ ਕਿ ਉਸ ਵਿਚ ਅਜਿਹਾ ਕੋਈ ਉਪਬੰਧ ਹੈ ਜੋ ਇਸ ਸੰਵਿਧਾਨ ਦੀ ਸੋਧ ਕਰਦਾ ਹੈ ਜਾਂ ਸੋਧ ਕਰਨਾ ਦਾ ਪ੍ਰਭਾਵ ਰੱਖਦਾ ਹੈ।]

ਦਿੱਲੀ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ।

[6][239ੳੳ.(1) ਸੰਵਿਧਾਨ (ਉਨੰਤਰਵੀਂ ਸੋਧ) ਐਕਟ, 1991 ਦੇ ਅਰੰਭ ਤੋਂ ਦਿੱਲੀ ਸੰਘ ਰਾਜਖੇਤਰ ਨੂੰ ਦਿੱਲੀ ਰਾਸ਼ਟਰੀ ਰਾਜਧਾਨੀ ਰਾਜਖੇਤਰ (ਜਿਸ ਨੂੰ ਇਸ ਭਾਗ ਵਿਚ ਇਸ ਦੇ ਪਿੱਛੋਂ ਰਾਸ਼ਟਰੀ ਰਾਜਧਾਨੀ ਰਾਜਖੇਤਰ ਕਿਹਾ ਗਿਆ ਹੈ ) ਕਿਹਾ ਜਾਵੇਗਾ ਅਤੇ ਅਨੁਛੇਦ 239 ਦੇ ਅਧੀਨ ਨਿਯੁਕਤ ਉਸ ਦੇ ਪ੍ਰਸ਼ਾਸਕ ਦਾ ਪਦਨਾਮਤ ਲੈਫਟੀਨੈਂਟ-ਗਵਰਨਰ ਹੋਵੇਗਾ।

(2) (ੳ) ਰਾਸ਼ਟਰੀ ਰਾਜਧਾਨੀ ਰਾਜਖੇਤਰ ਦੇ ਲਈ ਇਕ ਵਿਧਾਨ ਸਭਾ ਹੋਵੇਗੀ ਅਤੇ ਅਜਿਹੀ ਵਿਧਾਨ ਸਭਾ ਵਿਚ ਸੀਟਾਂ ਰਾਸ਼ਟਰੀ ਰਾਜਧਾਨੀ ਰਾਜਖੇਤਰ ਵਿਚ ਪ੍ਰਾਦੇਸ਼ਿਕ ਚੋਣ ਖੇਤਰਾਂ ਵਿਚੋਂ ਸਿੱਧੀ ਚੋਣ ਦੁਆਰਾ ਚੁਣੇ ਹੋਏ ਮੈਂਬਰਾਂ ਤੋਂ ਭਰਿਆ ਜਾਵੇਗਾ।

(ਅ) ਵਿਧਾਨ ਸਭਾ ਵਿਚ ਸੀਟਾਂ ਦੀ ਕੁੱਲ ਗਿਣਤੀ, ਅਨੁਸੂਚਿਤ ਜਾਤੀਆਂ ਦੇ ਲਈ ਰਾਖਵੀਂਆਂ ਸੀਟਾਂ ਦੀ ਗਿਣਤੀ, ਰਾਸ਼ਟਰੀ ਰਾਜਧਾਨੀ ਰਾਜਖੇਤਰ ਦੇ ਪ੍ਰਾਦੇਸ਼ਿਕ ਚੋਣ-ਖੇਤਰਾਂ ਵਿਚ ਵੰਡ (ਜਿਸ ਦੇ ਵਿਚ ਅਜਿਹੀ ਵੰਡ ਦਾ ਅਧਾਰ ਹੈ) ਅਤੇ ਵਿਧਾਨ ਸਭਾ ਦੇ ਕਾਜਕਾਰਾਂ ਨਾਲ ਸੰਬੰਧਤ ਸਾਰੇ ਹੋਰ ਮਾਮਲਿਆਂ ਦਾ ਵਿਨਿਯਮਨ, ਸੰਸਦ ਦੁਆਰਾ ਬਣਾਏ ਗਏ ਕਾਨੂੰਨ ਦੁਆਰਾ ਕੀਤਾ ਜਾਵੇ।

(ੲ) ਅਨੁਛੇਦ 324 ਤੋਂ ਅਨੁਛੇਦ 327 ਅਤੇ ਅਨੁਛੇਦ 329 ਦੇ ਉਪਬੰਧ ਰਾਸ਼ਟਰੀ ਰਾਜਧਾਨੀ ਰਾਜਖੇਤਰ, ਰਾਸ਼ਟਰੀ ਰਾਜਧਾਨੀ ਰਾਜਖੇਤਰ ਦੀ ਵਿਧਾਨ ਸਭਾ ਅਤੇ ਉਸ ਦੇ ਮੈਂਬਰਾਂ ਦੇ ਸੰਬੰਧ ਵਿਚ ਉਸ ਤਰ੍ਹਾਂ ਹੀ ਲਾਗੂ

[6] ਸੰਵਿਧਾਨ (ਉਨੰਤਰਵੀਂਸੋਧ) ਐਕਟ, 1991 ਦੀ ਧਾਰਾ 2 ਦੁਆਰਾ (01.02.1992 ਤੋਂ ਪ੍ਰਭਾਵੀ) ਅੰਤਰਸਥਾਪਤ।

ਹੋਣਗੇ ਜਿਵੇਂ ਉਹ, ਕਿਸੇ ਰਾਜ, ਕਿਸੇ ਰਾਜ ਦੀ ਵਿਧਾਨ ਸਭਾ ਅਤੇ ਉਸ ਮੈਂਬਰਾਂ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ ਜਾਂ ਅਨੁਛੇਦ 326 ਅਤੇ ਅਨੁਛੇਦ 329 ਵਿਚ "ਮੁਨਾਸਬ ਵਿਧਾਨ ਸਭਾ ਮੰਡਲ" ਦੇ ਪ੍ਰਤਿ ਹਵਾਲਾ ਦੇ ਬਾਰੇ ਵਿਚ ਇਹ ਸਮਝਿਆ ਜਾਵੇਗਾ ਕਿ ਉਹ ਸੰਸਦ ਦੇ ਪ੍ਰਤਿ ਹਵਾਲਾ ਹੈ।

(3) (ੳ) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਵਿਧਾਨ ਸਭਾ ਨੂੰ ਰਾਜਸਭਾ ਸੂਚੀ ਦੇ ਇੰਦਰਾਜ 1, ਇੰਦਰਾਜ 2 ਅਤੇ ਇੰਦਰਾਜ 18 ਤੋਂ ਜਾਂ ਉਸ ਸੂਚੀ ਦੇ ਇੰਦਰਾਜ 64, ਇੰਦਰਾਜ 65 ਅਤੇ ਇੰਦਰਾਜ 66 ਤੋਂ, ਜਿੱਥੇ ਤੱਕ ਉਨ੍ਹਾਂ ਦਾ ਸੰਬੰਧ ਉਕਤ ਇੰਦਰਾਜ 1, ਇੰਦਰਜਾ 2 ਅਤੇ ਇੰਦਰਾਜ 18 ਤੋਂ ਹੈ, ਸੰਬੰਧਤ ਮਾਮਲਿਆਂ ਤੋਂ ਬਿਨਾਂ ਰਾਜ ਸੂਚੀ ਵਿਚ ਜਾਂ ਸਮਵਰਤੀ ਸੂਚੀ ਵਿਚ ਦਿੱਤੇ ਕਿਸੇ ਵੀ ਮਾਮਲੇ ਦੇ ਸੰਬੰਧ ਵਿਚ, ਜਿੱਥੇ ਤੱਕ ਅਜਿਹਾ ਕੋਈ ਮਾਮਲਾ ਸੰਘ ਰਾਜਖੇਤਰ ਨੂੰ ਲਾਗੂ ਹੈ, ਪੂਰੀ ਰਾਸ਼ਟਰੀ ਰਾਜਧਾਨੀ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਦੇ ਲਈ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ।

(ਅ) ਉਪਖੰਡ (ੳ) ਦੀ ਕਿਸੇ ਗੱਲ ਦੇ ਨਾਲ ਸੰਘ ਰਾਜਖੇਤਰ ਜਾਂ ਉਸਦੇ ਕਿਸੇ ਭਾਗ ਦੇ ਲਈ ਕਿਸੇ ਵੀ ਮਾਮਲੇ ਦੇ ਸੰਬੰਧ ਵਿਚ ਇਸ ਸੰਵਿਧਾਨ ਦੇ ਅਧੀਨ ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ ਦਾ ਅਲਪਕਰਣ ਨਹੀਂ ਹੋਵੇਗਾ।

(ੲ) ਜੇ ਵਿਧਾਨ ਸਭਾ ਦੁਆਰਾ ਕਿਸੇ ਮਾਮਲੇ ਦੇ ਸੰਬੰਧ ਵਿਚ ਬਣਾਏ ਗਏ ਕਾਨੂੰਨ ਦਾ ਕੋਈ ਉਪਬੰਧ ਸੰਸਦ ਦੁਆਰਾ ਉਸ ਮਾਮਲੇ ਦੇ ਸੰਬੰਧ ਵਿਚ ਬਣਾਏ ਗਏ ਕਾਨੂੰਨ ਦੇ, ਭਾਵੇਂ ਉਹ ਵਿਧਾਨ ਸਭਾ ਦੁਆਰਾ ਬਣਾਏ ਗਏ ਕਾਨੂੰਨ ਤੋਂ ਪਹਿਲਾਂ ਜਾਂ ਉਸ ਦੇ ਬਾਅਦ ਵਿਚ ਪਾਸ ਕੀਤਾ ਗਿਆ ਹੋਵੇ, ਜਾਂ ਕਿਸੇ ਪੂਰਵਲੇ ਕਾਨੂੰਨ ਦੇ, ਜੋ ਵਿਧਾਨ ਸਭਾ ਦੁਆਰਾ ਬਣਾਏ ਗਏ ਕਾਨੂੰਨ ਤੋਂ ਬਿਨਾਂ ਹੈ, ਕਿਸੇ ਉਪਬੰਧ ਦੇ ਵਿਰੁੱਧ ਹੈ ਤਾਂ, ਦੋਨਾਂ ਸੂਰਤ ਵਿਚ, ਜਿਹੀ ਕੀ ਸੂਰਤ ਹੋਵੇ, ਸੰਸਦ ਦੁਆਰਾ ਬਣਾਏ ਗਏ ਕਾਨੂੰਨ, ਜਾਂ ਅਜਿਹੀ ਪੂਰਵਲੇ ਕਾਨੂੰਨ ਪ੍ਰਚਲਤ ਹੋਣਗੇ ਅਤੇ ਵਿਧਾਨ ਸਭਾ ਦੁਆਰਾ ਬਣਾਏ ਗਏ ਕਾਨੂੰਨ ਉਸ ਵਿਰੋਧ ਦੇ ਵਿਸਤਾਰ ਤੱਕ ਸੁੰਨ ਹੋਣਗੇ :

ਪਰੰਤੂ ਜੇ ਵਿਧਾਨ ਸਭਾ ਦੁਆਰਾ ਬਣਾਏ ਗਏ ਕਿਸੇ ਅਜਿਹੇ ਕਾਨੂੰਨ ਨੂੰ

Ministry of Law & Justice

ਰਾਸ਼ਟਰਪਤੀ ਦੇ ਵਿਚਾਰ ਦੇ ਲਈ ਰਾਖਵਾਂ ਰੱਖਿਆ ਗਿਆ ਹੈ ਅਤੇ ਉਸ ਤੇ ਉਸ ਦੀ ਅਨੁਮਤੀ ਮਿਲ ਗਈ ਹੈ ਤਾਂ ਅਜਿਹੇ ਕਾਨੂੰਨ ਰਾਸ਼ਟਰਪਤੀ ਰਾਜਧਾਨੀ ਰਾਜਖੇਤਰ ਵਿਚ ਪ੍ਰਚਲਤ ਹੋਣਗੇ :

ਪਰੰਤੂ ਇਹ ਹੋਰ ਕਿ ਇਸ ਉਪ ਖੰਡ ਦੀ ਕੋਈ ਗੱਲ ਸੰਸਦ ਨੂੰ ਉਸੇ ਮਾਮਲੇ ਦੇ ਸਬੰਧ ਵਿਚ ਕੋਈ ਕਾਨੂੰਨ, ਜਿਸ ਦੇ ਵਿਚ ਅਜਿਹੇ ਕਾਨੂੰਨ ਹੈ ਜੋ ਵਿਧਾਨ ਸਭਾ ਦੁਆਰਾ ਇਸ ਪ੍ਰਕਾਰ ਬਣਾਏ ਗਏ ਕਾਨੂੰਨ ਦੇ ਵਾਧੇ, ਸੋਧ, ਪਰਿਵਰਤਨ ਜਾਂ ਨਿਰਸਨ ਕਰਦੀ ਹੈ, ਕਿਸੇ ਵੀ ਸਮੇਂ ਕਾਨੂੰਨ ਪਾਸ ਕਰਨ ਵਿਚ ਰੋਕ ਨਹੀਂ ਹੋਵੇਗੀ।

(4) ਜਿੰਨ੍ਹਾਂ ਗੱਲਾਂ ਵਿਚ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਉਪ ਰਾਜਪਾਲ ਤੋਂ ਇਹ ਲੋੜਨਾਂ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਵੇਕ ਅਨੁਸਾਰ ਕਾਰਜ ਕਰੇ ਉਨ੍ਹਾਂ ਗੱਲਾਂ ਨੂੰ ਛੱਡਕੇ ਉਪ ਰਾਜਪਾਲ ਦੀ, ਉਨ੍ਹਾਂ ਮਾਮਲਿਆਂ ਦੇ ਸੰਬੰਧ ਵਿਚ, ਜਿੰਨ੍ਹਾਂ ਦੀ ਬਾਬਤ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ, ਆਪਣੇ ਕਾਜਕਾਰ ਦੀ ਵਰਤੋਂ ਕਰਨ ਵਿਚ ਸਹਾਇਤਾ ਅਤੇ ਸਲਾਹ ਦੇਣ ਦੇ ਲਈ ਇਕ ਮੰਤਰੀ ਪਰਿਸ਼ਦ ਹੋਵੇਗੀ ਜੋ ਵਿਧਾਨ ਸਭਾ ਦੀ ਕੁੱਲ ਮੈਂਬਰਾਂ ਦੀ ਗਿਣਤੀ ਦੇ ਦਸ ਪ੍ਰਤੀਸ਼ਤ ਵੱਧ ਮੈਂਬਰਾਂ ਤੋਂ ਮਿਲਕੇ ਬਣੇਗੀ, ਜਿਸ ਦਾ ਪ੍ਰਧਾਨ, ਮੁੱਖ ਮੰਤਰੀ ਹੋਵੇਗਾ :

ਪਰੰਤੂ ਉਪ-ਰਾਜਪਾਲ ਅਤੇ ਉਸਦੇ ਮੰਤਰੀਆਂ ਦੇ ਵਿਚ ਕਿਸੇ ਮਾਮਲੇ ਤੇ ਮੱਤਭੇਦ ਤੀ ਸੂਰਤ ਵਿਚ, ਉਪ-ਰਾਜਪਾਲ ਉਸ ਨੂੰ ਰਾਸ਼ਟਰਪਤੀ ਨੂੰ ਨਿਰਣੇ ਦੇ ਲਈ ਹਵਾਲੇ ਕਰੇਗਾ ਅਤੇ ਰਾਸ਼ਟਰਪਤੀ ਦੁਆਰਾ ਉਸ ਤੇ ਕੀਤੇ ਗਏ ਨਿਰਣੇ ਦੇ ਅਨੁਸਾਰ ਕਾਰਜ ਕਰੇਗਾ ਅਤੇ ਅਜਿਹਾ ਨਿਰਣਾ ਹੋਣ ਤੱਕ ਉਪ ਰਾਜਪਾਲ ਕਿਸੇ ਅਜਿਹੇ ਮਾਮਲੇ ਵਿਚ, ਉਹ ਜਿੱਥੇ ਉਹ ਮਾਮਲੇ, ਉਸ ਦੀ ਰਾਏ ਵਿਚ, ਇਨ੍ਹਾਂ ਜ਼ਰੂਰੀ ਹੈ ਜਿਸ ਦੇ ਕਾਰਣ ਤੁਰੰਤ ਕਾਰਵਾਈ ਕਰਨਾ ਉਸ ਦੇ ਲਈ ਜ਼ਰੂਰੀ ਹੈ ਉਥੇ, ਉਸ ਮਾਮਲੇ ਵਿਚ ਅਜਿਹੀ ਕਾਰਵਾਈ ਕਰਨ ਜਾਂ ਅਜਿਹਾ ਨਿਦੇਸ਼ ਦੇਣ ਦੇ ਲਈ, ਜੋ ਉਹ ਜ਼ਰੂਰੀ ਸਮਝੇ, ਸ਼ਕਤਵਾਨ ਹੋਵੇਗਾ।

(5) ਮੁੱਖ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਕਰੇਗਾ ਅਤੇ ਹੋਰ ਮੰਤਰੀਆਂ ਦੀ ਨਿਯੁਕਤੀ ਰਾਸ਼ਟਰਪਤੀ, ਮੁੱਖ ਮੰਤਰੀ ਦੀ ਸਲਾਹ ਤੇ



Ministry of Law & Justice

ਕਰੇਗਾ ਅਤੇ ਮੰਤਰੀ, ਰਾਸ਼ਟਰਪਤੀ ਦੀ ਪ੍ਰਸਨਤਾ ਤੇ ਆਪਣਾ ਪਦ ਧਾਰਣ ਕਰੇਗਾ।

(6)ਮੰਤਰੀ ਪਰਿਸ਼ਦ ਵਿਧਾਨ ਸਭਾ ਦੇ ਪ੍ਰਤਿ ਸਮੂਹਕ ਰੂਪ ਵਿਚ ਉਤਰਦਾਈ ਹੋਵੇਗੀ।

[7][(7)(ੳ)] ਸੰਸਦ ਪੂਰਵਗਾਮੀ ਖੰਡਾਂ ਨੂੰ ਪ੍ਰਭਾਵੀ ਕਰਨ ਦੇ ਲਈ, ਜਾਂ ਉਨ੍ਹਾਂ ਵਿਚ ਦਰਜ ਉਪਬੰਧਾਂ ਦੀ ਅਨੁਪੂਰਤੀ ਦੇ ਲਈ ਅਤੇ ਉਨ੍ਹਾਂ ਦੇ ਅਨੁਸੰਗਕ ਜਾਂ ਪਰਿਣਾਮਕ ਸਾਰੇ ਮਾਮਲਿਆਂ ਦੇ ਲਈ ਕਾਨੂੰਨ ਦੁਆਰਾ, ਉਪਬੰਧ ਕਰ ਸਕੇਗਾ।

[8][(ਅ) ਉਪਖੰਡ (ੳ) ਵਿਚ ਹਵਾਲੇ ਦਿੱਤੇ ਕਾਨੂੰਨ ਨੂੰ ਅਨੁਛੇਦ 368 ਦੇ ਪ੍ਰਯੋਜਨਾਂ ਦੇ  ਪ੍ਰਯੋਜਨਾਂ ਦੇ ਲਈ ਇਸ ਸੰਵਿਧਾਨ ਦੀ ਸੋਧ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ, ਨਹੀਂ ਸਮਝੀ ਜਾਵੇਗੀ ਕਿ ਉਸ ਵਿਚ ਕੋਈ ਅਜਿਹਾ ਉਪਬੰਧ ਦਰਜ ਹੈ ਜੋ ਇਸ ਸੰਵਿਧਾਨ ਦੀ ਸੋਧ ਕਰਦੀ ਹੈ ਜਾਂ ਸੋਧ ਕਰਨ ਦਾ ਪ੍ਰਭਾਵ ਰੱਖਦੀ ਹੈ।]

(8) ਅਨੁਛੇਦ 239 ਅ ਦੇ ਉਪਬੰਧ, ਜਿੱਥੇ ਤੱਕ ਹੋ ਸਕੇ, ਰਾਸ਼ਟਰੀ ਰਾਜਧਾਨੀ ਰਾਜ ਖੇਤਰ, ਉਪ-ਰਾਜਪਾਲ ਅਤੇ ਵਿਧਾਨ ਸਭਾ ਦੇ ਸੰਬੰਧ ਵਿਚ ਉਸੇ ਤਰ੍ਹਾਂ ਹੀ ਲਾਗੂ ਹੋਣਗੇ ਜਿਵੇਂ ਉਹ [9][ ਪੁੱਦੁਚੇਰੀ ] ਸੰਘ ਰਾਜਖੇਤਰ ਪ੍ਰਸ਼ਾਸਕ ਅਤੇ ਉਸ ਦੇ ਵਿਧਾਨ ਮੰਡਲ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ  ਅਤੇ ਉਸ ਅਨੁਛੇਦ ਵਿਚ "ਅਨੁਛੇਦ 239 ੳ ਦੇ ਖੰਡ (1)" ਦੇ ਪ੍ਰਤਿ ਹਵਾਲੇ ਦੇ ਬਾਰੇ ਇਹ ਸਮਝਿਆ ਜਾਵੇਗਾ ਕਿ ਉਹ, ਜਿਹੀ ਕੀ ਸੂਰਤ ਹੋਵੇ, ਇਸ ਅਨੁਛੇਦ 239 ੳ ਅ ਦੇ ਪ੍ਰਤਿ ਹਵਾਲਾ ਹੈ।

[7] ਸੰਵਿਧਾਨ (ਸਤਰਵੀਂ ਸੋਧ) ਐਕਟ, 1992 ਦੀ ਧਾਰਾ 3 ਦੁਆਰਾ (21.12.1991 ਤੋਂ ਪ੍ਰਭਾਵੀ) "(7)" ਦੀ ਥਾਵੇਂ ਰੱਖੇ ਗਏ।

[8] ਸੰਵਿਧਾਨ (ਸਤਰਵੀਂ ਸੋਧ) ਐਕਟ, 1992 ਦੀ ਧਾਰਾ 3 ਦੁਆਰਾ (21.12.1991 ਤੋਂ ਪ੍ਰਭਾਵੀ) ਅੰਤਰਸਥਾਪਤ।

[9] ਪਾਂਡੀਚੇਰੀ (ਨਾਂ ਤਬਦੀਲੀ) ਐਕਟ, 2006 ਦਾ 44) ਦੀ ਧਾਰਾ 4 ਦੁਆਰਾ (01.10.2006 ਤੋਂ ਪ੍ਰਭਾਵੀ) "ਪਾਂਡੀਚੇਰੀ" ਦੀ ਥਾਵੇਂ ਰੱਖਿਆ ਗਿਆ।

ਸੰਵਿਧਾਨਕ ਮਸ਼ੀਨਰੀ ਦੇ ਅਸਫ਼ਲ ਹੋ ਜਾਣ ਦੀ ਸੂਰਤ ਵਿਚ ਉਪਬੰਧ।

239. ੳਅ. ਜੇ ਰਾਸ਼ਟਰਪਤੀ ਦੀ, ਉਪ-ਰਾਜਪਾਲ ਤੋਂ ਰਿਪੋਟ ਮਿਲਣ ਤੋਂ ਜਾਂ ਹੋਰਵੇਂ ; ਇਹ ਤਸੱਲੀ ਹੋ ਜਾਂਦੀ ਹੈ ਕਿ,-

(ੳ) ਅਜਿਹੀ ਸਥਿਤੀ ਉਤਪੰਨ ਹੋ ਗਈ ਹੈ ਜਿਸ ਵਿਚ ਰਾਸ਼ਟਰੀ ਰਾਜਧਾਨੀ ਰਾਜਖੇਤਰ ਦਾ ਪ੍ਰਸ਼ਾਸਨ, ਅਨੁਛੇਦ 239 ੳੳ ਜਾਂ ਉਸ ਅਨੁਛੇਦ ਦੇ ਅਨੁਸਰਣ ਵਿਚ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧਾਂ ਤੇ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਹੈ ; ਜਾਂ

(ਅ) ਰਾਸ਼ਟਰੀ ਰਾਜਧਾਨੀ ਰਾਜਖੇਤਰ ਦੇ ਉਚਿਤ ਪ੍ਰਸ਼ਾਸਨ ਦੇ ਲਈ ਅਜਿਹਾ ਕਰਨਾ ਜ਼ਰੂਰੀ ਜਾਂ ਕਾਲ ਉਚਿਤ ਹੈ,

ਤਾਂ ਰਾਸ਼ਟਰਪਤੀ, ਹੁਕਮ ਦੁਆਰਾ, ਅਨੁਛੇਦ 239 ੳੳ ਦੇ ਕਿਸੇ ਉਪਬੰਧ ਦੇ ਜਾਂ ਉਸ ਅਨੁਛੇਦ ਦੇ ਅਨੁਸਰਣ ਵਿਚ ਬਣਾਏ ਗਏ ਕਿਸੇ ਕਾਨੂੰਨ ਦੇ ਸਾਰੇ ਜਾਂ ਕਿਸੇ ਉਪਬੰਧਾਂ ਦੇ ਅਮਲ ਨੂੰ, ਅਜਿਹੀ ਮੁਦੱਤ ਦੇ ਲਈ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਅਜਿਹੇ ਕਾਨੂੰਨ ਵਿਚ ਉਲਿੱਖਤ ਕੀਤੀ ਜਾਵੇ ਮੁਅੱਤਲ ਕਰ ਸਕੇਗਾ, ਅਤੇ ਅਜਿਹੇ ਅਨੁਸੰਗਕ ਅਤੇ ਪਰਿਣਾਮਿਕ ਉਪਬੰਧ ਕਰ ਸਕੇਗਾ ਜੋ ਅਨੁਛੇਦ 239 ਅਤੇ ਅਨੁਛੇਦ 239 ੳੳ ਦੇ ਉਪਬੰਧ ਦੇ ਅਨੁਸਾਰ ਰਾਸ਼ਟਰੀ ਰਾਜਧਾਨੀ ਰਾਜਖੇਤਰ ਦੇ ਪ੍ਰਸ਼ਾਸਨ ਦੇ ਲਈ ਉਸ ਨੂੰ ਜ਼ਰੂਰੀ ਜਾਂ ਕਾਲ ਉਚਿਤ ਪ੍ਰਤੀਤ ਹੋਵੇ।]

ਪ੍ਰਸ਼ਾਸਕ ਦੀ ਵਿਧਾਨ ਮੰਡਲ ਦੇ ਵਿਸ਼ਰਾਮ ਕਾਲ ਦੇ ਦੌਰਾਨ ਅਧਿਯਾਦੇਸ਼ ਜਾਰੀ ਕਰਨ ਦੀ

[10] 239 ਅ. (1) ਉਸ ਸਮੇਂ ਦੇ ਸਿਵਾਏ ਜਦ [11][[12][ਪੁਢੁਚੇਰੀ] ਸੰਘ ਰਾਜਖੇਤਰ] ਦਾ ਵਿਧਾਨ-ਮੰਡਲ ਇਜਲਾਸ ਵਿਚ ਹੈ, ਜੇ ਕਿਸੇ ਸਮੇਂ ਉਸ ਦੇ ਪ੍ਰਸ਼ਾਸਕ ਦੀ ਤਸੱਲੀ ਹੋ ਜਾਂਦੀ ਹੈ ਕਿ ਤੁੰਰਤ ਕਾਰਵਾਈ ਕਰਨ ਲਈ ਉਸ ਨੂੰ ਮਜਬੂਰ ਕਰਨ ਵਾਲੇ ਹਾਲਾਤ ਮੈਜੂਦ ਹਨ, ਤਾਂ ਉਹ ਅਜਿਹੇ ਅਧਿਆਦੇਸ਼ ਜਾਰੀ ਕਰ ਸਕੇਗਾ ਜੋ ਉਸ ਨੂੰ ਹਾਲਾਤ ਤੋਂ ਲੋੜੀਂਦੇ ਪ੍ਰਤੀਤ ਹੋਣ:

---

[10] ਸੰਵਿਧਾਨ (ਸੱਤਾਈਵੀਂ ਸੋਧ) ਐਕਟ, 1971, ਧਾਰਾ 3 ਦੁਆਰਾ (30.12.1971 ਤੋਂ ਲੈ ਕੇ) ਅੰਤਰਸਥਾਪਤ।

[11] ਗੋਆ, ਦਮਣ ਅਤੇ ਦੀਵ ਪੁਨਰਗਠਨ ਐਕਟ, 1987 (1987 ਦਾ 18 ਦੀ ਧਾਰਾ 63 ਦੁਆਰਾ (30.051987 ਤੋਂ ਪ੍ਰਭਾਵੀ) "ਅਨੁਛੇਦ 239 ੳ ਦੇ ਖੰਡ (1) ਵਿਚ ਹਵਾਲੀ ਦਿੱਤੇ ਸੰਘ ਰੇਜਖੇਤਰ" ਸ਼ਬਦਾਂ ਦੀ ਥਾਵੇਂ ਰੱਖੇ ਗਏ।

[12] ਪਾਂਡੀਚੇਰੀ (ਨਾਂ ਤਬਦੀਲੀ) ਐਕਟ, 2006 (2006 ਦਾ 44) ਦੀ ਧਾਰਾ 4 ਦੁਆਰਾ (01.10.2006 ਤੋਂ ਪ੍ਰਭਾਵੀ) "ਪਾਂਡੀਚੇਰੀ" ਦੀ ਥਾਵੇਂ ਰੱਖੇ ਗਏ।

Ministry of Law & Justice

ਸ਼ਕਤੀ।

ਪਰੰਤੂ ਪ੍ਰਸ਼ਾਸਕ ਦੁਆਰਾ ਕੋਈ ਅਧਿਆਦੇਸ਼ ਰਾਸ਼ਟਰਪਤੀ ਤੋਂ ਉਸ ਨਮਿਤ ਹਦਾਇਤਾਂ ਪ੍ਰਾਪਤ ਕਰਨ ਪਿੱਛੋਂ ਦੇ ਸਿਵਾਏ ਜਾਰੀ ਨਹੀਂ ਕੀਤਾ ਜਾਵੇਗਾ:

ਪਰੰਤੂ ਇਹ ਹੋਰ ਕਿ ਜਦ ਕਦੇ ਉਕਤ ਵਿਧਾਨ-ਮੰਡਲ ਤੋੜ ਦਿੱਤਾ ਜਾਵੇ ਜਾਂ ਕਿਸੇ ਅਜਿਹੇ ਕਾਨੂੰਨ ਦੇ ਅਧੀਨ ਜਿਸ ਦਾ ਅਨੁਛੇਦ 239 ੳ ਦੇ ਖੰਡ (1) ਵਿਚ ਹਵਾਲਾ ਦਿੱਤਾ ਗਿਆ ਹੈ ਕੀਤੀ ਗਈ ਕਿਸੇ ਕਾਰਵਾਈ ਦੇ ਕਾਰਨ ਉਸ ਦੀ ਕਾਰਜਕਾਰਤਾ ਮੁਅੱਤਲ ਰਹੇ, ਤਾਂ ਪ੍ਰਸ਼ਾਸਕ ਅਜਿਹੇ ਤੁੜਾਓ ਜਾਂ ਮੁਅੱਤਲੀ ਦੀ ਮੁੱਦਤ ਦੇ ਦੌਰਾਨ ਕੋਈ ਅਧਿਆਦੇਸ਼ ਜਾਰੀ ਨਹੀਂ ਕਰੇਗਾ ।

(2) ਰਾਸ਼ਟਰਪਤੀ ਦੀਆਂ ਹਦਾਇਤਾਂ ਦੇ ਅਨੁਸਰਣ ਵਿਚ ਇਸ ਅਨੁਛੇਦ ਦੇ ਅਧੀਨ ਜਾਰੀ ਕੀਤੀ ਗਿਆ ਕੋਈ ਅਧਿਆਦੇਸ਼ ਸੰਘ ਰਾਜਖੇਤਰ ਦੇ ਵਿਧਾਨ-ਮੰਡਲ ਦਾ ਅਜਿਹਾ ਐਕਟ ਸਮਝਿਆ ਜਾਵੇਗਾ ਜੋ ਕਿਸੇ ਅਜਿਹੇ ਕਾਨੂੰਨ ਵਿਚ ਦੇ , ਜਿਸ ਦਾ ਅਨੁਛੇਦ 239 ਉ ਦੇ ਖੰਡ (1) ਵਿਚ ਹਵਾਲਾ ਦਿਤਾ ਗਿਆ ਹੈ, ਉਸ ਨਮਿਤ, ਉਪਬੰਧਾਂ ਦਾ ਪਾਲਣ ਕਰਕੇ ਠੀਕ ਤੌਰ ਤੇ ਬਣਾਇਆ ਗਿਆ ਹੈ, ਪਰ ਅਜਿਹਾ ਹਰਿਕ ਅਧਿਆਦੇਸ਼—

(ੳ) ਸੰਘ ਰਾਜਖੇਤਰ ਦੇ ਵਿਧਾਨ-ਮੰਡਲ ਦੇ ਅੱਗੇ ਰਖਿਆ ਜਾਵੇਗਾ ਅਤੇ ਵਿਧਾਨ-ਮੰਡਲ ਦੇ ਮੁੜ-ਇਕੱਠੇ ਹੋਣ ਤੋਂ ਛੇ ਹਫ਼ਤਿਆਂ ਦੇ ਗੁਜ਼ਰਨ ਤੇ ਜਾਂ ਜੇ, ਉਸ ਮੁਦੱਤ ਦੇ ਗੁਜ਼ਰਨ ਤੋਂ ਪਹਿਲਾਂ ਉਸ ਦੀ ਅਪਰਵਾਨਗੀ ਦਾ ਮਤਾ ਵਿਧਾਨ-ਮੰਡਲ ਦੁਆਰਾ ਪਾਸ ਹੋ ਜਾਵੇ, ਤਾਂ ਉਸ ਮਤੇ ਦੇ ਪਾਸ ਹੋਣ ਤੇ ਅਮਲ ਵਿਚ ਨਹੀਂ ਰਹੇਗਾ, ਅਤੇ

(ਅ) ਕਿਸੇ ਵੀ ਸਮੇਂ ਰਾਸ਼ਟਰਪਤੀ ਤੋਂ ਉਸ ਨਮਿਤ ਹਦਾਇਤਾਂ ਪ੍ਰਾਪਤ ਕਰਨ ਪਿੱਛੋਂ ਪ੍ਰਸ਼ਾਸਕ ਦੁਆਰਾ ਵਾਪਸ ਲਿਆ ਜਾ ਸਕੇਗਾ।

(3) ਜੇ ਅਤੇ ਜਿਥੋਂ ਤੱਕ ਇਸ ਅਨੁਛੇਦ ਦੇ ਅਧੀਨ ਕੋਈ ਅਧਿਆਦੇਸ਼ ਕੋਈ ਅਜਿਹਾ ਉਪਬੰਧ ਕਰਦਾ ਹੈ ਜੋ ਕਿਸੇ ਅਜਿਹੇ ਕਾਨੂੰਨ ਵਿਚ ਦੇ, ਜਿਸ ਦਾ ਅਨੁਛੇਦ 239 (ਉ) ਦੇ ਖੰਡ (1) ਵਿਚ ਹਵਾਲਾ ਦਿਤਾ ਗਿਆ ਹੈ, ਉਸ ਨਮਿੱਤ, ਉਪਬੰਧਾਂ ਦਾ ਪਾਲਣ ਕਰਨ ਪਿੱਛੋਂ ਸੰਘ ਰਾਜਖੇਤਰ ਦੇ

Ministry of Law & Justice

ਵਿਧਾਨ-ਮੰਡਲ ਦੇ ਐਕਟ ਦੇ ਰੂਪ ਵਿਚ ਬਣਾਏ ਜਾਣ ਤੋਂ ਜਾਇਜ ਨ ਹੁੰਦਾ, ਤਾਂ ਉਹ ਅਧਿਆਦੇਸ਼ ਉਥੋਂ ਤੱਕ ਸੁੰਨ ਹੋਵੇਗਾ ।

[13][(4) x x x x x

ਰਾਸ਼ਟਰਪਤੀ ਦੀ ਕੁਝ ਕੁ ਸੰਘ ਰਾਜਖੇਤਰਾਂ ਲਈ ਵਿਨਿਯਮ ਬਣਾਉਣ ਦੀ ਸ਼ਕਤੀ ।

240 (1) ਰਾਸ਼ਟਰਪਤੀ–

(ੳ) ਅੰਡੇਮਾਨ ਅਤੇ ਨਿਕੋਬਾਰ ਦੀਪਾਂ ;

[14][(ਅ) ਲਕਸ਼ਦੀਪ ]

[15][(ੲ) ਦਾਦਰਾ ਅਤੇ ਨਗਰ ਹਵੇਲੀ;]

[16](ਸ) ਦਮਨ ਅਤੇ ਦੀਵ;]

[17](ਹ) [18][ ਪੁੱਦੁਚੇਰੀ];]

[19] x x x x x

[20]x x x x x

---

[13] ਸੰਵਿਧਾਨ (ਅੱਠਤੀਵੀਂ ਸੋਧ) ਐਕਟ, 1975 ਦੀ ਧਾਰਾ 4 ਦੁਆਰਾ (ਅਤੀਤਦਰਸ਼ੀ ਪ੍ਰਭਾਵ ਤੋਂ) ਅੰਤਰਸਥਾਪਤ ਕੀਤੀ ਗਿਆ ਸੀ ਅਤੇ ਸੰਵਿਧਾਨ ਦੀ ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 32 ਦੁਆਰਾ (20.06.1979 ਤੋਂ ਪ੍ਰਭਾਵੀ) ਉਸ ਦਾ ਲੋਪ ਕਿਤਾ ਗਿਆ ।

[14]ਲਕਾਦੀਪ, ਮਿਨਿਕੋਯ ਅਤੇ ਅਮੀਨਦੀਵੀ ਦੀਪ (ਨਾਂ ਬਦਲੀ) ਐਕਟ, 1973 (1973 ਦਾ 34) ਦੀ ਧਾਰਾ 4 ਦੁਆਰਾ (1.11.1973 ਤੋਂ) ਇੰਦਰਾਜ (ਅ) ਦੀ ਥਾਂ ਤੇ ਅੰਤਰਸਥਾਪਤ ।

[15] ਸੰਵਿਧਾਨ (ਦਸਵੀਂ ਸੋਧ) ਐਕਟ, 1961, ਧਾਰਾ 3 ਦੁਆਰਾ ਅੰਤਰਸਥਾਪਤ ।

[16] ਗੋਆ, ਦਮਣ ਅਤੇ ਦੀਵ ਪੁਨਰਗਠਨ ਐਕਟ, 1987 (1987 ਦਾ 18) ਦੀ ਧਾਰਾ 63 ਦੁਆਰਾ (30.05.1987 ਤੋਂ ਪ੍ਰਭਾਵੀ) ਇੰਦਰਾਜ (ਸ) ਦੀ ਥਾਵੇਂ ਰੱਖੇ ਗਏ । ਸੰਵਿਧਾਨ (ਬਾਰਵੀਂ ਸੋਧ) ਐਕਟ, 1962 ਦੀ ਧਾਰਾ 3 ਦੁਆਰਾ ਇੰਦਰਾਜ (ਸ) ਅੰਤਰਸਥਾਪਤ ਕੀਤੀ ਗਈ ਸੀ ।

[17] ਸੰਵਿਧਾਨ (ਚੋਦਵੀਂ ਸੋਧ) ਐਕਟ, 1962 ਦੀ ਧਾਰਾ 5 ਅਤੇ ਧਾਰਾ 7 ਦੁਆਰਾ (16.08.1962 ਤੋਂ ਪ੍ਰਭਾਵੀ) ਅੰਤਰਸਥਾਪਤ ।

[18] ਪਾਂਡੀਚੇਰੀ (ਨਾਂ ਬਦਲੀ) ਐਕਟ, 2006 (2006 ਦਾ 44) ਦੀ ਧਾਰਾ 4 ਦੁਆਰਾ (01.10.2007 ਤੋਂ ਪ੍ਰਭਾਵੀ) ਪਾਂਡੀਚੇਰੀ ਦੀ ਥਾਵੇਂ ਰੱਖੇ ।

[19] ਮਿਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ ਪ੍ਰਭਾਵੀ) ਮਿਜੋਰਮ ਸੰਬੰਧੀ ਇੰਦਰਾਜ (ਕ) ਦਾ ਲੋਪ ਕੀਤਾ ਗਿਆ ।

[20] ਅਨੁਣਾਚਲ ਪ੍ਰਦੇਸ਼ ਰਾਜ ਐਕਟ, 1986 (1986 ਦਾ 69) ਦੀ ਧਾਰਾ 32 ਦੁਆਰਾ (20.02.1987 ਤੋਂ ਪ੍ਰਭਾਵੀ) ਅਨੁਣਾਚਲ ਪ੍ਰਦੇਸ਼ ਸੰਬੰਧੀ ਇੰਦਰਾਜ (ਖ) ਦਾ ਲੋਪ ਕੀਤਾ ਗਿਆ ।

Ministry of Law & Justice

ਦੇ ਸੰਘ ਰਾਜਖੇਤਰਾਂ ਦੀ ਸ਼ਾਂਤੀ, ਪ੍ਰਗਤੀ ਅਤੇ ਚੰਗੇ ਸ਼ਾਸਨ ਲਈ ਵਿਨਿਯਮ ਬਣਾ ਸਕੇਗਾ :

[21][ਪਰੰਤੂ ਜਦ [22][ ਪੁੱਦੁਚੇਰੀ] [23][ਸੰਘ ਰਾਜਖੇਤਰ] ਦੇ ਲਈ ਵਿਧਾਨ-ਮੰਡਲ ਵਜੋਂ ਕਾਜਕਾਰ ਕਰਨ ਲਈ ਅਨੁਛੇਦ 239 ੳ ਦੇ ਅਧੀਨ ਕਿਸੇ ਬੌਡੀ ਦਾ ਸਿਰਜਨ ਕੀਤਾ ਜਾਦਾਂ ਹੈ ਰਾਸ਼ਟਰਪਤੀ ਉਸ ਸੰਘ ਰਾਜਖੇਤਰ ਦੀ ਸ਼ਾਂਤੀ, ਪ੍ਰਗਤੀ ਅਤੇ ਚੰਗੇ ਸ਼ਾਸਨ ਲਈ ਕੋਈ ਵਿਨਿਯਮ ਵਿਧਾਨ-ਮੰਡਲ ਦੀ ਪਹਿਲੀ ਇਕੱਤਰਤਾ ਲਈ ਨਿਯਤ ਤਰੀਕ ਤੋਂ ਲੈ ਕੇ ਨਹੀਂ ਬਣਾਵੇਗਾ :

[24][ਪਰੰਤੂ ਇਹ ਹੋਰ ਕਿ ਜਦ ਕਦੇ [22][ਪੁੱਦੁਚੇਰੀ] ਸੰਘ ਰਾਜ ਖੇਤਰ ਦੇ ਵਿਧਾਨ-ਮੰਡਲ ਵਜੋਂ ਕਾਜਕਾਰ ਕਰਨ ਵਾਲੀ ਬੌਡੀ ਭੰਗ ਕਰ ਦਿਤੀ ਜਾਵੇ ਜਾਂ ਉਸ ਬੌਡੀ ਦੀ ਅਜਿਹੇ ਵਿਧਾਨ ਮੰਡਲ ਵਜੋਂ ਕਾਰਜਕਾਰਤਾ, ਕਿਸੇ ਅਜਿਹੇ ਕਾਨੂੰਨ ਦੇ ਅਧੀਨ, ਜਿਸ ਦਾ ਅਨੁਛੇਦ 239 ੳ ਦੇ ਖੰਡ (1) ਵਿਚ ਹਵਾਲਾ ਦਿੱਤਾ ਗਿਆ ਹੈ, ਕੀਤੀ ਗਈ ਕਾਰਵਾਈ ਦੇ ਕਾਰਨ, ਮੁਅੱਤਲ ਰਹਿੰਦਾ ਹੈ ਤਾਂ ਰਾਸ਼ਟਰਪਤੀ ਅਜਿਹੇ ਭੰਗ ਜਾਂ ਮੁਅੱਤਲੀ ਦੀ ਮੁੱਦਤ ਦੇ ਦੋਰਾਨ, ਉਸ ਸੰਘ ਰਾਜਖੇਤਰ ਦੀ ਸ਼ਾਂਤੀ, ਪ੍ਰਗਤੀ ਅਤੇ ਚੰਗੇ ਸ਼ਾਸਨ ਲਈ ਵਿਨਿਯਮ ਬਣਾ ਸਕੇਗਾ]

(2) ਇਸ ਤਰ੍ਹਾਂ ਬਣਾਇਆ ਗਿਆ ਕੋਈ ਵਿਨਿਯਮ, ਸੰਸਦ ਦੇ ਬਣਾਏ ਕਿਸੇ ਐਕਟ ਜਾਂ [25][ਕਿਸੇ ਹੋਰ ਕਾਨੂੰਨ] ਦਾ ਜੋ ਉਸ ਸੰਘ ਰਾਜਖੇਤਰ ਵਿਚ ਤਤਸਮੇਂ ਲਾਗੂ ਹੋਵੇ ਨਿਰਸਤ ਜਾਂ ਸੋਧ ਕਰ ਸਕੇਗਾ ਅਤੇ,

---

[21] ਸੰਵਿਧਾਨ (ਚੌਦਵੀਂ ਸੋਧ) ਐਕਟ, 1962, ਧਾਰਾ 5 ਦੁਆਰਾ ਅੰਤਰਸਥਾਪਤ।

[22] ਪਾਂਡੀਚੇਰੀ (ਨਾਂ ਬਦਲੀ) ਐਕਟ, 2006 (2006 ਦਾ 44) ਦੀ ਧਾਰਾ 4 ਦੁਆਰਾ (01.10.2006 ਤੋਂ ਪ੍ਰਭਾਵੀ) ਪਾਂਡੀਚੇਰੀ ਦੀ ਥਾਵੇਂ ਰਖੇ ਗਏ।

[23] ਸੰਵਿਧਾਨ (ਸੱਤਾਈਵੀਂ ਸੋਧ) ਐਕਟ, 1971, ਧਾਰਾ 4 ਦੁਆਰਾ (15.2.1972 ਤੋਂ ਲੈ ਕੇ) ਅੰਤਰਸਥਾਪਤ, "ਗੋਆ, ਦਮਣ ਅਤੇ ਦੀਵ ਜਾਂ ਪਾਂਡੀਚੇਰੀ"ਦੀ ਥਾਵੇਂ ਰੱਖੇ ਗਏ।

[24] ਸੰਵਿਧਾਨ (ਸੱਤਾਈਵੀਂ ਸੋਧ) ਐਕਟ, 1971, ਧਾਰਾ 4 ਦੁਆਰਾ (15.2.1972 ਤੋਂ ਲੈ ਕੇ) ਅੰਤਰਸਥਾਪਤ।

[25] ਸੰਵਿਧਾਨ (ਸਤਾਈਵੀਂ ਸੋਧ) ਐਕਟ, 1971 ਧਾਰਾ 4 ਦੁਆਰਾ (15.2.1971 ਤੋਂ ਲੈ ਕੇ) ਕਿਸੇ "ਮੌਜੂਦਾ ਕਾਨੂੰਨ" ਦੀ ਥਾਵੇਂ ਰੱਖੇ ਗਏ।



Ministry of Law & Justice

ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਜਾਣ ਤੇ, ਉਸ ਦਾ ਉਸ ਰਾਜਖੇਤਰ ਵਿਚ ਲਾਗੂ ਸੰਸਦ ਦੇ ਕਿਸੇ ਐਕਟ ਅਜਿਹਾ ਹੀ ਬਲ ਅਤੇ ਪ੍ਰਭਾਵ ਹੋਵੇਗਾ।]

ਸੰਘ ਰਾਜਖੇਤਰਾਂ ਲਈ ਉੱਚ ਅਦਾਲਤਾਂ।

241.(1) ਸੰਸਦ ਕਾਨੂੰਨ ਦੁਆਰਾ ਕਿਸੇ [26][ਸੰਘ ਰਾਜਖੇਤਰ] ਲਈ ਉੱਚ ਅਦਾਲਤ ਗਠਤ ਕਰ ਸਕੇਗੀ ਜਾਂ ਕਿਸੇ [27][ਅਜਿਹੇ ਰਾਜਖੇਤਰ] ਵਿਚਲੀ ਕਿਸੇ ਅਦਾਲਤ ਦਾ ਇਸ ਸੰਵਿਧਾਨ ਦੇ ਸਭ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਉੱਚ ਅਦਾਲਤ ਹੋਣਾ ਐਲਾਨ ਕਰ ਸਕੇਗੀ।

(2) ਖੰਡ (1) ਵਿਚ ਹਵਾਲਾ ਦਿੱਤੀ ਹਰਿਕ ਉੱਚ ਅਦਾਲਤ ਦੇ ਸੰਬੰਧ ਵਿਚ ਭਾਗ VI ਦੇ ਅਧਿਆਏ V ਦੇ ਉਪਬੰਧ ਅਜਿਹੇ ਰੂਪਭੇਦਾਂ ਜਾਂ ਅਪਵਾਦਾਂ ਤੇ ਤਾਬੇ ਜਿਹੇ ਸੰਸਦ ਕਾਨੂੰਨ ਦੁਆਰਾ ਉਪਬੰਧਤ ਕਰੇ ਉਸ ਤਰ੍ਹਾਂ ਲਾਗੂ ਹੋਣਗੇ ਜਿਸ ਤਰ੍ਹਾਂ ਉਹ ਅਨੁਛੇਦ 214 ਵਿਚ ਹਵਾਲਾ ਦਿੱਤੀ ਗਈ ਕਿਸੇ ਉੱਚ ਅਦਾਲਤ ਦੇ ਸੰਬੰਧ ਵਿਚ ਲਾਗੂ ਹੁੰਦੇ ਹਨ।

[28][(3) ਇਸ ਸੰਵਿਧਾਨ ਦੇ ਉਪਬੰਧਾਂ ਦੇ ਅਤੇ ਮੁਨਾਸਬ ਵਿਧਾਨ-ਮੰਡਲ ਦੇ ਕਿਸੇ ਕਾਨੂੰਨ ਦੇ ਜੋ ਉਸ ਵਿਧਾਨ-ਮੰਡਲ ਨੇ ਇਸ ਸੰਵਿਧਾਨ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੇ ਆਧਾਰ ਤੇ ਬਣਾਇਆ ਹੋਵੇ ਉਪਬੰਧਾਂ ਦੇ ਤਾਬੇ ਹਰੇਕ ਉੱਚ ਅਦਾਲਤ ਜੋ ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੇ ਅਰੰਭ ਤੋਂ ਤੁਰੰਤ ਪਹਿਲਾਂ, ਕਿਸੇ ਸੰਘ ਰਾਜਖੇਤਰ ਦੇ ਸੰਬੰਧ ਵਿਚ ਅਧਿਕਾਰਤਾ ਦੀ ਵਰਤੋਂ ਕਰਦੀ ਸੀ ਅਜਿਹੇ ਅਰੰਭ ਪਿੱਛੋਂ ਉਸ ਰਾਜਖੇਤਰ ਦੇ ਸੰਬੰਦ ਵਿਚ ਉਜੇਹੀ ਹੀ ਅਧਿਕਾਰਤਾ ਦੀ ਵਰਤੋਂ ਕਰਦੀ ਰਹੇਗੀ।

(4) ਇਸ ਅਨੁਛੇਦ ਦੀ ਕੋਈ ਗੱਲ ਕਿਸੇ ਰਾਜ ਦੀ ਕਿਸੇ ਉੱਚ ਅਦਾਲਤ ਦੀ ਅਧਿਕਾਰਤਾ ਨੂੰ ਕਿਸੇ ਸੰਘ ਰਾਜਖੇਤਰ ਜਾਂ ਉਸਦੇ ਭਾਗ ਤੱਕ ਵਿਸ

---

[26] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ਇ ਵਿਚ ਉਲਿਖਿਤ ਰਾਜ" ਦੀ ਥਾਵੇਂ ਰੱਖੇ ਗਏ।

[27] ਉਪਰੋਕਤ ਲਿਖੇ ਸਰੋਤ ਅਨੁਸਾਰ, ਧਾਰਾ 29 ਅਤੇ ਅਨੁਸੂਚੀ ਦੁਆਰਾ "ਅਜਿਹੇ ਰਾਜ" ਦੀ ਥਾਵੇਂ ਰੱਖੇ ਗਏ।

[28] ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਮੂਲ ਖੰਡ (3) ਅਤੇ (4) ਦੀ ਥਾਵੇਂ ਰੱਖੇ ਗਏ।



Ministry of Law & Justice

ਵਿਸਰਿਤ ਕਰਨ,  ਜਾਂ ਉਸ ਤੋਂ ਖਾਰਜ ਕਰਨ ਦੀ ਸੰਸਦ ਦੀ ਸ਼ਕਤੀ ਦਾ ਅਲਪਣ ਨਹੀਂ ਕਰਦੀ ।]

242. [ਕੁਰਗ] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ।

Ministry of Law & Justice

## [1][ਭਾਗ IX

## ਪੰਚਾਇਤ

ਪਰਿਭਾਸ਼ਾਵਾਂ. । 243. ਇਸ ਭਾਗ ਵਿਚ ਪ੍ਰਸੰਗ ਹੋਰਵੇਂ ਨਾ ਲੋੜੇ,--

(ੳ) "ਜਿਲਾ" ਦਾ ਮਤਲਬ ਹੈ ਕਿਸੇ ਰਾਜ ਦਾ ਜਿਲ੍ਹਾ ;

(ਅ) "ਗ੍ਰਾਮ ਸਭਾ" ਦਾ ਮਤਲਬ ਹੈ ਪਿੰਡ ਪੱਤਰ ਤੇ ਪੰਚਾਇਤ ਤੇ ਖੇਤਰ ਅੰਦਰ ਸੰਮਲਿਤ ਪਿੰਡ ਨਾਲ ਸੰਬੰਧਤ ਚੋਣ ਸੂਚੀ ਵਿਚ ਰਜਿਸਟਰਸ਼ੁਦਾ ਵਿਅਕਤੀਆਂ ਤੋਂ ਮਿਲਕੇ ਬਣੀ ਬੌਡੀ;

(ੲ) "ਮੱਧਵਰਤੀ ਪੱਤਰ" ਦਾ ਮਤਲਬ ਹੈ ਪਿੰਡ ਅਤੇ ਜਿਲ੍ਹਾ ਪੱਧਰ ਦੇ ਵਿਚਕਾਰ ਅਜਿਹਾ ਪੱਧਰ ਜਿਸ ਨੂੰ ਕਿਸੇ ਰਾਜ ਦੇ ਰਾਜਪਾਲ, ਇਸ ਭਾਗ ਦੇ ਪ੍ਰਯੋਜਨਾਂ ਦੇ ਲਈ, ਲੋਕ ਅਧਿਸੂਚਨਾ ਦੁਆਰਾ, ਮੱਧਵਰਤੀ ਪੱਤਰ ਤੇ ਰੂਪ ਵਿਚ ਉਲਿੱਖਤ ਕਰੇਂ ;

(ਸ) "ਪੰਚਾਇਤ" ਦਾ ਮਤਲਬ ਹੈ ਪੇਂਡੂ ਖੇਤਰ ਦੇ ਲਈ ਅਨੁਛੇਦ 243ਅ, ਦੇ ਅਧੀਨ ਗਠਤ ਸ਼ਾਸਨ ਦੀ ਕੋਈ ਸੰਸਥਾ (ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ );

(ਹ) "ਪੰਚਾਇਤ ਖੇਤਰ" ਦਾ ਮਤਲਬ ਹੈ ਪੰਚਾਇਤ ਦੇ ਖੇਤਰ ਦਾ ਰਾਜਖੇਤਰ ;

(ਕ) "ਜਨ ਸੰਖਿਆ" ਦਾ ਮਤਲਬ ਹੈ ਅਜਿਹੀ ਅੰਤਮ ਪੂਰਵਵਰਤੀ ਜਨ ਗਣਨਾ ਵਿਚ ਨਿਸਚਤ ਕੀਤੀ ਗਈ ਜਨ ਸੰਖਿਆ ਜਿਸ ਦੇ ਸੁਸੰਗਤ ਅੰਕ ਪ੍ਰਕਾਸ਼ਤ ਹੋ ਗਏ ਹਨ;

(ਖ) "ਪਿੰਡ" ਦਾ ਮਤਲਬ ਹੈ ਰਾਜਪਾਲ ਦੁਆਰਾ ਇਸ ਭਾਗ ਦੇ ਪ੍ਰਯੋਜਨਾਂ ਦੇ ਲਈ, ਲੋਕ ਅਧਿਸੂਚਨਾ ਦੁਆਰਾ, ਪਿੰਡ ਦੇ ਰੂਪ ਵਿਚ ਉਲਿਖੱਥ ਪਿੰਡ ਅਤੇ ਇਸ ਦੇ ਵਿਚ ਇਸ ਪ੍ਰਕਾਰ ਉਲਿੱਖਤ ਪਿੰਡ

[1] ਸੰਵਿਧਾਨ (ਤੇਹਤਰਵਾਂ ਸੋਧ) ਐਕਟ, 1992 ਤੀ ਧਾਰਾ 2 ਦੁਆਰਾ (24.03.1993 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

ਸਮੂਹ ਵੀ ਸ਼ਾਮਲ ਹਨ।

ਗ੍ਰਾਮ ਸਭਾ। 243 ੳ. ਗ੍ਰਾਮ ਸਭਾ, ਪਿੰਡ ਪੱਧਰ ਦੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਦੀ ਪਾਲਣਾ ਕਰ ਸਕੇਗੀ, ਜੋ ਕਿਸੇ ਰਾਜਦੇ ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ, ਉਪਬੰਧਤ ਕੀਤੇ ਜਾਣ।

ਪੰਚਾਇਤਾਂ ਦਾ ਗਠਨ। 243 ਅ.(1) ਹਰਿਕ ਰਾਜ ਵਿਚ ਪਿੰਡ, ਮੱਧਵਰਤੀ ਅਤੇ ਜਿਲ੍ਹਾ ਪੱਧਰ ਤੇ ਇਸ ਭਾਗ ਦੇ ਉਪਬੰਧਾਂ ਦੇ ਅਨੁਸਾਰ ਪੰਚਾਇਤਾਂ ਦਾ ਗਠਨ ਕੀਤਾ ਜਾਵੇਗਾ।

(2) ਖੰਡ (1) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਮੱਧਵਰਤੀ ਪੱਧਰ ਤੇ ਪੰਚਾਇਤ ਦਾ ਉਸ ਰਾਜ ਵਿਚ ਗਠਨ ਨਹੀਂ ਕੀਤਾ ਜਾ ਸਕੇਗਾ ਜਿਸ ਦੀ ਜਨ-ਸੰਖਿਆ ਵੀਹ ਲੱਖ ਤੋਂ ਵੱਧ ਨਹੀਂ ਹੈ।

ਪੰਚਾਇਤਾਂ ਦੀ ਰਚਨਾ। 243 ੲ. (1) ਇਸ ਭਾਗ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਪੰਚਾਇਤਾਂ ਦੀ ਰਚਨਾ ਤੇ ਸੰਬੰਧ ਵਿਚ ਉਪਬੰਧ ਕਰ ਸਕੇਗਾ :

ਪਰੰਤੂ ਕਿਸੇ ਵੀ ਪੱਧਰ ਤੇ ਪੰਚਾਇਤ ਦੇ ਰਾਜਖੇਤਰ ਦੀ ਜਨ-ਸੰਖਿਆ ਦਾ ਅਜਿਹਾ ਪੰਚਾਇਤ ਵਿਚ ਚੋਣ ਦੁਆਰਾ ਭਰੀਆ ਜਾਣਾ, ਸੀਟਾਂ ਦੀ ਸੰਖਿਆ ਦੇ ਅਨੁਪਾਤ ਸਾਰੇ ਰਾਜ ਵਿਚ ਜਿੱਥੋਂ ਤੱਕ ਅਮਲਯੋਗ ਹੋਵੇ ਇਕ ਹੀ ਹੋਵੇਗਾ।

(2) ਕਿਸੇ ਪੰਚਾਇਤ ਦੀਆਂ ਸਾਰੀਆਂ ਸੀਟਾਂ, ਪੰਚਾਇਤ ਖੇਤਰ ਵਿਚ ਰਾਜ-ਖੇਤਰ ਦੇ ਚੋਣ ਖੇਤਰਾਂ ਤੋਂ ਸਿੱਧੀ ਚੋਣ ਦੁਆਰਾ ਹੋਏ ਵਿਅਕਤੀਆਂ ਤੋਂ ਭਰੇ ਜਾਣਗੇ ਅਤੇ ਇਸ ਪ੍ਰਯੋਜਨ ਦੇ ਲਈ, ਹਰੇਕ ਪੰਚਾਇਤ ਖੇਤਰ ਨੂੰ ਰਾਜ-ਖੇਤਰ ਚੋਣ ਖੇਤਰਾਂ ਵਿਚ ਅਜਿਹੇ ਤਰੀਕੇ ਨਾਲ ਵੰਡਿਆ ਜਾਵੇਗਾ ਕਿ ਹਰੇਕ ਚੋਣ ਖੇਤਰ ਦੀ ਜਨ-ਸੰਖਿਆ ਦਾ ਉਸ ਨੂੰ ਅਲਾਟ ਸੀਟਾਂ ਦੀ ਗਿਣਤੀ ਤੋਂ ਅਨੁਪਾਤ ਸਾਰੇ ਪੰਚਾਇਤ ਖੇਤਰ ਵਿਚ ਜਿੱਥੋਂ ਤੱਕ ਅਮਲਯੋਗ ਹੋਵੇ, ਉਹੀ ਹੋਵੇ।

(3) ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ—

Ministry of Law & Justice

(ੳ) ਪਿੰਡ ਪੱਧਰ ਤੇ ਪੰਚਾਇਤਾਂ ਦੇ ਚੇਅਰਪਰਸਨਾਂ ਦਾ ਮੱਧਵਰਤੀ ਪੱਧਰ ਤੇ ਪੰਚਾਇਤਾਂ ਵਿਚ ਜਾਂ ਅਜਿਹੇ ਰਾਜ ਦੀ ਸੂਰਤ ਵਿਚ, ਜਿੱਥੇ ਮੱਧਵਰਤੀ ਪੱਧਰ ਤੇ ਪੰਚਾਇਤਾ ਨਹੀਂ ਹਨ, ਜਿਲ੍ਹਾ ਪੱਧਰ ਤੇ ਪੰਚਾਇਤਾਂ ਵਿਚ ;

(ਅ) ਮੱਧਵਰਤੀ ਪੱਧਰ ਤੇ ਪੰਚਾਇਤਾ ਦਾ ਜਿਲ੍ਹਾ ਪੱਥਰ ਤੇ ਪੰਚਾਇਤਾਂ ਵਿਚ ;

(ੲ) ਲੋਕ ਸਭਾ ਦੇ ਅਜਿਹੇ ਮੈਂਬਰਾਂ ਦਾ ਅਤੇ ਰਾਜ ਦੀ ਵਿਧਾਨ ਸਭਾ ਦੇ ਅਜਿਹੇ ਮੈਂਬਰਾਂ ਦਾ, ਜੋ ਉਨ੍ਹਾਂ ਚੋਣ ਖੇਤਰਾਂ ਦੀ ਪ੍ਰਤੀਨਿੱਧਤਾ ਕਰਦੇ ਹਨ ਜਿਨ੍ਹਾਂ ਵਿਚ ਪਿੰਡ ਪੱਧਰ ਤੋਂ ਬਿਨਾਂ ਪੱਧਰ ਤੇ ਕੋਈ ਪੰਚਾਇਤ ਖੇਤਰ ਪੂਰਣ ਤੌਰ ਤੇ ਜਾਂ ਅੰਸ਼ਕ ਤੌਰ ਤੇ ਸੰਮਲਿਤ ਹਨ, ਅਜਿਹੀ ਪੰਚਾਇਤ ਵਿਚ ;

(ਸ) ਰਾਜ ਸਭਾ ਦੇ ਮੈਂਬਰਾਂ ਦਾ ਅਤੇ ਰਾਜ ਦੀ ਵਿਧਾਨ ਪਰਿਸ਼ਦ ਦੇ ਮੈਂਬਰਾਂ ਦਾ ਜਿੱਥੇ ਉਹ,--

(i) ਮੱਧਵਰਤੀ ਪੱਤਰ ਤੇ ਕਿਸੇ ਪੰਚਾਇਤ ਖੇਤਰ ਦੇ ਅੰਦਰ ਚੁਣੇ ਹੋਇਆਂ ਦੇ ਰੂਪ ਵਿਚ ਰਜਿਸਟਰਸ਼ੁਦਾ ਹਨ, ਮੱਧਵਰਤੀ ਪੱਧਰ ਤੇ ਪੰਚਾਇਤ ਵਿਚ;

(ii)ਜ਼ਿਲ੍ਹਾ ਪੱਧਰ ਤੇ ਕਿਸੇ ਪੰਚਾਇਤ ਖੇਤਰ ਦੇ ਅੰਦਰ ਚੁਣੇ ਹੋਇਆਂ ਦੇ ਰੂਪ ਵਿਚ ਰਜਿਸਟਰਸ਼ੁਦਾ ਹਨ, ਜ਼ਿਲ੍ਹਾ ਪੱਧਰ ਤੇ ਪੰਚਾਇਤ ਵਿਚੋਂ,

ਪ੍ਰਤੀਨਿੱਧਤਾ ਕਰਨ ਦੇ ਲਈ ਉਪਬੰਧ ਕਰ ਸਕੇਗਾ।

(4) ਕਿਸੇ ਪੰਚਾਇਤ ਦੇ ਚੇਅਰਪਰਸਨ ਅਤੇ ਕਿਸੇ ਪੰਚਾਇਤ ਦੇ ਅਜਿਹੇ ਹੋਰ ਮੈਂਬਰ ਨੂੰ, ਭਾਵੇਂ ਉਹ ਪੰਚਾਇਤ ਖੇਤਰ ਵਿਚ ਰਾਜਖੇਰਤ ਚੋਣ ਖੇਤਰਾਂ ਵਿਚੋਂ ਸਿੱਧੀ ਚੋਣ ਦੁਆਰਾ ਚੁਣੇ ਗਏ ਜਾਂ ਨਹੀਂ; ਪੰਚਾਇਤਾਂ ਦੀਆਂ ਇਕੱਤਰਤਾਵਾਂ ਵਿਚ ਵੋਟ ਦੇਣ ਦਾ ਅਧਿਕਾਰ ਹੋਵੇਗਾ।

(5) (ੳ). ਪਿੰਡ ਪੱਧਰ ਤੇ ਕਿਸੇ ਪੰਚਾਇਤ ਦੇ ਚੇਅਰਪਰਸਨ ਦੀ ਚੋਣ

ਅਜਿਹੇ ਤਰੀਕੇ ਨਾਲ ਜੋ ਰਾਜ ਦੇ ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ, ਉਪਬੰਧਤ ਕੀਤੀ ਜਾਵੇ, ਕੀਤਾ ਜਾਵੇਗਾ ; ਅਤੇ

(ਅ) ਮੱਧਵਰਤੀ ਪੱਧਰ ਜਾਂ ਜਿਲ੍ਹਾ ਪੱਧਰ ਤੇ ਕਿਸੇ ਪੰਚਾਇਤ ਦੇ ਚੇਅਰਪਰਸਨ ਦੀ ਚੋਣ, ਉਸਦੇ ਚੁਣੇ ਹੋਏ ਮੈਂਬਰਾਂ ਦੁਆਰਾ ਆਪਣੇ ਵਿੱਚੋਂ ਕੀਤੀ ਜਾਵੇਗੀ ।

ਸੀਟਾਂ ਦਾ ਰਾਖਵਾਂਕਰਣ ।

243 ਸ (1) ਹਰਿਕ ਪੰਚਾਇਤ ਵਿਚ—

(ੳ) ਅਨੁਸੂਚਿਤ ਜਾਤੀਆਂ ;ਅਤੇ

(ਅ) ਅਨੁਸੂਚਿਤ ਕਬੀਲਿਆਂ ;

ਦੇ ਲਈ ਸੀਟਾਂ ਰਾਖਵੀਆਂ ਰਹਿਣਗੀਆਂ ਅਤੇ ਇਸ ਤਰ੍ਹਾਂ ਰਾਖਵੀਆਂ ਸੀਟਾਂ ਦੀ ਗਿਣਤੀ ਦਾ ਅਨੁਪਾਤ, ਉਸ ਪੰਚਾਇਤ ਵਿਚ ਸਿੱਧੀ ਚੋਣ ਦੁਆਰਾ ਭਰੀਆਂ ਜਾਣ ਵਾਲੀਆਂ ਸੀਟਾਂ ਦਾ ਕੁੱਲ ਗਿਣਤੀ ਵਿਚ ਜਿੱਥੇ ਤੱਕ ਨੇੜੇ ਹੋ ਸਕੇ ਉਹੀ ਹੋਵੇਗਾ ਜੋ ਉਸ ਪੰਚਾਇਤ ਖੇਤਰ ਵਿਚ ਅਨੁਸੂਚਿਤ ਜਾਤੀਆਂ ਦੀ ਜਾਂ ਉਸ ਪੰਚਾਇਤ ਖੇਤਰ ਵਿਚ ਅਨੁਸੂਚਿਤ ਕਬੀਲਿਆਂ ਦੀ ਜਨ ਸੰਖਿਆ ਦਾ ਅਨੁਪਾਤ ਉਸ ਖੇਤਰ ਦੀ ਕੁੱਲ ਜਨ ਸੰਖਿਆ ਵਿਚੋਂ ਹੈ ਅਤੇ ਅਜਿਹੀਆਂ ਸੀਟਾਂ ਕਿਸੇ ਪੰਚਾਇਤ ਵਿਚੋਂ ਭਿੰਨ-ਭਿੰਨ ਚੋਣ ਖੇਤਰਾਂ ਦੇ ਵਾਰੀ ਨਾਲ ਅਲਾਟ ਕੀਤੀਆਂ ਜਾ ਸਕਣਗੀਆਂ ।

(2) ਖੰਡ (1) ਦੇ ਅਧੀਨ ਰਾਖਵੀਆਂ ਸੀਟਾਂ ਦਾ ਕੁੱਲ ਗਿਣਤੀ ਦੇ ਘੱਟ ਤੋਂ ਘੱਟ ਇਕ ਤਿਹਾਈ ਸੀਟਾਂ, ਜਿਹੀ ਕੀ ਸੂਰਤ ਹੋਵੇ, ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਦੀਆਂ ਇਸਤਰੀਆਂ ਦੇ ਲਈ ਰਾਖਵੀਆਂ ਰਹਿਣਗੀਆਂ ।

(3) ਹਰਿਕ ਪੰਚਾਇਤ ਵਿਚ ਸਿੱਧੀ ਚੋਣ ਦੁਆਰਾ ਭਰੀਆਂ ਜਾਣ ਵਾਲੀਆਂ ਸੀਟਾਂ ਦੀ ਕੁੱਲ ਗਿਣਤੀ ਦਾ ਘੱਟ ਤੋਂ ਘੱਟ ਇਕ ਤਿਹਾਈ ਸੀਟਾਂ (ਜਿਨ੍ਹਾਂ ਦੇ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਇਸਤਰੀਆਂ ਦੇ ਲਈ ਰਾਖਵੀਂਆਂ ਸੀਟਾਂ ਦੀ ਗਿਣਤੀ ਵੀ ਸ਼ਾਮਲ ਹੈ) ਇਸਤਰੀਆਂ ਦੇ ਲਈ ਰਾਖਵੀਂਆਂ ਰਹਿਣਗੀਆਂ ਅਤੇ ਅਜਿਹੀਆਂ ਸੀਟਾਂ

Ministry of Law & Justice

ਕਿਸੇ ਪੰਚਾਇਤ ਵਿਚ ਭਿੰਨ-ਭਿੰਨ ਚੋਣ ਖੇਤਰਾਂ ਨੂੰ ਵਾਰੀ ਨਾਲ ਅਲਾਟ ਕੀਤੀਆਂ ਜਾ ਸਕਣਗੀਆਂ।

(4) ਪਿੰਡ ਜਾਂ ਕਿਸੇ ਹੋਰ ਪੱਧਰ ਤੇ ਪੰਚਾਇਤਾਂ ਵਿਚੋਂ ਚੇਅਰਪਰਸਨ ਦੇ ਅਹੁੱਦੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਇਸਤਰੀਆਂ ਦੇ ਲਈ ਅਜਿਹੇ ਤਰੀਕੇ ਨਾਲ ਰਾਖਵੀਆਂ ਹੋਣਗੀਆਂ,ਜੋ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਉਪਬੰਧਤ ਕਰੇ :

ਪਰੰਤੂ ਕਿਸੇ ਰਾਜ ਵਿਚ ਹਰਿਕ ਪੱਧਰ ਤੇ ਪੰਚਾਇਤਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲਈ ਰਾਖਵੇਂ ਚੇਅਰਪਰਸਨਾਂ ਦੇ ਅਹੁਦੇ ਦੀ ਗਿਣਤੀ ਦਾ ਅਨੁਪਾਤ, ਹਰਿਕ ਪੱਧਰ ਤੇ ਉਨ੍ਹਾਂ ਪੰਚਾਇਤਾਂ ਵਿਚ ਅਜਿਹੇ ਦੀ ਕੁੱਲ ਗਿਣਤੀ ਨਾਲ ਜਿਨ੍ਹਾਂ ਨੇੜੇ ਹੋ ਸਕੇ ਉਹੀ ਹੋਵੇਗੀ, ਜੋ ਉਸ ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਜਾਂ ਉਸ ਰਾਜ ਵਿਚ ਅਨੁਸੂਚਿਤ ਕਬੀਲਿਆਂ ਦੀ ਜਨ-ਸੰਖਿਆ ਦਾ ਅਨੁਪਾਤ ਉਸ ਰਾਜ ਦੀ ਕੁੱਲ ਜਨ-ਸੰਖਿਆ ਨਾਲ ਹੋਵੇਗਾ :

ਪਰੰਤੂ ਇਹ ਹੋਰ ਕਿ ਹਰਿਕ ਪੱਧਰ ਤੇ ਪੰਚਾਇਤਾਂ ਵਿਚ ਚੇਅਰਪਰਸਨ ਦੇ ਅਹੁਦੇ ਦੀ ਕੁੱਲ ਗਿਣਤੀ ਦੇ ਘੱਟ ਤੋਂ ਘੱਟ ਇਕ-ਤਿਹਾਈ ਅਹੁਦੇ ਇਸਤਰੀਆਂ ਲਈ ਰਾਖਵੇਂ ਰਹਿਣਗੇ :

ਪਰੰਤੂ ਇਹ ਵੀ ਕਿ ਇਸ ਖੰਡ ਦੇ ਅਧੀਨ ਰਾਖਵੇਂ ਅਹੁਦਿਆਂ ਦੀ ਗਿਣਤੀ ਹਰਿਕ ਪੱਧਰ ਤੇ ਭਿੰਨ-ਭਿੰਨ ਪੰਚਾਇਤਾ ਨੂੰ ਵਾਰੀ ਨਾਲ ਮਿਥਿੱਆਂ ਜਾਣਗੀਆਂ।

(5) ਖੰਡ (1) ਅਤੇ ਖੰਡ (2) ਦੇ ਅਧੀਨ ਸੀਟਾਂ ਦਾ ਰਾਖਵਾਂਕਰ ਅਤੇ ਖੰਡ (4) ਦੇ ਅਧੀਨ ਚੇਅਰਪਰਸਨ ਦੇ ਅਹੁਦੇ ਦਾ ਰਾਖਵਾਂਕਰਣ (ਜੋ ਇਸਤਰੀਆਂ ਦੇ ਲਈ ਰਾਖਵੇਂ ਤੋਂ ਬਿਨਾਂ ਹੈ) ਅਨੁਛੇਦ 334 ਵਿਚ ਉਲਿੱਖਤ ਮੁਦੱਤ ਦੇ ਗੁਜਰਨ ਤੇ ਪ੍ਰਭਾਵੀ ਰਹੇਗੀ।

(6) ਇਸ ਭਾਗ ਦੀ ਕੋਈ ਗੱਲ ਕਿਸੇ ਰਾਜ ਦੇ ਵਿਧਾਨ ਮੰਡਲ ਦੇ ਪਿੱਛੜੇ ਹੋਏ ਨਾਗਰਿਕਾਂ ਦੇ ਕਿਸੇ ਵਰਗ ਦੇ ਪੱਖ ਵਿਚ ਕਿਸੇ ਪੱਧਰ ਦੇ ਕਿਸੇ ਪੰਚਾਇਤ ਵਿਚ ਸੀਟਾਂ ਜਾਂ ਪੰਚਾਇਤਾਂ ਦੇ ਅਹੁਦੇ ਦੇ ਰਾਖਵਾਂ ਕਰਣ ਦੇ

ਲਈ ਕੋਈ ਉਪਬੰਧ ਕਰਨ ਤੋਂ ਨਹੀਂ ਰੋਕੇਗੀ।

ਪੰਚਾਇਤਾਂ ਦੀ ਮਿਆਦ ਆਦਿ। 243 ਹ (1) ਹਰਿਕ ਪੰਚਾਇਤ, ਜੇਕਰ ਤੱਤਸਮੇਂ ਨਾਫਜ਼ ਕਿਸੇ ਕਾਨੂੰਨ ਦੇ ਅਧੀਨ, ਪਹਿਲਾਂ ਭੰਗ ਨਹੀਂ ਕੀਤੀ ਜਾਂਦੀ ਹੈ ਤਾਂ, ਆਪਣੀ ਪਹਿਲੀ ਇਕੱਤਰਤਾ ਦੇ ਲਈ ਨਿਯਤ ਤਰੀਕ ਤੋਂ ਪੰਜ ਸਾਲ ਤੱਕ ਬਣੀ ਰਹੇਗੀ ਅਤੇ ਇਸ ਤੋਂ ਵੱਧ ਨਹੀਂ।

(2) ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੀ ਕਿਸੇ ਸੋਧ ਤੋਂ ਕਿਸੇ ਪੱਧਰ ਤੇ ਅਜਿਹੀ ਪੰਚਾਇਤ ਦਾ, ਜੋ ਅਜਿਹੀ ਸੋਧ ਦੇ ਤੁਰੰਤ ਪਹਿਲਾਂ ਕਾਜ ਕਾਰ ਕਰ ਰਹੀ ਹੈ, ਤਦ ਤੱਕ ਭੰਗ ਨਹੀਂ ਹੋਵੇਗੀ ਜਦ ਤੱਕ ਖੰਡ (1) ਵਿਚ ਉਲਿੱਖਤ ਮੁਦੱਤ ਗੁਜ਼ਰ ਨਹੀਂ ਜਾਂਦੀ।

(3) ਕਿਸੇ ਪੰਚਾਇਤ ਦਾ ਗਠਨ ਕਰਨ ਦੇ ਲਈ ਚੋਣ,--

(ੳ) ਖੰਡ (1) ਵਿਚ ਉਲਿੱਖਤ ਉਸ ਦੀ ਮਿਆਦ ਗੁਜ਼ਰਨ ਤੋਂ ਪਹਿਲਾਂ ;

(ਅ) ਉਸ ਦੇ ਭੰਗ ਕਰਨ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਦੇ ਗੁਜ਼ਰਨ ਤੋਂ ਪਹਿਲਾਂ,

ਪੂਰੀ ਕੀਤੀ ਜਾਵੇਗੀ ;

ਪਰੰਤੂ ਜਿੱਥੇ ਬਾਕੀ ਰੰਹਿਦੀ ਮੁਦੱਤ, ਜਿਸ ਦੇ ਲਈ ਭੰਗ ਕੀਤੀ ਗਈ ਪੰਚਾਇਤ ਬਣੀ ਰਹਿੰਦੀ , ਛੇ ਮਹੀਨੇ ਤੋਂ ਘੱਟ ਹੈ ਉਥੇ ਅਜਿਹੀ ਮੁਦੱਤ ਦੇ ਲਈ ਉਸ ਪੰਚਾਇਤ ਦਾ ਗਠਨ ਕਰਨ ਦੇ ਲਈ ਇਸ ਖੰਡ ਦੇ ਅਧੀਨ ਕੋਈ ਚੋਣ ਕਰਾਉਣਾ ਜ਼ਰੂਰੀ ਹੋਵੇਗਾ।

(4) ਕਿਸੇ ਪੰਚਾਇਤ ਦੀ ਮਿਆਦ ਦੇ ਗੁਜ਼ਰਨ ਤੇ ਪਹਿਲਾਂ ਉਸ ਪੰਚਾਇਤ ਦੇ ਭੰਗ ਕਰਨ ਤੇ ਗਠਤ ਕੀਤੀ ਗਈ ਕੋਈ ਪੰਚਾਇਤ, ਬਾਕੀ ਹਰਿੰਦੀ ਕੇਵਲ ਉਸ ਮੁਦੱਤ ਦੇ ਲਈ ਬਣੀ ਰਹੇਗੀ ਜਿਸ ਦੇ ਲਈ ਭੰਗ ਕੀਤੀ ਗਈ ਪੰਚਾਇਤ ਖੰਡ (1) ਦੇ ਅਧੀਨ ਬਣੀ ਰਹਿੰਦੀ ਹੈ, ਜੋ ਉਹ ਇਸ ਤਰ੍ਹਾਂ ਭੰਗ ਨ ਕੀਤੀ ਜਾਂਦੀ।

Ministry of Law & Justice

ਮੈਂਬਰਸ਼ਿਪ ਲਈ ਨਾਕਾਬਲੀਅਤਾਂ।

243 ਕ. (1) ਕੋਈ ਵਿਅਕਤੀ ਕਿਸੇ ਪੰਚਾਇਤ ਦਾ ਮੈਂਬਰ ਚੁਣੇ ਜਾਣ ਦੇ ਲਈ ਅਤੇ ਮੈਂਬਰ ਹੋਣ ਦੇ ਲਈ ਨਾਕਾਬਲ ਹੋਵੇਗਾ—

(ੳ) ਜੇ ਉਹ ਸੰਬੰਧਤ ਰਾਜ ਦੇ ਵਿਧਾਨ-ਮੰਡਲ ਦੀਆਂ ਚੋਣਾਂ ਦੇ ਪ੍ਰਯੋਜਨਾਂ ਦੇ ਲਈ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਨਾਕਾਬਲ ਕਰ ਦਿੱਤਾ ਜਾਂਣਾ ਹੈ ;

ਪਰੰਤੂ ਕੋਈ ਵਿਅਕਤੀ ਇਸ ਅਧਾਰ ਤੇ ਨਾਕਾਬਲ ਨਹੀਂ ਹੋਵੇਗਾ ਕਿ ਉਸਦੀ ਉਮਰ ਪੱਚੀ ਸਾਲ ਤੋਂ ਘੱਟ ਹੈ, ਜੇ ਉਸ ਨੇ ਇੱਕੀ ਸਾਲ ਦੀ ਉਮਰ ਪ੍ਰਾਪਤ ਕਰ ਲਈ ਹੈ ;

(ਅ) ਜੇ ਉਹ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਇਸ ਤਰ੍ਹਾਂ ਨਾਕਾਬਲ ਕਰ ਦਿੱਤਾ ਜਾਂਦਾ ਹੈ।

(2) ਜੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਪੰਚਾਇਤ ਦਾ ਕੋਈ ਸੱਦਸ ਖੰਡ (1) ਵਿਚ ਜ਼ਿਕਰ ਕੀਤੀ ਕਿਸੇ ਨਾਕਾਬਲਈਅਤ ਦੇ ਤਾਬੇ ਹੋ ਗਿਆ ਹੈ ਜਾਂ ਨਹੀਂ ਤਾਂ ਉਹ ਸਵਾਲ ਅਜਿਹੀ ਅਥਾਰਟੀ ਨੂੰ, ਅਤੇ ਅਜਿਹੇ ਤਰੀਕੇ ਨਾਲ, ਜੋ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ, ਉਪਬੰਧਤ ਕਰੇ, ਫੈਸਲੇ ਦੇ ਲਈ ਹਵਾਲੇ ਕੀਤਾ ਜਾਵੇਗਾ।

ਪੰਚਾਇਤਾਂ ਦੀਆਂ ਸ਼ਕਤੀਆਂ, ਅਥਾਰਟੀ ਅਤੇ ਉਤਰਦਾਇਤਵ।

243 ਖ. ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਪੰਚਾਇਤਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀ ਪ੍ਰਦਾਨ ਕਰ ਸਕੇਗਾ, ਜੋ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ ਸੰਸਥਾਵਾਂ ਵਜੋਂ ਕਾਜਕਾਰ ਕਰਨ ਦੇ ਸਮੱਰਥ ਬਣਾਉਣ ਦੇ ਲਈ ਜ਼ਰੂਰੀ ਹੋਣ ਅਤੇ ਅਜਿਹੇ ਕਾਨੂੰਨ ਵਿਚ ਪੰਚਾਇਤਾਂ ਨੂੰ ਮਨਾਸਬ ਪੱਤਰ ਤੇ, ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਉਸ ਵਿਚ ਉਲਿੱਖਤ ਕੀਤੀਆਂ ਜਾਣ, ਹੇਠ ਲਿਖਿਆਂ ਦੇ ਸੰਬੰਧ ਵਿਚ ਸ਼ਕਤੀਆਂ ਅਤੇ ਉਤਰਦਾਇੱਤਵ ਉਤਰਣ ਦੇ ਲਈ ਉਪਬੰਧ ਕੀਤੇ ਜਾ ਸਕਣਗੇ,

ਅਰਥਾਤ –

(ੳ) ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੇ ਲਈ ਯੋਜਨਾਵਾਂ ਤਿਆਰ ਕਰਨਾ ;

(ਅ) ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੀਆਂ ਅਜਿਹੀਆਂ ਸਕੀਮਾਂ ਨੂੰ, ਜੋ ਉਨ੍ਹਾਂ ਨੂੰ ਸੌਂਪੀਆਂ ਜਾਣ, ਜਿਨ੍ਹਾਂ ਵਿਚ ਉਹ ਸਕੀਮਾਂ ਵੀ ਹਨ ਜੋ ਗਿਆਰਵੀਂ ਅਨੁਸੂਚੀ ਵਿਚ ਸੂਚੀਬੱਧ ਮਾਮਲਿਆਂ ਵਿਚ ਹਨ, ਪਰਿਪਾਲਣ ਕਰਨਾ ।

ਪੰਚਾਇਤਾਂ ਦੁਆਰਾ ਕਰ ਅਰੋਪਣ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਫ਼ੰਡ ।

243 ਗ. ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ,-

(ੳ) ਅਜਿਹੇ ਕਰ, ਸਮੂਲ, ਟੋਲ ਟੈਕਸ ਅਤੇ ਫ਼ੀਸਾਂ ਲਗਾਉਣ, ਉਗਰਾਹੁਣ ਅਤੇ ਨਮਿਤਣ ਦੇ ਲਈ ਕਿਸੇ ਪੰਚਾਇਤ ਨੂੰ ਅਜਿਹੇ ਜ਼ਾਬਤੇ ਦੇ ਅਨੁਸਾਰ ਅਤੇ ਅਜਿਹੇ ਸੀਮਾਵਾਂ ਦੇ ਤਾਬੇ, ਅਧਿਕਾਰਤ ਕਰ ਸਕੇਗਾ ;

(ਅ) ਰਾਜ ਸਰਕਾਰ ਦੁਆਰਾ ਲਗਾਏ ਅਤੇ ਉਗਰਾਹੇ ਅਜਿਹੇ ਕਰ, ਮਸੂਲ, ਟੋਲ ਟੈਕਸ ਅਤੇ ਫ਼ੀਸਾਂ ਕਿਸੇ ਪੰਚਾਇਤ ਨੂੰ, ਅਜਿਹੇ ਪ੍ਰਯੋਜਨਾਂ ਦੇ ਲਈ, ਜਾਂ ਅਜਿਹੀਆਂ ਸ਼ਰਤਾਂ ਅਤੇ ਨਿਬੰਧਨ ਦੇ ਤਾਬੇ, ਸੌਂਪ ਸਕੇਗਾ ;

(ੲ) ਰਾਜ ਦੇ ਸੰਚਤ ਫ਼ੰਡ ਵਿਚੋਂ ਪੰਚਾਇਤਾਂ ਦੇ ਲਈ ਅਜਿਹੀ ਸਹਾਇਤਾ ਧਨਰਾਸ਼ੀ ਦੇਣ ਦੇ ਲਈ ਉਪਬੰਧ ਕਰ ਸਕੇਗਾ ;ਅਤੇ

(ਸ) ਪੰਚਾਇਤਾ ਦੁਆਰਾ ਜਾਂ ਉਨ੍ਹਾਂ ਦੇ ਨਮਿੱਤ ਕ੍ਰਮਵਾਰ ਪ੍ਰਾਪਤ ਕੀਤੇ ਗਏ ਸਾਰੇ ਧਨ ਨੂੰ ਜਮ੍ਹਾਂ ਕਰਨ ਦੇ ਲਈ ਅਜਿਹੇ ਫੰਡਾਂ ਦਾ ਗਠਨ ਕਰਨ ਅਤੇ ਉਨ੍ਹਾਂ ਫੰਡਾਂ ਵਿਚੋਂ ਅਜਿਹੇ ਧਨ ਨੂੰ ਕਢਾਵਾਉਣ ਦੇ ਲਈ ਵੀ ਉਪਬੰਧ ਕਰ ਸਕੇਗਾ,

ਜੋ ਕਾਨੂੰਨ ਵਿਚ ਉਲਿਖੱਤ ਹੋਵੇ ।

ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰਨ ਦੇ ਲਈ

243 ਘ.(1) ਰਾਜ ਦਾ ਰਾਜਪਾਲ, ਸੰਵਿਧਾਨ (ਤਿਹਤਰਵੀਂ ਸੋਧ) ਐਕਟ, 1992 ਦੇ ਅਰੰਭ ਤੋਂ ਇਕ ਸਾਲ ਅੰਦਰ ਜਿੰਨਾਂ ਛੇਤੀ ਸੰਭਵ ਹੋ ਸਕੇ, ਅਤੇ ਉਸ ਤੋਂ ਬਾਅਦ, ਹਰਿਕ ਪੰਜਵੇਂ ਸਾਲ ਦੇ ਗੁਜ਼ਰਨਰ ਤੇ, ਵਿੱਤ ਕਮਿਸ਼ਨ

Ministry of Law & Justice

ਵਿੱਤ ਕਮਿਸ਼ਨ ਦਾ ਗਠਨ ।

ਦਾ ਗਠਨ ਕਰੇਗਾ ਜੋ ਪੰਚਾਇਤਾ ਦੀ ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰੇਗਾ, ਅਤੇ ਜੋ—

(ੳ) (i) ਰਾਜ ਦੁਆਰਾ ਲਗਾਉਣਯੋਗ ਦਰਾਂ, ਮਸੂਲਾਂ, ਟੋਲ ਟੈਕਸਾਂ, ਅਤੇ ਫ਼ੀਸਾਂ ਦੀਆਂ ਅਜਿਹੀਆਂ ਕੁੱਲ ਵੱਟਕਾਂ ਦੇ ਰਾਜ ਅਤੇ ਪੰਚਾਇਤਾਂ ਦੇ ਵਿਚਕਾਰ, ਜੋ ਇਸ ਭਾਗ ਦੇ ਅਧੀਨ ਉਨ੍ਹਾਂ ਵਿਚਕਾਰ ਵੰਡ ਕੀਤੀ ਜਾਵੇ, ਵੰਡ ਨੂੰ ਸਾਰੇ ਪੱਧਰਾਂ ਦੇ ਪੰਚਾਇਤਾਂ ਵਿਚਕਾਰ ਅਜਿਹੀ ਵੱਟਕਾਂ ਦੇ ਕ੍ਰਮਵਾਰ ਹਿੱਸੇ ਦੇ ਟਿੱਕਣ ਨੂੰ ;

(ii) ਅਜਿਹੇ ਕਰਾਂ, ਮਸੂਲਾਂ,ਟੋਲ ਟੈਕਸਾਂ ਅਤੇ ਫ਼ੀਸਾਂ ਦੇ ਤੈਅ ਕਰਨ ਨੂੰ, ਜੋ ਪੰਚਾਇਤਾਂ ਨੂੰ ਸੌਂਪੇ ਜਾ ਸਰਣਗੇ ਜਾਂ ਉਨ੍ਹਾਂ ਦੇ ਦੁਆਰਾ ਨਮਿੱਤਣ ਕੀਤਾ ਜਾ ਸਕੇਗਾ ;

(iii) ਰਾਜ ਦੇ ਸੰਚਤ ਫ਼ੰਡਾਂ ਵਿਚੋਂ ਪੰਚਾਇਤਾਂ ਦੇ ਲਈ ਸਹਾਇਤਾ ਧਨਰਾਸ਼ੀ ਨੂੰ,

ਸ਼ਾਸਤ ਕਰਨ ਵਾਲੇ ਸਿਧਾਂਤਾਂ ਦੇ ਬਾਰੇ ਵਿਚ ;

(ਅ) ਪੰਚਾਇਤਾਂ ਦੀ ਵਿੱਤੀ ਸਥਿੱਤੀ ਨੂੰ ਸੁਧਾਰਨ ਦੇ ਲਈ ਜ਼ਰੂਰੀ ਉਪਾਵਾਂ ਦੇ ਬਾਰੇ ਵਿਚ ;

(ਇ) ਪੰਚਾਇਤਾਂ ਦੇ ਮਜਬੂਤ ਵਿੱਤ ਦੇ ਹਿੱਤ ਵਿਚ ਰਾਜਪਾਲ ਦੁਆਰਾ ਵਿੱਤ ਕਮਿਸ਼ਨ ਨੂੰ ਹਵਾਲੇ ਕੀਤੇ ਗਏ ਕਿਸੇ ਹੋਰ ਮਾਮਲੇ ਦੇ ਬਾਰੇ ਵਿਚ,

ਰਾਜਪਾਲ ਨੂੰ ਸਿਫ਼ਾਰਸ਼ ਕਰੇਗਾ ।

(2) ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਕਮਿਸ਼ਨ ਦੀ ਰਚਨਾ ਦਾ, ਉਨ੍ਹਾਂ ਨਾਕਾਬਲੀਅਤਾਂ ਦਾ, ਜੋ ਕਮਿਸ਼ਨ ਦੇ ਮੈਂਬਰਾਂ ਵਜੋਂ ਨਿਯੁਕਤੀ ਲਈ ਲੋੜੀਦੀਆਂ ਹੋਣਗੀਆਂ, ਅਤੇ ਉਸ ਤਰੀਕੇ ਦਾ, ਜਿਸ ਨਾਲ ਉਨ੍ਹਾਂ ਦਾ ਚੋਣ ਕੀਤੀ ਜਾਵੇਗੀ, ਉਪਬੰਧ ਕਰ ਸਕੇਗਾ ।

(3) ਕਮਿਸ਼ਨ ਆਪਣਾ ਜ਼ਾਬਤਾ ਨਿਰਧਾਰਤ ਕਰੇਗਾ ਅਤੇ ਉਸ ਨੂੰ ਆਪਣੇ ਕਾਜਕਾਰ ਨਿਭਾਉਣ ਲਈ ਅਜਿਹੀਆਂ ਸ਼ਕਤੀਆਂ ਹੋਣਗੀਆਂ ਜੋ ਰਾਜ ਦਾ



Ministry of Law & Justice

ਵਿਧਾਨ-ਮੰਡਲ, ਕਾਨੂੰਨ ਦੁਆਰਾ, ਉਸ ਨੂੰ ਪ੍ਰਦਾਨ ਕਰੇ ।

(4) ਰਾਜਪਾਲ ਇਸ ਅਨੁਛੇਦ ਅਧੀਨ ਕਮਿਸ਼ਨ ਦੁਆਰਾ ਕੀਤੀ ਗਈ ਹਰਿਕ ਸਿਫ਼ਾਰਸ਼ ਨੂੰ, ਉਸ ਤੇ ਕੀਤੀ ਗਈ ਕਾਰਵਾਈ ਦੇ ਸਵੈ-ਸਪੱਸ਼ਟ ਯਾਦ-ਪੱਤਰ ਸਮੇਤ, ਰਾਜ ਦੇ ਵਿਧਾਨ-ਮੰਡਲ ਦੇ ਅੱਗੇ ਰਖਵਾਏਗਾ ।

ਪੰਚਾਇਤਾਂ ਦੇ ਲੇਖਿਆਂ ਦਾ ਆਡਿਟ ।

243ਝ. ਕਿਸੇ ਰਾਜ ਦੀ ਵਿਧਾਨ-ਮੰਡਲ, ਕਾਨੂੰਨ ਦੁਆਰਾ, ਪੰਚਾਇਤਾਂ ਦੁਆਰਾ ਲੇਖੇ ਰੱਖੇ ਜਾਣ ਅਤੇ ਅਜਿਹੇ ਲੇਖਿਆਂ ਦੀ ਆਡਿਟ ਕਰਨ ਦੇ ਬਾਰੇ ਵਿਚ ਉਪਬੰਧ ਕਰ ਸਕੇਗਾ ।

ਪੰਚਾਇਤਾਂ ਲਈ ਚੋਣ ।

243 ਚ. (1) ਪੰਚਾਇਤਾਂ ਦੇ ਲਈ ਕਰਵਾਈਆਂ ਜਾਣ ਵਾਲੀਆਂ ਸਾਰੀਆਂ ਚੋਣਾਂ ਦੇ ਲਈ ਚੋਣ ਸੂਚੀ ਤਿਆਰ ਕਰਵਾਉਣ ਦਾ ਅਤੇ ਉਨ੍ਹਾਂ ਸਾਰੀਆਂ ਚੋਣਾਂ ਦੇ ਸੰਚਾਲਨ ਦੀ ਨਿਗਰਾਨੀ, ਨਿਦੇਸ਼ ਅਤੇ ਨਿਯੰਤਰਨ ਇਕ ਰਾਜ ਚੋਣ ਕਮਿਸ਼ਨ ਨੂੰ ਨਿਹਿਤ ਹੋਵੇਗਾ, ਜਿਸ ਵਿਚ ਇਕ ਰਾਜ ਚੋਣ ਕਮਿਸ਼ਨਰ ਹੋਵੇਗਾ, ਜੋ ਰਾਜਪਾਲ ਦੁਆਰਾ ਨਿਯੁਕਤ ਕੀਤਾ ਜਾਵੇਗਾ ।

(2) ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਰਾਜ ਚੋਣ ਕਮਿਸ਼ਨਰ ਦੀਆਂ ਸੇਵਾ ਸ਼ਰਤਾਂ ਅਤੇ ਅਹੁੱਦੇ ਦੀ ਅਉਧ ਅਜਿਹੀ ਹੋਵੇਗੀ ਜੋ ਰਾਜਪਾਲ ਨਿਯਮਾਂ ਦੁਆਰਾ ਤੈਅ ਕਰੇ :

ਪਰੰਤੂ ਰਾਜ ਚੋਣ ਕਮਿਸ਼ਨਰ ਨੂੰ ਉਸ ਦੇ ਅਹੁੱਦੇ ਤੋਂ ਉਸੇ ਤਰੀਕੇ ਨਾਲ ਅਤੇ ਉਨ੍ਹਾਂ ਹੀ ਅਧਾਰਾਂ ਤੇ ਹਟਾਇਆ ਜਾਵੇਗਾ, ਜਿਸ ਤਰੀਕੇ ਨਾਲ ਅਤੇ ਜਿਨ੍ਹਾਂ ਅਧਾਰਾਂ ਤੇ ਉਚ ਅਦਾਲਤ ਦੇ ਜੱਜ ਨੂੰ ਹਟਾਇਆ ਜਾਂਦਾ ਹੈ, ਹੋਰਵੇਂ ਨਹੀਂ ਅਤੇ ਰਾਜ ਚੋਣ ਕਮਿਸ਼ਨਰ ਦੀਆਂ ਸੇਵਾ ਦੀਆਂ ਸ਼ਰਤਾਂ ਉਸ ਦੀ ਨਿਯੁਕਤੀ ਦੇ ਪਿੱਛੋਂ ਉਸ ਦੇ ਲਈ ਅਲਾਭਕਾਰੀ ਬਦਲਾ ਨਹੀਂ ਕੀਤਾ ਜਾਵੇਗਾ ।

(3) ਜਦ ਰਾਜ ਚੋਣ ਕਮਿਸ਼ਨ ਇਸ ਤਰ੍ਹਾਂ ਬੇਨਤੀ ਕਰੇ ਤਦ ਕਿਸੇ ਰਾਜ ਦਾ ਰਾਜਪਾਲ, ਰਾਜ ਚੋਣ ਕਮਿਸ਼ਨ ਨੂੰ ਉਨ੍ਹਾਂ ਅਮਲਾ ਉਪਲੱਬਧ ਕਰਵਾਏਗਾ ਜਿੰਨ੍ਹਾਂ ਖੰਡ (1) ਦੁਆਰਾ ਰਾਜ ਚੋਣ ਕਮਿਸ਼ਨ ਨੂੰ ਉਸ ਨੂੰ ਸੌਂਪੇ ਗਏ ਕਾਜਕਾਰ ਦੇ ਨਿਭਾਉਣ ਲਈ ਜ਼ਰੂਰੀ ਹੋਵੇ ।

Ministry of Law & Justice

(4) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਪੰਚਾਇਤਾਂ ਦੀਆਂ ਚੋਣਾਂ ਨਾਲ ਸੰਬੰਧਤ ਜਾਂ ਉਸ ਦੇ ਤਲੱਕ ਸਾਰੇ ਮਾਮਲਿਆਂ ਦੇ ਸੰਬੰਧ ਵਿਚ ਉਪਬੰਧ ਕਰ ਸਕੇਗਾ।

ਸੰਘ ਰਾਜ ਖੇਤਰਾਂ ਨੂੰ ਲਾਗੂ ਹੋਣਾ।

243 ਛ. ਇਸ ਭਾਗ ਦੇ ਉਪਬੰਧ ਸੰਘ ਰਾਜਖੇਤਰਾਂ ਨੂੰ ਲਾਗੂ ਹੋਣਗੇ ਅਤੇ ਕਿਸੇ ਰਾਜ ਖੇਤਰ ਨੂੰ ਉਨ੍ਹਾਂ ਦੇ ਲਾਗੂ ਹੋਣ ਵਿਚ ਇਸ ਤਰ੍ਹਾਂ ਪ੍ਰਭਾਵੀ ਹੋਣਗੇ ਮਾਨੋ ਕਿਸੇ ਰਾਜ ਦੇ ਰਾਜਪਾਲ ਦੇ ਪ੍ਰਤੀ ਹਵਾਲੇ, ਅਨੁਛੇਦ 239 ਦੇ ਅਧੀਨ ਨਿਯੁਕਤ ਸੰਘ ਰਾਜਖੇਤਰ ਦੇ ਪ੍ਰਸ਼ਾਸ਼ਕ ਤੇ ਪ੍ਰਤਿ ਹਵਾਲੇ ਹੋਣ ਅਤੇ ਕਿਸੇ ਰਾਜ ਦੇ ਵਿਧਾਨ-ਮੰਡਲ ਜਾਂ ਸਭਾ ਦੇ ਪ੍ਰਤਿ ਹਵਾਲੇ, ਕਿਸੇ ਅਜਿਹੇ ਸੰਘ ਰਾਜ ਖੇਤਰ ਦੇ ਸੰਬੰਧ ਵਿਚ, ਜਿਸ ਵਿਚ ਵਿਧਾਨ ਸਭਾ ਹੈ, ਉਸ ਵਿਧਾਨ-ਸਭਾ ਦੇ ਪ੍ਰਤਿ ਹਵਾਲਾ ਹੋਵੇ :

ਪਰੰਤੂ ਰਾਸ਼ਟਰਪਤੀ, ਲੋਕ ਅਧਿਸੂਚਨਾ ਦੁਆਰਾ, ਇਹ ਨਿਦੇਸ਼ ਦੇ ਸਕੇਗਾ ਕਿ ਇਸ ਭਾਗ ਦੇ ਉਪਬੰਧ ਕਿਸੇ ਸੰਘ ਰਾਜਖੇਤਰ ਜਾਂ ਉਸਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ, ਲਾਗੂ ਹੋਣਗੇ, ਜੋ ਉਹ ਅਧਿਸੂਚਨਾ ਵਿਚ ਉਲਿੱਖਤ ਕਰੇ।

ਇਸ ਭਾਗ ਦਾ ਕੁਝ ਕੁ ਖੇਤਰਾਂ ਤੇ ਲਾਗੂ ਨ ਹੋਣਾ।

243ਜ.(1) ਇਸ ਭਾਗ ਦੀ ਕੋਈ ਗੱਲ ਅਨੁਛੇਦ 244 ਕੇ ਖੰਡ (1) ਵਿਚ ਉਲਿੱਖਤ ਅਨੁਸੂਚਿਤ ਖੇਤਰਾਂ ਅਤੇ ਉਸ ਦੇ ਖੰਡ (2) ਵਿਚ ਉਲਿੱਖਤ ਜਨਜਾਤੀ ਖੇਤਰਾਂ ਨੂੰ ਲਾਗੂ ਨਹੀਂ ਹੋਵੇਗੀ।

(2) ਇਸ ਭਾਗ ਦੀ ਕੋਈ ਗੱਲ ਹੇਠ ਲਿਖਿਆਂ ਤੇ ਲਾਗੂ ਨਹੀਂ ਹੋਵੇਗੀ, ਅਰਥਾਤ :-

(ੳ) ਨਾਗਾਲੈਂਡ, ਮੇਘਾਲਿਆ ਅਤੇ ਮਿਜੋਰਮ ਰਾਜ;

(ਅ) ਮਨੀਪੁਰ ਰਾਜ ਵਿਚ ਅਜਿਹੇ ਪਹਾੜੀ ਖੇਤਰ ਜਿਨ੍ਹਾਂ ਦੇ ਲਈ ਤੱਤਸਮੇਂ ਨਾਫ਼ਜ ਕਿਸੇ ਕਾਨੂੰਨ ਦੇ ਅਧੀਨ ਜਿਲ੍ਹਾਂ ਪਰਿਸ਼ਦ ਮੌਜੂਦ ਹਨ।

(3) ਇਸ ਭਾਗ ਦੀ—

Ministry of Law & Justice

(ੳ) ਕੋਈ ਗੱਲ ਜਿਲ੍ਹਾ ਪੱਧਰ ਤੇ ਪੰਚਾਇਤਾ ਦੇ ਸੰਬੰਧ ਵਿਚ ਪੱਛਮੀ ਬੰਗਾਲ ਰਾਜ ਦੇ ਦਾਰਜ਼ਲਿੰਗ ਜਿਲ੍ਹੇ ਦੇ ਅਜਿਹੇ ਪਰਾੜੀ ਇਲਾਇਆਂ ਨੂੰ ਲਾਗੂ ਨਹੀਂ ਹੋਵੇਗੀ ਜਿਨ੍ਹਾਂ ਦੇ ਲਈ ਤੱਤਸਮੇਂ ਨਾਫ਼ਜ ਕਿਸੇ ਕਾਨੂੰਨ ਅਧੀਨ ਦਾਰਜਲਿੰਗ ਗੋਰਖਾ ਪਰਿਸ਼ਦ ਮੈਜੂਦ ਹੈ ;

(ਅ) ਕਿਸੇ ਗੱਲ ਦਾ ਇਹ ਅਰਥ ਨਹੀਂ ਲਗਾਇਆ ਜਾਵੇਗਾ ਕਿ ਉਹ ਅਜਿਹੇ ਕਾਨੂੰਨ ਦੇ ਅਧੀਨ ਗਠਤ ਦਾਰਜ਼ਲਿੰਗ ਗੋਰਖਾ ਪਹਾੜੀ ਪਰਿਸ਼ਦ ਦੇ ਕਾਜਕਾਰਾਂ ਅਤੇ ਸ਼ਕਤੀਆਂ ਤੇ ਪ੍ਰਭਾਵ ਪਾਉਂਦੀ ਹੈ ।

[2](3 ੳ) ਅਨੁਸੂਚਿਤ ਜਾਤੀਆਂ ਦੇ ਲਈ ਸੀਟਾਂ ਦੇ ਰਾਖਵੇਂਕਰਣ ਨਾਲ ਸੰਬੰਧ 243 ਸ ਦੀ ਕੋਈ ਗੱਲ ਅਰੁਣਾਚਲ ਪ੍ਰਦੇਸ਼ ਰਾਜ ਨੂੰ ਲਾਗੂ ਨਹੀਂ ਹੋਵੇਗੀ ।

(4) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,--

(ੳ) ਖੰਡ (2) ਤੇ ਉਪਖੰਡ (ੳ) ਵਿਚ ਹਵਾਲਾ ਦਿੱਤੇ ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਇਸ ਭਾਗ ਦਾ ਵਿਸਤਾਰ, ਖੰਡ (1) ਵਿਚ ਹਵਾਲਾ ਦਿੱਤੇ ਖੇਤਰਾਂ ਦੇ ਸਿਵਾਏ, ਜੇ ਕੋਈ ਹੋਵੇ, ਉਸ ਰਾਜ ਤੇ ਉਸ ਸੂਰਤ ਵਿਚ ਕਰ ਸਕੇਗਾ ਜਦ ਉਸ ਰਾਜ ਦੀ ਵਿਧਾਨ-ਸਭਾ ਇਸ ਇਰਾਦੇ ਦਾ ਇਕ ਮਤਾ ਉਸ ਸਦਨ ਦੇ ਕੁੱਲ ਮੈਂਬਰਾਂ ਦੀ ਗਿਣਤੀ ਦੀ ਗਿਣਤੀ ਦੇ ਬਹੁਮਤ ਦੁਆਰਾ ਉਤੇ ਉਸ ਸਦਨ ਦੇ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਘੱਟ ਤੋਂ ਘੱਟ ਦੋ ਤਿਹਾਈ ਬਹੁਮਤ ਦੁਆਰਾ ਪਾਸ ਕਰ ਦਿੱਤੀ ਹੈ;

(ਅ) ਸੰਸਦ, ਕਾਨੂੰਨ ਦੁਆਰਾ, ਇਸ ਭਾਗ ਦੇ ਉਪਬੰਧਾਂ ਦਾ ਵਿਸਤਾਰ ਖੰਡ (1) ਵਿਚ ਹਵਾਲਾ ਦਿੱਤੇ ਅਨੁਸੂਚਿਤ ਖੇਤਰਾਂ ਅਤੇ ਕਬਾਇਲੀ ਖੇਤਰਾਂ ਤੇ, ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ, ਕਰ ਸਕੇਗੀ, ਜੋ ਅਜਿਹੇ ਕਾਨੂੰਨ ਵਿਚ ਉਲਿੱਖਤ ਕੀਤੇ ਜਾਣ ਅਤੇ ਅਜਿਹੇ ਕਿਸੇ ਕਾਨੂੰਨ ਨੂੰ ਅਨੁਛੇਦ 368 ਦੇ ਪ੍ਰਯੋਜਨਾਂ ਦੇ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝਿਆ ਜਾਵੇਗਾ ।

[2] ਸੰਵਿਧਾਨ (ਤਰਾਸਵੀਂ ਸੋਧ) ਐਕਟ, 2000 ਦੀ ਧਾਰਾ 2 ਦੁਆਰਾ ਅੰਤਰਸਤਾਪਤ ।



Ministry of Law & Justice

ਮੌਜੂਦਾ ਕਾਨੂੰਨਾਂ ਅਤੇ ਪੰਚਾਇਤਾਂ ਦਾ ਬਣਿਆ ਰਹਿਣਾ।

243ਝ. ਇਸ ਭਾਗ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਵਿਧਾਨ ਦੀ (ਤਿਹਤਰਵੀਂ ਸੋਧ) ਐਕਟ, 1992 ਦੇ ਅਰੰਭ ਤੇ ਤੁਰੰਤ ਪਹਿਲਾਂ ਕਿਸੇ ਰਾਜ ਵਿਚ ਨਾਫ਼ਜ ਪੰਚਾਇਤਾਂ ਨਾਲ ਸੰਬੰਧਤ ਕਿਸੇ ਕਾਨੂੰਨ ਦਾ ਕੋਈ ਉਪਬੰਧ, ਜੋ ਇਸ ਭਾਗ ਦੇ ਉਪਬੰਧਾਂ ਨਾਲ ਅਸੰਗਤ ਹੈ, ਜਦ ਤੱਕ ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸਮਰੱਥ ਅਥਾਰਟੀ ਉਸ ਨੂੰ ਸੋਧਿਆਂ ਜਾਂ ਨਿਰਸਤ ਨਹੀਂ ਕਰ ਦਿੱਤਾ ਜਾਂਦਾ ਹੈ ਜਾਂ ਜਦ ਤੱਕ ਅਜਿਹੇ ਅਰੰਭ ਤੋਂ ਇਕ ਸਾਲ ਗੁਜ਼ਰ ਨਹੀਂ ਜਾਂਦਾ ਹੈ, ਇੰਨ੍ਹਾਂ ਵਿਚ ਜੋ ਵੀ ਪਹਿਲਾਂ ਹੋਵੇ, ਤਦ ਤੱਕ ਨਾਫ਼ਜ਼ ਬਣਿਆ ਰਹੇਗਾ।

ਪਰੰਤੂ ਅਜਿਹੇ ਅਰੰਭ ਦੇ ਠੀਕ ਪਹਿਲਾਂ ਮੌਜੂਦਾ ਸਭ ਪੰਚਾਇਤਾਂ,ਜੇਕਰ ਉਸ ਰਾਜ ਦੀ ਵਿਧਾਨ-ਸਭਾ ਦੁਆਰਾ ਜਾਂ ਅਜਿਹੇ ਰਾਜ ਦੀ ਸੂਰਤ ਵਿਚ, ਜਿਸ ਵਿਚ ਵਿਧਾਨ-ਪਰਿਸ਼ਦ ਹੈ, ਉਸ ਰਾਜ ਦੇ ਵਿਧਾਨ-ਮੰਡਲ ਦੇ ਹਰੇਕ ਸਦਨ ਦੁਆਰਾ ਪਾਸ ਇਸ ਇਰਾਦੇ ਦੇ ਮਤੇ ਦੁਆਰਾ ਪਹਿਲਾਂ ਹੀ ਭੰਗ ਨਹੀਂ ਕਰ ਦਿੱਤੀ ਜਾਂਦੀ ਹੈ ਤਾਂ, ਆਪਣੀ ਮਿਆਦ ਦੇ ਗੁਜ਼ਰਨ ਤੱਕ ਬਣੀ ਰਹੇਗੀ।

ਚੋਣ ਮਾਮਲਿਆਂ ਵਿਚ ਅਦਾਲਤਾਂ ਦੁਆਰਾ ਦਖ਼ਲ ਤੇ ਰੋਕ।

243 ਞ. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ,--

(ੳ) ਅਨੁਛੇਦ 243ਚ ਦੇ ਅਧੀਨ ਬਣਾਈ ਗਈ ਜਾਂ ਬਣਾਈ ਜਾਣ ਦੇ ਲਈ ਸੰਬੰਧਤ ਕਿਸੇ ਅਜਿਹੇ ਕਾਨੂੰਨ ਦੀ ਜਾਇਜ਼ਤਾ, ਜੋ ਚੋਣ ਖੇਤਰਾਂ ਦੀ ਹੱਦਬੰਦੀ ਜਾਂ ਅਜਿਹੇ ਚੋਣ ਖੇਤਰ ਦੀਆਂ ਸੀਟਾਂ ਦੇ ਟਿੱਕਣ (ਐਲਾਟਮੈਂਟ) ਨਾਲ ਸੰਬੰਧਤ ਹੈ, ਕਿਸੇ ਅਦਾਲਤ ਵਿਚ ਉਜ਼ਰ ਨਹੀਂ ਕੀਤਾ ਜਾਵੇਗਾ ;

(ਅ) ਕਿਸੇ ਪੰਚਾਇਤ ਦੇ ਲਈ ਕੋਈ ਚੋਣ, ਅਜਿਹੀ ਚੋਣ ਅਰਜੀ ਤੇ ਹੀ ਉਜ਼ਰ ਕੀਤਾ ਜਾਵੇਗਾ ਜੋ ਅਜਿਹੀ ਅਥਾਰਟੀ ਨੂੰ ਅਤੇ ਅਜਿਹੇ ਤਰੀਕੇ ਨਾਲ ਪੇਸ਼ ਕੀਤੀ ਗਈ ਹੈ, ਜਿਸ ਦਾ ਕਿਸੇ "ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਜਾਂ ਉਸਦੇ ਅਧੀਨ ਉਪਬੰਧ ਕੀਤਾ ਜਾਵੇ, ਹੋਰਵੇਂ ਨਹੀਂ।

Ministry of Law & Justice

## [1][ਭਾਗ IX ੳ

## ਨਗਰਪਾਲਿਕਾਵਾਂ

ਪਰਿਭਾਸ਼ਾਵਾਂ. । 243.ਟ ਇਸ ਭਾਗ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,-

(ੳ) "ਕਮੇਟੀ" ਦਾ ਮਤਲਬ ਹੈ ਅਨੁਛੇਦ 243 ਢ ਅਧੀਨ ਗਠਤ ਕਮੇਟੀ ;

(ਅ) "ਜਿਲ੍ਹਾਂ" ਦਾ ਮਤਲਬ ਹੈ ਰਾਜ ਵਿਚ ਜਿਲ੍ਹਾ;

(ੲ) "ਮਹਾਨਗਰ ਖੇਤਰ" ਦਾ ਮਤਲਬ ਹੈ ਦਸ ਲੱਖ ਜਾਂ ਉਸ ਤੋਂ ਵੱਧ ਜਨ ਸੰਖਿਆ ਵਾਲਾ ਅਜਿਹਾ ਖੇਤਰ ਜਿਸ ਵਿਚ ਇੱਕ ਜਾਂ ਵੱਧ ਜਿਲ੍ਹੇ ਸਮਾਵਿਸ਼ਟ ਹਨ ਅਤੇ ਜੋ ਦੋ ਜਾਂ ਵੱਧ ਨਗਰਪਾਲਿਕਾਵਾਂ ਜਾਂ ਪੰਚਾਇਤਾਂ ਜਾਂ ਹੋਰ ਲਗਵੇਂ ਖੇਤਰਾਂ ਤੋਂ ਮਿਲਕੇ ਬਣਦਾ ਹੈ ਜਾਂ ਜਿਸ ਨੂੰ ਰਾਜਪਾਲ, ਇਸ ਭਾਗ ਦੇ ਪ੍ਰਯੋਜਨਾਂ ਦੇ ਲਈ, ਲੋਕ ਅਧਿਸੂਚਨਾ ਦੁਆਰਾ, ਮਹਾਨਗਰ ਖੇਤਰ ਦੇ ਰੂਪ ਉਲਿੱਖਤ ਕਰੇਂ ;

(ਸ) "ਨਗਰਪਾਲਿਕਾ ਖੇਤਰ" ਦਾ ਮਤਲਬ ਹੈ ਰਾਜਪਾਲ ਦੁਆਰਾ ਅਧਿਸੂਚਤ ਕਿਸੇ ਨਗਰਪਾਲਿਕਾ ਦਾ ਪ੍ਰਦੇਸ਼ਕ ਖੇਤਰ;

(ਹ) "ਨਗਰਪਾਲਿਕਾ" ਦਾ ਮਤਲਬ ਹੈ ਅਨੁਛੇਦ 243ਠ ਦੇ ਅਧੀਨ ਗਠਤ ਸਵੈ-ਸ਼ਾਸਨ ਦੀ ਕੋਈ ਸੰਸਥਾ;

(ਕ) "ਪੰਚਾਇਤ" ਦਾ ਮਤਲਬ ਹੈ ਅਨੁਛੇਦ 243ਅ ਦੇ ਅਧੀਨ ਗਠਤ ਕੋਈ ਪੰਚਾਇਤ;

(ਖ) "ਜਨ ਸੰਖਿਆ" ਦਾ ਮਤਲਬ ਹੈ ਅੰਤਮ ਪੂਰਵਵਰਤੀ ਜਨ-ਗਣਨਾ ਵਿਚ ਨਿਸਚਤ ਕੀਤੀ ਗਈ ਜਨ ਸੰਖਿਆ ਜਿਸ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਹੋ ਚੁੱਕੇ ਹਨ ।

[1] ਸੰਵਿਧਾਨ (ਚੋਹਤਰਵੀਂ ਸੋਧ) ਐਕਟ, 1992 ਦੀ ਦਾਰਾ 2 ਦੁਆਰਾ (01.06.1993 ਤੋਂ) ਅੰਤਰਸਥਾਪਤ ।

ਨਗਰਪਾਲਿਕਾਵਾਂ ਦਾ ਗਠਨ।

243ਠ. (1) ਹਰਿਕ ਰਾਜ ਵਿਚ, ਇਸ ਭਾਗ ਦੇ ਉਪਬੰਧਾਂ ਦੇ ਅਨੁਸਾਰ -

(ੳ) ਕਿਸੇ ਅੰਤਰਕਾਲੀ ਖੇਤਰ ਦੇ ਲਈ, ਅਰਥਾਤ, ਪੇਂਡੂ ਖੇਤਰ ਤੋਂ ਸ਼ਹਿਰੀ ਖੇਤਰ ਵਿਚ ਅੰਤਰਕਾਲ ਖੇਤਰ ਦੇ ਲਈ ਕੋਈ ਨਗਰ ਪੰਚਾਇਤ ਦਾ (ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ);

(ਅ) ਕਿਸੇ ਲਘੁ ਸ਼ਹਿਰੀ ਖੇਤਰ ਦੇ ਲਈ ਨਗਰਪਾਲਿਕਾ ਪਰਿਸ਼ਦ ਦਾ ;ਅਤੇ

(ੲ) ਕਿਸੇ ਦੀਰਘ ਸ਼ਹਿਰੀ ਖੇਤਰ ਤੇ ਲਈ ਨਗਰਨਿਗਮ ਦਾ, ਗਠਨ ਕੀਤਾ ਜਾਵੇਗਾ

ਪਰੰਤੂ ਇਸ ਖੰਡ ਦੇ ਅਧੀਨ ਕੋਈ ਨਗਰਪਾਲਿਕਾ ਅਜਿਹੇ ਸ਼ਹਿਰੀ ਖੇਤਰ ਜਾਂ ਉਸਦੇ ਕਿਸ ਭਾਗ ਵਿਚ ਗਠਤ ਨਹੀਂ ਕੀਤੀ ਜਾ ਸਕੇਗੀ ਜਿਸ ਨੂੰ ਰਾਜਪਾਲ, ਖੇਤਰ ਦੇ ਅਕਾਰ ਅਤੇ ਉਸ ਖੇਤਰ ਵਿਚ ਉਦਯੋਗਕ ਸਥਾਪਨ ਦੁਆਰਾ ਦਿਤੀ ਜਾ ਰਹੀਆਂ ਜਾਂ ਤਜਵੀਜ ਕੀਤੀਆਂ ਨਗਰਪਾਲਕ ਸੇਵਾਵਾਂ ਅਤੇ ਅਜਿਹੀਆਂ ਹੋਰ ਗੱਲਾਂ ਨੂੰ, ਜੋ ਉਹ ਠੀਕ ਸਮਝੇ, ਧਿਆਨ ਵਿਚ ਰੱਖਦੇ ਹੋਏ, ਲੋਕ ਅਧਿਸੂਚਨਾ ਦੁਆਰਾ, ਉਦਯੋਗਤ ਨਗਰਾਂ ਦੇ ਰੂਪ ਵਿਚ ਉਲਿੱਖਤ ਕਰੇ।

(2) ਇਸ ਅਨੁਛੇਦ ਵਿਚ, ਅੰਤਰਕਾਲੀ ਖੇਤਰ, ਲਘੁ ਸ਼ਹਿਰੀ ਖੇਤਰ ਜਾਂ "ਦੀਰਘ ਸ਼ਹਿਰੀ ਖੇਤਰ" ਤੋਂ ਅਜਿਹਾ ਖੇਤਰ ਮਤਲਬ ਹੈ ਜਿਸ ਨੂੰ ਰਾਜਪਾਲ, ਇਸ ਭਾਗ ਦੇ ਪ੍ਰਯੋਜਨਾਂ ਦੇ ਲਈ, ਉਸ ਖੇਤਰ ਦੀ ਜਨ ਸੰਖਿਆ, ਉਸ ਵਿਚ ਜਨ ਸੰਖਿਆ ਦੀ ਘਣੱਤਾ, ਸਥਾਨਕ ਪ੍ਰਸ਼ਾਸਨ ਦੇ ਲਈ ਉਤਪੰਨ ਰੈਵਿਨਿਊ, ਖੇਤੀ ਤੋਂ ਬਿਨਾਂ ਸਰਗਰਮੀਆਂ ਵਿਚ ਨਿਯੋਜਨ ਦੀ ਪ੍ਰਤਿਸ਼ਤਤਾ, ਆਰਥਿਕ ਮਹੱਤਵ ਜਾਂ ਅਜਿਹੀਆਂ ਹੋਰ ਗੱਲਾਂ ਨੂੰ, ਜੋ ਉਹ ਠੀਕ ਸਮਝੇ, ਧਿਆਨ ਵਿਚ ਰੱਖਦੇ ਹੋਏ, ਲੋਕ ਅਧਿਸੂਚਨਾ ਦੁਆਰਾ, ਉਲਿੱਖਤ ਕਰੇ।

ਨਗਰਪਾਲਿਕਾਵਾਂ ਦੀ ਰਚਨਾ।

243 ਡ. (1) ਖੰਡ 2 ਵਿਚ ਜਿਵੇਂ ਉਪਬੰਧਤ ਹੈ ਉਸਦੇ ਸਿਵਾਏ, ਕਿਸੇ ਨਗਰਪਾਲਿਕਾ ਦੀਆਂ ਸਾਰੀਆਂ ਸੀਟਾਂ, ਨਗਰਪਾਲਿਕਾ ਖੇਤਰ ਵਿਚ



Ministry of Law & Justice

ਪ੍ਰਦੇਸ਼ਕ ਚੋਣ ਖੇਤਰਾਂ ਤੋਂ ਸਿੱਧੀ ਚੋਣ ਦੁਆਰਾ ਚੁੱਣੇ ਹੋਏ ਵਿਅਕਤੀਆਂ ਦੁਆਰਾ ਭਰੀਆਂ ਜਾਣਗੀਆਂ ਅਤੇ ਇਸ ਪ੍ਰਯੋਜਨ ਦੇ ਲਈ, ਹਰਿਕ ਨਗਰਪਾਲਿਕਾ ਖੇਤਰ ਦੀ ਪ੍ਰਦੇਸ਼ਕ ਚੋਣ ਖੇਤਰ ਵਿਚ ਵੰਡ ਕੀਤੀ ਜਾਵੇਗੀ ਜੋ ਵਾਰਡ ਦੇ ਨਾਂ ਨਾਲ ਜਾਣੀ ਜਾਵੇਗੀ ।

(2) ਕਿਸੇਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, -

(ੳ) ਨਗਰਪਾਲਿਕਾ ਵਿਚ,-

(i) ਨਗਰਪਾਲਿਕਾ ਪ੍ਰਸ਼ਾਸਨ ਦਾ ਵਿਸ਼ੇਸ਼ ਗਿਆਨ ਜਾਂ ਤਜਰਬਾ ਰੱਖਣ ਵਾਲੇ ਵਿਅਕਤੀਆਂ ਦਾ;

(ii) ਲੋਕ ਸਭਾ ਦੇ ਅਜਿਹੇ ਮੈਂਬਰਾਂ ਦਾ ਅਤੇ ਰਾਜ ਵਿਧਾਨ-ਸਭਾ ਦੇ ਅਜਿਹੇ ਮੈਂਬਰਾਂ ਦਾ, ਜੋ ਉਨ੍ਹਾਂ ਚੋਣ ਖੇਤਰਾਂ ਦੀ ਪ੍ਰਤੀਨਿੱਧਤਾ ਕਰਦੇ ਹਨ ਜਿਸ ਵਿਚ ਕੋਈ ਨਗਰਪਾਲਿਕਾ ਖੇਤਰ ਪੂਰਣ ਤੌਰ ਤੇ ਜਾਂ ਅੰਸ਼ਕ ਤੌਰ ਤੇ ਸਮਿਲਿਤ ਹੈ;

(iii) ਰਾਜ ਸਭਾ ਦੇ ਅਜਿਹੇ ਮੈਂਬਰਾਂ ਦਾ ਅਤੇ ਰਾਜ ਦੀ ਵਿਧਾਨ ਪਰਿਸ਼ਦ ਦੇ ਅਜਿਹੇ ਮੈਂਬਰਾਂ ਦਾ, ਜੋ ਨਗਰਪਾਲਿਕਾ ਖੇਤਰ ਦੀ ਅੰਦਰ ਚੋਣਕਾਰ ਵਜੋਂ ਰਜਿਸਟਰਸ਼ੁਦਾ ਹਨ;

(iv) ਅਨੁਛੇਦ 243ਢ ਦੇ ਖੰਡ (5) ਅਧੀਨ ਗਠਤ ਕਮੇਟੀਆਂ ਦੇ ਚੇਅਰਪਰਸਨਾਂ ਦੀ,

ਪ੍ਰਤਿਨਿੱਧਤਾ ਕਰਨ ਦੇ ਲਈ ਉਪਬੰਧ ਕਰ ਸਕੇਗਾ

ਪਰੰਤੂ ਪੈਰਾ (i) ਵਿਚ ਉਲਿੱਖਤ ਵਿਅਕਤੀਆਂ ਨੂੰ ਨਗਰਪਾਲਿਕਾ ਦੀਆਂ ਇਕੱਤਰਤਾਵਾਂ ਵਿਚ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ ।

(ਅ) ਕਿਸੇ ਨਗਰਪਾਲਿਕਾ ਦਾ ਚੇਣਰਪਰਸਨ ਦੇ ਚੋਣ ਦੇ ਤਰੀਕੇ ਦਾ ਉਪਬੰਧ ਕਰ ਸਕੇਗਾ ।

ਵਾਰਡ ਕਮੇਟੀਆਂ,

243 ਢ. ਅਜਿਹੀ ਨਗਰਪਾਲਿਕਾ ਦੇ, ਜਿਸ ਦੀ ਜਨ ਸੰਖਿਆ ਤਿੰਨ ਲੱਖ ਜਾਂ ਉਸ ਤੋਂ ਵੱਧ ਹੈ, ਰਾਜ ਖੇਤਰੀ ਖੇਤਰ ਅੰਦਰ ਵਾਰਡ ਕਮੇਟੀਆਂ ਦਾ

Ministry of Law & Justice

ਆਦਿ ਦਾ ਗਠਨ ਅਤੇ ਰਚਨਾ । ਗਠਨ ਕੀਤਾ ਜਾਵੇਗਾ, ਜੋ ਇੱਕ ਜਾਂ ਵੱਧ ਵਾਰਡਾਂ ਤੋਂ ਮਿਲਕੇ ਬਣੇਗੀ ।

(2) ਰਾਜ ਦਾ ਵਿਧਾਨ-ਮੰਡਲ ਕਾਨੂੰਨ ਦਆਰਾ,-

(ੳ) ਵਾਰਡ ਕਮੇਟੀ ਦੀ ਰਚਨਾ ਅਤੇ ਉਸ ਦੇ ਰਾਜ-ਖੇਤਰੀ ਖੇਤਰ ਦੇ ਬਾਬਤ;

(ਅ) ਉਸ ਵਿਧੀ ਦੇ ਬਾਬਤ ਜਿਸਨ ਨਾਲ ਕੋਈ ਵਾਰਡ ਕਮੇਟੀ ਵਿਚ ਸੀਟਾਂ ਭਰੀਆਂ ਜਾਣਗਈਆਂ;

ਉਪਬੰਧ ਕਰ ਸਕੇਗੀ ।

(3) ਵਾਰਡ ਕਮੇਟੀ ਦੇ ਰਾਜ-ਖੇਤਰੀ ਖੇਤਰ ਦੇ ਅੰਦਰ ਕਿਸੇ ਵਾਰਡ ਦੀ ਪ੍ਰਤੀਨਿੱਧਤਾ ਕਰਨ ਵਾਲੇ ਕਿਸੇ ਨਗਰਪਾਲਿਕਾ ਦਾ ਮੈਂਬਰ ਉਸ ਕਮੇਟੀ ਦਾ ਮੈਂਬਰ ਹੋਵੇਗਾ ।

(4) ਜਿੱਥੇ ਕੋਈ ਵਾਰਡ ਕਮੇਟੀ,

(ੳ) ਇਕ ਵਾਰਡ ਤੋਂ ਮਿਲਕੇ ਬਣਦੀ ਹੈ ਉੱਥੇ ਨਗਰਪਾਲਿਕਾ ਵਿਚ ਉਸ ਵਾਰਡ ਦੀ ਪ੍ਰਤੀਨਿੱਧਤਾ ਕਰਨ ਵਾਲਾ ਮੈਂਬਰ ;ਜਾਂ

(ਅ) ਦੋ ਜਾਂ ਵਧ ਵਾਰਡਾਂ ਤੋਂ ਮਿਲਕੇ ਬਣਦੀ ਹੈ ਉੱਥੇ ਨਗਰਪਾਲਿਕਾ ਵਿਚ ਅਜਿਹੀ ਵਾਰਡਾਂ ਦੀ ਪ੍ਰਤੀਨਿੱਧਤਾ ਕਰਨ ਵਾਲੇ ਮੈਂਬਰਾਂ ਵਿਚੋਂ ਇਕ ਮੈਂਬਰ, ਜੋ ਉਸ ਵਾਰਡ ਕਮੇਟੀ ਦੇ ਮੈਂਬਰਾਂ ਦੁਆਰਾ ਚੁਣਿਆ ਜਾਵੇਗਾ,

ਉਸ ਕਮੇਟੀ ਦਾ ਚੇਅਰਪਰਸਨ ਹੋਵੇਗਾ ।

(5) ਇਸ ਅਨੁਵਾਦ ਦੀ ਕਿਸੇ ਗੱਲ ਤੋਂ ਇਹ ਨਹੀਂ ਸਮਝਿਆ ਜਾਵੇਗੀ ਕਿ ਉਹ ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਵਾਰਡ ਕਮੇਟੀਆਂ ਦੇ ਅਤਿਰਿਕਤ ਕਮੇਟੀਆਂ ਦਾ ਗਠਨ ਕਰਨ ਦੇ ਲਈ ਕੋਈ ਉਪਬੰਧ ਕਰਨ ਤੋਂ ਰੋਕਦੀ ਹੈ ।

Ministry of Law & Justice

ਸੀਟਾਂ ਦਾ ਰਾਖਵਾਂਕਰਣ।

243 ਣ (1).ਹਰਿਕ ਨਗਰਪਾਲਿਕਾ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲਈ ਸੀਟਾਂ ਰਾਖਵੀਆਂ ਰਹਿਣਗੀਆਂ ਅਤੇ ਇਸ ਤਰ੍ਹਾਂ ਰਾਖਵੀਆਂ ਸੀਟਾਂ ਦੀ ਸੰਖਿਆ ਦਾ ਅਨੁਪਾਤ, ਉਸ ਨਗਰਪਾਲਿਕਾ ਵਿਚ ਸਿੱਧੀ ਚੋਣ ਦੁਆਰਾ ਭਰੀਆਂ ਜਾਣ ਵਾਲੀਆਂ ਪਹਿਲੀਆਂ ਸੀਟਾਂ ਦੀ ਕੁੱਲ ਸੰਖਿਆ ਦੇ ਜਿਨ੍ਹਾਂ ਨੇੜੇ ਹੋ ਸਕੇ ਉਹੀ ਹੋਣਗੀਆਂ ਜੋ ਉਸ ਨਗਰਪਾਲਿਕਾ ਖੇਤਰ ਵਿਚ ਅਨੁਸੂਚਿਤ ਜਾਤੀਆਂ ਦੀ ਜਾਂ ਉਸ ਨਗਰਪਾਲਿਕਾ ਖੇਤਰ ਵਿਚ ਅਨੁਸੂਚਿਤ ਕਬੀਲਿਆਂ ਦੀ ਜਨ ਸੰਖਿਆ ਦਾ ਅਨੁਪਾਤ ਉਸ ਖੇਤਰ ਕੀ ਕੁੱਲ ਜਨ ਸੰਖਿਆ ਤੋਂ ਹੈ ਅਤੇ ਅਜਿਹੀਆਂ ਸੀਟਾਂ ਕਿਸੇ ਨਗਰਪਾਲਿਕਾ ਦੇ ਭਿੰਨ ਭਿੰਨ ਚੋਣ ਖੇਤਰਾਂ ਨੂੰ ਚੱਕਰ ਅਨੁਕ੍ਰਮ ਅਨੁਸਾਰ ਮਿੱਥੀਆਂ ਜਾ ਸਕਣਗੀਆਂ।

(2) ਖੰਡ (1) ਦੇ ਅਧੀਨ ਰਾਖਵੀਆਂ ਸੀਟਾਂ ਦੀ ਕੁੱਲ ਸੰਖਿਆ ਦੇ ਘੱਟ ਤੋਂ ਘੱਟ ਇਕ ਤਿਹਾਈ ਸੀਟਾਂ, ਜਿਹੀ ਕੀ ਸੂਰਤ ਹੋਵੇ, ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਦੀਆਂ ਇਸਤਰੀਆਂ ਦੇ ਲਈ ਰਾਖਵੀਂਆਂ ਹਰਿਣਗੀਆਂ।

(3) ਹਰਿਕ ਨਗਰਪਾਲਿਕਾ ਵਿਚ ਸਿੱਧੀ ਚੋਣ ਦੁਆਰਾ ਭਰੀਆਂ ਜਾਣ ਵਾਲੀਆਂ ਸੀਟਾਂ ਦੀ ਕੁੱਲ ਸੰਖਿਆ ਦੇ ਘੱਟ ਤੋਂ ਘੱਟ ਇਕ ਤਿਹਾਈ ਸੀਟਾਂ (ਜਿਨ੍ਹਾਂ ਦੇ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਇਸਤਰੀਆਂ ਦੇ ਲਈ ਰਾਖਵੀਂਆਂ ਸੀਟਾਂ ਦੀ ਗਿਣਤੀ ਵੀ ਸ਼ਾਮਲ ਹੈ), ਇਸਤਰੀਆਂ ਦੇ ਲਈ ਰਾਖਵੀਆਂ ਰਹਿਣਗੀਆਂ ਅਤੇ ਅਜਿਹੀਆਂ ਸੀਟਾਂ ਕਿਸੇ ਨਗਰਪਾਲਿਕਾ ਦੇ ਭਿੰਨ ਭਿੰਨ ਚੋਣ ਖੇਤਰਾਂ ਨੂੰ ਚੱਕਰ ਅਨੁਕ੍ਰਮ ਅਨੁਸਾਰ ਮਿੱਥੀਆਂ ਜਾ ਸਕਣਗੀਆਂ।

(4) ਨਗਰਪਾਲਿਕਾਵਾਂ ਵਿਚ ਚੇਅਰਪਰਸਨ ਦੇ ਅਹੁੱਦੇ ਅਨੁਸੂਚਿਤ ਜਾਤੀਆ, ਅਨੁਸੂਚਿਤ ਕਬੀਲਿਆਂ ਅਤੇ ਇਸਤਰੀਆਂ ਦੇ ਲਈ ਅਜਿਹੀ ਵਿਧੀ ਨਾਲ ਰਾਖਵੇਂ ਰਹਿਣਗੇ,ਜੋ ਰਾਜ ਦੀ ਵਿਧਾਨ-ਮੰਡਲ, ਕਾਨੂੰਨ ਦੁਆਰਾ, ਉਪਬੰਧਤ ਕਰੇ।

(5) ਖੰਡ (1) ਅਤੇ ਖੰਡ (2) ਦੇ ਅਧੀਨ ਸੀਟਾਂ ਦਾ ਰਾਖਵਾਂਕਰਣ ਅਤੇ ਖੰਡ (4) ਦੇ ਅਧੀਨ ਚੇਅਰਪਰਸਨ ਦੇ ਅਹੁੱਦੇ ਦਾ ਰਾਖਵਾਂਕਰਣ (ਜੋ

Ministry of Law & Justice

ਇਸਤਰੀਆਂ ਦੇ ਲਈ ਰਾਖਵਾਂਕਰਣ ਤੋਂ ਬਿਨਾਂ ਹੈ ) ਅਨੁਛੇਦ 334 ਵਿਚ ਉਲਿੱਖਤ ਮੁਦੱਤ ਦੇ ਗੁਜ਼ਰਨ ਤੇ ਪ੍ਰਭਾਵੀ ਨਹੀਂ ਰਹੇਗਾ।

(6) ਇਸ ਭਾਗ ਦੀ ਗੱਲ ਦਾ ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਪਿਛੜੇ ਹੋਏ ਨਾਗਰਿਕਾਂ ਦੇ ਕਿਸੇ ਵਰਗ ਦੇ ਪੱਖ ਵਿਚ ਕਿਸੇ ਨਗਰਪਾਲਿਕਾ ਵਿਚ ਸੀਟਾਂ ਦੇ ਜਾਂ ਨਗਰਪਾਲਿਕਾਵਾਂ ਵਿਚ ਚੇਅਰਪਰਸਨ ਦੇ ਅਹੁੱਦੇ ਦੇ ਰਾਖਵਾਂਕਰਣ ਦੇ ਲਈ ਕੋਈ ਉਪਬੰਧ ਕਰਨ ਤੋਂ ਨਹੀਂ ਰੋਕੇਗੀ।

ਨਗਰਪਾਲਿਕਾਵਾਂ ਦੀ ਮਿਆਦ, ਆਦਿ।

243ਤ.(1) ਹਰਿਕ ਨਗਰਪਾਲਿਕਾ, ਜੇਕਰ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੇ ਅਧੀਨ ਪਹਿਲਾਂ ਹੀ ਭੰਗ ਨਹੀਂ ਕਰ ਦਿੱਤੀ ਜਾਂਦੀ ਹੈ ਤਾਂ, ਆਪਣੀ ਪਹਿਲੀ ਇਕੱਤਰਤਾ ਦੇ ਲਈ ਨਿਯਤ ਤਰੀਕ ਤੋਂ ਪੰਜ ਸਾਲ ਤੱਕ ਬਣੀ ਰਹੇਗੀ, ਇਸ ਤੋਂ ਵੱਧ ਨਹੀਂ।

ਪਰੰਤੂ ਕਿਸੇ ਨਗਰਪਾਲਿਕਾ ਨੂੰ ਭੰਗ ਕਰਨ ਤੋਂ ਪਹਿਲਾਂ ਉਸ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

(2) ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੀ ਕਿਸੇ ਸੋਧ ਤੇ ਕਿਸੇ ਪੱਧਰ ਤੇ ਅਜਿਹੀ ਨਗਰਪਾਲਿਕਾ ਦਾ, ਜੋ ਅਜਿਹੀ ਸੋਧ ਤੋਂ ਤੁਰੰਤ ਪਹਿਲਾਂ ਕਾਜ ਕਾਰਕਰ ਰਹੀ ਹੈ, ਤਦ ਤੱਕ ਭੰਗ ਨਹੀਂ ਕੀਤੀ ਜਾਵੇਗੀ ਜਦ ਤੱਕ ਖੰਡ (1) ਵਿਚ ਉਲਿੱਖਤ ਉਸ ਦੀ ਮਿਆਦ ਗੁਜ਼ਰ ਨਹੀਂ ਜਾਂਦੀ ਹੈ।

(3) ਕਿਸੇ ਨਗਰਪਾਲਿਕਾ ਦਾ ਗਠਨ ਕਰਨਦੇ ਲਈ ਚੋਣ,-

(ੳ) ਖੰਡ (1) ਵਿਚ ਉਲਿੱਖਤ ਉਸ ਤੀ ਮਿਆਦ ਗੁਜ਼ਰਨ ਤੋਂ ਪਹਿਲਾਂ;

(ਅ) ਉਸ ਦੇ ਭੰਗ ਕਰ ਦੀ ਤਰੀਕ ਤੋਂ ਛੇ ਮਹੀਨੇ ਦੀ ਮੁਦੱਤ ਦੇ ਗੁਜ਼ਰਨ ਤੋਂ ਪਹਿਲਾ;

ਪੂਰਾ ਕੀਤਾ ਜਾਵੇਗਾ

ਪਰੰਤੂ ਜਿੱਥੇ ਉਹ ਬਾਕੀ ਮੁਦੱਤ, ਜਿਸ ਦੇ ਲਈ ਕੋਈ ਭੰਗ ਕੀਤੀ ਹੋਈ ਨਗਰਪਾਲਿਕਾ ਬਣੀ ਰਹਿੰਦੀ ਹੈ, ਛੇ ਮਹੀਨੇ ਤੋਂ ਘੱਟ ਹੈ ਅਤੇ ਅਜਿਹੀ

Ministry of Law & Justice

ਮੁਦੱਤ ਦੇ ਲਈ ਉਸ ਨਗਰਪਾਲਿਕਾ ਦਾ ਗਠਨ ਕਰ ਦੇ ਲਈ ਇਸ ਖੰਡ ਕੇ ਅਧੀਨ ਕੋਈ ਚੋਣ ਕਰਾਉਣਾ ਜ਼ਰੂਰੀ ਨਹੀਂ ਹੋਵੇਗਾ ।

(4) ਕਿਸੇ ਨਗਰਪਾਲਿਕਾ ਦੀ ਮਿਆਦ ਦੇ ਗੁਜ਼ਰਨ ਦੇ ਪਹਿਲਾਂ ਉਸ ਨਗਰਪਾਲਿਕਾ ਦੇ ਭੰਗ ਕਰਨ ਤੇ ਗਠਤ ਕੀਤਾ ਗਈ ਕੋਈ ਨਗਰਪਾਲਿਕਾ, ਉਸ ਮੁਦੱਤ ਦੇ ਕੇਵਲ ਬਾਕੀ ਭਾਗ ਦੇ ਲਈ ਬਣੀ ਰਹੇਗੀ ਜਿਸ ਦੇ ਲਈ ਭੰਗ ਕੀਤੀ ਨਗਰਪਾਲਿਕਾ ਖੰਡ (1) ਦੇ ਅਧੀਨ ਬਣੀ ਹੰਿਦੀ ਹੈ, ਜੋ ਉਹ ਇਸ ਤਰ੍ਹਾਂ ਭੰਗ ਨਹੀਂ ਕੀਤੀ ਜਾਂਦੀ ।

ਮੈਂਬਰਾਂ ਦੇ ਲਈ ਨਾਕਾਬਲੀਅਤਾਂ ।

243 ਥ. ਕੋਈ ਵਿਅਕਤੀ ਕਿਸੇ ਨਗਰਪਾਲਿਕਾ ਦਾ ਮੈਂਬਰ ਚੁਣੇ ਜਾਣ ਦੇ ਲਈ ਅਤੇ ਮੈਂਬਰ ਹੋਣ ਦੇ ਲਈ ਨਾਕਾਬਲ ਹੋਵੇਗਾ,-

(ੳ) ਜੇ ਉਹ ਸੰਬੰਧਤ ਰਾਜ ਦੇ ਵਿਧਾਨ-ਮੰਡਲ ਦੇ ਚੋਣਾਂ ਦੇ ਪ੍ਰਯੋਜਨਾਂ ਦੇ ਲਈ ਤਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਉਸਦੇ ਅਧੀਨ ਇਸ ਤਰਾਂ ਨਾਕਾਬਲ ਕਰ ਦਿਤਾ ਜਾਂਦਾਂ ਹੈ;

ਪਰੰਤੂ ਕੋਈ ਵਿਅਕਤੀ ਇਸ ਆਧਾਰ ਤੇ ਨਾਕਾਬਲ ਨਹੀਂ ਹੋਵੇਗਾ ਕਿ ਉਸ ਦੀ ਉਮਰ ਪੱਚੀ ਸਾਲ ਤੋਂ ਘੱਟ ਹੈ, ਜੋ ਉਸ ਨੇ ਇਸ ਸਾਲ ਦੀ ਉਮਰ ਪ੍ਰਾਪਤ ਕਰ ਲਈ ਹੈ ;

(ਅ) ਜੇ ਉਸ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਇਸ ਤਰ੍ਹਾਂ ਨਾਕਾਬਲ ਕਰ ਦਿੱਤਾ ਜਾਂਦਾ ਹੈ;

(2) ਜੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਨਗਰਪਾਲਿਕਾ ਦਾ ਕੋਈ ਮੈਂਬਰ ਖੰਡ (1) ਵਿਚ ਜਿਕਰ ਕੀਤੀਆਂ ਕਿਸੇ ਨਾਕਾਬਲੀਅਤਾਂ ਦੇ ਤਾਬੇ ਹੋ ਗਿਆ ਹੈ ਜਾਂ ਨਹੀਂ ਤਾਂ ਉਹ ਸਵਾਲ ਅਜਿਹੀ ਅਥਾਰਟੀ ਨੂੰ, ਅਤੇ ਅਜਿਹੇ ਤਰੀਕੇ ਨਾਲ, ਜੋ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਉਪਬੰਧਤ ਕਰੇ, ਨਿਰਣੇ ਦੇ ਲਈ ਹਵਾਲੇ ਕੀਤਾ ਜਾਵੇਗਾ ।

ਨਗਰਪਾਲਿਕਾਵਾਂ ਆਦਿ ਦੀਆਂ

243 ਦ. ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ,--



Ministry of Law & Justice

ਸ਼ਕਤੀਆਂ, ਅਥਾਰਟੀ ਅਤੇ ਉਤਰਦਾਇਤੱਵ

(ੳ) ਨਗਰਪਾਲਿਕਾਵਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਆਥਾਰਟੀ ਪ੍ਰਦਾਨ ਕਰ ਸਕੇਗਾ, ਜੋ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ ਸੰਸਥਾਵਾਂ ਵਜੋਂ ਕਾਜ ਕਾਰਕਰਨ ਦੇ ਸਮੱਰਥ ਬਣਾਉਣ ਦੇ ਲਈ ਜ਼ਰੂਰੀ ਹੋਣ ਅਤੇ ਅਜਿਹੇ ਕਾਨੂੰਨ ਵਿਚ ਨਗਰਪਾਲਿਕਾਵਾਂ ਨੂੰ, ਅਜਿਹੀਆਂ ਸ਼ਰਤਾ ਦੇ ਤਾਬੇ, ਜੋ ਉਸ ਵਿਚ ਉਲਿੱਖਤ ਕੀਤੀਆਂ ਜਾਣ, ਹੇਠ ਲਿਖਿਆ ਦੇ ਸੰਬੰਧ ਵਿਚ ਸ਼ਕਤੀਆਂ ਅਤੇ ਉਤਰਦਾਇਤੱਵ ਉਤੱਰਣ ਦੇ ਲਈ ਉਪਬੰਧ ਕੀਤੇ ਜਾ ਸਕਣਗੇ—

(i) ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੇ ਲਈ ਯੋਜਨਾਵਾਂ ਤਿਆਰ ਕਰਨਾ ;

(ii) ਅਜਿਹੀ ਕਾਜਕਾਰ ਨਿਭਾਉਣ ਅਤੇ ਅਜਿਹੀਆਂ ਸਕੀਮਾਂ ਨੂੰ, ਜੋ ਉਨ੍ਹਾਂ ਨੂੰ ਸੋਪੀਆਂ ਜਾਣ, ਜਿਨ੍ਹਾਂ ਵਿਚ ਉਹ ਸਕੀਮਾਂ ਵੀ ਹਨ, ਜੋ ਬਾਰਵੀਂ ਅਨੁਸੂਚੀ ਵਿਚ ਸੂਚੀਬੱਧ ਮਾਮਲਿਆ ਵਿਚ ਹੋਣ, ਦੀ ਪਰਿਪਾਲਣਾ ਕਰਨਾ ;

(ਅ) ਕਮੇਟੀਆਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀ ਪ੍ਰਦਾਨ ਕਰ ਸਕੇਗਾ ਜੋ ਉਹ ਇਨ੍ਹਾਂ ਨੂੰ ਪ੍ਰਦਾਨ ਕੀਤੇ ਉਤਰਤਾਇਤੱਵ ਨੂੰ, ਜਿਨ੍ਹਾਂ ਦੇ ਵਿਚ ਉਹ ਉੱਤਰਦਾਇਤਵ ਵੀ ਹੈ ਜੋ ਬਾਰ੍ਹਵੀ ਅਨੁਸੂਚੀ ਵਿਚ ਸੂਚੀਬੱਧ ਮਾਮਲਿਆਂ ਦੇ ਸੰਬੰਧ ਵਿਚ ਸਿਰੇ ਚੜਾਉਣ ਦੇ ਸਮੱਰਥ ਬਣਾਉਣ ਦੇ ਲਈ ਜ਼ਰੂਰੀ ਹੋਣ

ਨਗਰਪਾਲਿਕਾਵਾਂ ਦੁਆਰਾ ਕਰ ਅਰੋਪਣ ਦੀ ਸ਼ਕਤੀ ਅਤੇ ਉਨ੍ਹਾਂ ਦੇ ਫ਼ੰਡ।

243 ਧ. ਕਿਸੇ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ,-

(ੳ) ਅਜਿਹੇ ਕਰ, ਸਮੂਲ, ਟੋਲ ਟੈਕਸ ਅਤੇ ਫੀਸਾਂ ਲਗਾਉਣ, ਉਗਰਾਹਣ ਅਤੇ ਨਮਿੱਤਣ ਦੇ ਲਈ ਕਿਸੇ ਨਗਰਪਾਲਿਕਾ ਨੂੰ ਅਜਿਹੇ ਜ਼ਾਬਤੇ ਤੇ ਅਨੁਸਾਰ ਅਤੇ ਅਜਿਹੀਆਂ ਬੰਦਸ਼ਾਂ ਦੇ ਤਾਬੇ, ਅਖਤਿਆਰਤ ਕਰ ਸਕੇਗਾ ;

(ਅ) ਰਾਜ ਸਰਕਾਰ ਦੁਆਰਾ ਲਗਾਏ ਅਤੇ ਉਗਰਾਹੁਣੇ ਅਜਿਹੇ ਕਰ, ਸਮੂਲ ਟੋਲ ਟੈਕਸ ਅਤੇ ਅਜਿਹੀਆਂ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ



Ministry of Law & Justice

ਸੌਂਪ ਸਕੇਗਾ;

(ਇ) ਰਾਜ ਦੇ ਸੰਚਿਤ ਫ਼ੰਡ ਵਿਚੋਂ ਨਗਰਪਾਲਿਕਾਵਾਂ ਦੇ ਲਈ ਅਜਿਹੀ ਸਹਾਇਤਾ ਗਰਾਂਟ ਦੇਣ ਦੇ ਲਈ ਉਪਬੰਥ ਕਰ ਸਕੇਗਾ ;ਅਤੇ

(ਸ) ਨਗਰਪਾਲਿਕਾਵਾਂ ਦੁਆਰਾ ਜਾਂ ਉਸ ਦੇ ਨਮਿੱਤ ਕ੍ਰਮ ਅਨੁਸਾਰ ਪ੍ਰਾਪਤ ਕੀਤੇ ਗਏ ਸਾਰੇ ਧੰਨਾਂ ਨੂੰ ਜਮ੍ਹਾਂ ਕਰਵਾਉਣ ਦੇ ਲਈ ਅਜਿਹੇ ਫ਼ੰਡ ਦਾ ਗਠਨ ਕਰਨ ਅਤੇ ਉਨ੍ਹਾਂ ਫੰਡਾਂ ਵਿੱਚੋਂ ਅਜਿਹੇ ਧੰਨਾਂ ਨੂੰ ਵਾਪਸ ਲੈਣ ਦੇ ਲਈ ਵੀ ਉਪਬੰਧ ਕਰ ਸਕੇਗਾ,

ਜੋ ਕਾਨੂੰਨ ਵਿਚ ਉਲਿੱਖਤ ਕੀਤੇ ਜਾਣ ।

ਵਿੱਤ ਕਮਿਸ਼ਨ । 243 ਨ. (1) ਅਨੁਛੇਦ 243-ਛ ਦੇ ਅਧੀਨ ਗਠਤ ਵਿਚ ਕਮਿਸ਼ਨ ਨਗਰਪਾਲਿਕਾਵਾਂ ਦੀ ਵਿੱਤੀ ਸਥਿੱਤੀ ਦੀ ਵੀ ਨਜ਼ਰਸਾਨੀ ਕਰੇਗਾ ਅਤੇ ਜੋ—

(ੳ) (i) ਰਾਜ ਦੁਆਰਾ ਲਗਾਉਣਯੋਗ ਅਜਿਹੇ ਕਰਾਂ, ਮਸੂਲਾਂ, ਟੋਲ ਟੈਕਸਾਂ ਅਤੇ ਫੀਸਾਂ ਦੀਆਂ ਅਜਿਹੀਆਂ ਸੁੱਧ ਵੱਟਕਾਂ ਦੇ ਰਾਜ ਅਤੇ ਨਗਰਪਾਲਿਕਾਵਾਂ ਦੇ ਵਿਚਕਾਰ, ਜੋ ਇਸ ਭਾਗ ਦੇ ਅਧੀਨ ਉਨ੍ਹਾਂ ਵਿਚ ਵੰਡ ਕੀਤੀ ਜਾਵੇ, ਵੰਡ ਨੂੰ ਹੋਰ ਸਾਰੇ ਪੱਧਰਾਂ ਤੇ ਨਗਰਪਾਲਿਕਾਵਾਂ ਵਿਚਕਾਰ ਅਜਿਹੀਆਂ ਵੱਟਕਾਂ ਦੇ ਸੰਬੰਧਤ ਹਿੱਸੇ ਮਿੱਥਣ ਨੂੰ;

(ii) ਅਜਿਹੇ ਕਰਾਂ, ਮਸੂਲਾਂ ਟੈਕਸਾਂ ਅਤੇ ਫ਼ੀਸਾਂ ਦੇ ਨਿਰਧਾਰਣ ਕਰਨ ਨੂੰ, ਜੋ ਨਗਰਪਾਲਿਕਾਵਾਂ ਨੂੰ ਨਿਸ਼ਚਿਤ ਕੀਤੀਆਂ ਜਾ ਸਕਣਗੀਆਂ ਜਾਂ ਉਨ੍ਹਾਂ ਦੁਆਰਾ ਨਮਿੱਤਣ ਕੀਤੀਆਂ ਜਾ ਸਕਣਗੀਆਂ;

(iii) ਰਾਜ ਦੇ ਸੰਚਿਤ ਫ਼ੰਡ ਵਿਚੋਂ ਨਗਰਪਾਲਿਕਾਵਾਂ ਦੇ ਲਈ ਸਹਾਇਤਾ ਗਰਾਂਟ ਕਰ ਨੂੰ ਸਾਸ਼ਤ ਕਰਨ ਵਾਲੇ ਸਿਧਾਂਤਾਂ ਦੇ ਬਾਰੇ ਵਿਚ;

(ਅ) ਨਗਰਪਾਲਿਕਾਵਾਂ ਦੀ ਵਿੱਤੀ ਸਥਿੱਤੀ ਨੂੰ ਸੁਧਾਰਣ ਦੇ ਲਈ

Ministry of Law & Justice

ਉਪਾਵਾਂ ਦੇ ਬਾਰੇ ਵਿਚ;

(ਇ) ਨਗਰਪਾਲਿਕਾਵਾਂ ਦੇ ਮਜਬੂਤ ਵਿੱਤ ਦੇ ਹਿੱਤ ਵਿਚ ਰਾਜਪਾਲ ਦੁਆਰਾ ਵਿੱਤ ਕਮਿਸ਼ਨ ਨੂੰ ਹਵਾਲੇ ਕੀਤੇ ਗਏ ਕਿਸੇ ਹੋਰ ਮਾਮਲੇ ਦੇ ਬਾਰੇ ਵਿਚ;

ਰਾਜਪਾਲ ਨੂੰ ਸਿਫਾਰਸ਼ ਕਰੇਗਾ।

(2) ਰਾਜਪਾਲ ਇਸ ਅਨੁਛੇਦ ਦੇ ਅਧੀਨ ਕਮਿਸ਼ਨ ਦੁਆਰਾ ਕੀਤੀ ਗਈ ਹਰਿਕ ਸਿਫਾਰਸ਼ ਨੂੰ, ਉਸ ਤੇ ਕੀਤੀ ਗਈ ਕਾਰਵਾਈ ਦੀ ਵਿਆਖਿਆਤਮਕ ਯਾਦ ਪੱਤਰ ਸਮੇਤ, ਰਾਜ ਦੇ ਵਿਧਾਨ-ਮੰਡਲ ਦੇ ਅੱਗੇ ਰਖਵਾਏਗਾ।

**ਨਗਰਪਾਲਿਕਾਵਾਂ ਦੇ ਲੇਖਿਆ ਦਾ ਆਡਿਟ।**

243 ਪ. ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਨਗਰਪਾਲਿਕਾਵਾਂ ਦੁਆਰਾ ਲੇਖੇ ਰੱਖੇ ਜਾਣ ਅਤੇ ਅਜਿਹੇ ਲੇਖਿਆ ਦੇ ਆਡਿਟ ਦੇ ਬਾਰੇ ਵਿਚ ਉਪਬੰਧ ਕਰ ਸਕੇਗਾ।

**ਨਗਰਪਾਲਿਕਾਵਾਂ ਦੇ ਲਈ ਚੋਣ।**

243ਪ.ਓ. ਨਗਰਪਾਲਿਕਾਵਾਂ ਦੇ ਲਈ ਕਰਵਾਈਆਂ ਜਾਣ ਵਾਲੀਆਂ ਸਾਰੀਆਂ ਚੋਣਾਂ ਦੇ ਲਈ ਚੋਣ ਸੂਚੀ ਤਿਆਰ ਕਰਵਾਉਣ ਦਾ ਅਤੇ ਉਨ੍ਹਾਂ ਸਾਰੀਆਂ, ਚੋਣਾ ਦੇ ਸੰਚਾਲਣ ਦੀ ਨਿਗਰਾਨੀ, ਨਿਦੇਸ਼ ਅਤੇ ਨਿਯੰਤਰਨ, ਅਨੁਛੇਦ 243 ਚ ਵਿਚ ਹਵਾਲਾ ਦਿੱਤੇ ਕਮਿਸ਼ਨ ਵਿਚ ਨਿਹਿਤ ਹੋਣਗੀਆਂ।

(2) ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ, ਨਗਰਪਾਲਿਕਾਵਾਂ ਦੀਆਂ ਚੋਣਾ ਨਾਲ ਸੰਬੰਧਤ ਜਾਂ ਤੱਲਕ ਰੱਖਦੇ ਸਾਰੇ ਮਾਮਲਿਆਂ ਦੇ ਬਾਰੇ ਵਿਚ ਉਪਬੰਧ ਕਰ ਸਕੇਗਾ।

**ਸੰਘ ਰਾਜ ਖੇਤਰਾਂ ਨੂੰ ਲਾਗੂ ਹੋਣਾ।**

243 ਪ.ਅ. ਇਸ ਭਾਗ ਦੇ ਉਪਬੰਧ ਸੰਘ ਰਾਜ ਖੇਤਰਾਂ ਨੂੰ ਲਾਗੂ ਹੋਣਗੇ ਅਤੇ ਕਿਸੇ ਸੰਘ ਰਾਜ ਖੇਤਰ ਨੂੰ ਉਨ੍ਹਾਂ ਦੇ ਲਾਗੂ ਹੋਣ ਵਿਚ ਇਸ ਤਰ੍ਹਾਂ ਪ੍ਰਭਾਵੀ ਹੋਣਗੇ ਮਾਨੋ ਕਿਸੇ ਰਾਜ ਖੇਤਰ ਤੇ ਰਾਜਪਾਲ ਦੇ ਪ੍ਰਤਿ ਹਵਾਲੇ, ਅਨੁਛੇਦ 239 ਦੇ ਅਧੀਨ ਨਿਯੁਕਤ ਸੰਘ ਰਾਜਖੇਤਰ ਦੇ ਪ੍ਰਸ਼ਾਸਕ ਦੇ

Ministry of Law & Justice

ਪ੍ਰਤਿ ਹਵਾਲੇ ਹੋਣ ਅਤੇ ਕਿਸੇ ਰਾਜ ਦੇ ਵਿਧਾਨ-ਮੰਡਲ ਜਾਂ ਵਿਧਾਨ-ਸਭਾ ਦੇ ਪ੍ਰਤਿ ਹਵਾਲਾ, ਕਿਸੇ ਅਜਿਹੇ ਸੰਘ ਰਾਜ ਖੇਤਰ ਦੇ ਸੰਬੰਧ ਵਿਚ, ਜਿਸ ਵਿਚ ਵਿਧਾਨ ਸਭਾ ਹੈ, ਉਸ ਵਿਧਾਨ ਸਭਾ ਦੇ ਪ੍ਰਤਿ ਹਵਾਲਾ ਹੋਵੇ

ਪਰੰਤੂ ਰਾਸ਼ਟਰਪਤੀ, ਅਧਿਸੂਚਨਾ ਦੁਆਰਾ, ਇਹ ਨਿਦੇਸ਼ ਦੇ ਸਕੇਗਾ ਕਿ ਇਸ ਭਾਗ ਦੇ ਉਪਬੰਧ ਕਿਸੇ ਸੰਘ ਰਾਜਖੇਤਰ ਜਾਂ ਉਸਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ, ਲਾਗੂ ਹੋਣਗੇ, ਜੋ ਉਹ ਅਧਿਸੂਚਨਾ ਵਿਚ ਉਲਿੱਖਤ ਕਰੇਂ।

ਇਸ ਭਾਗ ਦਾ ਕੁਝ ਕੁ ਖੇਤਰਾਂ ਤੇ ਲਾਗੂ ਨਾ ਹੋਣਾ।

243 ਪ.ਇ.(1) ਇਸ ਭਾਗ ਦੀ ਕੋਈ ਗੱਲ ਅਨੁਛੇਦ 244 ਦੇ ਖੰਡ (1) ਵਿਚ ਉਲਿੱਖਤ ਅਨੁਸੂਚਿਤ ਖੇਤਰਾਂ ਅਤੇ ਇਸ ਦੇ ਖੰਡ (2) ਵਿਚ ਹਵਾਲੇ ਦਿੱਤੇ ਕਬਾਇਲੀ ਖੇਤਰ ਨੂੰ ਲਾਗੂ ਨਹੀਂ ਹੋਵੇਗੀ।

(2) ਇਸ ਭਾਗ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਪੱਛਮ ਬੰਗਾਲ ਰਾਜ ਦੇ ਦਾਰਜਲਿੰਗ ਜਿਲ੍ਹੇ ਦੇ ਪਹਾੜੀ ਖੇਤਰ ਦੇ ਲਈ ਤਤਸਮੇਂ ਨਾਫ਼ਜ ਕਿਸੇ ਕਾਨੂੰਨ ਦੇ ਅਧੀਨ ਗਠਤ ਦਾਰਜਲਿੰਗ ਗੋਰਖਾ ਪਹਾੜੀ ਪਰਿਸ਼ਦ ਦੇ ਕਾਜਕਾਰਾਂ ਅਤੇ ਸ਼ਕਤੀਆਂ ਦੇ ਪ੍ਰਭਾਵ ਪਾਉਂਦੀ ਹੈ।

(3) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ, ਕਾਨੂੰਨ ਦੁਆਰਾ, ਇਸ ਭਾਗ ਦੇ ਉਪਬੰਧਾਂ ਦਾ ਵਿਸਤਾਰ ਖੰਡ (1) ਵਿਚ ਹਵਾਲੇ ਦਿੱਤੇ ਅਨੁਸੂਚਿਤ ਖੇਤਰਾਂ ਅਤੇ ਕਬਾਇਲੀ ਖੇਤਰਾਂ ਤੇ, ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ ਕਰ ਸਕੇਗੀ, ਜੋ ਅਜਿਹੇ ਕਾਨੂੰਨ ਵਿਚ ਉਲਿੱਖਤ ਕੀਤਾ ਜਾਵੇ ਅਤੇ ਅਜਿਹੇ ਕਿਸੇ ਕਾਨੂੰਨ ਨੂੰ ਅਨੁਛੇਦ 368 ਦੇ ਪ੍ਰਯੋਜਨਾਂ ਦੇ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝੀ ਜਾਵੇਗੀ।

ਜਿਲ੍ਹਾ ਯੋਜਨਾ ਲਈ ਕਮੇਟੀ।

243 ਪ.ਸ. (1) ਹਰਿਕ ਰਾਜ ਵਿਚ ਜਿਲ੍ਹਾ ਪੱਧਰ ਤੇ, ਜਿਲ੍ਹੇ ਵਿਚ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੁਆਰਾ ਤਿਆਰ ਕੀਤੀਆਂ ਗਈਆਂ ਯੋਜਨਾਵਾਂ ਦਾ ਸੰਚਿਤ ਕਰ ਅਤੇ ਪੂਰੇ ਜਿਲ੍ਹੇ ਲਈ ਇਕ ਵਿਕਾਸ ਯੋਜਨਾ ਖਰੜਾ ਤਿਆਰ ਕਰਨ ਦੇ ਲਈ, ਇਕ ਜਿਲ੍ਹਾਂ ਯੋਜਨਾ ਕਮੇਟੀ ਦਾ ਗਠਨ

Ministry of Law & Justice

ਕੀਤਾ ਜਾਵੇਗਾ।

(2) ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਹੇਠ ਲਿਖਿਆ ਦੀ ਬਾਬਤ ਉਪਬੰਧ ਕਰ ਸਕੇਗਾ, ਅਰਥਾਤ:-

(ੳ) ਜਿਲ੍ਹਾ ਯੋਜਨਾ ਕਮੇਟੀਆਂ ਦੀ ਰਚਨਾ;

(ਅ) ਉਹ ਤਰੀਕਾ ਜਿਸ ਨਾਲ ਅਜਿਹੀਆਂ ਕਮੇਟੀਆਂ ਵਿਚ ਖ਼ਾਲੀ ਸੀਟਾਂ ਭਰੀਆਂ ਜਾਣਗਈਆਂ ;

ਪਰੰਤੂ ਅਜਿਹੀ ਕਮੇਟੀ ਦੇ ਕੁੱਲ ਮੈਂਬਰਾਂ ਦੀ ਗਿਣਤੀ ਦੇ ਘੱਟ ਤੋਂ ਘੱਟ ਚਾਰ ਬਟਾ-ਪੰਜ ਮੈਂਬਰ, ਜਿਲ੍ਹਾ ਪੱਧਰ ਤੇ ਪੰਚਾਇਤ ਦੇ ਅਤੇ ਜਿਲ੍ਹੇ ਵਿਚ ਨਗਰਪਾਲਿਕਾਵਾਂ ਦੇ ਚੁਣੇ ਮੈਂਬਰਾਂ ਦੁਆਰਾ, ਆਪਣੇ ਵਿੱਚੋਂ, ਜਿਲ੍ਹੇ ਵਿਚ ਪੇਂਡੂ ਖੇਤਰਾਂ ਦੀ ਅਤੇ ਸ਼ਹਿਰੀ ਖੇਤਰਾਂ ਦੀ ਜਨ ਸੰਖਿਆ ਦੇ ਅਨੁਪਾਤ ਦੇ ਅਨੁਸਾਰ ਚੁਣੇ ਜਾਣਗੇ ;

(ੲ) ਜਿਲ੍ਹਾ ਯੋਜਨਾ ਨਾਲ ਸੰਬੰਧਤ ਅਜਿਹੇ ਕਾਜਕਾਰਾਂ ਦਾ ਜੋ ਅਜਿਹੀਆਂ ਕਮੇਟੀਆਂ ਨੂੰ ਨਿਸਚਿਤ ਕੀਤਾ ਜਾਵੇ;

(ਸ) ਉਹ ਤਰੀਕਾ, ਜਿਸ ਨਾਲ ਅਜਿਹੀਆਂ ਕਮੇਟੀਆਂ ਦੇ ਚੇਅਰਪਰਸਨ ਚੁਣੇ ਜਾਣਗੇ।

(3) ਹਰਿਕ ਜਿਲ੍ਹਾਂ ਯੋਜਨਾ ਕਮੇਟੀ, ਵਿਕਾਸ ਯੋਜਨਾ ਖਰੜਾ ਤਿਆਰ ਕਰਨ ਵਿਚ-

(ੳ) ਹੇਠ ਲਿਖਿਆਂ ਦਾ ਧਿਆਨ ਰੱਖੇਗੀ, ਅਰਥਾਤ;

(i) ਪੰਚਾਇਤਾ ਅਤੇ ਨਗਰਪਾਲਿਕਾਵਾਂ ਦੇ ਸਧਾਰਣ ਹਿੱਤ ਦੇ ਮਾਮਲੇ, ਜਿਨ੍ਹਾਂ ਦੇ ਵਿਚ ਸਥਾਨਕ ਯੋਜਨਾ, ਜਲ ਹੋਰ ਭੌਤਿਕ ਅਤੇ ਕੁਦਰਤੀ ਸਰੋਤਾਂ ਵਿਚ ਹਿੱਸਾ ਵੰਡਾਉਣ, ਅਧਾਰ ਬਣਤ ਦਾ ਏਕੀਕਰਣ ਵਿਕਾਸ ਅਤੇ ਵਾਤਾਵਰਣ ਪਰਿਰੱਖਣ ਸ਼ਾਮਲ ਹੈ ;

Ministry of Law & Justice

(ii) ਉਪਲਬੱਧ ਵਿੱਤੀ ਜਾਂ ਹੋਰਵੇਂ ਸਰੋਤਾਂ ਦਾ ਵਿਸਤਾਰ ਅਤੇ ਕਿਸਮੀਂ ਪ੍ਰਕਾਰ;

(ਅ) ਅਜਿਹੀਆਂ ਸੰਸਥਾਵਾਂ ਅਤੇ ਸੰਗਠਨਾਂ ਨਾਲ ਮਸ਼ਵਰਾ ਕਰੇਗੀ ਜਿਨ੍ਹਾਂ ਨੂੰ ਰਾਜਪਾਲ, ਹੁਕਮ ਦੁਆਰਾ, ਉਲਿੱਖਤ ਕਰੇ ।

(4) ਰਹਿਕ ਜਿਲ੍ਹਾਂ ਯੋਜਨਾ ਕਮੇਟੀ ਦਾ ਚੇਅਰਪਰਸਨ, ਉਹ ਵਿਕਾਸ ਯੋਜਨਾ,ਜਿਸ ਦੀ ਅਜਿਹੀ ਕਮੇਟੀ ਦੁਆਰਾ ਸਿਫ਼ਾਰਸ਼ ਕੀਤੀ ਜਾਂਦੀ ਹੈ, ਰਾਜ ਸਰਕਾਰ ਨੂੰ ਭੇਜੇਗਾ ।

ਮਹਾਨਗਰ ਯੋਜਨਾ ਦੇ ਲਈ ਕਮੇਟੀ ।

243 ਪ.ਹ. (1) ਹਰਿਕ ਮਹਾਨਗਰ ਖੇਤਰ ਵਿਚ, ਪੂਰੇ ਮਹਾਨਗਰ ਖੇਤਰ ਦੇ ਲਈ ਵਿਕਾਸ ਯੋਜਨਾ ਖਰੜਾ ਤਿਆਰ ਕਰ ਲਈ, ਇਕ ਮਹਾਨਗਰ ਯੋਜਨਾ ਕਮੇਟੀ ਦਾ ਗਠਨ ਕੀਤਾ ਜਾਵੇਗਾ ।

(2) ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਹੇਠ ਲਿਖਿਆ ਦੀ ਬਾਬਤ ਉਪਬੰਧ ਕਰ ਸਕੇਗਾ, ਅਰਥਾਤ:-

(ੳ) ਮਹਾਨਗਰ ਯੋਜਨਾ ਕਮੇਟੀਆਂ ਦੀ ਰਚਨਾ;

(ਅ) ਉਹ ਤਰੀਕਾ ਜਿਸ ਨਾਲ ਅਜਿਹੀਆਂ ਕਮੇਟੀਆਂ ਦੀਆਂ ਸੀਟਾਂ ਭਰੀਆਂ ਜਾਣਗੀਆਂ;

ਪਰੰਤੂ ਅਜਿਹੀ ਕਮੇਟੀ ਦੇ ਘੱਟ ਤੋਂ ਘੱਟ ਦੋ ਤਿਹਾਈ ਮੈਂਬਰ, ਮਹਾਨਗਰ ਖੇਤਰ ਵਿਚ ਨਗਰਪਾਲਿਕਾਵਾਂ ਦੇ ਚੁਣੇ ਮੈਂਬਰਾਂ ਅਤੇ ਪੰਚਾਇਤਾਂ ਦੇ ਚੇਅਰਪਰਸਨ ਦੁਆਰਾ, ਆਪਣੇ ਵਿੱਚੋਂ, ਉਸ ਖੇਤਰ ਵਿਚ ਨਗਰਪਾਲਿਕਾਵਾਂ ਦੀ ਅਤੇ ਪੰਚਾਇਤਾਂ ਦੀ ਜਨ ਸੰਖਿਆ ਦੇ ਅਨੁਪਾਤ ਦੇ ਅਨੁਸਾਰ ਚੁਣੇ ਜਾਣਗੇ ;

(ੲ) ਅਜਿਹੀਆਂ ਕਮੇਟੀਆਂ ਵਿਚ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਜਾਂ ਅਜਿਹੇ ਸੰਗਠਨਾਂ ਅਤੇ ਸੰਸਥਾਵਾਂ ਦੀ ਪ੍ਰਤੀਨਿਧਤਾ ਜੋ ਅਜਿਹੀਆਂ ਕਮੇਟੀਆਂ ਨੂੰ ਨਿਸਚਿਤ ਕੀਤੇ ਕਾਜਕਾਰ ਨੂੰ ਸਿਰੇ ਚਾੜ੍ਹਣ ਦੇ ਲਈ ਜ਼ਰੂਰੀ ਸਮਝੇ ਜਾਣ ;

Ministry of Law & Justice

(ਸ) ਮਹਾਨਗਰ ਖੇਤਰ ਦੇ ਲਈ ਯੋਜਨਾ ਅਤੇ ਤਾਲ ਮੇਲ ਨਾਲ ਸੰਬੰਧਤ ਅਜਿਹੇ ਕਾਜਕਾਰ ਜੋ ਅਜਿਹੀਆਂ ਕਮੇਟੀਆਂ ਨੂੰ ਨਿਸਚਿਤ ਕੀਤੇ ਜਾਣ;

(ਹ) ਉਹ ਤਰੀਕਾ, ਜਿਸ ਨਾਲ ਅਜਿਹੀਆਂ ਕਮੇਟੀਆਂ ਦੇ ਚੇਅਰਪਰਸਨ ਚੁਣੇ ਜਾਣਗੇ ;

(3) ਹਰਿ ਮਹਾਨਗਰ ਯੋਜਨਾ ਕਮੇਟੀ, ਵਿਕਾਸ ਯੋਜਨਾ ਤਿਆਰ ਕਰਨ ਵਿਚ,-

(ੳ) ਹੇਠ ਲਿਖਿਆ ਦਾ ਧਿਆਨ ਰੱਖੇਗੀ:-

(i) ਮਹਾਨਗਰ ਖੇਤਰ ਵਿਚ, ਨਗਰਪਾਲਿਕਾਵਾਂ ਅਤੇ ਪੰਚਾਇਤਾ ਦੁਆਰਾ ਤਿਆਰ ਕੀਤੀਆਂ ਗਈਆਂ ਯੋਜਨਾਵਾਂ;

(ii)ਨਗਰਪਾਲਿਕਾਵਾਂ ਅਤੇ ਪੰਚਾਇਤਾਂ ਦੇ ਸਾਂਝੇ ਹਿੱਤ ਦੇ ਅਮਲੇ, ਜਿਨ੍ਹਾਂ ਦੇ ਵਿਚ ਉਸ ਖੇਤਰ ਦੀ ਤਾਲਮੇਲੀ ਸਥਾਨਕ ਯੋਜਨਾਵਾਂ, ਜਲ ਅਤੇ ਹੋਰ ਭੌਤਿਕ ਅਤੇ ਪ੍ਰਾਕ੍ਰਿਤੱਕ ਸਰੋਤਾ ਵਿਚ ਹਿੱਸਾ ਬਣਾਉਣਾ, ਅਧਾਰ ਬਣਤਰ ਦਾ ਏਕੀਕ੍ਰਿਤ ਵਿਕਾਸ ਅਤੇ ਵਾਤਾਵਰਣਕ ਵਿਕਾਸ ਹੈ;

(iii) ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਤੈਅ ਸਮੁੱਚੇ ਉਦੇਸ਼ ਅਤੇ ਪਹਿਲਤਾਵਾਂ;

(iv) ਉਨ੍ਹਾਂ ਨਿਦੇਸ਼ਾਂ ਦਾ ਵਿਸਤਾਰ ਅਤੇ ਪ੍ਰਕ੍ਰਿਤੀ ਜੋ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀਆਂ ਏਜੰਸੀਆਂ ਦੁਆਰਾ ਮਹਾਂ ਨਗਰ ਖੇਤਰ ਵਿਚ ਕੀਤੇ ਜਾਣੇ ਸੰਭਾਵਤ ਹਨ ਅਤੇ ਹੋਰ ਵਿਤੀ ਜਾਂ ਹੋਰ ਸੋਰਤ;

(ਅ) ਅਜਿਹੀਆਂ ਸੰਸਥਾਵਾਂ ਅਤੇ ਸੰਗਠਨਾਂ ਨਾਲ ਮਸ਼ਵਰਾ ਕਰੇਗੀ



Ministry of Law & Justice

ਜੋ ਗਵਰਨਰ, ਹੁਕਮਾਂ ਦੁਆਰਾ ਉਲਿੱਖਤ ਕਰੇ ;

(4) ਹਰਿਕ ਮਹਾਂਨਗਰ ਕਮੇਟੀ ਦਾ ਚੇਅਰਪਰਸਨ, ਉਹ ਵਿਕਾਸ ਯੋਜਨਾ,ਜਿਸ ਦੀ ਅਜਿਹੀ ਕਮੇਟੀ ਦੁਆਰਾ ਸਿਫ਼ਾਰਸ਼ ਕੀਤੀ ਜਾਂਦੀ ਹੈ ਰਾਜ ਸਰਕਾਰ ਨੂੰ ਭੇਜੇਗਾ।

ਮੌਜੂਦਾ ਕਾਨੂੰਨਾਂ ਅਤੇ ਮਹਾਨਗਰਾਂ ਦਾ ਬਣਿਆ ਰਹਿਣਾ।

243 ਪ.ਕ. ਇਸ ਭਾਗ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆ ਵੀ, ਸੰਵਿਧਾਨ (ਚੌਹਤਰਵੀਂ ਸੋਧ) ਐਕਟ, 1992 ਦੇ ਅਰੰਭ ਦੇ ਤੁਰੰਤ ਪਹਿਲਾਂ ਕਿਸੇ ਰਾਜ ਵਿਚ ਨਾਫਜ ਨਗਰਪਾਲਿਕਾਵਾਂ ਦੇ ਸੰਬੰਧਤ ਕਿਸੇ ਕਾਨੂੰਨ ਦਾ ਕੋਈ ਉਪਬੰਧ, ਜੋ ਇਸ ਭਾਗ ਦੇ ਉਪਬੰਧਾਂ ਤੋਂ ਅੰਸਗਤ ਹੈ, ਜਦ ਤੱਕ ਸ਼ਕਤਵਾਨ ਵਿਧਾਨ-ਮੰਡਲ ਦੁਆਰਾ ਜਾਂ ਹੋਰ ਸ਼ਕਤਵਾਨ ਅਥਾਰਟੀ ਦੁਆਰਾ ਉਸ ਨੂੰ ਸੋਧਿਆ ਜਾ ਨਿਰਸਤ ਨਹੀਂ ਕਰ ਦਿੱਤਾ ਜਾਂਦਾ ਹੈ ਜਾਂ ਜਦ ਤੱਕ ਅਜਿਹੇ ਅਰੰਭ ਤੋਂ ਇਕ ਸਾਲ ਗੁਜਰ ਨਹੀਂ ਜਾਂਦਾ ਹੈ, ਇਨ੍ਹਾਂ ਵਿਚੋਂ ਜੋ ਵੀ ਪਹਿਲਾਂ ਹੋਵੇ, ਤਦ ਤੱਕ ਨਾਫਜ ਬਣਿਆ ਰਹੇਗਾ

ਪਰੰਤੂ ਅਜਿਹੇ ਆਰੰਭ ਦੇ ਤੁਰੰਤ ਪਹਿਲਾਂ ਮੌਜੂਦ ਸਭ ਨਗਰਪਾਲਿਕਾਵਾਂ, ਜੋ ਉਸ ਰਾਜ ਦੀ ਵਿਧਾਨ ਸਭਾ ਜਾਂ ਅਜਿਹੇ ਰਾਜ ਦੀ ਸੂਰਤ ਵਿਚ, ਜਿਸ ਵਿਚ ਵਿਧਾਨ ਪਰਿਸ਼ਦ ਹੈ, ਉਸ ਰਾਜ ਦੇ ਵਿਧਾਨ ਮੰਡਲ ਦੇ ਹਰੇਕ ਸਦਨ ਦੁਆਰਾ ਪਾਸ ਕੀਤੇ ਪ੍ਰਭਾਵੀ ਮਤੇ ਦੁਆਰਾ ਪਹਿਲਾਂ ਹੀ ਭੰਗ ਕਰ ਦਿੱਤਾ ਜਾਂਦਾ ਹੈ, ਤਾਂ ਆਪਣੀ ਮਿਆਦ ਗੁਜ਼ਰਨਰ ਤੱਕ ਬਣੀਆਂ ਰਹਿਣਗੀਆਂ।

ਚੋਣ ਮਾਮਲਿਆਂ ਵਿਚ ਅਦਾਲਤਾਂ ਦੇ ਦਖਲ ਤੋਂ ਵਰਜਨਾ।

243 ਪ.ਖ ਇਸ ਸੰਵਿਦਾਨ ਵਿਚ ਕਿਸੇ ਸਾਲ ਦੇ ਹੁੰਦਿਆ ਹੋਇਆਂ ਵੀ –

(ੳ) ਅਨੁਛੇਦ 243 ਪ ਉ ਦੇ ਅਧੀਨ ਬਣਾਈ ਗਈ ਜਾਂ ਬਣਾਏ ਜਾਣ ਦੇ ਲਈ ਤਾਤਪਰਜਤ ਕਿਸੇ ਅਜਿਹੇ ਕਾਨੂੰਨ ਦੀ ਜਾਇਜਤਾ, ਜੋ ਚੋਣ ਖੇਤਰਾਂ ਦੀ ਹੱਦ ਬੰਦੀ ਜਾਂ ਅਜਿਹੇ ਚੋਣ ਖੇਤਰਾਂ ਦੀਆਂ ਸੀਟਾਂ ਦੇ ਮਿੱਥੇ ਜਾਣ ਨਾਲ ਸੰਬੰਧਤ ਹੈ, ਕਿਸੇ ਅਦਾਲਤ ਵਿਚ ਉਜਰ ਨਹੀਂ ਕੀਤਾ ਜਾਵੇਗਾ।

(ਅ) ਕਿਸੇ ਨਗਰਪਾਲਿਕਾ ਦੇ ਲਈ ਕੋਈ ਚੋਣ, ਅਜਿਹੀ ਚੋਣ ਅਰਜੀ



Ministry of Law & Justice

ਤੇ ਹੀ ਉਜਰ ਕੀਤਾ ਜਾਵੇਗਾ ਜੋ ਅਜਿਹੀ ਅਥਾਰਟੀ ਨੂੰ ਅਤੇ ਅਜਿਹੇ ਤਰੀਕੇ ਨਾਲ ਪੇਸ਼ ਕੀਤੀ ਗਈ ਹੈ, ਜਿਸ ਦਾ ਕਿਸੇ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਜਾਂ ਉਸ ਦੇ ਅਧੀਨ ਉਪਬੰਧ ਕੀਤਾ ਜਾਵੇ, ਹੋਰਵੇਂ ਨਹੀਂ ।

Ministry of Law & Justice

## [1]ਭਾਗ IX ਅ

## ਸਹਿਕਾਰੀ ਸੋਸਾਇਟੀਆਂ

ਪਰਿਭਾਸ਼ਾਵਾਂ

243 ਪ ਗ. ਇਸ ਭਾਗ ਵਿਚ, ਜਦ ਤੱਕ ਪ੍ਰਸੰਗ ਹੋਰਵੇਂ ਨਾ ਲੋੜੇ,

(ੳ) "ਅਖਤਿਆਰਤ ਵਿਅਕਤੀ" ਦਾ ਮਤਲਬ ਹੈ ਅਨੁਛੇਦ 243 ਪਠ ਵਿਚ ਉਸ ਰੂਪ ਵਿਚ ਹਵਾਲਾ ਦਿੱਤੇ ਕੋਈ ਵਿਅਕਤੀ ਤੋਂ ਹੈ ;

(ਅ) "ਬੋਰਡ" ਦਾ ਮਤਲਬ ਕਿਸੇ ਸਹਿਕਾਰੀ ਸੋਸਾਇਟੀ ਦੇ ਡਾਇਰੈਕਟਰ ਬੋਰਡ ਜਾਂ ਸ਼ਾਸਨ ਬੌਡੀ, ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ, ਜਿਸ ਨੂੰ ਕਿਸੇ ਸੋਸਾਇਟੀ ਦੇ ਕਾਰ-ਵਿਹਾਰਾਂ ਦੇ ਪ੍ਰਬੰਧ ਦਾ ਨਿਦੇਸ਼ਨ ਅਤੇ ਨਿਯਤਰਣ ਸੌਂਪਿਆ ਗਿਆ ਹੋਵੇ ;

(ੲ) " ਸਹਿਕਾਰੀ ਸੋਸਾਇਟੀ" ਦਾ ਮਤਲਬ ਅਜਿਹੀ ਸੋਸਾਇਟੀ ਜੋ, ਕਿਸੇ ਰਾਜ ਵਿਚ ਤੱਤਸਮੇਂ ਨਾਫਜ਼ ਸਹਿਕਾਰੀ ਸੋਸਾਇਟੀ ਨਾਲ ਸੰਬੰਧਤ ਕਿਸੇ ਕਾਨੂੰਨ ਦੇ ਅਧੀਨ ਰਜਿਸਟਰਸ਼ੁਦਾ ਹੈ ਜਾਂ ਰਜਿਸਟਰਸ਼ੁਦਾ ਸਮਝੀ ਗਈ ਹੈ ;

(ਸ) "ਬਹੁ-ਰਾਜੀਸਹਿਕਾਰੀ ਸੋਸਾਇਟੀ" ਦਾ ਮਤਲਬ ਅਜਿਹੀ ਸੋਸਾਇਟੀ, ਜਿਸ ਦੇ ਉਦੇਸ਼ ਇਕ ਰਾਜ ਤੱਕ ਸੀਮਤ ਨਹੀਂ ਹਨ ਅਤੇ ਜੋ ਸਹਿਕਾਰੀ ਸੋਸਾਇਟੀਆਂ ਨਾਲ ਸੰਬੰਧਤ ਤੱਤਸਮੇਂ ਨਾਫਜ ਕਿਸੇ ਕਾਨੂੰਨ ਦੇ ਅਧੀਨ ਰਜਿਸਟਰਸ਼ੁਦਾ ਹੈ ਜਾਂ ਰਜਿਸਟਰਸ਼ੁਦਾ ਸਮਝੀ ਗਈ ਹੈ ;

(ਹ) "ਅਹੁਦੇਦਾਰ" ਦਾ ਮਤਲਬ ਕਿਸੇ ਸਹਿਕਾਰੀ ਸੋਸਾਇਟੀ ਦਾ ਪ੍ਰਧਾਨ, ਉਪ-ਪ੍ਰਧਾਨ, ਚੇਅਰਪਰਸਨ, ਉਪ-ਚੇਅਰਪਰਸਨ, ਸਕੱਤਰ,ਜਾਂ ਖਜਾਨਚੀ ਹੈ ਅਤੇ ਜਿੰਨਾ ਵਿਚ ਕਿਸੇ ਸਹਿਕਾਰੀ ਸੋਸਾਇਟੀ ਦੇ ਬੋਰਡ ਦੁਆਰਾ ਚੁਣਿਆ ਜਾਣ ਵਾਲਾ ਕੋਈ ਹੋਰ

Ministry of Law & Justice

---

[1] ਸੰਵਿਧਾਨ (ਸਤਾਨਵੀਂ ਸੋਧ ) ਐਕਟ, 2011 ਦੀ ਧਾਰਾ 4 ਦੁਆਰਾ (15.02.2012 ਤੋਂ ) ਅੰਤਰਸਥਾਪਤ ।

ਵਿਅਕਤੀ ਵੀ ਸ਼ਾਮਲ ਹੈ ;

(ਕ) "ਰਜਿਸਰਾਰ" ਦਾ ਮਤਲਬ ਹੈ ਬਹੁ-ਰਾਜੀ ਸਹਿਕਾਰੀ ਸੋਸਾਇਟੀਆਂ ਦੇ ਸਬੰਧ ਵਿਚ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੇਂਦਰੀ ਰਜਿਸਟਰਾਰ ਅਤੇ ਸਹਿਕਾਰੀ ਸੋਸਾਇਟੀਆਂ ਦੇ ਸਬੰਧ ਵਿਚ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਾਨੂੰਨ ਦੇ ਅਧੀਨ ਰਾਜ ਸਰਕਾਰ ਦੁਆਰਾ ਨਿਯੁਕਤ ਸਹਿਕਾਰੀ ਸੋਸਾਇਟੀਆਂ ਦੇ ਰਜਿਸਟਰਾਰ ਤੋਂ ਹੈ ;

(ਖ) " ਰਾਜ ਐਕਟ" ਦਾ ਮਤਲਬ ਹੈ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਇਆ ਗਿਆ ਕੋਈ ਕਾਨੂੰਨ ;

(ਗ) " ਰਾਜ ਪੱਧਰੀ ਸਹਿਕਾਰੀ ਸੋਸਾਇਟੀ" ਦਾ ਮਤਲਬ ਹੈ, ਅਜਿਹੀ ਸਹਿਕਾਰੀ ਸੋਸਾਇਟੀ, ਜਿਸ ਦਾ ਸੰਪੂਰਨ ਰਾਜ ਤੇ ਵਿਸਤਾਰਤ ਆਪਣਾ ਅਮਲ ਖੇਤਰ ਹੈ ਅਤੇ ਜਿਸ ਨੂੰ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਵਿਚ ਉਸ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ ।

ਸਹਿਕਾਰੀ ਸੋਸਾਇਟੀਆਂ ਦਾ ਨਿਗਮਨ ।

243ਪ. ਘ. ਇਸ ਭਾਗ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ ਮੰਡਲ ਕਾਨੂੰਨ ਦੁਆਰਾ, ਸਵੈ-ਇੱਛਾ ਨਾਲ ਰਚਨਾ ਕਰਨਾ, ਲੋਕ ਤਾਂਤਰਿਕ ਮੈਂਬਰ ਨਿਯੰਤਰਨ, ਮੈਂਬਰ-ਆਰਥਿਕ ਹਿੱਸੇਦਾਰੀ ਅਤੇ ਖ਼ੁਦਮੁਖਤਾਰ ਕਾਰਕਾਰ ਦੇ ਸਿਧਾਂਤਾ ਦੇ ਅਧਾਰਤ ਸਹਿਕਾਰੀ ਸੋਸਾਇਟੀਆਂ ਦਾ ਨਿਰਮਾਨ, ਵਿਨਿਯਮਨ ਅਤੇ ਸਮਾਪਤ ਕਰਨ ਦੇ ਸੰਬੰਧ ਵਿਚ ਉਪਬੰਧ ਕਰ ਸਕੇਗਾ ।

ਬੋਰਡ ਦੇ ਮੈਂਬਰਾਂ ਅਤੇ ਉਸ ਦੇ ਅਹੁਦੇਦਾਰ ਦੀ ਗਿਣਤੀ ਅਤੇ ਅਉਧ ।

243 ਪ. ਙ. (1) ਬੋਰਡ ਵਿਚ ਉਨ੍ਹੀ ਸੰਖਿਆ ਵਿਚ ਡਾਇਰੈਕਟਰ ਹੋਣਗੇ, ਜਿੰਨੇ ਰਾਜ ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ, ਉਪਬੰਧਤ ਕੀਤੇ ਜਾਣ :

ਪਰੰਤੂ ਸਹਿਕਾਰੀ ਸੋਸਾਇਟੀ ਦੇ ਡਾਇਰੈਕਟਰਾਂ ਦੀ ਵੱਧ ਤੋਂ ਵੱਧ ਗਿਣਤੀ ਇੱਕੀ ਤੋਂ ਵੱਧ ਨਹੀਂ ਹੋਵੇਗੀ :

Ministry of Law & Justice

ਪੰਰਤੂ ਇਹ ਹੋਰ ਕਿ ਕਿਸੇ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ, ਹਰੇਕ ਸਹਿਕਾਰੀ ਸੋਸਾਇਟੀ ਦੇ ਬੋਰਡ ਵਿਚ ਜੋ ਮੈਂਬਰਾਂ ਵਜੋਂ ਵਿਅਕਤੀਆਂ ਤੋਂ ਮਿਲਕੇ ਬਣੀ ਹੋਵੇ ਅਤੇ ਉਸ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਇਸਤਰੀਆਂ ਦੇ ਵਰਗ ਜਾਂ ਵਰਗਾਂ ਤੋਂ ਮੈਂਬਰ ਹੋਣ, ਇਕ ਥਾਂ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਅਤੇ ਦੋ ਥਾਵਾਂ ਇਸਤਰੀਆਂ ਲਈ ਰਾਖਵੀਆਂ ਕਰੇਗਾ।

(2) ਬੋਰਡ ਦੇ ਚੁਣੇ ਹੋਏ ਮੈਂਬਰਾਂ ਅਤੇ ਅਹੁਦੇਦਾਰ ਦੀ ਅਉਧ ਚੋਣ ਦੀ ਤਰੀਕ ਤੋਂ ਪੰਜ ਮਹੀਨੇ ਦੀ ਹੋਵੇਗੀ ਅਤੇ ਅਹੁਦੇਦਾਰਾਂ ਦੀ ਅਉਧ ਬੋਰਡ ਦੀ ਅਉਧ ਨਾਲ ਸਾਂਝੀ ਹੋਵੇਗੀ :

ਪਰੰਤੂ ਬੋਰਡ, ਬੋਰਡ ਦੀਆਂ ਇਤਫਾਕੀਆਂ ਖਾਲੀਂ ਥਾਵਾਂ ਨੂੰ ਨਾਮਜ਼ਦਗੀ ਦੁਆਰਾ, ਉਸੇ ਵਰਗ ਦੇ ਮੈਂਬਰਾਂ ਵਿਚਂ, ਜਿਸ ਦੇ ਸੰਬੰਧ ਵਿਚ ਇਤਫ਼ਾਕੀਆਂ ਖ਼ਾਲੀ ਥਾਵਾਂ ਹੋਈਆਂ ਹਨ, ਭਰ ਸਕੇਗਾ, ਜੇਕਰ ਬੋਰਡ ਦੀ ਅਉਧ ਉਸਦੀ ਮੂਲ ਅਉਧ ਦੇ ਅੱਧੇ ਤੋਂ ਘੱਟ ਹੈ।

(3) ਕਿਸੇ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ, ਅਜਿਹੀ ਸੋਸਾਇਟੀ ਦੇ ਬੋਰਡ ਦੇ ਮੈਂਬਰਾਂ ਦੇ ਵਜੋਂ ਬੈਂਕਕਾਰੀ, ਪ੍ਰਬੰਧ, ਵਿੱਤ ਦੇ ਖੇਤਰ ਵਿਚ ਤਜਰਬਾ ਜਾਂ ਸਹਿਕਾਰੀ ਸੋਸਾਇਟੀ ਦੇ ਉਦੇਸ਼ਾਂ ਅਤੇ ਉਸ ਦੇ ਦੁਆਰਾ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਨਾਲ ਸੰਬੰਧਤ ਕਿਸੇ ਹੋਰ ਖੇਤਰੀ ਵਿਚ ਵਿਸ਼ੇਸ਼ਤਾ ਰੱਖਣ ਵਾਲੇ ਬੋਰਡ ਦੇ ਮੈਂਬਰ ਹੋਣ ਵਾਲੇ ਵਿਅਕਤੀਆਂ ਦੀ ਸਹਿਯੋਜਤ ਕਰਨ ਦੇ ਲਈ, ਉਪਬੰਧ ਕਰ ਸਕੇਗਾ :

ਪਰੰਤ ਅਜਿਹੇ ਸਹਿਯੋਜਿਤ ਮੈਂਬਰ ਖੰਡ (1) ਦੇ ਪਹਿਲੇ ਪਰੰਤੁਕ ਵਿਚ ਉਲਿੱਖਤ ਇੱਕੀ ਡਾਇਰੈਕਟਰਾਂ ਤੋਂ ਇਲਾਵਾ ਤੋਂ ਵੱਧ ਨਹੀਂ ਹੋਣਗੇ:

ਪਰੰਤੂ ਇਹ ਹੋਰ ਕਿ ਅਜਿਹੇ ਸਹਿਯੋਜਿਤ ਮੈਂਬਰਾਂ ਨੂੰ ਅਜਿਹੇ ਮੈਂਬਰ ਦੇ ਵਜੋਂ ਉਨ੍ਹਾਂ ਦੀ ਹੈਸੀਅਤ ਵਿਚ ਸਹਿਕਾਰੀ ਸੋਸਾਇਟੀ ਦੀ ਕਿਸੇ ਚੋਣ ਵਿਚ ਵੋਟ ਦੇਣ ਦਾ ਜਾਂ ਬੋਰਡ ਦੇ ਅਹੁਦੇਦਾਰਾਂ ਵਜੋਂ ਚੁਣੇ ਜਾਣ ਦੇ ਲਈ ਪਾਤਰ ਹੋਣ ਦਾ ਅਧਿਕਾਰ ਨਹੀਂ ਹੋਵੇਗਾ :

Ministry of Law & Justice

ਪਰੰਤੂ ਇਹ ਵੀ ਕਿ ਕਿਸੇ ਸਹਿਕਾਰੀ ਸੋਸਾਇਟੀ ਦੇ ਕਾਜ਼ਕਾਰੀ ਡਾਇਰੈਕਟਰ ਬੋਰਡ ਦੇ ਮੈਂਬਰ ਵੀ ਹੋਣਗੇ ਅਤੇ ਅਜਿਹੇ ਮੈਂਬਰਾਂ ਨੂੰ ਖੰਡ (1) ਦੇ ਪਹਿਲੇ ਪਰੰਤੁਕ ਵਿਚ ਉਲਿੱਖਤ ਕੁੱਲ ਡਾਇਰੈਕਟਰਾਂ ਦੀ ਗਿਣਤੀ ਕਰਨ ਦੇ ਪ੍ਰਯੋਜਨ ਲਈ ਅਪਵਰਜਿਤ ਕੀਤਾ ਜਾਵੇਗਾ।

ਬੋਰਡ ਦੇ ਮੈਂਬਰਾਂ ਦੀ ਚੋਣ।

243ਪ.ਚ. (1)ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਬੋਰਡ ਦੀ ਚੋਣ, ਬੋਰਡ ਦੀ ਮੁੱਦਤ ਦੇ ਗੁਜ਼ਰਨਰ ਤੋਂ ਪਿੱਛੋਂ ਸੰਚਾਲਤ ਕੀਤਾ ਜਾਵੇਗਾ, ਜਿਸ ਨਾਲ ਇਹ ਸੁਨਿਸਚਿਤ ਕੀਤਾ ਜਾ ਸਕੇ ਕਿ ਨਵੇਂ ਚੁਣੇ ਹੋਏ ਬੋਰਡ ਦੇ ਮੈਂਬਰ, ਜਾਣ ਵਾਲੇ ਬੋਰਡ ਦੇ ਮੈਂਬਰਾਂ ਦੇ ਅਹੁਦੇ ਦੀ ਅਉਦ ਖਤਮ ਹੋਣ ਤੇ ਤੁਰੰਤ ਅਹੁੱਦਾ ਗ੍ਰਹਿਣ ਕਰ ਸਕਣਗੇ :

(2) ਕਿਸੇ ਸਹਿਕਾਰੀ ਸੋਸਾਇਟੀ ਦੀਆਂ ਸਾਰੀਆਂ ਚੋਣਾ ਲਈ ਚੋਣ ਸੂਚੀਆਂ ਤਿਆਰ ਕਰਨ ਦਾ ਅਤੇ ਉਨ੍ਹਾਂ ਸਾਰੇ ਚੋਣਾਂ ਦੇ ਸੰਚਾਲਣ ਦਾ ਅਧੀਖਣ, ਨਿਦੇਸ਼ ਅਤੇ ਨਿਯੰਤਰਨ, ਅਜਿਹੀ ਅਥਾਰਟੀ ਜਾਂ ਬੌਡੀ ਵਿਚ, ਜੋ ਰਾਜ ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ, ਉਪਬੰਧਤ ਕੀਤਾ ਜਾਵੇ, ਨਿਹਿਤ ਹੋਵੇਗਾ :

ਪਰੰਤੂ ਕਿਸੇ ਰਾਜ ਦਾ ਵਿਧਾਨਮੰਡਲ, ਕਾਨੂੰਨ ਦੁਆਰਾ, ਅਜਿਹੀ ਚੋਣਾਂ ਦਾ ਸੰਚਾਲਨ ਲਈ ਜਾਬਤਾ ਅਤੇ ਮਾਰਗਦਰਸ਼ਕ ਸਿਧਾਂਤਾ ਦਾ ਉਪਬੰਧ ਕਰ ਸਕੇਗਾ।

ਬੋਰਡ ਦਾ ਅਧਿਲੰਘਣ ਅਤੇ ਮੁਅਤਲ ਅਤੇ ਅੰਤਰਮ ਪ੍ਰਬੰਧ।

243 ਪ.ਛ. (1) ਤੱਤਸਮੇਂ ਨਾਫਜ਼ ਕਿਸੇ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਿਸੇ ਬੋਰਡ ਦਾ ਛੇ ਮਹੀਨੇ ਤੋਂ ਵੱਧ ਦੀ ਮੁੱਦਤ ਲਈ ਅਧਲੰਘਣ ਨਹੀਂ ਕੀਤਾ ਜਾਵੇਗਾ ਜਾਂ ਮੁੱਅਤਲ ਨਹੀਂ ਰੱਖਿਆ ਜਾਵੇਗਾ।

ਪਰੰਤੂ ਬੋਰਡ ਨੂੰ-

(i) ਉਸ ਦੀ ਲਗਾਤਾਰ ਕੋਤਾਹੀ ਦੀ ਸੂਰਤ ਵਿਚ ਜਾਂ;

(ii) ਆਪਣੇ ਕਰੱਤਵਾਂ ਦੀ ਪਾਲਣਾ ਵਿਚ ਉਪੇਖਿਆ ਕਰਨ ਦੀ ਸੂਰਤ ਵਿਚ ਜਾਂ;

(iii) ਬੋਰਡ ਦੁਆਰਾ ਸਹਿਕਾਰੀ ਸੋਸਾਇਟੀ ਜਾਂ ਉਸਦੇ ਮੈਂਬਰਾਂ ਦੇ ਹਿੱਤਾਂ ਤੇ ਪ੍ਰਤਿਕੂਲ ਕੋਈ ਕੰਮ ਕਰਨ ਦੀ ਸੂਰਤ ਵਿਚ, ਜਾਂ;

(iv) ਬੋਰਡ ਦੇ ਗਠਨ ਜਾਂ ਉਸ ਦੇ ਕਾਜਕਾਰ ਵਿਚ ਕੋਈ ਗਤੀਬੋਧ ਹੋਣ ਦੀ ਸੂਰਤ ਵਿਚ, ਜਾਂ;

(v) ਰਾਜ ਵਿਧਾਨ ਮੰਡਲ ਦੁਆਰਾ, ਕਾਨੂੰਨ ਦੁਆਰਾ, ਅਨੁਛੇਦ 243 ਪਚ ਦੇ ਖੰਡ (2) ਦੇ ਅਧੀਨ ਜਿਵੇ ਉਪਬੰਧਤ ਅਥਾਰਟੀ ਜਾਂ ਬੌਡੀ ਦੇ ਰਾਜ ਐਕਟ ਦੇ ਉਪਬੰਧਾਂ ਦੇ ਅਨੁਸਾਰ ਚੋਣ ਕਰਵਾਉਣ ਵਿਚ ਅਸਫ਼ਲ ਰਹਿਣ ਦੀ ਸੂਰਤ ਵਿਚ,

ਅਧਿਲੰਘਣ ਕੀਤਾ ਜਾ ਸਕੇਗਾ ਜਾਂ ਮੁੱਅਤਲ ਰੱਖਿਆ ਜਾ ਸਕੇਗਾ

ਪਰੰਤੂ ਇਹ ਹੋਰ ਕਿ ਜਿੱਥੇ ਕੋਈ ਸਰਕਾਰੀ ਸ਼ੇਅਰ ਧਾਰਨ ਜਾਂ ਸਰਕਾਰ ਦੁਆਰਾ ਕੋਈ ਉਧਾਰ ਜਾਂ ਵਿੱਤੀ ਸਹਾਇਤਾ ਜਾਂ ਕੋਈ ਗਰੰਟੀ ਨਹੀਂਹੈ, ਉਥੇ ਅਜਿਹੀ ਕਿਸੇ ਸਹਿਕਾਰੀ ਸੋਸਾਇਟੀ ਦੇ ਬੋਰਡ ਨੂੰ ਅਧਿਲੰਘਣ ਨਹੀਂ ਕੀਤਾ ਜਾ ਸਕੇਗਾ ਜਾਂ ਮੁਅੱਤਲ ਨਹੀਂ ਰੱਖਿਆ ਜਾਵੇਗਾ:

ਪੰਰਤੂ ਇਹ ਵੀ ਕਿ ਬੈਂਕਕਾਰੀ ਕਾਰੋਬਾਰ ਕਰਨ ਵਾਲੀ ਕਿਸੇ ਸਹਿਕਾਰੀ ਸੋਸਾਇਟੀ ਦੀ ਸੂਰਤ ਵਿਚ ਬੈਂਕਕਾਰੀ ਵਿਨਿਯਮਨ ਐਕਟ, 1949 ਦੇ ਉਪਬੰਧ ਲਾਗੂ ਹੋਣਗੇ:

ਪਰੰਤੂ ਇਹ ਵੀ ਕਿ ਬਹੁ-ਰਾਜੀ ਸਹਿਕਾਰੀ ਸੋਸਾਇਟੀ ਤੋਂ ਇਲਾਵਾ ਬੈਂਕਕਾਰੀ ਕਾਰੋਬਾਰ ਕਰਨ ਵਾਲੀ ਕਿਸੇ ਸਹਿਕਾਰੀ ਸੋਸਾਇਟੀ ਦੀ ਸੂਰਤ ਵਿਚ, ਇਸ ਖੰਡ ਦੇ ਉਪਬੰਧ ਉਸੇ ਤਰ੍ਹਾਂ ਹੀ ਪ੍ਰਭਾਵੀ ਹੋਣਗੇ ਮਾਨੋ "ਛੇ ਸਾਲ" ਸ਼ਬਦਾਂ ਦੀ ਥਾਵੇਂ "ਇਕ ਸਾਲ" ਸ਼ਬਦ ਰੱਖੇ ਗਏ ਸਨ।

(2) ਬੋਰਡ ਦੇ ਅਧਿਲੰਘਣ ਦੀ ਸੂਰਤ ਵਿਚ, ਅਜਿਹੀ ਸਹਿਕਾਰੀ ਸੋਸਾਇਟੀ ਦੇ ਕਾਰ-ਵਿਹਾਰ ਦਾ ਪ੍ਰਬੰਧ ਕਰਨ ਦੇ ਲਈ ਨਿਯੁਕਤ ਪ੍ਰਸ਼ਾਸਕ, ਖੰਡ (1) ਵਿਚ ਉਲਿੱਖਤ ਮੁੱਦਤ ਦੇ ਅੰਦਰ ਚੋਣਾ ਦੇ ਮੰਚਾਲਨ ਦੇ ਲਈ ਵਿਵਸਥਾ ਕਰੇਗਾ ਉਸ ਦਾ ਪ੍ਰਬੰਧ ਚੁਣੇ ਹੋਏ ਬੋਰਡ ਨੂੰ ਸੋਂਪੇਗਾ।



Ministry of Law & Justice

(3) ਕਿਸੇ ਰਾਜ ਦਾ ਵਿਧਾਨ-ਮੰਡਲ,ਕਾਨੂੰਨ ਦੁਆਰਾ, ਪ੍ਰਸ਼ਾਸਕ ਦੀਆਂ ਸੇਵਾਂ ਦੀਆਂ ਸ਼ਰਤਾਂ ਦੇ ਲਈ ਉਪਬੰਧ ਕਰ ਸਕੇਗਾ।

ਸਹਿਕਾਰੀ ਸੋਸਾਇਟੀਆਂ ਦੇ ਲੇਖਿਆ ਦਾ ਆਡਿਟ।

243 ਪ.ਜ.(1) ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਸਹਿਕਾਰੀ ਸੋਸਾਇਟੀਆਂ ਦੁਆਰਾ ਲੇਖਿਆਂ ਦੇ ਰੱਖੇ ਜਾਣ ਅਤੇ ਅਜਿਹੇ ਲਿਖਿਆਂ ਦੇ ਹਰੇਕ ਵਿੱਤੀ ਸਾਲ ਵਿਚ ਘੱਟ ਤੋਂ ਘੱਟ ਇਕ ਵਾਰ ਆਡਿਟ ਕੀਤੇ ਜਾਣ ਦੇ ਸੰਬੰਧ ਵਿਚ ਉਪਬੰਧ ਕਰ ਸਕੇਗਾ।

(2) ਕਿਸੇ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ, ਅਜਿਹੇ ਆਡਿਟ ਅਤੇ ਆਡਿਟ ਕਰਨ ਵਾਲੀਆਂ ਅਜਿਹੀਆਂ ਫਰਮਾਂ ਦਾ ਜੋ ਸਹਿਕਾਰੀ ਸੋਸਾਇਟੀਆਂ ਦੇ ਲੇਖਿਆਂ ਦੀ ਪਰਿਖਿਆ ਕਰਨ ਦੇ ਲਈ ਪਾਤਰ ਹੋਣਗੀਆਂ ਘੱਟ ਤੋਂ ਘੱਟ ਕਾਬਲੀਅਤਾਂ ਅਤੇ ਤਜਰਬਾ ਕਥਤ ਕਰੇਗਾ।

(3) ਹਰਿਕ ਸਹਿਕਾਰੀ ਸੋਸਾਇਟੀ, ਸਹਿਕਾਰੀ ਸੋਸਾਇਟੀ ਦੀ ਸਧਾਰਨ ਬੌਡੀ ਦੁਆਰਾ ਨਿਯੁਕਤ, ਖੰਡ (2) ਵਿਚ ਹਵਾਲਾ ਦਿੱਤੇ ਕਿਸੇ ਆਡੀਟਰ ਜਾਂ ਆਡੀਟਰ ਕਰ ਵਾਲੀਆਂ ਫਰਮਾਂ ਦੁਆਰਾ ਆਡਿਟ ਕਰਵਾਏਗਾ

ਪਰੰਤੂ ਅਜਿਹੇ ਆਡੀਟਰ ਜਾਂ ਆਡਿਟ ਕਰਨ ਵਾਲੀਆਂ ਫ਼ਰਮਾਂ ਨੂੰ ਰਾਜ ਸਰਕਾਰ ਦੁਆਰਾ ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖਤਿਆਰਤ ਕਿਸੇ ਅਥਾਰਟੀ ਦੁਆਰਾ ਪ੍ਰਵਾਣਤ ਪੈਨਲ ਵਿਚੋਂ ਨਿਯੁਕਤ ਕੀਤਾ ਜਾਵੇਗਾ।

(4) ਹਰੇਕ ਸਹਿਕਾਰੀ ਸੋਸਾਇਟੀਆਂ ਦੇ ਲੇਖਿਆਂ ਦਾ ਆਡਿਟ ਉਸ ਵਿੱਤੀ ਸਾਲ ਦੀ, ਜਿਸ ਨਾਲ ਅਜਿਹੇ ਲੇਖੇ ਸੰਬੰਧਤ ਹਨ, ਸਮਾਪਤੀ ਦੇ ਛੇ ਮਹੀਨੇ ਦੇ ਅੰਦਰ ਕੀਤਾ ਜਾਵੇਗਾ।

(5) ਰਾਜ ਐਕਟ ਦੁਆਰਾ ਜਿਵੇਂ ਪਰਿਭਾਸ਼ਤ ਕਿਸੇ ਸਰਵਉੱਚ ਸਹਿਕਾਰੀ ਸੋਸਾਇਟੀ ਦੇ ਲੇਖਿਆਂ ਦੀ ਆਡਿਟ ਰਿਪੋਟ ਰਾਜ ਵਿਧਾਨ-ਮੰਡਲ ਅੱਗੇ ਅਜਿਹੇ ਤਰੀਕੇ ਨਾਲ ਰੱਖੀ ਜਾਵੇਗੀ ਜੋ ਰਾਜ ਵਿਧਾਨ-ਮੰਡਲ ਦੁਆਰਾ, ਕਾਨੂੰਨ ਦੁਆਰਾ ਉਪਬੰਧਤ ਕੀਤੀ ਜਾਵੇ।

**ਸਧਾਰਨ ਬੌਡੀ ਦੀ ਇਕੱਤਰਤਾ ਸੰਯੋਜਤ ਕਰਨਾ ।**

243 ਪ.ਙ. (1) ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਇਹ ਉਪਬੰਧ ਕਰ ਸਕੇਗਾ ਕਿ ਹਰਿਕ ਸਹਿਕਾਰੀ ਸੋਸਾਇਟੀ ਦੀ ਸਧਾਰਨ ਬੌਡੀ ਦੀ ਸਾਲਾਨਾ ਇੱਕਤਰਤਾ, ਅਜਿਹੇ ਕਾਰੋਬਾਰ ਕਰ ਦੇ, ਜੋ ਅਜਿਹੇ ਕਾਨੂੰਨ ਵਿਚ ਉਪਬੰਧਤ ਕੀਤੇ ਜਾਣ, ਵਿੱਤੀ ਸਾਲ ਦੀ ਸਮਾਪਤੀ ਦੇ ਛੇ ਮਹੀਨੇ ਦੇ ਅੰਦਰ, ਸੰਯੋਜਤ ਕੀਤੀ ਜਾਵੇਗੀ ।

**ਸੂਚਨਾ ਪ੍ਰਾਪਤ ਕਰਨ ਦਾ ਮੈਂਬਰ ਦਾ ਅਧਿਕਾਰ ।**

243 ਪ.ਵ.(1) ਕਿਸੇ ਰਾਜ ਦਾ ਵਿਧਾਨ-ਮੰਡਲ, ਕਾਨੂੰਨ ਦੁਆਰਾ, ਸਹਿਕਾਰੀ ਸੋਸਾਇਟੀ ਦੇ ਹਰਿਕ ਮੈਂਬਰ ਦੀ ਸਹਿਕਾਰੀ ਸੋਸਾਇਟੀ ਦੀਆਂ ਅਜਿਹੀਆਂ ਵਹੀਆਂ, ਸੂਚਨਾ ਅਤੇ ਲੇਖਿਆਂ ਤੱਕ, ਜੋ ਅਜਿਹੇ ਮੈਂਬਰ ਦੇ ਨਾਲ ਉਨ੍ਹਾਂ ਦੇ ਕਾਰੋਬਾਰ ਨੂੰ ਨਿਯਮਤ ਕਰਨ ਵਿਚ ਰੱਖੇ ਗਏ ਹੋਣ, ਪਹੁੰਚ, ਦੇ ਲਈ ਉਪਬੰਧ ਕਰ ਸਕੇਗਾ ।

(2) ਕਿਸੇ ਰਾਜ ਦੀ ਵਿਧਾਨ-ਮੰਡਲ, ਕਾਨੂੰਨ ਦੁਆਰਾ, ਸਹਿਕਾਰੀ ਸੋਸਾਇਟੀ ਦੇ ਪ੍ਰਬੰਧ ਵਿਚ ਮੈਂਬਰਾਂ ਦੀ ਹਿੱਸੇਦਾਰੀ ਸੁਨਿਸਚਿਤ ਕਰਨ ਦੇ ਲਈ, ਮੈਂਬਰਾਂ ਦੁਆਰਾ, ਇੱਕਤਰਤਾਵਾਂ ਵਿਚ ਹਾਜਰੀ ਦੀਆਂ ਅਜਿਹੀਆਂ ਘੱਟ ਤੋਂ ਘੱਟ ਲੋੜਾਂ ਦਾ ਉਪਬੰਧ ਕਰਦੇ ਹੋਏ ਅਤੇ ਸੇਵਾਵਾਂ ਦੇ ਅਜਿਹੇ ਘੱਟ ਤੋਂ ਘੱਟ ਪੱਧਰ ਦੀ ਵਰਤੋਂ ਕਰਦੇ ਹੋਏ ਜਿੰਨਾ ਦਾ ਅਜਿਹੇ ਕਾਨੂੰਨ ਦਾ ਉਪਬੰਧ ਕੀਤਾ ਜਾਵੇ, ਉਪਬੰਧ ਕਰ ਸਕੇਗਾ ।

(3) ਕਿਸੇ ਰਾਜ ਦੀ ਵਿਧਾਨ-ਮੰਡਲ, ਕਾਨੂੰਨ ਦੁਆਰਾ, ਆਪਣੇ ਮੈਂਬਰਾਂ ਦੇ ਲਈ ਸਹਿਕਾਰੀ ਸਿੱਖਿਆ ਅਤੇ ਸਿਖਲਾਈ ਦਾ ਉਪਬੰਧ ਕਰ ਸਕੇਗਾ ।

**ਵਿਵਰਣੀਆਂ**

**243 ਪ.ਟ. -** ਹਰਿਕ ਸਹਿਕਾਰੀ ਸੋਸਾਇਟੀ, ਹਰਿਕ ਵਿੱਤੀ ਸਾਲ ਦੀ ਸਮਾਪਤੀ ਦੇ ਛੇ ਮਹੀਨੇ ਅੰਦਰ ਰਾਜ ਸਰਕਾਰ ਦੁਆਰਾ ਪਦਨਾਮਤ ਅਥਾਰਟੀ ਨੂੰ, ਅਜਿਹੇ ਵਿਵਰਣ ਫਾਈਲ ਕਰੇਗੀ; ਜਿਨਾਂ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣਗੀਆਂ, ਅਰਥਾਤ :

(ੳ) ਉਸ ਦੀਆਂ ਸਰਗਰਮੀਆਂ ਦੀ ਸਾਲਾਨਾ ਰਿਪੋਟ;

(ਅ) ਉਸਦੇ ਲੇਖਿਆਂ ਦਾ ਆਡਿਟ ਕੀਤਾ ਵਿਵਰਣ;

(ੲ) ਬਾਕੀ ਨਿਪਟਾਰੇ ਦੀ ਯੋਜਨਾ, ਜੋ ਸਹਿਕਾਰੀ ਸੋਸਾਇਟੀ ਦੇ



Ministry of Law & Justice

ਸਧਾਰਨ ਬੌਡੀ ਦੁਆਰਾ ਯਥਾ ਪਰਵਾਨਤ ਹੋਣ;

(ਸ) ਸਹਿਕਾਰੀ ਸੋਸਾਇਟੀ ਦੇ ਉਪ-ਕਾਨੂੰਨਾਂ ਦੀਆਂ ਸੋਧਾਂ, ਜੇਕਰ ਕੋਈ ਹੋਣ, ਦੀ ਸੂਚੀ;

(ਹ) ਉਸ ਦੀ ਸਧਾਰ ਬੌਡੀ ਦੀ ਇੱਕਤਰਤਾ ਕਰਨ ਕੀ ਤਰੀਕ ਅਤੇ ਚੋਣਾ ਦਾ ਜੇ ਨਿਯਤ ਹੋਣ, ਸੰਚਾਲਣ ਕਰਨ ਦੇ ਸੰਬੰਧ ਵਿਚ ਐਲਾਨ ਕਰਨਾ ;ਅਤੇ

(ਕ) ਰਾਜ ਐਕਟ ਦੇ ਕਿਸੇ ਉਪਬੰਧਾਂ ਦੇ ਅਨੁਸਰਣ ਵਿਚ ਰਜਿਸਟਰਾਰ ਦੁਆਰਾ ਲੋੜੀਂਦੀ ਕੋਈ ਹੋਰ ਜਾਣਕਾਰੀ।

ਅਪਰਾਧ ਅਤੇ ਡੰਨ।

243 ਪ.ਠ. (1) ਕਿਸੇ ਰਾਜ ਦਾ ਵਿਧਾਨ ਮੰਡਲ, ਕਾਨੂੰਨ ਦੁਆਰਾ, ਸਹਿਕਾਰੀ ਸੋਸਾਇਟੀਆਂ ਨਾਲ ਸੰਬੰਧਤ ਅਪਰਾਧਾਂ ਅਤੇ ਅਜਿਹੀ ਅਪਰਾਧਾਂ ਦੇ ਲਈ ਡੰਨਾ ਨਾਲ ਸੰਬੰਧਤ ਉਪਬੰਧ ਕਰ ਸਕੇਗਾ।

(2) ਖੰਡ (2) ਦੇ ਅਧੀਨ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਾਨੂੰਨ ਹੇਠ-ਲਿਖੇ ਕੰਮ ਕਰਨਾ ਜਾਂ ਉਸ ਦਾ ਲੋਪ ਕਰਨਾ ਅਪਰਾਧ ਵਜੋਂ ਸ਼ਾਮਲ ਹੋਵੇਗਾ, ਅਰਥਾਤ :-

(ੳ) ਕੋਈ ਸਹਿਕਾਰੀ ਸੋਸਾਇਟੀ ਜਾਂ ਉਸ ਦਾ ਕੋਈ ਅਫ਼ਸਰ ਜਾਂ ਮੈਂਬਰ ਜਾਣ ਬੁੱਝ ਕੇ ਝੂਠਾ ਵਿਵਰਣ ਬਣਾਉਦਾਂ ਹੈ ਜਾਂ ਝੂਠੀ ਜਾਨਕਾਰੀ ਦਿੰਦਾ ਹੈ ਜਾਂ ਕੋਈ ਵਿਅਕਤੀ ਜਾਣਬੂਝ ਕੇ ਅਜਿਹੀ ਜਾਣਕਾਰੀ ਨਹੀਂ ਦਿੰਦਾ ਹੈ, ਜੋ ਇਸ ਨਮਿੱਤ ਰਾਜ ਐਕਟ ਦੇ ਉਪਬੰਧਾਂ ਦੇ ਅਧੀਨ ਅਖ਼ਤਿਆਰਤ ਵਿਅਕਤੀ ਦੁਆਰਾ ਲੋੜੀਂਦੀ ਹੋਵੇ;

(ਅ) ਕੋਈ ਵਿਅਕਤੀ ਜਾਣਬੂਝ ਕੇ ਜਾਂ ਕਿਸੇ ਵਾਜਬ ਕਾਰਨ ਦੇ ਬਿਨਾ ਰਾਜ ਐਕਟ ਦੇ ਉਪਬੰਧਾਂ ਦੇ ਅਧੀਨ ਜਾਰੀ ਕੀਤੇ ਗਏ ਕਿਸੇ ਸੰਮਨ, ਅਧਿਗ੍ਰਹਿਣ, ਜਾਂ ਕਾਨੂੰਨ ਪੂਰਨ ਲਿਖਤੀ ਹੁਕਮ ਦੀ

ਅਵੱਗਿਆ ਕਰਦਾ ਹੈ;

(ਞ) ਕੋਈ ਨਿਯੋਜਕ, ਜੋ ਵਾਜਬ ਕਾਰਨ ਦੇ ਬਿਨਾਂ, ਉਸਦੇ ਦੁਆਰਾ ਉਸਦੇ ਕਰਮਚਾਰੀ ਤੋਂ ਕੋਈ ਕੱਟੀ ਗਈ ਰਕਮ, ਦਾ ਉਸ ਤਰੀਕ ਤੋਂ, ਜਿਨ ਨੂੰ ਅਜਿਹੀ ਕਟੋਤੀ ਕੀਤੀ ਗਈ ਹੈ, ਚੌਦਾਂ ਦਿਨਾਂ ਦੀ ਮੁੱਦਤ ਦੇ ਅੰਦਰ ਸਹਿਕਾਰੀ ਸੋਸਾਇਟੀ ਅਦਾਇਗੀ ਕਰਨ ਵਿਚ ਅਸਫ਼ਲ ਰਹਿੰਦਾ ਹੈ ;

(ਸ) ਅਜਿਹਾ ਕੋਈ ਅਫ਼ਸਰ ਜਾਂ ਕਸਟੋਡੀਅਨ, ਜੋ ਅਜਿਹੀ ਕਿਸੇ ਸਹਿਕਾਰੀ ਸੋਸਾਇਟੀ ਦੀ, ਜਿਸ ਦਾ ਉਹ ਅਫਸਰ ਜਾਂ ਕਸਟੋਡੀਅਨ ਹੈ, ਵਹੀਆਂ, ਲੇਖਿਆਂ, ਦਸਤਾਵੇਜਾਂ, ਰਿਕਾਰਡਾਂ, ਨਗਦੀ, ਸਕਿਊਰਿਟੀ ਜਾਂ ਹੋਰ ਸੰਪਤੀ ਦਾ ਕਸਟੋਡੀਅਨ ਕਿਸੇ ਅਖ਼ਤਿਆਰਤ ਵਿਅਕਤੀ ਨੂੰ ਸੌਂਪਣ ਵਿਚ ਅਸਫ਼ਲ ਰਹਿੰਦਾ ਹੈ ;ਅਤੇ

(ਹ) ਜੋ ਕੋਈ ਬੋਰਡ ਦੇ ਮੈਂਬਰਾਂ ਜਾਂ ਅਹੁਦੇਦਾਰ ਦੀ ਚੋਣ ਤੋਂ ਪਹਿਲਾਂ ਉਸਦੇ ਦੌਰਾਨ ਜਾਂ ਪਿੱਛੋਂ ਭ੍ਰਿਸ਼ਟਾਚਾਰ ਅਪਣਾਉਂਦਾ ਹੈ।

**ਬਹੁ-ਰਾਜੀ ਸਹਿਕਾਰ ਸੋਸਾਇਟੀਆਂ ਨੂੰ ਲਾਗੂ ਹੋਣਾ।**

243 ਪ.ਡ. ਇਸ ਭਾਗ ਦੇ ਉਪਬੰਧ, ਬਹੁ-ਰਾਜੀ ਸਹਿਕਾਰੀ ਸੋਸਾਇਟੀਆਂ ਨੂੰ ਇਸ ਰੂਪਭੇਦ ਦੇ ਤਾਬੇ ਲਾਗੂ ਹੋਣਗੇ ਕਿ "ਰਾਜ ਦਾ ਵਿਧਾਨ ਮੰਡਲ" "ਰਾਜ ਐਕਟ" ਜਾਂ "ਰਾਜ ਸਰਕਾਰ" ਦੇ ਪ੍ਰਤਿ ਕਿਸੇ ਹਵਾਲੇ ਦਾ ਉਹੀ ਅਰਥ ਕੱਢਿਆ ਜਾਵੇਗਾ ਜੋ ਕ੍ਰਮਵਾਰ "ਸੰਸਦ" "ਕੇਂਦਰੀ ਐਕਟ ਜਾਂ "ਕੇਂਦਰੀ ਸਰਕਾਰ" ਦਾ ਹੈ।

**ਸੰਘ ਰਾਜਖੇਤਰ ਨੂੰ ਲਾਗੂ ਹੋਣਾ।**

243ਪ.ਢ. ਇਸ ਭਾਗ ਦੇ ਉਪਬੰਧ, ਸੰਘ ਰਾਜਖੇਤਰਾਂ ਨੂੰ ਲਾਗੂ ਹੋਣਗੇ ਅਤੇ ਅਜਿਹੇ ਸੰਘ ਰਾਜਖੇਤਰ ਨੂੰ, ਜਿਸ ਦੀ ਕੋਈ ਵਿਧਾਨ-ਸਭਾ ਨਹੀਂ ਹੈ, ਉਸੇ ਤਰ੍ਹਾਂ ਲਾਗੂ ਹੋਣਗੇ ਮਾਨੋ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਪ੍ਰਤੀ ਹਵਾਲੇ, ਅਨੁਛੇਦ 239 ਅਧੀਨ ਨਿਯੁਕਤ ਉਸ ਦੇ ਪ੍ਰਸ਼ਾਸਕ ਦੇ ਪ੍ਰਤੀ ਅਤੇ ਅਜਿਹੇ ਸੰਘ ਰਾਜਖੇਤਰ ਦੇ ਸੰਬੰਧ ਵਿਚ, ਜਿਸ ਦੀ ਕੋਈ ਵਿਧਾਨ ਸਭਾ ਹੈ, ਉਸ ਵਿਧਾਨ ਸਭਾ ਦੇ ਪ੍ਰਤੀ ਹਵਾਲਾ ਹੈ

ਪਰੰਤੂ ਰਾਸ਼ਟਰਪਤੀ, ਸਰਕਾਰੀ ਗਜ਼ਟ ਵਿਚ, ਅਧਿਸੂਚਨਾ ਦੁਆਰਾ,

Ministry of Law & Justice

ਇਹ ਨਿਦੇਸ਼ ਦੇ ਸਕੇਗਾ ਕਿ ਭਾਗ ਦੇ ਉਪਬੰਧ ਅਜਿਹੇ ਕਿਸੇ ਸੰਘ ਰਾਜਖੇਤਰ ਜਾਂ ਉਸ ਦੇ ਭਾਗ ਨੂੰ ਜਿਸ ਨੂੰ ਉਹ ਅਧਿਸੂਚਨਾ ਵਿਚ ਉਲਿਖਤ ਕਰੇ, ਲਾਗੂ ਨਹੀਂ ਹੋਣਗੇ।

ਮੌਜੂਦਾ ਕਾਨੂਨਾਂ ਦਾ ਜਾਰੀ ਰਹਿਣਾ।

243 ਪ.ਣ. ਇਸ ਭਾਗ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਵਿਧਾਨ (ਸੰਤਾਨੇਵੀ ਸੋਧ) ਐਕਟ, 2011, ਅਰੰਭ ਤੋਂ ਠੀਕ ਪਹਿਲਾਂ ਕਿਸੇ ਰਾਜ ਵਿਚ ਨਾਫ਼ਜ ਸਹਿਕਾਰੀ ਸੋਸਾਇਟੀਆਂ ਨਾਲ ਸੰਬੰਧਤ ਕਿਸੇ ਕਾਨੂੰਨ ਦਾ ਉਪਬੰਧ ਜੋ ਇਸ ਭਾਗ ਦੇ ਉਪਬੰਧਾਂ ਨਾਲ ਅਸੰਗਤ ਹੈ, ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਅਥਾਰਟੀ ਦੁਆਰਾ ਸੋਧ ਜਾ ਨਿਰਸਤ ਕੀਤੇ ਜਾਣ ਤੱਕ ਜਾਂ ਅਰੰਭ ਤੋਂ ਇੱਕ ਸਾਲ ਦੇ ਸਮਾਪਤ ਹੋਣ ਤੱਕ, ਇਨ੍ਹਾਂ ਵਿਚ ਜੋ ਵੀ ਘੱਟ ਹੋਵੇ, ਨਾਫ਼ਜ ਬਣਿਆ ਰਹੇਗਾ।

Ministry of Law & Justice

## ਭਾਗ X

## ਅਨੁਸੂਚਿਤ ਅਤੇ ਕਬਾਇਲੀ ਖੇਤਰ

**ਅਨੁਸੂਚਿਤ ਖੇਤਰਾਂ ਅਤੇ ਕਬਾਇਲੀ ਖੇਤਰਾਂ ਦਾ ਪ੍ਰਸ਼ਾਸਨ।**

244 (1) ਪੰਜਵੀਂ ਅਨੁਸੂਚੀ ਦੇ ਉਪਬੰਧ[1][ਆਸਾਮ[2][[3]ਮੇਘਾਲਯ, ਤ੍ਰਿਪੁਰਾ ਅਤੇ ਮੀਜੋਰਮ]]ਰਾਜਾਂ] ਤੋਂ ਬਿਨਾਂ ਕਿਸੇ ਹੋਰ ਰਾਜ[4]*** ਦੇ ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਪ੍ਰਸ਼ਾਸਨ ਅਤੇ ਨਿਯੰਤਰਨ ਨੂੰ ਲਾਗੂ ਹੋਣਗੇ।

(2) ਛੇਵੀਂ ਅਨੁਸੂਚੀ ਦੇ ਉਪਬੰਧ [1][ਆਸਾਮ [2][[5][ ਮੇਘਾਲਯ,ਤ੍ਰਿਪੁਰਾ] ਅਤੇ ਸੀਜੋਰਮ ਰਾਜਾਂ ]] ਦੇ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਨੂੰ ਲਾਗੂ ਹੋਣਗੇ।

**ਆਸਾਮ ਵਿਚ ਕੁਝਕੁ ਕਬਾਇਲੀ ਖੇਤਰਾਂ ਨੂੰ ਸਮਾਵਿਸ਼ਟ ਕਰਨ ਵਾਲੇ ਇਕ**

[6][ 244 ੳ. (1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਕਾਨੂੰਨ ਦੁਆਰਾ, ਆਸਾਮ ਰਾਜ ਅੰਦਰ ਇਕ ਖੁਦਮੁਖਤਾਰ ਰਾਜ ਬਣਾ ਸਕੇਗੀ ਜਿਸ ਵਿਚ ਛੇਵੀਂ ਅਨੁਸੂਚੀ ਦੇ ਪੈਰਾ 20 ਨਾਲ ਲਗੀ ਸਾਰਣੀ ਦੇ [7][ਭਾਗ I] ਵਿਚ ਉਲਿਖਤ ਸਭ ਕਬਾਇਲੀ ਖੇਤਰਾਂ ਜਾਂ ਉਨ੍ਹਾਂ ਵਿਚੋਂ ਕੋਈ (ਭਾਵੇਂ ਪੂਰਣ ਤੌਰ ਤੇ ਜਾਂ ਅੰਸ਼ਕ ਤੌਰ ਤੇ) ਸਮਾਵਿਸ਼ਟ ਹੋਣ ਅਤੇ ਉਸ ਲਈ--

---

[1] ਉੱਤਰ ਪੂਰਵੀ ਇਲਾਕੇ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾਰਾ 71 ਦੁਆਰਾ (21.01.1972 ਤੋਂ ਪ੍ਰਭਾਵੀ) ਸ਼ਬਦ "ਅਸਾਮ ਰਾਜ" ਦੇ ਸਥਾਨ ਤੇ ਰੱਖੇ ਗਏ ।

[2] ਸੰਨਿਧਾਨ (ਉਣਜੰਵੀਂ ਸੋਧ) ਐਕਟ, 1984 ਦੀ ਧਾਰਾ 2 ਦੁਆਰਾ "ਅਤੇ ਮੇਘਾਲਿਆ" ਸ਼ਬਦਾਂ ਦੀ ਥਾਵੇਂ (01.04.1985 ਦੋਂ ਪਰਭਾਵੀ) ਰੱਖੇ ਜਾਣਗੇ।

[3] ਮੀਜੋਰਮ ਰਾਜ ਐਕਟ 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ) "ਮੇਘਾਲਿਆ ਅਤੇ ਤ੍ਰਿਪੁਰਾ" ਸ਼ਬਦਾਂ ਦੀ ਥਾਵੇਂ ਰੱਖੇ ਗਏ।

[4] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਅਤੇ ਭਾਗ ਅ ਵਿਚ ਉਲਿਖੱਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੀ ਦਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕੀਤੇ ਗਏ।

[5] ਮੀਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ ਪ੍ਰਭਾਵੀ) "ਮੇਘਾਲਿਆ ਅਤੇ ਤ੍ਰਿਪੁਰਾ ਰਾਜਾਂ ਅਤੇ ਮੀਜੋਰਮ ਸੰਘ ਰਾਜ ਖੇਤਰ" ਸ਼ਬਦਾਂ ਦੀ ਥਾਵੇਂ ਰੱਖੇ ਗਏ।

[6] ਸੰਵਿਧਾਨ (ਬਾਈਵੀਂ ਸੋਧ) ਐਕਟ, 1969, ਧਾਰਾ 2 ਦੁਆਰਾ ਅੰਤਰਸਥਾਪਤ।

[7] ਉੱਤਰ ਪੂਰਵੀ ਇਲਾਕੇ (ਪੁਨਰਗਠਨ)ਐਕਟ, 1971 (1971 ਦਾ 81) ਧਾਰਾ 71 ਦੁਆਰਾ "ਭਾਗ ੳ" ਦੀ ਥਾਵੇਂ (21.1.1972 ਤੋਂ ਪ੍ਰਭਾਵੀ) ਰੱਖੇ ਗਏ।

Ministry of Law & Justice

ਖੁਦਮੁਖਤਾਰ ਰਾਜਦਾ ਬਣਾਉਣਾ ਅਤੇ ਉਸ ਲਈ ਸਥਾਨਕ ਵਿਧਾਨ-ਮੰਡਲ ਜਾਂ ਮੰਤਰੀ-ਪਰਿਸ਼ਦ ਜਾਂ ਦੋਹਾਂ ਦਾ ਸਿਰਜਣ ।

(ੳ) ਉਸ ਖੁਦਮੁਖਤਾਰ ਰਾਜ ਲਈ ਵਿਧਾਨ-ਮੰਡਲ ਵਜੋਂ ਕਾਜ-ਕਾਰ ਕਰਨ ਲਈ, ਭਾਵੇਂ ਚੁਣੀ ਹੋਈ ਜਾਂ ਅੰਸ਼ਕ ਤੌਰ ਤੇ ਨਾਮਜਦ ਅਤੇ ਅੰਸ਼ਕ ਤੌਰ ਤੇ ਚੁਣੀ ਹੋਈ, ਇਕ ਬੌਡੀ, ਜਾਂ

(ਅ) ਇਸ ਮੰਤਰੀ-ਪਰਿਸ਼ਦ,

ਜਾਂ ਦੋਂਵੇ, ਹਰੇਕ ਸੂਰਤ ਵਿਚ ਅਜਿਹੇ ਗਠਨ, ਸ਼ਕਤੀਆਂ ਅਤੇ ਰਾਜ-ਕਾਜ ਨਾਲ, ਜਿਹੇ ਕਾਨੂੰਨ ਵਿਚ ਉਲਿਖਤ ਹੋਣ, ਸਿਰਜ ਸਕੇਗੀ ।

(2) ਕੋਈ ਅਜਿਹਾ ਕਾਨੂੰਨ ਜਿਸ ਦਾ ਖੰਡ (1) ਵਿਚ ਹਵਾਲਾ ਦਿੱਤਾ ਗਿਆ ਹੈ, ਖਾਸ ਕਰ ਕੇ—

(ੳ) ਰਾਜਸੂਚੀ ਜਾਂ ਸਮਵਰਤੀ ਸੂਚੀ ਵਿਚ ਗਿਣੇ ਮਾਮਲੇ ਉਲਿਖਤ ਕਰ ਸਕੇਗਾ ਜਿਨ੍ਹਾਂ ਵਾਰੇ ਉਸ ਖੁਦਮੁਖਤਾਰ ਰਾਜ ਦੇ ਵਿਧਾਨ-ਮੰਡਲ ਨੂੰ ਉਸ ਬਾਰੇ ਜਾਂ ਉਸ ਦੇ ਕਿਸੇ ਭਾਗ ਲਈ ਕਾਨੂੰਨ ਬਣਾਉਣ ਦੀ, ਭਾਵੇਂ ਆਸਾਮ ਰਾਜ ਦੇ ਵਿਧਾਨ-ਮੰਡਲ ਨੂੰ ਖਾਰਜ ਕਰਕੇ ਜਾਂ ਹੋਰਵੇਂ, ਸ਼ਕਤੀ ਪ੍ਰਾਪਤ ਹੋਵੇਗੀ ;

(ਅ) ਉਹ ਮਾਮਲੇ ਪਰਿਨਿਸਚਿਤ ਕਰ ਸਕੇਗਾ ਜਿਨ੍ਹਾਂ ਬਾਰੇ ਉਸ ਖੁਦਮੁਖਤਾਰ ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਹੋਵੇਗਾ ;

(ੲ) ਉਪਬੱਧ ਕਰ ਸਕੇਗੀ ਕਿ ਆਸਾਮ ਰਾਜ ਦੁਆਰਾ ਲਾਇਆ ਗਿਆ ਕੋਈ ਕਰ ਉਸ ਖੁਦਮੁਖਤਾਰ ਰਾਜ ਨੂੰ ਸੌਂਪਿਆ ਜਾਵੇਗਾ ਜਿੱਥੇ ਤੱਕ ਉਸ ਦੀਆਂ ਵੱਟਕਾਂ ਉਸ ਖੁਦਮੁਖਤਾਰ ਰਾਜ ਤੋਂ ਮਿਲਣ ਵਾਲੀਆਂ ਮੰਨੀਆਂ ਜਾਣ ;

(ਸ) ਉਪਬੰਧ ਕਰ ਸਕੇਗਾ ਕਿ ਇਸ ਸੰਵਿਧਾਨ ਦੇ ਕਿਸੇ ਅਨੁਛੇਦ ਵਿਚ ਕਿਸੇ ਰਾਜ ਦੇ ਪ੍ਰਤਿ ਕਿਸੇ ਹਵਾਲੇ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਸ ਵਿਚ ਉਸ ਖੁਤਮੁਖਤਾਰ ਰਾਜ ਦੇ ਪ੍ਰਤਿ ਹਵਾਲਾ ਸ਼ਾਮਲ ਹੈ ; ਅਤੇ

(ਹ) ਅਜਿਹੇ ਅਨੁਪੂਰਕ, ਅਨੁਸੰਗਕ ਅਤੇ ਪਰਿਣਾਮਕ ਉਪਬੰਧ ਕਰ ਸਕੇਗਾ ਜੋ ਜਰੂਰੀ ਸਮਝੇ ਜਾਣ ।

(3) ਉਪਰੋਕਤ ਜਿਹੇ ਕਿਸੇ ਕਾਨੂੰਨ ਦੀ ਕੋਈ ਸੋਧ ਜਿਥੇ ਤੱਕ ਅਜਿਹੀ ਸੋਧ ਖੰਡ (2) ਦੇ ਉਪਖੰਡ (ੳ)ਜਾਂ ਉਪਖੰਡ (ਅ) ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਨਾਲ ਸੰਬੰਧਤ ਹੋਵੇ ਪ੍ਰਭਾਵੀ ਨਹੀਂ ਹੋਵੇਗੀ ਜੇਕਰ ਉਹ ਸੋਧ ਸੰਸਦ ਦੇ ਹਰੇਕ ਸਦਨ ਵਿਚ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਦੋ-ਤਿਹਾਈ ਦੁਆਰਾ ਪਾਸ ਨ ਕਰ ਦਿੱਤੀ ਜਾਵੇ ।

(4) ਕੋਈ ਅਜਿਹਾ ਕਾਨੂੰਨ ਜਿਸ ਦਾ ਇਸ ਅਨੁਛੇਦ ਵਿਚ ਹਵਾਲਾ ਦਿਤਾ ਗਿਆ ਹੈ ਅਨੁਛੇਦ 368 ਦੇ ਪ੍ਰਯੋਜਨਾਂ ਲਈ ਇਸ ਸੰਵਿਧਾਨ ਦੀ ਸੋਧ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਨਹੀਂ ਸਮਝਿਆ ਜਾਵੇਗਾ ਕਿ ਇਸ ਵਿਚ ਕੋਈ ਅਜਿਹਾ ਉਪਬੰਧ ਹੋਵੇ ਜੋ ਇਸ ਸੰਵਿਧਾਨ ਦੀ ਸੋਧ ਕਰਦਾ ਹੋਵੇ ਜਾਂ ਇਸ ਨੂ ਸੋਧਣ ਦਾ ਪ੍ਰਭਾਵ ਰਖਦਾ ਹੋਵੇ ।

Ministry of Law & Justice

## ਭਾਗ XI

## ਸੰਘ ਅਤੇ ਰਾਜਾਂ ਵਿਚਕਾਰ ਸੰਬੰਧ

### ਅਧਿਆਏ I - ਵਿਧਾਨਕ ਸੰਬੰਧ

### ਵਿਧਾਨਕ ਸ਼ਕਤੀਆਂ ਦੀ ਵੰਡ

**ਸੰਸਦ ਦੇ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਕਾਨੂੰਨਾਂ ਦਾ ਵਿਸਤਾਰ।**

245.(1) ਇਸ ਸੰਵਿਧਾਨ ਦੇ ਉਪਬੰਧਾਂ ਤੇ ਤਾਬੇ, ਸੰਸਦ ਭਾਰਤ ਦੇ ਸਾਰੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਲਈ ਕਾਨੂੰਨ ਬਣਾ ਸਕੇਗੀ, ਅਤੇ ਕਿਸੇ ਰਾਜ ਦਾ ਵਿਧਾਨ-ਮੰਡਲ ਉਸ ਸਾਰੇ ਰਾਜ ਜਾਂ ਉਸ ਦੇ ਕਿਸੇ ਭਾਗ ਲਈ ਕਾਨੂੰਨ ਬਣਾ ਸਕੇਗਾ।

(2) ਸੰਸਦ ਦਾ ਬਣਾਇਆ ਕੋਈ ਕਾਨੂੰਨ ਇਸ ਕਾਰਨ ਤੋਂ ਕਿ ਉਸ ਦਾ ਰਾਜਖੇਤਰ-ਅਤੀਤ ਅਮਲ ਹੋਵੇਗਾ ਨਾਜਾਇਜ ਨਹੀਂ ਸਮਝਿਆ ਜਾਵੇਗਾ।

**ਸੰਸਦ ਦੇ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਗਏ ਕਾਨੂੰਨਾਂ ਦਾ ਵਿਸ਼ਾ-ਵਸਤੂ।**

246. (1) ਖੰਡ (2) ਅਤੇ (3) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,ਸੰਸਦ ਨੂੰ ਸੱਤਵੀਂ ਅਨੁਸੂਚੀ ਦੀ ਸੂਚੀ I ਵਿਚ (ਜਿਸ ਦਾ ਇਸ ਸੰਵਿਧਾਨ ਵਿਚ "ਸੰਘ ਸੂਚੀ" ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ) ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨ ਬਣਾਉਣ ਦੀ ਨਿਰੋਲ ਸ਼ਕਤੀ ਹੈ।

(2) ਖੰਡ (3) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਸੰਸਦ ਨੂੰ, ਅਤੇ ਖੰਡ (1) ਕੇ ਤਾਬੇ [1]* * * * ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਵੀ, ਸਤਵੀਂ ਅਨੁਸੂਚੀ ਦੀ ਸੂਚੀ II ਵਿਚ (ਜਿਸ ਦਾ ਇਸ ਸੰਵਿਧਾਨ ਵਿਚ "ਸਮਵਰਤੀ ਸੂਚੀ" ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ) ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ ਹੈ।

Ministry of Law & Justice

---

[1] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

(3) ਖੰਡ (1) ਅਤੇ (2) ਦੇ ਤਾਬੇ [1]* * * * ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਸੱਤਵੀਂ ਅਨੁਸੂਚੀ ਦੀ ਸੂਚੀ III ਵਿਚ(ਜਿਸ ਦਾ ਇਸ ਸੰਵਿਧਾਨ ਵਿਚ "ਰਾਜ ਸੂਚੀ" ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ) ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਅਜਿਹੇ ਰਾਜ ਜਾਂ ਉਸ ਦੇ ਕਿਸੇ ਭਾਗ ਲਈ ਕਾਨੂੰਨ ਬਣਾਉਣ ਦੀ ਨਿਰੋਲ ਸ਼ਕਤੀ ਹੈ।

(4) ਸੰਸਦ ਨੂੰ ਭਾਰਤ ਰਾਜਖੇਤਰ ਦੇ ਕਿਸੇ ਭਾਗ ਲਈ, [2][ਜੋ ਕਿਸੇ ਰਾਜ ਵਿਚ]ਸ਼ਾਮਲ ਨਹੀਂ ਕਿਸੇ ਮਾਮਲੇ ਬਾਰੇ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਉਹ ਮਾਮਲਾ ਰਾਜ ਸੂਚੀ ਵਿਚ ਗਿਣਿਆ ਹੋਇਆ ਮਾਮਲਾ ਹੈ, ਕਾਨੂੰਨ ਬਣਾਉਣ ਦੀ ਸ਼ਕਤੀ ਹੈ।

ਮਾਲ ਅਤੇ ਸੇਵਾਵਾਂ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ ।

[3][246 ਉ(1) ਅਨੁਛੇਦ 246 ਅਤੇ 254 ਵਿਚ ਕੋਈ ਗੱਲ ਹੁੰਦਿਆਂ ਹੋਇਆਂ ਵੀ, ਸੰਸਦ ਅਤੇ ਧਾਰਾ (2) ਦੇ ਅਧੀਨ, ਹਰੇਕ ਰਾਜ ਦੇ ਵਿਧਾਨ ਸਭਾ ਨੂੰ ਸੰਘ ਜਾਂ ਰਾਜ ਦੁਆਰਾ ਬਣਾਏ ਗਏ ਮਾਲ ਅਤੇ ਸੇਵਾਵਾਂ ਦੇ ਸੰਬੰਧ ਵਿਚ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ।

(2) ਜਿੱਥੇ ਮਾਲ ਜਾਂ ਸੇਵਾਵਾਂ ਦਾ ਜਾਂ ਦੋਨਾਂ ਦਾ ਅੰਤਰਰਾਜ ਵਪਾਰ ਜਾਂ ਵਣਜ ਦੇ ਸਮੇਂ ਹੁੰਦਾ ਹੈ ਉੱਥੇ ਸੰਸਦ ਨੂੰ ਮਾਲ ਜਾਂ ਸੇਵਾ ਕਰ ਦੇ ਸੰਬੰਧ ਵਿਚ ਕਾਨੂੰਨ ਬਣਾਉਣ ਦੀ ਵਿਸ਼ੇਸ਼ ਸ਼ਕਤੀ ਹੈ।

ਵਿਆਖਿਆ - ਅਨੁਛੇਦ 279 ਉ ਦੇ ਖੰਡ (5) ਵਿਚ ਦਿੱਤੇ ਮਾਲ ਅਤੇ ਸੇਵਾ ਕਰ ਦੇ ਸੰਬੰਧ ਵਿਚ ਇਸ ਅਨੁਛੇਦ ਦੇ ਉਪਬੰਧ ਵਿਚ ਮਾਲ ਅਤੇ ਸੇਵਾ ਕਰ ਪਰਿਸ਼ਦ ਦੁਆਰਾ ਸਿਫਾਰਿਸ਼ ਕੀਤੀ ਗਈ ਤਾਰੀਖ ਤੋਂ ਪ੍ਰਭਾਵੀ ਹੋਵੇਗਾ ।]

ਸੰਸਦ ਦੀ ਕੁਝਕੁ

247. ਇਸ ਅਧਿਆਏ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ

---

[2] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29ਅਤੇ ਅਨੁਸੂਚੀ ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ਉ ਜਾਂ ਭਾਗ ਅ ਵਿਚ" ਦੀ ਥਾਵੇਂ ਰਖੇ ਗਏ।

[3] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 02 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

| | |
|---|---|
| ਅਤਿਰਿਕਤ ਅਦਾਲਤਾਂ ਦੀ ਸਥਾਪਨਾ ਲਈ ਉਪਬੰਧ ਕਰਨ ਦੀ ਸ਼ਕਤੀ। | ਸੰਘ ਸੂਚੀ ਵਿਚ ਗਿਣੇ ਹੋਏ ਕਿਸੇ ਮਾਮਲੇ ਬਾਰੇ ਕਿਸੇ ਮੌਜੂਦਾ ਕਾਨੂੰਨਾਂ ਦੇ ਜਾਂ ਸੰਸਦ ਦੇ ਬਣਾਏ ਕਾਨੂੰਨਾਂ ਦੇ ਚੰਗੇਰੇ ਪ੍ਰਸ਼ਾਸਨ ਲਈ ਕਿਸੇ ਅਤਿਰਿਕਤ ਅਦਾਲਤਾਂ ਦੀ ਸਥਾਪਨਾ ਲਈ ਕਾਨੂੰਨ ਦੁਆਰਾ ਉਪਬੰਧ ਕਰ ਸਕੇਗੀ। |
| ਵਿਧਾਨ ਦੀਆਂ ਬਾਕੀ ਰਹੀਆਂ ਸ਼ਕਤੀਆਂ । | 248. (1) [4][ਅਨੁਛੇਦ 246ਉ ਦੇ ਤਾਬੇ ਰਹਿੰਦੇ ਹੋਏ, ਸੰਸਦ] ਨੂੰ ਸਮਵਰਤੀ ਸੂਚੀ ਜਾਂ ਰਾਜ ਸੂਚੀ ਵਿਚ ਨ ਗਿਣੇ ਹੋਏ ਕਿਸੇ ਮਾਮਲੇ ਬਾਰੇ ਕਾਨੂੰਨ ਬਣਾਉਣ ਦੀ ਨਿਰੋਲ ਸ਼ਕਤੀ ਹੈ। <br> (2) ਅਜੇਹੀ ਸ਼ਕਤੀ ਵਿਚ ਉਨ੍ਹਾਂ ਸੂਚੀਆਂ ਵਿਚੋਂ ਕਿਸੇ ਵਿਚ ਜਿਕਰ ਨ ਕੀਤਾ ਗਿਆ ਕੋਈ ਕਰ ਅਰੋਪਣ ਵਾਲਾ ਕੋਈ ਕਾਨੂੰਨ ਬਣਾਉਣ ਦੀ ਸ਼ਕਤੀ ਸ਼ਾਮਲ ਹੋਵੇਗੀ। |
| ਸੰਸਦ ਦੀ ਰਾਸ਼ਟਰੀ ਹਿਤ ਵਿਚ ਰਾਜ ਸੂਚੀ ਵਿਚਲੇ ਕਿਸੇ ਮਾਮਲੇ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ। | 249. (1) ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ ਰਾਜ ਸਭਾ ਨੇ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਦੋ-ਤਿਹਾਈ ਦੁਆਰਾ ਸਮਰਥਤ ਮਤੇ ਦੁਆਰਾ ਐਲਾਨ ਕੀਤਾ ਹੋਵੇ ਕਿ ਰਾਸ਼ਟਰੀ ਹਿਤ ਵਿਚ ਇਹ ਜਰੂਰੀ ਜਾਂ ਕਾਲ-ਉਚਿਤ ਹੈ ਕਿ ਸੰਸਦ [5][ਅਨੁਛੇਦ 246 ਉ ਦੇ ਤਾਬੇ ਉਪਬੰਧਤ ਮਾਲ ਅਤੇ ਸੇਵਾ ਕਰ ਜਾਂ] ਰਾਜ ਸੂਚੀ ਵਿਚ ਦਿੱਤੇ ਹੋਏ ਅਤੇ ਉਸ ਮਤੇ ਵਿਚ ਉਲਿਖਤ ਕਿਸੇ ਮਾਮਲੇ ਬਾਰੇ ਕਾਨੂੰਨ ਬਣਾਵੇ, ਤਾਂ ਜਦ ਤੱਕ ਉਹ ਮਤਾ ਨਾਫਜ ਰਹੇ, ਸੰਸਦ ਲਈ ਉਸ ਮਾਮਲੇ ਬਾਰੇ ਭਾਰਤ ਦੇ ਸਾਰੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਲਈ ਕਾਨੂੰਨ ਬਣਾਉਣਾ ਕਾਨੂੰਨ-ਸੰਗਤ ਹੋਵੇਗਾ। <br> (2)ਖੰਡ (1) ਦੇ ਅਧੀਨ ਪਾਸ ਕੀਤਾ ਗਿਆ ਮਤਾ ਇਸ ਸਾਲ ਤੋਂ ਵੱਧ ਨ ਹੋਣ ਵਾਲੀ ਅਜਿਹੀ ਮੁੱਦਤ ਲਈ ਨਾਫਜ ਰਹੇਗਾ ਜਿਹੀ ਉਸ ਵਿਚ ਉਲਿਖਤ ਹੋਵੇ: <br><br> ਪਰੰਤੂ, ਜੇ ਅਤੇ ਜਿੰਨੀ ਵਾਰ ਕਿਸੇ ਅਜਿਹੇ ਮਤੇ ਦਾ ਨਾਫਜ ਰਹਿਣਾ ਪਰਵਾਨ ਕਰਨ ਵਾਲਾ ਕੋਈ ਮਤਾ ਖੰਡ(1) ਵਿਚ ਉਪਬੰਧਤ ਢੰਗ ਨਾਲ ਪਾਸ ਕੀਤਾ ਜਾਵੇ, ਅਜਿਹਾ ਮਤਾ ਉਸ ਤਰੀਕ ਤੋਂ ਜਿਸ ਨੂੰ ਉਹ ਇਸ ਖੰਡ |

[4] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 03 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

[5] ਧਾਰਾ 04 ਦੁਆਰਾ, ਉਪਰੋਕਤ ਲਿਖੇ ਸਮਾਨ ਸਰੋਤ ਅਨੁਸਾਰ, ਅੰਤਰਸਥਾਪਤ।



Ministry of Law & Justice

ਦੇ ਅਧੀਨ ਹੋਰਵੇਂ ਨਾਫਜ ਨ ਰਹਿੰਦਾ ਇਸ ਸਾਲ ਦੀ ਹੋਰ ਮੁੱਦਤ ਤੱਕ ਨਾਫਜ ਰਹੇਗਾ।

(3)ਸੰਸਦ ਦਾ ਬਣਾਇਆ ਕੋਈ ਕਾਨੂੰਨ ਜਿਸ ਨੂੰ ਸੰਸਦ ਖੰਡ (1) ਦੇ ਅਧੀਨ ਮਤੇ ਦੇ ਪਾਸ ਨ ਹੋਣ ਦੀ ਸੂਰਤ ਵਿਚ ਬਣਾਉਣ ਲਈ ਸ਼ਕਤਵਾਨ ਨ ਹੁੰਦੀ, ਮਤੇ ਦੇ ਨਾਫਜ ਨ ਹਰਿਣ ਤੋਂ ਛੇ ਮਹੀਨੇ ਦੀ ਮੁੱਦਤ ਦੇ ਗੁਜ਼ਰਨਰ ਤੇ, ਅਸ਼ਕਤਾਈ ਦੀ ਹੱਦ ਤੱਕ, ਉਨ੍ਹਾਂ ਗੱਲਾਂ ਬਾਰੇ ਦੇ ਸਿਵਾਏ ਪ੍ਰਭਾਵੀ ਨਹੀਂ ਹੋਵੇਗਾ ਜੋ ਉਕਤ ਮੁੱਦਤ ਦੇ ਗੁਜ਼ਰਨਰ ਤੋਂ ਪਹਿਲਾਂ ਕੀਤੀਆਂ ਗਈਆਂ ਜਾਂ ਕੀਤੀਆਂ ਜਾਣੋਂ ਛੱਡ ਦਿੱਤੀਆਂ ਗਈਆਂ ਹੋਣ।

ਜੇ ਸੰਸਦ ਦੀ ਘੋਸ਼ਣਾ ਅਮਲ ਵਿਚ ਹੋਵੇ ਸੰਸਦ ਦੀ ਰਾਜ ਸੂਚੀ ਵਿਚਲੇ ਮਾਮਲਿਆਂ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ।

250.(1) ਇਸ ਅਧਿਆਏ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਨੂੰ, ਜਦ ਤੱਕ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਭਾਰਤ ਦੇ ਸਾਰੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਲਈ [6][ਅਨੁਛੇਦ 246 ਉ ਦੇ ਤਾਬੇ ਉਪਬੰਧਤ ਮਾਲ ਅਤੇ ਸੇਵਾਵਾਂ ਕਰ ਜਾਂ] ਰਾਜ ਸੂਚੀ ਵਿਚ ਦਿੱਤੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ।

(2) ਸੰਸਦ ਦਾ ਬਣਾਇਆ ਕੋਈ ਕਾਨੂੰਨ ਜਿਸ ਨੂੰ ਸੰਸਦ ਸੰਕਟ ਦੀ ਘੋਸ਼ਣਾ ਜਾਰੀ ਨ ਹੋਣ ਦੀ ਸੂਰਤ ਵਿਚ ਬਣਾਉਣ ਲਈ ਸ਼ਕਤਵਾਨ ਨ ਹੁੰਦੀ, ਉਸ ਘੋਸ਼ਣਾ ਦੇ ਅਮਲ ਵਿਚ ਨ ਰਹਿਣ ਤੋਂ ਛੇ ਮਹੀਨੇ ਦੀ ਮੁੱਦਤ ਦੇ ਗੁਜ਼ਰਨਰ ਤੇ ਅਸ਼ਕਤਾਈ ਦੀ ਹੱਦ ਤੱਕ, ਉਨ੍ਹਾਂ ਗੱਲਾਂ ਬਾਰੇ ਦੇ ਸਿਵਾਏ ਪ੍ਰਭਾਵੀ ਨਹੀਂ ਰਹੇਗਾ ਜੋ ਉਕਤ ਮੁੱਦਤ ਦੇ ਗੁਜ਼ਰਨਰ ਤੋਂ ਪਹਿਲਾਂ ਕੀਤੀਆਂ ਗਈਆਂ ਜਾਂ ਕੀਤੀਆਂ ਜਾਣੋਂ ਛੱਡ ਦਿੱਤੀਆਂ ਗਈਆਂ ਹੋਣ।

ਅਨੁਛੇਦ 249 ਅਤੇ 250 ਦੇ ਅਧੀਨ ਸੰਸਦ

251. ਅਨੁਛੇਦ 249 ਅਤੇ 250 ਦੀ ਕੋਈ ਗੱਲ ਕਿਸੇ ਰਾਜ ਦੇ ਕਿਸੇ ਵਿਧਾਨ-ਮੰਡਲ ਦੀ ਕੋਈ ਕਾਨੂੰਨ ਬਣਾਉਣ ਕੀ ਸ਼ਕਤੀ ਤੇ, ਜਿਸ ਨੂੰ ਬਣਾਉਣ ਦੀ ਸ਼ਕਤੀ ਇਸ ਸੰਵਿਧਾਨ ਦੇ ਅਧੀਨ ਉਸ ਨੂੰ ਹੈ, ਪਾਬੰਦੀ

[6] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 05 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

ਦੇ ਬਣਾਏ ਕਾਨੂੰਨਾਂ ਅਤੇ ਰਾਜਾਂ ਦੇ ਵਿਧਾਨ-ਮੰਡਲ ਦੇ ਬਣਾਏ ਕਾਨੂੰਨਾਂ ਵਿਚਕਾਰ ਅਸੰਗਤੀ।

ਨਹੀਂ ਲਾਵੇਗੀ, ਪਰ ਜੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸ ਕਾਨੂੰਨ ਦੇ, ਜਿਸ ਨੂੰ ਸੰਸਦ ਉਕਤ ਅਨੁਛੇਦਾਂ ਵਿਚੋਂ ਕਿਸੇ ਦੇ ਅਧੀਨ ਬਣਾਉਣ ਦੀ ਸ਼ਕਤੀ ਰੱਖਦੀ ਹੈ, ਕਿਸੇ ਉਪਬੰਧ ਦੇ ਵਿਰੁੱਧ ਹੋਵੇ, ਤਾਂ ਸੰਸਦ ਦਾ ਬਣਾਇਆ ਕਾਨੂੰਨ ਪ੍ਰਬਲ ਹੋਵੇਗਾ, ਭਾਵੇਂ ਉਹ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਾਨੂੰਨ ਤੋਂ ਪਹਿਲਾਂ ਜਾਂ ਪਿੱਛੋਂ ਪਾਸ ਕੀਤਾ ਗਿਆ ਹੋਵੇ, ਅਤੇ ਰਾਜ ਦੇ ਵਿਧਾਨ-ਮੰਡਲ ਦਾ ਬਣਾਏ ਕਾਨੂੰਨ ਤੋਂ ਪਹਿਲਾਂ ਜਾਂ ਪਿੱਛੋਂ ਪਾਸ ਕੀਤਾ ਗਿਆ ਹੋਵੇ, ਅਤੇ ਰਾਜ ਦੇ ਵਿਧਾਨ-ਮੰਡਲ ਬਣਾਇਆ ਕਾਨੂੰਨ ਵਿਰੋਧ ਦੀ ਹੱਦ ਤੱਕ ਅਮਲ ਹੀ ਹੋਵੇਗਾ, ਪਰ ਤਦ ਜਦ ਤਦ ਹੀ ਜਦ ਤੱਕ ਸੰਸਦ ਦਾ ਬਣਾਇਆਂ ਕਾਨੂੰਨ ਪ੍ਰਭਾਵੀ ਰਹੇ।

ਸੰਸਦ ਦੀ ਦੋ ਜਾਂ ਵਧੇਰੇ ਰਾਜਾਂ ਲਈ ਸੰਮਤੀ ਨਾਲ ਕਾਨੂੰਨ ਬਣਾਉਣ ਦੀ ਸ਼ਕਤੀ ਅਤੇ ਅਜਿਹੇ ਕਾਨੂੰਨ ਦਾ ਕਿਸੇ ਹੋਰ ਰਾਜ ਦੁਆਰਾ ਅੰਗੀਕਾਰ ਕੀਤਾ ਜਾਣਾ।

252. (1) ਜੇ ਕਿਸੇ ਦੋ ਜਾ ਵਧੇਰੇ ਰਾਜਾਂ ਦੇ ਵਿਧਾਨ-ਮੰਡਲਾਂ ਨੂੰ ਇਸ ਵਾਂਛਨੀ ਪ੍ਰਤੀਤ ਹੋਵੇ ਕਿ ਉਨ੍ਹਾਂ ਮਾਮਲਿਆਂ ਵਿਚੋਂ ਜਿਨ੍ਹਾਂ ਬਾਰੇ ਸੰਸਦ ਨੂੰ ਅਨੁਛੇਦ 249 ਅਤੇ 250 ਵਿਚੋਂ ਉਪਬੰਧਤ ਦੇ ਸਿਵਾਏ, ਉਨ੍ਹਾਂ ਰਾਜਾਂ ਲਈ ਕਾਨੂੰਨ ਬਣਾਉਣ ਕੀ ਸ਼ਕਤੀ ਨਹੀਂਹੈ, ਕਿਸੇ ਦਾ ਵਿਨਿਯਮਨ ਅਜਿਹੇ ਰਾਜਾਂ ਵਿਚ ਸੰਸਦ ਕਾਨੂੰਨ ਦੁਆਰਾ ਕਰੇ ਅਤੇ ਜੋ ਉਨ੍ਹਾਂ ਰਾਜਾਂ ਦੇ ਵਿਧਾਨ-ਮੰਡਲਾਂ ਦੇ ਸਭ ਸਦਨਾਂ ਦੁਆਰਾ ਉਸ ਆਸ਼ੇ ਲਈ ਮਤੇ ਪਾਸ ਕਰ ਦਿਤੇ ਜਾਣ ਤਾਂ ਉਸ ਮਾਮਲੇ ਦਾ ਉਸ ਅਨੁਸਾਰ ਵਿਨਯਮਨ ਕਰਨ ਲਈ ਸੰਸਦ ਦਾ ਕੋਈ ਐਕਟ ਪਾਸ ਕਰਨਾ ਕਾਨੂੰਨ ਸੰਗਤ ਹੋਵੇਗਾ ਅਤੇ ਇਸ ਤਰ੍ਹਾਂ ਪਾਸ ਕੀਤਾ ਗਿਆ ਕੋਈ ਐਕਟ ਅਜਿਹੇ ਰਾਜਾਂ ਨੂੰ ਅਤੇ ਅਜਿਹੇ ਕਿਸੇ ਹੋਰ ਰਾਜ ਨੂੰ ਜੋ ਬਾਅਦ ਵਿਚ ਆਪਣੇ ਵਿਧਾਨ-ਮੰਡਲ ਦੇ ਸਦਨ, ਜਾਂ ਜਿੱਥੇ ਦੇ ਸਦਨ ਹੋਣ, ਉਥੇ ਦੋਹਾਂ ਸਦਨਾਂ ਵਿਚੋਂ ਹਰੇਕ ਦੇ ਉਸ ਨਮਿਤ ਪਾਸ ਕੀਤੇ ਮਤੇ ਦੁਆਰਾ ਉਸ ਨੂੰ ਅੰਗੀਕਾਰ ਕਰੇ, ਲਾਗੂ ਹੋਵੇਗਾ।

(2) ਸੰਸਦ ਦੁਆਰਾ ਇਸ ਤਰ੍ਹਾਂ ਪਾਸ ਕੀਤਾ ਗਿਆ ਕੋਈ ਐਕਟ ਉਸੇ ਢੰਗ ਨਾਲ ਪਾਸ ਕੀਤੇ ਜਾਂ ਅੰਗੀਕਾਰ ਕੀਤੇ ਸੰਸਦ ਦੇ ਐਕਟ ਦੁਆਰਾ ਸੋਧਿਆ ਜਾ ਨਿਰਮਤ ਕੀਤਾ ਜਾ ਸਕੇਗਾ, ਪਰ ਕਿਸੇ ਰਾਜ ਬਾਰੇ ਜਿੱਥੇ ਕਿ ਉਹ ਲਾਗੂ ਹੋਵੇ ਉਸ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਦੁਆਰਾ ਸੋਧਿਆ ਜਾਂ ਨਿਰਸਤ ਨਹੀਂ ਕੀਤਾ ਜਾਵੇਗਾ।

ਕੌਮਾਂਤਰੀ

253. ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ

Ministry of Law & Justice

ਕਰਾਰਾਂ ਦੇ ਪ੍ਰਭਾਵੀ ਬਣਾਉਣ ਲਈ ਵਿਧਾਨ।

ਹੁੰਦਿਆਂ ਹੋਇਆਂ ਵੀ, ਸੰਸਦ ਨੂੰ ਕਿਸੇ ਹੋਰ ਦੇਸ਼ ਜਾਂ ਦੇਸ਼ਾਂ ਨਾਲ ਕੀਤੀ ਕਿਸੇ ਸੰਧੀ ਕਰਾਰ ਜਾਂ ਕਨਵੈਨਸ਼ਨ ਜਾਂ ਕਿਸੇ ਕੌਮਾਂਤਰੀ ਸੰਮੇਲਨ, ਸਭਾ ਜਾਂ ਹੋਰ ਬੌਡੀ ਵਿਚ ਕੀਤੇ ਕਿਸੇ ਫੈਸਲੇ ਦੇ ਪਰਿਪਾਲਨ ਲਈ ਭਾਰਤ ਦੇ ਸਾਰੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਦੀ ਕੋਈ ਕਾਨੂੰਨ ਬਣਾਉਣ ਕੀ ਸ਼ਕਤੀ ਹੈ।

ਸੰਸਦ ਦੇ ਬਣਾਏ ਕਾਨੂੰਨਾਂ ਅਤੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਬਣਾਏ ਕਾਨੂੰਨਾਂ ਵਿਚਕਾਰ ਅਸੰਗਤੀ।

254(1) ਜੇ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦਾ ਕੋਈ ਉਪਬੰਧ, ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ, ਜਿਸ ਨੂੰ ਬਣਾਉਣ ਲਈ ਸੰਸਦ ਸ਼ਕਤਵਾਨ ਹੋਵੇ, ਕਿਸੇ ਉਪਬੰਧ, ਜਾ ਸਮਵਰਤੀ ਸੂਚੀ ਵਿਚ ਗਿਣੇ ਹੋਏ ਮਾਮਲਿਆਂ ਵਿਚੋ ਕਿਸੇ ਬਾਰੇ ਕਿਸੇ ਮੌਜੂਦਾ ਕਾਨੂੰਨ ਦੇ ਕਿਸੇ ਉਪਬੰਧ ਦੇ ਵਿਰੁਧ ਹੋਵੇ ਜਾਂ ਖੰਡ (2) ਦੇ ਉਪਬੰਧਾਂ ਦੇ ਤਾਬੇ ਸੰਸਦ ਦਾ ਬਣਾਇਆ ਕਾਨੂੰਨ , ਭਾਵੇਂ ਉਹ ਅਜਿਹੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਾਨੂੰਨ ਤੋਂ ਪਹਿਲਾਂ ਜਾਂ ਪਿੱਛੋਂ ਪਾਸ ਕੀਤਾ ਗਿਆ ਹੋਵੇ, ਜਾਂ ਮੋਜੂਦਾ ਕਾਨੂੰਨ, ਜਿਹੀ ਕੀ ਸੂਰਤ ਹੋਵੇ, ਪ੍ਰਬਲ ਹੋਵੇਗਾ ਅਤੇ ਉਸ ਰਾਜ ਦੇ ਵਿਧਾਨ-ਮੰਡਲ ਦਾ ਬਣਾਇਆ ਕਾਨੂੰਨ, ਵਿਰੋਧ ਦੀ ਹੱਧ ਤੱਕ, ਸੁੰਨ ਹੋਵੇਗਾ।

(2) ਜਿੱਥੇ [7]* * * * ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਵਿਚ, ਜੋ ਸਮਵਰਤੀ ਸੂਚੀ ਵਿਚ ਗਿਣੇ ਹੋਏ ਮਾਮਲਿਆਂ ਵਿਚੋਂ ਕਿਸੇ ਬਾਰੇ ਹੋਵੇ, ਕੋਈ ਅਜਿਹਾ ਉਪਬੰਧ ਹੋਵੇ ਜੋ ਸੰਸਦ ਦੇ ਪਹਿਲਾਂ ਬਣਾਏ ਕਾਨੂੰਨ ਦੇ ਜਾਂ ਉਸ ਮਾਮਲੇ ਬਾਰੇ ਕਿਸੇ ਮੌਜੂਦਾ ਕਾਨੂੰਨ ਦੇ ਉਪਬੰਧ ਦੇ ਵਿਰੁੱਧ ਹੋਵੇ ਤਾਂ ਅਜਿਹੇ ਰਾਜ ਦੇ ਵਿਧਾਨ-ਮੰਡਲ ਦਾ ਉਸ ਤਰ੍ਹਾਂ ਬਣਾਇਆ ਕਾਨੂੰਨ ਉਸ ਰਾਜ ਵਿਚ ਪ੍ਰਬਲ ਹੋਵੇਗਾ ਜੋ ਉਸ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਕੀਤਾ ਗਿਆ ਹੋਵੇ ਅਤੇ ਉਸ ਨੂੰ ਉਸ ਦੀ ਅਨੁਮਤੀ ਪ੍ਰਾਪਤ ਹੋ ਗਈ ਹੋਵੇ।

ਪਰੰਤੂ ਇਸ ਖੰਡ ਦੀ ਕੋਈ ਗੱਲ ਸੰਸਦ ਨੂੰ, ਕਿਸੇ ਸਮੇਂ ਉਸੇ ਮਾਮਲੇ ਬਾਰੇ ਕੋਈ ਕਾਨੂੰਨ, ਜਿਸ ਵਿਚ ਅਜਿਹਾ ਕਾਨੂੰਨ ਵੀ ਸ਼ਾਮਲ ਹੈ, ਜੋ ਰਾਜ

[7] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਜਾਂ ਭਾਗ ਅ ਵਿਚ ਉਲਿਖਤ ਸੰਵਿਧਾਨ (ਸੱਤਵੀਂ ਸੋਧ) ਐਕਟ 1956, ਧਾਰਾ 29" ਅਤੇ ਅਨੁਸੂਚੀ ਦੁਆਰਾ ਲੋਕ ਕਰ ਦਿੱਤੇ ਗਏ

Ministry of Law & Justice

ਦੇ ਵਿਧਾਨ-ਮੰਡਲ ਦੇ ਇਸ ਤਰ੍ਹਾਂ ਬਣਾਏ ਕਾਨੂੰਨ ਵਿਚ ਵਾਧਾ, ਸੋਧ, ਜਾਂ ਅਦਲ-ਬਦਲ ਜਾਂ ਦਾ ਨਿਰਸਨ ਕਰਦਾ ਹੋਵੇ, ਬਣਾਉਣ ਤੋਂ ਨਹੀਂ ਰੋਕੇਗੀ ।

ਸਿਫਾਰਾਸ਼ਾਂ ਅਤੇ ਪੂਰਵ-ਮਨਜੂਰੀਆਂ ਬਾਬਤ ਲੋੜਾਂ ਦਾ ਕੇਵਲ ਜ਼ਾਬਤੇ ਦੇ ਮਾਮਲੇ ਮੰਨੇ ਜਾਣਾ ।

255. ਜੋ ਸੰਸਦ ਦੇ, ਜਾਂ [8]* * * * ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਨੂੰ—

(ੳ) ਜਿੱਥੇ ਰਾਜਪਾਲ ਦੀ ਸਿਫਾਰਸ਼ ਲੋੜੀਦੀ ਸੀ ਉਥੇ ਰਾਜਪਾਲ ਜਾਂ ਰਾਸ਼ਟਰਪਤੀ ਨੇ ;

(ਅ) ਜਿੱਥੇ ਰਾਜਪ੍ਰਮੁੱਖ ਦੀ ਸਿਫਾਰਸ਼ ਲੋੜੀਦੀ ਸੀ ਉਥੇ ਰਾਜਪ੍ਰਮੁੱਖ ਜਾਂ ਰਾਸ਼ਟਰਪਤੀ ਨੇ ;

(ੲ) ਜਿੱਥੇ ਰਾਸ਼ਟਰਪਤੀ ਦੀ ਸਿਫਾਰਸ਼ ਪੂਰਵ-ਮਨਜੂਰੀ ਲੋੜੀਦੀ ਸੀ ਉਥੇ ਰਾਸ਼ਟਰਪਤੀ ਨੇ ;

ਅਨੁਮਤੀ ਦੇ ਦਿੱਤੀ ਹੋਵੇ ਤਾਂ ਅਜਿਹਾ ਐਕਟ ਜਾਂ ਅਜਿਹੇ ਕਿਸੇ ਐਕਟ ਦਾ ਕੋਈ ਉਪਬੰਧ ਕੇਵਲ ਇਸ ਕਾਰਨ ਤੋਂ ਨਾਜਾਇਜ ਨਹੀਂ ਹੋਵੇਗਾ ਕਿ ਇਸ ਸੰਵਿਧਾਨ ਦੁਆਰਾ ਲੋੜੀ ਕੋਈ ਸਿਫ਼ਾਰਸ਼ ਨਹੀਂ ਕੀਤੀ ਗਈ ਸੀ ਜਾਂ ਪੂਰਵ-ਮਨਜੂਰੀ ਨਹੀਂ ਦਿੱਤੀ ਗਈ ਸੀ ।

## ਅਧਿਆਏ II - ਪ੍ਰਸ਼ਾਸਨੀ ਸੰਬੰਧ

### ਸਧਾਰਨ

ਰਾਜਾਂ ਅਤੇ ਸੰਘ ਦੀ ਬਾਂਧ ।

256. ਹਰਿਕ ਰਾਜ ਦੀ ਕਾਰਜਪਾਲਕ ਸ਼ਕਤੀ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਵੇਗੀ ਕਿ ਉਸ ਨਾਲ ਸੰਸਦ ਦੇ ਬਣਾਏ ਕਾਨੂੰਨਾਂ ਦਾ ਅਤੇ ਕਿਸੇ ਮੋਜੂਦਾ ਕਾਨੂੰਨਾਂ ਦਾ ਜੋ ਉਸ ਰਾਜ ਵਿਚ ਲਾਗੂ ਹੋਣ, ਪਾਲਣ ਸੁਨਿਸਚਿਤ ਹੋ ਜਾਵੇ, ਅਤੇ ਸੰਘ ਦੀ ਕਾਰਜਪਾਲਕ ਸ਼ਕਤੀ ਕਿਸੇ ਰਾਜ ਨੂੰ ਅਜਿਹੇ ਨਿਦੇਸ਼ ਦੇਣ ਤੱਕ ਵਿਸਤਰਿਤ ਹੋਵੇਗੀ ਜਿਹੇ ਭਾਰਤ ਸਰਕਾਰ ਨੂੰ ਉਸ ਪ੍ਰਯੋਜਨ ਲਈ ਜਰੂਰੀ ਪ੍ਰਤੀਤ ਹੋਣ ;

ਕੁਝ ਕੁ ਸੂਰਤਾਂ

257. (1) ਹਰਿਕ ਰਾਜ ਦੀ ਕਾਰਪਾਲਕ ਸ਼ਕਤੀ ਦੀ ਵਰਤੋਂ ਇਸ

[8] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।



Ministry of Law & Justice

ਵਿਚ ਰਾਜਾਂ ਤੇ ਸੰਘ ਦਾ ਨਿਯੰਤਰਨ।

ਤਰ੍ਹਾਂ ਕੀਤੀ ਜਾਵੇਗੀ ਕਿ ਉਸ ਨਾਲ ਸੰਘ ਦੀ ਕਾਰਜਪਾਲਕ ਸ਼ਕਤੀ ਦੀ ਵਰਤੋਂ ਵਿਚ ਅੜਚਣ ਜਾਂ ਤੇ ਪ੍ਰਤਿਕੂਲ ਪ੍ਰਭਾਵ ਨ ਪਵੇ, ਅਤੇ ਸੰਘ ਦੀ ਕਾਰਜਪਲਾਕ ਸ਼ਕਤੀ ਕਿਸੇ ਰਾਜ ਨੂੰ ਅਜਿਹੇ ਨਿਦੇਸ਼ ਦੇਣ ਤੱਕ ਵਿਸਤਰਿਤ ਹੋਵੇਗੀ ਜੋ ਭਾਰਤ ਸਰਕਾਰ ਨੂੰ ਉਸ ਪ੍ਰਯੋਜਨ ਲਈ ਜਰੂਰੀ ਪ੍ਰਤੀਤ ਹੋਣ।

(2) ਸੰਘ ਦੀ ਕਾਰਜਪਾਲਕ ਸ਼ਕਤੀ ਕਿਸੇ ਰਾਜ ਨੂੰ ਕਿਸੇ ਅਜਿਹੇ ਸੰਚਾਰ ਸਾਧਨਾਂ ਦੇ ਬਣਾਉਣ ਅਤੇ ਕਾਇਮ ਰੱਖਣ ਲਈ ਨਿਦੇਸ਼ ਦੇਣ ਤੱਕ ਵੀ ਵਿਸਤਰੀਤ ਹੋਵੇਗੀ ਜਿਨ੍ਹਾਂ ਦਾ ਕੋਮੀ ਜਾਂ ਸੈਨਿਕ ਮਹੱਤਤਾ ਦਾ ਹੋਣਾ ਉਸ ਨਿਦੇਸ਼ ਵਿਚ ਐਲਾਨਿਆਂ ਗਿਆ ਹੋਵੇ :

ਪਰੰਤੂ ਇਸ ਖੰਡ ਦੀ ਕੋਈ ਗੱਲ ਰਾਜ-ਮਾਰਗਾਂ ਜਾਂ ਜਨ-ਮਾਰਗਾਂ ਨੂੰ ਕੋਮੀ ਰਾਜ-ਮਾਰਗ ਜਾਂ ਕੋਮੀ ਜਲ-ਮਾਰਗ ਐਲਾਨਣ ਦੀ ਸੰਸਦ ਦੀ ਸ਼ਕਤੀ ਤੇ ਜਾਂ ਇਸ ਤਰ੍ਹਾਂ ਐਲਾਨੇ ਰਾਜ-ਮਾਰਗਾਂ ਜਾਂ ਜਲ-ਮਾਰਗਾਂ ਬਾਰੇ ਸੰਘ ਦੀ ਸ਼ਕਤੀ ਨੂੰ ਤੇ ਜਾਂ ਜਲ ਸੈਨਾ, ਥਲ ਸੈਨਾ ਅਤੇ ਹਵਾਈ ਸੈਨਾ ਦੇ ਵਰਕਸ ਬਾਰੇ ਆਪਣੇ ਕਾਜਕਾਰ ਦੇ ਭਾਗ ਵਜੋਂ ਸੰਚਾਰ-ਸਾਧਨਾਂ ਦੇ ਬਣਾਉਣ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਦੀ ਸੰਘ ਦੀ ਸ਼ਕਤੀ ਤੇ ਪਾਬੰਧੀ ਲਾਉਣ ਵਾਲੀ ਨਹੀਂ ਮੰਨੀ ਜਾਵੇਗੀ।

(3) ਸੰਘ ਦੀ ਕਾਰਜਪਾਲਕ ਸ਼ਕਤੀ ਕਿਸੇ ਰਾਜ ਅੰਦਰ ਰੇਲਵੇ ਦੀ ਹਿਫਾਜ਼ਤ ਲਈ ਕੀਤੇ ਜਾਣ ਵਾਲੇ ਉਪਾਵਾਂ ਬਾਬਤ ਉਸ ਰਾਜ ਨੂੰ ਨਿਦੇਸ਼ ਦੇਣ ਤੱਕ ਵੀ ਵਿਸਤਰਿਤ ਹੋਵੇਗੀ।

(4) ਜਿਥੇ ਖੰਡ (2) ਦੇ ਅਧੀਨ ਕਿਸੇ ਸੰਚਾਰ-ਸਾਧਨਾਂ ਦੇ ਬਣਾਉਣ ਜਾਂ ਉਨ੍ਹਾਂ ਨੂੰ ਕਾਇਮ ਰਖਣ ਬਾਬਤ ਜਾਂ ਖੰਡ (3) ਦੇ ਅਧੀਨ ਕਿਸੇ ਰੇਲਵੇ ਦੀ ਹਿਫਾਜ਼ਤ ਲਈ ਕੀਤੇ ਜਾਣ ਵਾਲੇ ਉਪਾਵਾਂ ਬਾਬਤ ਕਿਸੇ ਰਾਜ ਨੂੰ ਦਿੱਤੇ ਗਏ ਕਿਸੇ ਨਿਦੇਸ਼ ਦੇ ਪਾਲਣ ਵਿਚ, ਉਸ ਨਾਲੋਂ ਵਧੀਕ ਖਰਚਾ ਹੋਵੇ, ਜੋ ਜੇ ਅਜਿਹਾ ਨਿਦੇਸ਼ ਨ ਦਿੱਤਾ ਜਾਂਦਾ ਤਾਂ ਰਾਜ ਦੇ ਸਾਧਾਰਣ ਕਰਤੱਵਾਂ ਦੇ ਨਿਭਾਉਣ ਵਿਚ ਹੁੰਦਾ, ਉਥੇ ਉਸ ਰਾਜ ਦੁਆਰਾ ਇਸ ਤਰ੍ਹਾਂ ਕੀਤੇ ਗਏ ਅਧਿਕ ਖਰਚਾਂ ਬਾਰੇ ਭਾਰਤ ਸਰਕਾਰ, ਦੁਆਰਾ ਉਸ ਰਾਜ ਨੂੰ ਉਹ ਰਕਮ ਦਿੱਤੀ ਜਾਵੇਗੀ ਜਿਸ ਤੇ ਸਹਿਮਤੀ ਹੋ ਜਾਵੇ ਜਾਂ, ਸਹਿਮਤੀ ਦੇ

Ministry of Law & Justice

ਅਭਾਵ ਵਿਚ, ਜੋ ਭਾਰਤ ਦੇ ਚੀਫ ਜਸਟਿਸ ਦਾ ਨਿਯੁਕਤ ਕੀਤਾ ਸਾਲਸ ਤੈਅ ਕਰੇ।

[9]257 ੳ. ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 43 ਦੁਆਰਾ (02.01.1977 ਤੋਂ ਪ੍ਰਭਾਵੀ) ਅੰਤਰਸਥਾਪਤ ਕੀਤੀ ਗਈ ਅਤੇ ਸੰਵਿਧਾਨ (ਚੌਤਾਲੀਵੀਂ ਸੋਧ) ਐਕਟ, 1978 ਦੀ ਧਾਰਾ 33 ਦੁਆਰਾ (20.06.1979 ਤੋਂ ਪ੍ਰਭਾਵੀ) ਨਿਰਸਤ ਕੀਤਾ ਗਿਆ।

ਕੁਝ ਕੁ ਸੂਰਤਾਂ ਵਿਚ ਸੰਘ ਦੀ ਰਾਜਾਂ ਨੂੰ ਸ਼ਕਤੀਆਂ ਆਦਿ ਪ੍ਰਦਾਨ ਕਰਨ ਦੀ ਸ਼ਕਤੀ।

258. (1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ, ਕਿਸੇ ਰਾਜ ਦੀ ਸਰਕਾਰ ਦੀ ਸੰਮਤੀ ਨਾਲ, ਉਸ ਸਰਕਾਰ ਨੂੰ ਜਾਂ ਉਸ ਦੇ ਅਫਸਰਾਂ ਨੂੰ ਅਜਿਹੇ ਕਿਸੇ ਮਾਮਲੇ ਦੇ ਸੰਬੰਧ ਵਿਚ ਜਿਸ ਤੱਕ ਸੰਘ ਦੀ ਕਾਰਜਪਾਲਕ ਸ਼ਕਤੀ ਵਿਸਤਰਿਤ ਹੋਵੇ ਕਾਜ-ਕਾਰ ਸ਼ਰਤੀ ਜਾਂ ਅਸ਼ਰਤੀ ਤੌਰ ਤੇ ਸੌਂਪ ਸਕੇਗਾ।

(2) ਸੰਸਦ ਦਾ ਬਣਾਇਆ ਕੋਈ ਕਾਨੂੰਨ, ਜੋ ਕਿਸੇ ਰਾਜ ਵਿਚ  ਲਾਗੂ ਹੋਵੇ ਕਿਸੇ ਅਜਿਹੇ ਮਾਮਲੇ ਨਾਲ, ਜਿਸ ਬਾਰੇ ਰਾਜ ਦੇ ਵਿਧਾਨ-ਮੰਡਲ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਨ ਹੋਵੇ, ਸੰਬੰਧਤ ਹੋਣ ਤੇ ਵੀ, ਉਸ ਰਾਜ ਜਾਂ ਉਸ ਦੇ ਅਫਸਰਾਂ ਅਤੇ ਸੱਤਾਧਾਰੀਆਂ ਨੂੰ,  ਸ਼ਕਤੀਆਂ ਪ੍ਰਦਾਨ ਕਰ ਸਕੇਗਾ ਅਤੇ ਉਨ੍ਹਾਂ ਤੇ ਕਰਤੱਵ ਅਰੋਪ ਸਕੇਗਾ, ਜਾਂ ਸ਼ਕਤੀਆਂ ਦਾ ਪ੍ਰਦਾਨ ਅਤੇ ਕਰਤੱਵਾਂ ਦਾ ਅਰੋਪਣ ਅਖਤਿਆਰਤ ਕਰ ਸਕੇਗਾ।

(3) ਜਿੱਥੇ ਇਸ ਅਨੁਛੇਦ ਦੇ ਆਧਾਰ ਤੇ , ਕਿਸੇ ਰਾਜ ਜਾਂ ਉਸ ਦੇ ਅਫਸਰਾਂ ਜਾਂ ਸੱਤਾਧਾਰੀਆਂ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹੋਣ ਅਤੇ ਉਨ੍ਹਾਂ ਤੇ ਕਰਤੱਵ ਅਰੋਪੇ ਗਏ ਹੋਣ ਉਥੇ ਉਨ੍ਹਾਂ ਸ਼ਕਤੀਆਂ ਅਤੇ ਕਰਤੱਵਾਂ  ਦੀ ਵਰਤੋਂ ਤੇ ਤੱਲਕ ਵਿਚ ਰਾਜ ਦੁਆਰਾ ਪ੍ਰਸ਼ਾਸਨ ਵਿਚ ਕੀਤੇ ਕਿਸੇ ਵਾਧੂ ਖਰਚੇ ਬਾਰੇ ਭਾਰਤ ਸਰਕਾਰ ਉਸ ਰਾਜਨੂੰ ਅਜਿਹੀ ਰਕਮ ਅਦਾ ਕਰੇਗੀ, ਜਿਸ ਤੇ ਸਹਿਮਤੀ ਹੋ ਜਾਵੇ, ਜਾਂ ਸਹਿਮਤੀ ਦੇ ਅਭਾਵ ਵਿਚ ਜੋ ਭਾਰਤ ਦੇ ਚੀਫ ਸਜਟਿਸ ਦਾ ਨਿਯੁਕਤ ਕੀਤਾ ਸਾਲਸ ਤੈਅ ਕਰੇ
।

[9] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 43 ਦੁਆਰਾ (02.01.1977 ਤੋਂ ਪ੍ਰਭਾਵੀ) ਅੰਤਰਸਥਾਪਤ।

**ਰਾਜਾਂ ਦੀ ਸੰਘ ਨੂੰ ਕਾਜ-ਕਾਰ ਸੌਂਪਣ ਦੀ ਸ਼ਕਤੀ ।**

[10][258 ੳ. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦਾ ਰਾਜਪਾਲ, ਭਾਰਤ ਸਰਕਾਰ ਦੀ ਸੰਮਤੀ ਨਾਲ, ਉਸ ਸਰਕਾਰ ਨੂੰ ਜਾਂ ਉਸ ਦੇ ਅਫਸਰਾਂ ਨੂੰ ਅਜਿਹੇ ਕਿਸੇ ਮਾਮਲੇ ਦੇ ਸੰਬੰਧ ਵਿਚ ਜਿਸ ਤੱਕ ਉਸ ਰਾਜ ਦੀ ਕਾਰਪਜਾਲਕ ਸ਼ਕਤੀ ਵਿਸਤਰਿਤ ਹੋਵੇ ਕਾਜ-ਕਾਰ ਸ਼ਰਤੀ ਜਾਂ ਅਸਰਤੀ ਤੌਰ ਤੇ ਸੌਂਪ ਸਕੇਗਾ ।]

259. [ ਪਹਿਲੀ ਅਨੁਸੂਚੀ ਦੇ ਭਾਗ ਅ ਵਿਚਲੇ ਰਾਜਾਂ ਦੀ ਸ਼ਸਤਰਧਾਰੀ ਸੈਨਾ ।] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ ।

**ਸੰਘ ਦੀ ਭਾਰਤ ਤੋਂ ਕਰਾਰ ਦੇ ਰਾਜਖੇਤਰ ਦੇ ਸੰਬੰਧ ਵਿਚ ਅਧਿਕਾਰਤਾ ।**

260. ਭਾਰਤ ਸਰਕਾਰ ਕਿਸੇ ਅਜਿਹੇ ਰਾਜਖੇਤਰ ਜੋ ਭਾਰਤ ਰਾਜਖੇਤਰ ਦਾ ਭਾਗ ਨ ਹੋਵੇ, ਦੀ ਸਰਕਾਰ ਨਾਲ ਕਰਾਰ ਦੁਆਰਾ ਅਜਿਹੇ ਰਾਜਖੇਤਰ ਦੀ ਸਰਕਾਰ ਵਿਚ ਨਿਹਤ ਕੋਈ ਕਾਰਜਪਾਲਕ, ਵਿਧਾਨਕ ਜਾਂ ਅਦਾਲਤੀ ਕਾਜ-ਕਾਰ ਆਪਣੇ ਜਿੰਮੇ ਲੈ ਸਕੇਗੀ, ਪਰ ਹਰਿਕ ਅਜਿਹਾ ਕਰਾਰ ਵਿਦੇਸ਼ੀ ਅਧਿਕਾਰਤਾ ਦੀ ਵਰਤੋਂ ਸੰਬੰਧੀ ਤਤ-ਸਮੇਂ ਨਾਫਜ ਕਿਸੇ ਕਾਨੂੰਨ ਦੇ ਤਾਬੇ ਹੋਵੇਗਾ, ਅਤੇ ਉਸ ਦੁਆਰਾ ਸ਼ਾਸਤ ਹੋਵੇਗਾ ।

**ਲੋਕ ਕਾਰਜ, ਰਿਕਾਰਡ ਅਤੇ ਅਦਾਲਤੀ ਕਾਰਵਾਈਆਂ ।**

261. (1) ਭਾਰਤ ਰਾਜਖੇਤਰ ਭਰ ਵਿਚ ਸੰਘ ਦੇ ਅਤੇ ਹਰਿਕ ਰਾਜ ਦੇ ਲੋਕ ਕਾਰਜਾਂ, ਰਿਕਾਰਡਾਂ ਅਤੇ ਅਦਾਲਤੀ ਕਾਰਵਾਈਆਂ ਨੂੰ ਪੂਰਾ ਵਿਸ਼ਵਾਸ ਅਤੇ ਪ੍ਰਤੀਤ ਦਿੱਤੀ ਜਾਵੇਗੀ ।

(2) ਉਹ ਢੰਗ ਜਿਸ ਨਾਲ ਅਤੇ ਉਹ ਸ਼ਰਤਾਂ ਜਿਨ੍ਹਾਂ ਦੇ ਅਧੀਨ ਖੰਡ (1) ਵਿਚ ਹਵਾਲੀ ਦਿੱਤੇ ਕਾਰਜਾਂ, ਰਿਕਾਰਡਾਂ ਅਤੇ ਕਾਰਵਾਈਆਂ ਦਾ ਸਬੂਤ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਪ੍ਰਭਾਵ ਤੈਅ ਕੀਤਾ ਜਾਵੇਗਾ, ਸੰਸਦ ਦੇ ਬਣਾਏ ਕਾਨੂੰਨ ਦੁਆਰਾ ਉਪਬੰਧਤ ਜਿਹੀਆਂ ਹੋਣਗੀਆਂ ।

(3) ਭਾਰਤ ਕੇ ਰਾਜਖੇਤਰ ਦੇ ਕਿਸੇ ਭਾਗ ਵਿਚਲੀਆਂ ਦੀਵਾਨੀ ਅਦਾਲਤਾਂ ਦੁਆਰਾ ਦਿੱਤੇ ਗਏ ਅੰਤਮ ਨਿਰਣੇ ਜਾਂ ਹੁਕਮ ਉਸ ਰਾਜਖੇਤਰ ਅੰਦਰ ਕਿਧਰੇ ਵੀ ਕਾਨੂੰਨ ਅਨੁਸਾਰ ਨਿਸ਼ਪਾਦਨਯੋਗ ਹੋਣਗੇ ।

Ministry of Law & Justice

[10] ਸੰਵਿਧਾਨ (ਸੱਤਵਾਂ ਸੋਧ) ਐਕਟ, 1956, ਧਾਰਾ 18 ਦੁਆਰਾ ਅੰਤਰਸਥਾਪਤ ।

## ਪਾਣੀਆਂ ਸੰਬੰਧੀ ਝਗੜੇ

ਅੰਤਰਰਾਜੀ ਦਰਿਆਵਾਂ ਜਾਂ ਦਰਿਆ ਵਾਦੀਆਂ ਦੇ ਪਾਣੀਆਂ ਸੰਬੰਧੀ ਝਗੜਿਆਂ ਦਾ ਨਿਆਂ-ਨਿਰਣਾ।

262.(1) ਸੰਸਦ ਕਾਨੂੰਨ ਦੁਆਰਾ ਕਿਸੇ ਅੰਤਰਰਾਜੀ ਦਰਿਆ ਜਾਂ ਦਰਿਆ ਵਾਦੀ ਦੇ ਜਾਂ ਵਿਚਲੇ ਪਾਣੀਆਂ ਦੀ ਵਰਤੋਂ ਵੰਡ ਜਾਂ ਨਿਯੰਤਰਨ ਬਾਰੇ ਕਿਸੇ ਝਗੜੇ ਜਾਂ ਫਰਿਆਦ ਦੇ ਨਿਆਂ-ਨਿਰਣੇ ਲਈ ਉਪਬੰਧ ਕਰ ਸਕੇਗੀ।

(2) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ , ਸੰਸਦ ਕਾਨੂੰਨ ਦੁਆਰਾ ਉਪਬੰਧ ਕਰ ਸਕੇਗੀ ਕਿ ਨ ਤਾਂ ਸਰਵ-ਉੱਚ ਅਦਾਲਤ ਅਤੇ ਨ ਕੋਈ ਹੋਰ ਅਦਾਲਤ ਖੰਡ (1) ਵਿਚ ਹਵਾਲਾ ਦਿੱਤੇ ਕਿਸੇ ਝਗੜੇ ਜਾਂ ਫਰਿਆਦ ਬਾਰੇ ਅਧਿਕਾਰਤਾ ਦੀ ਵਰਤੋਂ ਕਰੇਗੀ।

## ਰਾਜਾਂ ਵਿਚਕਾਰ ਤਾਲ-ਮੇਲ

ਅੰਤਰਰਾਜੀ ਪਰਿਸ਼ਦ ਬਾਰੇ ਉਪਬੰਧ।

263. ਜੇ ਕਿਸੇ ਸਮੇਂ ਰਾਸ਼ਟਰਪਤੀ ਨੂੰ ਪ੍ਰਤੀਤ ਹੋਵੇ ਕਿ ਅਜਿਹੀ ਪਰਿਸ਼ਦ ਦੀ ਸਥਾਪਨਾ ਨਾਲ ਲੋਕ ਹਿਤਾਂ ਦੀ ਸਿੱਧੀ ਹੋਵੇਗੀ, ਜਿਸ ਤੇ—

(ੳ) ਰਾਜਾਂ ਵਿਚਕਾਰ ਜੋ ਝਗੜੇ ਪੈਦਾ ਹੋ ਗਏ ਹੋਣ ਉਨ੍ਹਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਤੇ ਸਲਾਹ ਦੇਣ ;

(ਅ) ਅਜਿਹੇ ਵਿਸ਼ਿਆਂ ਦੀ ਜਿਨ੍ਹਾਂ ਵਿਚ ਕੁਝ ਜਾਂ ਸਭ ਰਾਜਾਂ ਦਾ ਜਾਂ ਸੰਘ ਅਤੇ ਇਕ ਵਧੇਰੇ ਰਾਜਾਂ ਦਾ ਸਾਂਝਾਂ ਹਿਤ ਹੋਵੇ, ਛਾਣ-ਬੀਣ ਅਤੇ ਚਰਚਾ ਕਰਨ ; ਜਾਂ

(ੲ) ਅਜਿਹੇ ਕਿਸੇ ਵਿਸ਼ੇ ਤੇ ਸਿਫਾਰਸ਼ਾਂ ਕਰਨ, ਅਤੇ ਖਾਸ ਕਰਕੇ ਉਸ ਵਿਸ਼ੇ ਬਾਰੇ ਨੀਤੀ ਅਤੇ ਕਾਰਵਾਈ ਦੇ ਚੰਗੇਰੇ ਤਾਲ-ਮੇਲ ਲਈ ਸਿਫਾਰਸ਼ਾਂ ਕਰਨ,

ਦੇ ਕਰਤੱਵ ਦਾ ਭਾਰ ਹੋਵੇ ਤਾਂ ਰਾਸ਼ਟਰਪਤੀ ਲਈ ਕਾਨੂੰਨ-ਸੰਗਤ ਹੋਵੇਗੀ ਕਿ ਉਹ ਹੁਕਮ ਦੁਆਰਾ ਅਜਿਹੀ ਕਿਸੇ ਪਰਿਸ਼ਦ ਦੀ ਸਥਾਪਨਾ ਕਰੇ, ਅਤੇ ਉਸ ਦੁਆਰਾ ਪਾਲਣ ਕੀਤੇ ਜਾਣ ਵਾਲੇ ਕਰਤੱਵਾਂ ਦਾ ਪ੍ਰਕਿਰਤੀ ਅਤੇ

Ministry of Law & Justice

ਉਸ ਦਾ ਸੰਗਠਨ ਅਤੇ ਜਾਬਤਾ ਪਰਿਨਿਸਚਿਤ ਕਰੇ।

Ministry of Law & Justice

## ਭਾਗ XII
## ਵਿੱਤ, ਸੰਪੱਤੀ, ਮੁਆਇਦੇ ਅਤੇ ਦਾਵੇ

### ਅਧਿਆਇ I ਵਿੱਤ
### ਸਧਾਰਨ

ਭਾਵ ਅਰਥ।

[1][264. ਇਸ ਭਾਗ ਵਿੱਤ "ਵਿੱਤ ਕਮਿਸ਼ਨ" ਦਾ ਮਤਲਬ ਹੈ ਅਨੁਛੇਦ 280 ਦੇ ਅਧੀਨ ਗਠਤ ਵਿੱਤ ਕਮਿਸ਼ਨ।]

ਕਾਨੂੰਨ ਦੀ ਸੱਤਾ ਦੇ ਸਿਵਾਏ ਕਰਾਂ ਦਾ ਨ ਅਰੋਪਣਾ।

265. ਕਾਨੂੰਨ ਦੀ ਮੱਤਾ ਦੇ ਸਿਵਾਏ ਕੋਈ ਕਰ ਲਾਇਆ ਜਾਂ ਉਗਰਾਹਿਆ ਨਹੀਂ ਜਾਵੇਗਾ।

ਭਾਰਤ ਅਤੇ ਰਾਜਾਂ ਦੇ ਸੰਚਿਤ ਫ਼ੰਡ ਅਤੇ ਲੋਕ-ਲੇਖੇ।

266 (1) ਅਨੁਛੇਦ 267 ਦੇ ਉਪਬੰਧਾਂ ਦੇ ਅਤੇ ਕੁਝ ਕੁ ਕਰਾਂ ਅਤੇ ਮਸੂਲਾਂ ਦੀਆਂ ਅਸਲ ਵੱਟਕਾਂ ਰਾਜਾਂ ਨੂੰ ਪੂਰੇ ਜਾਂ ਅੰਸ਼ਕ ਤੋਰ ਤੇ ਸੋਂਪੇ ਜਾਣ ਬਾਰੇ ਇਸ ਅਧਿਆਇ ਦੇ ਉਪਬੰਧਾਂ ਦੇ ਤਾਬੇ, ਭਾਰਤ ਸਰਕਾਰ ਨੂੰ ਪ੍ਰਾਪਤ ਹੋਈ ਸਭ ਸਰਕਾਰੀ ਆਮਦਨ, ਉਸ ਸਰਕਾਰ ਦੁਆਰਾ ਰਾਜ-ਹੁੰਡੀਆਂ ਜਾਰੀ ਕਰਕੇ ਲਏ ਗਏ ਸਭ ਉਧਾਰਾਂ, ਉਧਾਰਾਂ ਜਾਂ ਅਰਥ ਉਪਾਓ ਪੇਸ਼ਗੀਆਂ ਅਤੇ ਉਧਾਰਾਂ ਦੀ ਮੁੜ-ਅਦਾਇਗੀ ਵਿਚ ਉਸ ਸਰਕਾਰ ਨੂੰ ਪ੍ਰਾਪਤ ਹੋਏ ਸਭ ਧਨਾਂ ਦਾ ਇਕ ਸੰਚਿਤ ਫ਼ੰਡ ਬਣੇਗਾ ਜੋ "ਭਾਰਤ ਦਾ ਸੰਚਿਤ ਫ਼ੰਡ" ਦੇ ਨਾਂ ਨਾਲ ਜਾਣਿਆ ਜਾਵੇਗਾ ਅਤੇ ਕਿਸੇ ਰਾਜ ਦੀ ਸਰਕਾਰ ਨੂੰ ਪ੍ਰਾਪਤ ਹੋਈ ਸਭ ਸਰਕਾਰੀ ਆਮਦਨ, ਉਸ ਸਰਕਾਰ ਦੁਆਰਾ ਰਾਜ-ਹੁੰਡੀਆਂ ਜਾਰੀ ਕਰਕੇ ਲਏ ਗਏ ਸਭ ਉਧਾਰਾਂ, ਉਧਾਰਾਂ ਜਾਂ ਅਰਥ-ਉਪਾਓ ਪੇਸ਼ਗੀਆਂ ਅਤੇ ਉਧਰਾਂ ਦੀ ਮੁੜ-ਅਦਾਇਗੀ ਵਿਚ ਉਸ ਸਕਰਾਰ ਨੂੰ ਪ੍ਰਾਪਤ ਹੋਏ ਸਭ ਧਨਾਂ ਦਾ ਇਕ ਸੰਚਿਤ ਫ਼ੰਡ ਬਣੇਗਾ ਜੋ "ਰਾਜ ਦਾ ਸੰਚਿਤ ਫ਼ੰਡ" ਦੇ ਨਾਂ ਨਾਲ ਜਾਣਿਆ ਜਾਵੇਗਾ।

(2) ਭਾਰਤ ਦੀ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਨੂੰ ਜਾਂ ਦੇ ਨਮਿੱਤ

[1] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਮੂਲ ਅਨੁਚੇਦ 264 ਦੀ ਥਾਵੇਂ ਰੱਖਿਆ ਗਿਆ।



Ministry of Law & Justice

ਪ੍ਰਾਪਤ ਹੋਏ ਹੋਰ ਸਭ ਲੋਕ-ਧਨ ਭਾਰਤ ਤੇ ਲੋਕ –ਲੇਖੇ, ਜਾਂ ਉਸ ਰਾਜ ਦੇ ਲੋਕ-ਲੇਖੇ ਜਿਹੀ ਕਿ ਸੂਰਤ ਹੋਵੇ, ਵਿਚ ਜਮ੍ਹਾਂ ਕੀਤੇ ਜਾਣਗੇ।

(3) ਕੋਈ ਧਨ, ਭਾਰਤ ਤੇ ਸੰਚਿਤ ਫ਼ੰਡ ਜਾਂ ਕਿਸੇ ਰਾਜ ਦੇ ਸੰਚਿਤ ਫ਼ੰਡ ਵਿਚੋਂ ਕਾਨੂੰਨ ਦੀ ਅਨੁਸਾਰਤਾ ਵਿਚ ਅਤੇ ਇਸ ਸੰਵਿਧਾਨ ਵਿਚ ਉਪਬੰਧਤ ਪ੍ਰਯੋਜਨਾਂ ਲਈ ਅਤੇ ਢੰਗ ਨਾਲ ਦੇ ਸਿਵਾਏ ਨਹੀਂ ਨਮਿੱਤੇ ਜਾਣਗੇ।

ਅਚੇਤ ਫ਼ੰਡ

267. (1) ਸੰਸਦ ਕਾਨੂੰਨ ਦੁਆਰਾ ਅਗਾਊ ਰਕਮ ਦੀ ਪ੍ਰਕਿਰਤੀ ਦੇ "ਭਾਰਤ ਦਾ ਅਚੇਤ ਫ਼ੰਡ" ਦੇ ਨਾਂ ਨਾਲ ਜਾਣੇ ਜਾਣ ਵਾਲੇ ਅਚੇਤ ਫ਼ੰਡ ਦੀ ਸਥਾਪਨ ਕਰ ਸਕੇਗੀ ਜਿਸ ਵਿਚ ਸਮੇਂ ਸਮੇਂ ਤੇ ਅਜਿਹੀਆਂ ਰਕਮਾਂ ਅਦਾ ਕੀਤੀਆਂ ਜਾਣਗੀਆਂ ਜਿਹੀਆਂ ਅਜਿਹੇ ਕਾਨੂੰਨ ਦੁਆਰਾ ਤੈਅ ਕੀਤੀਆਂ ਜਾਣ ਅਤੇ ਉਕਤ ਫ਼ੰਡ ਅਣਚਿੰਤਿਆ ਖਰਚ ਅਨੁਛੇਦ 115 ਜਾਂ 116 ਦੇ ਅਧੀਨ ਸੰਸਦ ਦੇ ਕਾਨੂੰਨ ਦੁਆਰਾ ਅਖਤਿਆਰਤ ਹੋਣ ਤੱਕ ਅਜਿਹੇ ਫ਼ੰਡ ਵਿਚੋਂ ਅਜਿਹੇ ਖਰਚ ਦੀ ਪੂਰਤੀ ਤੇ ਪ੍ਰਯੋਜਨਾਂ ਲਈ ਪੇਸ਼ਗੀਆਂ ਦੇਣ ਲਈ ਰਾਸ਼ਟਰਪਤੀ ਨੂੰ ਸਮਰਥ ਬਣਾਉਣ ਹਿਤ ਉਸ ਦੇ ਅਖਤਿਆਰਤ ਵਿਚ ਰੱਖਿਆ ਜਾਵੇਗਾ।

(2) ਕਿਸੇ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਅਗਾਊ ਰਕਮ ਦੀ ਪ੍ਰਕਿਰਤੀ ਦੇ "ਰਾਜ ਦੇ ਅਚੇਤ ਫ਼ੰਡ" ਦੇ ਨਾਂ ਨਾਲ ਜਾਣੇ ਜਾਣ ਵਾਲੇ ਅਚੇਤ ਫ਼ੰਡ ਦੀ ਸਥਾਪਨਾ ਕਰ ਸਕੇਗਾ ਜਿਸ ਵਿਚ ਸਮੇਂ ਸਮੇਂ ਤੇ ਅਜਿਹੀਆਂ ਰਕਮਾਂ ਅਦਾ ਕੀਤੀਆਂ ਜਾਣਗੀਆਂ ਜਿਹੀਆਂ ਅਜਿਹੇ ਕਾਨੂੰਨ ਦੁਆਰਾ ਤੈਣ ਕੀਤੀਆਂ ਜਾਣ ਅਤੇ ਉਕਤ ਫੰਡ਼ ਅਣਚਿੰਤਿਆ ਖਰਚ ਅਨੁਛੇਦ 205 ਜਾਂ ਅਨੁਛੇਦ 206 ਦੇ ਅਧੀਨ ਰਾਜ ਦੇ ਵਿਧਾਨ-ਮੰਡਲ ਕੇ ਕਾਨੂੰਨ ਦੁਆਰਾ ਅਖਤਿਆਰਤ ਹੋਣ ਤੱਕ ਅਜਿਹੇ ਫ਼ੰਡ ਵਿਚੋਂ,ਅਜਿਹੇ ਖਰਚ ਦੀ ਪੂਰਤੀ ਦੇ ਪ੍ਰਯੋਜਨਾਂ ਲਈ ਪੇਸ਼ਗੀਆਂ ਦੇਣ ਲਈ ਰਾਜ ਦੇ ਰਾਜਪਾਲ ਨੂੰ ਸਮਰਥ ਬਣਾਉਣ ਹਿਤ [2] * * * *ਉਸ ਦੇ ਅਖਤਿਆਰ ਵਿਚ ਰੱਖਿਆ ਜਾਵੇਗਾ।

[2] ਸ਼ਬਦ "ਜਾਂ ਰਾਜਪ੍ਰਮੁਖ " ਸੰਵਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

## ਸੰਘ ਅਤੇ ਰਾਜਾਂ ਵਿਚਕਾਰ ਸਕਰਾਰੀ ਆਮਦਨ ਦੀ ਵੰਡ

ਸੰਘ ਦੁਆਰਾ ਲਾਏ ਗਏ ਪਰ ਰਾਜਾਂ ਦੁਆਰਾ ਉਗਰਾਹੇ ਅਤੇ ਨਮਿੱਤੇ ਗਏ ਮਸੂਲ ।

268. (1) ਅਜਿਹੇ ਅਸ਼ਟਾਮ ਮਸੂਲ [3]*** ਜੋ ਸੰਘ-ਸੂਚੀ ਵਿਚ ਜਿਕਰ ਕੀਤੇ ਗਏ ਹਨ, ਭਾਰਤ ਸਰਕਾਰ ਦੁਆਰਾ ਲਾਏ ਜਾਣਗੇ, ਪਰ—

(ੳ) ਉਸ ਸੂਰਤ ਵਿਚ ਜਿਥੇ ਅਜਿਹੇ ਮਸੂਲ ਕਿਸੇ [4][ਸੰਘ ਪ੍ਰਾਦੇਸ਼ਕ] ਅੰਦਰ ਲਾਉਣ ਯੋਗ ਹੋਣ, ਭਾਰਤ ਸਰਕਾਰ ਦੁਆਰਾ, ਅਤੇ

(ਅ) ਹੋਰ ਸੂਰਤਾਂ ਵਿਚ, ਉਨ੍ਹਾਂ ਰਾਜਾਂ ਦੁਆਰਾ ਜਿਨ੍ਹਾਂ ਅੰਦਰ ਅਜਿਹੇ ਮਸੂਲ ਕ੍ਰਮਵਾਰ ਲਾਉਣ-ਯੋਗ ਹੋਣ,

ਉਗਰਾਹੇ ਜਾਣਗੇ ।

(2)ਕਿਸੇ ਰਾਜ ਅੰਦਰ ਸਲਾਉਣ-ਯੋਗ ਕਿਸੇ ਅਜਿਹੇ ਮਸੂਲ ਦੀਆਂ ਕਿਸੇ ਵਿੱਤੀ ਸਾਲ ਦੀਆਂ ਵੱਟਕਾਂ ਭਾਰਤ ਦੇ ਸੰਚਿਤ ਫ਼ੰਡ ਦਾ ਭਾਗ ਨਹੀਂ ਹੋਣਗੀਆਂ, ਸਗੋਂ ਉਸ ਰਾਜ ਨੂੰ ਸੋਪ ਦਿੱਤੀਆਂ ਜਾਣਗੀਆਂ ।

[*][26][268ੳ. ਸੰਘ ਦੁਆਰਾ ਲਗਾਏ ਜਾਣ ਵਾਲੇ ਅਤੇ ਸੰਘ ਅਤੇ ਰਾਜਾਂ ਦੁਆਰਾ ਉਗਰਾਏ ਅਤੇ ਨਮਿੱਤਣ ਕੀਤੇ ਜਾਣ ਵਾਲੇ ਸੇਵਾ ਕਰ]-ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 07 ਦੁਆਰਾ (16.09.2016 ਤੋਂ ਪ੍ਰਭਾਵੀ) ਲੋਪ ਕਰ ਦਿੱਤੀ ਗਈ ।

ਸੰਘ ਦੁਆਰਾ ਲਗਾਏ ਅਤੇ ਉਗਰਾਏ ਗਏ

269. [5][(1) ਮਾਲ ਦੀ ਵਿਕਰੀ ਜਾਂ ਖਰੀਦ ਤੇ ਕਰ ਅਤੇ ਮਾਲ ਦੇ ਖੇਪ [6](ਅਨੁਛੇਦ 269 ੳ ਵਿਚ ਉਪਬੰਧਤ ਦੇ ਅਲਾਵਾ) ਤੇ ਕਰ, ਭਾਰਤ ਸਰਕਾਰ ਦੁਆਰਾ ਲਗਾਏ ਅਤੇ ਉਗਰਾਹੇ ਜਾਣਗੇ ਪਰ ਖੰਡ (2)

---

[3] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 06 ਦੁਆਰਾ (16.09.2016 ਤੋਂ ਪ੍ਰਭਾਵੀ) ਲੋਪ ਕਰ ਦਿੱਤੇ ਗਏ ।

[4] ਸੰਵਿਧਾਨ (ਸਤਵੀਂ ਸੋਧ) ਐਕਟ 1956, ਧਾਰਾ 29 ਅਤੇ ਅਨੁਸੂਚੀ ਦੁਆਰਾ "ਪਹਿਲੀ ਅਨੁਸੂਚੀ ਦੇ ਭਾਗ ੲ ਵਿਚ ਉਲਿਖਤ ਰਾਜ" ਦੀ ਥਾਵੇਂ ਰਖੇ ਗਏ ।

[*] ਸੰਵਿਧਾਨ (ਅਠਾਸੀਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (ਜੋ ਅਜੇ ਨਾਫ਼ਜ਼ ਨਹੀਂ ਹੈ, ਤਰੀਕ ਬਾਦ ਵਿਚ ਅਧਿਸੂਚਿਤ ਕੀਤੀ ਜਾਵੇਗੀ ) ਅੰਤਰਸਥਾਪਤ ਕੀਤੀ ਗਈ ਸੀ।

[5] ਸੰਵਿਧਾਨ (ਅਠਾਸੀਵੀਂ ਸੋਧ) ਐਕਟ, 2000 ਦੀ ਧਾਰਾ 2 ਦੁਆਰਾ ਖੰਡ (1) ਦੀ ਥਾਵੇਂ ਰੱਖੇ ਗਏ ।

[6] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 08 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

ਪਰ ਰਾਜਾਂ ਨੂੰ ਸੌਂਪੇ ਗਏ ਕਰ। ਉਪਬੰਧਤ ਤਰੀਕੇ ਨਾਲ ਰਾਜਾਂ ਨੂੰ 1 ਅਪ੍ਰੈਲ, 1996 ਨੂੰ ਜਾਂ ਉਸਦੇ ਪਿੱਛੋਂ ਸੌਂਪ ਦਿੱਤੇ ਜਾਣਗੇ ਜਾਂ ਸੌਂਪ ਦਿੱਤੇ ਗਏ ਸਮਝੇ ਜਾਣਗੇ।

ਵਿਆਖਿਆ ,- ਇਸ ਖੰਡ ਦੇ ਪ੍ਰਯੋਜਨਾਂ ਦੇ ਲਈ—

(ੳ) "ਮਾਲ ਦੀ ਵਿਕਰੀ ਜਾਂ ਖਰੀਦ ਤੇ ਕਰ" ਪਦਤੋਂ ਮਤਲਬ ਹੈ ਅਖਬਾਰਾਂ ਤੋਂ ਬਿਨਾਂ ਮਾਲ ਦੀ ਵਿਕਰੀ ਜਾਂ ਖਰੀਦ ਤੇ ਉਸ ਸੂਰਤ ਵਿਚ ਕਰ ਜਿੱਥੇ ਅਜਿਹੀ ਵਿਕਰੀ ਅਤੇ ਖਰੀਦ ਅੰਤਰਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਹੁੰਦਾ ਹੈ ;

(ਅ) "ਮਾਲ ਦੇ ਖੇਪ ਤੇ ਕਰ" ਪਦ ਤੋਂ ਮਤਲਬ ਹੈ ਮਾਲ ਦੇ ਖੇਪ ਤੇ (ਭਾਵੇਂ ਖੇਪ ਉਸ ਦੇ ਕਰਨ ਵਾਲੇ ਵਿਅਕਤੀ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਕੀਤਾ ਗਿਆ ਹੋਵੇ) ਉਸ ਸੂਰਤ ਵਿਚ ਕਰ ਜਿਸ ਵਿਚ ਅਜਿਹੀ ਖੇਪ ਅੰਤਰਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਹੁੰਦਾ ਹੈ।

(2) ਕਿਸੇ ਵਿੱਤੀ ਮਾਲ ਵਿਚ ਅਜਿਹੇ ਕਿਸੇ ਕਰ ਦੀਆਂ ਅਸਲ ਵੱਟਕਾਂ, ਜਿਥੋਂ ਤੱਕ ਉਹ ਵੱਟਕਾਂ ਸੰਘ ਪ੍ਰਾਦੇਸ਼ਕ ਤੋਂ ਮਿਲਣ ਵਾਲੀਆਂ ਮੰਨੀਆਂ ਜਾਣ, ਭਾਰਤ ਤੇ ਸੰਚਿਤ ਫ਼ੰਡ ਦਾ ਭਾਗ ਨਹੀਂ ਹੋਣਗੀਆਂ, ਪਰੰਤੂ ਉਨ੍ਹਾਂ ਰਾਜਾਂ ਨੂੰ ਸੋਪ ਦਿਤੀਆਂ ਜਾਣਗੀਆਂ ਜਿਨ੍ਹਾਂ ਅੰਦਰ ਉਹ ਕਰ ਉਸ ਸਾਲ ਵਿਚ ਲਾਉਣ ਯੋਗ ਹੋਵੇ, ਅਤੇ ਉਨ੍ਹਾਂ ਰਾਜਾਂ ਵਿਚਕਾਰ ਵੰਡ ਦੇ ਅਜਿਹੇ ਸਿਧਾਂਤਾਂ ਦੀ ਅਨੁਸਾਰਤਾ ਵਿਚ ਵੰਡੀਆਂ ਜਾਣਗੀਆਂ ਜੋ ਸੰਸਦ ਕਾਨੂੰਨ ਦੁਆਰਾ ਸੂਤਰਿਤ ਕਰੇ।

[7][(3) ਸੰਸਦ, ਇਹ ਤੈਅ ਕਰਨ ਲਈ [8][ ਮਾਲ ਦੀ ਕੋਈ ਵਿਕਰੀ ਜਾਂ ਖਰੀਦ ਜਾਂ ਖੇਪ] ਕਦ ਅੰਤਰ-ਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਹੁੰਦੀ ਹੈ, ਕਾਨੂੰਨ ਦੁਆਰਾ ਸਿਧਾਂਤ ਸੂਤਰਿਤ ਕਰ ਸਕੇਗੀ ।]

ਵਣਜ ਜਾਂ ਅੰਤਰਰਾਜੀ

[9][269ਉ.(1) ਵਣਜ ਜਾਂ ਅੰਤਰਰਾਜੀ ਵਪਾਰ ਦੇ ਦੌਰਾਨ ਹੋਣ ਵਾਲੀ ਰਸਦ ਤੇ ਮਾਲ ਅਤੇ ਸੇਵਾ ਕਰ ਭਾਰਤ ਸਰਕਾਰ ਦੁਆਰਾ

---

[7] ਸੰਵਿਧਾਨ (ਛੇਵੀਂ ਸੋਧ) ਐਕਟ, 1956, ਧਾਰਾ 3 ਦੁਆਰਾ ਅੰਤਰਸਥਾਪਤ ।

[8] ਸੰਵਿਧਾਨ ਦੀ (ਛਿਆਲਵੀਂ ਸੋਧ) ਐਕਟ, 1982 ਦੀ ਧਾਰਾ 2 ਦੁਆਰਾ "ਮਾਲ ਦੀ ਵਿਕਰੀ ਖਰੀਦ" ਸ਼ਬਦਾਂ ਤੀ ਥਾਵੇਂ ਰੱਖਿਆ ਗਿਆ ।

| | |
|---|---|
| ਵਪਾਰ ਦੇ ਦੌਰਾਨ ਮਾਲ ਅਤੇ ਸੇਵਾਵਾਂ ਕਰ ਦਾ ਉਗਰਾਹੁਣਾ ਅਤੇ ਇੱਕਤਰਤਾ। | ਉਗਰਾਹਿਆ ਅਤੇ ਇਕੱਤਰ ਕੀਤੇ ਜਾਣਗੇ ਅਤੇ ਅਜਿਹੇ ਕਰਾਂ ਦਾ ਸੰਘ ਅਤੇ ਰਾਜਾਂ ਵਿਚ ਇਸ ਤਰ੍ਹਾਂ ਟਿੱਕਣ ਕੀਤਾ ਜਾਵੇਗਾ ਜੋ ਸੰਸਦ ਦੁਆਰਾ ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਦੀ ਸਿਫ਼ਾਰਿਸ਼ ਤੇ, ਕਾਨੂੰਨ ਰਾਹੀਂ ਮੁਕੱਰਰ ਕੀਤਾ ਜਾਵੇਗਾ।" |

ਵਿਆਖਿਆ - ਇਸ ਖੰਡ ਦੇ ਪ੍ਰਯੋਜਨਾਂ ਲਈ, ਭਾਰਤ ਦੇ ਰਾਜਖੇਤਰ ਵਿਚ ਆਯਾਤ ਤੇ ਸਮੇਂ ਮਾਲ ਜਾਂ ਸੇਵਾਵਾਂ ਜਾਂ ਦੋਨਾਂ ਦੇ ਰਸਦ ਨੂੰ ਅੰਤਰਰਾਜੀ ਵਪਾਰ ਵਣਜ ਦੇ ਸਮੇਂ ਮਾਲ ਜਾਂ ਸੇਵਾਂ ਜਾਂ ਦੋਨਾਂ ਦਾ ਰਸਦ ਸਮਝਿਆ ਜਾਵੇਗਾ।

(2) ਖੰਡ (1) ਅਧੀਨ ਕਿਸੇ ਰਾਜ ਨੂੰ ਟਿਕਣ ਵਾਲੀ ਰਕਮ ਭਾਰਤ ਤੇ ਸੰਚਿਤ ਫੰਡ ਦਾ ਹਿੱਸਾ ਨਹੀਂ ਹੋਵੇਗੀ।

(3) ਖੰਡ(1) ਦੇ ਅਧੀਨ ਉਗਰਾਹੇ ਗਏ ਕਰ ਦੇ ਰੂਪ ਵਿਚ ਇੱਕਤਰ ਕੀਤੀ ਗਈ ਰਾਸ਼ੀ ਦੀ ਵਰਤੋਂ ਅਨੁਛੇਦ 246 (ੳ) ਦੇ ਤਹਿਤ ਰਾਜ ਦੁਆਰਾ ਲਗਾਏ ਗਏ ਕਰ ਦੇ ਭੁਗਤਾਨ ਲਈ ਕੀਤੀ ਗਈ ਹੈ, ਅਜਿਹੀ ਰਕਮ ਭਾਰਤ ਦੇ ਸੰਚਿਤ ਫੰਡ ਦਾ ਹਿੱਸਾ ਨਹੀਂ ਹੋਵੇਗੀ।

(4) ਜਿੱਥੇ ਕਿ ਅਨੁਛੇਦ 246 ੳ ਦੇ ਤਾਬੇ ਕਿਸੇ ਰਾਜ ਦੁਆਰਾ ਉਗਰਾਹੇ ਗਏ ਕਰ ਦੇ ਰੂਪ ਵਿਚ ਇਕੱਤਰਤ ਕੀਤੀ ਗਈ ਰਕਮ ਨੂੰ ਖੰਡ (1) ਦੇ ਅਧੀਨ ਲਗਾਏ ਗਏ ਕਰ ਦੇ ਭੁਗਤਾਨ ਲਈ ਵਰਤਿਆ ਗਿਆ ਹੈ, ਅਜਿਹੀ ਰਕਮ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਨਹੀਂ ਹੋਵੇਗੀ।

(5) ਸੰਸਦ, ਕਾਨੂੰਨ ਦੁਆਰਾ, ਰਸਦ ਦੇ ਸਥਾਨ ਅਤੇ ਅੰਤਰਰਾਜੀ ਵਪਾਰ ਜਾਂ ਵਣਜ ਜਾਂ ਮਾਲ ਜਾਂ ਸੇਵਾਵਾਂ ਜਾਂ ਦੋਹਾਂ ਦੀ ਪੂਰਤੀ ਦੇ ਸਥਾਨ ਦਾ ਨਿਰਧਾਰਨ ਕਰਨ ਦੇ ਸਿਧਾਂਤਾਂ ਨੂੰ ਤਿਆਰ ਕਰ ਸਕੇਗੀ।]

[9] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 09 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

Ministry of Law & Justice

**ਉਗਰਾਹੇ ਗਏ ਕਰ ਅਤੇ ਉਨ੍ਹਾਂ ਦਾ ਸੰਘ ਅਤੇ ਰਾਜਾਂ ਵਿਚਕਾਰ ਵਿਤਰਣ।**

[10][270 (1) ਕ੍ਰਮਵਾਰ ਅਨੁਛੇਦ [11][268, 269, 269 ਉ] ਵਿਚ ਹਵਾਲਾ ਦਿੱਤੇ ਕਰਾਂ ਅਤੇ ਮਸੂਲਾਂ ਦੇ ਸਿਵਾਏ, ਸੰਘ ਸੂਚੀ ਵਿਚ ਹਵਾਲਾ ਦਿੱਤੇ ਸਾਰੇ ਕਰ ਮਸੂਲ ਅਨੁਛੇਦ 271 ਵਿਚ ਹਵਾਲਾ ਦਿੱਤੇ ਕਰਾਂ ਅਤੇ ਸਮੂਲਾਂ ਦੇ ਸਰਚਾਰਜ ਅਤੇ ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਅਧੀਨ ਉਲਿੱਖਤ ਪ੍ਰਯੋਜਨਾਂ ਦੇ ਲਈ ਲਗਾਏ ਕੋਈ ਉਪਕਰ ਭਾਰਤ ਸਰਕਾਰ ਦੁਆਰਾ ਲਗਾਏ ਅਤੇ ਉਗਰਾਹੇ ਜਾਣਗੇ ਅਤੇ ਖੰਡ (2) ਵਿਚ ਉਪਬੰਧਤ ਤਰੀਕੇ ਨਾਲ ਸੰਘ ਅਤੇ ਰਾਜਾਂ ਦੇ ਵਿਚਕਾਰ ਵੰਡੇ ਜਾਣਗੇ।

[12][1(ਉ) ਅਨੁਛੇਦ 246 ਉ ਦੇ ਖੰਡ (1) ਦੇ ਤਹਿਤ ਇਕਤਰਿਤ ਕੀਤੇ ਕਰ, ਸੰਘ ਅਤੇ ਰਾਜ ਵਿਚ ਖੰਡ (2) ਵਿਚ ਦਿੱਤੇ ਢੰਗ ਤਹਿਤ ਵੰਡਿਆ ਜਾਵੇਗਾ।

1(ਅ) ਸੰਘ ਦੁਆਰਾ ਅਨੁਛੇਦ 246 ਉ ਦੇ ਖੰਡ (2) ਅਤੇ 269 ਉ ਤਹਿਤ ਉਗਰਾਹੇ ਅਤੇ ਇੱਕਠੇ ਕੀਤੇ ਕਰ, ਜੋ ਸੰਘ ਦੁਆਰਾ ਅਨੁਛੇਦ 246 ਉ ਦੇ ਖੰਡ (1)ਤਹਿਤ ਦਰਾਂ ਦੀ ਅਦਾਇਗੀ ਲਈ ਵਰਤੇ ਗਏ ਹਨ ਅਤੇ ਅਨੁਛੇਦ 269 ਉ ਦੇ ਖੰਡ (1) ਤਹਿਤ ਸੰਘ ਨੂੰ ਟਿਕੱਣ ਕੀਤੇ ਗਏ ਹਨ, ਖੰਡ (2) ਵਿਚ ਦਿੱਤੇ ਢੰਗ ਅਨੁਸਾਰ ਸੰਘ ਅਤੇ ਰਾਜਾਂ ਵਿਚ ਵੰਡੇ ਜਾਣਗੇ।]

(2) ਕਿਸੇ ਵਿੱਤੀ ਸਾਲ ਵਿਚ, ਕਿਸੇ ਅਜਿਹੇ ਕਰ ਜਾਂ ਸਮੂਲ ਦੀਆਂ ਅਸਲ ਵਟਕਾਂ ਦਾ ਅਜਿਹਾ ਪ੍ਰਤਿਸ਼ਤ, ਜੋ ਮੁਕੱਰਰ ਕਿਤਾ ਜਾਵੇ, ਭਾਰਤ ਦੇ ਸੰਚਤ ਫ਼ੰਡ ਦਾ ਭਾਗ ਨਹੀਂ ਹੋਵੇਗਾ, ਪਰ ਉਨ੍ਹਾਂ ਰਾਜਾਂ ਨੂੰ ਸੋਂਪ ਦਿੱਤਾ ਜਾਵੇਗਾ ਜਿਸ ਦੇ ਅੰਦਰ ਉਹ ਕਰ ਜਾਂ ਸਮੂਲ ਉਸ ਸਾਲ ਵਿਚ ਲਗਾਇਆ ਹੈ ਅਤੇ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਸਮੇਂ ਤੋਂ, ਜੋ ਖੰਡ (3) ਵਿਚ ਉਪਬੰਧਤ ਤਰੀਕੇ ਨਾਲ, ਮੁਕੱਰਰ ਕੀਤਾ ਜਾਵੇ, ਉਨ੍ਹਾਂ ਰਾਜਾਂ ਦੇ ਵਿਚਕਾਰ

---

[10] ਸੰਵਿਧਾਨ (ਅੱਸੀਵੀਂ ਸੋਧ) ਐਕਟ, 2000 ਦੀ ਧਾਰਾ 3 ਦੁਆਰਾ (01.04.1996 ਤੋਂ) ਅਨੁਛੇਦ 270 ਦੀ ਥਾਵੇਂ ਰੱਖੇ ਗਏ।

[11] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 10 ਦੁਆਰਾ (16.09.2016 ਤੋਂ ਪ੍ਰਭਾਵੀ)"ਅਨੁਛਦੇ 268, ਅਨੁਛੇਦ 268 ਓ ਅਤੇ ਅਨੁਛੇਦ 269" ਸ਼ਬਦ, ਅੰਕ ਅਤੇ ਬਰੈਕਟ ਦੀ ਥਾਵੇਂ ਰੱਖੇ ਜਾਣਗੇ।

[12] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 10 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

Ministry of Law & Justice

ਵੰਡਿਆ ਜਾਵੇਗਾ ।

(3) ਇਸ ਅਨੁਛੇਦ ਵਿਚ, 'ਮੁਕਰਰ" ਤੋਂ ਮਤਲਬ ਹੈ,-

(i) ਜਦ ਤੱਕ ਵਿੱਤ ਕਮਿਸ਼ਨ ਗਠਤ ਨ ਕੀਤਾ ਗਿਆ ਹੋਵੇ, ਉਦੋਂ ਰਾਸ਼ਟਰਪਤੀ ਦੇ ਹੁਕਮ ਦੁਆਰਾ ਮੁਕਰਰ ਕੀਤਾ ਜਾਵੇ ; ਅਤੇ

(ii) ਵਿੱਤ ਕਮਿਸ਼ਨ ਦੇ ਗਠਤ ਕੀਤੇ ਜਾਣ ਪਿੱਛੋਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਵਿਚਾਰ ਕਰਨ ਪਿੱਛੋਂ ਰਾਸ਼ਟਰਪਤੀ ਦੇ ਹੁਕਮ ਦੁਆਰਾ ਮੁਕੱਰਰ ਕੀਤਾ ।]

ਸੰਘ ਦੇ ਪ੍ਰਯੋਜਨਾਂ ਲਈ ਕੁਝ ਕੁ ਮਸੂਲਾਂ ਅਤੇ ਕਰਾਂ ਤੇ ਸਰਚਾਰਜ ।

271. ਅਨੁਛੇਦ 269 ਅਤੇ 270 ਵਿਚ, ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਉਨ੍ਹਾਂ ਅਨੁਛੇਦਾਂ ਵਿਚ [13][ਅਨੁਛੇਦ 246 ੳ ਤਹਿਤ ਮਾਲ ਅਤੇ ਸੇਵਾਵਾਂ ਤੋਂ ਅਲਾਵਾ] ਹਵਾਲਾ ਦਿੱਤੇ ਮਸੂਲਾਂ ਜਾਂ ਕਰਾਂ ਵਿਚੋਂ ਕਿਸੇ ਨੂੰ ਕਿਸੇ ਸਮੇਂ ਸੰਘ ਦੇ ਪ੍ਰਯੋਜਨਾਂ ਲਈ ਕਿਸੇ ਸਰਚਾਰਜ ਦੁਆਰਾ ਵਧਾ ਸਕੇਗੀ ਅਤੇ ਅਜਿਹੇ ਕਿਸੇ ਸਰਚਾਰਜ ਦੀਆਂ ਸਾਰੀਆਂ ਵਟਕਾਂ ਭਾਰਤ ਦੇ ਸੰਚਿਤ ਫ਼ੰਡ ਦਾ ਭਾਗ ਹੋਣਗੀਆਂ ।

272. ਸੰਵਿਧਾਨ (ਅੱਸੀਵੀਂ ਸੋਧ) ਐਕਟ, 2000 ਦੀ ਧਾਰਾ 4 ਦੁਆਰਾ ਲੋਪ ਕਿੱਤਾ ਗਿਆ।

ਪਟਸਨ ਅਤੇ ਪਟਸਨ ਦੀ ਬਣੀਆਂ ਵਸਤਾਂ ਤੋਂ ਬਰਾਮਦ ਮਸੂਲ ਦੇ ਬਦਲੇ ਵਿਚ ਗ੍ਰਾਂਟ ।

273.(1) ਪਟਸਨ ਅਤੇ ਪਟਸਨ ਤੋਂ ਬਣੀਆਂ ਵਸਤਾਂ ਤੇ ਬਰਾਮਦ ਮਸੂਲ ਦੀਆਂ ਹਰੇਕ ਸਾਲ ਦੀਆਂ ਅਸਲ ਵੱਟਕਾਂ ਦਾ ਕੋਈ ਹਿੱਸਾ ਆਸਾਮ, ਬਿਹਾਰ, [14][ਉਡੀਸ਼ਾ] ਅਤੇ ਪੱਛਮੀ ਬੰਗਾਲ ਰਾਜਾਂ ਨੂੰ ਸੌਂਪਣ ਦੀ ਥਾਂ, ਉਨ੍ਹਾਂ ਰਾਜਾਂ ਦੀਆਂ ਸਰਕਾਰੀ ਆਮਦਨਾਂ ਵਿਚ ਸਾਹਇਕ ਗ੍ਰਾਂਟ ਵਜੋਂ ਹਰੇਕ ਸਾਲ ਵਿਚ ਭਾਰਤ ਦੇ ਸੰਚਿਤ ਫ਼ੰਡ ਤੇ ਅਜਿਹੀਆਂ ਰਕਮਾਂ ਭਾਰਿਤ ਕੀਤੀਆਂ ਜਾਣਗੀਆਂ ਜਿਹੀਆਂ ਮੁਕੱਰਰ ਕੀਤੀਆਂ ਜਾਣ ।

(2) ਪਟਸਨ ਜਾਂ ਪਟਸਨ ਦੀਆਂ ਬਣੀਆਂ ਵਸਤਾਂ ਤੇ ਜਦ ਤੱਕ ਭਾਰਤ

---

[13] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 11 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

[14] ਉਡੀਸਾ (ਨਾਂ ਬਦਲਣ) ਐਕਟ, 2011 (2011 ਦਾ 15) ਦੀ ਧਾਰਾ 5 ਦੁਆਰਾ (01.11.2011ਤੋਂ) "ਉਡੀਸਾ" ਦੀ ਥਾਂ ਤੇ ਰੱਖੇ ਗਏ ।



Ministry of Law & Justice

ਸਰਕਾਰ ਕੋਈ ਬਰਾਮਦ ਮਸੂਲ ਲਾਉਂਦੀ ਰਹੇ, ਜਾਂ ਇਸ ਸੰਵਿਧਾਨ ਦੇ ਅਰੰਭ ਤੋਂ ਦਸ ਸਾਲ ਗੁਜਰਨ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਉਸ ਤੱਕ ਇਸ ਤਰ੍ਹਾਂ ਮੁਕਰੱਰ ਰਕਮਾਂ ਭਾਰਤ ਦੇ ਸੰਚਿਤ ਫ਼ੰਡ ਤੋਂ ਭਾਰਿਤ ਕੀਤੀਆਂ ਜਾਂਦੀਆਂ ਰਹਿਣਗੀਆਂ ।

(3) ਇਸ ਅਨੁਛੇਦ ਵਿਚ ਪਦ ਮੁਕੱਰਰ ਕੀਤਾ ਦਾ ਉਹੀ ਅਰਥ ਹੈ ਜੋ ਅਨੁਛੇਦ 270 ਵਿਚ ਹੈ।

ਕਰ ਲਾਉਣ ਤੇ ਪ੍ਰਭਾਵ ਪਾਉਣ ਵਾਲੇ ਅਜਿਹੇ ਬਿਲਾਂ ਲਈ ਜਿਨ੍ਹਾਂ ਵਿਚ ਰਾਜ-ਹਿੱਤ-ਬੱਧ ਹੋਣ ਰਾਸ਼ਟਰਪਤੀ ਦੀ ਅਗੇਤਰੀ ਸਿਫਾਰਸ਼ ਦੀ ਲੋੜ।

274. (1) ਕੋਈ ਬਿਲ ਜਾਂ ਸੋਧ ਜੋ ਕੋਈ ਅਜਿਹਾ ਕਰ ਜਾਂ ਸਮੂਲ ਜਿਸ ਵਿਚ ਰਾਜ ਹਿੱਤ-ਬੱਧ ਹੋਣ ਅਰੋਪਦੀ ਹੋਵੇ, ਜਾਂ ਉਸ ਵਿਚ ਅਦਲ-ਬਦਲ ਕਰਦੀ ਹੋਵੇ, ਜਾਂ ਜੋ ਭਾਰਤ ਆਮਦਨ ਕਰ ਨਾਲ ਸੰਬੰਧਤ ਇਨੈਕਟਮੈਂਟਾਂ ਦੇ ਪ੍ਰਯੋਜਨਾਂ ਲਈ ਪਰਿਭਾਸ਼ਤ ਜਰਾਇਤੀ ਆਮਦਨ ਪਦ ਦੇ ਅਰਥ ਵਿਚ ਅਦਲ-ਬਦਲ ਕਰਦੀ ਹੋਵੇ, ਜਾਂ ਜੋ ਉਨ੍ਹਾਂ ਸਿਧਾਂਤਾਂ ਨੂੰ ਪ੍ਰਭਾਵਤ ਕਰਦੀ ਹੋਵੇ ਜਿਨ੍ਹਾਂ ਤੇ ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚੋਂ ਕਿਸੇ ਦੇ ਅਧੀਨ ਧਨ ਰਾਜਾਂ ਨੂੰ ਵੰਡਣਯੋਗ ਹਨ ਜਾਂ ਹੋ ਸਕਣਗੇ, ਜਾਂ ਜੋ ਸੰਘ ਦੇ ਪ੍ਰਯੋਜਨਾਂ ਲਈ ਅਜਿਹਾ ਕੋਈ ਸਰਚਾਰਜ ਅਰੋਪਦੀ ਹੋਵੇ ਜਿਸ ਦਾ ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ ਜਿਕਰ ਕੀਤਾ ਗਿਆ ਹੈ, ਰਾਸ਼ਟਰਪਤੀ ਦੀ ਸਿਫਾਰਸ਼ ਦੇ ਸਿਵਾਏ ਸੰਸਦ ਦੇ ਕਿਸੇ ਸਦਨ ਵਿਚ ਪੁਰਸਥਾਪਤ ਜਾਂ ਪੇਸ਼ ਨਹੀਂ ਕੀਤੀ ਜਾਵੇਗੀ।

(2) ਇਸ ਅਨੁਛੇਦ ਵਿਚ ਪਦ "ਕਰ ਜਾਂ ਮਸੂਲ ਜਿਸ ਵਿਚ ਰਾਜ ਹਿੱਤ-ਬੱਧ ਹਨ" ਦਾ ਮਤਲਬ ਹੈ –

(ੳ) ਕੋਈ ਕਰ ਜਾਂ ਸਮੂਲ ਜਿਸ ਦੀਆਂ ਅਸਲ ਵੱਟਕਾਂ ਪੂਰਣ ਜਾਂ ਅੰਸ਼ਕ ਤੋਰ ਤੇ ਕਿਸੇ ਰਾਜ ਨੂੰ ਸੋਂਪ ਦਿਤੀਆਂ ਗਈਆਂ ਹੋਣ, ਜਾਂ

(ਅ) ਕੋਈ ਦਰ ਜਾਂ ਮਸੂਲ ਜਿਸ ਦੀਆਂ ਅਸਲ ਵੱਟਕਾਂ ਦੇ ਹਵਾਲੇ ਨਾਲ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਰਕਮਾਂ ਤੱਤਸਮੇਂ ਕਿਸੇ ਰਾਜ ਨੂੰ ਅਦਾਇਗੀਯੋਗ ਹੋਣ।

Ministry of Law & Justice

ਸੰਘ ਤੋਂ ਕੁਝ ਕੁ ਰਾਜਾਂ ਨੂੰ ਸਰਕਾਰੀ ਸਹਾਇਤਾ।

275.(1) ਅਜਿਹੀਆਂ ਰਕਮਾਂ ਜੋ ਸੰਸਦ ਕਾਨੂੰਨ ਦੁਆਰਾ ਉਪਬੰਧਤ ਕਰੇ ਅਜਿਹੇ ਰਾਜਾਂ ਦੀਆਂ ਸਰਕਾਰੀ ਆਮਦਨਾਂ ਦੀਆਂ ਸਹਾਇਕ ਗ੍ਰਾਂਟ ਵਜੋ ਹਰ ਸਾਲ ਭਾਰਤ ਦੇ ਸੰਚਿਤ ਫ਼ੰਡ ਤੋ ਭਾਰਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਬਾਰੇ ਸੰਸਦ ਤੈਅ ਕਰੇ ਕਿ ਉਨ੍ਹਾਂ ਨੂੰ ਸਹਾਇਤਾ ਦੀ ਜਰੂਰਤ ਹੈ ਅਤੇ ਵੱਖ ਵੱਡ ਰਾਜਾਂ ਲਈ ਵੱਖ ਵੱਖ ਰਕਮਾਂ ਨਿਯਤ ਕੀਤੀਆਂ ਜਾ ਸਕਣਗੀਆਂ:

ਪਰੰਤੂ ਕਿਸੇ ਰਾਜ ਦੀਆਂ ਸਰਕਾਰੀ ਆਮਦਨਾਂ ਦੀਆਂ ਸਹਾਇਕ ਗ੍ਰਾਂਟ ਵਜੋਂ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਅਜਿਹੀਆਂ ਮੂਲ ਅਤੇ ਆਵਰਤੱਕ ਰਕਮਾਂ ਅਦਾ ਕੀਤੀਆਂ ਜਾਣਗੀਆਂ ਜਿਹੀਆਂ ਉਸ ਰਾਜ ਨੂੰ ਅਜਿਹੀਆਂ ਵਿਕਾਸ ਸਕੀਮਾਂ ਦੇ ਖਰਚੇ ਪੂਰੇ ਕਰਨ ਵਿਚ ਸਮਰਥ ਬਣਾਉਣ ਲਈ ਜਰੂਰੀ ਹੋਣ ਜੋ ਉਸ ਰਾਜ ਵਿਚ ਅਨੁਸੂਚਿਤ ਕਬੀਲਿਆਂ ਦੀ ਭਲਾਈ ਨੂੰ ਤਰੱਕੀ ਦੇਣ ਦੇ ਪ੍ਰਯੋਜਨ ਲਈ ਜਾਂ ਉਸ ਰਾਜ ਵਿਚ ਅਨੁਸੂਚਿਤ ਰਾਜਖੇਤਰਾਂ ਦੇ ਪ੍ਰਸ਼ਾਸਨ ਪੱਧਰ ਨੂੰ ਉਸ ਰਾਜ ਦੇ ਬਾਕੀ ਖੇਤਰਾਂ ਦੇ ਪ੍ਰਸ਼ਾਸਨ ਪੱਧਰ ਤੱਕ ਉੱਚਾ ਕਰਨ ਦੇ ਪ੍ਰਯੋਜਨ ਲਈ ਉਸ ਰਾਜ ਦੁਆਰਾ ਭਾਰਤ ਸਰਕਾਰ ਦੀ ਪਰਵਾਨਗੀ ਨਾਲ ਹੱਥ ਵਿਚ ਲਈਆਂ ਜਾਣ

ਪਰੰਤੂ ਇਹ ਹੋਰ ਕਿ ਆਸਾਮ ਰਾਜ ਦੀਆਂ ਸਰਕਾਰੀ ਆਮਦਨਾਂ ਦੀਆਂ ਸਹਾਇਕ ਸਰਕਾਰੀ ਸਹਾਇਤਾ ਵਜੋਂ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਅਜਿਹੀਆਂ ਮੂਲ ਅਤੇ ਆਵਰਤੱਕ ਰਕਮਾਂ ਅਦਾ ਕੀਤੀਆਂ ਜਾਣਗੀਆਂ –

(ੳ) ਜੋ ਛੇਵੀਂ ਅਨੁਸੂਚੀ ਦੇ ਪੈਰਾ 20 ਨਾਲ ਲੱਗੀ ਸਾਰਣੀ ਦੇ [15][ਭਾਗ I] ਵਿਚ ਉਲਿਖਤ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਬਾਰੇ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਦੇ ਸਾਲਾਂ ਦੇ ਦੌਰਾਨ ਸਰਕਾਰੀ ਆਮਦਨਾਂ ਨਾਲੋਂ ਖਰਚ ਦੇ ਔਸਤ ਵਾਧੇ ਦੇ ਤੁੱਲ ਹੋਣ : ਅਤੇ

(ਅ) ਜੋ ਉਕਤ ਖੇਤਰਾਂ ਦੇ ਪ੍ਰਸ਼ਾਸਨ ਪੱਧਰ ਨੂੰ ਉਸ ਰਾਜ ਦੇ ਬਾਕੀ ਖੇਤਰਾਂ ਦੇ ਪ੍ਰਸ਼ਾਸਨ ਪੱਧਰ ਤੱਕ ਉੱਚਾ ਕਰਨ ਦੇ ਪ੍ਰਯੋਜਨਾਂ ਲਈ

[15] ਉੱਤਰ ਪੂਰਵੀ ਇਲਾਕੇ (ਪੂਨਰਗਠਨ) ਐਕਟ, 1971 (1971 ਦਾ 81), ਧਾਰਾ 71,ਦੁਆਰਾ " ਭਾਗ ੳ " ਦੀ ਥਾਵੇਂ (21.1.1972 ਤੋਂ ਲੈ ਕੇ) ਰੱਖਿਆ ਗਿਆ।



Ministry of Law & Justice

ਉਸ ਰਾਜ ਦੁਆਰਾ ਭਾਰਤ ਸਰਕਾਰ ਦੀ ਪਰਵਾਨਗੀ ਨਾਲ ਹੱਥ ਵਿਚ ਲਈਆਂ ਜਾਣ ਵਾਲੀਆਂ ਵਿਕਾਸ ਸਕੀਮਾਂ ਦੇ ਖਰਚਿਆਂ ਦੇ ਤੁੱਲ ਹੋਣ ।

[16][(1 ੳ) ਅਨੁਛੇਦ 244 ੳ ਦੇ ਅਧੀਨ ਖ਼ੁਦਮੁਖ਼ਤਾਰਰਾਜ ਦੇ ਬਣਨ ਤੇ ਅਤੇ ਤੋਂ,-

(i) ਖੰਡ (1) ਦੇ ਦੂਜੇ ਪਰੰਤੁਕ ਤੇ ਖੰਡ (ੳ) ਤੇ ਅਧੀਨ ਅਦਾਇਗੀ ਯੋਗ ਕੋਈ ਰਕਮਾਂ, ਜੋ ਉਸ ਖ਼ੁਦਮੁਖ਼ਤਾਰ ਰਾਜ ਵਿਚ ਉਸ ਵਿਚ ਹਵਾਲਾ ਦਿਤੇ ਗਏ ਸਭ ਕਬਾਇਲੀ ਖੇਤਰ ਸਮਾਵਿਸ਼ਟ ਹੋਣ, ਉਸ ਖ਼ੁਦਮੁਖ਼ਤਾਰ ਰਾਜ ਨੂੰ ਅਦਾ ਕੀਤੀਆਂ ਜਾਣਗੀਆਂ ਅਤੇ, ਜੋ ਉਸ ਖ਼ੁਦਮੁਖ਼ਤਾਰ ਰਾਜ ਵਿਚ ਉਨ੍ਹਾਂ ਕਬਾਇਲੀ ਖੇਤਰਾਂ ਵਿਚੋਂ ਕੇਵਲ ਕੁਝ ਹੀ ਸਮਾਵਿਸ਼ਟ ਹੋਣ, ਤਾਂ ਆਸਾਮ ਰਾਜ ਅਤੇ ਉਸ ਖ਼ੁਦਮੁਖ਼ਤਾਰ ਰਾਜ ਵਿਚਕਾਰ ਇਸ ਤਰ੍ਹਾਂ ਹਿੱਸਾ-ਵੰਡ ਕਰ ਦਿੱਤੀਆਂ ਜਾਣਗੀਆਂ, ਜਿਸ ਤਰ੍ਹਾਂ ਰਾਸ਼ਟਰਪਤੀ ਹੁਕਮ ਦੁਆਰਾ ਉਲਿਖ ਕਰੇ ।

(ii) ਭਾਰਤ ਦੇ ਸੰਚਿਤ ਫ਼ੰਡ ਵਿਚੋਂ, ਵਿਕਾਸ ਦੀਆਂ ਅਜਿਹੀਆਂ ਸਕੀਮਾਂ ਦੇ ਜਿਹੀਆਂ ਉਸ ਖ਼ੁਦਮੁਖ਼ਤਾਰ ਰਾਜ ਦੁਆਰਾ ਉਸ ਰਾਜ ਦਾ ਪ੍ਰਸ਼ਾਸਨ ਪੱਧਰ ਬਾਕੀ ਦੇ ਆਸਾਮ ਰਾਜ ਦੇ ਪ੍ਰਸ਼ਾਸਨ-ਪੱਧਰ ਤੱਕ ਉਚਿਆਂ ਕਰਨ ਦੇ ਪ੍ਰਯੋਜਨ ਲਈ ਭਾਰਤ ਸਰਕਾਰ ਦੀ ਪਰਵਾਨਗੀ ਨਾਲ ਹੱਥ ਵਿਚ ਲਈਆਂ ਜਾਣ, ਖਰਚਿਆਂ ਦੇ ਤੁੱਲ, ਮੂਲ ਅਤੇ ਆਵਰਤੱਕ ਰਕਮਾਂ, ਉਸ ਖ਼ੁਦਮੁਖ਼ਤਾਰ ਰਾਜ ਦੀਆਂ ਸਰਕਾਰੀ ਆਮਦਨਾਂ ਦੀਆਂ ਸਹਾਇਕ ਗ੍ਰਾਂਟ ਵਜੋਂ ਅਦਾ ਕੀਤੀਆਂ ਜਾਣਗੀਆਂ ।]

(2) ਜਦ ਤੱਕ ਖੰਡ (1) ਦੇ ਅਧੀਨ ਸੰਸਦ ਦੁਆਰਾ ਉਪਬੰਥ ਨ ਕੀਤਾ ਜਾਵੇ ਉਸ ਖੰਡ ਦੇ ਅਧੀਨ ਸੰਸਦ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਰਾਸ਼ਟਰਪਤੀ ਦੇ ਹੁਕਮ ਦੁਆਰਾ ਵਰਤੋਂ ਯੋਗ ਹੋਣਗੀਆਂ ਅਤੇ ਇਸ ਖੰਡ ਦੇ ਅਧੀਨ ਰਾਸ਼ਟਰਪਤੀ ਦੁਆਰਾ ਦਿੱਤਾ ਗਿਆ ਕੋਈ ਹੁਕਮ ਸੰਸਦ ਦੇ ਇਸ ਤਰ੍ਹਾਂ ਬਣਾਏ ਕਿਸੇ ਉਪਬੰਧ ਤੇ ਤਾਬੇ ਪ੍ਰਭਾਵੀ ਹੋਵੇਗਾ :

[16] ਸੰਵਿਧਾਨ (ਬਾਈਵੀਂ ਸੋਧ) ਐਕਟ, 1969, ਧਾਰਾ 3 ਦੁਆਰਾ ਅੰਤਰਸਥਾਪਤ ।

ਪਰੰਤੂ ਵਿੱਤ ਕਮਿਸ਼ਨ ਦੇ ਗਠਤ ਹੋ ਜਾਣ ਪਿੱਛੋਂ ਕੋਈ ਹੁਕਮ ਰਾਸ਼ਟਰਪਤੀ ਦੁਆਰਾ ਇਸ ਖੰਡ ਦੇ ਅਧੀਨ ਵਿੱਤ-ਕਮਿਸ਼ਨ ਦੀਆਂ ਸਿਫਾਰਸ਼ਾਂ ਤੋ ਵਿਚਾਰ ਕਰਨ ਪਿੱਛੋਂ ਦੇ ਸਿਵਾਏ ਨਹੀਂ ਦਿੱਤਾ ਜਾਵੇਗਾ।

ਪੇਸ਼ਿਆਂ, ਧੰਦਿਆਂ ਕਿੱਤਿਆਂ ਅਤੇ ਰੋਜਗਾਰਾਂ ਤੇ ਕਰ।

276. (1) ਅਨੁਛੇਦ 246 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦੇ ਵਿਧਾਨ-ਮੰਡਲ ਦਾ ਉਸ ਰਾਜ ਜਾਂ ਉਸ ਵਿਚ ਕਿਸੇ ਨਗਰਪਾਲਕਾ, ਜਿਲ੍ਹਾ ਬੋਰਡ, ਸੰਚਾਲਕ ਬੋਰਡ ਜਾਂ ਹੋਰ ਸਥਾਨਕ ਸੱਤਾਧਾਰੀ ਦੇ ਫਾਇਦੇ ਲਈ ਪੇਸ਼ਿਆਂ, ਧੰਦਿਆਂ, ਕਿੱਤਿਆਂ ਜਾਂ ਰੋਜਗਾਰਾਂ ਬਾਰੇ ਕਰਾਂ ਸੰਬੰਧੀ ਕੋਈ ਕਾਨੂੰਨ ਇਸ ਆਧਾਰ ਤੇ ਨਾਜਾਇਜ਼ ਨਹੀਂ ਹੋਵੇਗਾ ਕਿ ਉਸ ਦਾ ਆਮਦਨ ਤੇ ਕਿਸੇ ਕਰ ਨਾਲ ਸੰਬੰਧ ਹੈ।

(2) ਰਾਜ ਨੂੰ ਜਾਂ ਉਸ ਵਿਚ ਕਿਸੇ ਨਗਰਪਾਲਿਕਾ, ਜਿਲ੍ਹਾ ਬੋਰਡ, ਸਥਾਨਕ ਬੋਰਡ ਜਾਂ ਹੋਰ ਸਥਾਨਕ ਸੱਤਾਧਾਰੀ ਨੂੰ ਕਿਸੇ ਇਕ ਵਿਅਕਤੀ ਬਾਰੇ ਪੇਸ਼ਿਆ ਬੰਦਿਆਂ, ਕਿੱਤਿਆਂ ਅਤੇ ਰੋਜਗਾਰਾਂ ਤੇ ਕਰਾਂ ਦੁਆਰਾ ਅਦਾਇਗੀਯੋਗ ਕੁਲ ਰਕਮ [[17]ਦੋ ਹਜਾਰ ਪੰਜ ਸੌ ਰੂਪਏ ]ਪ੍ਰਤੀ ਸਾਲ ਤੋਂ ਵੱਧ ਨਹੀਂ ਹੋਵੇਗੀ :

[18][ * * * *]

(3) ਪੇਸ਼ਿਆਂ, ਧੰਦਿਆਂ, ਕਿੱਤਿਆਂ ਅਤੇ ਹੋਜਗਾਰਾਂ ਤੇ ਕਰਾਂ ਬਾਰੇ ਉਪਰੋਕਤ ਜਿਹਾ ਕਾਨੂੰਨ ਬਣਾਉਣ ਦੀ ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਸ਼ਕਤੀ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਪੇਸ਼ਿਆਂ, ਧੰਦਿਆਂ, ਕਿੱਤਿਆਂ ਅਤੇ ਹੋਰਜਾਰਾਂ ਤੋਂ ਹਾਸਲ ਜਾਂ ਪੈਦਾ ਹੁੰਦੀ ਆਮਦਨ ਤੇ ਕਰਾਂ ਬਾਰੇ ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ ਕਿਸੇ ਤਰ੍ਹਾਂ ਸੀਮਤ ਕਰ ਦਿੱਤੀ ਗਈ ਹੈ।

ਬਚਾਓ।

277. ਕੋਈ ਕਰ, ਮਸੂਲ ਉਪ-ਕਰ ਜਾਂ ਫੀਸਾਂ, ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ, ਕਿਸੇ ਰਾਜ ਦੀ ਸਰਕਾਰ ਦੁਆਰਾ ਜਾਂ ਕਿਸੇ

---

[17] ਸੰਵਿਧਾਨ (ਸੱਠਵੀਂ ਸੋਧ) ਐਕਟ, 1988 ਦੀ ਧਾਰਾ 2 ਦੁਆਰਾ ਦੋ ਸੌ ਪੰਜਾਹ ਰੁਪਏ ਸ਼ਬਦਾਂ ਦੀ ਥਾਵੇਂ ਰੱਖੇ ਗਏ।

[18] ਸੰਵਿਧਾਨ (ਸੱਠਵੀਂ ਸੋਧ) ਐਕਟ, 1988 ਦੀ ਧਾਰਾ 2 ਦੁਆਰਾ ਪਰੰਤੁਕ ਦਾ ਲੋਪ ਕਿਤਾ ਗਿਆ।

ਨਗਰਪਾਲਕਾ ਜਾਂ ਹੋਰ ਸਥਾਨਕ ਸੱਤਾਧਾਰੀ ਜਾਂ ਬੌਡੀ ਦੁਆਰਾ ਉਸ ਰਾਜ, ਨਗਰਪਾਲਕਾ, ਜਿਲ੍ਹਾ ਜਾਂ ਹੋਰ ਸਥਾਨਕ ਖੇਤਰ ਦੇ ਪ੍ਰਯੋਜਨਾਂ ਲਈ ਕਾਨੂੰਨ-ਪੂਰਬਕ ਲਾਈਆਂ ਜਾਂ ਰਹੀਆ ਸਨ, ਉਹ ਕਰ, ਸਮੂਲ, ਉਪ-ਕਰ ਜਾਂ ਫੀਸਾਂ, ਸੰਘ ਸੂਚੀ ਵਿਚ ਜਿਕਰ ਕੀਤੇ ਜਾਣ ਤੇ ਵੀ ਲਾਈਆਂ ਜਾਦੀਆਂ ਅਤੇ ਉਨ੍ਹਾਂ ਹੀ ਪ੍ਰਯੋਜਨਾਂ ਲਈ ਕੰਮ ਵਿਚ ਲਿਆਂਦੀਆਂ ਜਾਂਦੀਆਂ ਹਰਿ ਸਕਣਗੀਆਂ ਜਦ ਤੱਕ ਸੰਸਦ ਕਾਨੂੰਨ ਦੁਆਰਾ ਇਸ ਦੇ ਉਲਟ ਉਪਬੰਧ ਨ ਕਰੇ।

278. [ਕੁਝ ਕੁ ਵਿੱਤੀ ਮਾਮਲਿਆਂ ਬਾਬਤ ਪਹਿਲੀ ਅਨੁਸੂਚੀ ਦੇ ਭਾਗ ਅ ਦੇ ਰਾਜਾਂ ਨਾਲ ਕਰਾਰ] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ।

"ਅਸਲ ਵੱਟਕਾਂ" ਆਦਿ ਦਾ ਲੇਖਾ ਲਾਉਣਾਂ।

279. (1) ਇਸ ਅਧਿਆਏ ਦੇ ਪੂਰਵਗਾਮੀ ਉਪਬੰਧਾਂ ਵਿਚ "ਅਸਲ ਵੱਟਕਾਂ" ਦਾ ਮਤਲਬ ਹੈ ਕਿਸੇ ਕਰ ਜਾ ਮਸੂਲ ਦੇ ਸੰਬੰਧ ਵਿਚ ਉਹ ਵਟਕਾਂ ਜੋ ਉਸ ਦੀ ਉਗਰਾਹੀ ਦੇ ਖਰਚ ਘਟਾਉਣ ਪਿੱਛੋਂ ਬਚਣ ਅਤੇ ਉਨ੍ਹਾਂ ਉਪਬੰਧਾਂ ਦੇ ਪ੍ਰਯੋਜਨਾਂ ਲਈ ਕਿਸੇ ਖੇਤਰ ਵਿਚ, ਜਾਂ ਉਸ ਤੋਂ ਮਿਲੇ ਹੋਏ ਮੰਨੇ ਜਾਣ ਵਾਲੇ ਕਿਸੇ ਕਰ ਜਾਂ ਮਸੂਲ ਦੀਆਂ ਜਾਂ ਕਿਸੇ ਕਰ ਜਾਂ ਮਸੂਲ ਤੇ ਕਿਸੇ ਭਾਗ ਦੀਆਂ ਅਸਲ ਵੱਟਕਾਂ, ਭਾਰਤ ਤੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰੀਖਿਅਕ ਦੁਆਰਾ ਨਿਸ਼ਚੇ ਅਤ ਪਰਣਾਮਤ ਕੀਤੀਆਂ ਜਾਣਗੀਆਂ ਜਿਸ ਦਾ ਪਰਮਾਣ ਪੱਤਰ ਅੰਤਮ ਹੋਵੇਗਾ।

(2) ਕਿਸੇ ਸੂਰਤ ਵਿਚ ਜਿਥੇ ਇਸ ਭਾਗ ਦੇ ਅਧੀਨ ਕਿਸੇ ਮਸੂਲ ਜਾਂ ਕਰ ਦੀਆਂ ਵੱਟਕਾਂ ਕਿਸੇ ਰਾਜ ਨੂੰ ਸੌਂਪੀਆਂ ਗਈਆਂ ਹੋਣ ਜਾ ਸੌਂਪੀਆਂ ਜਾ ਸਕਦੀਆਂ ਹੋਣ, ਉਥੇ ਉਪਰੋਕਤ ਉਪਬੰਧ ਦੇ ਅਤੇ ਇਸ ਅਧਿਆਏ ਤੇ ਕਿਸੇ ਹੋਰ ਸਪਸ਼ਟ ਉਪਬੰਧ ਦੇ ਤਾਬੇ ਸੰਸਦ ਦਾ ਬਣਾਇਆ ਕੋਈ ਕਾਨੂੰਨ ਜਾਂ ਰਾਸ਼ਟਰਪਤੀ ਦਾ ਕੋਈ ਹੁਕਮ, ਉਸ ਢੰਗ ਲਈ ਜਿਸ ਨਾਲ ਵੱਟਕਾ ਦਾ ਲੇਖਾ ਲਾਇਆ ਜਾਣਾ ਹੈ, ਉਸ ਸਮੇਂ ਲਈ ਜਿਸ ਤੋਂ ਜਾਂ ਜਿਸ ਤੇ ਉਸ ਢੰਗ ਲਈ ਜਿਸ ਨਾਲ ਕੋਈ ਅਦਾਇਗੀਆਂ ਕੀਤੀਆਂ ਜਾਣੀਆਂ ਹਨ, ਇਕ ਵਿੱਤੀ ਸਾਲ ਅਤੇ ਦੂਜੇ ਵਿੱਤੀ ਸਾਲ ਵਿਚਕਾਰ ਮੇਲਾਨ ਕਰਨ ਲਈ ਅਤੇ ਕਿਸੇ ਹੋਰ ਅਨੁਸੰਗਕ ਜਾਂ ਸਹਾਇਕ ਮਾਮਲਿਆਂ ਲਈ ਉਪਬੰਧ ਕਰ

ਸਕੇਗਾ।

ਮਾਲ ਅਤੇ ਸੇਵਾਵਾਂ ਕਰ ਪਰਿਸ਼ਦ।

[19][279ੳ. (1) ਰਾਸ਼ਟਰਪਤੀ ਸੰਵਿਧਾਨ (ਇਕ ਸੌ ਅਤੇ ਪਹਿਲਾ ਸੋਧ) ਐਕਟ, 2016 ਦੇ ਅਰੰਭ ਹੋਣ ਦੀ ਤਰੀਖ ਤੋਂ ਸੱਠ ਦਿਨਾਂ ਦੇ ਅੰਦਰ, ਆਦੇਸ਼ ਰਾਹੀਂ, ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਦਾ ਗਠਨ ਕੀਤਾ ਜਾਵੇਗਾ।"

(2) ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਵਿਚ ਹੇਠ ਲਿਖੇ ਮੈਂਬਰ ਹੋਣਗੇ, ਭਾਵ :-

| | | |
|---|---|---|
| (ੳ) ਕੇਂਦਰ ਵਿਤ ਮੰਤਰੀ | - | ਚੇਅਰਮੈਨ ; |
| (ਅ) ਕੇਂਦਰ ਰਾਜ ਵਿਚ ਮੰਤਰੀ ਜਿਸ ਕੋਲ ਸਰਕਾਰੀ ਆਮਦਨੀ ਅਤੇ ਵਿੱਤ ਦਾ ਭਾਰ ਹੈ | - | ਮੈਂਬਰ ; |
| (ੲ) ਹਰੇਕ ਰਾਜ ਸਰਕਾਰ, ਦੁਆਰਾ ਨਾਮਜਦ ਵਿੱਤ ਜਾਂ ਕਰ ਸੰਬੰਧੀ ਜਾਂ ਕੋਈ ਹੋਰ ਜਿਸ ਕੋਲ ਵਿੱਤ ਦਾ ਭਾਰ ਹੋਵੇ। | - | ਮੈਂਬਰ । |

(3) ਖੰਡ (2) ਦੇ ਉਪਖੰਡ (ੲ) ਵਿਚ ਦਿੱਤੇ ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਦੇ ਮੈਂਬਰ, ਅਤਿਜਲਦ ਆਪਣੇ ਵਿਚੋਂ ਇੱਕ ਮੈਂਬਰ ਨੂੰ ਇਹੋ ਜਿਹੀ ਅਵਧੀ ਲਈ, ਜੋ ਉਹ ਨਿਸਚਿਤ ਕਰੇ, ਕੌਂਸਲ ਦਾ ਉਪ-ਚੇਅਰਪਰਸਨ ਚੁਣਨਗੇ।

(4) ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਹੇਠ ਲਿਖੇ ਸੰਬੰਧ ਵਿਚ ਸੰਘ ਅਤੇ ਰਾਜਾਂ ਨੂੰ ਸਿਫ਼ਾਰਿਸ਼ ਕਰੇਗੀ -

(ੳ) ਸੰਘ, ਰਾਜਾਂ ਅਤੇ ਸਥਾਨਕ ਸੰਸਥਾਵਾਂ ਦੁਆਰਾ ਉਗਰਾਹੇ

[19] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 12 ਦੁਆਰਾ (16.09.2016 ਤੋਂ ਪ੍ਰਭਾਵੀ) ਅੰਤਰਸਥਾਪਤ।

Ministry of Law & Justice

ਗਏ ਕਰ, ਉਪਕਰ ਅਤੇ ਸਰਚਾਰਜ, ਜੋ ਮਾਲ ਅਤੇ ਸੇਵਾਵਾਂ ਕਰ ਵਿਚ ਕੀਤੇ ਜਾ ਸਕਣਗੇ ;

(ਅ) ਮਾਲ ਅਤੇ ਸੇਵਾਵਾਂ ਜੋ ਮਾਲ ਅਤੇ ਸੇਵਾਵਾਂ ਕਰ ਦੇ ਅਧੀਨ ਹੋ ਸਕੇਗੀ ਜਾਂ ਜਿਨ੍ਹਾਂ ਨੂੰ ਮਾਲ ਅਤੇ ਸੇਵਾ ਕਰ ਤੋ ਛੂਟ ਮਿਲ ਸਕੇਗੀ ;

(ਇ) ਮਾਲ ਅਤੇ ਸੇਵਾਵਾਂ ਕਰ ਵਿਧਿਆਂ ਅਨੁਛੇਦ 269 ਉ ਦੇ ਅਦੀਨ ਅੰਤਰਰਾਜੀ ਵਪਾਰ ਜਾਂ ਵਣਜ ਦੇ ਅਨੁਕਰਮ ਵਿਚ ਰਸਦ ਮਾਪ ਉੱਪਰ ਅਰੋਪੇ ਮਾਲ ਅਤੇ ਸੇਵਾਵਾਂ ਕਰ ਦਾ ਟਿਕੱਣ ਅਰੋਪਣ ਦੇ ਸਿਧਾਂਤ ਅਤੇ ਉਹ ਸਿਧਾਂਤ ਜੋ ਰਸਦ ਦੇ ਸਥਾਨ ਦਾ ਪ੍ਰਬੰਧ ਕਰੇ ;

(ਸ) ਉੱਲਦਣ ਦੀ ਬਰੂਹਾਂ ਹੱਦ ਤੋਂ ਨਿੱਚੇ ਰੱਖੀਆਂ ਗਈਆਂ ਮਾਲ ਅਤੇ ਸੇਵਾਂਵਾਂ, ਮਾਲ ਅਤੇ ਸੇਵਾਂਵਾਂ ਕਰ ਤੋਂ ਛੋਟ ਦਿੱਤੀਆਂ ਜਾ ਸਕਣਗੀਆਂ;

(ਹ) ਮਾਲ ਅਤੇ ਸੇਵਾ ਕਰ ਦੇ ਸਮੂਹਾਂ ਦੇ ਨਾਲ ਦਰਾਂ ਜਿਨ੍ਹਾਂ ਅੰਤਰਗਤ ਘੱਟ ਤੋਂ ਘੱਟ ਦਰਾਂ ਵੀ ਹਨ ;

(ਕ) ਕਿਸੇ ਪ੍ਰਕਿਰਤੀਕ ਵਿਪੱਤੀ ਜਾਂ ਆਪਦਾ ਦੇ ਦੌਰਾਨ ਹੋਰ ਸੰਸਾਧਨ ਇਕੱਠੇ ਕਰਨ ਲਈ ਕਿਸੇ ਨਿਸਚਿਤ ਸਮੇਂ ਦੇ ਲਈ ਕੋਈ ਖਾਸ ਦਰ ਜਾਂ ਦਰਾਂ ;

(ਖ) ਅਰੁਣਾਚਲ ਪ੍ਰਦੇਸ਼, ਅਸਮ, ਜੰਮੂ-ਕਸ਼ਮੀਰ, ਮਨਿਪੁਰ, ਮੇਘਾਲਯਾ, ਮਿਜੋਰਮ, ਨਾਗਾਲੈਂਡ, ਸਿਕਿੱਮ, ਤ੍ਰਿਪੁਰਾ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਸੰਬੰਧ ਵਿਚ ਖਾਸ ਉਪਬੰਧ ; ਅਤੇ;

(ਗ) ਮਾਲ ਅਤੇ ਸੇਵਾਵਾਂ ਕਰ ਵਿਚ ਸੰਬੰਧਤ ਕੋਈ ਹੋਰ ਵਿਸ਼ੇ, ਜੋ

Ministry of Law & Justice

ਪਰਿਸ਼ਦ ਦੁਆਰ ਤੈਅ ਕੀਤਾ ਜਾਵੇ।

(5) ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਉਸ ਤਾਰੀਕ ਦੀ ਸਿਫਾਰਿਸ਼ ਕਰੇਗੀ ਜੋ ਕੱਚਾ ਪ੍ਰੈਟ੍ਰੋਲ, ਉੱਚ ਗਤੀ ਡੀਜਲ, ਸਟੋਰ ਸਪਿਰਿਟ (ਆਮ ਤੌਰ ਤੇ ਪੇਟ੍ਰੋਲ ਦੇ ਰੂਪ ਚ ਪ੍ਰਚਲਤ) ਪ੍ਰਰਿਰਤਿਕ ਗੈਸ ਅਤੇ ਵਿਮਾਨਨ ਟ੍ਰਬਾਈਨ ਇੰਧਨ, ਉੱਤੇ ਮਾਲ ਅਤੇ ਸੇਵਾਵਾਂ ਕਰ ਅਰੋਪੇ ਜਾਣਗੇ।

(6) ਇਸ ਅਨੁਛੇਦ ਦੁਆਰਾ ਬਖ਼ਸ਼ੇ ਗਏ ਕੰਮਾਂ ਨੂੰ ਨਿਭਾਉਂਦੇ ਹੋਏ, ਮਾਲ ਅਤੇ ਸੇਵਾਵਾਂ ਕਰ ਪਰਿਸ਼ਦ, ਮਾਲ ਅਤੇ ਸੇਵਾਵਾਂ ਦਰ ਦਾ ਇਕਸਾਰ ਢਾਂਚਾਂ ਅਤੇ ਮਾਲ ਅਤੇ ਸੇਵਾਂਵਾਂ ਦੇ ਲਈ ਇਕਸਾਰ ਰਾਸ਼ਟਰੀ ਬਜ਼ਾਰ ਦੇ ਵਿਕਾਸ ਦੀ ਜਰੂਰਤ ਦੁਆਰਾ ਮਾਰਗਦਰਸ਼ਕ ਹੋਵੇਗੀ।

(7) ਮਾਲ ਸੇਵਾਵਾਂ ਕਰ ਪਰਿਸ਼ਦ ਦੀ ਬੈਠਕਾਂ ਵਿਚ, ਕੋਰਮ ਪਰਿਸ਼ਦ ਦੇ ਕੁੱਲ ਮੈਂਬਰਾਂ ਦੇ ਅੱਧੇ ਮੈਂਬਰਾਂ ਤੋਂ ਮਿਲਕਰ ਬਣੇਗੀ।

(8) ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਅਪਣੇ ਕੰਮਾਂ ਦੇ ਪਾਲਣ ਦਾ ਜਾਬਤਾ ਕਾਇਮ ਕਰੇਗੀ।

(9) ਮਾਲ ਅਤੇ ਸੇਵਾਵਾਂ ਕਰ ਪਰਿਸ਼ਦ ਦਾ ਰਹੇਕ ਫ਼ੈਸਲਾਂ ਬੈਠਕ ਵਿਚ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀਆਂ ਪ੍ਰਬਲ ਵੋਟਾਂ ਦੇ ਘੱਟ ਤੋਂ ਘੱਟ ਤਿੰਨ ਚੋਥਾਈ ਦੇ ਬਹੁਮਤ ਦੁਆਰਾ ਹੇਠ ਲਿਖੇ ਸਿਧਾਂਤਾਂ ਦੇ ਅਨੁਸਾਰ ਕੀਤਾ ਜਾਵੇਗਾ, ਭਾਵ :-

ਉਸ ਬੈਠਕ ਵਿਚ,-

(ੳ) ਕੇਂਦਰ ਸਰਕਾਰ ਦੀ ਵੋਟ ਨੂੰ ਪਾਈਆਂ ਗਈਆਂ ਕੁਲ ਵੋਟਾਂ ਦੇ ਇੱਕ-ਤਿਹਾਈ ਦੀ ਪ੍ਰਬਲਤਾ ਹਾਸਲ ਹੋਵੇਗੀ ;ਅਤੇ

(ਅ) ਸਾਰਿਆਂ ਰਾਜ ਸਰਕਾਰਾਂ ਦੀਆਂ ਵੋਟਾਂ ਨੂੰ ਇੱਕਠੀਆਂ ਲੈਣ ਅਤੇ ਪਾਇਆਂ ਗਈਆਂ ਕੁੱਲ ਵੋਟਾਂ ਦੇ ਦੋ-ਤਿਹਾਈ ਦੀ ਪ੍ਰਬਲਤਾ ਹਾਸਲ ਹੋਵੇਗੀ

Ministry of Law & Justice

।

ਵਿੱਤ ਕਮੀਸ਼ਨ

280. (1) ਰਾਸ਼ਟਰਪਤੀ, ਇਸ ਸੰਵਿਧਾਨ ਦੇ ਅਰੰਭ ਤੋਂ ਦੋ ਸਾਲ ਦੇ ਅੰਦਰ ਅਤੇ ਉਸ ਤੇ ਪਿੱਛੋਂ ਹਰਿਕ ਪੰਜਵੇਂ ਸਾਲ ਦੇ ਗੁਜਰਨ ਤੇ ਜਾਂ ਉਸ ਤੋਂ ਪਹਿਲਾਂ ਅਜਿਹੇ ਸਮੇਂ ਤੇ ਜਦ ਰਾਸ਼ਟਰਪਤੀ ਜਰੂਰੀ ਸਮਝੇ, ਹੁਕਮ ਦੁਆਰਾ ਇਕ ਵਿੱਤ ਕਮਿਸ਼ਨ ਗਠਤ ਕਰੇਗਾ ਜੋ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਇਕ ਚੇਅਰਮੈਨ ਅਤੇ ਚਾਰ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ।

(2) ਸੰਸਦ ਕਾਨੂੰਨ ਦੁਆਰਾ ਉਹ ਕਾਬਲਈਅਤਾਂ ਜੋਂ ਕਮਿਸ਼ਨ ਦੇ ਮੈਂਬਰਾਂ ਵਜੋਂ ਨਿਯੁਕਤੀ ਲਈ ਲੋੜੀਂਦੀਆਂ ਹੋਣਗੀਆਂ ਅਤੇ ਉਹ ਢੰਗ ਜਿਸ ਨਾਲ ਉਸ ਚੁਣੇ ਜਾਣਗੇ, ਤੈਅ ਕਰ ਸਕੇਗੀ।

(3) ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਉਹ—

(ੳ) ਸੰਘ ਅਤੇ ਰਾਜਾਂ ਵਿਚਕਾਰ ਕਰਾਂ ਦੀਆਂ ਅਸਲ ਵੱਟਕਾਂ ਦੀ ਜੋ ਇਸ ਅਧਿਆਏ ਦੇ ਅਧੀਨ ਉਨ੍ਹਾਂ ਵਿਚਕਾਰ ਵੰਡੀਆਂ ਜਾਈਆਂ ਹਨ, ਜਾਂ ਵੰਡੀਆਂ ਜਾ ਸਕਦੀਆਂ ਹੋਣ, ਵੰਡ ਬਾਬਤ ਅਤੇ ਅਜਿਹੀਆਂ ਵੱਟਕਾਂ ਦੇ ਰਾਜਾਂ ਵਿਚਕਾਰ ਉਨ੍ਹਾਂ ਦੇ ਆਪਣੇ ਆਪਣੇ ਹਿੱਸਿਆਂ ਦੇ ਟਿੱਕਣ ਬਾਬਤ;

(ਅ) ਭਾਰਤ ਕੇ ਸੰਚਿਤ ਫ਼ੰਡ ਵਿਚੋਂ ਰਾਜਾਂ ਦੀਆਂ ਸਰਕਾਰੀ ਆਮਦਨਾਂ ਦੀਆਂ ਸਹਾਇਕ ਗ੍ਰਾਂਟਾ ਵਿਚ ਪਾਲਣ ਯੋਗ ਸਿਧਾਂਤਾਂ ਬਾਬਤ ;

[20][ਅਅ] ਰਾਜ ਦੇ ਵਿੱਤ ਕਮਿਸ਼ਨ ਦੁਆਰਾ ਕੀਤੀਆਂ ਗਈਆਂ ਸਿਫਾਰਾਸ਼ਾਂ ਦੇ ਅਧਾਰ ਤੇ ਰਾਜ ਵਿਚ ਪੰਚਾਇਤਾਂ ਤੇ ਸਰੋਤਾਂ ਦੀ ਅਨੁਪੂਰਤੀ ਦੇ ਲਈ ਕਿਸੇ ਰਾਜ ਦੇ ਸੰਚਤ ਫ਼ੰਡ ਦ ਤੋਂ ਵਾਧੇ ਲਈ ਲੋੜੀਦੇ ਉਪਾਵਾਂ ਦੇ ਬਾਰੇ ਵਿਚ]

[20] ਸੰਵਿਧਾਨ (ਤਹੈਤਰਵੀਂ ਸੋਧ) ਐਕਟ, 1992 ਦੀ ਧਾਰਾ 3 ਦੁਆਰਾ (24.04.1993 ਤੋਂ) ਅੰਤਰਸਥਾਪਤ।

[21][(ਇ) ਰਾਜ ਦੇ ਵਿੱਤ ਕਮਿਸ਼ਨ ਦੁਆਰਾ ਕੀਤੀਆਂ ਗਈਆਂ ਸਿਫਾਰਾਸ਼ਾਂ ਦੇ ਅਧਾਰ ਤੇ ਰਾਜ ਵਿਚ ਨਗਰਪਾਲਿਕਾਵਾਂ ਤੇ ਸਰੋਤਾਂ ਦੀ ਅਨੁਪੂਰਤੀ ਦੇ ਲਈ ਕਿਸੇ ਰਾਜ ਦੇ ਸੰਚਤ ਫ਼ੰਡ ਤੇ ਵਾਧੇ ਲਈ ਲੋੜੀਦੇ ਉਪਾਵਾਂ ਦੇ ਬਾਰੇ ਵਿਚ,

[22][(ਸ)] ਪੱਕੇ ਪੈਰੀ ਵਿੱਤ ਦੇ ਹਿਤਾਂ ਵਿਚ ਰਾਸ਼ਟਰਪਤੀ ਦੁਆਰਾ ਕਮਿਸ਼ਨ ਨੂੰ ਹਵਾਲਾ ਕੀਤੇ ਕਿਸੇ ਹੋਰ ਅਮਲੇ ਬਾਬਤ,

ਰਾਸ਼ਟਰਪਤੀ ਨੂੰ ਸਿਫਾਰਸਾਂ ਕਰੇ ।

(4) ਕਮਿਸ਼ਨ ਆਪਣਾ ਜਾਬਤਾ ਤੈਅ ਕਰੇਗਾ ਅਤੇ ਆਪਣੇ ਕਾਜਕਾਰਾਂ ਦੇ ਪਾਲਣ ਵਿਚ ਉਸ ਨੂੰ ਅਜਿਹੀਆਂ ਸ਼ਕਤੀਆਂ ਹੋਣਗੀਆਂ ਅਜਿਹੀਆਂ ਸੰਸਦ ਕਾਨੂੰਨ ਦੁਆਰਾ ਉਸ ਨੂੰ ਪ੍ਰਦਾਨ ਕਰੇ ।

ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ।

281. ਰਾਸ਼ਟਰਪਤੀ ਇਸ ਸੰਵਿਧਾਨ ਦੇ ਉਪਬੰਧਾਂ ਦੇ ਅਧੀਨ ਵਿਚ ਕਮਿਸ਼ਨ ਦੁਆਰਾ ਕੀਤੀ ਗਈ ਹਰਿਕ ਸਿਫਾਰਸ਼ ਨੂੰ ਉਸ ਤੇ ਕੀਤੀ ਗਈ ਕਾਰਵਾਈ ਬਾਬਤ ਵਿਆਖਿਆਤਮਕ ਯਾਦ-ਪੱਤਰ ਸਮੇਤ ਸੰਸਦ ਦੇ ਹਰੇਕ ਸਦਨ ਦੇ ਅੱਗੇ ਰਖਵਾਏਗਾ ।

## ਫੁਟਕਲ ਵਿੱਤੀ ਉਪਬੰਧ

ਸੰਘ ਜਾਂ ਕਿਸੇ ਰਾਜ ਦੁਆਰਾ ਆਪਣੀਆਂ ਸਰਕਾਰੀ ਆਮਦਨਾਂ ਵਿਚੋਂ ਕੀਤੇ ਜਾਣਯੋਗ ਖਰਚ ।

282. ਸੰਘ ਜਾਂ ਕੋਈ ਰਾਜ ਕਿਸੇ ਲੋਕ ਪ੍ਰਯੋਜਨ ਲਈ ਕੋਈ ਗ੍ਰਾਂਟਾਂ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਦੇ ਸਕੇਗਾ ਕਿ ਉਹ ਪ੍ਰਯੋਜਨ ਅਜਿਹਾ ਨ ਹੋਵੇ ਜਿਸ ਬਾਰੇ ਸੰਸਦ ਜਾਂ ਉਸ ਰਾਜ ਦਾ ਵਿਧਾਨ-ਮੰਡਲ ਜਿਹੀ ਕਿ ਸੂਰਤ ਹੋਵੇ, ਕਾਨੂੰਨ ਬਣਾ ਸਕਦਾ ਹੋਵੇ ।

Ministry of Law & Justice

---

[21] ਸੰਵਿਧਾਨ (ਚੌਹਤਰਵਾਂ ਸੋਧ) ਐਕਟ, 1992 ਦੀ ਧਾਰਾ 3 ਦੁਆਰਾ (01.06.1993 ਤੋਂ) ਅੰਤਰਸਥਾਪਤ ।

[22] ਸੰਵਿਧਾਨ (ਚੇਹਤਰਵਾਂ ਸੋਧ) ਐਕਟ, 1992 ਦੀ ਧਾਰਾ 3 ਦੁਆਰਾ (01.06.1993 ਤੋਂ) ਉਪ-ਖੰਡ (ਇ) ਨੂੰ ਉਪ-ਖੰਡ (ਸ) ਤੇ ਰੂਪ ਵਿਚ ਪੂਨਰ ਅਖਰਾਜਤ ਕੀਤਾ ਗਿਆ ।

ਸੰਚਿਤ ਫੰਡਾਂ ਅਚੇਤ-ਫੰਡਾਂ ਅਤੇ ਲੋਕ ਲੇਖਿਆਂ ਵਿਚ ਜੰਮ੍ਹਾਂ ਧਨਾਂ ਦੀ ਸੰਭਾਲ, ਆਦਿ।

283 (1) ਭਾਰਤ ਦੇ ਸੰਚਿਤ ਫ਼ੰਡ ਅਤੇ ਭਾਰਤ ਦੇ ਅਚੇਤ ਫ਼ੰਡ, ਦੀ ਸੰਭਾਲ ਅਜਿਹੇ ਫੰਡਾਂ ਵਿਚ ਧਨਾਂ ਦਾ ਪਾਉਣਾ, ਉਨ੍ਹਾਂ ਧਨਾਂ ਦਾ ਕੱਢਣਾ, ਅਜਿਹੇ ਫੰਡਾਂ ਵਿਚ ਜਮ੍ਹਾਂ ਕੀਤੇ ਧਨਾਂ ਤੋਂ ਬਿਨਾਂ ਹੋਰ ਭਾਰਤ ਸਰਕਾਰ ਦੁਆਰਾ ਜਾਂ ਦੇ ਨਮਿੱਤ ਪ੍ਰਾਪਤ ਕੀਤੇ ਲੋਕ ਧਨਾਂ ਦੀ ਸੰਭਾਲ, ਉਨ੍ਹਾਂ ਦਾ ਭਾਰਤ ਦੇ ਲੋਕ ਲੇਖੇ ਵਿਚ ਪਾਉਣਾ ਅਤੇ ਅਜਿਹੇ ਲੇਖੇ ਵਿਚੋਂ ਧਨਾਂ ਦਾ ਕੱਢਣਾ ਅਤੇ ਉਪਰੋਕਤ ਮਾਮਲਿਆਂ ਨਾਲ ਮੁਤੱਲਕ ਜਾਂ ਦੇ ਸਹਾਇਕ ਹੋਰ ਸਭ ਮਾਮਲਿਆਂ ਦਾ ਵਿਨਿਯਮਨ ਸੰਸਦ ਦੇ ਬਣਾਏ ਕਾਨੂੰਨ ਦੁਆਰਾ, ਅਤੇ, ਜਦ ਤੱਕ ਉਸ ਨਮਿੱਤ ਇਸ ਤਰ੍ਹਾ ਉਪਬੰਧ ਨ ਕੀਤਾ ਜਾਵੇ, ਰਾਸ਼ਟਰਪਤੀ ਦੇ ਬਣਾਏ ਨਿਯਮਾਂ ਦੁਆਰਾ ਕੀਤਾ ਜਾਵੇਗਾ।

(2) ਕਿਸੇ ਰਾਜ ਦੇ ਸੰਚਿਤ ਫ਼ੰਡ ਅਤੇ ਕਿਸੇ ਰਾਜ ਦੇ ਅਚੇਤ ਫ਼ੰਡ ਦੀ ਸੰਭਾਲ ਅਜਿਹੀ ਫੰਡਾਂ ਵਿਚ ਧਨਾਂ ਦਾ ਪਾਉਣਾ, ਉਨ੍ਹਾਂ ਵਿਚੋਂ ਧਨਾਂ ਦਾ ਕੱਢਣਾ, ਅਜਿਹੇ ਫੰਡਾਂ ਵਿਚ ਜਮਾਂ ਕੀਤੇ ਧਨਾਂ ਤੋਂ ਬਿਨਾਂ ਹੋਰ ਰਾਜ ਦੀ ਸਰਕਾਰ ਦੁਆਰਾ ਜਾਂ ਦੇ ਨਮਿੱਤ ਪ੍ਰਾਪਤ ਕੀਤੇ ਲੋਕ ਧਨਾਂ ਦੀ ਸੰਭਾਲ, ਉਨ੍ਹਾਂ ਦਾ ਰਾਜ ਦੇ ਲੋਕ ਲੇਖੇ ਵਿਚ ਪਾਉਣਾ ਅਤੇ ਅਜਿਹੇ ਲੇਖੇ ਵਿਚੋਂ ਧਨਾਂ ਦਾ ਕੱਢਣਾ ਅਤੇ ਉਪਰੋਕਤ ਮਾਮਲਿਆਂ ਨਾਲ ਮੁਤੱਲਕ ਜਾਂ ਤੇ ਸਹਾਇਕ ਫ਼ੰਡ ਸਭ ਮਾਮਲਿਆਂ ਦਾ ਵਿਨਿਯਮਨ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਾਨੂੰਨ ਦੁਆਰਾ, ਅਤੇ ਜਦ ਤੱਕ ਉਸ ਨਮਿੱਤ ਇਸ ਤਰ੍ਹਾਂ ਉਪਬੰਧ ਨ ਕੀਤਾ ਜਾਵੇ, ਉਸ ਰਾਜ ਦੇ ਰਾਜਪਾਲ [23]* * * ਦੇ ਬਣਾਏ ਨਿਯਮਾਂ ਦੁਆਰਾ ਕੀਤਾ ਜਾਵੇਗਾ।

ਲੋਕ ਸੇਵਕਾਂ ਅਤੇ ਅਦਾਲਤਾਂ ਦੁਆਰਾ ਪ੍ਰਾਪਤ ਦਾਵੇਦਾਰਾਂ ਦੀਆਂ ਜੰਮ੍ਹਾਂ ਅਤੇ ਹੋਰ ਧਨਾਂ ਕੀ ਸੰਭਾਲ।

284, ਉਹ ਸਭ ਧਨ ਜੇ –

(ੳ) ਭਾਰਤ ਸਰਕਾਰ ਜਾਂ ਰਾਜ ਦੀ ਸਰਕਾਰ, ਜਿਹੀ ਕੀ ਸੂਰਤ ਹੋਵੇ, ਦੁਆਰਾ ਇਕੱਠੀਆਂ ਕੀਤੀਆਂ ਜਾਂ ਪ੍ਰਾਪਤ ਕੀਤੀਆਂ ਸਰਕਾਰੀ ਆਮਦਨਾਂ ਜਾਂ ਲੋਕ ਧਨਾਂ ਤੋਂ ਬਿਨਾਂ ਹੋਰ ਸੰਘ ਜਾ ਕਿਸੇ ਰਾਜ ਦੇ ਕਾਰ ਵਿਹਾਰ ਦੇ ਤੱਲਕ ਵਿਚ ਕੰਮ ਲਗੇ ਹੋਣ ਦਾ ਹੈਸੀਅਤ ਵਿਚ ਕਿਸੇ ਅਫਸਰ, ਜਾਂ

[23] ਸ਼ਬਦ “ਜਾਂ ਰਾਜਪ੍ਰਮੁਖ” ਸੰਵਿਧਾਨ (ਸੱਤਵੀਂ ਸ਼ੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

(ਅ) ਕਿਸੇ ਮੁਕੱਦਮੇਂ, ਮਾਮਲੇ, ਲੇਖੇ ਜਾਂ ਵਿਅਕਤੀਆਂ ਦੇ ਨਾਂ ਤੇ ਭਾਰਤ ਦੇ ਪ੍ਰਾਦੇਸ਼ਕ ਅੰਦਰਲੀ ਕਿਸੇ ਅਦਾਲਤ,

ਦੁਆਰਾ ਪ੍ਰਾਪਤ ਕੀਤੇ ਜਾਂ ਦੇ ਕੋਲ ਜਮ੍ਹਾਂ ਕੀਤੇ ਗਏ ਹੋਣ ਭਾਰਤ ਦੇ ਲੋਕ ਲੇਖੇ ਜਾਂ ਉਸ ਰਾਜ ਦੇ ਲੋਕ ਲੇਖੇ, ਜਿਹੀ ਕਿ ਸੂਰਤ ਹੋਵੇ, ਵਿਚ ਪਾਏ ਜਾਣਗੇ।

ਸੰਘ ਦੀ ਸੰਪੱਤੀ ਦੀ ਰਾਜ ਦੇ ਦਰਾਂ ਤੋਂ ਛੋਟ।

285. (1) ਜਿਥੋਂ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਕਰੇ ਉਸ ਦੇ ਸਿਵਾਏ, ਸੰਘ ਦੀ ਸੱਪੰਤੀ ਕਿਸੇ ਰਾਜ ਦੁਆਰਾ ਜਾਂ ਕਿਸੇ ਰਾਜ ਅੰਦਰ ਕਿਸੇ ਸੱਤਾਧਾਰੀ ਦੁਆਰਾ ਅਰੋਪੇ ਗਏ ਸਭ ਕਰਾਂ ਤੋਂ ਛੋਟ-ਪ੍ਰਾਪਤ ਹੋਵੇਗੀ।

(2) ਜਦ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਖੰਡ (1) ਦੀ ਕੋਈ ਗੱਲ ਕਿਸੇ ਰਾਜ ਅੰਦਰ ਕਿਸੇ ਸੱਤਾਧਾਰੀ ਨੂੰ ਸੰਘ ਦੀ ਕਿਸੇ ਸੰਪੱਤੀ ਤੇ ਕੋਈ ਕਰ, ਜਿਸ ਲਈ ਅਜਿਹੀ ਸੰਪੱਤੀ ਤੇ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਦੇਣਦਾਰੀ ਸੀ ਜਾਂ ਦੇਣਦਾਰੀ ਹੋਣੀ ਸਮਝੀ ਜਾਂਦੀ ਸੀ ਲਾਉਣ ਤੋਂ ਨਹੀਂ ਰੋਕੇਗੀ ਜਿੰਨਾ ਚਿਰ ਉਹ ਕਰ ਉਸ ਰਾਜ ਵਿਚ ਲਾਇਆ ਜਾਂਦਾ ਰਹੇ।

ਮਾਲ ਦੀ ਵਿਕਰੀ ਜਾਂ ਖਰੀਦ ਤੇ ਕਰ ਲਾਉਣ ਬਾਬਤ ਪਾਬੰਦੀਆਂ।

286. (1) ਕਿਸੇ ਰਾਜ ਦਾ ਕੋਈ ਕਾਨੂੰਨ, [24][ਮਾਲ ਦੇ ਜਾਂ ਸੇਵਾਵਾਂ ਦੇ ਜਾਂ ਦੋਨਾਂ ਦੀ ਰਸਦ ਤੇ, ਜਿੱਥੇ ਅਜਿਹੀ ਰਸਦ] –

(ੳ) ਉਸ ਰਾਜ ਦੇ ਬਾਹਰ, ਜਾਂ

(ਅ) ਭਾਰਤ ਪ੍ਰਾਦੇਸ਼ਕ ਵਿਚ [25][ਮਾਲ ਦੀ ਜਾਂ ਸੇਵਾਵਾਂ ਜਾਂ ਦੋਨਾਂ ਦੀ] ਦਰਾਮਦ, ਜਾਂ ਉਸ ਤੋਂ ਬਾਹਰ ਮਾਲ ਦੀ ਬਰਾਮਦ ਦੇ ਦੌਰ ਵਿਚ,

ਹੋਵੇ ਕੋਈ ਕਰ ਨਹੀਂ ਅਰੋਪੇਗਾ, ਅਤੇ ਨ ਅਰੋਪਣਾ ਅਖਤਿਆਰਤ

---

[24] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 13 ਦੁਆਰਾ (16.09.2016 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦੀ ਥਾਂ ਰੱਖਿਆ ਗਿਆ।

[25] ਉਪਰੋਕਤ ਦੀ ਧਾਰਾ 13 ਦੇ ਖੰਡ (1 ਅ) ਰਾਹੀਂ ਕੁਝ ਸ਼ਬਦਾਂ ਦੀ ਥਾਂ ਰੱਖੇ ਗਏ।



Ministry of Law & Justice

ਕਰੇਗਾ।

[26]*****************

[27][(2) ਇਹ ਤੈਅ ਕਰਨ ਲਈ ਕਿ [28][ਮਾਲ ਜਾਂ ਸੇਵਾਵਾਂ ਜਾਂ ਦੋਹਾਂ ਦੀ ਰਸਦ] ਖੰਡ (1) ਵਿਚ ਜਿਕਰ ਕੀਤੇ ਤਰੀਕਿਆਂ ਵਿਚੋਂ ਕਿਸੇ ਵਿਚ ਕਦ ਹੁੰਦੀ ਹੈ, ਸੰਸਦ ਕਾਨੂੰਨ ਦੁਆਰਾ ਸਿਧਾਂਤ ਸੂਤਰਿਤ ਕਰ ਸਕੇਗੀ।

[29]*****************

ਬਿਜਲਈ ਤੇ ਕਰਾਂ ਤੋਂ ਛੋਟ।

287. ਜਿਥੋਂ ਤੱਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਕਰੇ, ਉਸ ਦੇ ਸਿਵਾਏ, (ਭਾਵੇਂ ਕਿਸੇ ਸਰਕਾਰ ਜਾਂ ਹੋਰ ਵਿਅਕਤੀਆਂ ਦੁਆਰਾ ਪੈਦਾ ਕੀਤੀ ) ਬਿਜਲਈ ਜੋ-

(ੳ) ਭਾਰਤ ਸਰਕਾਰ ਦੀ ਖਪਤ ਵਿਚ ਆਉਂਦੀ ਹੈ, ਜਾਂ ਭਾਰਤ ਸਰਕਾਰ ਦੀ ਖਪਤ ਲਈ ਉਸ ਸਰਕਾਰ ਨੂੰ ਵੇਚੀ ਜਾਂਦੀ ਹੈ, ਜਾਂ

(ਅ) ਕਿਸੇ ਰੇਲਵੇ ਦੇ ਬਣਾਉਣ, ਕਾਇਮ ਰਖਣ ਜਾਂ ਚਲਾਉਣ ਵਿਚ ਭਾਰਤ ਸਰਕਾਰ ਜਾਂ ਕਿਸੇ ਰੇਲਵੇ ਕੰਪਨੀ, ਜੋ ਉਸ ਰੇਲਵੇ ਨੂੰ ਚਲਾਉਂਦੀ ਹੈ, ਦੀ ਖਪਤ ਵਿਚ ਆਉਂਦੀ ਹੈ, ਜਾਂ ਕਿਸੇ ਰੇਲਵੇ ਤੇ ਬਣਾਉਣ, ਕਾਇਮ ਰੱਖਣ ਜਾਂ ਚਲਾਉਣ ਵਿਚ ਖਪਤ ਲਈ ਉਸ ਸਰਕਾਰ ਜਾਂ ਕਿਸੇ ਅਜਿਹੀ ਰੇਲਵੇ ਕੰਪਨੀ ਨੂੰ ਵੇਚੀ ਜਾਂਦੀ ਹੈ,

ਦੀ ਖਪਤ ਜਾਂ ਵਿਕਰੀ ਤੇ ਕਿਸੇ ਰਾਜ ਦਾ ਕੋਈ ਕਾਨੂੰਨ ਕਰ ਨਹੀਂ ਅਰੋਪੇਗਾ, ਅਤੇ ਨ ਕਰ ਅਰੋਪਣਾਂ ਅਖਤਿਆਰਤ ਕਰੇਗਾ ਅਤੇ ਬਿਜਲੀ ਦੀ ਵਿਕਰੀ ਤੇ ਕਰ ਲਾਉਣ, ਜਾਂ ਕਰ ਲਾਉਣਾ ਅਖਤਿਆਰਤ ਕਰਨ ਵਾਲਾ ਕੋਈ ਅਜਿਹਾ ਕਾਨੂੰਨ ਇਹ ਸੁਨਿਸਚਿਤ ਕਰੇਗਾ ਕਿ ਭਾਰਤ ਸਰਕਾਰ ਨੂੰ ਉਸ ਸਰਕਾਰੀ ਦੀ ਖਪਤ ਲਈ, ਜਾਂ ਉਪਰੋਕਤ ਜਿਹੀ ਕਿਸੇ

[26] ਖੰਡ (1) ਦੀ ਵਿਆਖਿਆ ਸੰਵਿਧਾਨ (ਛੇਵੀਂ ਸੋਧ) ਐਕਟ, 1956, ਧਾਰਾ 4 ਦੁਆਰਾ ਲੋਪ ਕਰ ਦਿੱਤੀ ਗਈ।

[27] ਉਪਰੋਕਤ ਦੀ ਧਾਰਾ 4 ਦੁਆਰਾ ਮੂਲ ਖੰਡ (2) ਅਤੇ (3) ਦੀ ਥਾਵੇਂ ਰੱਖੇ ਗਏ।

[28] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 13 ਦੇ ਖੰਡ (2) ਦੁਆਰਾ (16.09.2016 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦੀ ਥਾਂ ਰੱਖਿਆ ਗਿਆ।

[29] ਉਪਰੋਕਤ ਦੀ ਧਾਰਾ 13 ਦੇ ਖੰਡ (3) ਦੁਆਰਾ (16.09.2016 ਤੋਂ ਪ੍ਰਭਾਵੀ) ਲੋਪ ਕੀਤਾ ਗਿਆ।

ਰੇਲਵੇ ਕੰਪਨੀ ਨੂੰ, ਕਿਸੇ ਰੇਲਵੇ ਦੇ ਬਣਾਉਣ, ਕਾਇਮ ਰਖਣ ਜਾਂ ਚਲਾਉਣ ਵਿਚ ਖਪਤ ਲਈ ਵੇਚੀ ਗਈ ਬਿਜਲੀ ਦਾ ਮੁੱਲ, ਉਸ ਮੁੱਲ ਤੋਂ ਜੋ ਬਿਜਲੀ ਦੀ ਕਿਸੇ ਚੋਖੀ ਮਿਕਦਾਰ ਦੇ ਹੋਰ ਖਪਤਕਾਰਾਂ ਤੇ ਚਾਰਜ ਕੀਤਾ ਜਾਂਦਾ ਹੈ, ਇੰਨਾ ਘੱਟ ਹੋਵੇਗਾ, ਜਿੰਨੀ ਕਰ ਦੀ ਰਕਮ ਹੈ।

ਪਾਣੀ ਜਾਂ ਬਿਜਲੀ ਬਾਰੇ ਰਾਜਾਂ ਦੁਆਰਾ ਕਰ ਲਾਏ ਜਾਣ ਤੋਂ ਕੁਝਕੁ ਸੂਰਤਾਂ ਵਿਚ ਛੋਟ।

288. (1) ਜਿੱਥੋਂ ਤੱਕ ਰਾਸ਼ਟਰਪਤੀ ਹੁਕਮ ਦੁਆਰਾ ਹੋਰਵੇਂ ਉਪਬੰਧ ਕਰੇ ਉਸ ਦੇ ਸਿਵਾਏ, ਇਸ ਸੰਵਿਧਾਨ ਤੇ ਅਰੰਭ ਤੋਂ ਤੁਰੰਤ ਪਹਿਲਾਂ ਕਿਸੇ ਰਾਜ ਦਾ ਕੋਈ ਨਾਫਜ ਕਾਨੂੰਨ ਕਿਸੇ ਪਾਣੀ ਜਾਂ ਬਿਜਲੀ ਬਾਰੇ ਜੋ ਕਿਸੇ ਅੰਤਰਰਾਜੀ ਦਰਿਆ ਜਾਂ ਦਰਿਆ-ਵਾਦੀ ਦਾ ਵਿਨਿਯਮਨ ਜਾਂ ਵਿਕਾਸ ਕਰਨ ਲਈ ਕਿਸੇ ਮੌਜੂਦਾ ਕਾਨੂੰਨ ਜਾਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਸਥਾਪਤ ਕਿਸੇ ਸੱਤਾਧਾਰੀ ਦੁਆਰਾ ਜਖੀਰੀ, ਪੈਦਾ ਕੀਤੀ, ਖਪਤ ਵਿਚ ਲਿਆਂਦੀ, ਵੰਡੀ ਜਾਂ ਵੇਚੀ ਗਈ ਹੋਵੇ, ਕੋਈ ਕਰ ਨਹੀਂ ਅਰੋਪੇਗਾ, ਅਤੇ ਨ ਕਰ ਅਰੋਪਣਾ ਅਖਤਿਆਰਤ ਕਰੇਗਾ।

ਵਿਆਖਿਆ- ਇਸ ਖੰਡ ਵਿਚ ਪਦ "ਕਿਸੇ ਰਾਜ ਦਾ ਕੋਈ ਨਾਫਜ ਕਾਨੂੰਨ" ਵਿਚ ਕਿਸੇ ਰਾਜ ਦਾ ਅਜਿਹਾ ਕੋਈ ਕਾਨੂੰਨ ਸ਼ਾਮਲਾ ਹੋਵੇਗਾ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਪਾਸ ਕੀਤਾ ਜਾ ਬਣਾਇਆ ਗਿਆ ਹੋਵੇ, ਅਤੇ ਪਹਿਲਾਂ ਹੀ ਨਿਰਸਤ ਨ ਕਰ ਦਿਤਾ ਗਿਆ ਹੋਵੇ ਭਾਵੇਂ ਉਹ ਜਾਂ ਉਸ ਦੇ ਭਾਗ ਉਦੋਂ ਉੱਕੇ ਹੀ, ਜਾਂ ਖਾਸ ਖੇਤਰਾਂ ਵਿਚ ਅਮਲ ਵਿਚ ਨ ਹੋਣ।

(2) ਕਿਸੇ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਕੋਈ ਅਜਿਹਾ ਕਰ ਜਿਹਾ ਖੰਡ (1) ਵਿਚ ਜਿਕਰ ਕੀਤਾ ਗਿਆ ਹੈ, ਅਰੋਪ ਸਕੇਗਾ,ਜਾਂ ਅਰੋਪਣਾ ਅਖਤਿਆਰਤ ਕਰ ਸਕੇਗਾ, ਪਰ ਅਜਿਹੇ ਕਿਸੇ ਕਾਨੂੰਨ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ਜੇਕਰ ਉਸ ਨੂੰ ਰਾਸ਼ਟਰਪਤੀ ਦੇ ਵਿਚਾਰ, ਲਈ ਰਾਖਵਾਂ ਕੀਤੇ ਜਾਣ ਪਿੱਛੋਂ, ਉਸ ਦੀ ਅਨੁਮਤੀ ਨ ਮਿਲ ਗਈ ਹੋਵੇ, ਅਤੇ ਜੋ ਅਜਿਹਾ ਕੋਈ ਕਾਨੂੰਨ ਅਜਿਹੇ ਕਰ ਦੀਆਂ ਦਰਾਂ ਅਤੇ ਹੋਰ ਪ੍ਰਸੰਗਤੀਆਂ ਕਿਸੇ ਸੱਤਾਧਾਰੀ ਦੁਆਰਾ ਉਸ ਕਾਨੂੰਨ ਦੇ ਅਧੀਨ ਬਣਾਏ ਜਾਣ ਵਾਲੇ ਨਿਯਮਾਂ ਜਾਂ ਕੀਤੇ ਜਾਣ ਵਾਲੇ ਹੁਕਮਾਂ ਦੁਆਰਾ ਨਿਯਤ ਕਰਨ ਦਾ ਉਪਬੰਧ ਕਰੇ, ਤਾਂ ਉਹ ਕਾਨੂੰਨ ਅਜਿਹੇ ਕਿਸੇ ਨਿਯਮ ਦੇ ਬਣਾਉਣ ਲਈ ਜਾਂ ਹੁਕਮ ਦੇ ਕਰਨ ਲਈ ਰਾਸ਼ਟਰਪਤੀ ਦੀ ਪੂਰਵ ਸੰਮਤੀ ਪ੍ਰਾਪਤ

Ministry of Law & Justice

ਕੀਤੇ ਜਾਣ ਦਾ ਉਪਬੰਧ ਕਰੇਗਾ।

ਕਿਸੇ ਰਾਜ ਦੀ ਸੰਪੱਤੀ ਅਤੇ ਆਮਦਨ ਦੀ ਸੰਘ ਦੁਆਰਾ ਕਰ ਲਾਏ ਜਾਣ ਤੋਂ ਛੋਟ।

289.(1) ਕਿਸੇ ਰਾਜ ਦੀ ਸੰਪੱਤੀ ਅਤੇ ਆਮਦਨ ਸੰਘ ਦੁਆਰਾ ਕਰ ਲਾਏ ਜਾਣ ਤੋਂ ਛੋਟ-ਪ੍ਰਾਪਤ ਹੋਣਗੀਆਂ।

(2) ਖੰਡ (1) ਦੀ ਕੋਈ ਗੱਲ ਸੰਘ ਨੂੰ ਕਿਸੇ ਰਾਜ ਦੀ ਸਰਕਾਰ ਦੁਆਰਾ , ਜਾਂ ਦੇ ਨਮਿੱਤ ਕੀਤੇ ਜਾਣ ਵਾਲੇ ਕਿਸੇ ਕਿਸਮ ਦੇ ਵਪਾਰ ਜਾਂ ਕਾਰੋਬਾਰ ਬਾਰੇ ਜਾਂ ਉਨ੍ਹਾਂ ਨਾਲ ਮੁਤੱਲਕ ਕਿਸੇ ਅਮਲਾਂ ਬਾਰੇ, ਜਾਂ ਅਜਿਹੇ ਵਪਾਰ ਜਾਂ ਕਾਰੋਬਾਰ ਦੇ ਪ੍ਰਯੋਜਨਾਂ ਲਈ ਵਰਤੋਂ ਵਿਚ ਲਿਆਂਦੀ ਜਾਂ ਦਖਲ ਵਿਚ ਰੱਖੀ ਗਈ, ਕਿਸੇ ਸੰਪੱਤੀ ਬਾਰੇ ਜਾਂ ਉਸਦੇ ਤਲੱਕ ਵਿਚ ਹਾਸਲ ਜਾਂ ਪੈਦਾ ਹੋਣ ਵਾਲੀ ਕਿਸੇ ਆਮਦਨ ਬਾਰੇ, ਕਿਸੇ ਕਰ ਨੂੰ ਅਜਿਹੀ ਹੱਦ ਤੱਕ ਜੋ ਕਈ ਹੋਵੇ, ਜਿਹੀ ਸੰਸਦ ਕਾਨੂੰਨ ਦੁਆਰਾ ਉਪਬੰਧਤ ਕਰੇ, ਅਰੋਪਣ ਤੋਂ, ਜਾਂ ਅਰੋਪਣਾ ਅਖ਼ਤਿਆਰਤ ਕਰਨ ਤੋਂ ਨਹੀਂ ਰੋਕੇਗੀ।

(3) ਖੰਡ (2) ਦੀ ਕੋਈ ਗੱਲ ਕਿਸੇ ਅਜਿਹੇ ਵਪਾਰ ਜਾਂ ਕਾਰੋਬਾਰ, ਜਾਂ ਵਪਾਰ ਜਾਂ ਕਾਰੋਬਾਰ ਦੇ ਕਿਸੇ ਅਜਿਹੇ ਵਰਗ ਤੇ ਲਾਗੂ ਨਹੀਂ ਹੋਵੇਗੀ, ਜਿਸ ਦਾ ਸਰਕਾਰ ਦੇ ਸਾਧਾਰਣ ਕਾਜਕਾਰਾਂ ਨਾਲ ਅਨੁਸੰਗਕ ਹੋਣਾ ਸੰਸਦ ਕਾਨੂੰਨ ਦੁਆਰਾ ਐਲਾਨੇ।

ਕੁਝ ਕੁ ਖਰਚਾਂ ਅਤੇ ਪੈਨਸ਼ਨਾਂ ਬਾਰੇ ਮੇਲਾਨ।

290. ਜਿੱਥੇ ਇਸ ਸੰਵਿਧਾਨ ਦੇ ਉਪਬੰਧਾਂ ਤੇ ਅਧੀਨ ਕਿਸੇ ਅਦਾਲਤ ਜਾਂ ਕਮਿਸ਼ਨ ਦੇ ਖਰਚ, ਜਾਂ ਜਿਸ ਵਿਅਕਤੀ ਨੇ ਇਸ ਸੰਵਿਧਾਨ ਤੇ ਅਰੰਭ ਤੋਂ ਪਹਿਲਾਂ ਭਾਰਤ ਵਿਚ ਕਰਾਉਣ ਦੇ ਅਧੀਨ ਜਾਂ ਅਜਿਹੇ ਅਰੰਭ ਪਿੱਛੋਂ ਸੰਘ ਦੇ ਜਾਂ ਕਿਸੇ ਰਾਜ ਦੇ ਕਾਰ-ਵਿਹਾਰ ਦੇ ਤੱਲਕ ਵਿਚ ਸੇਵਾ ਕੀਤੀ ਹੋਵੇ, ਉਸ ਨੂੰ ਜਾਂ ਉਸ ਬਾਰੇ ਅਦਾਇਗੀ-ਯੋਗ ਪੈਨਸ਼ਨ ਭਾਰਤ ਦੇ ਸੰਚਿਤ ਫ਼ੰਡ ਜਾਂ ਕਿਸੇ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਵੇ, ਉੱਥੇ, ਜੇ—

(ੳ) ਭਾਰਤ ਦੇ ਸੰਚਿਤ ਫ਼ੰਡ ਤੇ ਭਾਰ ਹੋਣ ਦੀ ਸੂਰਤ ਵਿਚ, ਉਹ ਅਦਾਲਤ ਜਾਂ ਕਮਿਸ਼ਨ ਕਿਸੇ ਰਾਜ ਦੀਆਂ ਵੱਖਰੀਆਂ ਜਰੂਰਤਾਂ ਵਿਚੋਂ ਕਿਸੇ ਦੀ ਪੂਰਤੀ ਕਰਦਾ ਹੋਵੇ, ਜਾਂ ਉਸ ਵਿਅਕਤੀ ਨੇ ਕਿਸੇ ਰਾਜ ਦੇ ਕਾਰ-ਵਿਹਾਰ ਦੇ ਤਲੱਕ ਵਿਚ ਪੂਰਨ ਤੋਰ ਤੇ ਜਾਂ ਅੰਸ਼ਕ

Ministry of Law & Justice

ਤੋਰ ਤੇ ਸੇਵਾ ਕੀਤੀ ਹੋਵੇ ; ਜਾਂ

(ਅ) ਕਿਸੇ ਰਾਜ ਦੇ ਸੰਚਿਤ ਫ਼ੰਡ ਤੇ ਭਾਰ ਹੋਣ ਦੀ ਸੂਰਤ ਵਿਚ, ਉਹ ਅਦਾਲਤ ਜਾਂ ਕਮਿਸ਼ਨ ਸੰਘ ਦੀਆਂ ਜਾਂ ਕਿਸੇ ਹੋਰ ਰਾਜ ਦੀਆਂ ਵੱਖਰੀਆਂ ਜਰੂਰਤਾਂ ਵਿਚੋਂ ਕਿਸੇ ਦੀ ਪੂਰਤੀ ਕਰਦਾ ਹੋਵੇ, ਜਾਂ ਉਸ ਵਿਅਕਤੀ ਨੇ ਸੰਘ ਜਾਂ ਕਿਸੇ ਹੋਰ ਰਾਜ ਦੇ ਕਾਰ-ਵਿਹਾਰ ਦੇ ਤਲੱਕ ਵਿਚ ਪੂਰਨ ਤੋਰ ਤੇ ਜਾਂ ਅੰਸ਼ਕ ਤੋਰ ਤੇ ਸੇਵਾ ਕੀਤੀ ਹੋਵੇ ,

ਤਾਂ ਉਸ ਰਾਜ ਦੇ ਸੰਚਿਤ ਫ਼ੰਡ ਤੇ ਜਾਂ ਭਾਰਤ ਦੇ ਸੰਚਿਤ ਫ਼ੰਡ ਜਾਂ ਉਸ ਹੋਰ ਰਾਜ ਦੇ ਸੰਚਿਤ ਫ਼ੰਡ ਤੇ ਜਾਂ ਜਿਹੀ ਕਿ ਸੂਰਤ ਹੋਵੇ, ਖਰਚਾ ਜਾਂ ਪੈਨਸ਼ਨ ਬਾਰੇ ਉੱਨਾ ਅੰਸ਼ਦਾਨ ਜਿੰਨਾਂ ਕਰਾਰ ਹੋਵੇ, ਜਾਂ ਕਰਾਰ ਦੇ ਅਭਾਵ ਵਿਚ ਉੱਨਾਂ ਅੰਸ਼ਦਾਨ ਜਿੰਨਾ ਭਾਰਤ ਦੇ ਚੀਫ ਜਸਟਿਸ ਦੁਆਰਾ ਨਿਯੁਕਤ ਕੀਤੇ ਜਾਣ ਵਾਲਾ ਕੋਈ ਸਾਲਸ ਤੈਅ ਕਰੇ, ਭਾਰਿਤ ਹੋਵੇਗਾ ਅਤੇ ਉਸ ਫ਼ੰਡ ਵਿਚੋਂ ਅਦਾ ਕੀਤਾ ਜਾਵੇਗਾ ।

ਕੁਝ ਕੁ ਦੇਵਸਮ ਫੰਡਾਂ ਨੂੰ ਸਾਲਾਨਾਂ ਅਦਾਇਗੀ ।

[30][290. (ੳ) ਛਿਆਲਈ ਲੱਖ ਪੰਜਾਹ ਹਜਾਰ ਰੁਪਏ ਦੀ ਰਕਮ ਹਰਿਕ ਸਾਲ ਕੇਰਲ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਵੇਗੀ, ਅਤੇ ਉਸ ਫ਼ੰਡ ਵਿਚੋਂ ਤ੍ਰਿਵਾਂਕੁਰ ਦੇਵਸਮ ਫ਼ੰਡ ਨੂੰ ਅਦਾ ਕੀਤੀ ਜਾਵੇਗੀ ਅਤੇ ਤੇਰ੍ਹਾਂ ਲੱਖ ਪੰਜਾਹ ਹਜਾਰ ਰੁਪਏ ਦੀ ਰਕਮ ਹਰੇਕ ਸਾਲ [31][ਤਮਿਲਨਾਡੂ] ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਵੇਗੀ ਅਤੇ ਉਸ ਫ਼ੰਡ ਵਿਚੋਂ ਅਜਿਹੇ ਹਿੰਦੂ ਮੰਦਰਾਂ ਅਤੇ ਪਵਿਤਰ ਅਸਧਾਨਾਂ ਦੇ ਕਾਇਮ ਰੱਖਣ ਲਈ ਜੋ ਉਨ੍ਹਾਂ ਰਾਖੇਤਰਾਂ ਵਿਚ ਹਨ, ਜੋ ਨਵੰਬਰ, 1956 ਦੇ ਪਹਿਲੇ ਦਿਨ ਉਸ ਰਾਜ ਨੂੰ ਤ੍ਰਿਵਾਂਕੁਰ ਕੋਚੀਨ ਰਾਜ ਤੋਂ ਇੰਤਕਾਲ ਕੀਤੇ ਗਏ ਸਨ, ਉਸ ਰਾਜ ਵਿਚ ਸਥਾਪਤ ਦੇਵਸਮ ਫ਼ੰਡ ਨੂੰ ਅਦਾ ਕੀਤੀ ਜਾਵੇਗੀ ।]

291. [ਹੁਕਮਰਾਨ ਦੀਆਂ ਨਿਜੀ ਥੈਲੀ ਦੀਆਂ ਰਕਮਾਂ । ] ਸੰਵਿਧਾਨ

[30] ਸੰਵਧਾਨ (ਸ਼ਤੱਵੀਂ ਸੋਧ) ਐਕਟ, 1956 , ਧਾਰਾ 19 ਦੁਆਰਾ ਅੰਤਰਸਥਾਪਤ ।

[31] ਮਦਰਾਜ ਰਾਜ (ਨਾਂ ਦਾ ਬਦਲਣਾਂ) ਐਕਟ, 1968, ਧਾਰਾ 4 ਦੁਆਰਾ ਸ਼ਬਦ “ਮਦਰਾਸ” ਦੀ ਥਾਵੇਂ (14.1.1969) ਤੋਂ ਲੈਕੇ ਰੱਖਿਆ ਗਿਆ ।

Ministry of Law & Justice

(ਛੱਬੀਵੀਂ ਸੋਧ) ਐਕਟ, 1971, ਧਾਰਾ 2 ਦੁਆਰਾ ਨਿਰਸਤ।

## ਅਧਿਆਏ II- ਉਧਾਰ ਲੈਣਾ

ਭਾਰਤ ਸਰਕਾਰ ਦੁਆਰਾ ਉਧਾਰ ਲੈਣਾ।

292. ਸੰਘ ਦੀ ਕਾਜ-ਕਾਰਪਾਲਕ ਸ਼ਕਤੀ ਭਾਰਤ ਦੇ ਸੰਚਿਤ ਫ਼ੰਡ ਦੀ ਜਮਾਨਤ ਤੇ ਅਜਿਹੀਆਂ ਸੀਮਾਵਾਂ ਅੰਦਰ, ਜੇ ਕੋਈ ਹੋਣ, ਜੋ ਸੰਸਦ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਨਿਯਤ ਕਰੇ, ਉਧਾਰ ਲੈਣ ਤੱਕ ਅਤੇ ਅਜਿਹੀਆਂ ਸੀਮਾਵਾਂ ਅੰਦਰ, ਜੋ ਕੋਈ ਹੋਣ, ਜੋ ਇਸ ਤਰ੍ਹਾਂ ਨਿਯਤ ਕੀਤੀਆਂ ਜਾਣ, ਗੰਰਟੀਆਂ ਦੇਣ ਤੱਕ ਵਿਸਤਰਿਤ ਹੈ।

ਰਾਜਾਂ ਦੁਆਰਾ ਉਧਾਰ ਲੈਣਾ।

293. (1) ਇਸ ਅਨੁਛੇਦ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦੀ ਕਾਜ-ਕਾਰਪਾਲਕ ਸ਼ਕਤੀ ਉਸ ਰਾਜ ਦੇ ਸੰਚਿਤ ਫ਼ੰਡ ਦੀ ਜਮਾਨਤ ਤੇ ਅਜਿਹੀਆਂ ਸੀਮਾਵਾਂ ਅੰਦਰ, ਜੇ ਕੋਈ ਹੋਣ, ਜੋ ਅਜਿਹੇ ਰਾਜ ਦਾ ਵਿਧਾਨ-ਮੰਡਲ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਨਿਯਤ ਕਰੇ, ਭਾਰਤ ਪ੍ਰਾਦੇਸ਼ਕ ਅੰਦਰ ਉਧਾਰ ਲੈਣ ਤੱਕ ਅਤੇ ਅਜਿਹੀਆਂ ਸੀਮਾਵਾਂ ਅੰਦਰ, ਜੇ ਕੋਈ ਹੋਣ, ਜੋ ਇਸ ਤਰ੍ਹਾਂ ਨਿਯਤ ਕੀਤੀਆਂ ਜਾਣ ਗਰੰਟੀਆਂ ਦੇਣ ਤੱਕ ਵਿਸਤਰਿਤ ਹੈ।

(2) ਭਾਰਤ ਸਰਕਾਰ, ਅਜਿਹੀਆਂ ਸ਼ਰਤਾਂ ਦੇ ਤਾਬੇ ਜਿਹੀਆਂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਰੱਖੀਆਂ ਜਾਣ, ਕਿਸੇ ਰਾਜ ਨੂੰ ਉਧਾਰ ਦੇ ਸਕੇਗੀ ਜਾਂ, ਜਦ ਤੱਕ ਅਨੁਛੇਦ 292 ਦੇ ਅਧੀਨ ਨਿਯਤ ਕੋਈ ਸੀਮਾਵਾਂ ਟੱਪੀਆਂ ਨ ਜਾਣ, ਕਿਸੇ ਰਾਜ ਦੁਆਰਾ ਲਏ ਗਏ ਉਧਾਰਾਂ ਬਾਰੇ ਗਰੰਟੀਆਂ ਦੇ ਸਕੇਗੀ, ਅਤੇ ਅਜਿਹੇ ਉਧਾਰ ਦੇਣ ਦੇ ਪ੍ਰਯੋਜਨ ਲਈ ਲੋੜੀਂਦੀਆਂ ਕੋਈ ਰਕਮਾਂ ਭਾਰਤ ਦੇ ਸੰਚਿਤ ਫ਼ੰਡ ਤੇ ਭਾਰਿਤ ਹੋਣਗੀਆਂ।

(3) ਕੋਈ ਰਾਜ ਭਾਰਤ ਸਰਕਾਰ ਦੀ ਸੰਮਤੀ ਤੋਂ ਬਿਨਾਂ ਕੋਈ ਉਧਾਨ ਨਹੀਂ ਲੈ ਸਕੇਗਾ ਜੇ ਕਿਸੇ ਅਜਿਹੇ ਉਧਾਰ ਦੇ ਜੋ ਭਾਰਤ ਸਰਕਾਰ ਨੇ ਜਾਂ ਉਸ ਦੀ ਪੂਰਵ-ਅਧਿਕਾਰੀ ਸਰਕਾਰ ਨੇ ਉਸ ਰਾਜ ਨੂੰ ਦਿੱਤਾ ਹੋਵੇ, ਜਾਂ ਜਿਸ ਬਾਰੇ ਭਾਰਤ ਸਰਕਾਰ ਨੇ ਜਾਂ ਉਸ ਦੀ ਪੂਰਵ-ਅਧਿਕਾਰੀ ਸਰਕਾਰ ਨੇ ਕੋਈ ਗਰੰਟੀ ਦਿੱਤੀ ਹੋਵੇ, ਕਿਸੇ ਭਾਗ ਦਾ ਚੁਕਾਉਣਾ ਅਜੇ ਬਾਕੀ ਹੋਵੇ।

(4) ਖੰਡ (3) ਕੇ ਅਧੀਨ ਸੰਪਤੀ ਅਜਿਹੀਆਂ ਸ਼ਰਤਾਂ ਤੇ ਤਾਬੇ, ਜੇ ਕੋਈ ਹੋਣ, ਦਿੱਤੀ ਜਾ ਸਕੇਗੀ, ਜਿਹੀਆਂ ਭਾਰਤ ਸਰਕਾਰ ਅਰੋਪਣਾ ਉਚਿਤ

ਸਮਝੇ।

## ਅਧਿਆਏ – III ਸੰਪਤੀ, ਮੁਆਇਦੇ, ਅਧਿਕਾਰ, ਦੇਣਦਾਰੀਆਂ ਬਾਂਧਾਂ ਅਤੇ ਦਾਵੇ

ਕੁਝ ਕੁ ਸੂਰਤਾਂ ਵਿਚ ਸੰਪੱਤੀ, ਧਨ-ਧਾਮ, ਅਧਿਕਾਰਾਂ , ਦੇਣਦਾਰਿਆਂ ਅਤੇ ਬਾਂਧਾਂ ਜਾ ਉੱਤਰਅਧਿਕਾਰ ।

294. ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਪਾਕਿਸਤਾਨ ਡੋਮੀਨੀਅਨ ਦੇ ਜਾਂ ਪਛਮੀ ਬੰਗਾਲ, ਪੂਰਬੀ ਬੰਗਾਲ, ਪੱਛਮੀ ਪੰਜਾਬ ਅਤੇ ਪੂਰਬੀ ਪੰਜਾਬ ਦੇ ਪ੍ਰਾਂਤਾਂ ਦੇ ਸਿਰਜਣ ਦੇ ਕਾਰਨ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਕਿਸੇ ਮੇਲਾਨ ਦੇ ਤਾਬੇ ਇਸ ਸੰਵਿਧਾਨ ਦੇ ਅਰੰਭ ਤੋਂ ਲੈ ਕੇ-

(ੳ) ਅਜਿਹੀ ਸਭ ਸੰਪੱਤੀ ਅਤੇ ਧਨ-ਧਾਮ ਜੋ ਭਾਰਤ ਡੋਮੀਨੀਅਨ ਦੀ ਸਰਕਾਰ ਦੇ ਪ੍ਰਯੋਜਨਾਂ ਲਈ ਹਿਜ ਮੈਜਿਸਟੀ ਵਿਚ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਨਿਹਿਤ ਸਨ ਅਤੇ ਅਜਿਹੀ ਸਭ ਸੰਪੱਤੀ ਅਤੇ ਧਨ-ਧਾਮ ਜੋ ਹਰੇਕ ਰਾਜਪਾਲ ਦੇ ਪ੍ਰਾਂਤ ਦੀ ਸਰਕਾਰ ਦੇ ਪ੍ਰਯੋਜਨਾਂ ਲਈ ਹਿਜ ਮੈਜੇਸਟੀ ਵਿਚ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਨਿਹਿਤ ਸਨ ਕ੍ਰਮਵਾਰ ਸੰਘ ਅਤੇ ਤਤ-ਸਥਾਨੀ ਰਾਜ ਵਿਚ ਨਿਹਿਤ ਹੋਣਗੇ, ਅਤੇ

(ਅ) ਭਾਰਤ ਡੋਮੀਨੀਅਨ ਦੀ ਸਰਕਾਰ ਅਤੇ ਹਰੇਕ ਰਾਜਪਾਲ ਦੇ ਪ੍ਰਾਂਤ ਦੀ ਸਰਕਾਰ ਦੇ ਸਭ ਅਧਿਕਾਰ, ਦੇਣਦਾਰੀਆਂ ਅਤੇ ਬਾਧਾਂ, ਭਾਵੇਂ ਉਹ ਕਿਸੇ ਮੁਆਇਦੇ ਵਿਚੋਂ ਜਾਂ ਹੋਰਵੇਂ ਪੈਦਾ ਹੋਈਆਂ ਹੋਣ, ਕ੍ਰਮਵਾਰ ਭਾਰਤ ਸਰਕਾਰ ਅਤੇ ਹਰੇਕ ਤਤ-ਸਥਾਨੀ ਰਾਜ ਦੀ ਸਰਕਾਰ ਦੇ ਅਧਿਕਾਰ, ਦੇਣਦਾਰੀਆਂ ਅਤੇ ਬਾਂਧਾ ਹੋਣਗੀਆਂ।

ਹੋਰ ਸੂਰਤਾਂ ਵਿਚ ਸੰਪਤੀ, ਧਨ-ਧਾਨ, ਅਧਿਕਾਰਾਂ, ਦੇਣਦਾਰੀਆਂ

295 (1) ਇਸ ਸੰਵਿਧਾਨ ਦੇ ਅਰੰਭ ਤੋਂ ਲੈ ਕੇ-

(ੳ) ਉਹ ਸਭ ਸੰਪੱਤੀ ਅਤੇ ਧਨ-ਧਾਮ ਜੋ ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਤ ਕਿਸੇ ਰਾਜ ਦੇ ਤਤ-ਸਥਾਨੀ ਕਿਸੇ ਦੇਸੀ ਰਾਜ ਵਿਚ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਨਿਹਿਤ ਸਨ ਅਜਿਹੇ

Ministry of Law & Justice

ਅਤੇ ਬਾਂਧਾਂ ਦਾ ਉੱਤਰਅਧਿਕਾਰ ।

ਕਿਸੇ ਕਰਾਰ ਦੇ ਤਾਬੇ ਜਿਹਾ ਉਸ ਨਮਿੱਤ ਭਾਰਤ ਸਰਕਾਰ ਉਸ ਰਾਜ ਦੀ ਸਰਕਾਰ ਨਾਲ ਕਰੇ, ਸੰਘ ਵਿਚ ਨਿਹਿਤ ਹੋਣਗੇ, ਜੇ, ਉਹ ਪ੍ਰਯੋਜਨ ਜਿਨ੍ਹਾਂ ਲਈ ਅਜਿਹੀ ਸੰਪੱਤੀ ਅਤੇ ਧਨ-ਧਾਮ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਧਾਰਨ ਕੀਤੇ ਹੋਏ ਸਨ ਉਸ ਪਿੱਛੋਂ ਸੰਘ ਸੂਚੀ ਵਿਚ ਗਿਣੇ ਮਾਮਲਿਆਂ ਵਿਚੋਂ ਕਿਸੇ ਨਾਸ ਸੰਬੰਧਤ ਸੰਘ ਦੇ ਪ੍ਰਯੋਜਨ ਹੋਣੇ ਹੋਣ, ਅਤੇ

(ਅ) ਉਹ ਸਭ ਅਧਿਕਾਰ, ਦੇਣਦਾਰੀਆਂ ਅਤੇ ਬਾਂਧਾਂ ਜੋ ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਤ ਕਿਸੇ ਰਾਜ ਦੇ ਤੱਤਸਥਾਨੀ ਕਿਸੇ ਦੇਸੀ ਰਾਜ ਦੀ ਸਰਕਾਰ ਦੀਆਂ ਸਨ ਭਾਵੇਂ ਉਹ ਕਿਸੇ ਮੁਆਇਦੇ ਤੇ ਜਾਂ ਹੋਰਵੇਂ ਪੈਦਾ ਹੋਈਆਂ ਹੋਣ,ਅਜਿਹੇ ਕਿਸੇ ਕਰਾਰ ਦੇ ਤਾਬੇ ਜਿਹਾ ਉਸ ਨਮਿੱਤ ਭਾਰਤ ਸਰਕਾਰ ਉਸ ਰਾਜ ਦੀ ਸਰਕਾਰ ਨਾਲ ਕਰੇ, ਭਾਰਤ ਸਰਕਾਰ ਦੇ ਅਧਿਕਾਰ, ਦੇਣਦਾਰੀਆਂ ਅਤੇ ਬਾਂਧਾਂ ਹੋਣਗੀਆਂ, ਜੋ ਉਹ ਪ੍ਰਯੋਜਨ ਜਿਨ੍ਹਾਂ ਲਈ ਅਜਿਹੇ ਅਰੰਭ ਤੋਂ ਪਹਿਲਾਂ ਅਜਿਹੇ ਅਧਿਕਾਰ ਅਰਜਤ ਕੀਤੇ ਗਏ ਸਨ ਜਾਂ ਦੇਣਦਾਰੀਆਂ ਜਾਂ ਬਾਂਧਾਂ ਲਈਆਂ ਗਈਆਂ ਸਨ ਉਸ ਪਿੱਛੋਂ ਸੰਘ ਸੂਚੀ ਵਿਚ ਗਿਣੇ ਮਾਮਲਿਆਂ ਵਿਚੋਂ ਕਿਸੇ ਨਾਲ ਸੰਬੰਧਤ ਭਾਰਤ ਸਰਕਾਰ ਦੇ ਪ੍ਰਯੋਜਨ ਹੋਣੇ ਹੋਣ ।

(2) ਉਪਰੋਕਤ ਤੇ ਦਾਵੇ, ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਿਤ ਹਰੇਕ ਰਾਜ ਦੀ ਸਰਕਾਰ, ਉਸ ਸਭ ਸੰਪੱਤੀ ਅਤੇ ਧਨ-ਧਾਮ ਅਤੇ ਕਿਸੇ ਮੁਆਇਦੇ ਤੋਂ ਜਾਂ ਹੋਰਵੇਂ ਪੈਦਾ ਹੋਏ ਸਭ ਅਧਿਕਾਰਾਂ, ਦੇਣਦਾਰੀਆਂ ਅਤੇ ਬਾਂਧਾਂ ਬਾਬਤ ਜੋਂ ਖੰਡ (1) ਵਿਚ ਹਵਾਲਾ ਦਿੱਤੀਆਂ ਤੋਂ ਬਿਨਾਂ ਹੋਰ ਹਨ, ਇਸ ਸੰਵਿਧਾਨ ਦੇ ਅਰੰਭ ਤੋਂ ਲੈ ਕੇ, ਤਤ-ਸਥਾਨੀ ਦੇਸ਼ੀ ਰਾਜ ਦੀ ਸਰਕਾਰ ਦੀ ਉੱਤਰ-ਅਧਿਕਾਰੀ ਹੋਵੇਗੀ ।

ਰਾਜਗਾਮੀ ਜਾਂ ਬਤੀਤ ਹੋਣ ਕਾਰਨ ਜਾਂ ਨਿਖਸਮਤਾ ਕਰ ਕੇ ਹਾਸਲ ਹੋਣ

296. ਇਸ ਉਪਰੰਤ ਉਪਬੰਧਤ ਦੇ ਤਾਬੇ, ਭਾਰਤ ਪ੍ਰਾਦੇਸ਼ਕ ਵਿਚਲੀ ਕੋਈ ਸੰਪੱਤੀ ਜੋ ਜੇ ਇਹ ਸੰਵਿਧਾਨ ਅਮਲ ਵਿਚ ਨ ਆਇਆ ਹੁੰਦਾ, ਤਾਂ ਹਿਜ ਮੈਜੈਸਟੀ ਜਾਂ ਕਿਸੇ ਦੇਸੀ ਰਾਜ ਦੇ ਹੁਕਮਰਾਨ ਨੂੰ, ਜਿਹੀ ਕਿ ਸੂਰਤ ਹੋਵੇ, ਰਾਜਗਾਮੀ ਜਾਂ ਬਤੀਤ ਹੋਣ ਕਾਰਨ ਜਾਂ ਅਧਿਕਾਰ-ਪੂਰਨ ਮਾਲਕ ਦੇ ਅਭਾਵ ਕਰਕੇ ਨਿਖਸਮੀ ਜਾਇਦਾਦ ਵਜੋਂ ਹਾਸਲ ਹੁੰਦੀ, ਜੇ ਕਿਸੇ ਰਾਜ

ਵਾਲੀ ਸੰਪੱਤੀ। ਵਿਚ ਸਥਿਤ ਹੋਵੇ, ਤਾਂ ਅਜਿਹੇ ਰਾਜ ਵਿਚ, ਅਤੇ ਕਿਸੇ ਹੋਰ ਸੂਰਤ ਵਿਚ, ਸੰਘ ਵਿਚ ਨਿਹਿਤ ਹੋਵੇਗੀ।

ਪਰੰਤੂ ਕੋਈ ਸੰਪੱਤੀ ਜੋ ਉਸ ਤਰੀਕ ਨੂੰ, ਜਦ ਉਹ ਇਸ ਤਰ੍ਹਾਂ ਹਿਜ ਮੈਜਿਸਟੀ ਨੂੰ ਜਾਂ ਕਿਸੇ ਦੇਸੀ ਰਾਜ ਦੇ ਹੁਕਮਰਾਨ ਨੂੰ ਹਾਸਲ ਹੋਈ ਹੁੰਦੀ, ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਕਬਜੇ ਜਾਂ ਨਿਯੰਤਰਨ ਵਿਚ ਸੀ, ਜੋ ਜਿਨ੍ਹਾਂ ਪ੍ਰਯੋਜਨਾਂ ਲਈ ਉਸ ਸਮੇਂ ਕੰਮ ਵਿਚ ਲਿਆਂਦੀ ਜਾਂ ਧਾਰਨ ਕੀਤੀ ਹੋਈ ਸੀ, ਉਹ ਪ੍ਰਯੋਜਨ ਸੰਘ ਦੇ ਸਨ, ਤਾਂ ਉਹ ਸੰਘ ਵਿਚ ਅਤੇ ਜੇ ਉਹ ਪ੍ਰਯੋਜਨ ਕਿਸੇ ਰਾਜ ਦੇ ਸਨ ਤਾਂ ਉਹ ਉਸ ਰਾਜ ਵਿਚ ਨਿਹਿਤ ਹੋਵੇਗੀ।

ਵਿਆਖਿਆ,- ਇਸ ਅਨੁਛੇਦ ਵਿਚ ਪਦਾਂ "ਹੁਕਮਰਾਨ" ਅਤੇ "ਦੇਸੀ ਰਾਜ" ਦੇ ਉਹੀ ਅਰਥ ਹੋਣਗੇ ਜੋ ਅਨੁਛੇਦ 363 ਵਿਚ ਹਨ।

ਰਾਜ ਖੇਤਰੀ ਸਮੁੰਦਰ ਜਾਂ ਮਹਾਂਦੀਪੀ ਸ਼ੈਲਫ ਅੰਦਰ ਸਥਿਤ ਮੁੱਲਵਾਲ ਚੀਜਾਂ ਅਤੇ ਹੋਰ ਆਰਥਿਕ ਖੇਤਰ ਦੇ ਸੰਪੱਤੀ ਸਰੋਤਾਂ ਦਾ ਸੰਘ ਵਿਚ ਨਿਹਿਤ ਹੋਣਾ।

[32][297. (1) ਭਾਰਤ ਰਾਜ ਦੇ ਰਾਜਖੇਤਰੀ ਸਮੁੰਦਰ ਜਾਂ ਮਹਾਂਦੀਪੀ ਸ਼ੈਲਫ ਜਾਂ ਹੋਰ ਆਰਥਿਕ ਖੇਤਰ ਵਿਚ ਸਮੁੰਦਰ ਦੇ ਹੇਠਲੀਆਂ ਸਭ ਭੋਆਂ, ਖਣਿਜ ਅਤ ਹੋਰ ਮੁੱਲਵਾਨ ਚੀਜਾਂ ਸੰਘ ਵਿਚ ਨਿਹਿਤ ਹੋਣਗੀਆਂ ਅਤੇ ਸੰਘ ਦੇ ਲਈ ਧਾਰਨ ਕੀਤੀਆਂ ਜਾਣਗੀਆਂ।

(2) ਭਾਰਤ ਦੇ ਹੋਰ ਆਰਥਿਕ ਖੇਤਰ ਦੇ ਹੋਰ ਸਭ ਸੰਪੱਤੀ ਸਰੋਤ ਵੀ ਸੰਘ ਵਿਚ ਨਿਹਿਤ ਹੋਣਗੇ ਅਤੇ ਸੰਘ ਦੇ ਪ੍ਰਯੋਜਨਾਂ ਦੇ ਲਈ ਧਾਰਨ ਕੀਤੇ ਜਾਣਗੇ।

(3) ਭਾਰਤ ਦੇ ਰਾਜ ਖੇਤਰੀ ਸਮੁੰਦਰ, ਮਹਾਂਦੀਪੀ ਸੈਲਫ, ਹੋਰ ਆਰਥਿਕ ਖੇਤਰ ਅਤੇ ਹੋਰ ਸਮੁੰਦਰੀ ਖੇਤਰ ਦੀਆਂ ਸੀਮਾਵਾਂ ਉਹ ਹੋਣਗੀਆਂ ਜੋ ਸੰਸਦ ਦੁਆਰਾ ਬਣਾਏ ਗਏ ਕਾਨੂੰਨ ਦੁਆਰਾ ਜਾਂ ਉਸ ਦੇ ਸਮੇਂ ਸਮੇਂ ਤੇ ਉਲਿਖਤ ਕੀਤੀ ਜਾਵੇ।]

ਵਪਾਰ ਆਦਿ ਕਰਨ ਦੀ

[33][298. ਸੰਘ ਦੀ ਅਤੇ ਹਰੇਕ ਰਾਜ ਦੀ ਕਾਜ-ਕਾਰਪਾਲਕ ਸ਼ਕਤੀ ਕਿਸੇ ਵਪਾਰ ਜਾਂ ਕਾਰੋਬਾਰ ਦੇ ਕਰਨ ਅਤੇ ਕਿਸੇ ਪ੍ਰਯੋਜਨ ਲਈ ਸੰਪੱਤੀ ਦੇ

---

[32] ਸੰਵਿਧਾਨ (ਚਾਲੀਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਰਾ (27.051976 ਤੋਂ ਪ੍ਰਭਾਵੀ) ਦੀ ਥਾਵੇਂ ਰੱਖੇ ਗਏ।

[33] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 20 ਦੁਆਰਾ ਮੂਲ ਅਨੁਛੇਦ 298 ਦੀ ਥਾਵੇਂ ਰੱਖਿਆ ਗਿਆ।



Ministry of Law & Justice

ਸ਼ਕਤੀ। ਅਰਜਨ, ਧਾਰਨ ਅਤੇ ਨਿਬੇੜਨ ਅਤੇ ਮੁਆਇਦਿਆਂ ਦੇ ਕਰਨ ਤੱਕ ਵਿਸਤਰਿਤ ਹੋਵੇਗੀ :

ਪਰੰਤੂ—

(ੳ) ਸੰਘ ਦੀ ਉਕਤ, ਕਾਜ-ਕਾਰਪਾਲਕ ਸ਼ਕਤੀ, ਉਥੇ ਤੱਕ ਜਿਥੋਂ ਤੱਕ ਅਜਿਹਾ ਵਪਾਰ ਜਾਂ ਕਾਰੋਬਾਰ ਜਾਂ ਅਜਿਹਾ ਪ੍ਰਯੋਜਨ ਉਹ ਨ ਹੋਵੇ ਜਿਸ ਬਾਰੇ ਸੰਸਦ ਕਾਨੂੰਨ ਬਣਾ ਸਕਦੀ ਹੈ, ਹਰੇਕ ਰਾਜ ਵਿਚ ਉਸ ਰਾਜ ਦੇ ਵਿਧਾਨ ਦੇ ਤਾਬੇ ਹੋਵੇਗੀ, ਅਤੇ

(ਅ) ਹਰੇਕ ਰਾਜ ਦੀ ਉਕਤ ਕਾਰਪਜਾਲਕ ਸ਼ਕਤੀ, ਉਥੋਂ ਤੱਕ ਜਿਥੋਂ ਤੱਕ ਅਜਿਹਾ ਵਪਾਰ ਜਾਂ ਕਾਰੋਬਾਰ ਜਾਂ ਅਜਿਹਾ ਪ੍ਰਯੋਜਨ ਉਹ ਨ ਹੋਵੇ, ਜਿਸ ਬਾਰੇ, ਉਸ ਰਾਜ ਦਾ ਵਿਧਾਨ-ਮੰਡਲ ਕਾਨੂੰਨ ਬਣਾ ਸਕਦਾ ਹੈ, ਸੰਸਦ ਦੇ ਵਿਧਾਨ ਦੇ ਤਾਬੇ ਹੋਵੇਗੀ।

ਮੁਆਇਦੇ। 299. (1) ਸੰਘ ਦੀ ਜਾਂ ਕਿਸੇ ਰਾਜ ਦੀ ਕਾਜ-ਕਾਰਪਾਲਕ ਸ਼ਕਤੀ ਦੀ ਵਰਤੋਂ ਵਿਚ ਕੀਤੇ ਸਭ ਮੁਆਇਦੇ ਰਾਸ਼ਟਰਪਤੀ ਦੁਆਰਾ, ਜਾਂ ਉਸ ਰਾਜ ਦੇ ਰਾਜਪਾਲ ਦੁਆਰਾ, ਜਿਹੀ ਕਿ ਸੂਰਤ ਹੋਵੇ, ਕੀਤੇ ਜਾਣੇ ਪ੍ਰਗਟ ਕੀਤੇ ਜਾਣਗੇ, ਅਤੇ ਉਸ ਸ਼ਕਤੀ ਦੀ ਵਰਤੋਂ ਵਿਚ ਕੀਤੇ ਗਏ ਸਭ ਅਜਿਹੇ ਮੁਆਇਦੇ ਅਤੇ ਸੰਪੱਤੀ ਸੰਬੰਧੀ ਹੱਥਬਦਲੀ ਪੱਤਰ ਰਾਸ਼ਟਰਪਤੀ ਜਾਂ ਰਾਜਪਾਲ[34]* ** ਦੇ ਨਮਿੱਤ ਅਜਿਹੇ ਵਿਅਕਤੀਆਂ ਦੁਆਰਾ ਅਤੇ ਅਜਿਹੇ ਢੰਗ ਨਾਲ ਨਿਸਪਾਦਤ ਕੀਤੇ ਜਾਣਗੇ ਜਿਹੇ ਕਿ ਉਹ ਨਿਦੇਸ਼ਤ ਜਾਂ ਅਖਤਿਆਰਤ ਕਰੇ।

(2) ਨ ਤਾਂ ਰਾਸ਼ਟਰਪਤੀ ਅਤੇ ਰਾਜਪਾਲ [35]* * *ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ,ਜਾਂ ਭਾਰਤ ਸਰਕਾਰ ਸੰਬੰਧੀ ਇਸ ਤੋਂ ਪਹਿਲਾਂ ਨਾਫਜ ਕਿਸੇ ਇਨੈਕਟਮੈਂਟ ਦੇ ਪ੍ਰਯੋਜਨ ਲਈ ਕੀਤੇ ਗਏ ਜਾਂ ਨਿਸ਼ਪਾਦਤ ਕਿਸੇ ਮੁਆਇਦੇ ਜਾਂ ਹੱਥਬਦਲੀ-ਪੱਤਰ ਬਾਰੇ ਨਿੱਜੀ ਤੋਰ ਤੇ ਉੱਤਰਦਾਈ ਹੋਵੇਗਾ ਅਤੇ ਨ ਅਜਿਹਾ ਕੋਈ ਵਿਅਕਤੀ ਜਿਸ ਨੇ ਉਨ੍ਹਾਂ ਵਿਚੋਂ ਕਿਸੇ ਦੇ ਨਮਿੱਤ ਅਜਿਹਾ ਮੁਆਇਦਾ ਜਾਂ ਹੱਤਬਦਲੀ-ਪੱਤਰ ਕੀਤਾ ਜਾਂ

[34] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸ਼ੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[35] ਸ਼ਬਦ "ਨ ਹੀ ਕਾਜਪ੍ਰਮੁਖ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

ਨਿਸ਼ਪਾਦਤ ਕੀਤਾ ਹੋਵੇ, ਉਸ ਬਾਰੇ ਨਿੱਜੀ ਤੋਰ ਤੇ ਉੱਤਰਦਾਈ ਹੋਵੇਗਾ ।

ਦਾਵੇ ਅਤੇ ਕਾਰਵਾਈਆਂ । 300(1) ਭਾਰਤ ਸੰਘ ਦੇ ਨਾਂ ਤੇ ਭਾਰਤ ਸਰਕਾਰ ਦਾਵਾ ਕਰ ਸਕੇਗੀ ਜਾਂ ਉਸ ਵਿਰੁਧ ਦਾਵਾ ਕੀਤਾ ਜਾ ਸਕੇਗਾ, ਅਤੇ ਕਿਸੇ ਰਾਜ ਦੇ ਨਾਂ ਤੇ ਉਸ ਰਾਜ ਦੀ ਸਰਕਾਰ ਦਾਵਾ ਕਰ ਸਕੇਗੀ ਜਾਂ ਉਸ ਦੇ ਵਿਰੁਧ ਦਾਵਾ ਕੀਤਾ ਜਾ ਸਕੇਗਾ ਅਤੇ ਇਸ ਸੰਵਿਧਾਨ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੇ ਆਧਾਰ ਤੇ ਸੰਸਦ ਦੁਆਰਾ ਜਾਂ ਅਜਿਹੇ ਰਾਜ ਦੇ ਵਿਧਾਨ-ਮੰਡਲ ਦੁਆਰਾ ਜੋ ਐਕਟ ਬਣਾਇਆਂ ਜਾਵੇ, ਉਸ ਦੇ ਉਪਬੰਧਾਂ ਦੇ ਤਾਬੇ, ਉਹ ਆਪਣੇ ਆਪਣੇ ਕਾਰ-ਵਿਹਾਰ ਦੇ ਸੰਬੰਧ ਵਿਚ ਅਜਿਹੀਆਂ ਸੂਰਤਾਂ ਵਿਚ ਦਾਵੇ ਕਰ ਸਕਣਗੀਆਂ ਜਾਂ ਉਨ੍ਹਾਂ ਦੇ ਵਿਰੁਧ ਉਜੇਹੀਆਂ ਸੂਰਤਾਂ ਵਿਚ ਦਾਵੇ ਕੀਤੇ ਜਾ ਸਕਣਗੇ ਜਿਨ੍ਹਾਂ ਸੂਰਤਾਂ ਵਿਚ ਭਾਰਤ ਡੋਮੀਨੀਅਨ ਅਤੇ ਤਤ-ਸਥਾਨੀ ਪ੍ਰਾਂਤ ਜਾਂ ਤਤ-ਸਥਾਨੀ ਦੋਸ਼ੀ ਰਾਜ ਦਾਵਾ ਕਰ ਸਕਦੇ ਜਾਂ ਉਨ੍ਹਾਂ ਦੇ ਵਿਰੁੱਧ ਦਾਵਾ ਕੀਤਾ ਜਾ ਸਕਦਾ ਜੇ ਇਸ ਸੰਵਿਧਾਨ ਨੂੰ ਐਕਟ ਨ ਬਣਾਇਆ ਗਿਆ ਹੁੰਦਾ ।

(2) ਜੇ ਇਸ ਸੰਵਿਧਾਨ ਦੇ ਅਰੰਭ ਤੋਂ—

(ੳ) ਕੋਈ ਅਜਿਹੀਆਂ ਕਾਨੂੰਨੀ ਕਾਰਵਾਈਆਂ ਲੰਬਿਤ ਹੋਣ ਜਿਨ੍ਹਾਂ ਵਿਚ ਭਾਰਤ ਡੋਮੀਨੀਅਨ ਇਕ ਧਿਰ ਹੋਵੇ, ਤਾਂ ਉਨ੍ਹਾਂ ਕਾਰਵਾਈਆਂ ਵਿਚ ਉਸ ਡੋਮੀਨੀਅਨ ਦੀ ਥਾਵੇਂ ਭਾਰਤ ਸੰਘ ਰਖਿਆ ਸਮਝਿਆ ਜਾਵੇਗਾ ;ਅਤੇ

(ਅ) ਕੋਈ ਅਜਿਹੀਆਂ ਕਾਨੂੰਨੀ ਕਾਰਵਾਈਆਂ ਲੰਬਿਤ ਹੋਣ ਜਿਨ੍ਹਾਂ ਵਿਚ ਕੋਈ ਪ੍ਰਾਂਤ ਜਾਂ ਕੋਈ ਦੇਸੀ ਰਾਜ ਇਕ ਧਿਰ ਹੋਵੇ, ਤਾਂ ਉਨ੍ਹਾਂ ਕਾਰਵਾਈਆਂ ਵਿਚ ਉਸ ਪ੍ਰਾਂਤ ਜਾਂ ਦੇਸੀ ਰਾਜ ਦੀ ਥਾਵੇਂ ਤੱਤ-ਸਥਾਨੀ ਰਾਜ ਰਖਿਆ ਸਮਝਿਆ ਜਾਵੇਗਾ ।

## [36][ਅਧਿਆਏ - IV ਸੰਪੱਤੀ ਦਾ ਅਧਿਕਾਰ

ਕਾਨੂੰਨ ਦੀ 300 ੳ - ਕਿਸੇ ਵਿਅਕਤੀ ਨੂੰ ਉਸਦੀ ਸੰਪੱਤੀ ਤੋਂ ਕਾਨੂੰਨ ਦੀ ਅਥਾਰਟੀ

[36] ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 34 ਦੁਆਰਾ (20.06.1979 ਤੋਂ ਪ੍ਰਭਾਵੀ) ਅਤਰਸਥਾਪਤ ।

ਅਥਾਰਟੀ ਤੋਂ ਨਾਲ ਹੀ ਵਾਂਝਿਆਂ ਕੀਤਾ ਜਾਵੇਗਾ, ਹੋਰਵੇਂ ਨਹੀਂ ।

ਅਲਾਵਾ

ਵਿਅਕਤੀਆਂ ਨੂੰ

ਸੰਪੱਤੀ ਤੋਂ

ਵਾਂਝਿਆ ਨਾਂ

ਕੀਤਾ ਜਾਵੇਗਾ ।

Ministry of Law & Justice

## ਭਾਗ XIII

## ਭਾਰਤ ਤੇ ਰਾਜਖੇਤਰ ਅੰਦਰ ਵਪਾਰ, ਵਣਜ ਅਤੇ ਸਮਾਗਮ

ਵਪਾਰ, ਵਣਜ ਅਤੇ ਸਮਾਗਮ ਦੀ ਸੁਤੰਤਰਤਾ।

301. ਇਸ ਭਾਗ ਦੇ ਹੋਰ ਉਪਬੰਧਾਂ ਤੇ ਤਾਬੇ, ਭਾਰਤ ਰਾਜਖੇਤਰ ਭਰ ਵਿਚ ਵਪਾਰ, ਵਣਜ ਅਤੇ ਸਮਾਗਮ ਬੇਰੋਕ ਹੋਵੇਗਾ।

ਸੰਸਦ ਦੀ ਵਪਾਰ, ਵਣਜ ਅਤੇ ਸਮਾਗਮ ਤੇ ਪਾਬੰਦੀਆਂ ਲਾਉਣ ਦੀ ਸ਼ਕਤੀ।

302. ਸੰਸਦ ਕਾਨੂੰਨ ਦੁਆਰਾ ਕਿਸੇ ਇਕ ਰਾਜ ਅਤੇ ਕਿਸੇ ਹੋਰ ਵਿਚਕਾਰ ਜਾਂ ਭਾਰਤ ਰਾਜਖੇਤਰ ਦੇ ਕਿਸੇ ਭਾਗ ਅੰਦਰ ਵਪਾਰ, ਵਣਜ ਅਤੇ ਸਮਾਗਮ ਦੀ ਸੁਤੰਤਰਤਾ ਤੇ ਅਜਿਹੀਆਂ ਪਾਬੰਦੀਆਂ ਲਾ ਸਕੇਗੀ ਜਿਹੜੀਆਂ ਲੋਕ-ਹਿੱਤ ਵਿਚ ਲੋੜੀਦੀਆਂ ਹੋਣ।

ਵਪਾਰ ਅਤੇ ਵਣਜ ਬਾਬਤ ਸੰਘ ਦੀਆਂ ਅਤੇ ਰਾਜਾਂ ਦੀਆਂ ਵਿਧਾਨਕ ਸ਼ਕਤੀਆਂ ਤੇ ਪਾਬੰਦੀਆਂ।

303 (1) ਅਨੁਛੇਦ 302 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੱਤਵੀਂ ਅਨੁਸੂਚੀ ਦੀਆਂ ਸੂਚੀਆਂ ਵਿਚੋਂ ਕਿਸੇ ਵਿਚ ਵਪਾਰ ਅਤੇ ਵਣਜ ਸੰਬੰਧੀ ਕਿਸੇ ਇੰਦਰਾਜ ਦੇ ਆਧਾਰ ਤੇ, ਨ ਤਾਂ ਸੰਸਦ ਨੂੰ ਅਤੇ ਨ ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਕੋਈ ਅਜਿਹਾ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ ਜੋ ਇਕ ਰਾਜ ਨੂੰ ਕਿਸੇ ਹੋਰ ਤੇ ਕੋਈ ਤਰਜੀਹ ਦਿੰਦਾ,ਜਾਂ ਦਿੱਤਾ ਜਾਣਾ ਅਖਤਿਆਰਤ ਕਰਦਾ ਹੋਵੇ, ਜਾਂ ਕਿਸੇ ਇਕ ਰਾਜ ਅਤੇ ਕਿਸੇ ਹੋਰ ਵਿਚਕਾਰ ਕੋਈ ਵਿਤਕਰਾ ਕਰਦਾ, ਜਾਂ ਕੀਤਾ ਜਾਣਾ ਅਖਤਿਆਰ ਕਰਦਾ ਹੈ।

(2) ਖੰਡ (1) ਵਿਚਲੀ ਕੋਈ ਗੱਲ ਸੰਸਦ ਨੂੰ ਅਜਿਹਾ ਕੋਈ ਕਾਨੂੰਨ ਬਣਾਉਣ ਤੋਂ ਨਹੀਂ ਰੋਕੇਗੀ ਜੋ ਕੋਈ ਤਰਜੀਹ ਦਿੰਦਾ ਜਾਂ ਦਿੱਤਾ ਜਾਣਾ ਅਖਤਿਆਰਤ ਕਰਦਾ ਹੋਵੇ ਜਾਂ ਕੋਈ ਵਿਤੱਕਰਾ ਕਰਦਾ, ਜਾਂ ਕੀਤਾ ਜਾਣਾ ਅਖਤਿਆਰਤ ਕਰਦਾ ਹੋਵੇ ਜੋ ਅਜਿਹੇ ਕਾਨੂੰਨ ਦੁਆਰਾ ਇਹ ਐਲਾਨਿਆ ਜਾਵੇ ਕਿ ਭਾਰਤ ਦੇ ਰਾਜਖੇਤਰ ਦੇ ਕਿਸੇ ਭਾਗ ਵਿਚ ਮਾਲ ਦੀ ਦੁਰਲਭਤਾ ਤੋਂ ਪੈਦਾ ਹੋਣ ਵਾਲੀ ਕਿਸੇ ਸਥਿਤੀ ਨਾਲ ਨਿਪਟਣ ਦੇ ਪ੍ਰਯੋਜਨ ਲਈ ਅਜਿਹਾ ਕਰਨਾ ਜਰੂਰੀ ਹੈ।

ਰਾਜਾਂ ਵਿਚਕਾਰ ਵਪਾਰ, ਵਣਜ

304. ਅਨੁਛੇਦ 301 ਜਾਂ ਅਨੁਛੇਦ 302 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ –

Ministry of Law & Justice

ਅਤੇ ਸਮਾਗਮ ਤੇ ਪਾਬੰਦੀਆਂ ।

(ੳ) ਹੋਰ ਰਾਜਾਂ [1][ਜਾਂ ਸੰਘ ਰਾਜਖੇਤਰ] ਤੋਂ ਦਰਾਮਦ ਕੀਤੇ ਗਏ ਮਾਲ ਤੇ ਕੋਈ ਅਜਿਹਾ ਕਰ ਅਰੋਪ ਸਕੇਗਾ ਜਿਹਾ ਉਸ ਰਾਜ ਵਿਚ ਨਿਰਮਤ ਜਾਂ ਉਪਜਾਏ ਉਹੋ ਜਿਹੇ ਹੀ ਮਾਲ ਤੇ ਲਗਦਾ ਹੋਵੇ, ਪਰ ਇਸ ਤਰ੍ਹਾਂ ਕਿ, ਇਸ ਤਰ੍ਹਾਂ ਦਰਾਮਦ ਕੀਤੇ ਗਏ ਮਾਲ ਅਤੇ ਇਸ ਤਰ੍ਹਾਂ ਨਿਰਮਤ ਜਾਂ ਉਪਜਾਏ ਮਾਲ ਵਿਚਕਾਰ ਕੋਈ ਵਿਤੱਕਰਾ ਨ ਹੋਵੇ ; ਅਤੇ

(ਅ) ਉਸ ਰਾਜ ਦੇ ਨਾਲ ਜਾਂ ਅੰਦਰ ਵਪਾਰ, ਵਣਜ ਜਾ ਸਮਾਗਮ ਦੀ ਸੁਤੰਤਰਤਾ ਤੇ ਅਜਿਹੀਆਂ ਵਾਜਬੀ ਪਾਬੰਦੀਆਂ ਲਾ ਸਕੇਗਾ ਜਿਹੀਆਂ ਲੋਕਹਿੱਤ ਵਿਚ ਲੋੜੀਦੀਆਂ ਹੋਣ :

ਪਰੰਤੂ ਖੰਡ (ਅ) ਤੇ ਪ੍ਰਯੋਜਨਾਂ ਲਈ ਕੋਈ ਬਿਲ ਜਾਂ ਸੋਧ ਰਾਸ਼ਟਰਪਤੀ ਦੀ ਪੂਰਵ ਮਨਜੂਰੀ ਤੋਂ ਬਿਨਾਂ ਰਾਜ ਦੇ ਵਿਧਾਨ-ਮੰਡਲ ਵਿਚ ਪੂਰਸਥਾਪਤ ਜਾਂ ਪੇਸ਼ ਨਹੀਂ ਕੀਤੀ ਜਾਵੇਗੀ ।

ਮੌਜੂਦਾ ਕਾਨੂੰਨਾਂ ਅਤੇ ਰਾਜ ਇਜਾਰਿਆਂ ਲਈ ਪ੍ਰਬੰਧ ਕਰਨ ਵਾਲੇ ਕਾਨੂੰਨਾਂ ਦਾ ਬਚਾਓ ।

[2][305 ਅਨੁਛੇਦ 301 ਅਤੇ 303 ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੇ ਉਪਬੰਧਾਂ ਤੇ ਉਥੋਂ ਤੱਕ ਦੇ ਸਿਵਾਏ ਜਿਥੋਂ ਤੱਕ ਰਾਸ਼ਟਰਪਤੀ ਹੁਕਮ ਦੁਆਰਾ ਹੋਰਵੇਂ ਨਿਦੇਸ਼ ਦੇਵੇ, ਕੋਈ ਪ੍ਰਭਾਵ ਨਹੀਂ ਪਾਵੇਗੀ ਅਤੇ ਅਨੁਛੇਦ 301 ਦੀ ਕੋਈ ਗੱਲ ਸੰਵਿਧਾਨ (ਚੋਥੀ ਸੋਧ) ਐਕਟ, 1958 ਦੇ ਅਰੰਭ ਤੋਂ ਪਹਿਲਾਂ ਬਣਾਏ ਗਏ ਕਿਸੇ ਕਾਨੂੰਨ ਦੇ ਅਮਲ ਤੇ, ਉਥੋਂ ਤੱਕ ਉਹ ਕਾਨੂੰਨ ਕਿਸੇ ਅਜਿਹੇ ਮਾਮਲੇ ਨਾਲ ਸੰਬੰਧਤ ਹੋਵੇ, ਜਿਹੇ ਦਾ ਅਨੁਛੇਦ 19 ਤੇ ਖੰਡ (6) ਦੇ ਉਪਖੰਡ (ii) ਵਿਚ ਹਵਾਲਾ ਦਿਤਾ ਗਿਆ ਹੈ ਕੋਈ ਪ੍ਰਭਾਵ ਨਹੀਂ ਪਾਵੇਗਾ, ਅਤੇ ਨ ਹੀ ਸੰਸਦ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਨੂੰ ਅਜਿਹੇ ਕਿਸੇ ਮਾਮਲੇ ਨਾਲ ਸੰਬੰਧਤ ਕੋਈ ਕਾਨੂੰਨ ਬਣਾਉਣ ਤੋਂ ਰੋਕੇਗੀ ।]

306. [ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਿਤ ਕੁਝ ਕੁ ਰਾਜਾਂ ਦੀ ਵਪਾਰ ਅਤੇ ਵਣਜ ਤੇ ਪਾਬੰਦੀਆਂ ਲਾਉਣ ਦੀ ਸ਼ਕਤੀ ।] ਸੰਵਿਧਾਨ

[1] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਅੰਤਰਸਥਾਪਤ ।

[2] ਸੰਵਿਧਾਨ (ਚੌਥੀ ਸੋਧ) ਐਕਟ, 1955, ਧਾਰਾ 4 ਦੁਆਰਾ ਰੱਖਿਆ ਗਿਆ ।

(ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ।

307. ਸੰਸਦ ਕਾਨੂੰਨ ਦੁਆਰਾ ਅਜਿਹਾ ਸੱਤਾਧਾਰੀ ਜਿਹਾ ਉਹ ਮੁਨਾਸਬ ਸਮਝੇ ਅਨੁਛੇਦ 301, 302, 303 ਅਤੇ 304 ਦੇ ਪ੍ਰਯੋਜਨਾਂ ਦਾ ਪਾਲਣ ਕਰਨ ਲਈ ਨਿਯੁਕਤ ਕਰ ਸਕੇਗੀ ਅਤੇ ਇਸ ਤਰ੍ਹਾਂ ਨਿਯੁਕਤ ਕੀਤੇ ਗਏ ਸੱਤਾਧਾਰੀ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਜਿਹੇ ਕਰਤੱਵ ਪ੍ਰਦਾਨ ਕਰ ਸਕੇਗੀ ਜਿਹੇ ਉਹ ਜ਼ਰੂਰੀ ਸਮਝੇ।

ਅਨੁਛੇਦ 301 ਤੋਂ 304 ਤੱਕ ਦੇ ਪ੍ਰਯੋਜਨ ਦਾ ਪਾਲਣ ਕਰਨ ਲਈ ਸੱਤਾਧਾਰੀ ਦੀ ਨਿਯੁਕਤੀ।

Ministry of Law & Justice

# ਭਾਗ XIV

## ਸੰਘ ਅਤੇ ਰਾਜਾਂ ਦੇ ਅਧੀਨ ਸੇਵਾਵਾਂ

### ਅਧਿਆਏ I.--ਸੇਵਾਵਾਂ

ਨਿਰਵਚਨ । 308. ਇਸ ਭਾਗ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀਦਾ ਨ ਹੋਵੇ, ਪਦ "ਰਾਜ" [1][ਵਿਚ ਜੰਮੂ ਅਤੇ ਕਸ਼ਮੀਰ ਰਾਜ ਸ਼ਾਮਲ ਨਹੀਂ] ।

ਸੰਘ ਜਾਂ ਕਿਸੇ ਰਾਜ ਦੀ ਸੇਵਾ ਕਰਦੇ ਵਿਅਕਤੀਆਂ ਦੀ ਭਰਤੀ ਅਤੇ ਸੇਵਾ ਦੀਆਂ ਸ਼ਰਤਾਂ ।

309. ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਮੁਨਾਸਬ ਵਿਧਾਨ-ਮੰਡਲ ਦੇ ਐਕਟ ਸੰਘ ਦੇ ਜਾਂ ਕਿਸੇ ਰਾਜ ਦੇ ਕਾਰ-ਵਿਹਾਰ ਦੇ ਤੱਲਕ ਵਿਚ ਲੋਕ ਸੇਵਾਵਾਂ ਅਤੇ ਆਸਾਮੀਆਂ ਲਈ ਭਰਤੀ, ਅਤੇ ਨਿਯੁਕਤ ਵਿਅਕਤੀਆਂ ਦੀ ਸੇਵਾ ਦੀਆਂ ਸ਼ਰਤਾਂ ਦਾ ਵਿਨਯਮਨ ਕਰ ਸਕਣਗੇ :

ਪਰੰਤੂ ਜਦ ਤੱਕ ਅਨੁਛੇਦ ਦੇ ਅਧੀਨ ਮੁਨਾਸਬ ਵਿਧਾਨ-ਮੰਡਲ ਦੇ ਐਕਟ ਦੁਆਰਾ ਜਾਂ ਦੇ ਅਧੀਨ ਇਸ ਨੱਮਿਤ ਉਪਬੰਧ ਨ ਕੀਤਾ ਜਾਵੇ ਸੰਘ ਦੇ ਕਾਰ-ਵਿਹਾਰ ਦੇ ਤੱਲਕ ਵਿਚ ਸੇਵਾਵਾਂ ਅਤੇ ਆਸਾਮੀਆਂ ਦੀ ਸੂਰਤ ਵਿਚ ਰਾਸ਼ਟਰਪਤੀ ਨੂੰ ਜਾਂ ਅਜਿਹੇ ਵਿਅਕਤੀ ਨੂੰ ਜਿਸ ਨੂੰ ਉਹ ਨਿਦੇਸ਼ਤ ਕਰੇ ਅਤੇ ਕਿਸੇ ਰਾਜ ਦੇ ਕਾਰ-ਵਿਹਰ ਦੇ ਤੱਲਕ ਵਿਚ ਸੇਵਾਵਾਂ ਅਤੇ ਆਸਾਮੀਆਂ ਦੀ ਸੂਰਤ ਵਿਚ ਰਾਜ ਦੇ ਰਾਜਪਾਲ[2] * * * * ਨੂੰ ਜਾਂ ਅਜਿਹੇ ਵਿਅਕਤੀ ਨੂੰ ਜਿਸ ਨੂੰ ਉਹ ਨਿਦੇਸ਼ਤ ਕਰੇ ਅਜਿਹੀਆਂ ਸੇਵਾਵਾਂ ਅਤੇ ਆਸਾਮੀਆਂ ਲਈ ਭਰਤੀ, ਅਤੇ ਨਿਯੁਕਤ ਵਿਅਕਤੀਆਂ ਦੀ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮਨ ਕਰਨ ਵਾਲੇ ਨਿਯਮ ਬਣਾਉਣ ਦੀ ਸ਼ਕਤੀ ਹੋਵੇਗੀ, ਅਤੇ ਇਸ ਤਰ੍ਹਾਂ ਬਣਾਏ ਗਏ ਕੋਈ ਨਿਯਮ ਕਿਸੇ ਅਜਿਹੇ ਐਕਟ ਦੇ ਉਪਬੰਧ ਦੇ ਤਾਬੇ ਪ੍ਰਭਾਵੀ ਹੋਣਗੇ ।

ਸੰਘ ਜਾ ਕਿਸੇ 310. (1) ਇਸ ਸੰਵਿਧਾਨ ਦੁਆਰਾ ਸਪਸ਼ਟ ਤੌਰ ਤੇ ਉਪਬੰਧਤ ਦੇ

---

[1] ਸੰਵਿਧਾਨ (ਸੱਤਵੀਂ ਸੋਧ) ਐਕਟ 1956, ਧਾਰਾ 29, ਅਤੇ ਅਨੁਸੂਚੀ ਦੁਆਰਾ "ਮਤਲਬ ਹੈ ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ ਕੋਈ ਰਾਜ" ਦੀ ਥਾਂਵੇਂ ਰੱਖੇ ਗਏ ।

[2] ਸ਼ਬਦ "ਜਾਂ ਰਾਜਪ੍ਰਮੁਖ" ਉਪਰੋਕ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

**ਰਾਜ ਦੀ ਸੇਵਾ ਕਰਦੇ ਵਿਅਕਤੀਆਂ ਦੇ ਅਹੁਦੇ ਦੀ ਅਉਧ।**

ਸਿਵਾਏ, ਹਰਿਕ ਵਿਅਕਤੀ ਜੋ ਕਿਸੇ ਰੱਖਿਆ ਸੇਵਾ ਦਾ ਜਾਂ ਸੰਘ ਦੀ ਕਿਸੇ ਸਿਵਲ ਸੇਵਾ ਦਾ ਜਾਂ ਕਿਸੇ ਸਰਬ-ਭਾਰਤੀ ਸੇਵਾ ਦਾ ਮੈਂਬਰ ਹੋਵੇ ਜਾਂ ਰੱਖਿਆ ਦੇ ਮੁਤੱਲਕ ਕੋਈ ਆਸਾਮੀ ਜਾਂ ਸੰਘ ਦੇ ਅਧੀਨ ਕੋਈ ਸਿਵਲ ਆਸਾਮੀ ਧਾਰਨ ਕਰਦਾ ਹੋਵੇ, ਰਾਸ਼ਟਰਪਤੀ ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰਦਾ ਹੈ, ਅਤੇ ਹਰਿਕ ਵਿਅਕਤੀ ਜੋ ਕਿਸੇ ਰਾਜ ਦੀ ਕਿਸੇ ਸਿਵਲ ਸੇਵਾ ਦਾ ਮੈਂਬਰ ਹੋਵੇ ਜਾਂ ਕਿਸੇ ਰਾਜ ਦੇ ਅਧੀਨ ਕੋਈ ਸਿਵਲ ਆਸਾਮੀ ਧਾਰਨ ਕਰਦਾ ਹੋਵੇ, ਉਸ ਰਾਜ ਦੇ ਰਾਜਪਾਲ[3] * * * ** * * * ਦੀ ਪਰਸੰਤਾ ਪਰਯੰਤ ਅਹੁਦਾ ਧਾਰਨ ਕਰਦਾ ਹੈ।

(2) ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਸੰਘ ਜਾਂ ਕਿਸੇ ਰਾਜ ਦੇ ਅਧੀਨ ਕੋਈ ਸਿਵਲ ਆਸਾਮੀ ਧਾਰਨ ਕਰਦਾ ਕੋਈ ਵਿਅਕਤੀ ਰਾਸ਼ਟਰਪਤੀ ਜਾਂ ਰਾਜ ਦੇ ਰਾਜਪਾਲ [4]* * * *ਜਿਹੀ ਕਿ ਸੂਰਤ ਹੋਵੇ, ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰਦਾ ਹੈ, ਕੋਈ ਮੁਆਇਦਾ ਜਿਸ ਦੇ ਅਧੀਨ ਕੋਈ ਵਿਅਕਤੀ, ਜੋ ਕਿਸੇ ਰੱਖਿਆ ਸੇਵਾ ਦਾ ਜਾਂ ਕਿਸੇ ਸਰਬ-ਭਾਰਤੀ ਸੇਵਾ ਦਾ ਜਾਂ ਸੰਘ ਜਾਂ ਕਿਸੇ ਰਾਜ ਦੀ ਕਿਸੇ ਸਿਵਲ ਸੇਵਾ ਦਾ ਮੈਂਬਰ ਨ ਹੋਵੇ ਅਜਿਹੀ ਕੋਈ ਆਸਾਮੀ ਧਾਰਨ ਕਰਨ ਲਈ ਇਸ ਸੰਵਿਧਾਨ ਦੇ ਅਧੀਨ ਨਿਯੁਕਤ ਕੀਤਾ ਜਾਵੇ, ਜੋ ਰਾਸ਼ਟਰਪਤੀ ਜਾਂ ਰਾਜਪਾਲ[4] * * * * ਜਿਹੀ ਕਿ ਸੂਰਤ ਹੋਵੇ, ਵਿਸ਼ੇਸ ਕਾਬਲੀਅਤਾਂ ਵਾਲੇ ਕਿਸੇ ਵਿਅਕਤੀ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਇਹ ਜਰੂਰੀ ਸਮਝੇ ਤਾਂ ਇਹ ਉਪਬੰਧ ਕਰ ਸਕੇਗਾ, ਕਿ ਜੇ ਕਿਸੇ ਕਰਾਰ ਕੀਤੀ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਉਸ ਆਸਾਮੀ ਦਾ ਅੰਤ ਕਰ ਦਿੱਤਾ ਜਾਵੇ, ਜਾਂ ਕਿਸੇ ਅਜਿਹੇ ਕਾਰਨਾਂ ਤੋਂ ਜੋ ਉਸ ਦੇ ਕਿਸੇ ਦੁਰਾਚਾਰ ਨਾਲ ਮੁਤੱਲਕ ਨ ਹੋਣ, ਉਸ ਤੋਂ ਆਸਾਮੀ ਖਾਲੀ ਕਰਨਾ ਲੋੜਿਆ ਜਾਵੇ, ਤਾਂ ਉਸ ਨੂੰ ਮੁਆਵਜਾ ਅਦਾ ਕੀਤਾ ਜਾਵੇਗਾ।

**ਸੰਘ ਦਾ ਕਿਸੇ ਰਾਜ ਦੇ**

311.(1) ਕੋਈ ਵਿਅਕਤੀ ਜੋ ਸੰਘ ਦੀ ਕਿਸੇ ਸਿਵਲ ਸੇਵਾ ਦਾ ਜਾਂ ਕਿਸੇ ਸਰਬ ਭਾਰਤੀ ਸੇਵਾ ਦਾ ਜਾਂ ਕਿਸੇ ਰਾਜ ਦੀ ਸਿਵਲ ਸੇਵਾ ਦਾ ਮੈਂਬਰ ਹੋਵੇ

Ministry of Law & Justice

---

[3] ਸ਼ਬਦ "ਜਾਂ ਰਾਜਪ੍ਰਮੁਖ ਜਿਹੀ ਕੀ ਸੂਰਤ ਹੋਵੇ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[4] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

ਜਾਂ ਸੰਘ ਜਾਂ ਕਿਸੇ ਰਾਜ ਦੇ ਅਧੀਨ ਕੋਈ ਸਿਵਲ ਆਸਾਮੀ ਧਾਰਨ ਕਰਦਾ ਹੋਵੇ ਆਪਣੀ ਨਿਯੁਕਤੀ ਕਰਨ ਵਾਲੇ ਸੱਤਾਧਾਰੀ ਤੋਂ ਹੇਠਲੇ ਕਿਸੇ ਸੱਤਾਧਾਰੀ ਦੁਆਰਾ ਨ ਬਰਖਾਸਤ ਕੀਤਾ ਜਾਵੇਗਾ ਨ ਹਟਾਇਆ ਜਾਵੇਗਾ ।

ਅਧੀਨ ਸਿਵਲ ਹੈਸੀਅਤਾਂ ਵਿਚ ਨੌਕਰੀ ਤੇ ਲੱਗੇ ਵਿਅਕਤੀਆਂ ਦੀ ਬਰਖਾਸਤਗੀ ਉਨ੍ਹਾਂ ਦਾ ਹਟਾਇਆ ਜਾਣਾ ਜਾਂ ਦਰਜਾ ਘਟਾਇਆ ਜਾਣਾ ।

[5][(2) ਉਪਰੋਕਤ ਕੋਈ ਵਿਅਕਤੀ, ਤਦ ਤੱਕ ਬਰਖਾਸਤ ਨਹੀਂ ਕੀਤਾ ਜਾਵੇਗਾ ਜਾਂ ਨਾ ਹਟਾਇਆ ਜਾਵੇਗਾ ਅਤੇ ਨਾ ਉਸਦਾ ਦਰਜਾ ਘਟਾਇਆ ਜਾਵੇਗਾ, ਜਦ ਤੱਕ ਅਜਿਹੀ ਜਾਂਚ ਜਿਸ ਵਿਚ ਉਸ ਨੂੰ ਆਪਣੇ ਖਿਲਾਫ ਲਾਏ [6]ਦੋਸ਼ਾਂ ਤੋਂ ਜਾਣੂ ਕਰਵਾ ਦਿੱਤਾ ਗਿਆ ਹੋਵੇ ਅਤੇ ਉਨ੍ਹਾਂ ਦੋਸ਼ਾਂ ਬਾਰੇ ਸੁਣਵਾਈ ਦਾ ਵਾਜਬ ਅਵਸਰ ਦੇ ਦਿੱਤਾ ਗਿਆ ਹੈ, ਨਾ ਕਰ ਲਈ ਜਾਵੇ—

[7]ਪਰੰਤੂ ਜਿੱਥੇ ਅਜਿਹੀ ਜਾਂਚ ਦੇ ਪਿੱਛੋਂ, ਉਸ ਤੇ ਕੋਈ ਡੰਨ, ਅਰੋਪਣ ਦੀ ਤਜ਼ਵੀਜ ਹੈ ਉੱਥੇ ਅਜਿਹੇ ਡੰਨ ਅਜਿਹੀ ਜਾਂਚ ਦੇ ਦੌਰਾਨ, ਦਿੱਤੀ ਗਈ ਗਵਾਹੀ ਦੇ ਆਧਾਰ ਤੇ ਅਰੋਪਿਆ ਜਾ ਸਕੇਗਾ ਅਤੇ ਅਜਿਹੇ ਵਿਅਕਤੀ ਨੂੰ ਤਰਵੀਜ਼ਤ ਡੰਨ ਦੇ ਮਾਮਲੇ ਵਿਚ ਪ੍ਰਤਿਬੇਨਤੀ ਕਰਨ ਦਾ ਅਵਸਰ ਦੇਣਾ

[5] ਸੰਵਿਧਾਨ (ਪੰਦਰ੍ਹਵੀਂ ਸੋਧ) ਐਕਟ, 1963 ਦੀ ਧਾਰਾ 10 ਦੁਆਰਾ ਖੰਡ (2) ਅਤੇ (3) ਦੀ ਥਾਵੇਂ ਰੱਖੇ ਗਏ ।

[6] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 44 ਦੁਆਰਾ (03.01.1977 ਤੋਂ ਪ੍ਰਭਾਵੀ) ਕੁੱਝ ਸ਼ਬਦਾਂ ਦਾ ਲੋਪ ਕੀਤਾ ਗਿਆ ।

[7] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 44 ਦੁਆਰਾ (03.01.1977 ਤੋਂ ਪ੍ਰਭਾਵੀ) ਕੁੱਝ ਸ਼ਬਦਾਂ ਦੀ ਥਾਵੇਂ ਰੱਖੇ ਗਏ ।

Ministry of Law & Justice

ਜ਼ਰੂਰੀ ਨਹੀਂ ਹੋਵੇਗਾ :-

ਪਰੰਤੂ ਇਹ ਖੰਡ ਉਥੇ ਲਾਗੂ ਨਹੀਂ ਹੋਵੇਗਾ -

(ੳ) ਜਿਥੇ ਕੋਈ ਵਿਅਕਤੀ ਅਜਿਹੇ ਆਚਰਣ ਦੇ ਆਧਾਰ ਤੇ ਬਰਖਾਸਤ ਕੀਤਾ ਜਾਵੇ ਜਾਂ ਹਟਾਇਆ ਜਾਵੇ ਜਾਂ ਉਸ ਦਾ ਦਰਜਾ ਘਟਾਇਆ ਜਾਵੇ ਜਿਸ ਲਈ ਅਪਰਾਧਕ ਦੋਸ਼ ਲਾਏ ਜਾਣ ਤੇ ਉਹ ਸਿੱਧ-ਦੋਸ਼ ਹੋਇਆ ਹੋਵੇ; ਜਾਂ

(ਅ) ਜਿਥੇ ਕਿਸੇ ਵਿਅਕਤੀ ਨੂੰ ਬਰਖਾਸਤ ਕਰਨ ਜਾਂ ਹਟਾਉਣ ਜਾਂ ਉਸ ਦਾ ਦਰਜਾ ਘਟਾਉਣ ਦੀ ਸ਼ਕਤੀ ਰੱਖਣ ਵਾਲੇ ਸੱਤਾਧਾਰੀ ਦੀ ਤਸੱਲੀ ਹੋ ਜਾਵੇ ਕਿ ਕਿਸੇ ਕਾਰਨ ਤੋਂ, ਜੋ ਉਸ ਸੱਤਾਧਾਰੀ ਦੁਆਰਾ ਕਲਮ ਬੰਦ ਕੀਤਾ ਜਾਵੇਗਾ, ਅਜਿਹੀ ਜਾਂਚ ਕਰਨਾ ਵਾਜਬੀ ਤੌਰ ਤੇ ਅਮਲਯੋਗ ਨਹੀਂ ਹੈ; ਜਾਂ

(ੲ) ਜਿਥੇ ਰਾਸਟਰਪਤੀ ਜਾਂ ਰਾਜਪਾਲ, ਜਿਹੀ ਕਿ ਸੂਰਤ ਹੋਵੇ, ਦੀ ਤਸੱਲੀ ਹੋ ਜਾਵੇ ਕਿ ਅਜਿਹੀ ਜਾਂਚ ਕਰਨਾ ਰਾਜ ਦੀ ਸੁਰੱਖਿਆ ਦੇ ਹਿੱਤ ਵਿਚ ਕਾਲ-ਉਚਿਤ ਨਹੀਂ ਹੈ।

(3) ਜੋ, ਉਪਰੋਕਤ ਜਿਹੇ ਕਿਸੇ ਵਿਅਕਤੀ ਬਾਰੇ, ਇਹ ਸਵਾਲ ਪੈਦਾ ਹੋਵੇ ਕਿ ਕੀ ਖੰਡ (2) ਵਿਚ ਹਵਾਲਾ ਦਿੱਤੀ ਜਿਹੀ ਕੋਈ ਜਾਂਚ ਕਰਨਾ ਵਾਜਬੀ ਤੌਰ ਤੇ ਅਮਲਯੋਗ ਹੈ, ਤਾਂ ਉਸ ਸੱਤਾਧਾਰੀ ਦਾ ਜਿਸ ਨੂੰ ਅਜਿਹੇ ਵਿਅਕਤੀ ਨੂੰ ਬਰਖਾਸਤ ਕਰਨ ਜਾਂ ਹਟਾਉਣ ਜਾਂ ਉਸ ਦਾ ਦਰਜਾ ਘਟਾਉਣ ਦੀ ਸ਼ਕਤੀ ਪ੍ਰਾਪਤ ਹੈ, ਉਸ ਤੇ ਫੈਸਲਾ ਅੰਤਮ ਹੋਵੇਗਾ।]

ਸਰਬ ਭਾਰਤੀ ਸੇਵਾਵਾਂ।

312 (1) [8][ਭਾਗ VI ਦੇ ਅਧਿਆਏ VI ਜਾਂ ਭਾਗ XI] ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ, ਜੇ ਰਾਜ ਸਭਾ ਨੇ ਹਾਜਰ ਮਤੇ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਦੋ ਤਿਹਾਈ ਸਦਸਾਂ ਵੱਲੋਂ ਸਮਰਥਤ ਮਤੇ

[8] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 45 ਦੁਆਰਾ (03.01.1977 ਤੋਂ ਪ੍ਰਭਾਵੀ) "ਭਾਗ XI" ਦੀ ਥਾਵੇਂ ਰੱਖੇ ਗਏ।



Ministry of Law & Justice

ਦੁਆਰਾ ਇਹ ਐਲਾਨ ਕੀਤਾ ਹੈ ਕਿ ਕੌਮੀ ਹਿੱਤ ਵਿਚ ਅਜਿਹਾ ਕਰਨਾ ਜ਼ਰੂਰੀ ਜਾਂ ਕਾਲਉਚਿਤ ਹੈ, ਤਾਂ ਸੰਸਦ, ਕਾਨੂੰਨ ਦੁਆਰਾ, ਸੰਘ ਅਤੇ ਰਾਜਾਂ ਲਈ ਸਾਂਝੀਆਂ ਇਕ ਜਾਂ ਵਧੇਰੇ ਸਰਬ ਭਾਰਤੀ ਸੇਵਾਵਾਂ ਦੇ [9][ ਇਸ ਸਰਬ ਭਾਰਤੀ ਨਿਆਂਇਕ ਸੇਵਾ ਹੈ ] ਸਿਰਜਨ ਦੇ ਲਈ ਉਪਬੰਧ ਕਰ ਸਕੇਗੀ ਅਤੇ ਇਸ ਅਧਿਆਏ ਦੇ ਹੋਰ ਉਪਬੰਧਾਂ ਦੇ ਤਾਬੇ, ਕਿਸੇ ਅਜਿਹੀ ਸੇਵਾ ਲਈ ਭਰਤੀ ਅਤੇ ਨਿਯੁਕਤ ਵਿਅਕਤੀਆਂ ਦੀ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮਨ ਕਰ ਸਕੇਗੀ।

(2) ਇਸ ਸੰਵਿਧਾਨ ਦੇ ਅਰੰਭ ਤੇ ਇੰਡੀਅਨ ਐਡਮਨਿਸਟਰੇਟਿਵ ਸਰਵਿਸ ਅਤੇ ਇੰਡੀਅਨ ਪੁਲੀਸ ਸਰਵਿਸ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਸੇਵਾਵਾਂ ਇਸ ਅਨੁਛੇਦ ਦੇ ਅਧੀਨ ਸੰਸਦ ਦੁਆਰਾ ਸਿਰਜੀਆਂ ਸੇਵਾਵਾਂ ਸਮਝੀਆਂ ਜਾਣਗੀਆਂ।

[9] [(3) ਖੰਡ (1) ਵਿਚ ਹਵਾਲਾ ਦਿੱਤੇ ਸਰਬ ਭਾਰਤੀ ਨਿਆਂਇਕ ਸੇਵਾ ਦੇ ਵਿਚ ਅਨੁਛੇਦ 236 ਵਿਚ ਪਰਿਭਾਸ਼ਤ ਜਿਲ੍ਹਾਂ ਜੱਜ ਦੀ ਅਸਾਮੀ ਤੋਂ ਛੋਟੀ ਕੋਈ ਅਸਾਮੀ ਨਹੀਂ ਹੋਵੇਗੀ।

(4) ਉਪਰੋਕਤ ਸਰਬ ਭਾਰਤੀ ਨਿਆਂਇਕ ਸੇਵਾ ਦੇ ਸਿਰਜਨ ਦੇ ਲਈ ਉਪਬੰਧ ਕਰਨ ਵਾਲੇ ਕਾਨੂੰਨ ਵਿਚ ਭਾਗ VI ਦੇ ਅਧਿਆਏ VI ਦੀ ਸੋਧ ਦੇ ਲਈ ਅਜਿਹੇ ਉਪਬੰਧ ਸਮਲਿਤ ਹੋ ਸਕਣਗੇ ਜੋ ਇਸ ਕਾਨੂੰਨ ਦੇ ਉਪਬੰਧਾਂ ਨੂੰ ਸਿਰੇ ਚੜਾਉਣ ਦੇ ਲਈ ਜ਼ਰੂਰੀ ਹੋਣ ਅਤੇ ਅਜਿਹੇ ਕਿਸੇ ਕਾਨੂੰਨ ਦੇ ਅਨੁਛੇਦ 368 ਦੇ ਪ੍ਰਯੋਜਨਾਂ ਦੇ ਲਈ ਸੰਵਿਧਾਨ ਦੀ ਸੋਧ ਨਹੀਂ ਸਮਝੀ ਜਾਵੇਗੀ।]

ਕੁਝਕੁ ਸੇਵਾਵਾਂ ਦੇ ਅਫ਼ਸਰਾਂ ਦੀਆਂ ਸੇਵਾ-

[10]312. ੳ.(1) ਸੰਸਦ ਕਾਨੂੰਨ ਦੁਆਰਾ–

(ੳ) ਉਨ੍ਹਾਂ ਵਿਅਕਤੀਆਂ ਬਾਰੇ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਸੈਕ੍ਰਟਰੀ ਔਫ ਸਟੇਟ ਜਾਂ ਸੈਕ੍ਰੇਟਰੀ ਔਫ ਸਟੇਟ ਇਨ

[9] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 45 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ।

[10] ਸੰਵਿਧਾਨ (ਅਠਾਈਵੀਂ ਸੋਧ) ਐਕਟ, 1972, ਧਾਰਾ 2 ਦੁਆਰਾ ਅੰਤਰਸਥਾਪਤ।



Ministry of Law & Justice

ਸ਼ਰਤਾਂ ਵਿਚ ਅਦਲਬਦਲ ਕਰਨ ਜਾਂ ਉਨ੍ਹਾਂ ਨੂੰ ਪਰਤਾ ਲੈਣ ਦੀ ਸੰਸਦ ਦੀ ਸ਼ਕਤੀ ।

ਪਰਿਸ਼ਦ ਦੁਆਰਾ ਭਾਰਤ ਵਿਚ ਕਰਵਾਉਨ ਦੀ ਕਿਸੇ ਸਿਵਲ ਸੇਵਾ ਵਿਚ ਨਿਯੁਕਤ ਹੋਣ ਪਿਛੋਂ ਸੰਵਿਧਾਨ (ਅੱਠਾਈਵੀਂ ਸੋਧ) ਐਕਟ, 1972 ਦੇ ਅਰੰਭ ਤੇ ਅਤੇ ਉਸ ਪਿਛੋਂ, ਭਾਰਤ ਦੀ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਸੇਵਾ ਜਾਂ ਆਸਾਮੀ ਤੇ ਬਣੇ ਰਹਿੰਦੇ ਹਨ, ਮਿਹਨਤਾਨੇ, ਛੁੱਟੀ ਅਤੇ ਪੈਨਸ਼ਨ ਬਾਰੇ ਸੇਵਾ-ਸਰਤਾਂ ਵਿਚ ਅਤੇ ਅਨੁਸ਼ਾਸਨੀ ਮਾਮਲਿਆਂ ਬਾਰੇ ਅਧਿਕਾਰਾਂ ਵਿਚ, ਭਵਿਖ-ਦਰਸ਼ੀ ਪ੍ਰਭਾਵ ਨਾਲ ਜਾਂ ਅਤੀਤ-ਦਰਸ਼ੀ ਪ੍ਰਭਾਵ ਨਾਲ, ਅਦਲ-ਬਦਲ ਕਰ ਸਕੇਗੀ ਜਾਂ ਉਨ੍ਹਾਂ ਨੂੰ ਪਰਤਾ ਸਕੇਗੀ ;

(ਅ) ਉਨ੍ਹਾਂ ਵਿਅਕਤੀਆਂ ਬਾਰੇ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਸੈਕ੍ਰਟਰੀ ਔਫ ਸਟੇਟ ਜਾਂ ਸੈਕ੍ਰੇਟਰੀ ਔਫ ਸਟੇਟ ਇਨ ਪਰਿਸ਼ਦ ਦੁਆਰਾ ਭਾਰਤ ਵਿਚ ਕਰਾਉਨ ਦੀ ਕਿਸੇ ਸਿਵਲ ਸੇਵਾ ਵਿਚ ਨਿਯੁਕਤ ਹੋਣ ਪਿਛੋਂ ਸੰਵਿਧਾਨ (ਅੱਠਾਈਵੀਂ ਸੋਧ) ਐਕਟ, 1972 ਦੇ ਅਰੰਭ ਤੋਂ ਪਹਿਲਾਂ ਕਿਸੇ ਸਮੇਂ ਸੇਵਾ ਤੋਂ ਨਿਵਿਰਤ ਹੋ ਗਏ ਹਨ ਜਾਂ ਹੋਰਵੇਂ ਸੇਵਾ ਵਿਚ ਨਹੀਂ ਰਹੇ, ਪੈਨਸ਼ਨ ਬਾਰੇ ਸੇਵਾਂ ਸ਼ਰਤਾਂ ਵਿਚ, ਭਵਿਖ-ਦਰਸ਼ੀ ਪ੍ਰਭਾਵ ਨਾਲ ਜਾਂ ਅਤੀਤ-ਦਰਸੀ ਪ੍ਰਭਾਵ ਨਾਲ ਅਦਲ-ਬਦਲ ਕਰ ਸਕੇਗੀ ਜਾਂ ਉਨ੍ਹਾਂ ਨੂੰ ਪਰਤਾ ਸਕੇਗੀ ;

ਪਰੰਤੂ ਕਿਸੇ ਅਜਿਹੇ ਵਿਅਕਤੀ ਦੀ ਸੂਰਤ ਵਿਚ ਜੋ ਸਰਵ-ਉੱਚ ਅਦਾਲਤ ਜਾਂ ਕਿਸੇ ਉੱਚ-ਅਦਾਲਤ ਦੇ ਚੀਫ ਜਸਟਿਸ ਜਾਂ ਹੋਰ ਜੱਜ, ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰੀਖਿਅਕ, ਸੰਘ ਜਾਂ ਕਿਸੇ ਰਾਜ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਜਾਂ ਹੋਰ ਮੈਂਬਰ ਜਾਂ ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਧਾਰਨ ਕਰ ਰਿਹਾ ਹੈ ਜਾਂ ਕਰ ਚੁੱਕਿਆ ਹੈ, ਉਪ-ਖੰਡ (ੳ) ਜਾਂ ਉਪਖੰਡ (ਅ) ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਸੰਸਦ ਨੂੰ, ਉਸ ਵਿਅਕਤੀ ਦੇ ਉਕਤ ਅਹੁਦੇ ਤੇ ਨਿਯੁਕਤੀ ਪਿੱਛੋਂ, ਉਸ ਦੀਆਂ ਸੇਵਾਵਾਂ ਸ਼ਰਤਾਂ ਵਿਚ ਉਥੇ ਤੱਕ ਦੇ ਸਿਵਾਏ ਜਿਥੋਂ ਤੱਕ ਅਜਿਹੀਆਂ ਸੇਵਾ ਸ਼ਰਤਾਂ ਉਸ ਨੂੰ ਸੈਕ੍ਰੇਟਰੀ ਔਫ ਸਟੇਟ ਜਾਂ ਸੈਕ੍ਰੇਟਰੀ ਔਫ ਸਟੇਟ ਦੀ ਪਰਿਸ਼ਦ ਦੁਆਰਾ ਭਾਰਤ ਵਿਚ ਕਰਾਉਨ ਦੀ ਕਿਸੇ ਸਿਵਲ ਸੇਵਾ ਵਿਚ ਨਿਯੁਕਤ ਕੀਤੇ ਗਏ ਵਿਅਕਤੀ ਹੋਣ ਦੇ ਕਾਰਨ ਲਾਗੂ ਹਨ ਉਸ ਦੇ ਅਲਾਭਕਾਰੀ ਤੌਰ ਤੇ ਅਦਲ-ਬਦਲ ਕਰਨ ਲਈ ਜਾਂ ਉਨ੍ਹਾਂ ਨੂੰ ਪਰਤਾ ਲੈਣ ਲਈ ਸ਼ਕਤੀ ਦਿੰਦੀ ਹੈ ।

(2) ਉਥੋਂ ਤੱਕ ਕਿ ਸਿਵਾਏ ਜਿਥੋਂ ਤੱਕ ਸੰਸਦ ਇਸ ਅਨੁਛੇਦ ਦੇ ਅਧੀਨ ਕਾਨੂੰਨ ਦੁਆਰਾ ਉਪਬੰਧਤ ਕਰੇ, ਇਸ ਅਨੁਛੇਦ ਦੀ ਕੋਈ ਗੱਲ ਕਿਸੇ ਵਿਧਾਨ-ਮੰਡਲ ਜਾਂ ਹੋਰ ਸੱਤਾਧਾਰੀ ਦੀ ਖੰਡ (1) ਵਿਚ ਉਲਿਖਤ ਵਿਅਕਤੀਆਂ ਦੀਆਂ ਸੇਵਾ ਸ਼ਰਤਾ ਨੂੰ ਵਿਨਿਯਮਤ ਕਰਨ ਲਈ ਇਸ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਦੇ ਅਧੀਨ ਕਿਸੇ ਸ਼ਕਤੀ ਤੇ ਪ੍ਰਭਾਵ ਨਹੀਂ ਪਾਵੇਗੀ ।

(3) ਨ ਤਾਂ ਸਰਵ-ਉੱਚ ਅਦਾਲਤ ਨੂੰ ਅਤੇ ਨ ਕਿਸੇ ਹੋਰ ਅਦਾਲਤ ਨੂੰ–

(ੳ) ਕਿਸੇ ਕਵੇਨੈਂਟ, ਕਰਾਰ ਜਾਂ ਹੋਰ ਉਜਹੀ ਹੀ ਲਿਖਤ ਦੇ ਜੋ ਖੰਡ (1) ਵਿਚ ਉਲਿਖਤ ਕਿਸੇ ਵਿਅਕਤੀ ਨਾਲ ਹੋਈ ਹੋਵੇ ਜਾਂ ਉਸ ਦੁਆਰਾ ਨਿਸ਼ਪਾਦਤ ਕੀਤੀ ਗਈ ਹੋਵੇ, ਕਿਸੇ ਉਪਬੰਧ ਤੋਂ ਜਾਂ ਉਨ੍ਹਾਂ ਤੇ ਕਿਸੇ ਪਿੱਠ-ਅੰਕਣ ਤੋਂ ਪੈਦਾ ਹੋਵੇ ਜਾਂ ਅਜਿਹੇ ਵਿਅਕਤੀ ਨੂ ਉਸ ਦੇ ਭਾਰਤ ਵਿਚ ਸਮਰਾਟ ਦੀ ਕਿਸੇ ਸਿਵਲ ਸੇਵਾ ਵਿਚ, ਨਿਯੁਕਤੀ ਦੇ ਸਬੰਧ ਵਿਚ ਜਾਂ ਉਸ ਦੇ ਭਾਰਤ ਦੀ ਡੋਮੀਨੀਅਨ ਜਾਂ ਉਸ ਦੇ ਕਿਸੇ ਪ੍ਰਾਂਤ ਦੀ ਸਰਕਾਰ ਦੇ ਅਧੀਨ ਸੇਵਾ ਵਿਚ ਬਣੇ ਰਹਿਣ ਦੇ ਸੰਬੰਧ ਵਿਚ, ਜਾਰੀ ਕੀਤੇ ਗਏ ਕਿਸੇ ਪਤਰ ਤੋਂ ਪੈਦਾ ਹੁੰਦੇ ਕਿਸੇ ਝਗੜੇ ਵਿਚ ;

(ਅ) ਮੂਲ ਰੁਪ ਵਿਚ ਬਣਾਏ ਗਏ ਅਨੁਛੇਦ 314 ਦੇ ਅਧੀਨ ਕਿਸੇ ਅਧਿਕਾਰੀ, ਦੇਣਦਾਰੀ ਜਾਂ ਬਾਂਧ ਬਾਰੇ ਕਿਸੇ ਝਗੜੇ ਵਿਚ

ਅਧਿਕਾਰਤਾ ਹੋਵੇਗੀ ।

(4) ਮੂਲ ਰੁਪ ਵਿਚ ਬਣਾਏ ਗਏ ਅਨੁਛੇਦ 314 ਵਿਚ ਜਾਂ ਇਸ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਇਸ ਅਨੁਛੇਦ ਦੇ ਉਪਬੰਧ ਪ੍ਰਭਾਵੀ ਹੋਣਗੇ ।]

ਅੰਤਰਕਾਲਈ ਉਪਬੰਧ ।

313. ਜਦ ਤੱਕ ਇਸ ਸੰਵਿਧਾਨ ਦੇ ਅਧੀਨ ਇਸ ਨਮਿੱਤ ਹੋਰ ਉਪਬੰਧ ਨ ਕੀਤਾ ਜਾਵੇ, ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਨਾਫਜ ਸਭ ਕਾਨੂੰਨ, ਜੋ ਕਿਸੇ ਅਜਿਹੀ ਲੋਕ ਸੇਵਾ ਜਾਂ ਕਿਸੇ ਅਜਿਹੀ ਆਸਾਮੀ ਨੂੰ ਜੋ

ਇਸ ਸੰਵਿਧਾਨ ਦੇ ਅਰੰਭ ਪਿਛੋਂ ; ਇਕ ਸਰਬ-ਭਾਰਤੀ ਸੇਵਾ ਜਾਂ ਸੰਘ ਜਾ ਕਿਸੇ ਰਾਜ ਦੇ ਅਧੀਨ ਸੇਵਾ ਜਾਂ ਆਸਾਮੀ ਵਜੋਂ ਕਾਇਮ ਰਹਿੰਦੀ ਹੈ, ਲਾਗੂ ਹੋਣ, ਉਥੋਂ ਤੱਕ ਨਾਫਜ ਰਹਿਣਗੇ ਜਿੱਥੋਂ ਤੱਕ ਉਹ ਇਸ ਸੰਵਿਧਾਨ ਦੇ ਉਪਬੰਧਾਂ ਨਾਲ ਸੰਗਤ ਹੋਣ।

314. [ਕੁਝਕੁ ਸੇਵਾਵਾਂ ਦੇ ਮੌਜੂਦਾ ਅਫਸਰਾਂ ਦੀ ਹਿਫਾਜਤ ਲਈ ਉਪਬੰਧ । ਸੰਵਿਧਾਨ (ਅੱਠਾਈਵੀਂ ਸੋਧ) ਐਕਟ, 1972, ਧਾਰਾ 2 ਦੁਆਰਾ ਨਿਰਸਤ ।]

## ਅਧਿਆਏ II - ਲੋਕ ਸੇਵਾ ਕਮਿਸ਼ਨ

ਸੰਘ ਲਈ ਅਤੇ ਰਾਜਾਂ ਲਈ ਲੋਕ ਸੇਵਾ ਕਮਿਸ਼ਨ

315. (1) ਇਸ ਅਨੁਛੇਦ ਦੇ ਉਪਬੰਧਾਂ ਦੇ ਤਾਬੇ, ਸੰਘ ਲਈ ਇਹ ਲੋਕ ਸੇਵਾ ਕਮਿਸ਼ਨ ਅਤੇ ਹਰੇਕ ਰਾਜ ਲਈ ਇਕ ਲੋਕ ਸੇਵਾ ਕਮਿਸ਼ਨ ਹੋਵੇਗਾ ।

(2) ਦੋ ਜਾਂ ਵਧੇਰੇ ਰਾਜ ਕਰਾਰ ਕਰ ਸਕਣਗੇ ਕਿ ਰਾਜਾਂ ਦੇ ਉਸ ਸਮੂਹ ਲਈ ਇਕ ਹੀ ਲੋਕ ਸੇਵਾ ਕਮਿਸ਼ਨ ਹੋਵੇਗਾ, ਅਤੇ ਜੋ ਉਸ ਆਸ਼ੇ ਦਾ ਮਤਾ ਉਨ੍ਹਾਂ ਵਿਚ ਹਰੇਕ ਦੇ ਵਿਧਾਨ-ਮੰਡਲ ਦੇ ਸਦਨ ਦੁਆਰਾ ਜਾ, ਜਿੱਥੇ ਦੋ ਸਦਨ ਹੋਣ, ਉਥੇ ਰਹੇਕ ਸਦਨ ਦੁਆਰਾ ਪਾਸ ਕਰ ਦਿੱਤਾ ਜਾਵੇ, ਤਾਂ ਸੰਸਦ ਉਨ੍ਹਾਂ ਰਾਜਾਂ ਦੀਆਂ ਜਰੂਰਤਾਂ ਦੀ ਪੂਰਤੀ ਲਈ ਕਾਨੂੰਨ ਇਕ ਸੰਯੁਕਤ ਰਾਜ ਲੋਕ ਸੇਵਾ ਕਮਿਸ਼ਨ (ਜਿਸ ਦਾ ਇਸ ਅਧਿਆਏ ਵਿਚ ਸੰਯੁਕਤ ਕਮਿਸ਼ਨ ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ) ਦੀ ਨਿਯੁਕਤੀ ਦਾ ਉਪਬੰਧ ਕਰ ਸਕੇਗਾ।

(3) ਉਪਰੋਕਤ ਜਿਹੇ ਕਿਸੇ ਕਾਨੂੰਨ ਵਿਚ ਅਜਿਹੇ ਅਨੁਸੰਗਕ ਅਤੇ ਪਰਿਣਾਮਕ ਉਪਬੰਧ ਹੋ ਸਕਣਗੇ ਜਿਹੇ ਉਸ ਕਾਨੂੰਨ ਦੇ ਪ੍ਰਯੋਜਨਾਂ ਨੂੰ ਪ੍ਰਭਾਵੀ ਬਣਾਉਣ ਲਈ ਜਰੂਰੀ ਜਾਂ ਵਾਂਛਨੀ ਹੋਣ।

(4) ਸੰਘ ਦਾ ਲੋਕ ਸੇਵਾ ਕਮਿਸ਼ਨ, ਜੋ ਕਿਸੇ ਰਾਜ ਦਾ ਰਾਜਪਾਲ[11]* * * * ਉਸ ਨੂੰ ਅਜਿਹਾ ਕਰਨ ਲਈ ਪ੍ਰਾਰਥਨਾ ਕਰੇ, ਰਾਸ਼ਟਰਪਤੀ ਦੀ

[11] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

ਪਰਵਾਨਗੀ ਨਾਲ, ਉਸ ਰਾਜ ਦੀਆਂ ਸਭ ਜਰੂਰਤਾਂ ਜਾਂ ਉਨ੍ਹਾਂ ਵਿਚੋ ਕਿਸੇ ਦੀ ਪੂਰਤੀ ਲਈ ਸਹਿਮਤ ਹੋ ਸਕੇਗਾ ।

(5) ਜੇਕਰ ਪ੍ਰਸੰਗ ਤੋਂ ਹੋਰਵੇਂ, ਲੋੜੀਂਦਾ ਨ ਹੋਵੇ, ਇਸ ਸੰਵਿਧਾਨ ਵਿਚ ਸੰਘ ਲੋਕ ਸੇਵਾ ਕਮਿਸ਼ਨ ਜਾਂ ਕਿਸੇ ਰਾਜ ਲੋਕ ਸੇਵਾ ਕਮਿਸ਼ਨ ਦੇ ਪ੍ਰਤਿ ਹਵਾਲਿਆਂ ਨੂੰ ਉਸ ਕਮਿਸ਼ਨ ਦੇ ਪ੍ਰਤਿ ਹਵਾਲੇ ਸਮਝਿਆ ਜਾਵੇਗਾ, ਜੋ ਪੁਛ ਅਧੀਨ ਕਿਸੇ ਖਾਸ ਮਾਮਲੇ ਬਾਰੇ ਸੰਘ ਜਾ ਰਾਜ ਦੀਆਂ, ਜਿਹੀ ਕਿ ਸੂਰਤ ਹਵੇ, ਜਰੂਰਤਾਂ ਦੀ ਪੂਰਤੀ ਕਰਦਾ ਹੋਵੇ ।

ਮੈਂਬਰਾਂ ਦੀ ਨਿਯੁਕਤੀ ਅਤੇ ਅਹੁਦੇ ਦੀ ਅਉਧ ।

316. (1) ਕਿਸੇ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਅਤੇ ਹੋਰ ਮੈਂਬਰ, ਸੰਘ ਕਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦੀ ਸੂਰਤ ਵਿਚ, ਰਾਸ਼ਟਰਪਤੀ ਦੁਆਰਾ, ਅਤੇ ਕਿਸੇ ਰਾਜ ਕਮਿਸ਼ਨ ਦੀ ਸੂਰਤ ਵਿਚ ਉਸ ਰਾਜ ਦੇ ਰਾਜਪਾਲ ਦੁਆਰਾ ਨਿਯੁਕਤ ਕੀਤੇ ਜਾਣਗੇ :

ਪਰੰਤੂ ਹਰਿਕ ਲੋਕ ਸੇਵਾ ਕਮਿਸ਼ਨ ਦੇ ਮੈਂਬਰਾਂ ਵਿਚੋ ਜਿਥੋਂ ਤੱਕ ਹੋ ਸਕੇ ਅੱਧੇ ਦੇ ਨੇੜੇ ਅਜਿਹਾ ਵਿਅਕਤੀ ਹੋਣਗੇ ਜੋ ਅਪਣੀਆਂ ਆਪਣੀਆਂ ਨਿਯੁਕਤੀਆਂ ਦੀਆਂ ਤਰੀਕਾਂ ਤੇ ਜਾਂ ਤਾਂ ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਘੱਟ ਤੋਂ ਘੱਟ ਦਸ ਸਾਲ ਲਈ ਅਹੁਦਾ ਧਾਰਨ ਕਰ ਚੁਕੇ ਹੋਣ, ਅਤੇ ਉਕਤ ਦਸ ਸਾਲ ਦੀ ਮੁੱਦਤ ਦਾ ਹਿਸਾਬ ਲਾਉਣ ਵਿਚ ਅਜਿਹੀ ਮੁੱਦਤ ਵੀ ਸ਼ਾਮਲ ਹੋਵੇਗੀ ਜਿਸ ਦੇ ਦੌਰਾਨ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਕਿਸੇ ਵਿਅਕਤੀ ਨੇ ਭਾਰਤ ਵਿਚ ਕਰਾਉਣ ਦੇ ਅਧੀਨ ਜਾਂ ਕਿਸੇ ਦੇਸੀ ਰਾਜ ਦੀ ਸਰਕਾਰ ਦੇ ਅਧੀਨ ਅਹੁਦਾ ਧਾਰਨ ਕੀਤਾ ਹੋਵੇ ।

[12][(1 ੳ) ਜੇ ਕਮਿਸ਼ਨ ਦੇ ਚੇਅਰਮੈਂਨ ਦਾ ਅਹੁਦਾ ਖਾਲੀ ਹੋ ਜਾਵੇ ਜਾਂ ਜੇ ਕੋਈ ਅਜਿਹਾ ਚੇਅਰਮੈਨ ਗੈਰ-ਹਾਜਰੀ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਤੋਂ ਆਪਣੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਤੋਂ ਅਸਮਰਥ ਹੋਵੇ, ਤਾਂ ਜਦ ਤੱਕ ਖਾਲੀ ਅਹੁਦੇ ਤੇ ਖੰਡ (1) ਦੇ ਅਧੀਨ ਨਿਯੁਕਤ ਕੋਈ ਵਿਅਕਤੀ

[12] ਸੰਵਿਧਾਨ (ਪੰਦਰਵੀਂ ਸੋਧ) ਐਕਟ, 1963, ਧਾਰਾ 11 ਦੁਆਰਾ ਅੰਤਰਸਥਾਪਤ ।



Ministry of Law & Justice

ਉਸ ਦੇ ਕਰਤੱਵ ਨ ਸੰਭਾਲ ਲਵੇ ਜਾਂ ਜਦ ਤੱਕ ਚੇਅਰਮੈਂਨ ਆਪਣੇ ਕਰਤੱਵਾਂ ਨੂੰ ਮੁੜ ਨ ਸੰਭਾਲ ਲਵੇ, ਜਿਹੀ ਕਿ ਸੂਰਤ ਹੋਵੇ, ਉਨ੍ਹਾਂ ਕਰਤੱਵਾਂ ਦਾ ਪਾਲਣ ਕਮਿਸ਼ਨ ਦੇ ਹੋਰ ਮੈਂਬਰਾਂ ਵਿਚੋਂ ਅਜਿਹੇ ਇਕ ਮੈਂਬਰ ਦੁਆਰਾ ਕੀਤਾ ਜਾਵੇਗਾ ਜਿਸ ਨੂੰ ਸੰਘ ਕਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦੀ ਸੂਰਤ ਵਿਚ ਰਾਸ਼ਟਰਪਤੀ, ਅਤੇ ਕਿਸੇ ਰਾਜ ਕਮਿਸ਼ਨ ਦੀ ਸੂਰਤ ਵਿਚ ਉਸ ਰਾਜ ਦਾ ਰਾਜਪਾਲ, ਉਸ ਪ੍ਰਯੋਜਨ ਲਈ ਨਿਯੁਕਤ ਕਰੇ ।]

(2) ਕਿਸੇ ਲੋਕ ਸੇਵਾ ਕਮਿਸ਼ਨ ਦਾ ਕੋਈ ਮੈਂਬਰ ਆਪਣਾ ਅਹੁਦਾ ਸੰਭਾਲਣ ਦੀ ਤਰੀਕ ਤੋਂ ਛੇ ਸਾਲ ਦੀ ਅਉਧ ਲਈ ਜਾਂ ਸੰਘ ਕਮਿਸ਼ਨ ਦੀ ਸੂਰਤ ਵਿਚ, ਪੈਂਹਠ ਸਾਲ ਦੀ ਉਮਰ ਪ੍ਰਾਪਤ ਕਰਨ ਤੱਕ, ਅਤੇ ਕਿਸੇ ਰਾਜ-ਕਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦੀ ਸੂਰਤ ਵਿਚ [13][ਬਾਹਠ ਸਾਲ ] ਦੀ ਉਮਰ ਪ੍ਰਾਪਤ ਕਰਨ ਤੱਕ, ਜੋ ਵੀ ਪਹਿਲਾਂ ਹੋਵੇ, ਆਪਣਾ ਅਹੁਦਾ ਧਾਰਨ ਕਰੇਗਾ ।

ਪਰੰਤੂ–

(ੳ) ਕਿਸੇ ਲੋਕ ਸੇਵਾ ਕਮਿਸ਼ਨ ਦਾ ਕੋਈ ਮੈਂਬਰ, ਸੰਘ ਕਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦੀ ਸੂਰਤ ਵਿਚ, ਰਾਸ਼ਟਰਪਤੀ ਨੂੰ ਅਤੇ ਕਿਸੇ ਰਾਜ ਕਮਿਸ਼ਨ ਦੀ ਸੂਰਤ ਵਿਚ, ਉਸ ਰਾਜ ਦੇ [14]ਰਾਜਪਾਲ ਨੂੰ ਸੰਬੰਧਤ ਆਪਣੇ ਦਸਖਤੀ ਲੇਖ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ;

(ਅ) ਕਿਸੇ ਲੋਕ ਸੇਵਾ ਕਮਿਸ਼ਨ ਦਾ ਕੋਈ ਮੈਂਬਰ ਆਪਣੇ ਅਹੁਦੇ ਤੋਂ ਅਨੁਛੇਦ 317 ਦੇ ਖੰਡ (1) ਜਾਂ ਖੰਡ (3) ਵਿਚ ਉਪਬੰਧਤ ਢੰਗ ਨਾਲ ਹਟਾਇਆ ਜਾ ਸਕੇਗਾ ।

(3) ਕੋਈ ਵਿਅਕਤੀ ਜੋ ਕਿਸੇ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਵਜੋਂ ਅਹੁਦਾ

---

[13] ਸੰਵਿਧਾਨ (ਇਕਤਾਲਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਰਾ "ਸੱਠ ਸਾਲ" ਥਾਵੇਂ ਰੱਖੇ ਗਏ ।

[14] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

Ministry of Law & Justice

ਧਾਰਨ ਕਰਦਾ ਹੋਵੇ, ਆਪਣੇ ਅਹੁਦੇ ਦੀ ਅਉਧ ਦੇ ਗੁਜਰਨ ਤੇ, ਉਸ ਅਹੁਦੇ ਤੇ ਮੁੜ ਨਿਯੁਕਤੀ ਲਈ ਅਪਾਤਰ ਹੋਵੇਗਾ।

ਕਿਸੇ ਲੋਕ ਸੇਵਾ ਕਮਿਸ਼ਨ ਦੇ ਕਿਸੇ ਮੈਂਬਰ ਦਾ ਹਟਾਇਆ ਅਤੇ ਮੁਅੱਤਲ ਕੀਤਾ ਜਾਣਾ।

317. (1) ਖੰਡ (3) ਦੇ ਉਪਬੰਧਾਂ ਦੇ ਤਾਬੇ ਕਿਸੇ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਜਾਂ ਕੋਈ ਹੋਰ ਮੈਂਬਰ ਆਪਣੇ ਅਹੁਦੇ ਤੋਂ ਕੇਵਲ ਕਦਾਚਾਰ ਦੇ ਆਧਾਰ ਤੇ ਰਾਸ਼ਟਰਪਤੀ ਦੇ ਦਿੱਤੇ ਹੁਕਮ ਦੁਆਰਾ ਹੀ ਹਟਾਇਆ ਜਾਵੇਗਾ ਜੋ ਸਰਵ ਉੱਚ ਅਦਾਲਤ ਨੂੰ ਰਾਸ਼ਟਰਪਤੀ ਦੁਆਰਾ ਹਵਾਲਾ ਕੀਤੇ ਜਾਣ ਤੇ, ਅਨੁਛੇਦ 145 ਦੇ ਅਧੀਨ ਉਸ ਨਮਿੱਤ ਮੁਕੱਰਰ ਜਾਬਤੇ ਦੀ ਅਨੁਸਾਰਤਾ ਵਿਚ ਕੀਤੀ ਗਈ ਜਾਂਚ ਤੇ, ਉਸ ਅਦਾਲਤ ਦੀ ਇਸ ਰਿਪੋਟ ਪਿੱਛੋਂ ਕਿ ਚੇਅਰਮੈਨ ਜਾਂ ਅਜਿਹੇ ਹੋਰ ਮੈਂਬਰ ਨੂੰ, ਜਿਹੀ ਕੀ ਸੂਰਤ ਹੋਵੇ, ਕਿਸੇ ਅਜਿਹੇ ਆਧਾਰ ਤੇ ਹਟਾ ਦਿੱਤਾ ਗਿਆ ਹੋਵੇ।

(2) ਸੰਘ ਸਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦਾ ਸੂਰਤ ਵਿਚ, ਰਾਸ਼ਟਰਪਤੀ ਅਤੇ ਕਿਸੇ ਰਾਜ ਕਮਿਸ਼ਨ ਦੀ ਸੂਰਤ ਵਿਚ, ਰਾਜਪਾਲ [15]* * * * ਕਮਿਸ਼ਨ ਦੇ ਚੇਅਰਮੈਨ ਜਾਂ ਕਿਸੇ ਹੋਰ ਮੈਂਬਰ ਨੂੰ ਜਿਸ ਬਾਰੇ ਖੰਡ (1) ਦੇ ਅਧੀਨ ਸਰਵ-ਉੱਚ ਅਦਾਲਤ ਨੂੰ ਕੋਈ ਹਵਾਲਾ ਕੀਤਾ ਗਿਆ ਹੋਵੇ ਅਹੁਦੇ ਤੋਂ ਤਦ ਤੱਕ ਲਈ ਮੁਅੱਤਲ ਕਰ ਸਕੇਗਾ ਜਦ ਤੱਕ ਅਜਿਹੇ ਹਵਾਲੇ ਉਤੇ ਸਰਵ-ਉੱਚ ਅਦਾਲਤ ਦੀ ਰਿਪੋਟ ਪ੍ਰਾਪਤ ਹੋਣ ਤੇ ਰਾਸ਼ਟਰਪਤੀ ਹੁਕਮ ਨ ਦੇ ਦੇਵੇ।

(3) ਖੰਡ (1) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਹੁਕਮ ਦੁਆਰਾ ਕਿਸੇ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਜਾਂ ਕਿਸੇ ਹੋਰ ਮੈਂਬਰ ਨੂੰ ਅਹੁਦੇ ਦੋਂ ਹਟਾ ਸਕੇਗਾ ਜੇ ਉਹ ਚੇਅਰਮੈਨ ਜਾਂ ਅਜਿਹਾ ਹੋਰ ਮੈਂਬਰ, ਜਿਹੀ ਕੀ ਸੂਰਤ ਹੋਵੇ, --

(ੳ) ਦੀਵਾਲੀਆ ਨਿਆਂ-ਨਿਰਣਿਤ ਹੋ ਜਾਵੇ; ਜਾਂ

(ਅ) ਆਪਣੇ ਅਹੁਦੇ ਦੀ ਅਉਧ ਦੇ ਦੌਰਾਨ, ਆਪਣੇ ਅਹੁਦੇ ਦੇ ਕਰਤੱਵਾਂ ਤੋਂ ਬਾਹਰ ਕਿਸੇ ਵੇਤਨ ਨੌਕਰੀ ਵਿਚ ਲੱਗ ਜਾਵੇ ;ਜਾਂ

[15] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

(ੲ) ਰਾਸ਼ਟਰਪਤੀ ਦੀ ਰਾਏ ਵਿਚ, ਮਾਨਸਕ ਜਾਂ ਸਰੀਰਕ ਦੁਰਬਲਤਾ ਦੇ ਕਾਰਨ ਆਪਣੇ ਅਹੁਦੇ ਤੋਂ ਕਾਇਮ ਰਹਿਣ ਦੇ ਅਯੋਗ ਹੋਵੇ।

(4) ਜੋ ਕਿਸੇ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਜਾਂ ਕੋਈ ਹੋਰ ਮੈਂਬਰ ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਦੁਆਰਾ ਜਾਂ ਦੇ ਨਮਿੱਤ ਕੀਤੇ ਗਏ ਕਿਸੇ ਮੁਆਇਦੇ ਜਾਂ ਕਰਾਰ ਵਿਚ ਕਿਸੇ ਨਿਰਮਤ ਕੰਪਨੀ ਦੇ ਮੈਂਬਰ ਵਜੋਂ ਉਸ ਦੇ ਹੋਰ ਮੈਂਬਰਾਂ ਦੇ ਨਾਲ ਸਾਂਝਿਆਂ ਤੇ ਸਿਵਾਏ ਕਿਸੇ ਤਰ੍ਹਾਂ ਵੀ ਸੰਬੰਧਤ ਜਾਂ ਹਿੱਤ-ਬੱਧ ਹੋਵੇ ਜਾਂ ਹੋ ਜਾਵੇ ਜਾਂ ਕਿਸੇ ਤਰ੍ਹਾਂ ਉਸ ਦੇ ਲਾਭ ਵਿਚ ਜਾਂ ਉਸ ਤੋਂ ਪੈਦਾ ਹੋਣ ਵਾਲੇ ਕਿਸੇ ਫਾਇਦੇ ਜਾਂ ਉਪਲੱਭਤ ਵਿਚ ਭਾਗ ਲੈਂਦਾ ਹੋਵੇ, ਤਾਂ ਉਹ ਖੰਡ (1) ਦੇ ਪ੍ਰਯੋਜਨਾਂ ਲਈ, ਕਦਾਚਾਰ ਦਾ ਕਸੂਰਵਾਰ ਸਮਝਿਆ ਜਾਵੇਗਾ।

ਕਮਿਸ਼ਨ ਦੇ ਮੈਂਬਰਾਂ ਅਤੇ ਅਮਲੇ ਦੀ ਸੇਵਾ ਦੀਆਂ ਸ਼ਰਤਾਂ ਬਾਬਤ ਵਿਨਿਯਮ ਬਣਾਉਣ ਦੀ ਸ਼ਕਤੀ।

318. ਸੰਘ ਕਮਿਸ਼ਨ ਜਾਂ ਕਿਸੇ ਸੰਯੁਕਤ ਕਮਿਸ਼ਨ ਦੀ ਸੂਰਤ ਵਿਚ, ਰਾਸ਼ਟਰਪਤੀ ਅਤੇ ਕਿਸੇ ਰਾਜ-ਕਮਿਸ਼ਨ ਦੀ ਸੂਰਤ ਵਿਚ, ਉਸ ਰਾਜ ਦਾ ਰਾਜਪਾਲ [16]* * * * ਵਿਨਿਯਮਾਂ ਦੁਆਰਾ—

(ੳ) ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਸੇਵਾ ਦੀਆਂ ਸ਼ਰਤਾਂ ਤੈਅ ਕਰ ਸਕੇਗਾ ;ਅਤੇ

(ਅ) ਕਮਿਸ਼ਨ ਦੇ ਅਮਲੇ ਦੇ ਮੈਂਬਰਾਂ ਦੀ ਗਿਣਤੀ ਅਤੇ ਉਨ੍ਹਾਂ ਦੀਆਂ ਸੇਵਾ ਦੀਆਂ ਸ਼ਰਤਾਂ ਬਾਰੇ ਉਪਬੰਧ ਕਰ ਸਕੇਗਾ ;

ਪਰੰਤੂ ਕਿਸੇ ਲੋਕ ਸੇਵਾ ਕਮਿਸ਼ਨ ਦੇ ਕਿਸੇ ਮੈਂਬਰ ਦੀ ਸੇਵਾ ਦੀਆਂ ਸ਼ਰਤਾਂ ਵਿਚ ਉਸ ਦੀ ਨਿਯੁਕਤੀ ਪਿੱਛੋਂ ਉਸ ਨੂੰ ਅਲਾਭਕਾਰੀ ਅਦਲ-ਬਦਲ ਨਹੀਂ ਕੀਤੀ ਜਾਵੇਗੀ।

ਕਮਿਸ਼ਨ ਦੇ

319. ਅਹੁਦੇ ਤੇ ਨ ਰਹਿਣ ਤੇ—

[16] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

ਮੈਂਬਰਾਂ ਦੁਆਰਾ ਅਜਿਹੇ ਮੈਂਬਰ ਰਹਿਣ ਤੇ ਅਹੁਦੇ ਧਾਰਨ ਕਰਨ ਬਾਬਤ ਮਨਾਹੀ।

(ੳ) ਸੰਘ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਹੋਰ ਨੌਕਰੀ ਲਈ ਅਪਾਤਰ ਹੋਵੇਗਾ ;

(ਅ) ਕਿਸੇ ਰਾਜ ਦੇ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਸੰਘ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਜਾਂ ਕਿਸੇ ਹੋਰ ਮੈਂਬਰ ਵਜੋਂ ਜਾਂ ਕਿਸੇ ਹੋਰ ਰਾਜ ਦੇ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋ ਨਿਯੁਕਤ ਹੋਣ ਲਈ ਪਾਤਰ ਹੋਵੇਗਾ, ਪਰ ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਹੋਰ ਨੌਕਰੀ ਲਈ ਪਾਤਰ ਨਹੀਂ ਹੋਵੇਗਾ ;

(ੲ) ਸੰਘ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਤੋਂ ਬਿਨਾਂ ਹੋਰ ਕੋਈ ਮੈਂਬਰ ਸੰਘ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਜਾਂ ਕਿਸੇ ਰਾਜ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਹੋਣ ਲਈ ਪਾਤਰ ਹੋਵੇਗਾ, ਪਰ ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਹੋਰ ਨੌਕਰੀ ਲਈ ਪਾਤਰ ਨਹੀਂ ਹੋਵੇਗਾ ;

(ਸ) ਕਿਸੇ ਰਾਜ ਦੇ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਤੋਂ ਬਿਨਾਂ ਹੋਰ ਕੋਈ ਮੈਂਬਰ ਸੰਘ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਜਾਂ ਕਿਸੇ ਹੋਰ ਮੈਂਬਰ ਵਜੋਂ ਜਾਂ ਉਸੇ ਜਾਂ ਕਿਸੇ ਹੋਰ ਰਾਜ ਦੇ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਹੋਣ ਲਈ ਪਾਤਰ ਹੋਵੇਗਾ, ਪਰ ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਹੋਰ ਨੌਕਰੀ ਲਈ ਪਾਤਰ ਨਹੀਂ ਹੋਵੇਗਾ।

ਲੋਕ ਸੇਵਾ ਕਮਿਸ਼ਨ ਦੇ ਕਾਜ-ਕਾਰ।

320.(1) ਸੰਘ ਅਤੇ ਰਾਜ ਦੇ ਲੋਕ ਸੇਵਾ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਕ੍ਰਮਵਾਰ ਸੰਘ ਦੀਆਂ ਸੇਵਾਵਾਂ ਅਤੇ ਰਾਜ ਦੀਆਂ ਸੇਵਾਵਾਂ ਵਿਚ ਨਿਯੁਕਤੀਆਂ ਲਈ ਪਰੀਖਿਆਵਾਂ ਦਾ ਸੰਚਾਲਣ ਕਰੇ।

(2) ਜੇ ਸੰਘ ਲੋਕ ਸੇਵਾ ਕਮਿਸ਼ਨ ਨੂੰ ਕੋਈ ਦੋ ਜਾਂ ਵਧੇਰੇ ਰਾਜ ਅਜਿਹਾ ਕਰਨ ਲਈ ਪ੍ਰਾਰਥਨਾ ਕਰਨ, ਤਾਂ ਉਸ ਦਾ ਇਹ ਵੀ ਕਰਤੱਵ ਹੋਵੇਗਾ, ਕਿ

Ministry of Law & Justice

ਅਜਿਹੀਆਂ ਕਿਸੇ ਸੇਵਾਵਾਂ ਲਈ ਜਿਨ੍ਹਾਂ ਲਈ ਵਿਸ਼ੇਸ ਕਾਬਲੀਅਤਾਂ ਵਾਲੇ ਉਮੀਦਵਾਰ ਲੋੜੀਂਦੇ ਹੋਣ ਮੰਯੁਕਤ ਭਰਤੀ ਦੀਆਂ ਸਕੀਮਾਂ ਬਣਾਉਣ ਅਤੇ ਉਨ੍ਹਾਂ ਨੂੰ ਚਲਾਉਣ ਵਿਚ ਉਨ੍ਹਾਂ ਰਾਜਾਂ ਦੀ ਸਹਾਇਤਾ ਕਰੇ।

(3) ਸੰਘ ਲੋਕ ਸੇਵਾ ਕਮਿਸ਼ਨ ਜਾਂ ਰਾਜ ਲੋਕ ਸੋਵਾ ਕਮਿਸ਼ਨ ਨਾਲ, ਜਿਹੀ ਕਿ ਸੂਰਤ ਹੋਵੇ -

(ੳ) ਸਿਵਲ ਸੇਵਾਵਾਂ ਅਤੇ ਸਿਵਲ ਆਸਾਮੀਆਂ ਲਈ ਭਰਤੀ ਦੇ ਤਰੀਕਿਆਂ ਸੰਬੰਧੀ ਸਭ ਮਾਮਲਿਆਂ ਤੇ ;

(ਅ) ਸਿਵਲ ਸੇਵਾਵਾਂ ਵਿਚ ਅਤੇ ਆਸਾਮੀਆਂ ਤੇ ਨਿਯੁਕਤੀਆਂ ਕਰਨ ਅਤੇ ਇਸ ਸੇਵਾ ਤੋਂ ਕਿਸੇ ਹੋਰ ਸੇਵਾ ਵਿਚ ਤਰੱਕੀਆਂ ਅਤੇ ਬਦਲੀਆਂ ਕਰਨ ਬਾਰੇ ਅਨੁਸਰਣ ਕੀਤੇ ਜਾਣ ਵਾਲੇ ਸਿਧਾਂਤਾਂ ਤੇ ਅਤੇ ਅਜਿਹੀਆਂ ਨਿਯੁਕਤੀਆਂ ਜਾਂ ਬਦਲੀਆਂ ਲਈ ਉਮੀਦਵਾਰ ਦੇ ਢੁਕਵੇਂਪਣ ਤੇ ;

(ੲ) ਅਜਿਹੇ ਵਿਅਕਤੀ ਤੇ ਜੋ ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਦੀ ਕਿਸੇ ਸਿਵਲ ਹੈਸੀਅਤ ਵਿਚ ਸੇਵਾ ਕਰ ਰਿਹਾ ਹੋਵੇ, ਪ੍ਰਭਾਵ ਪਾਉਣ ਵਾਲੇ ਸਭ ਅਨੁਸ਼ਾਸਨੀ ਮਾਮਲਿਆਂ ਤੇ, ਜਿਨ੍ਹਾਂ ਵਿਚ ਅਜਿਹੇ ਮਾਮਲਿਆਂ ਸਬੰਧੀ ਮੇਜਰਨਾਮੇ ਜਾਂ ਅਰਜੀਆਂ ਸ਼ਾਮਲ ਹਨ ;

(ਸ) ਕੋਈ ਵਿਅਕਤੀ ਜੋ ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਦੇ ਅਧੀਨ ਜਾਂ ਭਾਰਤ ਵਿਚ ਕਰਾਉਨ ਦੇ ਅਧੀਨ ਜਾਂ ਕਿਸੇ ਦੇਸੀ ਰਾਜ ਦੀ ਸਰਕਾਰ ਦੇ ਅਧੀਨ ਕਿਸੇ ਸਿਵਲ ਹੈਸੀਅਤ ਵਿਚ ਸੇਵਾ ਕਰ ਰਿਹਾ ਹੋਵੇ, ਜਾਂ ਸੇਵਾ ਕਰ ਚੁਕਿਆ ਹੋਵੇ, ਉਸ ਦੇ ਕਰਤੱਵਾਂ ਦੇ ਪਾਲਣ ਵਿਚ ਕੀਤੇ ਗਏ ਜਾਂ ਕੀਤੇ ਗਏ ਤਾਤਪਰਜਤ ਕਾਰਜਾਂ ਬਾਰੇ ਉਸ ਦੇ ਖਿਲਾਫ ਦਾਇਰ ਕੀਤੀਆਂ ਗਈਆਂ ਕਾਨੂੰਨੀ ਕਾਰਵਾਈਆਂ ਵਿਚ ਜੋ ਖ਼ਰਚਾ ਉਸ ਨੂੰ ਆਪਣੀ ਰੱਖਿਆ ਵਿਚ ਕਰਨਾ ਪਿਆ ਉਹ ਭਾਰਤ ਤੇ ਸੰਚਿਤ ਫ਼ੰਡ ਵਿਚੋ, ਜਾਂ ਉਸ ਰਾਜ ਦੇ ਸੰਚਿਤ-ਫ਼ੰਡ ਵਿਚੋ, ਜਿਹੀ ਕਿ ਸੂਰਤ ਹੋਵੇ, ਅਦਾ ਕੀਤਾ ਜਾਣਾ

Ministry of Law & Justice

ਚਾਹੀਦਾ ਹੈ, ਇਸ ਤਰ੍ਹਾਂ ਉਸ ਦੁਆਰਾ ਜਾਂ ਉਸ ਬਾਰੇ ਕੀਤੇ ਗਏ ਕਿਸੇ ਦਾਅਵੇ ਤੇ ;

(ਹ) ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਜਾਂ ਭਾਰਤ ਵਿਚ ਕਰਾਉਨ ਦੇ ਅਧੀਨ ਜਾਂ ਕਿਸੇ ਦੇਸੀ ਰਾਜ ਦੀ ਸਰਕਾਰ ਦੇ ਅਧੀਨ ਸਿਵਲ ਹੈਸੀਅਤ ਵਿਚ ਸੇਵਾ ਕਰਦੇ ਸਮੇਂ ਕਿਸੇ ਵਿਅਕਤੀ ਨੂੰ ਲੱਗੀਆਂ ਸੱਟਾਂ ਬਾਰੇ ਪੈਨਸ਼ਨ ਦਿੱਤੇ ਜਾਣ ਲਈ ਕਿਸੇ ਦਾਅਵੇ ਤੇ ਅਤੇ ਇਸ ਤਰ੍ਹਾਂ ਦਿੱਤੀ ਜਾਣ ਵਾਲੀ ਰਕਮ ਕੀ ਹੋਵੇ ਇਸ ਸਵਾਲ ਤੇ,

ਮਸ਼ਵਰਾ ਕੀਤਾ ਜਾਵੇਗਾ, ਅਤੇ ਕਿਸੇ ਲੋਕ ਸੇਵਾ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਇਸ ਤਰ੍ਹਾਂ ਉਸ ਨੂੰ ਹਵਾਲਾ ਕੀਤੇ ਗਏ ਕਿਸੇ ਮਾਮਲੇ ਤੇ ਅਤੇ ਕਿਸੇ ਹੋਰ ਮਾਮਲੇ ਤੇ ਜੋ ਰਾਸ਼ਟਰਪਤੀ ਜਾਂ, ਉਸ ਰਾਜ ਦਾ ਰਾਜਪਾਲ [17]* * * *ਜਿਹੀ ਕਿ ਸੂਰਤ ਹੋਵੇ, ਉਸ ਨੂੰ ਹਵਾਲਾ ਕਰੇ, ਸਲਾਹ ਦੇਵੇ:

ਪਰੰਤੂ ਸਰਬ-ਭਾਰਤੀ ਸੇਵਾਵਾਂ ਬਾਰੇ ਅਤੇ ਸੰਘ ਕਾਰ-ਵਿਹਾਰ ਦੇ ਤੱਲਕ ਵਿਚ ਹੋਰ ਸੇਵਾਵਾਂ ਅਤੇ ਆਸਾਮਿਆਂ ਬਾਰੇ ਵੀ ਰਾਸ਼ਟਰਪਤੀ ਅਤੇ ਕਿਸੇ ਰਾਜ ਦੇ ਕਾਰ -ਵਿਹਾਰ ਦੇ ਤੱਲਕ ਵਿਚ ਹੋਰ ਸੇਵਾਵਾਂ ਅਤੇ ਆਸਾਮਿਆ ਬਾਰੇ, ਰਾਜਪਾਲ [18]* * * *ਉਨ੍ਹਾਂ ਮਾਮਲਿਆਂ ਦਾ ਉਲੇਖ ਕਰਨ ਵਾਲੇ ਵਿਨਿਯਮ ਬਣਾ ਸਕੇਗਾ ਜਿਨ੍ਹਾਂ ਵਿਚ ਜਾਂ ਤਾਂ ਆਸ ਤੌਰ ਤੇ ਜਾਂ ਕਿਸੇ ਖਾਸ ਮਾਮਲੇ ਦੇ ਵਰਗ ਵਿਚ, ਜਾਂ ਕਿਸੇ ਖਾਸ ਹਾਲਾਤ ਵਿਚ, ਲੋਕ ਸੇਵਾ ਕਮਿਸ਼ਨ ਨਾਲ ਮਸ਼ਵਰਾ ਕੀਤਾ ਜਾਣਾ ਜਰੂਰੀ ਨਹੀਂ ਹੋਵੇਗਾ ।

(4) ਖੰਡ (3) ਦੀ ਕੋਈ ਗੱਲ ਇਹ ਨਹੀਂ ਲੋੜੇਗੀ ਕਿ ਲੋਕ ਸੇਵਾ ਕਮਿਸ਼ਨ ਨਾਲ ਉਸ ਢੰਗ ਬਾਰੇ ਮਸ਼ਵਰਾ ਕੀਤਾ ਜਾਵੇ ਜਿਸ ਨਾਲ ਅਨੁਛੇਦ 16 ਦੇ ਖੰਡ (4) ਵਿਚ ਹਵਾਲਾ ਦਿੱਤਾ ਕੋਈ ਉਪਬੰਧ ਬਣਾਇਆ ਜਾ ਸਕੇਗਾ ਜਾਂ ਜਿਸ ਢੰਗ ਨਾਲ ਅਨੁਛੇਦ 335 ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਇਆ ਜਾ ਸਕੇਗਾ ।

(5) ਖੰਡ (3) ਦੇ ਪਰੰਤੁਕ ਦੇ ਅਧੀਨ ਰਾਸ਼ਟਰਪਤੀ ਜਾਂ ਕਿਸੇ ਰਾਜ ਦੇ

---

[17] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[18] ਸ਼ਬਦ "ਜਾਂ ਰਾਜਪ੍ਰਮੁਖ ਜਿਹੀ ਕੀ ਸੂਰਤ ਹੋਵੇ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।



Ministry of Law & Justice

ਰਾਜਪਾਲ [17]* * * * ਦੁਆਰਾ ਬਣਾਏ ਗਏ ਸਭ ਵਿਨਿਯਮ ਉਨ੍ਹਾਂ ਦੇ ਬਣਾਏ ਜਾਣ ਪਿਛੋਂ ਜਿੰਨੀ ਛੇਤੀ ਸੰਭਵ ਹੋਵੇ, ਸੰਸਦ ਦੇ ਹਰੇਕ ਸਦਨ ਜਾਂ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਹਰੇਕ ਸਦਨ ਅੱਗੇ, ਜਿਹੀ ਕਿ ਸੂਰਤ ਹੋਵੇ ਘੱਟ ਤੋਂ ਘੱਟ ਚੌਦਾਂ ਦਿਨ ਲਈ ਰੱਖੇ ਜਾਣਗੇ, ਅਤੇ ਭਾਵੇ ਨਿਰਸਨ ਜਾਂ ਸੋਧ ਦੁਆਰਾ ਕੀਤੇ ਗਏ ਅਜਿਹੇ ਰੂਪ-ਭੇਦਾਂ ਦੇ ਤਾਬੇ ਹੋਣਗੇ, ਜਿਹੇ ਸੰਸਦ ਦੇ ਦੋਵੇ ਸਦਨ ਜਾਂ ਉਸ ਰਾਜ ਦੇ ਵਿਧਾਨ-ਮੰਡਲ ਦਾ ਸਦਨ ਜਾਂ ਦੋਵੇ ਸਦਨ ਉਸ ਇਜਲਾਸ ਦੇ ਦੌਰਾਨ ਕਰਨ, ਜਿਸ ਵਿਚ ਉਹ ਇਸ ਤਰ੍ਹਾਂ ਰਖੇ ਜਾਣ।

ਲੋਕ ਸੇਵਾ ਕਮਿਸ਼ਨਾਂ ਦੇ ਕਾਜ-ਕਾਰ ਦਾ ਵਿਸਤਾਰ ਕਰਨ ਦੀ ਸ਼ਕਤੀ।

321. ਸੰਸਦ ਦਾ, ਜਾਂ ਕਿਸੇ ਰਾਜ ਦੇ ਵਿਧਾਨ ਮੰਡਲ ਦਾ, ਜਿਹੀ ਕਿ ਸੂਰਤ ਹੋਵੇ, ਬਣਾਇਆ ਕੋਈ ਐਕਟ ਸੰਘ ਲੋਕ ਸੇਵਾ ਕਮਿਸ਼ਨ ਜਾਂ ਰਾਜ ਲੋਕ ਸੇਵਾ ਕਮਿਸ਼ਨ ਦੁਆਰਾ ਸੰਘ ਦੀਆਂ ਜਾਂ ਉਸ ਰਾਜ ਦੀਆਂ ਸੇਵਾਵਾਂ ਬਾਰੇ ਅਤੇ ਕਿਸੇ ਸਥਾਨਕ ਸੱਤਾਧਾਰੀ ਜਾਂ ਕਾਨੂੰਨ ਦੁਆਰਾ ਗਠਤ ਹੋਰ ਨਿਯਮ ਬੋਡੀ ਦੀਆਂ ਜਾਂ ਕਿਸੇ ਲੋਕ ਸੰਸਥਾ ਦੀਆਂ ਸੇਵਾਵਾਂ ਬਾਰੇ ਵੀ ਅਤਿਰਿਕਤ ਕਾਜ-ਕਾਰ ਦੇ ਨਜਿੱਠਣ ਲਈ ਉਪਬੰਧ ਕਰ ਸਕੇਗਾ।

ਲੋਕ ਸੇਵਾ ਕਮਿਸ਼ਨਾਂ ਦੇ ਖ਼ਰਚ।

322. ਸੰਘ ਦੇ ਜਾਂ ਕਿਸੇ ਰਾਜ ਦੇ ਲੇਕ ਸੇਵਾ ਕਮਿਸ਼ਨ ਦੇ ਖਰਚ, ਜਿਨ੍ਹਾਂ ਵਿਚ ਕਮਿਸ਼ਨ ਦੇ ਮੈਂਬਰਾਂ ਜਾਂ ਅਮਲੇ ਨੂੰ ਜਾਂ ਦੇ ਬਾਰੇ ਅਦਾਇਗੀਯੋਗ ਕੋਈ ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ ਸ਼ਾਮਲ ਹਨ, ਭਾਰਤ ਦੇ ਸੰਚਿਤ ਫ਼ੰਡ ਜਾਂ ਰਾਜ ਦੇ ਸੰਚਿਤ ਫ਼ੰਡ,ਜਿਹੀ ਕੀ ਸੂਰਤ ਹੋਵੇ,ਤੇ ਭਾਰਿਤ ਹੋਣਗੇ।

ਲੋਕ ਸੇਵਾ ਕਮਿਸ਼ਨਾਂ ਦੀਆਂ ਰਿਪੋਟਾਂ।

323.(1) ਸੰਘ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਰਾਸ਼ਟਰਪਤੀ ਨੂੰ ਕਮਿਸ਼ਨ ਦੇ ਕੀਤੇ ਕੰਮ ਬਾਬਤ ਹਰ ਸਾਲ ਰਿਪੋਟ ਪੇਸ਼ ਕਰੇ ਅਤੇ ਅਜਿਹੀ ਰਿਪੋਟ ਦੇ ਪ੍ਰਾਪਤ ਹੋਣ ਤੇ ਰਾਸ਼ਟਰਪਤੀ ਉਨ੍ਹਾਂ ਮਾਮਲਿਆਂ ਬਾਰੇ,ਜੋ ਕੋਈ ਹੋਣ, ਜਿਨ੍ਹਾਂ ਵਿਚ ਕਮਿਸ਼ਨ ਦੀ ਸਲਾਹ ਮੰਨੀ ਨ ਗਈ ਹੋਵੇ, ਅਜਿਹੇ ਨ-ਮੰਨਣ ਲਈ ਕਾਰਨਾਂ ਦੀ ਵਿਆਖਿਆ ਕਰਨ ਵਾਲੇ ਯਾਦ-ਪੱਤਰ ਉਸ ਰਿਪੋਟ ਦੀ ਨਕਲ ਸੰਸਦ ਦੇ ਹਰੇਕ ਸਦਨ ਅੱਗੇ ਰਖਵਾਏਗਾ।

(2) ਕਿਸੇ ਰਾਜ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਉਸ ਰਾਜ ਦੇ

ਰਾਜਪਾਲ [19]* * * * ਨੂੰ ਕਮਿਸ਼ਨ ਦੇ ਕੀਤੇ ਕੰਮ ਬਾਬਤ ਹਰ ਸਾਲ ਰਿਪੋਟ ਪੇਸ਼ ਕਰੇ ਅਤੇ ਕਿਸੇ ਮੰਯੁਕਤ ਕਮਿਸ਼ਨ ਦਾ ਕਰਤੱਵ ਹੋਵੇਗਾ ਕਿ ਅਜਿਹੇ ਰਾਜਾਂ ਵਿਚੋਂ ਹਰੇਕ ਦੇ ਜਿਨ੍ਹਾਂ ਦੀਆਂ ਜਰੂਰਤਾਂ ਦੀ ਪੂਰਤੀ ਉਸ ਸੰਯੁਕਤ ਕਮਿਸ਼ਨ ਦੁਆਰਾ ਕੀਤੀ ਜਾਂਦੀ ਹੋਵੇ ਰਾਜਪਾਲ [19]* * * * ਨੂੰ ਉਸ ਰਾਜ ਦੇ ਸੰਬੰਧ ਵਿਚ ਕਮਿਸ਼ਨ ਦੇ ਕੀਤੇ ਕੰਮ ਬਾਬਤ ਹਰ ਸਾਲ ਰਿਪੋਟ ਪੇਸ਼ ਕਰੇ,ਅਤੇ ਇਨ੍ਹਾਂ ਵਿਚੋਂ ਹਰੇਕ ਸੂਰਤ ਵਿਚ ਅਜਿਹੀ ਰਿਪੋਟ ਪ੍ਰਾਪਤ ਹੋਣ ਤੇ, ਰਾਜਪਾਲ [20]* * * *ਉਨ੍ਹਾਂ ਮਾਮਲਿਆਂ ਬਾਰੇ, ਜੋ ਕੋਈ ਹੋਣ, ਜਿਨ੍ਹਾਂ ਵਿਚ ਕਮਿਸ਼ਨ ਦੀ ਸਲਾਹ ਮੰਨੀ ਨ ਗਈ ਹੋਵੇ, ਅਜਿਹੇ ਨ-ਮਨੰਣ ਲਈ ਕਾਰਨਾਂ ਦੀ ਵਿਆਖਿਆ ਕਰਨ ਬਾਰੇ ਯਾਦ-ਪੱਤਰ ਸਮੇਤ ਉਸ ਰਿਪੋਟ ਦੀ ਨਕਲ ਰਾਜ ਦੇ ਵਿਧਾਨ-ਮੰਡਲ ਅੱਗੇ ਰਖਵਾਏਗਾ।

[19] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[20] ਸ਼ਬਦ "ਜਾਂ ਰਾਜਪ੍ਰਮੁਖ ਜਿਹੀ ਕੀ ਸੂਰਤ ਹੋਵੇ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

## [1][ਭਾਗ XIV ੳ]

## ਟ੍ਰਿਬਿਊਨਲ

ਪ੍ਰਸ਼ਾਸਨਿਕ ਟ੍ਰਿਬਊਨਲ।

323 ਉ. ਸੰਸਦ, ਕਾਨੂੰਨ ਦੁਆਰਾ, ਸੰਘ ਜਾਂ ਕਿਸੇ ਰਾਜ ਦੇ ਜਾਂ ਭਾਰਤ ਦੇ ਰਾਜ ਖੇਤਰ ਦੇ ਅੰਦਰ ਰਾਜਂ ਭਾਰਤ ਸਰਕਾਰ ਦੇ ਨਿਯੰਤਰਨ ਦੇ ਅਧੀਨ ਕਿਸੇ ਸਥਾਨਕ ਜਾਂ ਹੋਰ ਅਥਾਰਟੀ ਦੇ ਜਾਂ ਸਰਕਾਰ ਦੇ ਮਾਲਕੀ ਜਾਂ ਨਿਯੰਤਰਨ ਅਧੀਨ ਕਿਸੇ ਨਿਗਮ ਦੇ ਕਾਰ-ਵਿਹਾਰ ਨਾਲ ਸੰਬੰਧਤ ਲੋਕ ਸੇਵਾਵਾਂ ਅਤੇ ਪਦਾਂ ਦੇ ਲਈ ਭਰਤੀ ਅਤੇ ਨਿਯੁਕਤ ਵਿਅਕਤੀਆਂ ਦੀ ਸੇਵਾ ਦੀ ਸ਼ਰਤਾਂ ਦੇ ਸੰਬੰਧ ਵਿਚ ਝਗੜਿਆਂ ਅਤੇ ਸ਼ਿਕਾਇਤਾਂ ਦੇ ਪ੍ਰਸ਼ਾਸਨਿਕ ਟ੍ਰਿਬਊਨਲ ਦੁਆਰਾ ਨਿਆਂ ਨਿਰਣਾ ਜਾਂ ਵਿਚਾਰਣ ਦੇ ਲਈ ਉਪਬੰਧ ਕਰ ਸਕੇਗੀ।

(2) ਖੰਡ (1) ਦੇ ਅਧੀਨ ਬਣਾਏ ਗਏ ਕਾਨੂੰਨ–

(ੳ) ਸੰਘ ਦੇ ਲਈ ਇਸ ਪ੍ਰਸ਼ਾਸਨਿਕ ਟ੍ਰਿਬਊਨਲ ਅਤੇ ਹਰਿਕ ਰਾਜ ਦੇ ਲਈ ਅਤੇ ਦੋ ਜਾਂ ਵੱਧ ਰਾਜਾਂ ਦੇ ਲਈ ਇਕ ਵੱਖਰੀ ਪ੍ਰਸ਼ਾਸਨਿਕ ਟ੍ਰਿਬਊਨਲ ਦੀ ਸਥਾਪਨਾ ਦੇ ਲਈ ਉਪਬੰਧ ਕਰ ਸਕੇਗੀ ;

(ਅ) ਉਕਤ ਟ੍ਰਿਬਊਨਲ ਵਿਚੋਂ ਹਰੇਕ ਟ੍ਰਿਬਿਊਨਲ ਦੁਆਰਾ ਵਰਤੋਂ ਕੀਤੀ ਜਾਣ ਵਾਲੀ ਅਧਿਕਾਰਤਾ, ਸ਼ਕਤੀਆਂ (ਜਿਨ੍ਹਾਂ ਵਿਚ ਅਪਮਾਨ ਦੇ ਲਈ ਡੰਨ ਦੇਣ ਦੀ ਸ਼ਕਤੀ ਹੈ) ਅਤੇ ਅਥਾਰਟੀ ਨਿਯੁਕਤ ਕਰ ਸਕੇਗੀ;

(ੲ) ਉਕਤ ਟ੍ਰਿਬਊਨਲ ਦੁਆਰਾ ਅਨੁਸਰਣ ਕੀਤੇ ਜਾਣ ਵਾਲੇ ਜ਼ਾਬਤੇ ਦੇ ਲਈ (ਜਿਸ ਦੇ ਵਿਚ ਸੀਮਾਵਾਂ ਅਤੇ ਨਿਯਮਾਂ ਦੇ ਬਾਬਤ ਉਪਬੰਧ ਹੈ) ਉਪਬੰਧ ਕਰ ਸਕੇਗੀ;

(ਸ) ਅਨੁਛੇਦ 136 ਦੇ ਅਧੀਨ ਸਰਬ ਉੱਚ ਅਦਾਲਤ ਦੀ

---

[1] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 46 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ।

Ministry of Law & Justice

ਅਧਿਕਾਰਤਾ ਦੇ ਸਿਵਾਏ ਸਭ ਅਦਾਲਤਾਂ ਦੀ ਅਧਿਕਾਰਾ ਦਾ ਖੰਡ (1) ਵਿਚ ਹਵਾਲਾ ਦਿੱਤੇ ਝਗੜਿਆਂ ਜਾਂ ਸ਼ਿਕਾਇਤਾਂ ਦੇ ਸਬੰਧ ਵਿਚ ਅਪਵਰਜਿਤ ਕਰ ਸਕੇਗੀ ;

(ਹ) ਹਰੇਕ ਅਜਿਹੇ ਪ੍ਰਸ਼ਾਸਨਿਕ ਟ੍ਰਿਬੂਊਨਲ ਨੂੰ ਉਨ੍ਹਾਂ ਕੇਸਾਂ ਦੇ ਅੰਤਰਣ ਦੇ ਲਈ ਉਪਬੰਧ ਕਰ ਸਕੇਗੀ ਜੋ ਅਜਿਹੇ ਟ੍ਰਿਬੂਊਨਲ ਦੀ ਸਥਾਪਨਾ ਤੋਂ ਤੁਰੰਤ ਪਹਿਲਾਂ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੇ ਅਗੇ ਲੰਬਤ ਹੈ ਅਤੇ ਜੋ, ਜੇ ਅਜਿਹੇ ਦਾਵਿਆਂ ਜਿਨਾਂ ਤੇ ਅਜਿਹੇ ਦਾਵੇ ਜਾਂ ਕਾਰਵਾਈਆਂ ਅਧਾਰਤ ਹਨ,ਟ੍ਰਿਬੂਊਨਲ ਸਥਾਪਨਾ ਦੇ ਪਿੱਛੋਂ ਉਤਪੰਨ ਹੁੰਦੇ ਤਾਂ, ਅਜਿਹੇ ਟ੍ਰਿਬੂਊਨਲ ਦੀ ਅਧਿਕਾਰਤਾ ਦੇ ਅੰਦਰ ਹੁੰਦੀ ;

(ਕ) ਰਾਸ਼ਟਰਪਤੀ ਦੁਆਰਾ ਅਨੁਛੇਦ 371 ਸ ਦੇ ਖੰਡ (3) ਅਧੀਨ ਕੀਤੇ ਗਏ ਹੁਕਮ ਨੂੰ ਨਿਰਸਨ ਜਾਂ ਸੋਧ ਕਰ ਸਕੇਗੀ;

(ਖ) ਅਜਿਹੇ ਅਨੁਪੂਰ, ਅਨੁਸੰਗਿਕ ਅਤੇ ਪਰਮਾਣਿਕ ਉਪਬੰਧ (ਜਿਸ ਵਿਚ ਫ਼ੀਸ ਦੇ ਬਾਰੇ ਵਿਚ ਉਪਬੰਧ ਹੈ) ਦਰਜ ਕਰ ਸਕੇਗੀ ਜੋ ਸੰਸਦ ਅਜਿਹੇ ਟ੍ਰਿਬੂਊਨਲ ਦੇ ਪ੍ਰਭਾਵੀ ਕਾਜਕਾਰਾਂ ਦੇ ਲਈ ਅਤੇ ਉਨ੍ਹਾਂ ਦੁਆਰਾ ਕੇਸਾਂ ਦੇ ਸ਼ੀਘਰ ਨਿਪਟਾਰੇ ਦੇ ਲਈ ਅਤੇ ਉਨ੍ਹਾਂ ਦੇ ਹੁਕਮਾਂ ਦੇ ਨਾਫ਼ਜ਼ ਕਰਨ ਦੇ ਲਈ ਜ਼ਰੂਰੀ ਸਮਝੇ ।

(3) ਇਸ ਅਨੁਛੇਦ ਦੇ ਉਪਬੰਧ ਇਸ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਵਿਚ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ ।

ਹੋਰ ਮਾਮਲਿਆਂ ਲਈ ਟ੍ਰਿਬੂਊਨਲ ।

323 ਅ(1) ਮੁਨਾਸਬ ਵਿਧਾਨ ਮੰਡਲ ਕਾਨੂੰਨ ਦੁਆਰਾ, ਅਜਿਹੇ ਝਗੜਿਆਂ, ਸ਼ਿਕਾਇਤਾਂ ਜਾਂ ਅਪਰਾਧਾਂ ਬਾਰੇ ਦਾ ਟ੍ਰਿਬੂਊਨਲ ਨਿਆ-ਨਿਰਣਾਂ ਜਾਂ ਵਿਚਾਰਣ ਦੇ ਲਈ ਉਪਬੰਧ ਕਰ ਸਕੇਗਾ ਜੋ ਖੰਡ (2) ਵਿਚ ਉਲਿਖਤ ਸਾਰੇ ਜਾਂ ਕੋਈ ਮਾਮਲਿਆਂ ਨਾਲ ਸੰਬੰਧਤ ਹੈ ਜਿਸ ਦੇ ਸਬੰਧ ਵਿਚ ਅਜਿਹੇ ਵਿਧਾਨ ਮੰਡਲ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੈ ।

(2) ਖੰਡ (1) ਵਿਚ ਹਵਾਲਾ ਦਿੱਤੇ ਮਾਮਲੇ ਹੇਠ-ਲਿਖੇ ਹਨ, ਅਰਥਾਤ



Ministry of Law & Justice

(ਓ) ਕਿਸੇ ਕਰ ਦਾ ਲਗਾਉਣਆ, ਨਿਰਧਾਰਣ, ਉਹਗਾਹੁਣਾ, ਅਤੇ ਨਾਫ਼ਜ਼ ਕਰਨਾ;

(ਅ) ਵਿਦੇਸ਼ੀ ਮੁਦਰਾ, ਸੀਮਾ-ਮਸੂਲ ਸਰਹਦ ਦੇ ਆਰ-ਪਾਰ ਆਯਾਤ ਅਤੇ ਨਿਰਯਾਤ;

(ੲ) ਉਦਯੋਗਿਕ ਅਤੇ ਮਜਦੂਰ ਝਗੜੇ;

(ਸ) ਅਨੁਛੇਦ 31ਉ ਵਿਚ ਯਥਾ ਪਰਿਭਾਸ਼ਤ ਕਿਸੇ ਸੰਪਦਾ ਜਾਂ ਉਸ ਵਿਚ ਕੋਈ ਅਧਿਕਾਰਾਂ ਦੇ ਰਾਜ ਦੁਆਰਾ ਅਰਜਤ ਜਾਂ ਅਜਿਹੇ ਕੋਈ ਅਧਿਕਾਰਾਂ ਦੇ ਖਾਤਮੇਂ ਜਾਂ ਰੂਪਭੇਦ ਦੁਆਰਾ ਜਾਂ ਜਰਾਇਤੀ ਭੌਂ ਦੀ ਅਧਿਕਤਮ ਸੀਮਾ ਦੁਆਰਾ ਜੋ ਕਿਸੇ ਹੋਰ ਪ੍ਰਕਾਰ ਦੇ ਭੂਮੀ ਸੁਧਾਰ;

(ਹ) ਸ਼ਹਿਰੀ ਸੰਪਤੀ ਦੀ ਅਧਿਕਤਮ ਸੀਮਾ;

(ਕ) ਸੰਸਦ ਦੇ ਹਰਿਕ ਸਦਨ ਜਾਂ ਕਿਸੇ ਰਾਜ ਵਿਧਾਨ-ਮੰਡਲ ਦੇ ਸੰਸਦ ਜਾਂ ਹਰਿਕ ਸਦਨ ਦੇ ਲਈ ਚੋਣ ਕੀਤੇ, ਪਰ ਅਨੁਛੇਦ 329 ਅਤੇ ਅਨੁਛੇਦ 329 ਉ ਵਿਚ ਹਵਾਲਾ ਦਿੱਤੇ ਮਾਮਲਿਆਂ ਨੂੰ ਛੱਡ ਕੇ;

(ਖ) ਖਾਧ ਪਦਾਰਥਾਂ ਦਾ (ਜਿਨ੍ਹਾਂ ਦੇ ਅੰਤਰਗਤ ਤੇਲ-ਬੀਜ ਅਤੇ ਤੇਲ ਹਨ) ਅਤੇ ਅਜਿਹੇ ਹੋਰ ਮਾਲ ਦਾ ਉਤਪਾਦਨ ਵਸੂਲੀ, ਸਪਲਾਈ ਅਤੇ ਵਿਤਰਣ ਜਿਨ੍ਹਾਂ ਨੂੰ ਰਾਸ਼ਟਰਪਤੀ, ਲੋਕ ਅਧਿਸੂਚਨਾ ਦੁਆਰਾ, ਇਸ ਅਨੁਛੇਦ ਦੇ ਪ੍ਰਯੋਜਨ ਦੇ ਲਈ ਅਵਸ਼ਕ ਮਾਲ ਘੋਸ਼ਿਤ ਕਰੇ ਅਤੇ ਅਜਿਹੇ ਮਾਲ ਦੀ ਕੀਮਤ ਦਾ ਵਿਨਿਯਮਨ ;

Ministry of Law & Justice

[2][(ਗ)] ਕਿਰਾਇਆ, ਉਸਦਾ ਵਿਨਿਯਮਨ ਅਤੇ ਨਿਯੰਤਰਨ ਅਤੇ ਕਿਰਾਏਦਾਰੀ ਸੰਬੰਧੀ ਤਨਕੀਹਾ, ਜਿਨ੍ਹਾਂ ਦੇ ਵਿਚ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਅਧਿਕਾਰ ਹੱਕ ਹਿੱਤ ਹੈ;

[3][(ਘ)] ਉਪਖੰਡ (ੳ) ਤੋਂ ਉਪਖੰਡ [4][(ਗ)] ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਮਾਮਲੇ ਨਾਲ ਸੰਬੰਧਤ ਮਾਮਲਿਆਂ ਦੇ ਵਿਰੁੱਧ ਅਪਰਾਧ ਅਤੇ ਉਨ੍ਹਾਂ ਮਾਮਲਿਆਂ ਵਿਚੋਂ ਕਿਸੇ ਦੀ ਬਾਬਤ ਫੀਸ ;

[23] [(ਙ.)] ਉਪਖੰਡ (ੳ) ਤੋਂ ਉਪਖੰਡ [5][(ਘ)] ਵਿਚ ਉਲਿਖਤ ਮਾਮਲੇ ਵਿਚੋਂ ਕਿਸੇ ਦਾ ਅਨੁਸੰਗਿਕ ਕੋਈ ਮਾਮਲਾ ।

(3) ਖੰਡ (1) ਦੇ ਅਧੀਨ ਬਣਾਏ ਗਏ ਕਾਨੂੰਨ

(ੳ) ਟ੍ਰਿਬਿਊਨਲ ਦਾ ਦਰਜ ਕ੍ਰਮ ਦੀ ਸਥਾਪਨਾ ਦੇ ਲਈ ਉਪਬੰਧ ਕਰ ਸਕੇਗੀ ;

(ਅ) ਉਕਤ ਟ੍ਰਿਬਿਊਨਲ ਵਿਚੋਂ ਹਰਿਕ ਟ੍ਰਿਬਿਊਨਲ ਦੁਆਰਾ ਵਰਤੋਂ ਕੀਤੀ ਜਾਣ ਵਾਲੀ ਅਧਿਕਾਰਤਾ, ਸ਼ਕਤੀਆਂ (ਜਿਸ ਵਿਚ ਅਪਮਾਨ ਦੇ ਲਈ ਦੰਡ ਦੇਣ ਦੀ ਸ਼ਕਤੀ ਹੈ) ਅਤੇ ਅਥਾਰਟੀ ਉਲਿਖਤ ਕਰ ਸਕੇਗੀ;

(ੲ) ਉਕਤ ਅਥਾਰਟੀਆਂ ਦੁਆਰਾ ਅਨੁਸਰਣ ਕੀਤੀ ਜਾਣ ਵਾਲੀ ਪ੍ਰਕ੍ਰਿਆ ਦੇ ਲਈ (ਜਿਸ ਦੇ ਵਿਚ ਸੀਮਾਵਾਂ ਦੇ ਅਤੇ ਸ਼ਹਾਦਤ ਦੇ ਨਿਯਮ ਬਾਰੇ ਉਪਬੰਧ ਹੈ) ਉਪਬੰਧ ਕਰ ਸਕੇਗੀ ;

(ਸ) ਅਨੁਛੇਦ 136 ਦੇ ਅਧੀਨ ਸਰਬ ਉੱਚ ਅਦਾਲਤ ਦੀ ਅਧਿਕਾਰਤਾ ਦੇ ਸਿਵਾਏ ਸਾਰੀਆਂ ਅਦਾਲਤਾਂ ਦੀ ਅਧਿਕਾਰਤਾ ਦਾ ਉਨ੍ਹਾਂ ਸਾਰੇ ਜਾਂ ਕੋਈ ਮਾਮਲਿਆਂ ਦੇ ਸੰਬੰਧ ਵਿਚ ਅਪਵਰਜਿਤ ਕਰ

---

[2] ਸੰਵਿਧਾਨ (ਪੰਚਤਰਵੀਂ ਸੋਧ) ਐਕਟ, 1993 ਦੀ ਧਾਰਾ 2 ਦੁਆਰਾ (15.05.1994 ਤੋਂ ਪ੍ਰਭਾਵੀ ਅੰਤਰ ਸਥਾਪਤ ।

[3] ਸੰਵਿਧਾਨ (ਪੰਚਤਰਵੀਂ ਸੋਧ) ਐਕਟ, 1993 ਦੀ ਧਾਰਾ 2 ਦੁਆਰਾ (15.05.1994 ਤੋਂ ਪ੍ਰਭਾਵੀ ਉਪਖੰਡ (ਗ) ਅਤੇ (ਘ) ਅਤੇ (ਝ) ਦੇ ਰੂਪ ਵਿਚ ਮੁੜ ਅਖਰਾਕਤ ਕੀਤੇ ਗਏ ।

[4] ਸੰਵਿਧਾਨ (ਪੰਚਤਰਵੀਂ ਸੋਧ) ਐਕਟ, 1993 ਦੀ ਧਾਰਾ 2 ਦੁਆਰਾ (15.05.1994 ਤੋਂ) () ਦੀ ਥਾਵੇਂ ਰੱਖੇ ਗਏ ।

[5] ਸੰਵਿਧਾਨ (ਪੰਚਤਰਵੀਂ ਸੋਧ) ਐਕਟ, 1993 ਦੀ ਧਾਰਾ 2 ਦੁਆਰਾ (15.05.1994 ਤੋਂ) () ਦੀ ਥਾਵੇਂ ਰੱਖੇ ਗਏ ।



Ministry of Law & Justice

ਸਕੇਗੀ ਜੋ ਉਕਤ ਟ੍ਰਿਬਿਊਨਲ ਦੀ ਅਧਿਕਾਰਤਾ ਦੇ ਵਿਚ ਆਉਂਦੇ ਹਨ;

(ਹ) ਹਰੇਕ ਅਜਿਹੇ ਟ੍ਰਿਬਿਊਨਲ ਨੂੰ ਉਨ੍ਹਾਂ ਕੇਸਾਂ ਦੇ ਅੰਤਰਣ ਦੇ ਲਈ ਉਪਬੰਧ ਕਰ ਸਕੇਗੀ ਜੋ ਅਜਿਹੇ ਟ੍ਰਿਬਿਊਨਲ ਦੀ ਸਥਾਪਨਾ ਤੋਂ ਤੁਰੰਤ ਪਹਿਲਾਂ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੇ ਅੱਗੇ ਲੰਬਤ ਹੈ ਅਤੇ ਜੋ, ਜੇ ਅਜਿਹੀ ਕਾਰਵਾਈ ਕਰਕੇ ਜਿੰਨ੍ਹਾਂ ਤੇ ਅਜਿਹੇ ਦਾਵੇ ਜਾਂ ਕਾਰਵਾਈਆਂ ਅਧਾਰਤ ਹਨ ਟ੍ਰਿਬਿਊਨਲ ਦੀ ਸਥਾਪਨਾ ਦੇ ਪਿੱਛੋਂ ਵਿਉਤਪੰਨ ਹੁੰਦੇ ਤਾਂ ਅਜਿਹੀ ਟ੍ਰਿਬਿਊਨਲ ਦੀ ਅਧਿਕਾਰਤਾ ਦੇ ਅੰਦਰ ਹੁੰਦੇ ;

(ਕ) ਅਜਿਹੇ ਅਨੁਪੂਰਕ, ਅਨੁਸੰਗਕ ਅਤੇ ਪਰਿਮਾਣਕ ਉਪਬੰਧ (ਜਿਸ ਵਿਚ ਫ਼ੀਸ ਬਾਰੇ ਉਪਬੰਦ ਹੈ) ਦਰਜ ਕਰ ਸਕੇਗੀ ਜੋ ਮੁਨਾਸਬ ਵਿਧਾਨ-ਮੰਡਲ ਅਜਿਹੇ ਟ੍ਰਿਬਿਊਨਲ ਦੇ ਪ੍ਰਭਾਵੀ ਕੰਮਕਾਜ ਲਈ ਅਤੇ ਉਨ੍ਹਾਂ ਦੁਆਰਾ ਕੇਸਾਂ ਦੇ ਸ਼ੀਘਰ ਨਿਪਟਾਰੇ ਲਈ ਉਨ੍ਹਾਂ ਦੇ ਹੁਕਮਾਂ ਦੇ ਨਾਫ਼ਜ਼ ਹੋਣ ਲਈ ਜ਼ਰੂਰੀ ਸਮਝੇ।

(4) ਇਸ ਅਨੁਛੇਦ ਦੇ ਉਪਬੰਧ ਇਸ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਵਿਚ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪ੍ਰਭਾਵੀ ਹੋਣਗੇ।

ਵਿਆਖਿਆ.- ਇਸ ਅਨੁਛੇਦ ਵਿਚ, ਕਿਸੇ ਮਾਮਲੇ ਦੇ ਸੰਬੰਧ ਵਿਚ, "ਮੁਨਾਸਬ ਵਿਧਾਨ ਮੰਡਲ" ਤੋਂ, ਮਤਲਬ ਹੈ, ਜਿਹੀ ਕਿ ਸੂਰਤ ਹੋਵੇ, ਸੰਸਦ ਜਾਂ ਕਿਸੇ ਰਾਜ ਦਾ ਵਿਧਾਨ-ਮੰਡਲ,ਜੋ ਭਾਗ II ਦੇ ਉਪਬੰਧਾਂ ਦੇ ਅਨੁਸਾਰ ਅਜਿਹੇ ਮਾਮਲੇ ਦੇ ਸੰਬੰਧ ਵਿਚ ਕਾਨੂੰਨ ਬਣਾਉਣ ਦੇ ਲਈ ਸ਼ਕਤਵਾਨ ਹੈ।

Ministry of Law & Justice

## ਭਾਗ XV

## ਚੋਣਾਂ

ਚੋਣਾਂ ਦੇ ਅਧੀਖਣ, ਨਿਦੇਸ਼ ਅਤੇ ਕੰਟਰੋਲ ਦਾ ਇਕ ਚੋਣ ਕਮਿਸ਼ਨ ਵਿਚ ਨਿਹਿਤ ਹੋਣਾ।

324.(1) ਇਸ ਸੰਵਿਧਾਨ ਦੇ ਅਧੀਨ ਸੰਸਦ ਅਤੇ ਹਰਿਕ ਰਾਜ ਦੇ ਵਿਧਾਨ-ਮੰਡਲ ਲਈ ਸਭ ਚੋਣਾਂ ਲਈ ਚੋਣਕਾਰ ਸੂਚੀਆਂ ਤਿਆਰ ਕਰਵਾਉਣ ਦਾ, ਅਤੇ ਉਨ੍ਹਾਂ ਸਭ ਚੋਣਾਂ ਦੇ ਸੰਚਾਲਣ ਦਾ, ਅਤੇ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੇ ਅਹੁਦਿਆਂ ਦੀਆਂ ਚੋਣਾਂ ਦਾ ਅਧੀਖਣ, ਨਿਦੇਸ਼ ਅਤੇ ਕੰਟਰੋਲ [1]* * * * ਇਕ ਕਮਿਸ਼ਨ ਵਿਚ ਨਿਹਿਤ ਹੋਵੇਗਾ (ਜਿਸ ਦਾ ਇਸ ਸੰਵਿਧਾਨ ਵਿਚ ਚੋਣ ਕਮਿਸ਼ਨ ਦੇ ਨਾਂ ਨਾਲ ਹਵਾਲਾ ਦਿੱਤਾ ਗਿਆ ਹੈ )।

**(2)** ਚੋਣ ਕਮਿਸ਼ਨ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਉਨੇ ਚੋਣ ਕਮਿਸ਼ਨਰਾਂ ਤੋਂ, ਜੇ ਕੋਈ ਹੋਣ, ਜਿੰਨੇ ਰਾਸ਼ਟਰਪਤੀ ਸਮੇਂ ਸਮੇਂ ਤੇ ਨਿਯਤ ਕਰੇ ਮਿਲ ਕੇ ਬਣੇਗਾ, ਅਤੇ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰਾਂ ਦੀ ਨਿਯੁਕਤੀ, ਸੰਸਦ ਦੇ ਉਸ ਨਮਿੱਤ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਰਾਸ਼ਟਰਪਤੀ ਦੁਆਰਾ ਕੀਤੀ ਜਾਵੇਗੀ।

(3) ਜਦੋਂ ਕੋਈ ਹੋਰ ਚੋਣ ਕਮਿਸ਼ਨਰ ਇਸ ਤਰ੍ਹਾਂ ਨਿਯੁਕਤ ਕੀਤਾ ਜਾਵੇ ਮੁੱਖ ਚੋਣ ਕਮਿਸ਼ਨਰ ਚੋਣ ਕਮਿਸ਼ਨ ਦੇ ਚੇਅਰਮੈਨ ਵਜੋਂ ਕਾਰਜ ਕਰੇਗਾ।

(4) ਲੋਕ ਸਭਾ ਅਤੇ ਹਰੇਕ ਰਾਜ ਦੀ ਵਿਧਾਨ ਸਭਾ ਦੀ ਹਰੇਕ ਆਮ ਚੋਣ ਤੋਂ ਪਹਿਲਾਂ, ਅਤੇ ਵਿਧਾਨ ਪਰਿਸ਼ਦ ਵਾਲੇ ਹਰੇਕ ਰਾਜ ਦੀ ਵਿਧਾਨ ਪਰਿਸ਼ਦ ਲਈ ਪਹਿਲੀ ਆਮ ਚੋਣ ਤੋਂ ਪਹਿਲਾਂ ਅਤੇ ਉਸ ਤੋਂ ਪਿੱਛੋਂ ਹਰੇਕ ਦੋ-ਸਾਲਾ ਚੋਣ ਤੋਂ ਪਹਿਲਾਂ, ਰਾਸ਼ਟਰਪਤੀ ਚੋਣ ਕਮਿਸ਼ਨਰ ਨਾਲ ਮਸ਼ਵਰਾ ਕਰਨ ਤੋਂ ਪਿੱਛੋਂ ਖੰਡ (1) ਦੁਆਰਾ ਚੋਣ ਕਮਿਸ਼ਨ ਨੂੰ ਪ੍ਰਦਾਨ ਕੀਤੇ ਗਏ ਕਾਜ-ਕਾਰਾਂ ਦੇ ਪਾਲਣ ਵਿਚ ਕਮਿਸ਼ਨ ਦੀ ਸਹਾਇਤਾ ਲਈ

---

[1] ਸ਼ਬਦ "ਜਿਸ ਵਿਚ ਸ਼ੰਸਦ ਦੀਆਂ ਅਤੇ ਰਾਜਾਂ ਦੇ ਵਿਧਾਨ-ਮੰਡਲ ਦੀਆਂ ਚੋਣਾਂ ਤੋ ਜਾਂ ਦੇ ਤੱਲਕ ਵਿਚ ਪੈਦਾ ਹੋਵੇ ਸ਼ੰਕਾ ਅਤੇ ਝਗੜਿਆਂ ਦੇ ਫੈਸਲੇ ਲਈ ਟ੍ਰਿਬਿਊਨਲਾਂ ਦੀ ਨਿਯੁਕਤੀ ਸ਼ਾਮਲ ਹੈ" ਸੰਵਿਧਾਨ (ਉਨ੍ਹੀਵੀਂ ਸੋਧ) ਐਕਟ, 1965, ਧਾਰਾ 2 ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

ਅਜਿਹੇ ਪ੍ਰਦੇਸ਼ਕ ਕਮਿਸ਼ਨਰ ਵੀ ਨਿਯੁਕਤ ਕਰ ਸਕੇਗਾ ਜਿਹੇ ਉਹ ਜਰੂਰੀ ਸਮਝੇ।

(5) ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਤੇ ਤਾਬੇ, ਚੋਣ ਕਮਿਸ਼ਨਰਾਂ ਅਤੇ ਪ੍ਰਦੇਸ਼ਕ ਕਮਿਸ਼ਨਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਅਹੁਦੇ ਦੀ ਅਉਧ ਅਜਿਹੀਆਂ ਹੋਣਗੀਆਂ ਜਿਹੀਆਂ ਰਾਸ਼ਟਰਪਤੀ ਨਿਯਮ ਦੁਆਰਾ ਤੈਅ ਕਰੇ :

ਪਰੰਤੂ ਮੁੱਖ ਚੋਣ ਕਮਿਸ਼ਨਰ ਆਪਣੇ ਅਹੁਦੇ ਤੋਂ ਉਸੇ ਢੰਗ ਨਾਲ ਅਤੇ ਉਨ੍ਹਾਂ ਹੀ ਆਧਾਰਾਂ ਦੇ ਸਿਵਾਏ ਨਹੀਂ ਹਟਾਇਆ ਜਾਵੇਗਾ ਜਿਸ ਢੰਗ ਨਾਲ ਅਤੇ ਜਿਨ੍ਹਾਂ ਆਧਾਰਾਂ ਤੇ ਸਰਵ-ਉੱਚ ਅਦਾਲਤ ਦਾ ਕੋਈ ਜੱਜ ਹਟਾਇਆਂ ਜਾ ਸਕਦਾ ਹੈ ਅਤੇ ਮੁੱਖ ਚੋਣ ਕਮਿਸ਼ਨਰ ਦੀ ਸੇਵਾ ਦੀਆਂ ਸ਼ਰਤਾਂ ਵਿਚ ਉਸ ਨੂੰ ਅਲਾਭਕਾਰੀ ਕੋਈ ਅਦਲ-ਬਦਲ ਉਸ ਦੀ ਨਿਯੁਕਤੀ ਪਿੱਛੋਂ ਨਹੀਂ ਕੀਤੀ ਜਾਵੇਗੀ :

ਪਰੰਤੂ ਇਹ ਹੋਰ ਕਿ ਕਿਸੇ ਹੋਰ ਚੋਣ ਕਮਿਸ਼ਨਰ ਜਾਂ ਕਿਸੇ ਪ੍ਰਦੇਸ਼ਕ ਕਮਿਸ਼ਨਰ ਨੂੰ ਮੁੱਖ ਚੋਣ ਕਮਿਸ਼ਨਰ ਦੀ ਸਿਫਾਰਸ਼ ਦੇ ਸਿਵਾਏ ਅਹੁਦੇ ਤੋਂ ਨਹੀਂ ਹਟਾਇਆ ਜਾਵੇਗਾ।

(6) ਜਦ ਚੋਣ ਕਮਿਸ਼ਨਰ ਅਜਿਹੀ ਪ੍ਰਾਰਥਨਾ ਕਰੇ, ਰਾਸ਼ਟਰਪਤੀ ਜਾਂ ਕਿਸੇ ਰਾਜ ਦਾ ਰਾਜਪਾਲ [2]* * * *ਚੋਣ ਕਮਿਸ਼ਨਰ ਜਾਂ ਕਿਸੇ ਪ੍ਰਦੇਸ਼ਕ ਕਮਿਸ਼ਨਰ ਨੂੰ ਅਜਿਹਾ ਅਮਲਾ ਪ੍ਰਾਪਤ ਕਰਾਵੇਗਾ ਜਿਹ ਖੰਡ (1) ਦੁਆਰਾ ਚੋਣ ਕਮਿਸ਼ਨ ਨੂੰ ਪ੍ਰਦਾਨ ਕੀਤੇ ਗਏ ਕਾਜ-ਕਾਰ ਨਿਭਾਉਣ ਲਈ ਜਰੂਰੀ ਹੋਵੇ।

**ਧਰਮ, ਨਸਲ ਜਾਤ ਜਾਂ ਲਿੰਗ ਦੇ ਆਧਾਰਾਂ ਤੇ**

325. ਸੰਸਦ ਦੇ ਹਰੇਕ ਸਦਨ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਹਰੇਕ ਸਦਨ ਲਈ ਚੋਣ ਲਈ ਹਰਿਕ ਪ੍ਰਦੇਸ਼ਕ ਚੋਣ-ਹਲਕੇ ਲਈ ਇਕ ਆਮ ਚੋਣਕਾਰ ਸੂਚੀ ਹੋਵੇਗੀ ਅਤੇ ਕੋਈ ਵਿਅਕਤੀ ਕੇਵਲ

[2] ਸਬਦ "ਜਾਂ ਰਾਜਪ੍ਰਮੁੱਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

**ਕਿਸੇ ਵਿਅਕਤੀ ਦਾ ਚੋਣਕਾਰ ਸੂਚੀ ਵਿਚ ਸ਼ਾਮਲ ਕੀਤੇ ਜਾਣ ਲਈ ਅਪਾਤਰ ਨ ਹੋਣਾ, ਜਾਂ ਕਿਸੇ ਵਿਸ਼ੇਸ ਚੋਣਕਾਰ ਸੂਚੀ ਵਿਚ ਸ਼ਾਮਲ ਕੀਤੇ ਜਾਣ ਦਾ ਦਾਅਵਾ ਨ ਕਰਨਾ।**

ਧਰਮ, ਨਸਲ, ਜਾਤ, ਲਿੰਗ ਜਾਂ ਇਨ੍ਹਾਂ ਵਿਚੋ ਕਿਸੇ ਦੇ ਆਧਰ ਤੇ ਅਜਿਹੀ ਕਿਸੇ ਸੂਚੀ ਵਿਚ ਸ਼ਾਮਲ ਕੀਤੇ ਜਾਣ ਲਈ ਅਪਾਤਰ ਨਹੀਂ ਹੋਵੇਗਾ ਜਾਂ ਅਜਿਹੇ ਕਿਸੇ ਚੋਣ-ਹਲਕੇ ਲਈ ਕਿਸੇ ਵਿਸ਼ੇਸ ਚੋਣਕਾਰ ਸੂਚੀ ਵਿਚ ਸ਼ਾਮਲ ਕੀਤੇ ਜਾਣ ਦਾ ਦਾਅਵਾ ਨਹੀਂ ਕਰੇਗਾ।

**ਲੋਕ ਸਭਾ ਅਤੇ ਰਾਜ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਦਾ ਬਾਲਗ ਵੋਟ-ਅਧਿਕਾਰ ਤੇ ਆਧਾਰ ਤੇ ਹੋਣਾ।**

326. ਲੋਕ ਸਭਾ ਲਈ ਅਤੇ ਹਰਿਕ ਰਾਜ ਦੀ ਵਿਧਾਨ ਸਭਾ ਲਈ ਚੋਣਾਂ ਬਾਲਗ ਵੋਟ-ਅਧਿਕਾਰ ਦੇ ਆਧਾਰ ਤੇ ਹੋਣਗੀਆਂ; ਅਰਥਾਤ, ਹਰਿਕ ਵਿਅਕਤੀ, ਜੋ ਭਾਰਤ ਦਾ ਨਾਗਰਿਕ ਹੈ ਅਤੇ ਅਜਿਹੀ ਤਰੀਕ ਤੇ, ਜਿਹੀ ਮੁਨਾਸਬ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ ਅਧੀਨ ਉਸ ਨਮਿੱਤ ਨਿਯਤ ਕੀਤੀ ਗਈ ਹੋਵੇ [3][ਅਠਾਰਾਂ ਸਾਲ] ਤੋਂ ਘੱਟ ਉਮਰ ਦਾ ਨ ਹੋਵੇ ਅਤੇ ਹੋਰਵੇਂ ਅਣਵਾਸ, ਚਿਤ-ਵਿਗਾੜ, ਅਪਰਾਧ ਜਾਂ ਭਰਿਸ਼ਟ ਜਾਂ ਗੈਰ-ਕਾਨੂੰਨੀ ਆਚਰਨ ਦੇ ਆਧਾਰ ਤੇ ਇਸ ਸੰਵਿਧਾਨ ਜਾਂ ਮੁਨਾਸਬ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੇ ਅਧੀਨ ਨਾਕਾਬਲ ਨ ਹੋਵੇ, ਅਜਿਹੀ ਕਿਸੇ ਚੋਣ ਵਿਚ ਵੋਟਰ ਵਜੋਂ ਰਜਿਸਟਰ ਕੀਤੇ ਜਾਣ ਦਾ ਹੱਕਦਾਰ ਹੇਵੇਗਾ।

**ਸੰਸਦ ਦੀ ਵਿਧਾਨ-ਮੰਡਲਾਂ ਲਈ ਚੋਣਾਂ ਬਾਰੇ ਉਪਬੰਧ**

327. ਇਸ ਸੰਵਿਧਾਨ ਦੇ ਉਪਬੰਧਾ ਦੇ ਤਾਬੇ , ਸੰਸਦ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਸੰਸਦ ਦੇ ਹਰੇਕ ਸੰਦਨ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਹਰੇਕ ਸਦਨ ਲਈ ਚੋਣਾਂ ਨਾਲ ਸਬੰਧਤ ਜਾਂ ਦੇ ਤੱਲਕ ਵਿਚ ਸਭ ਮਾਮਲਿਆਂ ਬਾਰੇ ਜਿਨ੍ਹਾਂ ਵਿਚ ਚੋਣਕਾਰ ਸੂਚੀਆਂ ਦਾ

Ministry of Law & Justice

---

[3] ਸੰਵਿਧਾਨ (ਇਕਾਹਠਵੀਂ ਸੋਧ) ਐਕਟ, 1988 ਕੀ ਧਾਰਾ 2 ਲਈ “ਇਕੀ ਸਾਲ” ਦੀ ਥਾਵੇਂ ਰੱਖੇ ਗਏ।

ਬਣਾਉਣ ਦੀ ਸ਼ਕਤੀ।

ਤਿਆਰ ਕਰਾਊਣਾ, ਚੋਣ-ਹਲਕਿਆਂ ਦੀ ਹੱਦਬੰਦੀ ਅਤੇ ਅਜਿਹੇ ਸਦਨ ਜਾਂ ਠੀਕ ਗਠਨ ਸੁਨਿਸਚਿਤ ਕਰਨ ਲਈ ਜਰੂਰੀ ਹੋਰ ਸਭ ਮਾਮਲੇ ਸ਼ਾਮਲ ਹਨ, ਉਪਬੰਧ ਕਰ ਸਕੇਗੀ।

ਕਿਸੇ ਰਾਜ ਦੇ ਵਿਧਾਨ-ਮੰਡਲ ਦੀ ਅਜਿਹੇ ਵਿਧਾਨ-ਮੰਡਲ ਲਈ ਚੋਣਾ ਬਾਰੇ ਉਪਬੰਧ ਬਣਾਉਣ ਦੀ ਸ਼ਕਤੀ।

328. ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਅਤੇ ਜਿੱਥੋ ਤਕ ਸੰਸਦ ਉਸ ਨਮਿੱਤ ਉਪਬੰਧ ਨ ਬਣਾਵੇ, ਕਿਸੇ ਰਾਜ ਦਾ ਵਿਧਾਨ-ਮੰਡਲ ਸਮੇਂ ਸਮੇਂ ਤੇ ਕਾਨੂੰਨ ਦੁਆਰਾ ਉਸ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਦੇ ਹਰੇਕ ਸਦਨ ਲਈ ਚੋਣਾਂ ਨਾਲ ਸੰਬੰਧਤ, ਜਾਂ ਦੇ ਤੱਲਕ ਵਿਚ ਸਭ ਮਾਮਲਿਆਂ ਬਾਰੇ ਜਿਨ੍ਹਾਂ ਵਿਚ ਚੋਣਕਾਰ ਸੂਚੀਆਂ ਦਾ ਤਿਆਰ ਕਰਾਉਣਾ ਅਤੇ ਅਜਿਹੇ ਸਦਨ ਜਾਂ ਸਦਨਾਂ ਦਾ ਠੀਕ ਗਠਨ ਸੂਨਿਸ਼ਚਿਤ ਕਰਨ ਲਈ ਜਰੂਰੀ ਹੋਰ ਸਭ ਮਾਮਲੇ ਸ਼ਾਮਲ ਹਨ, ਉਪਬੰਧ ਕਰ ਸਕੇਗਾ।

ਚੋਣ ਮਾਮਲਿਆਂ ਵਿਚ ਅਦਾਲਤਾਂ ਦੁਆਰਾ ਦਖਲ ਤੇ ਰੋਕ।

[4]329. [5][ਇਸ ਸੰਵਿਧਾਨ ਵਿਚ ਕਿਸੇ ਗਲ ਦੇ ਹੁੰਦਿਆਂ ਹੋਇਆਂ ਵੀ, ਪਰ ਅਨੁਛੇਦ 329 ੳ ਦੇ ਉਪਬੰਧਾਂ ਦੇ ਤਾਬੇ]–

(ੳ) ਅਨੁਛੇਦ 327 ਜਾਂ ਅਨੁਛੇਦ 328 ਦੇ ਅਧੀਨ ਬਣਾਏ ਗਏ ਜਾਂ ਬਣਾਏ ਜਾਣੇ ਤਾਤਪਰਜਤ, ਕਿਸੇ ਕਾਨੂੰਨ ਦੀ ਜੋ ਚੋਣ-ਹਲਕਿਆਂ ਦੀ ਹੱਦਬੰਦੀ ਜਾਂ ਅਜਿਹੇ ਚੋਣ-ਹਲਕਿਆਂ ਨੂੰ ਥਾਵਾਂ ਤੇ ਅਲਾਟ ਕਰਨ ਨਾਲ ਸੰਬੰਧਤ ਹੋਵੇ ਜਾਇਜਤਾ ਤੇ, ਕਿਸੇ ਅਦਾਲਤ ਵਿਚ ਉਜਰ ਨਹੀਂ ਕੀਤਾ ਜਾਵੇਗਾ ;

(ਅ) ਸੰਸਦ ਦੇ ਕਿਸੇ ਸਦਨ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਦੋਹਾਂ ਵਿਚੋਂ ਕਿਸੇ ਸਦਨ ਦੀ ਕਿਸੇ ਚੋਣ ਤੇ ਅਜਿਹੀ ਚੋਣ ਅਰਜੀ ਦੇ ਸਿਵਾਏ ਕੋਈ ਉਜਰ ਨਹੀਂ ਕੀਤਾ ਜਾਵੇਗਾ ਜੋ ਅਜਿਹੇ ਸੱਤਾਧਾਰੀ ਨੂੰ ਅਤੇ ਅਜਿਹੇ ਢੰਗ ਨਾਲ ਪੇਸ਼ ਕੀਤੀ ਗਈ ਹੋਵੇ ਜਿਹਾ ਮੁਨਾਸਬ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੁਆਰਾ ਜਾਂ ਦੇ

Ministry of Law & Justice

---

[4] ਸੰਵਿਧਾਨ (ਉਨਤਾਲ੍ਹੀਵੀਂ ਸੋਧ) ਐਕਟ, 1975 ਦੀ ਧਾਰਾ 3 ਦੁਆਰਾ ਕੁਝ ਸ਼ਬਦਾਂ ਦੀ ਥਾਵੇਂ ਰੱਖੇ ਗਏ।

[5] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 35 ਦੁਆਰਾ (20.06.1979 ਤੋਂ ਪ੍ਰਭਾਵੀ) "ਪਰੰਤੂ ਅਨੁਛੇਦ 329 ੳ ਦੇ ਉਪਬੰਦ ਦੇ ਤਾਬੇ" ਸ਼ਬਦਾਂ ਅਤੇ ਅੱਖਰਾਂ ਦਾ ਲੋਪ ਕੀਤਾ ਗਿਆ। ਸੰਵਿਧਾਨ (ਉਨਤਾਲ੍ਹੀਵੀਂ ਸੋਧ) ਐਕਟ, 1975 ਦੁਆਰਾ ਸ਼ਬਦ, ਅੰਕ ਅਤੇ ਅੱਖਰ ਦੇ ਥਾਵੇਂ ਰੱਖੇ ਗਏ।

ਅਧੀਨ ਉਪਬੰਧਤ ਹੋਵੇ ।

329 ੳ [ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ[6]**** (ਪ੍ਰਧਾਨ ਮੰਤਰੀ ਅਤੇ ਸਪੀਕਰ ਦੇ ਮਾਮਲੇ ਵਿਚ ਸੰਸਦ ਦੇ ਲਈ ਚੋਣ ਦੇ ਬਾਰੇ ਵਿਚ ਵਿਸ਼ੇਸ ਉਪਬੰਧ) ਸੰਵਿਧਾਨ [ਚੌਤਾਲਵੀਂ ਸੋਧ] ਐਕਟ, 1978 ਦੀ ਧਾਰਾ 36 ਦੁਆਰਾ (20.06.1979) ਤੋਂ ਪ੍ਰਭਾਵੀ ਨਿਰਸਤ ।

Ministry of Law & Justice

[6] ਸੰਵਿਧਾਨ (ਉਨਤਾਲ੍ਹੀਵੀਂ ਸੋਧ) ਐਕਟ, 1975 ਦੀ ਧਾਰਾ 4 ਦੁਆਰਾ ਅੰਤਰਸਥਾਪਤ ।

# ਭਾਗ XVI

## ਕੁਝ ਕੁ ਸ਼੍ਰੇਣੀਆਂ ਸੰਬੰਧੀ ਵਿਸ਼ੇਸ ਉਪਬੰਧ

ਲੋਕ ਸਭਾ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਥਾਵਾਂ ਦਾ ਰਾਖਵਾਂ ਕਰਨਾ।

330. (1) ਲੋਕ ਸਭਾ ਵਿਚ -

(ੳ) ਅਨੁਸੂਚਿਤ ਜਾਤਾਂ ;

[1][(ਅ) ਅਸਾਮ ਦੇ ਖੁਦਮੁਖਤਿਆਰ ਜਿਲਿਆਂ ਵਿਚ ਅਨੁਸੂਚਿਤ ਕਬੀਲਿਆਂ ਦੇ ਸਿਵਾਏ ਹੋਰ ਅਨੁਸੂਚਿਤ ਕਬੀਲਿਆਂ ਦੇ ਲਈ, ਅਤੇ]

(ੲ) ਆਸਾਮ ਦੇ ਖੁਦਮੁਥਤਾਰ ਜਿਲ੍ਹੀਆਂ ਵਿਚਲੇ ਅਨੁਸੂਚਿਤ ਕਬੀਲਿਆਂ ;

ਲਈ ਥਾਵਾਂ ਰਾਂਖਵੀਆਂ ਹੋਣਗੀਆਂ।

(2) ਖੰਡ (1) ਦੇ ਅਧੀਨ ਅਨੁਸੂਚਿਤ ਜਾਤਾਂ ਜਾਂ ਅਨੁਸੂਚਿਤ ਕਬੀਲਿਆਂ ਲਈ ਕਿਸੇ ਰਾਜ [2][ ਜਾਂ ਸੰਘ ਰਾਜ ਖੇਤਰ ] ਵਿਚ ਰਾਂਖਵੀਆਂ ਥਾਵਾਂ ਦੀ ਗਿਣਤੀ ਦਾ ਅਨੁਪਾਤ ਲੋਕ ਸਭਾ ਵਿਚ ਉਸ ਰਾਜ [2][ ਜਾਂ ਸੰਘ ਰਾਜ ਖੇਤਰ] ਨੂੰ ਅਲਾਟ ਕੀਤੀਆਂ ਥਾਵਾਂ ਦੀ ਕੁਲ ਗਿਣਤੀ ਨਾਲ, ਜਿੱਥੋਂ ਤੱਕ ਹੋ ਸਕੇ, ਉਹੀ ਹੋਵੇਗਾ ਜੋ ਉਸ ਰਾਜ [2][ਜਾਂ ਸੰਘ ਰਾਜ-ਖੇਤਰ] ਵਿਚਲੀਆਂ ਅਨੁਸੂਚਿਤ ਜਾਤਾਂ ਦੀ ਜਾਂ ਉਸ ਰਾਜ [2][ਜਾਂ ਸੰਘ ਰਾਜਖੇਤਰ], ਜਾਂ ਉਸ ਰਾਜ [2][ਜਾਂ ਸੰਘ ਰਾਜ-ਖੇਤਰ] ਦੇ ਭਾਗ ਵਿਚਲੇ ਅਨੁਸੂਚਿਤ ਕਬੀਲਿਆਂ ਦੀ, ਜਿਹੀ ਕੀ ਸੂਰਤ ਹੋਵੇ, ਜਿਨ੍ਹਾਂ ਬਾਰੇ ਥਾਵਾਂ ਇਸ ਤਰ੍ਹਾਂ ਰਾਂਖਵੀਆਂ ਕੀਤੀਆਂ ਗਈਆਂ ਹੋਣ, ਆਬਾਦੀ ਦਾ ਅਨੁਪਾਤ ਉਸ ਰਾਜ [ਜਾਂ ਸੰਘ ਰਾਜ-ਖੇਤਰ] ਦੀ ਕੁਲ ਆਬਾਦੀ ਨਾਲ ਹੈ।

---

[1] ਸੰਵਿਧਾਨ ਦੀ (ਇਕਵੰਜਵੀਂ ਸੋਧ) ਐਕਟ, 1984 ਦੀ ਧਾਰਾ 2 ਦੁਆਰਾ (16.06.1986 ਤੋਂ ਪ੍ਰਭਾਵੀ) ਉਪਖੰਡ (ਅ) ਦੀ ਥਾਵੇਂ ਰੱਖੇ ਗਏ।

[2] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਅੰਤਰਸਥਾਪਤ।



Ministry of Law & Justice

[3][(3) ਖੰਡ (2) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਆਸਾਮ ਦੇ ਖ਼ੁਦਮੁਖ਼ਤਾਰ ਜਿਲ੍ਹਿਆਂ ਵਿਚਲੇ ਅਨੁਸੂਚਿਤ ਕਬੀਲਿਆਂ ਲਈ ਲੋਕ ਸਭਾ ਵਿਚ ਰਾਂਖਵੀਆਂ ਥਾਵਾਂ ਦੀ ਗਿਣਤੀ ਦਾ ਉਸ ਰਾਜ ਨੂੰ ਅਲਾਟ ਹੋਈਆਂ ਥਾਵਾਂ ਦੀ ਕੁਲ ਗਿਣਤੀ ਨਾਲ ਅਨੁਪਾਤ ਉਸ ਅਨੁਪਾਤ ਨਾਲੋਂ ਘੱਟ ਨਹੀਂ ਹੋਵੇਗਾ ਜੋ ਕਿ ਉਕਤ ਖ਼ੁਦਮੁਖ਼ਤਾਰ ਜਿਲ੍ਹਿਆਂ ਦੀ ਅਨੁਸੂਚਿਤ ਕਬੀਲਿਆਂ ਦੀ ਆਬਾਦੀ ਦਾ ਉਸ ਰਾਜ ਦੀ ਕੁਲ ਆਬਾਦੀ ਨਾਲ ਹੈ। ]

[4][ਵਿਆਖਿਆ – ਇਸ ਅਨੁਛੇਦ ਵਿਚ ਅਤੇ ਅਨੁਛੇਦ 332 ਵਿਚ "ਜਨਸੰਖਿਆ" ਪਦ ਤੋਂ ਮਤਲਬ ਹੈ ਅਜਿਹੀ ਅੰਤਿਮ ਪੂਰਵਵਰਤੀ ਜਨਸੰਖਿਆ ਜਿਸ ਦੇ ਸੰਸਗਤ ਅੰਕੜੇ ਪ੍ਰਕਾਸ਼ਤ ਹੋ ਗਏ ਹਨ :

ਪਰੰਤੂ ਇਸ ਸਪਸ਼ਟੀਕਰਣ ਵਿਚ ਅੰਤਮ ਪੂਰਵ-ਵਰਤੀ ਜਨਗਣਨਾ ਦੇ ਹਵਾਲੇ ਪ੍ਰਤੀ, ਜਿਸ ਦੇ ਸੁਸੰਗਤ ਅਕੜੇ ਪ੍ਰਕਾਸ਼ਤ ਹੋ ਗਏ ਹਨ, ਨਿਦੇਸ਼ ਦੇ ਜਦ ਤੱਕ ਸੰਨ [5][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨ ਗਣਨਾ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਨਹੀਂ ਹੋ ਜਾਂਦੇ ਹਨ, ਇਹ ਅਰਥ ਕੱਢਿਆ ਜਾਵੇਗਾ ਕਿ ਉਹ [6][2001] ਦੀ ਜਨਗਣਨਾ ਦੇ ਪ੍ਰਤਿ ਹਵਾਲਾ ਹੈ।

ਲੋਕ ਸਭਾ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ।

331. ਅਨੁਛੇਦ 81 ਵਿਚ ਕਿਸੇ ਗੱਲ ਦੇ ਹੁਦਿਆਂ ਹੋਇਆਂ ਵੀ, ਜੇ ਰਾਸ਼ਟਰਪਤੀ ਦੀ ਰਾਏ ਹੋਵੇ ਕਿ ਲੋਕ ਸਭਾ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ ਚੋਖੀ ਨਹੀਂ ਹੈ, ਉਸ ਲੋਕ ਸਭਾ ਵਿਚ ਉਸ ਫਿਰਕੇ ਦੇ ਮੈਂਬਰ ਜੋ ਦੋ ਤੋ ਵਧੇਰੇ ਨ ਹੋਣ ਨਾਮਜਦ ਕਰ ਸਕੇਗਾ।

---

[3] ਸੰਵਿਧਾਨ (ਇਕੱਤੀਵੀਂ ਸੋਧ) ਐਕਟ, 1973, ਧਾਰਾ 3(ਅ) ਦੁਆਰਾ ਅੰਤਰਸਥਾਪਤ।

[4] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 47 ਦੁਆਰਾ (03.01.1977 ਤੋਂ ਪ੍ਰਭਾਵੀ) ਅੰਤਰਸਥਾਪਤ।

[5] ਸੰਵਿਧਾਨ ਦੀ (ਚੁਰਾਸੀਵੀਂ ਸੋਧ) ਐਕਟ, 2001 ਦੀ ਧਾਰਾ 6 ਦੁਆਰਾ "2000" ਦੀ ਥਾਵੇਂ ਅੰਤਰਸਥਾਪਤ।

[6] ਸੰਵਿਧਾਨ (ਸਤਾਨਵੀਂ ਸੋਧ) ਐਕਟ, 2003 ਦੀ ਧਾਰਾ 5 ਦੁਆਰਾ "1991" ਤੀ ਥਾਵੇਂ ਰਖੇ ਗਏ।



Ministry of Law & Justice

ਰਾਜ ਦੀਆਂ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਥਾਵਾਂ ਦਾ ਰਾਖਵਾ ਕਰਨਾਂ।

332 (1) [7]ਹਰਿਕ ਰਾਜ ਵਿਚ ਵਿਧਾਨ ਸਭਾ ਵਿਚ ਅਨੁਸੂਚਿਤ ਜਾਤਾਂ ਅਤੇ [8][ਆਸਾਮ ਦੇ ਖੁਦਮੁਖਤਿਆਰ ਜਿਲਿਆਂ ਦੀਆਂ ਅਨਸੂਚਿਤ ਕਬੀਲਿਆਂ ਦੇ ਸਿਵਾਏ] ਹੋਰ ਅਨੁਸੂਚਿਤ ਕਬੀਲਿਆਂ ਦੇ ਲਈ ਸੀਟਾਂ ਰਾਂਖਵੀਆਂ ਹੋਣਗੀਆਂ।

(2) ਆਸਾਮ ਰਾਜ ਦੀ ਵਿਧਾਨ ਸਭਾ ਵਿਚ ਖ਼ੁਦਮੁਖ਼ਤਾਰ ਜਿਲ੍ਹੀਆਂ ਲਈ ਵੀ ਥਾਵਾਂ ਰਾਂਖਵੀਆਂ ਕੀਤੀਆਂ ਜਾਣਗੀਆਂ।

(3) ਖੰਡ (1) ਦੇ ਅਧੀਨ ਕਿਸੇ ਰਾਜ ਦੀ ਵਿਧਾਨ ਸਭਾ ਵਿਚ ਅਨੁਸੂਚਿਤ ਜਾਤਾਂ ਜਾਂ ਅਨੁਸੂਚਿਤ ਕਬੀਲਿਆਂ ਲਈ ਰਾਂਖਵੀਆਂ ਕੀਤੀਆਂ ਥਾਵਾਂ ਦੀ ਗਿਣਤੀ ਦਾ ਅਨੁਪਾਤ ਉਸ ਸਭਾ ਦੀਆਂ ਥਾਵਾਂ ਕੀ ਕੁਲ ਗਿਣਤੀ ਨਾਲ, ਜਿੱਥੋਂ ਤੱਕ ਹੋ ਸਕੇ, ਉਹੀ ਹੋਵੇਗਾ ਜੋ ਉਸ ਰਾਜ ਵਿਚਲੀਆਂ ਅਨੁਸੂਚਿਤ ਜਾਤਾਂ ਦੀ ਜਾਂ ਉਸ ਰਾਜ ਵਿਚਲੇ ਜਾਂ ਉਸ ਰਾਜ ਦੇ ਭਾਗ ਵਿਚਲੇ ਅਨੁਸੂਚਿਤ ਕਬੀਲਿਆਂ ਦੀ, ਜਿਹੀ ਕਿ ਸੂਰਤ ਹੋਵੇ, ਜਿਨ੍ਹਾਂ ਦੇ ਸੰਬੰਧ ਵਿਚ ਥਾਵਾਂ ਇਸ ਤਰ੍ਹਾਂ ਰਾਂਖਵੀਆਂ ਕੀਤੀਆਂ ਗਈਆਂ ਹਨ, ਆਬਾਦੀ ਦਾ ਅਨੁਪਾਤ ਉਸ ਰਾਜ ਦੀ ਕੁਲ ਆਬਾਦੀ ਨਾਲ ਹੈ।

[9][(3ੳ) ਖੰਡ (3) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਾਲ [10][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨਗਣਨਾ ਦੇ ਅਧਾਰ ਤੇ,

---

[7] ਸੰਵਿਧਾਨ (ਸੱਤਵਾਂ ਸੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਪਹਿਲੀ ਅਨੁਸੂਚੀ ਦੇ ਭਾਗ ਕ ਯਾ ਭਾਗ ਖ ਵਿਚ ਵਿਨਿਦਿਰਸ਼ਿਟ ਸ਼ਬਦਾਂ ਦਾ ਲੋਪ ਕੀਤਾ ਗਿਆ।

[8] ਸੰਵਿਧਾਨ (ਇਕਵੰਜਵੀ ਸੋਧ) ਐਕਟ, 1984 ਦੀ ਧਾਰਾ 3 ਦੁਆਰਾ (16.06.1986 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦੀ ਥਾਵੇਂ ਰੱਖੇ ਗਏ।

[9] ਸੰਵਿਧਾਨ (ਸੱਤਵੀਜਵੀਂ ਸੋਧ) ਐਕਟ, 1987 ਦੀ ਧਾਰਾ 2 ਦੁਆਰਾ (21.09.1987 ਤੋਂ ਪ੍ਰਭਾਵੀ) ਅੰਤਰਸਥਾਪਤ।

[10] ਸੰਵਿਧਾਨ (ਚੌਰਾਸਵੀਂ ਸੋਧ) ਐਕਟ, 2001 ਦੀ ਧਾਰਾ 7 ਦੁਆਰਾ "2000" ਦੀ ਥਾਵਾਂ ਰੱਖੇ ਗਏ

ਅਰੁਮਾਚਲ ਪ੍ਰਦੇਸ਼, ਮੇਘਾਲਯ, ਮੀਜੋਰਮ ਅਤੇ ਨਾਗਾਲੈਂਡ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਸੀਟਾਂ ਦੀ ਸੰਖਿਆਂ ਦੇ, ਅਨੁਛੇਦ 170 ਦੇ ਅਧੀਨ, ਪੁਨਰ ਸਮਾਯੋਜਨ ਦੇ ਪ੍ਰਭਾਵੀ ਹੋਣ ਤੱਕ, ਜੋ ਸੀਟਾਂ ਅਜਿਹੇ ਕਿਸੇ ਰਾਜ ਦੀ ਵਿਧਾਨ ਸਭਾ ਵਿਚ ਅਨੁਸੂਚਿਤ ਕਬੀਲਿਆਂ ਦੀ ਰਾਖਵੇਂ ਕੀਤੇ ਜਾਣਗੇ, ਉਹ--

(ੳ) ਜੋ ਸਵਿਧਾਨ (ਸੰਤਵਜਵੀਂ ਸੋਧ) ਐਕਟ, 1987 ਦੇ ਨਾਫ਼ਜ਼ ਹੋਣ ਦੀ ਤਰੀਕ ਨੂੰ ਅਜਿਹੇ ਰਾਜ ਦੀ ਮੌਜੂਦਾ ਵਿਧਾਨ ਸਭਾ ਵਿਚ (ਜਿਸ ਨੂੰ ਇਸ ਖੰਡ ਵਿਚ ਇਸ ਦੇ ਪਿਛੋਂ ਮੈਜੂਦਾ ਵਿਧਾਨ ਸਭਾ ਕਿਹਾ ਗਿਆ ਹੈ) ਸਾਰੀਆਂ ਸੀਟਾਂ ਅਨੁਸੁਚਿਤ ਕਬੀਲਿਆਂ ਦੇ ਮੈਂਬਰਾਂ ਦੁਆਰਾ ਧਾਰਤ ਹੈ, ਤਾਂ ਇਕ ਸੀਟ ਨੂੰ ਛੱਡ ਕੇ ਸਾਰੀਆਂ ਸੀਟਾਂ ਹੋਣਗੀਆਂ;

(ਅ) ਕਿਸੇ ਹੋਰ ਸੂਰਤ ਵਿਚ, ਉਨੀਆਂ ਸੀਟਾਂ ਹੋਣਗੀਆਂ,ਜਿਨ੍ਹਾਂ ਦੀ ਗਿਣਤੀ ਸੰਖਿਆਂ ਦਾ ਅਨੁਪਾਤ, ਸੀਟਾਂ ਦੀ ਕੁਲ ਸੰਖਿਆਂ ਦੇ ਉਸ ਅਨੁਪਾਤ ਤੋਂ ਘੱਟ ਨਹੀਂ ਹੋਣਗੇ ਜੋ ਮੌਜੂਦ ਵਿਧਾਨ ਸਭਾ ਵਿਚ ਅਨੁਸੂਚਿਤ ਕਬੀਲਿਆਂ ਦੀ ਮੈਂਬਰਾਂ ਦੀ (ਉਕਤ ਤਰੀਕ ਨੂੰ ਜਿਵੇਂ ਹੋਣ) ਸੰਖਿਆ ਦਾ ਅਨੁਪਾਤ ਮੌਜੂਦ ਵਿਧਾਨ ਸਭਾ ਵਿਚ ਸੀਟਾਂ ਦੀ ਕੁਲ ਸੰਖਿਆ ਤੋਂ ਹੈ।

[11][(3ਅ) ਖੰਡ (3) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਸਾਲ [12][2026] ਦੇ ਪਿੱਛੋਂ ਕੀਤੀ ਗਈ ਪਹਿਲੀ ਜਨਗਣਨਾ ਦੇ ਅਧਾਰ ਦੇ, ਤ੍ਰਿਪੁਰਾ ਰਾਜ ਦੀ ਵਿਧਾਨ ਸਭਾ ਵਿਚ ਸੀਟਾਂ ਦੀ ਸੰਖਿਆਂ ਦੇ, ਅਨੁਛੇਦ 170 ਦੇ ਅਧੀਨ, ਪੂਨਰ ਸਮਾਯੋਜਨ ਦੇ ਪ੍ਰਭਾਵੀ ਹੋਣ ਤੱਕ, ਜੋ ਸਥਾਨ ਉਸ ਵਿਧਾਨ ਸਭਾ ਵਿਚ ਅਨੁਸੂਚਿਤ ਕਬੀਲਿਆਂ ਦੇ ਲਈ ਰਾਖਵੇਂ ਕੀਤੇ ਜਾਣ ਗਏ ਉਹ ਉਨੀਆਂ ਸੀਟਾਂ ਹੋਣਗੀਆਂ ਜਿੰਨ੍ਹਾਂ ਦੀ ਸੰਖਿਆ ਦਾ ਅਨੁਪਾਤ,ਸੀਟਾਂ ਦੀ ਕੁਲ ਸੰਖਿਆ ਦੇ ਉਸ ਅਨੁਪਾਤ ਤੋਂ ਘੱਟ ਨਹੀਂ ਹੋਵੇਗਾ ਜੋ ਮੌਜੂਦਾ ਵਿਧਾਨ ਸਭਾ ਵਿਚ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਦੀ,

[11] ਸੰਵਿਧਾਨ (ਬਹਤਰਵੀਂ ਸੋਧ) ਐਕਟ, 1992 ਦੀ ਧਾਰਾ 2 ਦੁਆਰਾ (5.12.1992 ਤੋਂ ਪ੍ਰਭਾਵੀ) ਅੰਤਰਸਥਾਪਤ

[12] ਸੰਵਿਧਾਨ (ਚੌਰਾਸੀਵੀਂ ਸੋਧ) ਐਕਚ, 2001 ਦੀ ਧਾਰਾ 7 ਦੁਆਰਾ ਅੰਤਰਸਥਾਪਤ।



Ministry of Law & Justice

ਸੰਵਿਧਾਨ (ਬਹਤਰਵੀਂ ਸੋਧ) ਐਕਟ, 1992 ਦੇ ਨਾਫ਼ਜ਼ ਹੋਣ ਦੀ ਤਰੀਕ ਨੂੰ ਜਿਵੇਂ ਮੌਜੂਦ ਸੰਖਿਆ ਦਾ ਅਨੁਪਾਤ ਉਕਤ ਤਰੀਕ ਨੂੰ ਉਸ ਵਿਧਾਨ ਸਭਾ ਵਿਚ ਸੀਟਾਂ ਦੀ ਕੁਲ ਸੰਖਿਆ ਤੋਂ ਹੈ ।]

(4) ਆਸਾਮ ਰਾਜ ਦੀ ਵਿਧਾਨ ਸਭਾ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਲਈ ਰਾਂਖਵੀਆਂ ਥਾਵਾਂ ਦੀ ਗਿਣਤੀ ਦਾ ਉਸ ਸਭਾ ਦੀਆਂ ਥਾਵਾਂ ਦੀ ਕੁਲ ਗਿਣਤੀ ਨਾਲ ਅਨੁਪਾਤ ਉਸ ਅਨੁਪਾਤ ਤੋਂ ਘੱਟ ਨਹੀਂ ਹੋਵੇਗਾ ਜੋ ਉਸ ਜਿਲ੍ਹੇ ਦੀ ਆਬਾਦੀ ਦਾ ਉਸ ਰਾਜ ਦੀ ਕੁਲ ਆਬਾਦੀ ਨਾਲ ਹੈ ।

(5) [13][* * * * * * * * * *]ਆਸਾਮ ਦੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਲਈ ਰਾਂਖਵੀਆਂ ਥਾਵਾਂ ਦੇ ਚੋਣ-ਹਲਕਿਆਂ ਵਿਚ ਉਸ ਜਿਲ੍ਹੇ ਤੋਂ ਬਾਹਰ ਦਾ ਕੋਈ ਖੇਤਰ ਸਮਾਵਿਸ਼ਟ ਨਹੀਂ ਹੋਵੇਗਾ ।

(6) ਕੋਈ ਵਿਅਕਤੀ ਜੋ ਆਸਾਮ ਰਾਜ ਦੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੇ ਕਿਸੇ ਅਨੁਸੂਚਿਤ ਕਬੀਲੇ ਦਾ ਮੈਂਬਰ ਨ ਹੋਵੇ ਉਸ ਰਾਜ ਦੀ ਵਿਧਾਨ ਸਭਾ ਲਈ * * * * * * * * * ਉਸ ਜਿਲ੍ਹੇ ਦੇ ਕਿਸੇ ਚੋਣ-ਹਲਕੇ ਤੋਂ ਚੁਣੇ ਜਾਣ ਦਾ ਪਾਤਰ ਨਹੀਂ ਹੋਵੇਗਾ ।

[14][ਪਰੰਤੂ ਅਸਾਮ ਰਾਜ ਦੀ ਵਿਧਾਨ ਸਭਾ ਦੇ ਚੋਣ ਖੇਤਰ ਦੇ ਲਈ, ਬੋਡੋਲੈਂਡ ਪ੍ਰਦੇਸ਼ਿਕ ਪਰਿਸ਼ਦ ਖੇਤਰ ਜਿਲਾਂ ਵਿਚ ਸੰਮਲਿਤ ਚੋਣ-ਖੇਤਰ ਵਿਚ ਅਨੁਸੂਚਿਤ ਕਬੀਲਿਆਂ ਅਤੇ ਗੈਰ ਅਨੁਸੂਚਿਤ ਕਬੀਲਿਆਂ ਦੀ ਪ੍ਰਤੀਨਿੱਧਤਾਂ, ਜੋ ਉਸ ਪ੍ਰਕਾਰ ਅਧਿਸੂਚਿਤ ਕੀਤਾ ਗਿਆ ਸੀ ਅਤੇ ਬੋਡੋਲੈਂਡ ਪ੍ਰਾਦੇਸ਼ਿਕ ਖੇਤਰ ਜਿਲ੍ਹਾ ਦੇ ਗਠਨ ਤੋਂ ਪਹਿਲਾਂ ਮੈਜੂਦ ਸੀ, ਨੂੰ ਬਣਾਏ ਰੱਖਿਆ ਜਾਵੇਗਾ ]

---

[13] ਦ ਨੋਰਥ ਈਸਟਰਨ ਏਰੀਆਜ (ਰੀਆਰਗਨਾਈਜੇਸ਼ਨ) ਐਕਟ, 1971 (1971 ਦਾ 81), ਧਾਰਾ 71 ਦੁਆਰਾ (21.1.1972 ਤੋਂ ਲੈ ਕੇ) ਕੁਛ ਸ਼ਬਦ ਲੋਪ ਕਰ ਦਿੱਤੇ ਗਏ ।

[14] ਸੰਵਿਧਾਨ (ਨੱਬੇਵੀ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਅੰਤਰਸਥਾਪਤ ।

Ministry of Law & Justice

ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ।

333. ਅਨੁਛੇਦ 170 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦਾ ਰਾਜਪਾਲ [15]* * * * * * * * *, ਦੋ ਉਸ ਦੀ ਰਾਏ ਹੋਵੇ ਕਿ ਉਸ ਰਾਜ ਦੀ ਵਿਧਾਨ ਸਭਾ ਵਿਚ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ ਜਰੂਰੀ ਹੈ ਅਤੇ ਉਸ ਵਿਚ ਉਸ ਨੂੰ ਚੋਖੀ ਪ੍ਰਤੀਨਿਧਤਾ ਨਹੀਂ ਮਿਲੀ ਹੋਈ [16][ਉਸ ਵਿਧਾਨ-ਸਭਾ ਵਿਚ ਉਸ ਫਿਰਕੇ ਦਾ ਇਕ ਮੈਂਬਰ ਨਾਮਜਦ] ਕਰ ਸਕੇਗਾ।

[17][ਸੀਟਾਂ ਦਾ ਰਾਖਵਾਂ ਕਰਨ ਅਤੇ ਖਾਸ ਨੁਮਾਇੰਦਗੀ ਦਾ ਕੁਝ ਮੁੱਦਤ ਤੋਂ ਖਤਮ ਹੋਣਾ ।]

334. ਇਸ ਭਾਗ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਸੰਵਿਧਾਨ ਦੇ-

(ੳ) ਲੋਕ ਸਭਾ ਵਿਚ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਥਾਵਾਂ ਦੇ ਰਾਖਵੇਂਕਰਣ, ਸੰਬੰਧੀ ਅਤੇ;

(ਅ) ਲੋਕ ਸਭਾ ਵਿਚ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਨਾਮਜਦਗੀ ਦੁਆਰਾ ਐਂਗਲੋ-ਭਾਰਤੀ ਫਿਰਕੇ ਦੀ ਪ੍ਰਤੀਨਿਧਤਾ,

ਸੰਬੰਧੀ ਇਸ ਸੰਵਿਧਾਨ ਦੇ ਉਪਬੰਧ, ਇਸ ਸੰਵਿਧਾਨ ਦੇ ਅਰੰਭ ਤੋਂ [18][ ਖੰਡ (ੳ) ਦੇ ਪ੍ਰਸੰਗ ਵਿਚ ਅੱਸੀ ਸਾਲ ਅਤੇ ਖੰਡ (ਅ) ਦੇ ਪ੍ਰਸੰਗ ਵਿਚ ਸੱਤਰ ਸਾਲ] ਦੀ ਮੁੱਦਤ ਦੇ ਗੁਜਰਨ ਤੇ ਪ੍ਰਭਾਵੀ ਨਹੀਂ ਰਹਿਣਗੇ :

ਪਰੰਤੂ ਇਸ ਅਨੁਛੇਦ ਦੀ ਕੋਈ ਗੱਲ ਲੋਕ ਸਭਾ ਵਿਚ ਜਾਂ ਕਿਸੇ ਰਾਜ ਦੀ ਵਿਧਾਨ ਸਭਾ ਵਿਚ ਕਿਸੇ ਪ੍ਰਤੀਨਿਧਤਾ ਤੇ ਉਸ ਸਮੇਂ ਮੌਜੂਦ ਲੋਕ ਸਭਾ ਜਾਂ ਵਿਧਾਨ ਸਭਾ, ਜਿਹੀ ਦੀ ਸੂਰਤ ਹੋਵੇ, ਦੇ ਤੁੜਾਓ ਤੱਕ ਕੋਈ ਪ੍ਰਭਾਵ ਨਹੀਂ ਪਾਵੇਗੀ।

---

[15] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ।

[16] ਸੰਵਿਧਾਨ (ਤੇਈਵੀਂ ਸੋਧ) ਐਕਟ, 1969, ਧਾਰਾ 4 ਦੁਆਰਾ "ਵਿਧਾਨ ਸਭਾ ਵਿਚ ਉਸ ਫਿਰਕੇ ਦੇ ਉਨੇ ਮੈਂਬਰ ਜਿੰਨੇ ਉਹ ਮੁਨਾਸਬ ਸਮਝੇ, ਨਾਮਜਦ" ਦੀ ਥਾਵੇਂ ਰੱਖੇ ਗਏ।

[17] ਸੰਵਿਧਾਨ (ਇੱਕ ਸੌ ਚਾਰਵੀਂ ਸੋਧ) ਐਕਟ, 2019, ਧਾਰਾ 1 ਦੁਆਰਾ (25.01.2020 ਤੋਂ ਪ੍ਰਭਾਵੀ) ਹਾਸ਼ੀਏ ਦੇ ਸ਼ੀਰਸ਼ਕ ਦੀ ਥਾਵੇਂ ਰੱਖੇ ਗਏ।

[18] ਸੰਵਿਧਾਨ (ਪੰਚਾਨਵੇਂ ਸੋਧ) ਐਕਟ, 2009 ਦੀ ਧਾਰਾ 2 ਦੁਆਰਾ (25.01.2010 ਤੋਂ ਪ੍ਰਭਾਵੀ) ਸੱਠ ਸਾਲ ਦੀ ਥਾਵੇਂ ਰੱਖੇ।

Ministry of Law & Justice

ਸੇਵਾਵਾਂ ਅਤੇ ਆਸਾਮੀਆਂ ਲਈ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਦਾਅਵੇ।

335. ਸੰਘ ਦੇ ਜਾਂ ਕਿਸੇ ਰਾਜ ਦੇ ਕਾਰ-ਵਿਹਾਰ ਦੇ ਤੱਲਕ ਵਿਚ ਸੇਵਾਂਵਾਂ ਅਤੇ ਆਸਾਮੀਆਂ ਲਈ ਨਿਯੁਕਤੀਆਂ ਕਰਨ ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਮੈਂਬਰਾ ਦੇ ਦਾਅਵਿਆਂ ਦਾ, ਪ੍ਰਸ਼ਾਸਨ ਦੀ ਕਾਰਜ ਕੁਸ਼ਲਤਾਂ ਕਾਇਮ ਰਖਣ ਦੇ ਨਾਲ ਨਾਲ, ਧਿਆ ਰਖਿਆ ਜਾਵੇਗਾ।

[19][ਪਰੰਤੂ ਇਸ ਅਨੁਛੇਦ ਦੀ ਕੋਈ ਗੱਲ ਅਨੁਸੂਚਿਤ ਕਬੀਲਿਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਦੇ ਪੱਖ ਵਿਚ, ਸੰਘ ਜਾਂ ਕਿਸੇ ਰਾਜ ਦੇ ਕਾਰ ਵਿਹਾਰ ਨਾਲ ਸੰਬੰਧਤ ਸੇਵਾਵਾਂ ਦੇ ਕਿਸੇ ਵਰਗ ਵਿਚ ਜਾਂ ਪਦਾਂ ਤੇ ਤਰੱਕੀ ਦੇ ਮਾਮਲਿਆਂ ਵਿਚ ਰਾਖਵੇਂਕਰਨ ਦੇ ਲਈ, ਕਿਸੇ ਪ੍ਰੀਖਿਆ ਵਿਚ ਕਾਬਲ ਹੋਣ ਲਈ ਯੋਗਤਾ ਅੰਕਾਂ ਵਿਚ ਛੋਟ ਦੇਣ ਜਾਂ ਮੁੱਲਅੰਕਣ ਦੇ ਮਿਆਰਾਂ ਨੂੰ ਘਟਾਉਣ ਦੇ ਲਈ ਉਪਬੰਧ ਕਰਨ ਤੋਂ ਰੋਕ ਨਹੀਂ ਕਰੇਗੀ।

ਕੁਝਕੁ ਸੇਵਾਵਾਂ ਵਿਚ ਐਂਗਲੋ-ਭਾਰਤੀ ਫਿਰਕੇ ਲਈ ਵਿਸ਼ੇਸ਼ ਉਪਬੰਧ।

[20]336. (1) ਇਸ ਸੰਵਿਧਾਨ ਦੇ ਅਰੰਭ ਪਿੱਛੋਂ ਪਹਿਲੇ ਦੋ ਸਾਲਾਂ ਦੇ ਦੌਰਾਨ, ਸੰਘ ਦੀਆਂ ਰੇਲਵੇ, ਸੀਮਾ-ਮਸੂਲ. ਡਾਕ ਅਤੇ ਤਾਰ ਸੇਵਾਵਾਂ ਦੀਆਂ ਆਸਾਮੀਆਂ ਲਈ ਐਂਗਲੋ ਭਾਰਤੀ ਫਿਰਕੇ ਦੇ ਬੰਦਿਆਂ ਦੀਆਂ ਨਿਯੁਕਤੀਆਂ ਅਗੱਸਤ, 1947 ਦੇ ਪੰਦਰ੍ਹਵੇਂ ਦਿਨ ਤੋਂ ਤੁਰੰਤ ਪਹਿਲਾਂ ਵਾਲੇ ਆਧਾਰ ਤੇ ਕੀਤੀਆਂ ਜਾਣਗੀਆਂ।

ਦੋ ਸਾਲ ਦੀ ਰਹਿ ਅਨੁਵਰਤੀ ਮੁੱਦਤ ਦੇ ਦੌਰਾਨ, ਉਕਤ ਫਿਰਕੇ ਦੇ ਬੰਦਿਆਂ ਲਈ ਉਕਤ ਸੇਵਾਵਾਂ ਵਿਚ ਰਾਂਖਵੀਆਂ ਕੀਤੀਆ ਆਸਾਮੀਆਂ ਦੀ ਗਿਣਤੀ, ਤੁਰੰਤ ਪੂਰਵਵਰਤੀ ਦੋ ਸਾਲ ਦੀ ਮੁੱਦਤ ਦੇ ਦੌਰਾਨ ਇਸ ਤਰ੍ਹਾਂ ਰਾਖਵੀਂ ਕੀਤੀ ਗਿਣਤੀ ਨਾਲੋਂ, ਜਿਥੋਂ ਤੱਕ ਸੰਭਵ ਹੋਵੇ, ਦਸ ਪ੍ਰਤੀ ਸੈਂਕੜਾ ਦੇ ਨੇੜੇ ਘੱਟ ਹੋਵੇਗੀ :

ਪਰੰਤੂ ਇਸ ਸੰਵਿਧਾਨ ਦੇ ਅਰੰਭ ਤੋਂ ਦਸ ਸਾਲ ਦੇ ਅੰਤ ਤੇ ਅਜਿਹੇ

---

[19] ਸੰਵਿਧਾਨ (ਬਿਆਸਵੀਂ ਸੋਧ) ਐਕਟ, 2000 ਦੀ ਧਾਰਾ 2 ਦੁਆਰਾ ਅੰਤਰਸਥਾਪਤ ਕੀਤਾ ਗਿਆ ਸੀ; ਸੰਵਿਧਾਨ (ਇੱਕ ਸੌ ਚਾਰਵੀਂ ਸੋਧ) ਐਕਟ, 2019, ਧਾਰਾ 1 ਦੁਆਰਾ (25.01.2020 ਤੋਂ ਪ੍ਰਭਾਵੀ) "ਸੱਤਰ ਸਾਲ" ਸ਼ਬਦਾਂ ਦੀ ਥਾਂ ਰੱਖੇ।

[14] ਇਸ ਦੇ ਜੰਮੂ ਅਤੇ ਕਸ਼ਮੀਰ ਰਾਜ ਨੂੰ ਲਾਗੂ ਹੋਣ ਵਿਚ, ਅਨੁਛੇਦ 335 ਵਿਚ ਰਾਜ ਦੇ ਪ੍ਰਤਿ ਹਵਾਲਿਆਂ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਨ੍ਹਾਂ ਵਿਚ ਜੰਮੂ ਅਤੇ ਕਸ਼ਮੀਰ ਰਾਜ ਦੇ ਪ੍ਰਤਿ ਹਵਾਲੇ ਸ਼ਾਮਲ ਨਹੀਂ।



Ministry of Law & Justice

ਸਭੀ ਰਾਖਵੇਂਕਰਣ ਦਾ ਅੰਤ ਹੋ ਜਾਵੇਗਾ।

(2) ਖੰਡ (1) ਦੀ ਕੋਈ ਗੱਲ ਐਂਗਲੋਂ-ਭਾਰਤੀ ਫਿਰਕੇ ਦੇ ਬੰਦਿਆਂ ਦੀ, ਉਸ ਫਿਰਕੇ ਲਈ ਉਸ ਖੰਡ ਅਧੀਨ ਰਾਂਖਵੀਆਂ ਕੀਤੀਆਂ ਆਸਾਮੀਆਂ ਤੋਂ ਬਿਨਾਂ ਹੋਰ, ਜਾਂ ਉਨ੍ਹਾਂ ਤੋਂ ਇਲਾਵਾ, ਆਸਾਮੀਆਂ ਤੇ ਨਿਯੁਕਤੀ ਵਿਚ ਰੋਕ ਨਹੀਂ ਪਾਵੇਗੀ ਜੋ ਅਜਿਹੇ ਬੰਦੇ ਹੋਰ ਫਿਰਕਿਆਂ ਦੇ ਬੰਦਿਆਂ ਦੇ ਮੁਕਾਬਲੇ ਵਿਚ ਗੁਣਾਂ ਦੇ ਆਧਾਰ ਤੇ ਨਿਯੁਕਤੀ ਲਈ ਕਾਬਲ ਪਾਏ ਜਾਣ।

ਐਂਗਲੋ-ਭਾਰਤੀ ਫਿਰਕੇ ਦੇ ਫਾਇਦੇ ਲਈ ਸਿਖਿਅਕ ਗ੍ਰਾਂਟਾ ਬਾਰੇ ਵਿਸ਼ੇਸ਼ ਉਪਬੰਧ।

337. ਇਸ ਸੰਵਿਧਾਨ ਦੇ ਅਰੰਭ ਪਿੱਛੋਂ ਪਹਿਲੇ ਤਿੰਨ ਵਿੱਤੀ ਸਾਲਾਂ ਦੇ ਦੋਰਾਨ, ਐਂਗਲੋ-ਭਾਰਤੀ ਫਿਰਕੇ ਦੇ ਫਾਇਦੇ ਲਈ ਸਿਖਿਆ ਬਾਰੇ ਉਹੀ ਗ੍ਰਾਂਟਾਂ ਜੇ ਕੋਈ ਹੋਣ, ਸੰਘ ਦੁਆਰਾ ਅਤੇ [21]* * * * * ਹਰੇਕ ਰਾਜ ਦੁਆਰਾ ਦਿੱਤੀਆਂ ਜਾਣਗੀਏਆਂ ਜੋ ਮਾਰਚ, 1948 ਦੇ ਇਕੱਤੀਵੇਂ ਦਿਨ ਅੰਤ ਹੋਣ ਵਾਲੇ ਵਿੱਤੀ ਸਾਲ ਵਿਚ ਦਿੱਤੀਆਂ ਗਈਆਂ ਸਨ ।

ਤਿੰਨ ਸਾਲ ਦੀ ਹਰਿਕ ਅਨੁਵਰਤੀ ਮੁੱਦਤ ਦੇ ਦੌਰਾਨ ਗ੍ਰਾਂਟਾਂ ਤੁੰਰਤ ਪੂਰਵਵਰਤੀ ਤਿੰਨ ਸਾਲ ਦੀ ਮੁੱਦਤ ਲਈ ਗ੍ਰਾਂਟਾਂ ਨਾਲੋਂ ਦਸ ਪ੍ਰਤੀ ਸੈਂਕੜਾ ਘੱਟ ਹੋ ਸਕਣਗੀਆਂ :

ਪਰੰਤੂ ਇਸ ਸੰਵਿਧਾਨ ਦੇ ਅਰੰਭ ਤੋਂ ਦਸ ਸਾਲ ਦੇ ਅੰਤ ਤੇ ਅਜਿਹੀਆਂ ਗ੍ਰਾਂਟਾਂ ਦਾ ਉਸ ਹੱਦ ਤੱਕ ਉਹ ਐਂਗਲੋ-ਭਾਰਤੀ ਫਿਰਕੇ ਲਈ ਕੋਈ ਵਿਸੇਸ ਰਿਆਇਤ ਹੋਣ,ਅੰਤ ਹੋ ਜਾਵੇਗਾ :

ਪਰੰਤੂ ਇਹ ਹੋਰ ਕਿ ਕੋਈ ਸਿਖਿਆ ਸੰਸਥਾ ਇਸ ਅਨੁਛੇਦ ਦੇ ਅਧੀਨ ਕੋਈ ਗ੍ਰਾਂਟ ਪ੍ਰਾਪਤ ਕਰਨ ਦੀ ਹੱਕਦਾਰ ਨਹੀਂ ਹੋਵੇਗੀ ਜੇਕਰ ਉਸ ਦੇ ਸਾਲਾਨਾ ਦਾਖਲਿਆਂ ਵਿਚੋਂ ਘੱਟ ਤੋਂ ਘੱਟ ਚਾਲੀ ਪ੍ਰਤਿ ਸੈਂਕੜਾ ਐਂਗਲੋ-ਭਾਰਤੀ ਫਿਰਕੇ ਤੋਂ ਬਿਨਾਂ ਹੋਰ ਫਿਰਕਿਆਂ ਦੇ ਬੰਦਿਆਂ ਲਈ ਸੁਲੱਭ ਨ ਕੀਤੇ ਗਏ ਹੋਣ।

---

16 ਸ਼ਬਦ ਅਤੇ ਅੱਥਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 29 , ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

[22][ਕੌਮੀ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ।

338 [23][(1) ਅਨੁਸੂਚਿਤ ਜਾਤਿਆਂ ਦੇ ਲਈ ਇਕ ਕਮਿਸ਼ਨ ਹੋਵੇਗਾ ਜੋ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਨਾਂ ਨਾਲ ਜਾਣਿਆ ਜਾਵੇਗਾ।

(2) ਸੰਸਦ ਦੁਆਰਾ ਇਸ ਨਮਿੱਤ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧ ਦੇ ਤਾਬੇ, ਕਮਿਸ਼ਨ ਇਕ ਚੇਅਰਪਰਸਨ, ਇਕ ਉਪ ਚੇਅਰਪਰਸਨ, ਅਤੇ ਤਿੰਨ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ ਅਤੇ ਇਸ ਪ੍ਰਕਾਰ ਨਿਯੁਕਤ ਕੀਤੇ ਗਏ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀਆਂ ਸੇਵਾ ਦੀਆਂ ਸ਼ਰਤਾ ਅਤੇ ਅਹੁਦੇ ਦੀ ਅਉੱਧ ਅਜਿਹੀ ਹੋਵੇਗੀ ਜੋ ਰਾਸ਼ਟਰਪਤੀ ਨਿਯਮ ਦੁਆਰਾ ਤੈਅ ਕਰੇ।]

(3) ਰਾਸ਼ਟਰਪਤੀ ਆਪਣੇ ਦਸਖਤਾ ਅਤੇ ਮੋਹਰ ਸਹਿਤ ਵਰੰਟਾਂ ਦੁਆਰਾ ਕਮਿਸ਼ਨ ਦੇ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਨੂੰ ਨਿਯੁਕਤ ਕਰੇਗਾ।

(4) ਕਮਿਸ਼ਨ ਨੂੰ ਆਪਣਾ ਜਾਬਤਾ ਖੁਦ ਵਿਨਿਯਮਤ ਕਰਨ ਦੀ ਸ਼ਕਤੀ ਹੋਵੇਗੀ।

(5) ਕਮਿਸ਼ਨ ਦਾ ਇਹ ਕਰੱਤਵ ਹੋਵੇਗਾ ਕਿ ਉਹ-

(ੳ) ਅਨੁਸੂਚਿਤ [24]***ਜਾਤੀਆਂ ਦੇ ਲਈ ਇਸ ਸੰਵਿਧਾਨ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਸਰਕਾਰ ਦੇ ਕਿਸੇ ਹੁਕਮ ਦੇ ਅਧੀਨ ਉਪਬੰਧਤ ਸੁੱਰਖਿਆਵਾਂ ਸੰਬੰਧੀ ਸਾਰੇ ਮਾਮਲਿਆਂ ਦੀ ਤਫਤੀਸ਼ ਕਰੇ ਅਤੇ ਉਨਾਂ ਤੇ ਨਿਗਰਾਨੀ ਰੱਖੇ ਅਤੇ ਅਜਿਹੀ ਸੁਰੱਖਿਆਵਾਂ ਦੇ ਕੰਮ ਕਾਰਾਂ ਦਾ ਮੁਲਅੰਕਣ ਕਰੇ;

(ਅ) [24]ਅਨੁਸੂਚਿਤ ਜਾਤੀਆਂ ਨੂੰ ਉਨ੍ਹਾ ਦੇ ਅਧਿਕਾਰਾਂ ਅਤੇ ਸੁਰਖਿਆਵਾਂ ਤੇ ਵੰਚਿਤ ਕਰਨ ਦੇ ਕੰਮ ਬਾਬਤ ਉਲਿਖਤ

---

[22] ਸੰਵਿਧਾਨ (ਨਵਾਸੀਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (19.02.2004) ਹਾਸੀਏ ਦੇ ਸ਼ੀਰਸ਼ਕ ਥਾਵੇਂ ਰੱਖੇ ਗਏ।

[23] ਸੰਵਿਧਾਨ (ਨਵਾਸੀਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (19.02.2004 ਤੋਂ ਪ੍ਰਭਾਵੀ) ਖੰਡ (1) ਅਤੇ ਖੰਡ (2) ਦੀ ਥਾਵੇਂ ਰੱਖਿਆ ਗਿਆ।।

[24] ਸੰਵਿਧਾਨ (ਨਵਾਸੀਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (19.02.2004 ਤੋਂ) ਅਤੇ ਅਨੁਸੂਚਿਤ ਕਬੀਲੇ ਸ਼ਬਦਾਂ ਦਾ ਲੋਪ ਕੀਤਾ ਗਿਆ।



Ministry of Law & Justice

ਸਿਕਾਇਤਾਂ ਦੀ ਜਾਂਚ ਕਰੇ ;

(ਇ) [24]ਅਨੁਸੂਚਿਤ ਜਾਤੀਆਂ ਦੇ ਸਮਾਜਿਕ-ਆਰਥਿਕ ਵਿਕਾਸ ਦੀ ਯੋਜਨਾ ਪ੍ਰਕਿਰਯਾ ਵਿਚ ਭਾਗ ਲਵੇ ਅਤੇ ਉਨਾਂ ਦੇ ਅਤੇ ਸੰਘ ਅਤੇ ਕਿਸੇ ਰਾਜ ਦੇ ਅਧੀਨ ਉਨ੍ਹਾਂ ਦੇ ਵਿਕਾਸ ਦੀ ਪ੍ਰਗਤੀ ਦਾ ਮੁਲਅੰਕਣ ਕਰੇ;

(ਸ) ਉਨਾਂ ਸੁਰੱਖਿਆਵਾਂ ਦੇ ਕੰਮ ਕਾਰਾਂ ਦੇ ਬਾਰੇ ਵਿਚ ਪ੍ਰਤਿ ਸਾਲ ਅਤੇ ਅਜਿਹੇ ਹੋਰ ਮੈਂਬਰਾਂ ਤੇ, ਜੋ ਕਮਿਸ਼ਨ ਠੀਕ ਸਮਝੇ, ਰਾਸ਼ਟਰਪਤੀ ਰਿਪੋਟ ਪੇਸ਼ ਕਰੇ;

(ਹ) ਅਜਿਹੀਆਂ ਰਿਪੋਟਾਂ ਵਿਚ ਉਨਾਂ ਉਪਾਵਾਂ ਬਾਰੇ ਵਿਚ ਜੋ ਸੁਰੱਖਿਆਵਾਂ ਦਾ ਪ੍ਰਭਾਵ ਪੂਰਣ ਪਰਿਪਾਲਣ ਦੇ ਲਈ ਸੰਘ ਜਾਂ ਕਿਸੇ ਰਾਜ ਦੁਆਰਾ ਕੀਤੇ ਜਾਣੇ ਚਾਹੀਦੇ, ਅਤੇ [24]ਅਨੁਸੂਚਿਤ ਜਾਤੀਆਂ ਦੀ ਹਿਫਾਜ਼ਤ, ਭਲਾਈ ਅਤੇ ਸਮਾਜਿਕ ਆਰਥਿਕ ਵਿਕਾਸ ਦੇ ਲਈ ਹੋਰ ਉਪਾਵਾਂ ਬਾਬਤ ਸਿਫਾਰਸ਼ ਕਰੇ;

(ਕ) [24]ਅਨੁਸੂਚਿਤ ਜਾਤੀਆਂ ਦੀ ਹਿਫਾਜਤ, ਭਲਾਈ, ਵਿਕਾਸ ਅਤੇ ਉਨੱਤੀ ਦੇ ਸੰਬੰਧ ਵਿਚ ਅਜਿਹੀ ਹੋਰ ਕਾਜਕਾਰਾਂ ਦਾ ਨਿਸਤਾਰਾ ਕਰਨਾ ਜੋ ਰਾਸ਼ਟਰਪਤੀ, ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧ ਦੇ ਤਾਬੇ, ਨਿਯਮ ਦੁਆਰਾ ਉਲਿੱਖਤ ਕਰੇ।

(6) ਰਾਸ਼ਟਰਪਤੀ ਅਜਿਹੀਆਂ ਸਾਰੀਆਂ ਰਿਪੋਟਾਂ ਨੂੰ ਸੰਸਦ ਦੇ ਹਰੇਕ ਸਦਨ ਅੱਗੇ ਰਖੇਗੀ ਅਤੇ ਉਸਦੇ ਨਾਲ ਸੰਘ ਨਾਲ ਸੰਬੰਧਤ ਸਿਫਾਰਸ਼ਾਂ ਤੇ ਕੀਤੀ ਗਈ ਜਾਂ ਕੀਤੇ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਅਜਿਹੀ ਸਿਫਾਰਸ਼ ਦੇ ਲਈ ਅਸਵਿਕਾਰ ਕੀਤੀ ਗਈ ਹੈ ਤਾਂ ਅਸਵਿਕਾਰਤਾ ਦੇ ਕਾਰਣਾਂ ਨੂੰ ਸਪੱਸ਼ਟ ਕਰਨ ਵਾਲਾ ਇਸਤਿਹਾਰ ਵਿਗਿਆਪਨ ਵੀ ਹੋਵੇਗਾ।

(7) ਜਿਥੇ ਕੋਈ ਅਜਿਹੀ ਰਿਪੋਟ, ਜਾਂ ਉਸ ਦਾ ਭਾਗ ਕਿਸੇ ਅਜਿਹੇ ਮਾਮਲੇ ਨਾਲ ਸੰਭੰਧਤ ਹੈ ਜਿਸ ਦਾ ਕਿਸੇ ਰਾਜ ਸਰਕਾਰ ਨਾਲ ਸੰਬੰਧ ਹੈ ਤਾਂ ਅਜਿਹੀ ਰਿਪੋਟ ਦੀ ਇਕ ਕਾਪੀ ਨਾਲ ਉਸ ਰਾਜ ਦੇ ਰਾਜਪਾਲ ਨੂੰ



Ministry of Law & Justice

ਭੇਜੀ ਜਾਵੇਗੀ ਜੋ ਉਸ ਰਾਜ ਦੇ ਵਿਧਾਨ ਮੰਡਲ ਦੇ ਅੱਗੇ ਰਖਾਵੇਗਾ ਅਤੇ ਉਸ ਦੇ ਨਾਲ ਰਾਜ ਤੇ ਕੀਤੀ ਗਈ ਜਾਂ ਕੀਤੀ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਅਜਿਹੀ ਸਿਫਾਰਸ਼ ਅਸਵੀਕਾਰ ਕੀਤੀ ਗਈ ਹੈ ਜਾਂ ਅਸਵੀਕਾਰ ਕਾਰਣਾਂ ਨੂੰ ਸਪਸ਼ਟ ਕਰਨ ਵਾਲਾ ਇਸ਼ਤਿਹਾਰ ਵੀ ਹੋਵੇਗਾ।

(8) ਕਮਿਸ਼ਨ ਨੂੰ ਖੰਡ (5) ਦੇ ਉਪਖੰਡ (ੳ) ਵਿਚ ਹਵਾਲਾ ਦਿੱਤੇ ਕਿਸੇ ਮਾਮਲੇ ਦੀ ਤਫਤੀਸ਼ ਕਰਦੇ ਸਮੇਂ ਜਾਂ ਉਪਖੰਡ (ਅ) ਵਿਚ ਹਵਾਲਾ ਦਿੱਤੀ ਕਿਸੇ ਸ਼ਿਕਾਇਤ ਦੇ ਬਾਰੇ ਵਿਚ ਜਾਂਚ ਕਰਦੇ ਸਮੇਂ, ਖਾਸ ਕਰਕੇ ਹੇਠ ਲਿਖਿਆ ਮਾਮਲਿਆਂ ਦੇ ਸੰਬੰਧ ਵਿਚ, ਉਹ ਸਾਰੀਆਂ ਸ਼ਕਤੀਆਂ ਹੋਣਗੀਆਂ ਜੋ ਦਾਵੇ ਦਾ ਵਿਚਾਰਣ ਕਰਦੇ ਸਮੇਂ ਸਿਵਲ ਅਦਾਲਤ ਨੂੰ ਹਨ ਅਰਥਾਤ:-

(ੳ) ਭਾਰਤ ਦੇ ਕਿਸੇ ਵੀ ਭਾਗ ਤੋਂ ਕਿਸੇ ਵਿਅਕਤੀ ਨੂੰ ਸੰਮਨ ਕਰਨ ਅਤੇ ਹਾਜਰ ਕਰਾਉਣ ਅਤੇ ਸੰਹੁ ਤੇ ਉਸਦੀ ਪਰੀਖਿਆ ਕਰਨਾ;

(ਅ) ਕਿਸੇ ਦਸਤਾਵੇਜ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨ ਦੀ ਲੋੜਨਾ ਕਰਨਾ;

(ੲ) ਹਲਫੀਆ ਬਿਆਨਾਂ ਤੇ ਸ਼ਹਾਦਤ ਗ੍ਰਹਿਣ ਕਰਨਾ;

(ਸ) ਕਿਸੇ ਅਦਾਲਤ ਜਾਂ ਦਫਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸਦੀ ਨਕਲ ਦੀ ਲੋੜਨਾ ਕਰਨਾ;

(ਹ) ਸ਼ਹਾਦਤਾਂ ਅਤੇ ਦਸਤਾਵੇਜਾਂ ਦੀ ਪ੍ਰੀਖਿਆ ਲਈ ਕਮਿਸ਼ਨ ਜਾਰੀ ਕਰਨਾ ;

(ਕ) ਕੋਈ ਹੋਰ ਮਾਮਲਾ ਜੋ ਰਾਸ਼ਟਰਪਤੀ ਨਿਯਮਾਂ ਦੁਆਰਾ ਤੈਅ ਕਰੇ।

Ministry of Law & Justice

(9) ਸੰਘ ਅਤੇ ਹਰਿਕ ਰਾਜ ਸਰਕਾਰ [25]ਅਨੁਸੂਚਿਤ ਜਾਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਮਹੱਤਵਪੂਰਣ ਨੀਤੀਗਤ ਮਾਨਲਿਆਂ ਤੇ ਕਮਿਸ਼ਨ ਨਾਲ ਮਸ਼ਵਰਾ ਕਰੇਗੀ ।

[26][(10)] ਇਸ ਅਨੁਛੇਦ ਵਿਚ [24]ਅਨੁਸੂਚਿਤ ਜਾਤੀਆਂ ਦੇ ਪ੍ਰਤਿ ਹਵਾਲੇ ਦਾ ਇਹ ਅਰਥ ਕੱਢਿਆ ਜਾਵੇਗਾ ਕਿ [27]******ਐਂਗਲੋਂ ਇੰਡੀਅਨ ਫਿਰਕੇ ਤੇ ਪ੍ਰਤਿ ਹਵਾਲਾ ਹੈ ।

ਅਨੁਸੂਚਿਤ ਕਬੀਲਿਆਂ ਲਈ ਰਾਸ਼ਟਰੀ ਕਮਿਸ਼ਨ ।

[28][338 ੳ. (1) ਅਨੁਸੂਚਿਤ ਕਬੀਲਿਆਂ ਦੇ ਲਈ ਇਕ ਕਮਿਸ਼ਨ ਹੋਵੇਗਾ ਜੋ ਰਾਸ਼ਟਰੀ ਅਨੁਸੂਚਿਤ ਕਬੀਲਿਆਂ ਲਈ ਕਮਿਸ਼ਨ ਦੇ ਨਾਲ ਜਾਣਿਆ ਜਾਵੇਗਾ ।

(2) ਸੰਸਦ ਦੁਆਰਾ ਇਸ ਨਮਿੱਤ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧਾ ਦੇ ਤਾਬੇ, ਕਮਿਸ਼ਨ ਇਕ ਚੇਅਰਪਰਸਨ, ਉਪ ਚੇਅਰਪਰਸਨ ਅਤੇ ਤਿੰਨ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ ਅਤੇ ਇਸ ਤਰ੍ਹਾਂ ਨਿਯੁਕਤ ਕੀਤੇ ਗਏ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਅਹੁੱਦੇ ਦੀ ਅਉਧ ਅਜਿਹੀ ਹੋਵੇਗੀ ਜੋ ਰਾਸ਼ਟਰਪਤੀ, ਨਿਯਮ ਦੁਆਰਾ ਤੈਅ ਕਰੇ ।

(3) ਰਾਸ਼ਟਰਪਤੀ, ਆਪਣੇ ਦਸਖਤਾਂ ਅਤੇ ਮੋਹਰ ਸਹਿਤ ਵਰੰਟਾ ਦੁਆਰਾ ਕਮਿਸ਼ਨ ਦੇ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਨੂੰ ਨਿਯੁਕਤ ਕਰੇਗਾ ।

(4) ਕਮਿਸ਼ਨ ਨੂੰ ਆਪਣਾ ਜਾਬਤਾ ਖੁਦ ਵਿਨਿਯਮਤ ਕਰਨ ਕੀ ਸ਼ਕਤੀ

---

[25] ਸੰਵਿਧਾਨ (ਨਵਾਸੀਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (19.02.2004 ਤੋਂ ਪ੍ਰਭਾਵੀ) ਅਤੇ ਅਨੁਸੂਚਿਤ ਕਬੀਲੇ ਸ਼ਬਦਾਂ ਦਾ ਲੋਪ ਕੀਤਾ ਗਿਆ ।

[26] ਸੰਵਿਧਾਨ (ਪੈਹਠਵੀਂ ਸੋਧ) ਐਕਟ, 1990 ਦੀ ਧਾਰਾ 2 ਦੁਆਰਾ (12.3.1992 ਤੋਂ ਪ੍ਰਭਾਵੀ) ਖੰਡ (3) ਨੂੰ ਖੰਡ (10) ਦੇ ਰੂਪ ਵਿਚ ਮੁੜ ਅੰਕਤ ਕੀਤਾ ਗਿਆ ।

[27] ਸੰਵਿਧਾਨ (ਇੱਕ ਸੌ ਦੋਵਾਂ ਸੋਧ) ਐਕਟ, 2018 ਦੀ ਧਾਰਾ 2 ਦੁਆਰਾ (11.08.2018 ਤੋਂ ਪ੍ਰਭਾਵੀ) ਕੁਛ ਸ਼ਬਦ, ਅੰਕ ਅਤੇ ਅੱਖਰ ਨਿਰਸਤ ਕੀਤੇ ਗਏ।

[28] ਸੰਵਿਧਾਨ (ਨਵਾਸੀਵੀਂ ਸੋਧ) ਐਕਟ, 2003 ਦੀ ਧਾਰਾ 3 ਦੁਆਰਾ (19.02.2004 ਤੋਂ) ਅੰਤਰ ਸਥਾਪਤ ।

Ministry of Law & Justice

ਹੋਵੇਗੀ।

(5) ਕਮਿਸ਼ਨ ਦਾ ਇਹ ਕਰੱਤਵ ਹੋਵੇਗਾ ਕਿ ਉਹ-

(ੳ) ਅਨੁਸੂਚਿਤ ਕਬੀਲਿਆਂ ਦੇ ਲਈ ਇਸ ਸੰਵਿਧਾਨ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਸਰਕਾਰ ਦੇ ਕਿਸੇ ਹੁਕਮ ਦੇ ਅਧੀਨ ਉਪਬੰਧਤ ਸੁਰਖਿਆ ਨਾਲ ਸੰਬੰਧਤ ਸਾਰੇ ਮਾਮਲਿਆਂ ਦੀ ਤਫਤੀਸ਼ ਕਰੇ ਅਤੇ ਉਨਾਂ ਤੇ ਨਿਗਰਾਨੀ ਰੱਖੇ ਅਤੇ ਅਜਿਹੀ ਸੁਰਖਿਆਵਾਂ ਦੇ ਪਰਿਪਾਲਣ ਦਾ ਮੁੱਲਾਅੰਕਣ ਕਰੇ;

(ਅ) ਅਨੁਸੂਚਿਤ ਕਬੀਲਿਆਂ ਨੂੰ ਉਨਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਤੇ ਵੰਚਿਤ ਕਰਨ ਦੇ ਸੰਬੰਧ ਵਿਚ ਉਲਿਖਤ ਸ਼ਿਕਾਇਤਾਂ ਦੀ ਜਾਂਚ ਕਰੇ

(ੲ) ਅਨੁਸੂਚਿਤ ਕਬੀਲਿਆਂ ਦੇ ਸਮਾਜਿਕ ਆਰਥਿਕ ਵਿਕਾਸ ਦੀ ਯੋਜਨਾ ਜਾਬਤਾ ਵਿਚ ਭਾਗ ਲਵੇ ਅਤੇ ਉਨਾ ਤੇ ਸਲਾਹ ਦੇਵੇ ਅਤੇ ਸੰਘ ਅਤੇ ਕਿਸੇ ਰਾਜ ਦੇ ਅਧੀਨ ਉਨ੍ਹਾਂ ਦੇ ਵਿਕਾਸ ਦੀ ਪ੍ਰਗਤੀ ਦਾ ਮੁੱਲ ਅੰਕਣ ਕਰੇ ;

(ਸ) ਉਨਾਂ ਸੁਰੱਖਿਆਵਾਂ ਦੇ ਕੰਮ ਕਾਜ ਦੇ ਬਾਰੇ ਵਿਚ ਸਲਾਨਾਂ ਅਤੇ ਹੋਰ ਸਮਿਆਂ ਤੇ, ਜੋ ਕਮਿਸ਼ਨ ਠੀਕ ਸਮਝੇ, ਰਾਸ਼ਟਰਪਤੀ ਨੂੰ ਰਿਪੋਟ ਪੇਸ਼ ਕਰੇ;

(ਹ) ਅਜਿਹੀਆਂ ਰਿਪੋਟਾਂ ਵਿਚ ਉਨ੍ਹਾਂ ਉਪਾਵਾਂ ਦੇ ਬਾਰੇ ਵਿਚ, ਜੋ ਉਨ੍ਹਾਂ ਸੁਰੱਖਿਆਵਾਂ ਕੰਮ ਕਾਜ ਨੂੰ ਭਾਵੀ ਤੋਰ ਤੇ ਲਾਗੂ ਕਰਨ ਤੇ ਲਈ ਸੰਘ ਜਾਂ ਕਿਸੇ ਰਾਜ ਦੁਆਰਾ ਕੀਤੇ ਜਾਣੇ ਚਾਹੀਹੇ ਹਨ, ਅਤੇ ਅਨੁਸੂਚਿਤ ਕਬੀਲਿਆਂ ਦੀ ਹਿਫ਼ਜ਼ਤ, ਭਲਾਈ ਅਤੇ ਸਮਾਜਿਕ-ਆਰਥਕ ਵਿਕਾਸ ਦੇ ਲਈ ਹੋਰ ਉਪਾਅ ਬਿਨਾ ਸਿਫਾਰਸ਼ ਕਰਨਾ ;ਅਤੇ

Ministry of Law & Justice

(ਕ) ਅਨੁਸੂਚਿਤ ਕਬੀਲਿਆਂ ਦੀ ਹਿਫ਼ਾਜ਼ਤ, ਭਲਾਈ ਅਤੇ ਵਿਕਾਸ ਅਤੇ ਉਨੱਤੀ ਦੇ ਸੰਬੰਧ ਵਿਚ ਅਜਿਹੇ ਹੋਰ ਕਰੱਤਵਾਂ ਨੂੰ ਨਿਭਾਵੇ ਜੋ ਰਾਸ਼ਟਰਪਤੀ, ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧ ਦੇ ਤਾਬੇ, ਨਿਯਮ ਦੁਆਰਾ ਉਲਿੱਖਤ ਕਰੇ।

(6) ਰਾਸ਼ਟਰਪਤੀ ਅਜਿਹੀਆਂ ਸਾਰੀਆਂ ਰਿਪੋਟਾਂ ਨੂੰ ਸੰਸਦ ਦੇ ਹਰੇਕ ਸਦਨ ਅੱਗੇ ਰਖਵਾਏਗਾ ਅਤੇ ਉਨਾਂ ਦੇ ਨਾਲ ਸੰਘ ਨਾਲ ਸੰਬੰਧਤ ਸਿਫਾਰਸ਼ਾਂ ਤੇ ਕੀਤੀ ਗਈ ਜਾਂ ਕੀਤੇ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਅਜਿਹੀ ਸਿਫਾਰਸ਼ ਅਸਵੀਕਾਰ ਕੀਤੀ ਗਈ ਹੈ ਤਾਂ ਅਸਵੀਕਾਰਤਾ ਦੇ ਕਾਰਣਾ ਨੂੰ ਸਪਸ਼ਟ ਕਰਨ ਵਾਲਾ ਵਿਗਿਆਪਨ ਵੀ ਹੋਵੇਗਾ।

(7) ਜਿਥੇ ਕੋਈ ਅਜਿਹੀ ਰਿਪੋਟ ਜਾਂ ਉਸ ਦਾ ਕੋਈ ਭਾਗ, ਕਿਸੇ ਅਜਿਹੇ ਮਾਮਲੇ ਨਾਲ ਸੰਬੰਧਤ ਹੈ ਜਿਸਦਾ ਕਿਸੇ ਰਾਜ ਸਰਕਾਰ ਨਾਲ ਸੰਬੰਧ ਹੈ ਤਾਂ ਅਜਿਹੀ ਰਿਪੋਟ ਦੀ ਇਕ ਨਕਲ ਉਸ ਰਾਜ ਦੇ ਰਾਜਪਾਲ ਨੂੰ ਭੇਜੀ ਜਾਵੇਗੀ ਜੋ ਉਸ ਨੂੰ ਰਾਜ ਦੇ ਵਿਧਾਨ ਮੰਡਲ ਅੱਗੇ ਰਖਵਾਏਗਾ ਅਤੇ ਉਸਦੇ ਨਾਲ ਰਾਜ ਨਾਲ ਸੰਬਧਤ ਸਿਫਾਰਸ਼ਾਂ ਤੇ ਕੀਤੀ ਗਈ ਜਾਂ ਕੀਤੇ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਅਜਿਹੀ ਸਿਫਾਰਸ਼ ਅਸਵੀਕਾਰ ਕੀਤੀ ਗਈ ਹੈ ਤਾਂ ਅਸਵੀਕਾਰਤਾ ਦੇ ਕਾਰਣਾ ਨੂੰ ਸਪਸ਼ਟ ਕਰਨ ਵਾਲਾ ਵਿਗਿਆਪਨ ਵੀ ਹੋਵੇਗਾ।

(8) ਕਮਿਸ਼ਨ ਨੂੰ ਖੰਡ (5) ਤੇ ਉਪਖੰਡ (ੳ) ਵਿਚ ਹਵਾਲਾ ਦਿਤੇ ਕਿਸੇ ਮਾਮਲੇ ਦੀ ਤਫਤੀਸ਼ ਕਰਦੇ ਸਮੇਂ ਜਾਂ ਉਪਖੰਡ (ਅ) ਵਿਚ ਹਵਾਲਾ ਦਿਤੀ ਕਿਸੇ ਸ਼ਿਕਾਇਤ ਦੇ ਬਾਰੇ ਵਿਚ ਜਾਂਚ ਕਰਦੇ ਸਮੇਂ, ਖਾਸ ਤੋਰ ਤੇ ਹੇਠ ਲਿਖੇ ਮਾਮਲਿਆਂ ਦੇ ਸੰਬੰਧ ਵਿਚ, ਉਹ ਸਾਰੀਆਂ ਸ਼ਕਤੀਆਂ ਹੋਣਗੀਆਂ,ਜੋ ਦਾਵੇ ਦੇ ਵਿਚਾਰਣ ਕਰਦੇ ਸਮੇਂ ਸਿਵਲ ਅਦਾਲਤ ਨੂੰ ਹੋਣ, ਅਰਥਾਤ:-

(ੳ) ਭਾਰਤ ਤੇ ਕਿਸੇ ਵੀ ਭਾਗ ਤੋਂ ਕਿਸੇ ਵਿਅਕਤੀ ਨੂੰ ਸੰਮਨ



Ministry of Law & Justice

ਕਰਨਾ ਅਤੇ ਹਾਜਰ ਕਰਵਾਉਣ ਅਤੇ ਸੰਹੁ ਤੇ ਉਸਦੀ ਪਰੀਖਿਆ ਕਰਨਾ ;

(ਅ) ਕਿਸੇ ਦਸਤਾਵੇਜ ਦੇ ਪ੍ਰਗਟ ਕਰਨ ਅਤੇ ਪੇਸ਼ ਕਰਨ ਤੇ ਲੋੜਨਾ ਕਰਨਾ;

(ਇ) ਹਲਫੀਆ ਬਿਆਨ ਤੇ ਸ਼ਹਾਦਤ ਗ੍ਰਹਿਣ ਕਰਨਾ;

(ਸ) ਕਿਸੇ ਅਦਾਲਤ ਜਾਂ ਦਫਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀ ਨਕਲ ਦੀ ਮੰਗ ਕਰਨਾ;

(ਹ) ਸ਼ਹਾਦਤ ਅਤੇ ਦਸਤਾਵੇਜਾਂ ਦੀ ਪ੍ਰੀਖਿਆ ਕਰਨ ਦੇ ਲਈ ਕਮਿਸ਼ਨ ਜਾਰੀ ਕਰਨਾ;

(ਕ) ਕੋਈ ਹੋਰ ਮਾਮਲਾ, ਜੋ ਰਾਸ਼ਟਰਪਤੀ ਨਿਯਮਾਂ ਦੁਆਰਾ ਤੈਅ ਕਰੇ ।

(9) ਸੰਘ ਅਤੇ ਹਰਿਕ ਰਾਜ ਸਰਕਾਰ, ਅਨੁਸੂਚਿਤ ਕਬੀਲਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਮਹੱਤਵ ਪੂਰਣ ਨੀਤੀਗਤ ਮਾਮਲਿਆਂ ਤੇ ਕਮਿਸ਼ਨ ਨਾਲ ਮਸ਼ਵਰਾ ਕਰੇਗੀ ।

ਪਛੜੀਆਂ ਸ਼੍ਰੇਣੀਆਂ ਲਈ ਰਾਸ਼ਟਰੀ ਕਮਿਸ਼ਨ

[29][338 ਅ (1). ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੇ ਲਈ ਇਕ ਹੋਰ ਕਮਿਸ਼ਨ ਹੋਵੇਗਾ ਜੋ ਰਾਸ਼ਟਰੀ ਪਛੜਾ ਸ਼੍ਰੇਣੀਆਂ ਕਮਿਸ਼ਨ ਦੇ ਨਾਮ ਨਾਲ ਜਾਣਿਆ ਜਾਵੇਗਾ।

(2) ਸੰਸਦ ਦੁਆਰਾ ਇਸ ਨਮਿੱਤ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਕਮਿਸ਼ਨ ਇਕ ਚੇਅਰਪਰਸਨ, ਇਕ ਉਪ ਚੇਅਰਪਰਸਨ, ਅਤੇ ਤਿੰਨ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ ਅਤੇ ਇਸ ਪ੍ਰਕਾਰ ਨਿਯੁਕਤ ਕੀਤੇ

[29] ਸੰਵਿਧਾਨ (ਇੱਕ ਸੌ ਦੋਵਾਂ ਸੋਧ) ਐਕਟ, 2018 ਦੀ ਧਾਰਾ 3 ਦੁਆਰਾ (11.08.2018 ਤੋਂ ਪ੍ਰਭਾਵੀ) ਦੁਆਰਾ ਅੰਤਰਸਥਾਪਤ ਕੀਤਾ ਗਿਆ।



Ministry of Law & Justice

ਗਏ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀਆਂ ਸੇਵਾ ਦੀਆਂ ਸ਼ਰਤਾ ਅਤੇ ਅਹੁਦੇ ਦੀ ਅਉੱਧ ਅਜਿਹੀ ਹੋਵੇਗੀ ਜੋ ਰਾਸ਼ਟਰਪਤੀ ਨਿਯਮ ਦੁਆਰਾ ਤੈਅ ਕਰੇ।

(3) ਰਾਸ਼ਟਰਪਤੀ ਆਪਣੇ ਦਸਖਤਾ ਅਤੇ ਮੋਹਰ ਸਹਿਤ ਵਰੰਟਾਂ ਦੁਆਰਾ ਕਮਿਸ਼ਨ ਦੇ ਚੇਅਰਪਰਸਨ, ਉਪ-ਚੇਅਰਪਰਸਨ ਅਤੇ ਹੋਰ ਮੈਂਬਰਾਂ ਨੂੰ ਨਿਯੁਕਤ ਕਰੇਗਾ।

(4) ਕਮਿਸ਼ਨ ਨੂੰ ਆਪਣਾ ਜਾਬਤਾ ਖੁਦ ਵਿਨਿਯਮਤ ਕਰਨ ਦੀ ਸ਼ਕਤੀ ਹੋਵੇਗੀ।

(5) ਕਮਿਸ਼ਨ ਦਾ ਇਹ ਕਰੱਤਵ ਹੋਵੇਗਾ ਕਿ ਉਹ-

(ੳ) ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੇ ਲਈ ਇਸ ਸੰਵਿਧਾਨ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਸਰਕਾਰ ਦੇ ਕਿਸੇ ਹੁਕਮ ਦੇ ਅਧੀਨ ਉਪਬੰਧਤ ਸੁੱਰਖਿਆਵਾਂ ਸੰਬੰਧੀ ਸਾਰੇ ਮਾਮਲਿਆਂ ਦੀ ਤਫਤੀਸ਼ ਕਰੇ ਅਤੇ ਉਨਾਂ ਤੇ ਨਿਗਰਾਨੀ ਰੱਖੇ ਅਤੇ ਅਜਿਹੀ ਸੁਰੱਖਿਆਵਾਂ ਦੇ ਕੰਮ-ਕਾਰਾਂ ਦਾ ਮੁਲਅੰਕਣ ਕਰੇ;

(ਅ) ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਨੂੰ ਉਨ੍ਹਾ ਦੇ ਅਧਿਕਾਰਾਂ ਅਤੇ ਸੁਰਖਿਆਵਾਂ ਤੇ ਵੰਚਿਤ ਕਰਨ ਦੇ ਕੰਮ ਬਾਬਤ ਉਲਿਖਤ ਸਿਕਾਇਤਾਂ ਦੀ ਜਾਂਚ ਕਰੇ ;

(ੲ) ਸਮਾਜਕ ਅਤੇ ਸਿਖਿਅਕ ਤੌਰ ਤੇਪਛੜੀਆਂ ਸ਼੍ਰੇਣੀਆਂ ਦੇ ਸਮਾਜਿਕ-ਆਰਥਿਕ ਵਿਕਾਸ ਦੀ ਯੋਜਨਾ ਪ੍ਰਕਿਰਯਾ ਵਿਚ ਭਾਗ ਲਵੇ ਅਤੇ ਉਨਾਂ ਦੇ ਅਤੇ ਸੰਘ ਅਤੇ ਕਿਸੇ ਰਾਜ ਦੇ ਅਧੀਨ ਉਨ੍ਹਾਂ ਦੇ ਵਿਕਾਸ ਦੀ ਪ੍ਰਗਤੀ ਦਾ ਮੁਲਅੰਕਣ ਕਰੇ;

(ਸ) ਉਨਾਂ ਸੁਰੱਖਿਆਵਾਂ ਦੇ ਕੰਮ-ਕਾਰਾਂ ਦੇ ਬਾਰੇ ਵਿਚ ਪ੍ਰਤਿ ਸਾਲ ਅਤੇ ਅਜਿਹੇ ਹੋਰ ਮੈਂਬਰਾਂ ਤੇ, ਜੋ ਕਮਿਸ਼ਨ ਠੀਕ ਸਮਝੇ, ਰਾਸ਼ਟਰਪਤੀ ਨੂੰ ਰਿਪੋਟ ਪੇਸ਼ ਕਰੇ;

Ministry of Law & Justice

(ਹ) ਅਜਿਹੀਆਂ ਰਿਪੋਟਾਂ ਵਿਚ ਉਨਾਂ ਉਪਾਵਾਂ ਬਾਰੇ ਵਿਚ ਜੋ ਸੁਰੱਖਿਆਵਾਂ ਦਾ ਪ੍ਰਭਾਵ ਪੂਰਣ ਪਰਿਪਾਲਣ ਦੇ ਲਈ ਸੰਘ ਜਾਂ ਕਿਸੇ ਰਾਜ ਦੁਆਰਾ ਕੀਤੇ ਜਾਣੇ ਚਾਹੀਦੇ, ਅਤੇ ਸਮਾਜਕ ਅਤੇ ਸਿਖਿਅਕ ਤੌਰ ਤੇਪਛੜੀਆਂ ਸ਼੍ਰੇਣੀਆਂ ਦੀ ਹਿਫਾਜ਼ਤ, ਭਲਾਈ ਅਤੇ ਸਮਾਜਿਕ ਆਰਥਿਕ ਵਿਕਾਸ ਦੇ ਲਈ ਹੋਰ ਉਪਾਵਾਂ ਬਾਬਤ ਸਿਫਾਰਸ਼ ਕਰੇ;

(ਕ) ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੀ ਹਿਫਾਜਤ, ਭਲਾਈ, ਵਿਕਾਸ ਅਤੇ ਉਨੱਤੀ ਦੇ ਸੰਬੰਧ ਵਿਚ ਅਜਿਹੀ ਹੋਰ ਕਾਜਕਾਰਾਂ ਦਾ ਨਿਸਤਾਰਾ ਕਰਨਾ ਜੋ ਰਾਸ਼ਟਰਪਤੀ, ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੇ ਉਪਬੰਧ ਦੇ ਤਾਬੇ, ਨਿਯਮ ਦੁਆਰਾ ਉਲਿੱਖਤ ਕਰੇ ।

(6) ਰਾਸ਼ਟਰਪਤੀ ਅਜਿਹੀਆਂ ਸਾਰੀਆਂ ਰਿਪੋਟਾਂ ਨੂੰ ਸੰਸਦ ਦੇ ਹਰੇਕ ਸਦਨ ਅੱਗੇ ਰਖੇਗਾ ਅਤੇ ਉਸਦੇ ਨਾਲ ਸੰਘ ਨਾਲ ਸੰਬੰਧਤ ਸਿਫਾਰਸ਼ਾਂ ਤੇ ਕੀਤੀ ਗਈ ਜਾਂ ਕੀਤੇ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਸਿਫਾਰਸ਼ ਅਸਵਿਕਾਰ ਕੀਤੀ ਗਈ ਹੈ ਤਾਂ, ਅਸਵਿਕਾਰਤਾ ਦੇ ਕਾਰਣਾਂ ਨੂੰ, ਜੇ ਕੋਈ ਹੈ, ਸਪੱਸ਼ਟ ਕਰਨ ਵਾਲਾ ਇਸਤਿਹਾਰ ਵੀ ਹੋਵੇਗਾ ।

(7) ਜਿਥੇ ਕੋਈ ਅਜਿਹੀ ਰਿਪੋਟ, ਜਾਂ ਉਸ ਦਾ ਭਾਗ ਕਿਸੇ ਅਜਿਹੇ ਮਾਮਲੇ ਨਾਲ ਸੰਭੰਧਤ ਹੈ ਜਿਸ ਦਾ ਕਿਸੇ ਰਾਜ ਸਰਕਾਰ ਨਾਲ ਸੰਬੰਧ ਹੈ ਤਾਂ ਅਜਿਹੀ ਰਿਪੋਟ ਦੀ ਇਕ ਕਾਪੀ ਨਾਲ ਉਸ ਰਾਜ ਦੇ ਰਾਜਪਾਲ ਨੂੰ ਭੇਜੀ ਜਾਵੇਗੀ ਜੋ ਉਸ ਰਾਜ ਦੇ ਵਿਧਾਨ ਮੰਡਲ ਦੇ ਅੱਗੇ ਰਖਾਵੇਗਾ ਅਤੇ ਉਸ ਦੇ ਨਾਲ ਰਾਜ ਤੇ ਕੀਤੀ ਗਈ ਜਾਂ ਕੀਤੀ ਜਾਣ ਦੇ ਲਈ ਤਜਵੀਜਤ ਕਾਰਵਾਈ ਅਤੇ ਜੇ ਕੋਈ ਅਜਿਹੀ ਸਿਫਾਰਸ਼ ਅਸਵੀਕਾਰ ਕੀਤੀ ਗਈ ਹੈ ਜਾਂ ਅਸਵੀਕਾਰ ਕਾਰਣਾਂ ਨੂੰ ਸਪਸ਼ਟ ਕਰਨ ਵਾਲਾ ਇਸ਼ਤਿਹਾਰ ਵੀ ਹੋਵੇਗਾ ।

(8) ਕਮਿਸ਼ਨ ਨੂੰ ਖੰਡ (5) ਦੇ ਉਪਖੰਡ (ੳ) ਵਿਚ ਹਵਾਲਾ ਦਿੱਤੇ ਕਿਸੇ ਮਾਮਲੇ ਦੀ ਤਫਤੀਸ਼ ਕਰਦੇ ਸਮੇਂ ਜਾਂ ਉਪਖੰਡ (ਅ) ਵਿਚ ਹਵਾਲਾ ਦਿੱਤੀ ਕਿਸੇ ਸ਼ਿਕਾਇਤ ਦੇ ਬਾਰੇ ਵਿਚ ਜਾਂਚ ਕਰਦੇ ਸਮੇਂ, ਖਾਸ ਕਰਕੇ ਹੇਠ ਲਿਖਿਆ ਮਾਮਲਿਆਂ ਦੇ ਸੰਬੰਧ ਵਿਚ, ਉਹ ਸਾਰੀਆਂ ਸ਼ਕਤੀਆਂ ਹੋਣਗੀਆਂ



Ministry of Law & Justice

ਜੋ ਦਾਵੇ ਦਾ ਵਿਚਾਰਣ ਕਰਦੇ ਸਮੇਂ ਸਿਵਲ ਅਦਾਲਤ ਨੂੰ ਹਨ ਅਰਥਾਤ:-

(ੳ) ਭਾਰਤ ਦੇ ਕਿਸੇ ਵੀ ਭਾਗ ਤੋਂ ਕਿਸੇ ਵਿਅਕਤੀ ਨੂੰ ਸੰਮਨ ਕਰਨ ਅਤੇ ਹਾਜਰ ਕਰਾਉਣ ਅਤੇ ਸੰਹੁ ਤੇ ਉਸਦੀ ਪਰੀਖਿਆ ਕਰਨਾ;

(ਅ) ਕਿਸੇ ਦਸਤਾਵੇਜ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨ ਦੀ ਲੋੜਨਾ ਕਰਨਾ;

(ੲ) ਹਲਫੀਆ ਬਿਆਨਾਂ ਤੇ ਸ਼ਹਾਦਤ ਗ੍ਰਹਿਣ ਕਰਨਾ;

(ਸ) ਕਿਸੇ ਅਦਾਲਤ ਜਾਂ ਦਫਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸਦੀ ਨਕਲ ਦੀ ਲੋੜਨਾ ਕਰਨਾ;

(ਹ) ਸ਼ਹਾਦਤਾਂ ਅਤੇ ਦਸਤਾਵੇਜਾਂ ਦੀ ਪ੍ਰੀਖਿਆ ਲਈ ਕਮਿਸ਼ਨ ਜਾਰੀ ਕਰਨਾ ;

(ਕ) ਕੋਈ ਹੋਰ ਮਾਮਲਾ ਜੋ ਰਾਸ਼ਟਰਪਤੀ ਨਿਯਮਾਂ ਦੁਆਰਾ ਤੈਅ ਕਰੇ।

(9) ਸੰਘ ਅਤੇ ਹਰਿਕ ਰਾਜ ਸਰਕਾਰ ਸਮਾਜਕ ਅਤੇ ਸਿਖਿਅਕ ਤੌਰ ਤੇਪਛੜੀਆਂ ਸ੍ਰੇਣੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਮਹੱਤਵਪੂਰਣ ਨੀਤੀਗਤ ਮਾਨਲਿਆਂ ਤੇ ਕਮਿਸ਼ਨ ਨਾਲ ਮਸ਼ਵਰਾ ਕਰੇਗੀ ।

ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਤੇ ਸੰਘ ਦਾ ਨਿਯੰਤਰਨ।

339. (1) ਰਾਸ਼ਟਰਪਤੀ [30]* * * *ਰਾਜਾਂ ਵਿਚ ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਬਾਰੇ ਰਿਪੋਟ ਦੇਣ ਲਈ ਹੁਕਮ ਦੁਆਰਾ ਇਕ ਕਮਿਸ਼ਨ ਕਿਸੇ ਸਮੇਂ ਵੀ ਨਿਯੁਕਤ ਕਰ ਸਕੇਗਾ ਅਤੇ ਇਸ ਸੰਵਿਧਾਨ ਦੇ ਅਰੰਭ ਤੋਂ ਦਸ ਸਾਲ ਦੇ ਗੁਜਰਨ ਤੇ ਕਰੇਗਾ।

ਉਹ ਹੁਕਮ ਕਮਿਸ਼ਨ ਦੀ ਰਚਨਾ, ਸ਼ਕਤੀਆਂ ਅਤੇ ਜਾਬਤਾ ਪਰਿਨਿਸ਼ਚਤ ਕਰ ਸਕੇਗਾ ਅਤੇ ਇਸ ਵਿਚ ਅਜਿਹੇ ਅਨੁਸੰਗਕ ਜਾਂ

---

[30] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 29 , ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

ਸਹਾਇਕ ਉਪਬੰਧ ਹੋ ਸਕਣਗੇ ਜਿਹੇ ਰਾਸ਼ਟਰਪਤੀ ਜਰੂਰੀ ਵਾਂਛਨੀ ਸਮਝੇ।

(2) ਸੰਘ ਦੀ ਕਾਰਜਪਾਲਕ ਸ਼ਕਤੀ, [31][ਕਿਸੇ ਰਾਜ] ਨੂੰ ਉਨ੍ਹਾਂ ਸਕੀਮਾਂ ਦੇ ਬਣਾਉਣ ਅਤੇ ਅਮਲ ਵਿਚ ਲਿਆਉਣ ਬਾਬਤ ਨਿਦੇਸ਼ ਦੇਣ ਤੱਕ ਵਿਸਤਰਿਤ ਹੋਵੇਗੀ ਜੋ ਨਿਦੇਸ਼ ਵਿਚ ਉਸ ਰਾਜ ਵਿਚਲੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਲਈ ਅਵਸ਼ਕ ਹੋਣੀਆਂ ਉਲਿਖਤ ਹੋਣ।

ਪਛੜੀਆਂ ਸ਼੍ਰੇਣੀਆਂ ਦੀਆਂ ਹਾਲਤਾਂ ਦੀ ਛਾਣ-ਬੀਣ ਕਰਨ ਲਈ ਕਮਿਸ਼ਨ ਦੀ ਨਿਯੁਕਤੀ।

340 (1) ਰਾਸ਼ਟਰਪਤੀ ਹੁਕਮ ਦੁਆਰਾ ਅਜਿਹੇ ਵਿਅਕਤੀਆਂ ਤੋਂ ਮਿਲਕੇ ਬਣਨ ਵਾਲੇ ਜਿਹੇ ਉਹ ਉਚਿਤ ਸਮਝੇ ਇਕ ਕਮਿਸ਼ਨ ਭਾਰਤ ਦੇ ਰਾਜਖੇਤਰ ਅੰਦਰ ਸਮਾਜਕ ਅਤੇ ਸਿਖਿਅਕ ਤੋਰ ਤੇ ਪਛੜੀਆਂ ਸ਼੍ਰੇਣੀਆਂ ਦੀਆਂ ਹਾਲਤਾਂ ਦੀ ਅਤੇ ਉਨ੍ਹਾਂ ਕਠਨਾਈਆਂ ਦੀ ਜੋ ਉਹ ਝੱਲ ਰਹੀਆਂ ਹਨ, ਛਾਣ-ਬੀਣ ਕਰਨ ਲਈ ਅਤੇ ਸੰਘ ਜਾਂ ਕਿਸੇ ਰਾਜ ਦੁਆਰਾ ਅਜਿਹੀਆਂ ਕਠਨਾਈਆਂ ਦੂਰ ਕਰਨ ਅਤੇ ਉਨ੍ਹਾਂ ਦੀ ਹਾਲਤ ਸੁਧਾਰਨ ਲਈ ਜੋ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਉਸ ਪ੍ਰਯੋਜਨ ਲਈ ਸੰਘ ਜਾਂ ਕਿਸੇ ਰਾਜ ਦੁਆਰਾ ਜੋ ਗ੍ਰਾਂਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜਿਨ੍ਹਾਂ ਸ਼ਰਤਾਂ ਦੇ ਤਾਬੇ ਅਜਿਹੀਆਂ ਗ੍ਰਾਂਟਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਉਨ੍ਹਾਂ ਬਾਬਤ ਸਿਫਾਰਸ਼ ਕਰਨ ਲਈ ਨਿਯੁਕਤ ਕਰ ਸਕੇਗਾ ਅਤੇ ਅਜਿਹੇ ਕਮਿਸ਼ਨ ਦੀ ਨਿਯੁਕਤੀ ਕਰਨ ਵਾਲਾ ਹੁਕਮ ਉਸ ਕਮਿਸ਼ਨ ਦੁਆਰਾ ਪੈਰਵੀ ਕੀਤਾ ਜਾਣ ਵਾਲਾ ਜਾਬਤਾ ਪਰਿਨਿਸਚਤ ਕਰੇਗਾ।

(2) ਇਸ ਤਰ੍ਹਾਂ ਨਿਯੁਕਤ ਕੀਤਾ ਕਮਿਸ਼ਨ ਉਸ ਨੂੰ ਹਵਾਲਾ ਕੀਤੇ ਗਏ ਮਾਮਲਿਆਂ ਦੀ ਛਾਣ-ਬੀਣ ਕਰੇਗਾ ਅਤੇ ਆਪਣੇ ਦੁਆਰਾ ਮਲੂਮ ਕੀਤੇ ਤੱਥ ਦਸਦਿਆਂ ਅਤੇ ਅਜਿਹੀਆਂ ਸਿਫਾਰਸ਼ਾਂ ਕਰਦੀਆਂ ਜਿਹੀਆਂ ਉਹ ਉਚਿਤ ਸਮਝੇ ਰਾਸ਼ਟਰਪਤੀ ਨੂੰ ਇਕ ਰਿਪੋਟ ਪੇਸ਼ ਕਰੇਗਾ।

(3) ਰਾਸ਼ਟਰਪਤੀ ਇਸ ਤਰ੍ਹਾਂ ਪੇਸ਼ ਕੀਤੀ ਗਈ ਰਿਪੋਟ ਦੀ ਇਕ ਨਕਲ, ਉਸ ਤੇ ਕੀਤੀ ਗਈ ਕਾਰਵਾਈ ਦੀ ਵਿਆਖਿਆ ਕਰਨ ਵਾਲੇ ਯਾਦ-ਪਤੱਰ

[31] ਸੰਵਿਧਾਨ (ਸਤੱਵੀਂ ਸੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ "ਕਿਸੇ ਅਜਿਹੇ ਰਾਜ" ਦੀ ਥਾਵੇਂ ਰੱਖੇ ਗਏ।

ਸਮੇਤ, ਸੰਸਦ ਦੇ ਹਰੇਕ ਸਦਨ ਅੱਗੇ ਰੱਖਵਾਏਗਾ ।

ਅਨੁਸੂਚਿਤ ਜਾਤਾਂ ।

341.(1) ਰਾਸ਼ਟਰਪਤੀ [32][ਕਿਸੇ ਰਾਜ [33][ਜਾਂ ਸੰਘ ਰਾਜ-ਖੇਤਰ] ਬਾਰੇ ਅਤੇ ਜਿਥੇ ਉਹ [34]* * * * ਕੋਈ ਰਾਜ ਹੋਵੇ ਉਸ ਦੇ ਰਾਜਪਾਲ [35]* * * * ਨਾਲ ਮਸ਼ਵਰਾ ਕਰਨ ਪਿੱਛੋਂ] ਲੋਕ ਅਧਿਸੂਚਨਾ [36] * * * * ਦੁਆਰਾ ਉਹ ਜਾਤਾਂ, ਨਸਲਾਂ ਜਾਂ ਕਬੀਲੇ ਜਾਂ ਜਾਤਾਂ ਨਸਲਾਂ ਜਾਂ ਕਬੀਲਿਆਂ ਦੇ ਭਾਗ ਜਾ ਉਨ੍ਹਾਂ ਵਿਚਲੇ ਸਮੂਹ ਉਲਿਖਤ ਕਰ ਸਕੇਗਾ ਜੋ ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ ਉਸ ਰਾਜ [37][ਜਾਂ ਸੰਘ ਰਾਜਖੇਤਰ ਜਿਹੀ ਕਿ ਸੂਰਤ ਹੋਵੇ] ਦੇ ਸੰਬੰਧ ਵਿਚ ਅਨੁਸੂਚਿਤ ਜਾਤਾਂ ਸਮਝੇ ਜਾਣਗੇ ।

(2) ਸੰਸਦ ਕਾਨੂੰਨ ਦੁਆਰਾ ਕਿਸੇ ਜਾਤ, ਨਸਲ ਜਾਂ ਕਬੀਲੇ ਨੂੰ ਜਾਂ ਕਿਸੇ ਜਾਤ, ਨਸਲ ਜਾਂ ਕਬੀਲੇ ਦੇ ਭਾਗ ਜਾਂ ਉਸ ਵਿਚਲੇ ਸਮੂਹ ਨੂੰ ਖੰਡ (1) ਦੇ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿਚ ਉਲਿਖਤ ਅਨੁਸੂਚਿਤ ਜਾਤਾਂ ਜਾਂ ਸੂਚੀ ਵਿਚ ਸ਼ਾਮਲ ਜਾਂ ਵਿਚੋਂ ਖਾਰਜ ਕਰ ਸਕੇਗੀ, ਪਰ ਉਪਰੋਕਤ ਤਰ੍ਹਾਂ ਨੂੰ ਛੱਡ ਕੇ ਉਕਤ ਖੰਡ ਦੇ ਅਧੀਨ ਜਾਰੀ ਕੀਤੀ ਗਈ ਕਿਸੇ ਅਧਿਸੂਚਨਾ ਵਿਚ ਕਿਸੇ ਉੱਤਰਵਰਤੀ ਅਧਿਸੂਚਨਾ ਦੁਆਰਾ ਅਦਲ-ਬਦਲ ਨਹੀਂ ਕੀਤੀ ਜਾਵੇਗੀ ।

---

[32] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 10 ਦੁਆਰਾ "ਰਾਜ ਦੇ ਰਾਜਪਾਲ ਜਾਂ ਰਾਜਪ੍ਰਮੁਖ ਨਾਲ ਮਸ਼ਵਰਾ ਕਰਨ ਪਿੱਛੋਂ" ਦੀ ਥਾਵੇਂ ਰੱਖੇ ਗਏ ।

[33] ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਅੰਤਰਸਥਾਪਤ ।

[34] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਜਾਂ ਭਾਗ ਅ ਵਿਚ ਉਲਿਖਤ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ ।

[35] ਸ਼ਬਦ "ਜਾਂ ਰਾਜਪ੍ਰਮੁਖ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ ।

[36] ਵੇਖੋ ਕਾਨੂੰਨ ਮੰਤ੍ਰਾਲੇ ਦੀ ਅਧਿਸੂਚਨਾ ਨੰ. : ਸੀ ਓ.19, ਤਰੀਕ 10 ਅਗਸਤ, 1950, ਭਾਰਤ ਦਾ ਗਜਟ ਆਸਾਧਾਰਣ, ਭਾਗ II ,ਅਨੁਭਾਗ 3, ਪੰਨਾ 163 ਤੇ ਪ੍ਰਕਾਸ਼ਤ, ਸੰਵਿਧਾਨ (ਅਨੁਸੂਚਿਤ ਜਾਤਾਂ) ਹੁਕਮ, 1950 ਸਮੇਂ ਸਮੇਂ ਤੇ ਸੋਧਿਆ ਹੋਇਆ ; ਸੰਵਿਧਾਨ (ਜੰਮੂ ਅਤੇ ਕਸ਼ਮੀਰ) ਅਨੁਸੂਚਿਤ ਜਾਂਤਾਂ ਹੁਕਮ, 1956 (ਸੀ ਓ.52); ਸੰਵਿਧਾਨ (ਦਾਦਰਾ ਅਤੇ ਨਾਗਰ ਹਵੇਲੀ) ਅਨੁਸੂਚਿਤ ਜਾਤਾਂ, ਹੁਕਮ, 1962 (ਸੀ ਓ.64), ਸੰਵਿਧਾਨ (ਪੋਂਡੀਚੇਰੀ) ਅਨੁਸੂਚਿਤ ਜਾਤਾਂ, ਹੁਕਮ, 1964 (ਸੀ ਓ.68) ਸੰਵਿਧਾਨ ( ਗੋਆ, ਦਮਨ ਅਤੇ ਦੀਵ) ਅਨੁਸੂਚਿਤ ਜਾਤਾਂ, ਹੁਕਮ, 1968 (ਸੀ ਓ.81) ਅਤੇ ਸੰਵਿਧਾਨ (ਸਿੱਕਿਮ) ਅਨੁਸੂਚਿਤ ਜਾਤਾ, ਹੁਕਮ, 1978 (ਸੀ.ਓ.110) ।

[37] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਅੰਤਰਸਥਾਪਤ ।

Ministry of Law & Justice

ਅਨੁਸੂਚਿਤ ਕਬੀਲੇ।

**342.** (1) ਰਾਸ਼ਟਰਪਤੀ [38][ਕਿਸੇ ਰਾਜ [35][ਜਾਂ ਸੰਘ ਰਾਜਖੇਤਰ] ਬਾਰੇ, ਅਤੇ ਜਿੱਥੇ ਉਹ [39]* * * ਕੋਈ ਰਾਜ ਹੋਵੇ ਉਸ ਦੇ ਰਾਜਪਾਲ [40]* * *ਨਾਲ ਮਸ਼ਵਰਾ ਕਰਨ ਪਿੱਛੋਂ, ] ਲੋਕ ਅਧਿਸੂਚਨਾ[41] ਦੁਆਰਾ, ਉਹ ਕਬੀਲੇ ਜਾਂ ਕਬਾਇਲੀ ਫਿਰਕੇ ਜਾਂ ਕਬੀਲਿਆਂ ਜਾਂ ਕਬਾਇਲੀ ਫਿਰਕੀਆਂ ਦੇ ਭਾਗ ਜਾਂ ਉਨ੍ਹਾਂ ਵਿਚਲੇ ਸਮੂਹ ਉਲਿਖਤ ਕਰ ਸਕੇਗਾ ਜੋ ਉਸ ਸੰਵਿਧਾਨ ਦੇ ਪ੍ਰਯੋਜਨਾਂ ਲਈ ਉਸ ਰਾਜ [35][ਜਾਂ ਸੰਘ ਰਾਜਖੇਤਰ, ਜਿਹੀ ਕੀ ਸੂਰਤ ਹੋਵੇ] ਦੇ ਸੰਬੰਧ ਵਿਚ ਅਨੁਸੂਚਿਤ ਕਬੀਲੇ ਸਮਝੇ ਜਾਣਗੇ।

(2) ਸੰਸਦ ਕਾਨੂੰਨ ਦੁਆਰਾ ਕਿਸੇ ਕਬੀਲੇ ਜਾਂ ਕਬਾਇਲੀ ਫਿਰਕੇ, ਜਾਂ ਕਬੀਲੇ ਜਾਂ ਕਬਾਇਲੀ ਫਿਰਕੇ ਦੇ ਭਾਗ ਜਾਂ ਉਸ ਵਿਚਲੇ ਸਮੂਹ ਨੂੰ ਖੰਡ (1) ਦੇ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿਚ ਉਲਿਖਤ ਅਨੁਸੂਚਿਤ ਕਬੀਲਿਆਂ ਦੀ ਸੂਚੀ ਵਿਚ ਸ਼ਾਮਲ ਜਾਂ ਵਿਚੋਂ ਖਾਰਜ ਕਰ ਸਕੇਗੀ, ਪਰ ਉਪਰੋਕਤ ਤਰ੍ਹਾਂ ਨੂੰ ਛੱਡ ਕੇ ਉਕਤ ਖੰਡ ਦੇ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿਚ ਕਿਸੇ ਉੱਤਰਵਰਤੀ ਅਧਿਸੂਚਨਾ ਦੁਆਰਾ ਅਦਲ-ਬਦਲ ਨਹੀਂ ਕੀਤੀ ਜਾਵੇਗੀ।

---

[38] ਸੰਵਿਦਾਨ (ਪਹਿਲੀ ਸੋਧ) ਐਕਟ, 1951, ਧਰਾ 11 ਦੁਆਰਾ "ਰਾਜ ਦੇ ਰਾਜਪਾਲ ਜਾਂ ਰਾਜਪ੍ਰਮੁਖ ਨਾਲ ਮਸ਼ਵਰਾ ਕਰਨ ਪਿੱਛੋ" ਦੀ ਥਾਵੇਂ ਰਖੇ ਗਏ।

[39] ਸ਼ਬਦ ਅਤੇ ਅਖਰ "ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[40] ਸ਼ਬਦ "ਜਾਂ ਰਾਜਪ੍ਰਮੁਖ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ।

[41] ਵੇਖੋ ਨੰ (ਸੀ ੳ, 22), ਸੰਵਿਧਾਨ (ਅਨੁਸੂਚਿਤ ਕਬੀਲੇ) ਹੁਕਮ, 1950 ਸਮੇਂ ਸਮੇਂ ਤੇ ਸੋਧਿਆ ਹੋਇਆ ; (ਸੀ ੳ.33) ਸੰਵਿਧਾਨ (ਅਨੁਸੂਚਿਤ ਕਬੀਲੇ) (ਸੰਘ ਰਾਜ-ਖੇਤਰ) ਹੁਕਮ 1951 ; ( ਸੀ ੳ.58), ਸੰਵਿਧਾਨ (ਅੰਡੇਮਾਨ ਅਤੇ ਨਿਕੋਬਾਰ ਟਾਪੂ ਅਨੁਸੂਚਿਤ ਕਬੀਲੇ ਹੁਕਮ, 1959 ; (ਸੀ ੳ.65), ਸੰਵਿਧਾਨ (ਦਾਦਰਾ ਅਤੇ ਨਾਗਰ ਹਵੇਲੀ) ਅਨੁਸੂਚਿਤ ਕਬੀਲੇ ਹੁਕਮ, 1962 (ਸੀ ੳ.78), ਸੰਵਿਧਾਨ (ਅਨੁਸੂਚਿਤ ਕਬੀਲੇ) (ਉੱਤਰ ਪ੍ਰਦੇਸ਼)ਹੁਕਮ 1967 ; (ਸੀ ੳ.182), ਸੰਵਿਧਾਨ (ਗੋਆ, ਦਮਨ ਅਤੇ ਦੀਵ) ਅਨੁਸੂਚਿਤ ਕਬੀਲੇ ਹੁਕਮ 1968 ; (ਸੀ ੳ.88) ਸੰਵਿਧਾਨ (ਨਾਗਾਲੈਂਡ) ਅਨੁਸੂਚਿਤ ਕਬੀਲੇ ਹੁਕਮ.1970 ਅਤੇ ਸੰਵਿਦਾਨ (ਕਿੱਕਿਮ) ਅਨੁਸੂਚਿਤ ਕਬੀਲੇ ਹੁਕਮ, 1978 (ਸੀ ੳ111)।



Ministry of Law & Justice

**ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ।**

[42][**342. (ੳ)**.(1) ਰਾਸ਼ਟਰਪਤੀ ਕਿਸੇ ਰਾਜ ਜਾਂ ਸੰਘ ਰਾਜਖੇਤਰ ਬਾਰੇ ਅਤੇ ਜਿੱਥੇ ਉਹ ਰਾਜ ਹੋਵੇ ਉਸ ਦੇ ਰਾਜਪਾਲ ਨਾਲ ਮਸ਼ਵਰਾ ਕਰਨ ਪਿੱਛੋਂ, ਲੋਕ ਅਧਿਸੂਚਨਾ ਦੁਆਰਾ, ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਉਲਿਖਤ ਕਰ ਸਕੇਗਾ, ਜੋ ਉਸ ਸੰਵਿਧਾਨ ਦੇ ਪ੍ਰਯੋਜਨਾਂ ਲਈ, ਉਸ ਰਾਜ ਜਾਂ ਸੰਘ ਰਾਜਖੇਤਰ, ਜਿਹੀ ਕੀ ਸੂਰਤ ਹੋਵੇ ਦੇ ਸੰਬੰਧ ਵਿਚ ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਸਮਝੇ ਜਾਣਗੇ ।

(2) ਸੰਸਦ, ਕਾਨੂੰਨ ਦੁਆਰਾ, ਕਿਸੇ ਸਮਾਜਕ ਅਤੇ ਸਿਖਿਅਕ ਤੌਰ ਤੇਪਛੜੀਆਂ ਸ਼੍ਰੇਣੀਆਂ ਨੂੰ ਖੰਡ (1) ਦੇ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿਚ ਉਲਿਖਤ ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੀ ਕੇਂਦਰੀ ਸੂਚੀ ਵਿਚ ਸ਼ਾਮਲ ਜਾਂ ਵਿਚੋਂ ਖਾਰਜ ਕਰ ਸਕੇਗੀ, ਪਰ ਉਪਰੋਕਤ ਤਰ੍ਹਾਂ ਨੂੰ ਛੱਡ ਕੇ ਉਕਤ ਖੰਡ ਦੇ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਵਿਚ ਕਿਸੇ ਅੱਗੇ ਆਉਣ ਵਾਲੇ ਅਧਿਸੂਚਨਾ ਦੁਆਰਾ ਅਦਲ-ਬਦਲ ਨਹੀਂ ਕੀਤੀ ਜਾਵੇਗੀ।]

---

[42] ਸੰਵਿਧਾਨ (ਇੱਕ ਸੌ ਦੋਵਾਂ ਸੋਧ) ਐਕਟ, 2018 ਦੀ ਧਾਰਾ 4 ਦੁਆਰਾ (11.08.2018 ਤੋਂ ਪ੍ਰਭਾਵੀ) ਦੁਆਰਾ ਅੰਤਰਸਥਾਪਤ ਕੀਤਾ ਗਿਆ।

Ministry of Law & Justice

## ਭਾਗ XVII

## ਰਾਜ ਭਾਸ਼ਾ

### ਅਧਿਆਏ I – ਸੰਘ ਦੀ ਭਾਸ਼ਾ

ਸੰਘ ਦੀ ਰਾਜ ਭਾਸ਼ਾ।

343. (1) ਸੰਘ ਦੀ ਰਾਜ ਭਾਸ਼ਾ ਦੇਵਨਾਗਰੀ ਲਿਪੀ ਵਿਚ ਹਿੰਦੀ ਹੋਵੇਗੀ।

ਸੰਘ ਦੇ ਸਰਕਾਰੀ ਪ੍ਰਯੋਜਨਾਂ ਲਈ ਵਰਤੇ ਜਾਣ ਵਾਲੇ ਹਿੰਦਸਿਆਂ ਦਾ ਰੂਪ ਭਾਰਤੀ ਹਿੰਦਸਿਆਂ ਦਾ ਕੌਮਾਂਤਰੀ ਰੂਪ ਹੋਵੇਗਾ।

(2) ਖੰਡ (1) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਸੰਵਿਧਾਨ ਦੇ ਅਰੰਭ ਤੋਂ ਪੰਦਰ੍ਹਾਂ ਸਾਲ ਦੀ ਮੁੱਦਤ ਲਈ, ਅੰਗਰੇਜੀ ਭਾਸ਼ਾ ਸੰਘ ਦੇ ਉਨ੍ਹਾਂ ਸਭ ਸਰਕਾਰੀ ਪ੍ਰਯੋਜਨਾਂ ਲਈ ਵਰਤੀ ਜਾਂਦੀ ਰਹੇਗੀ ਜਿਨ੍ਹਾਂ ਲਈ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਵਰਤੀ ਜਾ ਰਹੀ ਸੀ :

ਪਰੰਤੂ ਰਾਸ਼ਟਰਪਤੀ, ਉਕਤ ਮੁੱਦਤ ਦੇ ਦੌਰਾਨ, ਹੁਕਮ ਦੁਆਰਾ[1] ਸੰਘ ਦੇ ਸਰਕਾਰੀ ਪ੍ਰਯੋਜਨਾਂ ਵਿਚੋਂ ਕਿਸੇ ਲਈ ਅੰਗਰੇਜੀ ਭਾਸ਼ਾ ਦੇ ਇਲਾਵਾ ਹਿੰਦੀ ਭਾਸ਼ਾ ਦੀ ਅਤੇ ਭਾਰਤੀ ਹਿੰਦਸਿਆਂ ਦੇ ਕੌਮਾਂਤਰੀ ਰੂਪ ਦੇ ਇਲਾਵਾ ਹਿੰਦਸਿਆਂ ਦੇ ਦੇਵਨਾਗਰੀ ਰੂਪ ਦੀ ਵਰਤੋਂ ਅਖਤਿਆਰਤ ਕਰ ਸਕੇਗਾ।

(3) ਇਸ ਅਨੁਛੇਦ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਕਾਨੂੰਨ ਦੁਆਰਾ ਪੰਦਰ੍ਹਾਂ ਸਾਲ ਦੀ ਉਕਤ ਮੁੱਦਤ ਪਿੱਛੋਂ -

(ੳ) ਅੰਗਰੇਜੀ ਭਾਸ਼ਾ, ਜਾਂ

(ਅ) ਹਿੰਦਸਿਆਂ ਦੇ ਦੇਵਨਾਗਰੀ ਰੂਪ

ਦੀ ਅਜਿਹੇ ਪ੍ਰਯੋਜਨਾਂ ਲਈ ਵਰਤੋਂ ਦਾ ਉਪਬੰਧ ਕਰ ਸਕੇਗੀ ਜਿਹੇ ਉਸ ਕਾਨੂੰਨ ਵਿਚ ਉਲਿਖਤ ਕੀਤੇ ਜਾਣ।

[1] ਸੰ. ਆ. 41 ਦੇਖੋ।

Ministry of Law & Justice

ਰਾਜ ਭਾਸ਼ਾ ਲਈ ਕਮਿਸ਼ਨ ਅਤੇ ਸੰਸਦ ਦੀ ਕਮੇਟੀ।

344. (1) ਰਾਸ਼ਟਰਪਤੀ, ਇਸ ਸੰਵਿਧਾਨ ਤੇ ਅਰੰਭ ਤੋਂ ਪੰਜ ਸਾਲ ਦੇ ਗੁਜਰਨ ਤੇ ਅਤੇ ਉਸ ਪਿੱਛੋਂ ਅਜਿਹੇ ਅਰੰਭ ਤੋਂ ਦਸ ਸਾਲ ਦੇ ਗੁਜਰਨ ਤੇ, ਹੁਕਮ ਦੁਆਰਾ ਇਕ ਕਮਿਸ਼ਨ ਗਠਤ ਕਰੇਗਾ ਜੋ ਇਕ ਚੇਅਰਮੈਨ ਅਤੇ ਅੱਠਵੀਂ ਅਨੁਸੂਚੀ ਵਿਚ ਉਲਿਖਤ ਵੱਖ ਵੱਖ ਭਾਸ਼ਾਵਾਂ ਦੀ ਪ੍ਰਤੀਨਧਤਾ ਕਰਨ ਵਾਲੇ ਅਜਿਹੇ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ ਜਿਹੇ ਰਾਸ਼ਟਰਪਤੀ ਨਿਯੁਕਤ ਕਰੇ, ਅਤੇ ਉਹ ਹੁਕਮ ਕਮਿਸ਼ਨ ਦੁਆਰਾ ਪੈਰਵੀ ਕੀਤਾ ਜਾਣ ਵਾਲਾ ਜਾਬਤਾ ਪਰਿਨਿਸਚਿਤ ਕਰੇਗਾ।

(2) ਕਮਿਸ਼ਨ ਦਾ ਕਰੱਤਵ ਹੋਵੇਗਾ ਕਿ ਉਹ ਰਾਸ਼ਟਰਪਤੀ ਨੂੰ–

(ੳ) ਸੰਘ ਦੇ ਸਰਕਾਰੀ ਪ੍ਰਯੋਜਨਾਂ ਲਈ ਹਿੰਦੀ ਭਾਸ਼ਾ ਦੀ ਪ੍ਰਗਤੀਸ਼ੀਲ ਵਰਤੋਂ ;

(ਅ) ਸੰਘ ਦੇ ਸਭ ਸਰਕਾਰੀ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਅੰਗਰੇਜੀ ਭਾਸ਼ਾ ਦੀ ਵਰਤੋਂ ਤੇ ਪਾਬੰਦੀਆਂ ;

(ੲ) ਅਨੁਛੇਦ 348 ਵਿਚ ਜਿਕਰ ਕੀਤੇ ਸਭ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ;

(ਸ) ਸੰਘ ਦੇ ਕਿਸੇ ਇਕ ਜਾਂ ਵਧੇਰੇ ਉਲਿਖਤ ਪ੍ਰਯੋਜਨਾਂ ਲਈ ਵਰਤੇ ਜਾਣ ਵਾਲੇ ਹਿੰਦਸਿਆਂ ਦੇ ਰੂਪ ;

(ਹ) ਸੰਘ ਦੀ ਰਾਜ ਭਾਸ਼ਾ ਅਤੇ ਸੰਘ ਅਤੇ ਕਿਸੇ ਰਾਜ ਵਿਚਕਾਰ ਜਾਂ ਇਕ ਰਾਜ ਅਤੇ ਕਿਸੇ ਹੋਰ ਰਾਜ ਵਿਚਕਾਰ ਸੰਚਾਰ ਲਈ ਭਾਸ਼ਾ ਅਤੇ ਉਨ੍ਹਾਂ ਦੀ ਵਰਤੋਂ ਬਾਬਤ ਰਾਸ਼ਟਰਪਤੀ ਦੁਆਰਾ ਕਮਿਸ਼ਨ ਨੂੰ ਭੇਜੇ ਗਏ ਕਿਸੇ ਹੋਰ ਮਾਮਲੇ ;

ਬਾਬਤ ਸਿਫਾਰਸ਼ਾਂ ਕਰੇ।

(3) ਖੰਡ (2) ਦੇ ਅਧੀਨ ਆਪਣੀਆਂ ਸਿਫਾਰਸ਼ਾਂ ਕਰਨ ਵਿਚ, ਕਮਿਸ਼ਨ ਭਾਰਤ ਦੇ ਉਦਯੋਗਕ, ਸਭਿਆਚਾਰਕ ਅਤੇ ਵਿਗਿਆਨਕ ਉੱਨਤੀ, ਅਤੇ ਲੋਕ ਸੇਵਾਵਾਂ ਬਾਬਤ ਗੈਰ-ਹਿੰਦੀ ਭਾਸ਼ੀ ਬੋਲਣ ਵਾਲੇ ਖੇਤਰਾਂ ਦੇ ਵਿਅਕਤੀਆਂ ਦੇ ਨਿਆਂਪੂਰਣ ਦਾਅਵਿਆਂ ਅਤੇ ਹਿਤਾਂ ਦਾ ਯੋਗ ਧਿਆਨ ਰੱਖੇਗਾ।

Ministry of Law & Justice

(4) ਤੀਹ ਮੈਂਬਰਾਂ ਤੋਂ ਮਿਲ ਕਿ ਬਣਨ ਵਾਲੀ ਇਕ ਕਮੇਟੀ ਗਠਤ ਕੀਤੀ ਜਾਵੇਗੀ,ਜਿਨ੍ਹਾਂ ਵਿਚੋਂ ਵੀਹ ਲੋਕ ਸਭਾ ਦੇ ਮੈਂਬਰ ਹੋਣਗੇ ਅਤੇ ਦਸ ਰਾਜ ਸਭਾ ਦੇ ਮੈਂਬਰ ਹੋਣਗੇ ਜੋ ਕ੍ਰਮਵਾਰ ਲੋਕ ਸਭਾ ਦੇ ਮੈਂਬਰਾਂ ਅਤੇ ਰਾਜ ਸਭਾ ਦੇ ਮੈਂਬਰਾਂ ਦੁਆਰਾ ਅਨੁਪਾਤੀ ਪ੍ਰਤੀਨਿਧਤਾ ਦੇ ਕਾਇਦੇ ਦੀ ਅਨੁਸਾਰਤਾ ਵਿਚ ਇਕਹਿਰੀ ਬਦਲੀ-ਯੋਗ ਵੋਟ ਦੁਆਰਾ ਚੁਣੇ ਜਾਣਗੇ।

(5) ਉਸ ਕਮੇਟੀ ਦਾ ਕਰਤੱਵ ਹੋਵੇਗਾ ਕਿ ਉਹ ਖੰਡ (1) ਦੇ ਅਧੀਨ ਗਠਤ ਕੀਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਪਰੀਖਿਆ ਕਰੇ ਅਤੇ ਰਾਸ਼ਟਰਪਤੀ ਨੂੰ ਉਨ੍ਹਾਂ ਤੇ ਆਪਣੀ ਰਾਏ ਦੀ ਰਿਪੋਟ ਦੇਵੇ।

(6) ਅਨੁਛੇਦ 343 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ, ਖੰਡ (5) ਵਿਚ ਹਵਾਲਾ ਦਿੱਤੀ ਗਈ ਰਿਪੋਟ ਤੇ ਵਿਚਾਰ ਕਰਨ ਪਿੱਛੋਂ, ਉਸ ਸਾਰੀ ਰਿਪੋਟ ਜਾਂ ਉਸ ਦੇ ਕਿਸੇ ਭਾਗ ਦੀ ਅਨੁਸਾਰਤਾ ਵਿਚ ਨਿਦੇਸ਼ ਜਾਰੀ ਕਰ ਸਕੇਗਾ।

## ਅਧਿਆਏ II- ਪ੍ਰਦੇਸ਼ਕ ਭਾਸ਼ਾਵਾਂ

ਕਿਸੇ ਰਾਜ ਦੀ ਰਾਜ ਭਾਸ਼ਾ ਜਾਂ ਰਾਜ ਭਾਸ਼ਾਵਾਂ।

345. ਅਨੁਛੇਦ 346 ਅਤੇ 347 ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦਾ ਵਿਧਾਨ-ਮੰਡਲ ਉਸ ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਇਕ ਜਾਂ ਵਧੇਰੇ ਨੂੰ ਜਾਂ ਹਿੰਦੀ ਨੂੰ ਉਸ ਰਾਜ ਦੇ ਸਭ ਸਰਕਾਰੀ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਜਾਂ ਭਾਸ਼ਾਵਾਂ ਵਜੋਂ ਅੰਗੀਕਾਰ ਕਰ ਸਕੇਗਾ :

ਪਰੰਤੂ ਜਦ ਤਕ ਰਾਜ ਦਾ ਵਿਧਾਨ-ਮੰਡਲ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਨ ਕਰੇ, ਕਾਰਜ ਦੇ ਅੰਦਰ ਉਨ੍ਹਾਂ ਸਰਕਾਰੀ ਪ੍ਰਯੋਜਨਾਂ ਲਈ ਅੰਗਰੇਜੀ ਭਾਸ਼ਾ ਵਰਤੀ ਜਾਂਦੀ ਰਹੇਗੀ ਜਿਨ੍ਹਾਂ ਲਈ ਉਹ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਵਰਤੀ ਜਾ ਰਹੀ ਸੀ।

ਇਕ ਰਾਜ ਅਤੇ ਕਿਸੇ ਹੋਰ ਰਾਜ ਵਿਚਕਾਰ ਜਾਂ

346. ਸੰਘ ਵਿਚ ਸਰਕਾਰੀ ਪ੍ਰਯੋਜਨਾਂ ਲਈ ਵਰਤੇ ਜਾਣ ਲਈ ਤਤਸਮੇਂ ਅਖਤਿਆਰਤ ਭਾਸ਼ਾ, ਇਕ ਰਾਜ ਅਤੇ ਦੂਜੇ ਰਾਜ ਵਿਚਕਾਰ ਅਤੇ ਕਿਸੇ ਰਾਜ ਅਤੇ ਸੰਘ ਵਿਚਕਾਰ ਸੰਚਾਰ ਲਈ ਰਾਜ ਭਾਸ਼ਾ ਹੋਵੇਗੀ :

Ministry of Law & Justice

ਕਿਸੇ ਰਾਜ ਅਤੇ ਸੰਘ ਵਿਚਕਾਰ ਸੰਚਾਰ ਲਈ ਰਾਜ ਭਾਸ਼ਾ।

ਪਰੰਤੂ, ਜੇ ਦੋ ਜਾਂ ਵਧੇਰੇ ਰਾਜ ਸਹਿਮਤ ਹੋਣ ਕਿ ਅਜਿਹੇ ਰਾਜਾਂ ਵਿਚਕਾਰ ਸੰਚਾਰ ਲਈ ਰਾਜ ਭਾਸ਼ਾ ਹਿੰਦੀ ਭਾਸ਼ਾ ਹੋਣੀ ਚਾਹੀਦੀ ਹੈ, ਤਾਂ ਅਜਿਹੇ ਸੰਚਾਰ ਲਈ ਉਹ ਭਾਸ਼ਾ ਵਰਤੀ ਜਾ ਸਕੇਗੀ।

ਕਿਸੇ ਰਾਜ ਦੀ ਆਬਾਦੀ ਤੇ ਕਿਸੇ ਅਨੁਭਾਗ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਸੰਬੰਧੀ ਵੇਸ਼ੇਸ ਉਪਬੰਧ।

347. ਉਸ ਨਮਿੱਤ ਮੰਗ ਕੀਤੇ ਜਾਣ ਤੇ ਰਾਸ਼ਟਰਪਤੀ, ਜੇ ਉਸ ਦੀ ਤਸੱਲੀ ਹੋ ਜਾਵੇ ਕਿ ਕਿਸੇ ਰਾਜ ਦੀ ਆਬਾਦੀ ਦਾ ਚੋਖਾ ਅਨੁਪਾਤ ਚਾਹੁੰਦਾ ਹੈ ਕੀ ਉਸ ਦੁਆਰਾ ਬੋਲੀ ਜਾਂਦੀ ਕਿਸੇ ਭਾਸ਼ਾ ਦੀ ਵਰਤੋਂ ਨੂੰ ਉਸ ਰਾਜ ਦੁਆਰਾ ਮਾਨਤਾ ਦਿੱਤੀ ਜਾਵੇ, ਨਿਦੇਸ਼ ਦੇ ਸਕੇਗਾ ਕਿ ਉਸ ਭਾਸ਼ਾ ਨੂੰ ਵੀ ਉਸ ਰਾਜ ਵਿਚ ਸਭ ਥਾਈਂ ਜਾਂ ਉਸ ਦੇ ਕਿਸੇ ਭਾਗ ਵਿਚ ਅਜਿਹੇ ਪ੍ਰਯੋਜਨ ਲਈ ਜਿਹਾ ਉਹ ਉਲਿਖਤ ਕਰੇ ਸਰਕਾਰੀ ਤੋਰ ਤੇ ਮਾਨਤਾ ਦਿੱਤੀ ਜਾਵੇਗੀ।

## ਅਧਿਆਏ III - ਸਰਵ ਉੱਚ ਅਦਾਲਤ, ਉੱਚ ਅਦਾਲਤਾਂ ਆਦਿ ਦੀ ਭਾਸ਼ਾ

ਸਰਵ-ਉੱਚ ਅਦਾਲਤ ਵਿਚ ਅਤੇ ਉੱਚ ਅਦਾਲਤਾਂ ਵਿਚ ਅਤੇ ਐਕਟਾਂ ਬਿਲਾਂ ਆਦਿ ਲਈ ਵਰਤੀ ਜਾਣ ਵਾਲੀ ਭਾਸ਼ਾ।

348. (1) ਇਸ ਭਾਗ ਦੇ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਦ ਤਕ ਸੰਸਦ ਦੁਆਰਾ ਹੋਰਵੇਂ ਉਪਬੰਧ ਨ ਕਰੇ -

(ੳ) ਸਰਵ-ਉੱਚ ਅਦਾਲਤ ਵਿਚ ਅਤੇ ਹਰਿਕ ਉੱਚ ਅਦਾਲਤ ਵਿਚ ਸਭ ਕਾਰਵਾਈਆਂ,--

(ਅ) (i) ਸੰਸਦ ਦੇ ਕਿਸੇ ਸਦਨ ਵਿਚ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਸਦਨ ਜਾਂ ਕਿਸੇ ਸਦਨ ਵਿਚ ਪੂਰਸਥਾਪਤ ਕੀਤੇ ਜਾਣ ਵਾਲੇ ਸਭ ਬਿਲਾਂ ਦੇ ਜਾਂ ਉਨ੍ਹਾਂ ਵਿਚ ਕਰਨ ਲਈ ਪੇਸ ਕੀਤੀਆਂ ਜਾਣ ਵਾਲੀਆਂ ਸੋਧਾਂ ਦੇ,

(ii)ਸੰਸਦ ਦੁਆਰਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਪਾਸ ਕੀਤੇ ਸਭ ਐਕਟਾਂ ਦੇ ਅਤੇ ਰਾਸ਼ਟਰਪਤੀ ਜਾਂ ਕਿਸੇ ਰਾਜ ਦੇ ਰਾਜਪਾਲਾਂ[2] * * * ਦੁਆਰਾ ਜਾਰੀ ਕੀਤੇ ਗਏ ਸਭ ਅਧਿਆਦੇਸ਼ਾਂ ਦੇ, ਅਤੇ

[2] ਸ਼ਬਦ "ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ)ਸੋਧ ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

(iii) ਇਸ ਸੰਵਿਧਾਨ ਦੇ ਅਧੀਨ ਜਾਂ ਸੰਸਦ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਬਣਾਏ ਕਿਸੇ ਕਾਨੂੰਨ ਦੇ ਅਧੀਨ ਜਾਰੀ ਕੀਤੇ ਗਏ ਸਭ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਕਾਨੂੰਨਾਂ ਦੇ,

ਸੱਤਾਯੁਕਤ ਪਾਠ ਅੰਗਰੇਜੀ ਭਾਸ਼ਾ ਵਿਚ ਹੋਣਗੇ।

(2) ਖੰਡ (1) ਦੇ ਉਪ-ਖੰਡ (ੳ) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਰਾਜ ਦਾ ਰਾਜਪਾਲ [2]* * * ਰਾਸ਼ਟਰਪਤੀ ਦੀ ਪੂਰਵ-ਸੰਮਤੀ ਨਾਲ, ਹਿੰਦੀ ਭਾਸ਼ਾ ਜਾਂ ਉਸ ਰਾਜ ਦੇ ਕਿਸੇ ਸਰਕਾਰੀ ਪ੍ਰਯੋਜਨ ਲਈ ਵਰਤੀ ਜਾਂਦੀ ਕਿਸੇ ਹੋਰ ਭਾਸ਼ਾ ਦੀ, ਉਸ ਰਾਜ ਵਿਚ ਆਪਣਾ ਮੁੱਖ ਸਥਾਨ ਰੱਖਣ ਵਾਲੀ ਉੱਚ ਅਦਾਲਤ ਦੀਆਂ ਕਾਰਵਾਈਆਂ ਵਿਚ ਵਰਤੋਂ ਅਖਤਿਆਰਤ ਕਰ ਸਕੇਗਾ :

ਪਰੰਤੂ ਇਸ ਖੰਡ ਦੀ ਕੋਈ ਗੱਲ ਅਜਿਹੀ ਉੱਚ ਅਦਾਲਤ ਦੁਆਰਾ ਦਿੱਤੇ ਗਏ ਜਾਂ ਕੀਤੇ ਗਏ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਨੂੰ ਲਾਗੂ ਨਹੀਂ ਹੋਵੇਗੀ।

(3) ਖੰਡ (1)ਦੇ ਉਪ-ਖੰਡ (ਅ) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਕਿਸੇ ਰਾਜ ਦੇ ਵਿਧਾਨ-ਮੰਡਲ ਨੇ ਉਸ ਰਾਜ ਦੇ ਵਿਧਾਨ-ਮੰਡਲ ਵਿਚ ਪੁਰਸਥਾਪਤ ਬਿਲਾਂ, ਜਾਂ ਉਸ ਦੁਆਰਾ ਪਾਸ ਕੀਤੇ ਗਏ ਐਕਟਾਂ ਵਿਚ ਜਾਂ ਉਸ ਰਾਜ ਦੇ ਰਾਜਪਾਲ [2]* * * ਦੁਆਰਾ ਜਾਰੀ ਕੀਤੇ ਗਏ ਅਧਿਆਦਸ਼ਾਂ ਵਿਚ ਜਾਂ ਉਸ ਉਪ-ਖੰਡ (iii) ਵਿਚ ਹਵਾਲਾ ਦਿਤੇ ਕਿਸੇ ਹੁਕਮ, ਨਿਯਮ, ਵਿਨਿਯਮ ਜਾਂ ਉਪ-ਕਾਨੂੰਨ ਵਿਚ ਵਰਤੋਂ ਲਈ ਅੰਗਰੇਜੀ ਭਾਸ਼ਾ ਤੋਂ ਬਿਨਾਂ ਕੋਈ ਹੋਰ ਭਾਸ਼ਾ ਮੁਕਰੱਰ ਕੀਤੀ ਹੋਵੇ, ਉਤੇ ਉਸ ਰਾਜ ਦੇ ਸਰਕਾਰੀ ਗਜਟ ਵਿਚ ਉਸ ਰਾਜ ਦੇ ਰਾਜਪਾਲ [2]* * * ਦੀ ਸੱਤਾ ਨਾਲ ਪ੍ਰਕਾਸ਼ਤ ਅੰਗਰੇਜੀ ਭਾਸ਼ਾ ਵਿਚ ਉਸ ਦਾ ਅਨੁਵਾਦ ਇਸ ਅਨੁਛੇਦ ਅਧੀਨ, ਉਸ ਦਾ ਅੰਗਰੇਜੀ ਭਾਸ਼ਾ ਵਿਚ ਸੱਤਾਯੁਕਤ ਪਾਠ ਸਮਝਿਆਂ ਜਾਵੇਗਾ।

Ministry of Law & Justice

**ਭਾਸ਼ਾ ਸੰਬੰਧੀ ਕੁਝਕੁ ਕਾਨੂੰਨਾਂ ਦੇ ਬਣਾਉਣ ਲਈ ਵਿਸ਼ੇਸ ਜਾਬਤਾ।**

349. ਇਸ ਸੰਵਿਧਾਨ ਦੇ ਅਰੰਭ ਤੋਂ ਪੰਦਰ੍ਹਾਂ ਸਾਲ ਦੀ ਮੁਦੱਤ ਦੇ ਦੌਰਾਨ, ਅਨੁਛੇਦ 348 ਦੇ ਖੰਡ (1) ਵਿਚ ਜਿਕਰ ਕਿਤੇ ਪ੍ਰਯੋਜਨਾਂ ਵਿਚੋਂ ਕਿਸੇ ਲਈ ਵਰਤੀ ਜਾਣ ਵਾਲੀ ਭਾਸ਼ਾ ਲਈ ਉਪਬੰਧ ਕਰਨ ਵਾਲਾ ਕੋਈ ਬਿਲ ਜਾਂ ਸੋਧ ਸੰਸਦ ਦੇ ਕਿਸੇ ਸਦਨ ਵਿਚ ਰਾਸ਼ਟਰਪਤੀ ਦੇ ਪੂਰਵ-ਮਨਜੂਰੀ ਤੋਂ ਬਿਨਾਂ ਪੁਰਸਥਾਪਤ ਜਾਂ ਪੇਸ਼ ਨਹੀਂ ਕੀਤੀ ਜਾਵੇਗੀ, ਅਤੇ ਰਾਸ਼ਟਰਪਤੀ ਅਨੁਛੇਦ 344 ਦੇ ਖੰਡ (1) ਦੇ ਅਧੀਨ ਗਠਤ ਕਮਿਸ਼ਣ ਦੀਆਂ ਸਿਫਾਰਸ਼ਾਂ ਅਤੇ ਉਸ ਅਨੁਛੇਦ ਦੇ ਖੰਡ (4) ਦੇ ਅਧੀਨ ਗਠਤ ਕਮੇਟੀ ਦੀ ਰਿਪੋਟ ਤੇ ਵਿਚਾਰ ਕਰ ਚੁੱਕਣ ਪਿੱਛੋਂ ਦੇ ਸਿਵਾਏ ਅਜਿਹੇ ਕਿਸੇ ਬਿਲ ਦੇ ਪੁਰਸਥਾਪਤ ਜਾਂ ਅਜਿਹੀ ਕਿਸੇ ਸੋਧ ਦੇ ਪੇਸ਼ ਕੀਤੇ ਜਾਣ ਲਈ ਆਪਣੀ ਮਨਜੂਰੀ ਨਹੀਂ ਦੇਵੇਗਾ।

## ਅਧਿਆਏ IV - ਵਿਸ਼ੇਸ ਨਿਦੇਸ਼

**ਸ਼ਿਕਾਇਤਾਂ ਦੂਰ ਕਰਨ ਲਈ ਪ੍ਰਤਿ-ਬੇਨਤੀਆਂ ਵਿਚ ਵਰਤੀ ਜਾਣ ਵਾਲੀ ਭਾਸ਼ਾ।**

350. ਹਰਿਕ ਵਿਅਕਤੀ ਨੂੰ ਕਿਸੇ ਸ਼ਿਕਾਇਤ ਤੇ ਦੂਰ ਕਰਨ ਲਈ ਸੰਗ ਜਾਂ ਕਿਸੇ ਰਾਜ ਦੀ ਕਿਸੇ ਅਫਸਰ ਜਾਂ ਸੱਤਾਧਾਰੀ ਨੂੰ ਸੰਘ ਜਾਂ ਉਸ ਰਾਜ ਵਿਚ, ਜਿਹੀ ਕਿ ਸੂਰਤ ਹੋਵੇ, ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋ ਕਿਸੇ ਵਿਚ ਪ੍ਰਤਿ ਬੇਨਤੀ ਪੇਸ਼ ਕਰਨ ਦਾ ਹੱਕ ਹੋਵੇਗਾ।

**ਮੁਢਲੇ ਪੜਾਓ ਤੇ ਮਾਤ-ਭਾਸ਼ਾ ਵਿਚ ਸਿੱਖਿਆ ਦੇਣ ਲਈ ਸਹੂਲਤਾਂ।**

[3][350 ੳ. ਹਰੇਕ ਰਾਜ ਅਤੇ ਰਾਜ ਵਿਚਲੇ ਹਰਿਕ ਸਥਾਨਕ ਸੱਤਾਧਾਰੀ ਦਾ ਯਤਨ ਹੋਵੇਗਾ ਕਿ ਭਾਸ਼ਾਈ ਘੱਟ-ਗਿਣਤੀ ਸਮੂਹਾਂ ਦੇ ਬੱਚਿਆਂ ਨੂੰ ਸਿਖਿਆ ਦੇ ਮੁਢਲੇ ਪੜਾਉ ਦੇ ਮਾਤ-ਭਾਸ਼ਾ ਵਿਚ ਸਿਖਿਆ ਦੇਣ ਲਈ ਚੋਖੀਆਂ ਸਹੂਲਤਾਂ ਦਿੱਤੀਆਂ ਜਾਣ, ਅਤੇ ਰਾਸ਼ਟਰਪਤੀ ਕਿਸੇ ਰਾਜ ਨੂੰ ਅਜਿਹੇ ਨਿਦੇਸ਼ ਜਾਰੀ ਕਰ ਸਕੇਗਾ ਜਿਹੇ ਉਹ ਅਜਿਹੀਆਂ ਸਹੂਲਤਾਂ ਦੇ ਦਿੱਤੇ ਜਾਣਾ ਸੁਨਿਸਚਿਤ ਕਰਨ ਲਈ ਜਰੂਰੀ ਜਾਂ ਉਚਿਤ ਸਮਝੇ।

**ਭਾਸ਼ਾਈ ਘੱਟ ਗਿਣਤੀਆਂ ਲਈ**

350 ਅ. (1) ਭਾਸ਼ਾਈ ਘੱਟ-ਗਿਣਤੀਆਂ ਲਈ ਇਕ ਵਿਸ਼ੇਸ ਅਫਸਰ ਹੋਵੇਗਾ ਜੋ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਵੇਗਾ।

---

[3] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 21 ਦੁਆਰਾ ਅੰਤਰਸਥਾਪਤ।

Ministry of Law & Justice

ਵਿਸ਼ੇਸ ਅਫਸਰ
।

(2) ਵਿਸ਼ੇਸ਼ ਅਫਸਰ ਦਾ ਕਰਤੱਵ ਹੋਵੇਗਾ ਕਿ ਉਹ ਇਸ ਸੰਵਿਧਾਨ ਦੇ ਅਧੀਨ ਭਾਸ਼ਾਈ ਘੱਟ-ਗਿਣਤੀਆਂ ਲਈ ਉਪਬੰਧਤ ਭਾਸ਼ਾਵਾਂ ਸੰਬੰਧੀ ਸਭ ਮਾਮਲਿਆਂ ਦੀ ਛਾਣਬੀਣ ਕਰੇ ਅਤੇ ਉਨ੍ਹਾਂ ਮਾਮਲਿਆਂ ਤੇ ਅਜਿਹੇ ਵਕਫਿਆਂ ਤੇ ਜਿਹੇ ਰਾਸ਼ਟਰਪਤੀ ਨਿਦੇਸ਼ ਕਰੇ ਰਾਸ਼ਟਰਪਤੀ ਨੂੰ ਰਿਪੋਟ ਦੇਵੇ, ਅਤੇ ਰਾਸ਼ਟਰਪਤੀ ਅਜਿਹੀਆਂ ਸਭ ਰਿਪੋਟਾਂ ਸੰਸਦ ਦੇ ਹਰੇਕ ਸਦਨ ਅੱਗੇ ਰਖਵਾਏਗਾ, ਅਤੇ ਸੰਬੰਧਤ ਰਾਜਾਂ ਦੀਆਂ ਸਰਕਾਰਾਂ ਨੂੰ ਭਿਜਵਾਏਗਾ ।]

ਹਿੰਦੀ ਭਾਸ਼ਾ ਦੇ ਵਿਕਾਸ ਲਈ ਨਿਦੇਸ਼ ।

351. ਸੰਘ ਦਾ ਕਰਤੱਵ ਹੋਵੇਗਾ ਕਿ ਉਹ ਹਿੰਦੀ ਭਾਸ਼ਾ ਦੇ ਪਸਾਰ ਨੂੰ ਤਰੱਕੀ ਦੇਵੇ, ਉਸ ਦਾ ਵਿਕਾਸ ਕਰੇ ਤਾਂ ਜੋ ਉਹ ਭਾਰਤ ਤੇ ਮਿਲੇ-ਜੁਲੇ ਸਭਿਆਚਾਰ ਦੇ ਸਭ ਤੱਤਾਂ ਦੇ ਪ੍ਰਗਟਾਉ ਦਾ ਮਾਧਿਅਮ ਬਣ ਸਕੇ ਅਤੇ ਉਸ ਦੇ ਸੁਭਾਉ ਵਿਚ ਵਿਘਨ ਪਾਏ ਬਿਨਾਂ, ਵਰਤੀਦੇ ਹਿੰਦੁਸਤਾਨੀ ਅਤੇ ਅੱਠਵੀ ਅਨੁਸੂਚੀ ਵਿਚ ਉਲਿਖਤ ਹੋਰ ਭਾਰਤੀ ਭਾਸ਼ਾਵਾਂ ਦੇ ਰੂਪਾਂ, ਸ਼ੈਲੀ ਅਤੇ ਪਦਾਵਲੀ ਨੂੰ ਪਚਾਉਂਦੇ ਹੋਏ ਅਤੇ ਜਿੱਥੇ ਵੀ ਜ਼ਰੂਰੀ ਜਾਂ ਵਾਂਛਨੀ ਹੋਵੇ, ਉਸ ਦੇ ਸ਼ਬਦ-ਭੰਡਾਰ ਲਈ, ਮੁੱਖ ਤੋਰ ਤੇ ਸੰਸਕ੍ਰਿਤ ਤੋਂ ਅਤੇ ਉਸ ਤੋਂ ਉੱਤਰ ਕੇ ਹੋਰ ਭਾਸ਼ਾਵਾਂ ਤੋਂ ਸ਼ਬਦ ਲੈਂਦਿਆਂ ਉਸ ਦੀ ਸਮ੍ਰਿਧੀ ਸੁਨਿਸ਼ਚਿਤ ਕਰੇ ।,

Ministry of Law & Justice

## ਭਾਗ XVIII

## ਸੰਕਟ ਉਪਬੰਧ

ਸੰਕਟ ਦੀ ਘੋਸ਼ਣਾ। 352.(1) ਜੇ ਰਾਸ਼ਟਰਪਤੀ ਦੀ ਤਸੱਲੀ ਹੋ ਜਾਵੇ ਕਿ ਗੰਭੀਰ ਸੰਕਟ ਮੌਜੂਦ ਹੈ ਜਿਸ ਦੁਆਰਾ, ਭਾਵੇਂ ਯੁੱਧ ਜਾਂ ਬਾਹਰਲੇ ਹਮਲੇ ਜਾਂ [1][ਸ਼ਸਤਰ ਵਿਦਰੋਹ] ਤੋਂ, ਭਾਰਤ ਦੀ ਜਾਂ ਉਸ ਦੇ ਰਾਜਖੇਤਰ ਦੇ ਕਿਸੇ ਭਾਗ ਦੀ ਸੁਰੱਖਿਆ ਖਤਰੇ ਵਿਚ ਹੈ, ਉਹ, ਘੋਸ਼ਣਾ ਦੁਆਰਾ ਉਸ ਆਸ਼ੇ ਦਾ [2][ਸੰਪੂਰਨ ਭਾਰਤ ਜਾਂ ਉਸਦੇ ਰਾਜ ਖੇਤਰ ਦੇ ਅਜਿਹੇ ਭਾਗ ਦੇ ਸੰਬੰਧ ਵਿਚ ਜੋ ਘੋਸ਼ਣਾ ਵਿਚ ਉਲਿਖੱਤ ਕੀਤੀ ਜਾਵੇ]ਐਲਾਨ ਕਰ ਸਕੇਗਾ।

[3][ਵਿਆਖਿਆ- ਇਹ ਐਲਾਨ ਕਰਨ ਵਾਲੀ ਕਿ ਭਾਰਤ ਦੀ ਜਾਂ ਉਸ ਦੇ ਰਾਜ ਖੇਤਰ ਦੇ ਕਿਸੇ ਭਾਗ ਦੀ ਸੁਰਖਿਆ ਯੁੱਧ ਦੁਆਰਾ ਜਾਂ ਬਾਹਰਲੇ ਹਮਲੇ ਜਾਂ ਸਸ਼ਤਰ ਵਿਦਰੋਹ ਦੁਆਰਾ ਖਤਰੇ ਵਿਚ ਹੈ, ਸੰਕਟ ਦੀ ਘੋਸ਼ਣਾ ਯੁੱਧ ਜਾਂ ਅਜਿਹਾ ਕੋਈ ਹੋਰ ਹਮਲਾ ਜਾਂ ਸਸ਼ਤਰ ਵਿਦਰੋਹ ਵਾਸਤਵ ਵਿਚ ਹੋਣ ਤੋਂ ਪਹਿਲਾਂ ਕੀਤੀ ਜਾ ਸਕੇਗੀ, ਜੇ ਰਾਸ਼ਟਰਪਤੀ ਦੀ ਤਸੱਲੀ ਹੋ ਜਾਵੇ ਕਿ ਉਸ ਦਾ ਖਤਰਾ ਅਤਿ-ਨੇੜੇ ਹੈ]

[4][(2) ਖੰਡ (1) ਦੇ ਅਧੀਨ ਕੀਤੀ ਗਈ ਘੋਸ਼ਣਾ ਵਿਚ ਕਿਸੇ ਬਾਅਦ ਦੀ ਘੋਸ਼ਣਾ ਦੁਆਰਾ ਪਰਿਵਰਤਨ ਕੀਤਾ ਜਾ ਸਕੇਗਾ ਜਾਂ ਉਸ ਨੂੰ ਪਰਤਾ ਸਕੇਗਾ।

(3)ਰਾਸ਼ਟਰਪਤੀ, ਖੰਡ (1) ਦੇ ਅਧੀਨ ਘੋਸ਼ਣਾ ਜਾਂ ਅਜਿਹੀ ਘੋਸ਼ਣਾ ਵਿਚ ਪਰਿਵਰਤਨ ਕਰਨ ਵਾਲੀ ਘੋਸ਼ਣਾ ਤਦ ਤੱਕ ਨਹੀਂ ਕਰੇਗਾ ਜਦ ਤੱਕ ਸੰਘ ਦੇ ਮੰਤਰੀ ਮੰਡਲ ਦਾ (ਅਰਥਾਤ ਉਸ ਪਰਿਸ਼ਦ ਦਾ ਜੋ

[1] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 37 ਦੁਆਰਾ (20.01.1979ਤੋਂ) "ਅੰਦਰੂਨੀ ਗੜਬੜ ਦੀ ਥਾਵੇਂ ਰੱਖੇ ਗਏ।

[2] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 48 ਦੁਆਰਾ (03.01.1977ਤੋਂ) ਨੂੰ ਅੰਤਰਸਥਾਪਤ।

[3] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 37 ਦੁਆਰਾ (20.06.1979ਤੋਂ) ਅੰਤਰਸਥਾਪਤ।

[4] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 37 ਦੁਆਰਾ (20.06.1979 ਤੋਂ) ਖੰਡ (2), ਖੰਡ (2ੳ) ਅਤੇ ਖੰਡ (3) ਦੀ ਥਾਵੇਂ ਰੱਖੇ ਗਏ।

Ministry of Law & Justice

ਅਨੁਛੇਦ 75 ਦੇ ਅਧੀਨ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਪੱਧਰ ਤੇ ਹੋਰ ਮੰਤਰੀਆਂ ਨਾਲ ਮਿਲ ਕੇ ਬਣਦੀ ਹੈ।] ਇਹ ਫੈਸਲਾ ਨਿਰਣਾ ਕਿ ਅਜਿਹੀ ਘੋਸ਼ਣਾ ਕੀਤੀ ਜਾਵੇ, ਉਸ ਨੂੰ ਲਿਖਤੀ ਰੂਪ ਵਿਚ ਸੁਸੰਚਿਤ ਨਹੀਂ ਕੀਤਾ ਜਾਂਦਾ ਹੈ।

(4) ਇਸ ਅਨੁਛੇਦ ਦੇ ਅਧੀਨ ਕੀਤੀ ਗਈ ਹਰਿਕ ਘੋਸ਼ਣਾ ਸੰਸਦ ਦੇ ਹਰੇਕ ਸਦਨ ਦੇ ਅੱਗੇ ਰੱਖੀ ਜਾਵੇਗੀ ਅਤੇ ਜਿਥੇ ਉਹ ਪੂਰਵਵਰਤੀ ਘੋਸ਼ਣਾ ਨੂੰ ਵਾਪਸ ਲੈਣ ਵਾਲੀ ਘੋਸ਼ਣਾ ਨਹੀਂ ਹੈ ਉਥੇ ਉਹ ਇੱਕ ਮਹੀਨੇ ਦੀ ਸਮਾਪਤੀ ਤੇ, ਜੋ ਉਸ ਮੁੱਦਤ ਦੀ ਸਮਾਪਤੀ ਤੋਂ ਪਹਿਲਾਂ ਸੰਸਦ ਦੇ ਦੋਨਾਂ ਸਦਨਾਂ ਦੇ ਮਤਿਆ ਦੁਆਰਾ ਉਸ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਜਾਂਦੀ ਹੈ ਤਾਂ, ਅਮਲ ਵਿਚ ਨਹੀਂ ਰਹੇਗਾ :

ਪਰੰਤੂ ਜੇ ਅਜਿਹੀ ਕੋਈ ਘੋਸ਼ਣਾ (ਜੋ ਪੂਰਵਵਰਤੀ ਘੋਸ਼ਣਾ ਨੂੰ ਵਾਪਸ ਲੈਣ ਵਾਲੀ ਘੋਸ਼ਣਾ ਨਹੀਂ ਹੈ) ਉਸ ਸਮੇਂ ਜਾਰੀ ਕੀਤੀ ਜਾਵੇ ਜਦ ਲੋਕ ਸਭਾ ਤੋੜ ਦਿੱਤੀ ਗਈ ਹੋਵੇ ਜਾਂ ਲੋਕ ਸਭਾ ਦਾ ਤੜਾਉ ਉਸ ਖੰਡ ਵਿਚ ਹਵਾਲਾ ਦਿੱਤੀ ਗਈ ਮਹੀਨੇ ਦੀ ਮੁਦੱਤ ਦੇ ਦੌਰਾਨ ਹੋ ਜਾਵੇ, ਅਤੇ ਜੋ ਉਸ ਘੋਸ਼ਣਾ ਨੂੰ ਪਰਵਾਨ ਕਰਨ ਵਾਲਾ ਮਤਾ ਰਾਜ ਸਭਾ ਦੁਆਰਾ ਪਾਸ ਕੀਤਾ ਗਿਆ ਹੋਵੇ, ਪਰ ਅਜਿਹੀ ਘੋਸ਼ਣਾ ਬਾਰੇ ਕੋਈ ਮਤਾ ਲੋਕ ਸਭਾ ਦੁਆਰਾ ਉਸ ਮੁੱਦਤ ਦੇ ਗੁਜਰਨ ਤੋਂ ਪਹਿਲਾਂ, ਪਾਸ ਨਾ ਕੀਤਾ ਗਿਆ ਹੋਵੇ, ਤਾਂ ਉਹ ਘੋਸ਼ਣਾ ਉਸ ਤਰੀਕ ਤੋਂ, ਜਿਸ ਨੂੰ ਕਿ ਲੋਕ ਸਭਾ ਆਪਣੇ ਮੁੜ-ਗਠਨ ਪਿਛੋਂ ਪਹਿਲੀ ਵਾਰ ਬੈਠੇ, ਤੀਹ ਦਿਨ ਦੇ ਗੁਜਰਨ ਤੇ, ਜੇਕਰ ਤੀਹ ਦਿਨ ਦੀ ਉਕਤ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਉਸ ਘੋਸ਼ਣਾ ਨੂੰ ਪਰਵਾਨ ਕਰਨ ਵਾਲਾ ਕੋਈ ਮਤਾ ਲੋਕ ਸਭਾ ਦੁਆਰਾ ਵੀ ਪਾਸ ਹੋ ਜਾਵੇ, ਅਮਲ ਵਿਚ ਨਹੀਂ ਰਹੇਗੀ।

(5) ਇਸ ਤਰ੍ਹਾਂ ਪ੍ਰਵਾਨਤ ਘੋਸ਼ਣਾ, ਜੋ ਵਾਪਸ ਨਹੀਂ ਲਈ ਜਾਂਦੀ ਹੈ, ਤਾਂ ਖੰਡ (4) ਦੇ ਅਧੀਨ ਘੋਸ਼ਣਾ ਦੇ ਪ੍ਰਵਾਨਤ ਕਰਨ ਵਾਲੇ ਮਤੇ ਵਿਚੋਂ ਦੂਸਰੇ ਮਤੇ ਦੇ ਪਾਸ ਕੀਤੇ ਜਾਣ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਦੀ ਸਮਾਪਤੀ ਤੇ ਅਮਲ ਵਿਚ ਨਹੀਂ ਰਹੇਗਾ :

Ministry of Law & Justice

ਪਰੰਤੂ ਜੇ ਹੋਰ ਜਿੰਨੀ ਵਾਰ ਅਜਿਹੀ ਘੋਸ਼ਣਾ ਨੂੰ ਨਾਫਜ ਬਣਾਏ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਮਤਾ ਸੰਸਦ ਦੇ ਦੋਨਾਂ ਸਦਨਾ ਦੁਆਰਾ ਪਾਸ ਕਰ ਦਿੱਤਾ ਜਾਂਦਾ ਹੈ ਅਤੇ ਉਨੀ ਵਾਰ ਇਹ ਘੋਸ਼ਣਾ, ਜੋ ਵਾਪਸ ਨਹੀਂ ਲਈ ਜਾਂਦੀ ਹੈ ਤਾਂ, ਉਸ ਤਰੀਕ ਤੋਂ ਜਿਸ ਨੂੰ ਇਹ ਇਸ ਖੰਡ ਦੇ ਅਧੀਨ ਹੋਰਵੇਂ ਨਾਫਜ ਨਹੀਂ ਰਹਿੰਦੀ ਹੈ, ਛੇ ਮਹੀਨੇ ਦੀ ਹੋਰ ਮੁੱਦਤ ਤੱਕ ਨਾਫਜ ਬਣੀ ਰਹੇਗੀ:

ਪਰੰਤੂ ਇਹ ਹੋਰ ਕਿ ਜੇ ਲੋਕ ਸਭਾ ਦਾ ਤੁੜਾਉ ਛੇ ਮਹੀਨੇ ਦੀ ਅਜਿਹੀ ਮੁੱਦਤ ਦੇ ਦੌਰਾਨ ਹੋ ਜਾਂਦਾ ਹੈ ਅਤੇ ਅਜਿਹੀ ਘੋਸ਼ਣਾ ਨੂੰ ਨਾਫ਼ਜ਼ ਬਣਾਈ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਮਤਾ ਰਾਜ ਸਭਾ ਦੁਆਰਾ ਪਾਸ ਕਰ ਦਿੱਤਾ ਗਿਆ ਹੈ, ਪਰ ਅਜਿਹੀ ਘੋਸ਼ਣਾ ਨੂੰ ਨਾਫ਼ਜ਼ ਬਣਾਏ ਰੱਖਣ ਦੇ ਸੰਬੰਧ ਵਿਚ ਕੋਈ ਮਤਾ ਲੋਕ ਸਭਾ ਦੁਆਰਾ ਉਕਤ ਮੁੱਦਤ ਦੇ  ਦੌਰਾਨ ਪਾਸ ਨਹੀਂ ਕੀਤਾ ਗਿਆ ਹੈ ਤਾਂ, ਘੋਸ਼ਣਾ ਉਸ ਤਰੀਕ ਤੋਂ ਜਿਸ ਨੂੰ ਲੋਕ ਸਭਾ ਆਪਣੇ ਪੁਨਰਗਠਨ ਦੇ ਪਿਛੋਂ ਪਹਿਲੀ ਵਾਰ ਬੈਠਦੀ ਹੈ, ਤੀਹ ਦਿਨ ਦੇ ਗੁਜਨਰ ਤੇ, ਅਮਲ ਵਿਚ ਨਹੀਂ ਰਹੇਗੀ ਜੇ ਉਕਤ ਤੀਹ ਦਿਨ ਦੀ ਮੁਦੱਤ ਦੀ ਸਮਾਪਤੀ ਤੋਂ ਪਹਿਲਾਂ ਘੋਸ਼ਣਾ ਨੂੰ ਨਾਫਜ ਬਣਾਏ ਰੱਖਣ ਵਾਲਾ ਮਤਾ ਲੋਕ ਸਭਾ ਦੁਆਰਾ ਵੀ ਪਾਸ ਨਹੀਂ ਕਰ ਦਿੱਤਾ ਜਾਂਦਾ ਹੈ।

(6) ਖੰਡ (4) ਅਤੇ ਖੰਡ (5) ਦੇ ਪ੍ਰਯੋਜਨਾ ਦੇ ਲਈ, ਮਤਾ ਸੰਸਦ ਦੇ ਕਿਸੇ ਸਦਨ ਦੁਆਰਾ ਉਸ ਸਦਨ ਦੀ ਕੁਲ ਮੈਂਬਰ ਸੰਖਿਆ ਦੇ ਬਹੁਮਤ ਦੁਆਰਾ ਅਤੇ ਉਸ ਸਦਨ ਦੇ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਵਿਚੋਂ ਘੱਟ ਤੋਂ ਘੱਟ ਦੋ ਤਿਹਾਈ ਬਹੁਮੱਤ ਦੁਆਰਾ ਹੀ ਪਾਸ ਕੀਤਾ ਜਾ ਸਕੇਗਾ।

(7) ਪੂਰਵਗਾਮੀ ਖੰਡਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ ਲੋਕ ਸਭਾ ਖੰਡ(1) ਅਧੀਨ ਕੀਤੀ ਗਈ ਘੋਸ਼ਣਾ ਜਾਂ ਅਜਿਹੀ ਘੋਸ਼ਣਾ ਵਿਚ ਪਰਿਵਰਤਨ ਕਰਨ ਵਾਲੀ  ਘੋਸ਼ਣਾ ਦਾ, ਜਿਹੀ ਕਿ ਸੂਰਤ ਹੋਵੇ, ਪ੍ਰਵਾਨਗੀ ਜਾਂ ਉਸ ਨੂੰ ਨਾਫਜ ਬਣਾਈ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਮਤਾ ਪਾਸ ਕਰ ਦਿੰਦੀ ਹੈ ਤਾਂ ਰਾਸ਼ਟਰਪਤੀ ਅਜਿਹੀ ਘੋਸ਼ਣਾ ਨੂੰ ਵਾਪਸ ਲੈ ਲਵੇਗਾ।

Ministry of Law & Justice

(8) ਜਿਥੇ ਖੰਡ (1) ਦੇ ਅਧੀਨ ਕੀਤੀ ਗਈ ਘੋਸ਼ਣਾ ਜਾਂ ਅਜਿਹੀ ਘੋਸ਼ਣਾ ਵਿਚ ਪਰਿਵਰਤਨ ਕਰਨ ਵਾਲੇ ਘੋਸ਼ਣਾ ਦਾ, ਜਿਹੀ ਕੀ ਸੂਰਤ ਹੋਵੇ, ਪ੍ਰਵਾਨਗੀ ਜਾਂ ਉਸਨੂੰ ਨਾਫਜ ਬਣਾਏ ਰੱਖਣ ਦੀ ਪ੍ਰਵਾਨਗੀ ਦੇਣ ਵਾਲੇ ਮਤੇ ਨੂੰ ਅਪਰਵਾਨ ਕਰਨ ਦੇ ਆਪਣੇ ਇਰਾਦੇ ਦੀ ਸੂਚਨਾ ਲੋਕ ਸਭਾ ਦੀ ਕੁਲ ਮੈਂਬਰ ਸੰਖਿਆ ਦੇ ਘੱਟ ਤੋਂ ਘੱਟ ਦਸਵੇਂ ਭਾਗ ਦੁਆਰਾ ਦਸਖਤ ਕਰਕੇ ਲਿਖਤੀ ਰੂਪ ਵਿਚ-

(ੳ) ਜੋ ਲੋਕ ਸਭਾ ਇਜਲਾਸ ਵਿਚ ਹੈ ਤੇ ਚੇਅਰਪਰਸਨ ਨੂੰ, ਜਾਂ

(ਅ) ਜੇ ਲੋਕ ਸਭਾ ਇਜ਼ਲਾਸ ਵਿਚ ਨਹੀਂ ਹੈ ਤਾਂ ਰਾਸ਼ਟਰਪਤੀ ਨੂੰ, ਦਿਤੀ ਗਈ ਹੈ ਉਥੇ ਅਜਿਹੇ ਮਤੇ ਤੇ ਵਿਚਾਰ ਕਰਨ ਦੇ ਪ੍ਰਯੋਜਨ ਦੇ ਲਈ ਲੋਕ ਸਭਾ ਦੀ ਵਿਸ਼ੇਸ਼ ਬੈਠਕ, ਜਿਹੀ ਕਿ ਸੂਰਤ ਹੋਵੇ, ਚੇਅਰਪਰਸਨ ਜਾਂ ਰਾਸ਼ਟਰਪਤੀ ਨੂੰ ਅਜਿਹੀ ਸੂਚਨਾ ਪ੍ਰਾਪਤ ਹੋਣ ਦੀ ਤਰੀਕ ਤੋਂ ਚੌਦਾਂ ਦਿਨ ਦੇ ਅੰਦਰ ਕੀਤੀ ਜਾਵੇਗਾ।

[5][[6](9) ]ਇਸ ਅਨੁਛੇਦ ਦੁਆਰਾ ਰਾਸ਼ਟਰਪਤੀ ਨੂੰ ਪ੍ਰਦਾਨ ਕੀਤੀ ਗਈ ਸ਼ਕਤੀ ਵਿਚ ਯੁੱਧ ਜਾਂ ਬਾਹਰਲੇ ਹਮਲੇ ਜਾਂ [7][ਸ਼ਸਤਰ ਵਿਦਰੋਹ] ਜਾਂ ਯੁੱਧ ਜਾਂ ਬਾਹਰਲੇ ਹਮਲੇ ਜਾਂ [7][ਸ਼ਸਤਰ ਵਿਦਰੋਹ] ਦੇ ਅਤਿ-ਨੇੜੇ ਖਤਰੇ ਦੇ ਵੱਖ ਵੱਖ ਅਧਾਰਾਂ ਤੇ ਵੱਖ ਵੱਖ ਘੋਸ਼ਣਾਵਾਂ ਜਾਰੀ ਕਰਨ ਦੀ ਸ਼ਕਤੀ ਸ਼ਾਮਲ ਹੋਵੇਗੀ, ਭਾਵੇ ਖੰਡ (1) ਦੇ ਅਧੀਨ ਰਾਸ਼ਟਰਪਤੀ ਦੁਆਰਾ ਪਹਿਲਾਂ ਹੀ ਜਾਰੀ ਕੀਤੀ ਘੋਸ਼ਣਾ ਹੋਵੇ ਜਾਂ ਨਾ ਹੋਵੇ ਅਤੇ ਅਜਿਹੀ ਘੋਸ਼ਣਾ ਅਮਲ ਵਿਚ ਹੋਵੇ ਜਾਂ ਨਾ ਹੋਵੇ।

[8]* * * *

[5] ਸੰਵਿਧਾਨ (ਅਠਤਵੀਂ ਸੋਧ) ਐਕਟ, 1975 ਦੀ ਧਾਰਾ 05 ਦੁਆਰਾ (ਅਤੀਤਦਰਸ਼ੀ ਪ੍ਰਭਾਵ ਤੋਂ) ਅੰਤਰਸਥਾਪਤ।

[6] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 37 ਦੁਆਰਾ (20.06.1979 ਤੋਂ ਪ੍ਰਭਾਵੀ) ਖੰਡ (4) ਨੂੰ ਖੰਡ (9) ਦੇ ਰੂਪ ਵਿਚ ਪੂਨਰ ਅੰਕਤ ਕੀਤਾ ਗਿਆ।

[7] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 37 ਦੁਆਰਾ (20.06.1979 ਤੋਂ ਪ੍ਰਭਾਵੀ) “ਅੰਦਰੂਨੀ ਗੜਬੜ” ਦੀ ਥਾਵੇਂ ਰੱਖੇ ਗਏ।

[8] ਸੰਵਿਧਾਨ (ਚੌਤਾਲੀਵੀਂ ਸੋਧ) ਐਕਟ, 1978 ਦਾ ਧਾਰਾ 37 ਦੁਆਰਾ  (20.6.1979 ਤੋਂ ਪ੍ਰਭਾਵੀ) ਉਪਖੰਡ (5) ਦਾ ਲੋਪ ਕੀਤਾ ਗਿਆ।



Ministry of Law & Justice

**ਸੰਸਦ ਦੀ ਘੋਸ਼ਣਾ ਦਾ ਪ੍ਰਭਾਵ।**

353 ਜਦ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਤਦ–

(ੳ)ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਵਿਆਂ ਵੀ, ਸੰਘ ਦੀ ਕਾਰਜਪਾਲਕ ਸ਼ਕਤੀ ਕਿਸੇ ਰਾਜ ਨੂੰ ਉਸ ਢੰਗ ਬਾਬਤ ਜਿਸ ਨਾਲ ਉਸ ਦਾ ਕਾਰਜਪਾਲਕ ਸ਼ਕਤੀ ਦੀ ਵਰਤੋਂ ਕੀਤੀ ਜਾਣੀ ਹੈ ਨਿਦੇਸ਼ ਦੇਣ ਤੱਕ ਵਿਸਤਰਿਤ ਹੋਵੇਗੀ ;

(ਅ) ਕਿਸੇ ਮਾਮਲੇ ਬਾਰੇ ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ ਵਿਚ ਅਜਿਹੇ ਕਾਨੂੰਨ ਬਣਾਉਣ ਦੀ ਸ਼ਕਤੀ ਸ਼ਾਮਲ ਹੋਵੇਗੀ ਜੋ ਉਸ ਮਾਮਲੇ ਬਾਰੇ ਸੰਘ ਦੇ ਅਫਸਰਾਂ ਅਤੇ ਸੱਤਾਧਾਰੀਆਂ ਨੂੰ ਸ਼ਕਤੀਆਂ ਪ੍ਰਦਾਨ ਕਰਦੇ ਅਤੇ ਕਰਤੱਵ ਅਰੋਪਦੇ ਹੋਣ, ਜਾਂ ਸ਼ਕਤੀਆਂ ਦਾ ਪ੍ਰਦਾਨ ਕੀਤਾ ਜਾਣਾ ਅਤੇ ਕਰਤੱਵਾਂ ਦਾ ਅਰੋਪਿਆ ਜਾਣਾ ਅਖਤਿਆਰਤ ਕਰਦੇ ਹੋਣ, ਭਾਵੇਂ ਉਹ ਮਾਮਲਾ ਅਜਿਹਾ ਹੋਵੇ ਜੋ ਸੰਘ-ਸੂਚੀ ਵਿਚ ਨਹੀਂ ਗਿਣਿਆ ਗਿਆ ਹੈ।

[9][ਪਰੰਤੂ ਜਿਥੇ ਸੰਕਟ ਦੀ ਘੋਸ਼ਣਾ  ਦੇ ਰਾਜ ਖੇਤਰ ਦੇ ਕੇਵਲ ਕਿਸੇ ਭਾਗ ਵਿਚ ਅਮਲ ਵਿਚ ਹੈ ਉਥੇ ਜੇ ਹੋਰ ਜਿਥੋਂ ਤੱਕ ਭਾਰਤ ਜਾਂ ਉਸਦੇ ਰਾਜ ਖੇਤਰ ਦੇ ਕਿਸੇ ਭਾਗ ਦੀ ਸੁਰਖਿਆ, ਭਾਰਤ ਰਾਜ ਖੇਤਰ ਦੇ ਉਸ ਭਾਗ ਵਿਚ ਜਾਂ ਉਸਦੇ ਸੰਬੰਧ ਵਿਚ,ਜਿਸ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਹੈ, ਹੋਣ ਵਾਲੀਆਂ ਗਤੀਵਿਧੀਆਂ ਦੇ ਕਾਰਣ ਸੰਕਟ ਵਿਚ ਹੈ ਤਾਂ ਹੋਰ ਜਿਥੋਂ ਤੱਕ :-

(i) ਖੰਡ (ੳ) ਦੇ ਅਧੀਨ ਨਿਦੇਸ਼ ਦੇਣ ਦੀ ਸੰਘ ਦੀ ਕਾਰਜਪਾਲਿਕਾ ਸ਼ਕਤੀ ਦਾ ਹੈ, ਅਤੇ

(ii) ਖੰਡ (ਅ) ਤੇ ਅਧੀਨ ਕਾਨੂੰਨ ਬਣਾਉਣ ਦੀ ਸੰਸਦ ਦੀ ਸ਼ਕਤੀ ਦਾ,

ਵਿਸਤਾਰ ਕਿਸੇ ਅਜਿਹੇ ਰਾਜ ਤੇ ਵੀ ਹੋਵੇਗਾ ਜੋ ਉਸ ਰਾਜ  ਤੋਂ ਬਿਨਾਂ ਹੈ, ਜਿਸ  ਵਿਚ ਜਾਂ ਜਿਸ ਦੇ ਕਿਸੇ ਭਾਗ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਹੈ।]

[9] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 49 ਦੁਆਰਾ (03.01.1977ਤੋਂ) ਅੰਤਰਸਥਾਪਤ।

Ministry of Law & Justice

**ਜਦ ਤੱਕ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ ਸਰਕਾਰੀ ਆਮਦਨ ਕੀ ਵੰਡ ਸੰਬੰਧੀ ਉਪਬੰਧਾਂ ਦਾ ਲਾਗੂ ਹੋਣਾ।**

354. (1) ਜਦ ਤੱਕ ਕੋਈ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਰਾਸ਼ਟਰਪਤੀ ਹੁਕਮ ਦੁਆਰਾ ਨਿਦੇਸ਼ ਦੇ ਸਕੇਗਾ ਕਿ ਅਨੁਛੇਦ 268 ਤੋਂ 279 ਤੱਕ ਦੇ ਸਭ ਜਾਂ ਉਨ੍ਹਾਂ ਵਿਚੋਂ ਕੋਈ ਉਪਬੰਧ ਅਜਿਹੀ ਕਿਸੇ ਮੁੱਦਤ ਲਈ, ਜਿਹੀ ਉਸ ਹੁਕਮ ਵਿਚ ਉਲਿਖਤ ਕੀਤੀ ਜਾਵੇ, ਅਤੇ ਜੋ ਕਿਸੇ ਸੂਰਤ ਵਿਚ ਉਸ ਵਿੱਤੀ ਸਾਲ ਦੇ ਗੁਜਰਨ ਤੋਂ ਬਾਅਦ ਵਿਸਤਰਿਤ ਨਹੀਂ ਹੋਵੇਗੀ ਜਿਸ ਵਿਚ ਅਜਿਹੀ ਘੋਸ਼ਣਾ ਅਮਲ ਵਿਚ ਨਹੀਂ ਰਹਿੰਦੀ, ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਣਗੇ ਜਿਹੇ ਉਹ ਉਚਿਤ ਸਮਝੇ।

(2) ਖੰਡ (1) ਦੇ ਅਧੀਨ ਦਿੱਤਾ ਗਿਆ ਹਰਿਕ ਹੁਕਮ, ਉਸ ਦੇ ਦਿੱਤੇ ਜਾਣ ਪਿਛੋਂ ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਰਹੇਕ ਸਦਨ ਅੱਗੇ ਰੱਖਿਆ ਜਾਵੇਗਾ।

**ਸੰਘ ਦੇ ਰਾਜਾਂ ਦੀ ਬਾਹਰਲੇ ਹਮਲੇ ਅਤੇ ਅੰਦਰਲੀ ਗੜਬੜ ਤੋਂ ਹਿਫਾਜਤ ਕਰਨ ਦਾ ਕਰਤੱਵ।**

355. ਸੰਘ ਦਾ ਕਰਤੱਵ ਹੋਵੇਗਾ ਕਿ ਉਹ ਹਰਿਕ ਰਾਜ ਦੀ ਬਾਹਰਲੇ ਹਮਲ ਅਤੇ ਅੰਦਰਲੀ ਗੜਬੜ ਤੋਂ ਹਿਫਾਜਤ ਕਰੇ ਅਤੇ ਇਹ ਸੁਨਿਸਚਿਤ ਕਰੇ ਕਿ ਹਰਿਕ ਰਾਜ ਦੀ ਸਰਕਾਰੀ ਇਸ ਸੰਵਿਧਾਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਚਲਾਈ ਜਾਂਦੀ ਹੈ।

**ਰਾਜਾਂ ਵਿਚ ਸੰਵਿਧਾਨਕ ਸਸ਼ੀਨਰੀ ਦੇ ਫ਼ੇਲ ਹੋ ਜਾਣ ਦੀ ਸੂਰਤ ਵਿਚ ਉਪਬੰਧ।**

356. (1) ਜੇ ਰਾਸ਼ਟਰਪਤੀ ਦੀ ਕਿਸੇ ਰਾਜ ਦੇ ਰਾਜਪਾਲ [10]* * * ਤੋਂ ਰਿਪੋਟ ਪ੍ਰਾਪਤ ਹੋਣ ਤੇ ਜਾਂ ਹੋਰਵੇਂ, ਤਸੱਲੀ ਹੋ ਜਾਵੇ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਸ ਵਿਚ ਉਸ ਰਾਜ ਦਾ ਸ਼ਾਸਨ ਇਸ ਸੰਵਿਧਾਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਨਹੀਂ ਚਲਾਇਆ ਜਾ ਸਕਦਾ, ਰਾਸ਼ਟਰਪਤੀ ਘੋਸ਼ਣਾ ਦੁਆਰਾ–

Ministry of Law & Justice

---

[10] ਸ਼ਬਦ " ਜਾਂ ਰਾਜਪ੍ਰਮੁਖ" ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

(ੳ) ਉਸ ਰਾਜ ਦੀ ਸਰਕਾਰ ਦੇ ਸਭ ਜਾਂ ਕੋਈ ਕਾਜ-ਕਰ ਅਤੇ ਰਾਜਪਾਲ [11]* * * *ਵਿਚ ਜਾਂ ਰਾਜ ਦੇ ਵਿਧਾਨ-ਮੰਡਲ ਤੋਂ ਬਿਨਾਂ ਰਾਜ ਦੀ ਕਿਸੇ ਹੋਰ ਬੋਡੀ ਜਾਂ ਸੱਤਾਧਾਰੀ ਵਿਚ ਨਿਹਿਤ ਜਾਂ ਦੁਆਰਾ ਵਰਤੋਂਯੋਗ ਸਭ ਜਾਂ ਕੋਈ ਸ਼ਕਤੀਆਂ ਆਪਣੇ ਹੱਥ ਵਿਚ ਲੈ ਸਕੇਗਾ ;

(ਅ) ਐਲਾਨ ਕਰ ਸਕੇਗਾ ਕਿ ਉਸ ਰਾਜ ਦੇ ਵਿਧਾਨ-ਮੰਡਲ ਦੀਆਂ ਸ਼ਕਤੀਆਂ ਸੰਸਦ ਦੁਆਰਾ ਜਾਂ ਉਸ ਦੀ ਸੱਤਾ ਦੇ ਅਧੀਨ ਵਰਤੋਂ ਯੋਗ ਹੋਣਗਿਆਂ ;

(ੲ) ਅਜਿਹੇ ਅਨੁਸੰਗਕ ਅਤੇ ਪਰਿਣਾਮਕ ਉਪਬੰਧ ਜਿਨ੍ਹਾਂ ਵਿਚ ਰਾਜ ਵਿਚ ਕਿਸੇ ਬੋਡੀ ਜਾਂ ਸੱਤਾਧਾਰੀ ਨਾਲ ਸੰਬੰਧਤ ਇਸ ਸੰਵਿਧਾਨ ਦੇ ਕਿਸੇ ਉਪਬੰਧ ਦੇ ਅਮਲ ਨੂੰ ਪੂਰਨ ਤੋਰ ਤੇ ਜਾਂ ਅੰਸ਼ਕ ਤੋਰ ਤੇ ਮੁਅੱਤਲ ਕਰਨ ਲਈ ਉਪਬੰਧ ਸ਼ਾਮਲ ਹਨ, ਬਣਾ ਸਕੇਗਾ, ਜਿਹੇ ਰਾਸ਼ਟਰਪਤੀ ਨੂੰ ਘੋਸ਼ਣਾ ਦੇ ਉਦੇਸ਼ਾਂ ਨੂੰ ਪ੍ਰਭਾਵੀ ਬਣਾਉਣ ਲਈ ਜ਼ਰੂਰੀ ਜਾਂ ਵਾਂਛਨੀ ਪ੍ਰਤੀਤ ਹੋਣ :

ਪਰੰਤੂ ਇਸ ਖੰਡ ਦੀ ਕੋਈ ਗੱਲ ਰਾਸ਼ਟਰਪਤੀ ਨੂੰ ਕਿਸੇ ਉੱਚ ਅਦਾਲਤ ਵਿਚ ਨਿਹਿਤ ਜਾਂ ਉਸ ਦੁਆਰਾ ਵਰਤੋਂ ਯੋਗ ਸ਼ਕਤੀਆਂ ਵਿਚੋਂ ਕਿਸੇ ਨੂੰ ਆਪਣੇ ਹੱਥ ਵਿਚ ਲੈਣ, ਜਾਂ ਉੱਚ-ਅਦਾਲਤਾਂ ਨਾਲ ਸਮੰਬੰਤ ਇਸ ਸੰਵਿਧਾਨ ਦੇ ਕਿਸੇ ਉਪਬੰਧ ਦੇ ਅਮਲ ਨੂੰ ਪੂਰਨ ਤੋਰ ਤੇ ਅੰਸ਼ਕ ਤੋਰ ਤੇ ਮੁਅੱਤਲ ਕਰਨ ਲਈ ਅਖਤਿਆਰਤ ਨਹੀਂ ਕਰੇਗੀ ।

(2) ਅਜਿਹੀ ਕੋਈ ਘੋਸ਼ਣਾ ਕਿਸੇ ਉੱਤਰਵਰਤੀ ਘੋਸ਼ਣਾ ਦੁਆਰਾ ਪਰਤਾ ਲਈ ਜਾ ਸਕੇਗੀ ਜਾਂ ਉਸ ਵਿਚ ਅਦਲ-ਬਦਲ ਕੀਤੀ ਜਾ ਸਕੇਗੀ ।

(3) ਇਸ ਅਨੁਛੇਦ ਦੇ ਅਧੀਨ ਕੀਤੀ ਗਈ ਹਰਿਕ ਘੋਸ਼ਣਾ ਸੰਸਦ ਦੇ ਹਰੇਕ ਸਦਨ ਅੱਗੇ ਰੱਖੀ ਜਾਵੇਗੀ ਅਤੇ, ਸਿਵਾਏ ਇਸ ਦੇ ਕਿ ਜਿਥੇ ਉਹ ਕਿਸੇ ਪੂਰਵ-ਘੋਸ਼ਣਾ ਨੂੰ ਪਰਤਾਉਣ ਵਾਲੀ ਘੋਸ਼ਣਾ ਹੋਵੇ, ਉਹ ਦੋ ਮਹੀਨੇ ਦੇ ਗੁਜਰਨ ਤੇ ਜੇਕਰ ਉਸ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਸੰਸਦ ਦੇ

---

[11] ਸ਼ਬਦ "ਜਾਂ ਰਾਜਪ੍ਰਮੁਖ ਜਿਹੀ ਕੀ ਸੂਰਤ ਹੋਵੇ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।



Ministry of Law & Justice

ਦੋਹਾਂ ਸਦਨਾਂ ਦੇ ਮਤਿਆਂ ਦੁਆਰਾ ਉਹ ਪਰਵਾਨ ਨ ਕਰ ਲਈ ਗਈ ਹੋਵੇ, ਅਮਲ ਵਿਚ ਨਹੀਂ ਰਹੇਗੀ :

ਪਰੰਤੂ ਜੇ ਅਜਿਹੀ ਕੋਈ ਘੋਸ਼ਣਾ (ਜੋ ਪੂਰਵ ਘੋਸ਼ਣਾ ਨੂੰ ਪਰਤਾਉਣ ਵਾਲੀ ਘੋਸ਼ਣਾ ਨ ਹੋਵੇ) ਉਸ ਸਮੇਂ ਜਾਰੀ ਕੀਤੀ ਜਾਵੇ ਜਦ ਲੋਕ ਸਭਾ ਤੋੜ ਦਿੱਤੀ ਗਈ ਹੋਵੇ, ਜਾਂ ਲੋਕ ਸਭਾ ਦਾ ਤੁੜਾਓ ਇਸ ਖੰਡ ਵਿਚ ਹਵਾਲਾ ਦਿੱਤੇ ਗਏ ਦੋ ਮਹੀਨੇ ਦੀ ਮੁਦੱਤ ਦੇ ਦੌਰਾਨ ਹੋ ਜਾਵੇ, ਅਤੇ ਜੋ ਉਸ ਘੋਸ਼ਣਾ ਨੂੰ ਪਰਵਾਨ ਕਰਨ ਵਾਲਾ ਮਤਾ ਰਾਜ ਸਭਾ ਦੁਆਰਾ ਪਾਸ ਕੀਤਾ ਗਿਆ ਹੋਵੇ, ਪਰ ਅਜਿਹੀ ਘੋਸ਼ਣਾ ਬਾਰੇ ਕੋਈ ਮਤਾ ਲੋਕ ਸਭਾ ਦੁਆਰਾ ਉਸ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਪਾਸ ਨ ਕੀਤਾ ਗਿਆ ਹੋਵੇ, ਤਾਂ ਉਹ ਘੋਸ਼ਣਾ ਉਸ ਤਰੀਕ ਤੋਂ ਜਿਸ ਨੂੰ ਲੋਕ ਸਭਾ ਆਪਣੇ ਮੁੜ ਗਠਨ ਪਿਛੋਂ ਪਹਿਲੀ ਵਾਰ ਬੈਠੇ, ਤੀਹ ਦਿਨ ਦੇ ਗੁਜਰਨ ਤੇ, ਜੇਕਰ ਤੀਹ ਦਿਨ ਦੀ ਉਕਤ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਉਸ ਘੋਸ਼ਣਾ ਨੂੰ ਪਰਵਾਨ ਕਰਨ ਵਾਲਾ ਕੋਈ ਮਤਾ ਲੋਕ ਸਭਾ ਦੁਆਰਾ ਵੀ ਪਾਸ ਨ ਹੋ ਜਾਵੇ, ਅਮਲ ਵਿਚ ਨਹੀਂ ਰਹੇਗੀ।

(4) ਇਸ ਤਰ੍ਹਾਂ ਪ੍ਰਵਾਨਤ ਘੋਸ਼ਣਾ, ਜੋ ਪਰਤਾ ਨਹੀਂ ਲਈ ਜਾਂਦੀ ਹੈ ਤਾਂ [12][ਅਜਿਹੀ ਘੋਸ਼ਣਾ ਦੇ ਕੀਤੇ ਜਾਣ ਦੀ ਤਰੀਕ ਤੇ ਛੇ ਮਹੀਨੇ] ਦੀ ਮੁੱਦਤ ਦੇ ਗੁਜਰਨ ਤੇ ਅਮਲ ਵਿਚ ਨਹੀਂ ਰਹੇਗੀ:

ਪਰੰਤੂ ਇਹ ਜੇ ਅਤੇ ਜਿੰਨੀ ਵਾਰ ਅਜਿਹੀ ਘੋਸ਼ਣਾ ਨੂੰ ਨਾਫਜ ਬਣਾਈ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਮਤਾ ਸੰਸਦ ਦੇ ਦੋਹਾਂ ਸਦਨਾਂ ਦੁਆਰਾ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਅਤੇ ਉਨੀ ਵਾਰ ਉਹ ਘੋਸ਼ਣਾ, ਜੇ ਪਰਤਾਈ ਨਹੀਂ ਜਾਂਦੀ ਹੈ ਹੈ ਤਾਂ, ਉਸ ਤਰੀਕ ਤੋਂ ਜਿਸ ਨੂੰ ਉਹ ਇਸ ਖੰਡ

[12] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 38 ਦੁਆਰਾ (20.06.1979ਤੋਂ ਪ੍ਰਭਾਵੀ) "ਖੰਡ(3) ਦੇ ਅਧੀਨ ਘੋਸ਼ਣਾ ਦੀ ਪ੍ਰਵਾਨਗੀ ਦੇਣ ਵਾਲੇ ਮਤੇ ਵਿਚੋਂ ਪਾਸ ਹੋ ਜਾਣ ਦੀ ਤਰੀਕ ਤੋਂ ਇਕ ਸਾਲ" ਦੀ ਥਾਵੇਂ ਰੱਖੇ। ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 50 ਦੁਆਰਾ (03.01.1977ਤੋਂ) ਮੂਲ ਸ਼ਬਦ "ਛੇ ਮਹੀਨੇ" ਦੀ ਥਾਵੇਂ "ਇਕ ਸਾਲ" ਅੰਤਰਸਥਾਪਤ ਕੀਤੇ ਗਏ ਸੀ।

ਦੇ ਅਧੀਨ ਹੋਰਵੇਂ ਅਮਲ ਵਿਚ ਨਹੀਂ ਰਹਿੰਦੀ ਹੈ, [13][ਛੇ ਮਹੀਨੇ] ਦੀ ਮੁੱਦਤ ਤੱਕ ਨਾਫਜ ਬਣੀ ਰਹੇਗੀ, ਪਰੰਤੂ ਅਜਿਹੀ ਘੋਸ਼ਣਾ ਕਿਸੇ ਵੀ ਸੂਰਤ ਵਿਚ ਤਿੰਨ ਸਾਲ ਤੋਂ ਵੱਧ ਨਾਫਜ ਨਹੀਂ ਰਹੇਗੀ:

ਪਰੰਤੂ ਇਹ ਹੋਰ ਕਿ ਜੇ ਲੋਕ ਸਭਾ ਦਾ ਤੁੜਾਓ [14][ਛੇ ਮਹੀਨੇ] ਕੀ ਕਿਸੇ ਅਜਿਹੀ ਮੁੱਦਤ ਦੇ ਦੌਰਾਨ ਹੋ ਜਾਵੇ ਅਤੇ ਅਜਿਹੀ ਘੋਸ਼ਣਾ ਨੂੰ ਨਾਫ਼ਜ਼ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਕੋਈ ਮਤਾ ਰਾਜ ਸਭਾ ਦੁਆਰਾ ਪਾਸ ਕਰ ਦਿੱਤਾ ਗਿਆ ਹੈ, ਕਿੰਤੂ ਅਜਿਹੀ ਘੋਸ਼ਣਾ ਨੂੰ ਨਾਫ਼ਜ਼ ਰੱਖਣ ਬਾਰੇ ਕੋਈ ਮਤਾ ਲੋਕ ਸਭਾ ਦੁਆਰਾ ਉਕਤ ਮੁੱਦਤ ਦੇ ਦੌਰਾਨ ਪਾਸ ਨਾ ਕੀਤਾ ਗਿਆ ਹੋਵੇ ਤਾਂ, ਉਹ ਘੋਸ਼ਣਾ ਉਸ ਤਰੀਕ ਤੋਂ, ਜਿਸ ਨੂੰ ਕਿ ਲੋਕ ਸਭਾ ਆਪਣੇ ਮੁੜ-ਗਠਨ ਪਿਛੋਂ ਪਹਿਲੀ ਵਾਰ ਬੈਟੇ, ਤੀਹ ਦਿਨ ਦੇ ਗੁਜਰਨ ਤੇ, ਜੇ ਕਰ ਤੀਹ ਦਿਨ ਦੀ ਉਕਤ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਉਸ ਘੋਸ਼ਣਾ ਨੂੰ ਨਾਫਜ ਰੱਖਣ ਦੀ ਪ੍ਰਵਾਨਗੀ ਦੇਣ ਵਾਲਾ ਕੋਈ ਮਤਾ ਲੋਕ ਸਭਾ ਦੁਆਰਾ ਪਾਸ ਕਰ ਦਿੱਤਾ ਗਿਆ ਹੋਵੇ, ਅਮਲ ਵਿਚ ਨਹੀਂ ਰਹੇਗੀ

[15][ਪਰੰਤੂ ਇਹ ਕਿ ਪੰਜਾਬ ਰਾਜ ਦੀ ਬਾਬਤ 11 ਮਈ, 1987 ਨੂੰ ਖੰਡ (1) ਅਧੀਨ ਕੀਤੀ ਗਈ ਘੋਸ਼ਣਾ ਦੀ ਸੂਰਤ ਵਿਚ, ਇਸ ਖੰਡ ਦੇ ਪਹਿਲੇ ਪਰੰਤੂਕ ਵਿਚ "ਤਿੰਨ ਸਾਲ" ਦੇ ਪ੍ਰਤਿ ਹਵਾਲੇ ਦਾ ਇਸ ਤਰ੍ਹਾ ਅਰਥ ਕੱਢਿਆ ਜਾਵੇਗਾ ਮਾਨੋਂ ਉਹ [16][ਪੰਜ ਸਾਲ] ਦੇ ਪ੍ਰਤਿ ਹਵਲਾ ਹੈ )

---

[13] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 38 ਦੁਆਰਾ (20.06.1979 ਤੋਂ) "ਇਕ ਸਾਲ" ਦੀ ਥਾਵੇਂ ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 50 ਦੁਆਰਾ (03.01.1977 ਤੋਂ) "ਛੇ ਮਹੀਨੇ" ਸ਼ਬਦ ਦੀ ਥਾਵੇਂ "ਇਕ ਸਾਲ" ਸ਼ਬਦ ਦੀ ਥਾਵੇਂ ਰੱਖੇ ਗਏ।

[14] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 38 ਦੁਆਰਾ (20.06.1979ਤੋ ਪ੍ਰਭਾਵੀ) "ਇਕ ਸਾਲ" ਦੀ ਥਾਵੇਂ ਰੱਖੇ। ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 50 ਦੁਆਰਾ (03.01.1977ਤੋਂ) ਮੂਲ ਸ਼ਬਦ"ਛੇ ਮਹੀਨੇ" ਦੀ ਥਾਵੇਂ "ਇਕ ਸਾਲ" ਸ਼ਬਦ ਰੱਖੇ ਗਏ।

[15] ਸੰਵਿਧਾਨ (ਚੋਹਠਵੀਂ ਸੋਧ) ਐਕਟ, 1950 ਦੀ ਧਾਰਾ 2 ਦੁਆਰਾ ਅੰਤਰਸਥਾਪਤ।

[16] ਸੰਵਿਧਾਨ (ਸਤਾਹਠਵੀਂਵੀਂ ਸੋਧ) ਐਕਟ, 1990 ਦੀ ਧਾਰਾ 2 ਦੁਆਰਾ ਅਤੇ ਇਸ ਤੋਂ ਪਿੱਛੋਂ ਸੰਵਿਧਾਨ (ਅਠਾਹਠੀਵੀਂ ਸੋਧ) ਐਕਟ, 1991 ਦੀ ਧਾਰਾ 2 ਦੁਆਰਾ ਸੋਧੇ ਵਰਤਮਾਨ ਰੂਪ ਵਿਚ ਆਏ।

Ministry of Law & Justice

[17][(5) ਖੰਡ (4) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਖੰਡ (3) ਦੇ ਅਧੀਨ ਪ੍ਰਵਾਨਗੀ ਘੋਸ਼ਣਾ ਦੇ ਕੀਤੇ ਜਾਣ ਦੀ ਤਰੀਕ ਤੋਂ ਇੱਕ ਸਾਲ ਦੇ ਗੁਜਰਨ ਤੋਂ ਬਾਅਦ ਅੱਗੇ ਕਿਸੇ ਮੁੱਦਤ ਦੇ ਲਈ ਘੋਸ਼ਣਾ ਨੂੰ ਨਾਫਜ ਬਣਾਏ ਰੱਖਣ ਦੇ ਸੰਬੰਧ ਵਿਚ ਕੋਈ ਮਤਾ ਸੰਸਦ ਦੇ ਕਿਸੇ ਸਦਨ ਦੁਆਰਾ ਤਦ ਪਾਸ ਕੀਤਾ ਜਾਵੇਗਾ ਜਦ-

(ੳ) ਅਜਿਹੇ ਮਤੇ ਦੇ ਪਾਸ ਕੀਤਾ ਜਾਣ ਦੇ ਸਮੇਂ ਸੰਕਟ ਦੀ ਘੋਸ਼ਣਾ, ਜਿਹੀ ਕਿ ਸੂਰਤ ਹੋਵੇ, ਸਾਰੇ ਬਾਰਤ ਵਿਚ ਅਤੇ ਸਾਰੇ ਰਾਜ ਜਾਂ ਉਸਦੇ ਕਿਸੇ ਭਾਗ ਵਿਚ ਅਮਲ ਵਿਚ ਹੈ, ਅਤੇ

(ਅ) ਚੋਣ ਕਮਿਸ਼ਨ ਇਹ ਪ੍ਰਮਾਣਿਤ ਕਰ ਦਿੰਦਾ ਹੈ ਕਿ ਅਜਿਹੇ ਮਤੇ ਵਿਚ ਉਲਿੱਖਤ ਮੁੱਦਤ ਦੇ ਦੌਰਾਨ (ਖੰਡ (3) ਦੇ ਅਧੀਨ ਪ੍ਰਵਾਨਤ ਘੋਸ਼ਣਾ ਨੂੰ ਨਾਫਜ ਬਣਾਏ ਰਖਣਾ, ਸੰਬੰਧਤ ਰਾਜ ਦੀ ਵਿਧਾਨ ਸਭਾ ਦੇ ਸਧਾਰਣ ਚੋਣ ਕਰਾਉਣ ਵਿਚ ਕਠਿਨਾਈਆਂ ਦੇ ਕਾਰਣ ਜ਼ਰੂਰੀ ਹੈ ]

[18][ਪਰੰਤੂ ਇਸ ਖੰਡ ਦੀ ਕੋਈ ਗੱਲ ਪੰਜਾਬ ਰਾਜ ਦੀ ਬਾਬਤ 11 ਮਈ, 1987 ਦੇ ਖੰਡ (1) ਦੇ ਅਧੀਨ ਕੀਤੀ ਗਈ ਘੋਸ਼ਣਾ ਨੂੰ ਲਾਗੂ ਨਹੀਂ ਹੋਵੇਗੀ।

ਅਨੁਛੇਦ 356 ਦੇ ਅਧੀਨ ਜਾਰੀ ਕੀਤੀ ਗਈ ਘੋਸ਼ਣਾ ਦੇ ਅਧੀਨ ਵਿਧਾਨਕ ਸ਼ਕਤੀਆਂ ਦੀ ਵਰਤੋਂ।

357 (1) ਜਿੱਥੇ ਅਨੁਛੇਦ 356 ਦੇ ਖੰਡ (1) ਦੇ ਅਧੀਨ ਜਾਰੀ ਕੀਤੀ ਗਈ, ਕਿਸੇ ਘੋਸ਼ਣਾ ਦੁਆਰਾ, ਇਹ ਐਲਾਨ ਕੀਤਾ ਗਿਆ ਹੋਵੇ ਕਿ ਰਾਜ ਦੇ ਵਿਧਾਨ-ਮੰਡਲ ਦੀਆਂ ਸ਼ਕਤੀਆਂ ਸੰਸਦ ਦੁਆਰਾ ਜਾਂ ਉਸ ਦੀ ਸੱਤਾ ਦੇ ਅਧੀਨ ਵਰਤੋਂ ਯੋਗ ਹੋਣਗੀਆਂ -

(ੳ) ਰਾਜ ਦੇ ਵਿਧਾਨ-ਮੰਡਲ ਦੀ ਕਾਨੂੰਨ ਬਣਾਉਣ ਦੀ ਸ਼ਕਤੀ ਰਾਸ਼ਟਰਪਤੀ ਨੂੰ ਪ੍ਰਦਾਨ ਕਰਨ ਲਈ ਅਤੇ ਇਸ ਤਰ੍ਹਾਂ ਪ੍ਰਦਾਨ ਕੀਤੀ ਗਈ ਸ਼ਕਤੀ ਕਿਸੇ ਹਰ ਸੱਤਾਧਾਰੀ ਨੂੰ ਜਿਸ ਨੂੰ ਰਾਸ਼ਟਰਪਤੀ

[17] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 38 ਦੁਆਰਾ (20.06.1979ਤੋਂ) ਖੰਡ 5 ਦੀ ਥਾਵੇਂ ਰੱਖੇ ਸੰਵਿਧਾਨ (ਅਠੀਤਵੀਂ ਸੋਧ) ਐਕਟ, 1975 ਦੀ ਧਾਰਾ 6 ਦੁਆਰਾ(ਅਤੀਤਦਰਸ਼ੀ ਪ੍ਰਭਾਵ ਤੋਂ) ਖੰਡ (5) ਅੰਤਰਸਥਪਤ ਕੀਤਾ ਗਿਆ ਸੀ।

[18] ਸੰਵਿਧਾਨ (ਤਰੇਹਠਵੀਂ ਸੋਧ) ਐਕਟ, 1989 ਦੀ ਧਾਰਾ 2 ਦੁਆਰਾ (06.01.1990 ਤੋਂ) ਮੂਲ ਪ੍ਰਰੁੰਤੱਕ ਦਾ ਲੋਪ ਕੀਤਾ ਗਿਆ ਜਿਸ ਨੂੰ ਸੰਵਿਧਾਨ (ਚੋਹਠਵੀਂ ਸੋਧ) ਐਕਟ, 1990 ਦਾ ਧਾਰਾ 2 ਦੁਆਰਾ ਅੰਤਰਸਥਾਪਤ ਕੀਤਾ ਗਿਆ ਸੀ।



Ministry of Law & Justice

ਉਸ ਨਮਿੱਤ ਉਲਿਖਤ ਕਰੇ, ਅਜਿਹੀਆਂ ਸ਼ਰਤਾਂ ਦੇ ਅਧੀਨ ਜਿਹੀਆਂ ਨੂੰ ਅਰੋਪਣਾ ਉਹ ਉਚਿਤ ਸਮਝੇ, ਸੌਂਪਣ ਲਈ ਰਾਸ਼ਟਰਪਤੀ ਨੂੰ ਅਖਤਿਆਰ ਕਰਨ ਦੀ ਸੰਸਦ ਦੀ ;

(ਅ) ਸੰਘ ਜਾਂ ਉਸ ਦੇ ਅਫਸਰਾਂ ਅਤੇ ਸੱਤਾਧਾਰੀਆਂ ਨੂੰ ਸ਼ਕਤੀਆਂ ਪ੍ਰਦਾਨ ਕਰਨ ਵਾਲੇ ਅਤੇ ਕਰਤੱਵ ਅਰੋਪਣ ਵਾਲੇ ਜਾਂ ਸ਼ਕਤੀਆਂ ਪ੍ਰਦਾਨ ਕਰਨ ਅਤੇ ਕਰਤੱਵ ਅਰੋਪਣਾ ਅਖਤਿਆਰਤ ਕਰਨ ਵਾਲੇ ਕਾਨੂੰਨ ਬਣਾਉਣ ਲਈ ਸੰਸਦ ਜਾਂ ਰਾਸ਼ਟਰਪਤੀ ਜਾਂ ਹੋਰ ਸੱਤਾਧਾਰੀ ਜਿਸ ਵਿਚ ਕਾਨੂੰਨ ਬਣਾਉਣ ਦੀ ਅਜਿਹੀ ਸ਼ਕਤੀ ਉਪ-ਖੰਡ (ੳ) ਦੇ ਅਧੀਨ ਨਿਹਿਤ ਹੋਵੇ, ਉਸ ਦੀ ;

(ੲ) ਜਦ ਲੋਕ-ਸਭਾ ਇਜਲਾਮ ਵਿਚ ਨ ਹੋਵੇ ਸੰਸਦ ਦੁਆਰਾ ਖਰਚ ਦੀ ਮਨਜ਼ੂਰੀ ਮਿਲਣ ਤੱਕ ਰਾਜ ਦੇ ਸੰਚਿਤ ਫ਼ੰਡ ਵਿਚੋਂ ਅਜਿਹੇ ਖਰਚ ਅਖਤਿਆਰਤ ਕਰਨ ਲਈ ਰਾਸ਼ਟਰਪਤੀ ਦੀ,

ਸ਼ਕਤਾਈ ਹੋਵੇਗੀ ।

[19][(2)ਰਾਜ ਦੇ ਵਿਧਾਨ-ਮੰਡਲ ਦੀ ਸ਼ਕਤੀ ਦੀ ਵਰਤੋਂ ਵਿਚ ਸੰਸਦ ਜਾਂ ਰਾਸ਼ਟਰਪਤੀ ਜਾਂ ਖੰਡ (1) ਦੇ ਉਪਖੰਡ (ੳ) ਵਿਚ ਹਵਾਲਾ ਦਿਤਾ ਹੋਰ ਸਤਾਧਾਰੀ ਦੁਆਰਾ, ਬਣਾਇਆ ਗਿਆ ਕੋਈ ਕਾਨੂੰਨ, ਜਿਸਨੂੰ ਅਨੁਛੇਦ 356 ਦੇ ਅਧੀਨ ਜਾਰੀ ਕੀਤੀ ਗਈ ਕਿਸੇ ਘੋਸ਼ਣਾ ਦੀ ਅਣਹੋਂਦ ਵਿਚ ਸ਼ਕਤਾਵਾਨ ਨਾ ਹੁੰਦਾ, ਉਸ ਘੋਸ਼ਣਾ ਦੇ ਅਮਲ ਵਿਚ ਨਾ ਰਹਿਣ ਪਿੱਛੋਂ ਤਦ ਤੱਕ ਨਾਫਜ ਬਣੀ ਰਹੇਗੀ ਜਦ ਤੱਕ ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸਤਾਧਾਰੀ ਦੁਆਰਾ ਉਸਦਾ ਅਦਲ ਬਦਲ ਜਾਂ ਨਿਰਸਤ ਜਾਂ ਸੋਧ ਨਹੀਂ ਕਰ ਦਿੱਤੀ ਜਾਂਦੀ ਹੈ । ]

[19] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 51 ਦੁਆਰਾ (20.1.1977 ਤੋਂ) ਖੰਡ (2) ਦੀ ਥਾਵੇਂ ਰੱਖੇ ।

ਸੰਕਟਾਂ ਦੇ ਦੌਰਾਨ ਅਨੁਛੇਦ 19 ਦੇ ਐਲਾਨ ਦੀ ਉਪਬੰਧਾਂ ਦੀ ਮੁਅੱਤਲੀ।

358.[20][(1)] [21][ਜਦ ਤੱਕ ਯੁੱਧ ਬਾਹਰੀ ਹਮਲੇ ਦੇ ਕਾਰਣ ਭਾਰਤ ਜਾਂ ਉਸਦੇ ਕਿਸੇ ਰਾਜਖੇਤਰ ਦੇ ਭਾਗ ਦੀ ਸੁਰੱਖਿਆ ਦੇ ਸੰਕਟ ਦੀ ਐਲਾਣ ਘੋਸ਼ਣਾ ਅਮਲ ਵਿਚ ਹੈ ਤਦ ਅਨੁਛੇਦ 19 ਦੀ ਕੋਈ ਗੱਲ ਭਾਗ III ਵਿਚ ਯਥਾ ਪਰਿਭਾਸ਼ਤ ਰਾਜ ਦਾ ਕੋਈ ਕਾਨੂੰਨ ਬਣਾਉਣ ਦੀ ਜਾਂ ਕੋਈ ਕਾਰਜਪਾਲਕ ਕਾਰਵਾਈ ਕਰਨ ਦੀ ਸ਼ਕਤੀ, ਤੇ ਜਿਸ ਨੂੰ ਉਹ ਰਾਜ ਭਾਗ ਵਿਚਲੇ ਉਪਬੰਧਾਂ ਦੀ ਅਣਹੋਂਦ ਵਿਚ ਬਣਾਉਣ ਜਾਂ ਕਰਨ ਲਈ ਸ਼ਕਤਵਾਨ ਹੁੰਦਾ, ਪਾਬੰਦੀ ਨਹੀਂ ਲਾਵੇਗੀ, ਪਰ ਇਸ ਤਰ੍ਹਾਂ ਬਣਾਇਆ ਗਿਆ ਕੋਈ ਕਾਨੂੰਨ, ਘੋਸ਼ਣਾ ਦੇ ਅਮਲ ਵਿਚ ਰਹਿਣ ਤੇ ਅਸਕਤਾਈ ਦੀ ਹੱਦ ਤੱਕ ਉਨ੍ਹਾਂ ਗੱਲਾ ਬਾਰੇ ਦੇ ਸਿਵਾਏ ਤੁਰੰਤ ਪ੍ਰਭਾਵਹੀਨ ਹੋ ਜਾਵੇਗਾ, ਜੋ ਉਸ ਕਾਨੂੰਨ ਦੇ ਇਸ ਤਰ੍ਹਾਂ ਪ੍ਰਭਾਵਹੀਨ ਹੋਣ ਤੋਂ ਪਹਿਲਾਂ ਕੀਤੀਆਂ ਗਈਆਂ ਜਾਂ ਕਿਤੀਆਂ ਜਾਣੋਂ ਛੱਡ ਦਿੱਤੀਆਂ ਗਈਆਂ ਹੋਣ:

[22][ਪਰੰਤੂ [23][ਜਿੱਥੇ ਸੰਕਟ ਦੀ ਅਜਿਹੀ ਘੋਸ਼ਣਾ] ਭਾਰਤ ਦੇ ਰਾਜ ਖੇਤਰ ਦੇ ਕੇਵਲ ਕਿਸੇ ਭਾਗ ਵਿਚ ਅਮਲ ਵਿਚ ਹੈ, ਉਥੇ ਜੇ ਅਤੇ ਜਿਥੇ ਤੱਕ ਭਾਰਤ ਜਾਂ ਉਸਦੇ ਰਾਜ ਖੇਤਰ ਦੇ ਕਿਸੇ ਭਾਗ ਦੀ ਸੁਰੱਖਿਆ, ਭਾਰਤ ਦੇ ਰਾਜ ਖੇਤਰ ਦੇ ਉਸ ਭਾਗ ਵਿਚ ਜਾਂ ਉਸਦੇ ਸੰਬੰਧ ਵਿਚ, ਜਿਸ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਹੈ, ਹੋਣ ਵਾਲੀਆਂ ਗਤੀਵਿਧਆਂ ਦੇ ਕਾਰਨ ਸੰਕਟ ਵਿਚ ਹੈ ਤਾਂ ਹੋਰ ਉਥੇ ਤਰ, ਅਜਿਹੇ ਰਾਜ ਜਾਂ ਸੰਘ ਰਾਜ ਖੇਤਰ ਵਿਚ ਜਾਂ ਉਸਦੇ ਸੰਬੰਧ ਵਿਚ, ਜਿਸ ਵਿਚ ਜਾਂ ਜਿਸਦੇ ਕਿਸੇ ਭਾਗ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਨਹੀਂ ਹੈ, ਇਸ ਅਨੁਛੇਦ ਦੇ ਅਧੀਨ ਅਜਿਹਾ ਕੋਈ ਕਾਨੂੰਨ ਬਣਾਇਆ ਜਾ ਸਕੇਗਾ, ਜਾਂ ਅਜਿਹਾ ਕੋਈ ਕਾਰਜਪਾਲਿਕਾ ਕਾਰਵਾਈ ਕੀਤੀ ਜਾ ਸਕੇਗੀ।]

---

[20] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 39 ਦੁਆਰਾ (20.06.1979ਤੋਂ)ਅਨੁਛੇਦ 358 ਨੂੰ ਉਸ ਦਾ ਖੰਡ (1) ਦੇ ਰੂਪ ਵਿਚ ਮੁੜ ਅੰਕਤ ਕਿਤੀ ਗਿਆ।

[21] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 39 ਦੁਆਰਾ (20.06.1979ਤੋਂ) "ਜਦ ਸੰਕਟ ਦੀ ਘੋਸ਼ਣਾ ਅਮਲ ਵਿਚ" ਸ਼ਬਦਾਂ ਦੀ ਥਾਵੇਂ ਰੱਖੇ ਗਏ।

[22] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 52 (3.1.1977 ਤੋਂ) ਅੰਤਰਸਥਾਪਤ।

[23] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 39 ਦੁਆਰਾ (20.06.1979ਤੋਂ) "ਜਦ ਸਕਟ ਕਾ ਘੋਸ਼ਣਾ" ਸ਼ਬਦਾਂ ਦੀ ਥਾਵੇਂ ਰੱਖੇ।



Ministry of Law & Justice

[24][(2) ਖੰਡ (1) ਦੀ ਕੋਈ ਗੱਲ—

(ੳ) ਕਿਸੇ ਅਜਿਹੇ ਕਾਨੂੰਨ ਨੂੰ ਲਾਗੂ ਨਹੀਂ ਹੋਵੇਗੀ, ਜਿਸ ਵਿਚ ਇਸ ਇਰਾਦੇ ਦਾ ਉਲੇਖ ਦਰਜ ਨਹੀਂ ਹੈ ਕਿ ਅਜਿਹਾ ਕਾਨੂੰਨ ਉਸ ਦੇ ਬਣਾਏ ਜਾਣ ਦੇ ਸਮੇਂ ਅਮਲ ਵਿਚ ਸੰਕਟ ਦੀ ਘੋਸ਼ਣਾ ਦੇ ਸੰਬੰਧ ਵਿਚ ਹੈ, ਜਾਂ

(ਅ) ਕਿਸੇ ਅਜਿਹੇ ਕਾਰਜਪਾਲਿਕਾ ਕਾਰਵਾਈ ਨੂੰ ਲਾਗੂ ਨਹੀਂ ਹੋਵੇਗੀ ਜੋ ਅਜਿਹਾ ਉਲੇਖ ਦਰਜ ਕਰ ਸੰਬੰਧੀ ਕਾਨੂੰਨ ਦੇ ਅਧੀਨ ਨਾ ਕਰਕੇ ਹੋਰਵੇਂ ਕੀਤੀ ਜਾਵੇ।]

ਸੰਕਟਾਂ ਦੇ ਦੌਰਾਨ ਭਾਗ III ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰੀ ਨਾਫਜ ਕੀਤੇ ਜਾਣ ਦੀ ਮੁਅੱਤਲੀ।

359.(1) ਜਿੱਥੇ ਕੋਈ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਉਥੇ ਰਾਸ਼ਟਰਪਤੀ ਹੁਕਮ ਦੁਆਰਾ ਐਲਾਨ ਕਰ ਸਕੇਗਾ ਕਿ [25][ਅਨੁਛੇਦ 20 ਅਤੇ ਅਨੁਛੇਦ 21 ਨੂੰ ਛੱਡ ਕੇ]ਭਾਗ III ਦੁਆਰਾ ਪ੍ਰਦਾਨ ਕੀਤੇ ਗਏ ਅਜਿਹੇ ਅਧਿਕਾਰਾਂ] ਵਿਚੋਂ ਅਜਿਹੇ ਨਾਫਜ ਕਰਾਉਣ ਲਈ, ਜਿਹੇ ਉਸ ਹੁਕਮ ਵਿਚ ਜਿਕਰ ਕੀਤੇ ਜਾਣ, ਕਿਸੇ ਅਦਾਲਤ ਨੂੰ ਪ੍ਰਚਾਲਤ ਕਰਨ ਦਾ ਅਧਿਕਾਰ ਅਤੇ ਇਸ ਤਰ੍ਹਾਂ ਜਿਕਰ ਕੀਤੇ ਅਧਿਕਾਰ ਨਾਫਜ ਕਰਾਉਣ ਲਈ ਕਿਸੇ ਅਦਾਲਤ ਵਿਚ ਲੰਬਿਤ ਸਭ ਕਾਰਵਾਈਆਂ, ਉਸ ਮੁੱਦਤ ਲਈ ਜਿਸ ਦੇ ਦੌਰਾਨ ਉਹ ਘੋਸ਼ਣਾ ਨਾਫਜ ਰਹੇ ਜਾਂ ਅਜਿਹੀ ਛੋਟੇਰੀ ਮੁੱਦਤ ਲਈ ਜਿਹੀ ਕਿ ਉਸ ਹੁਕਮ ਵਿਚ ਉਲਿਖਤ ਕੀਤੀ ਜਾਵੇ, ਮੁਅੱਤਲ ਰਹਿਣਗੀਆਂ।

[26][1(ੳ) ਜਦ [26][ਅਨੁਛੇਦ 20 ਅਤੇ ਅਨੁਛੇਦ 21 ਨੂੰ ਛੱਡ ਕੇ] ਭਾਗ III ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ] ਵਿਚੋਂ ਕਿਸੇ ਦਾ ਜਿਕਰ ਕਰਦਾ ਖੰਡ (1) ਅਧੀਨ ਕੀਤਾ ਕੋਈ ਹੁਕਮ ਅਮਲ ਵਿਚ ਹੋਵੇ, ਤਦ ਉਸ ਭਾਗ ਵਿਚ ਉਨ੍ਹਾਂ ਅਧਿਕਾਰਾਂ ਨੂੰ ਪ੍ਰਦਾਨ ਕਰਨ ਵਾਲੀ ਕੋਈ ਗੱਲ, ਉਕਤ ਭਾਗ ਵਿਚ

Ministry of Law & Justice

---

[24] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 39 ਦੁਆਰਾ (20.06.1979 ਤੋਂ) ਅੰਤਰਸਥਾਪਤ।

[25] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 40 ਦੁਆਰਾ (20.06.1979ਤੋਂ) “ਭਾਗ 3 ਦੇ ਦੁਆਰਾ ਪ੍ਰਦਾਨ ਅਧਿਕਾਰਾ” ਦੀ ਥਾਵੇਂ ਰੱਖੇ ਗਏ।

[26] ਸੰਵਿਧਾਨ (ਅਠੀਤਵੀਂ ਸੋਧ) ਐਕਟ, 1975 ਦੀ ਧਾਰਾ 7 ਦੁਆਰਾ(ਅਤੀਤਦਰਸ਼ੀ ਤੋਂ ਪ੍ਰਭਾਵੀ) ਅੰਤਰਸਥਾਪਤ।

ਯਥਾ-ਪਰਿਭਾਸ਼ਿਤ ਰਾਜ ਦੀ ਕੋਈ ਅਜਿਹਾਂ ਕਾਨੂੰਨ ਬਣਾਉਣ ਜਾਂ ਅਜਿਹੀ ਕਾਰਜਪਾਲਕ ਕਾਰਵਾਈ ਕਰਨ ਦੀ ਸ਼ਕਤੀ ਤੇ ਪਾਬੰਧੀ ਨਹੀਂ ਲਾਵੇਗੀ, ਜੋ ਰਾਜ ਉਸ ਭਾਗ ਵਿਚ ਦਰਜ ਉਪਬੰਧਾਂ ਦੇ ਅਭਾਵ ਵਿਚ ਬਣਾਉਣ ਲਈ ਜਾਂ ਕਰਨ ਲਈ ਸ਼ਕਤਵਾਨ ਹੁੰਦਾ, ਪਰ ਇਸ ਤਰ੍ਹਾਂ ਬਣਾਇਆ ਗਿਆ ਕੋਈ ਕਾਨੂੰਨ ਉਪਰੋਕਤ ਹੁਕਮ ਦੇ ਅਮਲ ਵਿਚ ਨ ਰਹਿਣ ਦੇ ਅਸ਼ਕਤਾਈ ਦੀ ਹਦ ਤੱਕ, ਉਨ੍ਹਾਂ ਗੱਲਾਂ ਬਾਰੇ ਦੇ ਸਿਵਾਏ ਪ੍ਰਭਾਵੀ ਨਹੀਂ ਰਹੇਗਾ, ਜੋ ਉਸ ਕਾਨੂੰਨ ਦੇ ਇਸ ਤਰ੍ਹਾਂ ਪ੍ਰਭਾਵੀ ਨ ਰਹਿਣ ਤੋਂ ਪਹਿਲਾਂ ਕੀਤੀਆਂ ਗਈਆਂ ਹੋਣ ਜਾਂ ਕਰਨੋਂ ਛੱਡ ਦਿੱਤੀਆਂ ਗਈਆਂ ਹੋਣ।]

[27] [ਪਰੰਤੂ ਜਿੱਥੇ ਸੰਕਟ ਦੀ ਘੋਸ਼ਣਾ ਭਾਰਤ ਦੇ ਰਾਜਖੇਤਰ ਦੇ ਕੇਵਲ ਕਿਸੇ ਭਾਗ ਵਿਚ ਅਮਲ ਵਿਚ ਹੈ, ਜੇ ਹੋਰ ਜਿੱਥੇ ਤੱਕ ਭਾਰਤ ਜਾਂ ਉਸਦੇ ਰਾਜ ਖੇਤਰ ਦੇ ਕਿਸੇ ਭਾਗ ਦੀ ਸੁਰੱਖਿਆ, ਭਾਰਤ ਦੇ ਰਾਜ ਖੇਤਰ ਦੇ ਉਸ ਭਾਗ ਵਿਚ ਜਾਂ ਉਸਦੇ ਸੰਬੰਧ ਵਿਚ, ਜਿਸ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਹੈ, ਹੋਣ ਵਾਲੀਆਂ ਗਤੀਵਿਧੀਆਂ ਦੇ ਕਾਰਣ ਸੰਕਟ ਦੇ ਵਿਚ ਹੈ, ਤਾਂ ਹੋਰ ਉਥੇ ਤੱਕ, ਅਜਿਹੇ ਰਾਜ ਜਾਂ ਸੰਘ ਰਾਜਖੇਤਰ ਵਿਚ ਉਸਦੇ ਸੰਬੰਧ ਵਿਚ, ਜਿਸ ਵਿਚ ਜਾਂ ਜਿਸ ਦੇ ਕਿਸੇ ਭਾਗ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਨਹੀਂ ਹੈ, ਇਸ ਅਨੁਛੇਦ ਦੇ ਅਧੀਨ ਅਜਿਹੀ ਕੋਈ ਕਾਨੂੰਨ ਬਣਾਇਆ ਜਾ ਸਕੇਗਾ ਜਾਂ ਅਜਿਹੀ ਕੋਈ ਕਾਰਜਪਾਲਿਕਾ ਕਾਰਵਾਈ ਕੀਤੀ ਜਾ ਸਕੇਗੀ।]

[28](1ਅ) ਖੰਡ (1ੳ) ਦੀ ਕੋਈ ਗੱਲ—

(ੳ) ਕਿਸੇ ਅਜਿਹੇ ਕਾਨੂੰਨ ਨੂੰ ਲਾਗੂ ਨਹੀਂ ਹੋਵੇਗੀ, ਜਿਸ ਵਿਚ ਇਸ ਇਰਾਦੇ ਦਾ ਉਲੇਖ ਦਰਜ ਨਹੀਂ ਹੈ ਕਿ ਅਜਿਹਾ ਕਾਨੂੰਨ ਉਸਦੇ ਬਣਾਏ ਜਾਣ ਦੇ ਸਮੇਂ ਅਮਲ ਵਿਚ ਸੰਕਟ ਦੀ ਘੋਸ਼ਣਾ ਦੇ ਸੰਬੰਧ ਵਿਚ ਹੈ ; ਜਾਂ

(ਅ) ਕਿਸੇ ਅਜਿਹੀ ਕਾਰਜਪਾਲਿਕਾ ਕਾਰਵਾਈ ਨੂੰ ਲਾਗੂ ਨਹੀਂ

---

[27] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 53 (3.1.1977 ਤੋਂ ਪ੍ਰਭਾਵੀ) ਅੰਤਰਸਥਾਪਤ।

[28] ਸੰਵਿਧਾਨ (ਚੁਤਾਲਵੀਂ ਸੋਧ) ਐਕਟ, 1978 ਦੀ ਧਾਰਾ 40 ਦੁਆਰਾ (20.06.1979 ਤੋਂ ਪ੍ਰਭਾਵੀ) ਅੰਤਰਸਥਾਪਤ।



Ministry of Law & Justice

ਹੋਵੇਗਾ ਜੋ ਅਜਿਹਾ ਉਲੇਖ ਦਰਜ ਕਰਨ ਵਾਲੇ ਕਾਨੂੰਨ ਦੇ ਅਧੀਨ ਨਾ ਕਰਕੇ ਹੋਰਵੇਂ ਕੀਤੀ ਗਈ ਹੈ ।)

(2) ਉਪਰੋਕਤ ਤਰ੍ਹਾਂ ਦਿੱਤਾ ਗਿਆ ਕੋਈ ਹੁਕਮ ਭਾਰਤ ਦੇ ਸਾਰੇ ਰਾਜਖੇਤਰ ਜਾਂ ਉਸ ਦੇ ਕਿਸੇ ਭਾਗ ਤੱਕ ਵਿਸਤਰਿਤ ਹੋ ਸਕੇਗਾ ।

[29][ ਪਰੰਤੂ ਜਿੱਥੇ ਸੰਕਟ ਦੀ ਘੋਸ਼ਣਾ ਭਾਰਤ ਦੇ ਰਾਜਖੇਤਰ ਦੇ ਕੇਵਲ ਕਿਸੇ ਭਾਗ ਵਿਚ ਅਮਲ ਵਿਚ ਹੈ, ਉਥੇ ਜੇ ਕਿਸੇ ਹੁਕਮ ਦਾ ਵਿਸਤਾਰ ਭਾਰਤ ਦੇ ਰਾਜਖੇਤਰ ਦੇ ਕਿਸੇ ਹੋਰ ਭਾਗ ਤੇ ਤਦ ਹੋਵੇਗਾ ਜਦ ਰਾਸ਼ਟਰਪਤੀ, ਇਹ ਤਸੱਲੀ ਹੋ ਜਾਣ ਤੇ ਕਿ ਭਾਰਤ ਜਾਂ ਉਸ ਦੇ ਰਾਜਖੇਤਰ ਦੇ ਕਿਸੇ ਭਾਗ ਦੀ ਸੁਰੱਖਿਆ, ਭਾਰਤ ਦੇ ਰਾਜ ਖੇਤਰ ਦੇ ਉਸ ਭਾਗ ਵਿਚ ਜਾਂ ਉਸ ਦੇ ਸੰਬੰਧ ਵਿਚ, ਜਿਸ ਵਿਚ ਸੰਕਟ ਦੀ ਘੋਸ਼ਣਾ ਅਮਲ ਵਿਚ ਹੈ, ਹੋਣ ਵਾਲੀਆਂ ਗਤੀਵਿਧੀਆਂ ਦੇ ਕਾਰਣ ਸੰਕਟ ਵਿਚ ਹੈ, ਅਜਿਹਾ ਵਿਸਤਾਰ ਜਰੂਰੀ ਸਮਝਦਾ ਹੈ । ]

(3) ਖੰਡ (1) ਦੇ ਅਧੀਨ ਦਿੱਤਾ ਗਿਆ ਹਰਿਕ ਹੁਕਮ, ਉਸ ਦੇ ਦਿੱਤੇ ਜਾਣ ਪਿਛੋਂ ਜਿੰਨੀ ਛੇਤੀ ਹੋ ਸਕੇ ਸੰਸਦ ਦੇ ਰਹੇਕ ਸਦਨ ਅੱਗੇ ਰੱਖਿਆ ਜਾਵੇਗਾ ।

[30]359 (ੳ) [ਇਸ ਭਾਗ ਦਾ ਪੰਜਾਬ ਰਾਜ ਨੂੰ ਲਾਗੂ ਹੋਣਾ।] ਸੰਵਿਧਾਨ (ਤਰੇਹਠਵੀਂ ਸੋਧ) ਐਕਟ, 1989 ਦੀ ਧਾਰਾ 3 ਦੁਆਰਾ (6.1.1990 ਤੋਂ ਪ੍ਰਭਾਵੀ) ਨਿਰਸਤ ।

ਵਿੱਤੀ ਸੰਕਟ ਬਾਬਤ ਉਪਬੰਧ ।

360 (1) ਜੇ ਰਾਸ਼ਟਰਪਤੀ ਦੀ ਤਸੱਲੀ ਹੋ ਜਾਵੇ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ, ਕਿ ਉਸ ਤੋਂ ਭਾਰਤ ਜਾਂ ਉਸ ਦੇ ਰਾਜਖੇਤਰ ਦੇ ਕਿਸੇ ਭਾਗ ਦੀ ਵਿੱਤੀ ਸਥਿਰਤਾ ਜਾਂ ਸਾਖ ਖਤਰੇ ਵਿਚ ਹੈ, ਉਹ ਘੋਸ਼ਣਾ ਦੁਆਰਾ ਉਸ ਆਸ਼ੇ ਦਾ ਐਲਾਨ ਕਰ ਸਕੇਗਾ ।

[31][360 (2) ਖੰਡ (1) ਦੇ ਅਧੀਨ ਕੀਤੀ ਗਈ ਘੋਸ਼ਣਾ-

---

[29] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 53 (3.1.1977 ਤੋਂ ਪ੍ਰਭਾਵੀ) ਅੰਤਰਸਥਾਪਤ ।

[30] ਸੰਵਿਧਾਨ (ਉਨਾਠਵੀਂ ਸੋਧ) ਐਕਟ, 1988 ਦੀ ਧਾਰਾ 3 ਦੁਆਰਾ ਅੰਤਰਸਥਾਪਤ । ਜਿਥੇ ਇਸ ਐਕਟ ਦੇ ਅਰੰਭ ਤੋਂ, ਭਾਵਅਰਥ 1988 ਦੇ ਮਾਰਚ ਦੇ ਤੇਂਰਵੇਂ ਦਿਨ ਤੋਂ ਦੋ ਸਾਲ ਦੀ ਮੁੱਦਤ ਦੀ ਸਮਾਪਤੀ ਦੇ ਪਿੱਛੋਂ ਅਮਲ ਵਿਚ ਨਹੀਂ ਰਹੇਗੀ ।



Ministry of Law & Justice

(ਉ) ਕਿਸੇ ਬਾਅਦ ਦੀ ਘੋਸ਼ਣਾ ਦੁਆਰਾ ਪਰਤਾਈ ਜਾ ਪਰਿਵਰਤਤ ਕੀਤੀ ਜਾ ਸਕੇਗੀ;

(ਅ) ਸੰਸਦ ਦੇ ਹਰੇਕ ਸਦਨ ਅੱਗੇ ਰੱਖੀ ਜਾਵੇਗੀ;

(ਇ) ਦੋ ਮਹੀਨੇ ਦੇ ਗੁਜ਼ਰਨ ਤੇ, ਅਮਲ ਵਿਚ ਨਹੀਂ ਰਹੇਗੀ, ਜੇ ਉਸ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਸੰਸਦ ਦੇ ਦੋਨੋਂ ਸਦਨਾਂ ਦੇ ਮਤਿਆਂ ਦੁਆਰਾ ਉਸ ਨੂੰ ਪ੍ਰਵਾਨ ਕਰ ਦਿੱਤਾ ਜਾਂਦਾ ਹੈ

ਪਰੰਤੂ ਜੇ ਅਜਿਹੀ ਕੋਈ ਘੋਸ਼ਣਾ ਉਸ ਸਮੇਂ ਕੀਤੀ ਜਾਂਦੀ ਹੈ ਜਦ ਲੋਕ ਸਭਾ ਦਾ ਤੁੜਾਓ ਹੋ ਗਿਆ ਹੈ, ਜਾਂ ਲੋਕ ਸਭਾ ਦੇ ਤੁੜਾਓ ਉਪਖੰਡ (ਇ) ਵਿਚ ਦਿੱਤੇ ਦੋ ਮਹੀਨਿਆਂ ਦੀ ਮੁੱਦਤ ਦੇ ਦੋਰਾਨ ਹੋ ਜਾਂਦਾ ਹੈ ਅਤੇ ਜੋ ਘੋਸ਼ਣਾ ਦੀ ਪ੍ਰਵਾਨਗੀ ਦੇਣ ਵਾਲਾ ਮਤਾ ਰਾਜ ਸਰਕਾਰ ਦੁਆਰਾ ਪਾਸ ਕਰ ਦਿੱਤਾ ਗਿਆ ਹੈ, ਪਰ ਅਜਿਹੀ ਘੋਸ਼ਣਾ ਦੇ ਸੰਬੰਧ ਵਿਚ ਕੋਈ ਮਤਾ ਲੋਕ ਸਭਾ ਦੁਆਰਾ ਉਸ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਪਾਸ ਨਹੀਂ ਕੀਤਾ ਗਿਆ ਹੈ ਤਾਂ ਘੋਸ਼ਣਾ ਉਸ ਤਰੀਕ ਤੋਂ, ਜਿਸ ਨੂੰ ਲੋਕ ਸਭਾ ਆਪਣੇ ਪੁਨਰਗਠਨ ਤੋਂ ਪਿੱਛੋਂ ਪਹਿਲੀ ਵਾਰ ਬੈਠਦੀ ਹੈ, ਤੀਹ ਦਿਨ ਦੇ ਗੁਜਰਨ ਦੇ ਅਮਲ ਵਿਚ ਨਹੀਂ ਰਹੇਗੀ, ਜੇ ਉਕਤ ਤੀਹ ਦਿਨ ਦੀ ਮੁੱਦਤ ਦੇ ਗੁਜਰਨ ਤੋਂ ਪਹਿਲਾਂ ਘੋਸ਼ਣਾ ਦੀ ਪ੍ਰਵਾਨਗੀ ਕਰਨ ਵਾਲਾ ਮਤਾ ਲੋਕ ਸਭਾ ਦੁਆਰਾ ਵੀ ਪਾਸ ਨਹੀਂ ਕਰ ਦਿੱਤਾ ਜਾਂਦਾ ਹੈ।

(3) ਉਸ ਮੁੱਦਤ ਦੇ ਦੌਰਾਨ ਜਿਸ ਵਿਚ ਖੰਡ (1) ਵਿਚ ਜਿਕਰ ਕੀਤੀ ਜਿਹੀ ਕੋਈ ਘੋਸ਼ਣਾ ਅਮਲ ਵਿਚ ਹੋਵੇ, ਸੰਘ ਦੀ ਕਾਰਜਪਾਲਕ ਸੱਤਾ ਕਿਸੇ ਰਾਜ ਨੂੰ ਵਿੱਤੀ ਉਚਿਤਤਾ ਦੇ ਅਜਿਹੇ ਅਸੂਲਾਂ ਦੀ ਪਾਲਨਾ ਕਰਨ ਲਈ ਜਿਹੇ ਕਿ ਨਿਦੇਸ਼ ਵਿਚ ਉਲਿਖਤ ਹੋਣ ਨਿਦੇਸ਼ ਦੇਣ ਤੱਕ, ਅਤੇ ਅਜਿਹੇ ਹੋਰ ਨਿਦੇਸ਼ ਦੇਣ ਤੱਕ ਜਿਹੇ ਰਾਸ਼ਟਰਪਤੀ ਉਸ ਪ੍ਰੋਯਜਨ ਲਈ ਜਰੂਰੀ ਅਤੇ ਚੋਖੇ ਸਮਝੇ ਵਿਸਤਰਿਤ ਹੋਵੇਗੀ।

(4) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ-

[31] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 41 ਦੁਆਰਾ (20.06.1979ਤੋਂ) ਖੰਡ (2) ਦੀ ਥਾਵੇਂ ਰੱਖੇ ਗਏ।

Ministry of Law & Justice

(ੳ) ਅਜਿਹੇ ਕਿਸੇ ਨਿਦੇਸ਼ ਵਿਚ-

(i) ਕਿਸੇ ਰਾਜ ਦੇ ਕਾਰ-ਵਿਹਾਰ ਦੇ ਤੱਲਕ ਵਿਚ ਸੇਵਾ ਕਰਦੇ ਸਭ ਜਾਂ ਕਿਸੇ ਵਰਗ ਦੇ ਵਿਅਕਤੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਕਮੀ ਲੋੜਨ ਵਾਲਾ ਕੋਈ ਉਪਬੰਧ,

(ii) ਸਭ ਧਨ ਬਿਲਾਂ ਜਾਂ ਹੋਰ ਬਿਲਾਂ ਨੂੰ ਜਿਨ੍ਹਾਂ ਨੂੰ ਅਨੁਛੇਦ 207 ਦੇ ਉਪਬੰਧ ਲਾਗੂ ਹੁੰਦੇ ਹਨ, ਰਾਜ ਦੇ ਵਿਧਾਨ-ਮੰਡਲ ਦੁਆਰਾ ਉਨ੍ਹਾਂ ਦੇ ਪਾਸ ਕੀਤੇ ਜਾਣ ਪਿੱਛੋਂ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਕਰਨਾ ਲੋੜਨ ਵਾਲਾ ਕੋਈ ਉਪਬੰਧ ,

ਸ਼ਾਮਲ ਹੋ ਸਕੇਗਾ ।

(ਅ) ਉਸ ਮੁੱਦਤ ਦੇ ਦੌਰਾਨ ਜਿਸ ਵਿਚ ਇਸ ਅਨੁਛੇਦ ਦੇ ਅਧੀਨ ਜਾਰੀ ਕੀਤੀ ਗਈ ਕੋਈ ਘੋਸ਼ਣਾ ਅਮਲ ਵਿਚ ਹੋਵੇ ਸੰਘ ਦੇ ਕਾਰ-ਵਿਹਾਰਾਂ ਤੇ ਤੱਲਕ ਵਿਚ ਸੇਵਾ ਕਰਦੇ ਸਭ ਜਾਂ ਕਿਸੇ ਵਰਗ ਦੇ ਵਿਅਕਤੀਆਂ ਜਿਨ੍ਹਾਂ ਵਿਚ ਸਰਵ-ਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜ ਸ਼ਾਮਲ ਹਨ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਕਮੀ ਲਈ ਨਿਦੇਸ਼ ਜਾਰੀ ਕਰਨ ਲਈ ਰਾਸ਼ਟਰਪਤੀ ਸ਼ਕਤਵਾਨ ਹੋਵੇਗਾ ।

[32][* * * * *

[32] ਸੰਵਿਧਾਨ (ਅਠੀਤਵੀਂ ਸੋਧ) ਐਕਟ, 1975 ਦੀ ਧਾਰਾ 8 ਦੁਆਰਾ (ਅਤੀਤਦਰਸ਼ੀ ਪ੍ਰਭਾਵ ਤੋਂ) ਖੰਡ (5) ਅੰਤਰਸਥਾਪਤ ਕੀਤਾ ਗਿਆ ਸੀ ਅਤੇ ਉਸ ਦਾ ਸੰਵਿਧਾਨ (ਚੁਤਾਲਵੀਂ ਸੋਧ ਐਕਟ) 1978 ਦੀ ਧਾਰ 41 ਦੁਆਰਾ (20.06.1979 ਤੋਂ) ਲੋਪ ਕੀਤਾ ਗਿਆ ।

## ਭਾਗ XIX

## ਫੁਟਕਲ

**ਰਾਸ਼ਟਰਪਤੀ ਅਤੇ ਰਾਜਪਾਲਾਂ ਅਤੇ ਰਾਜਪ੍ਰਮੁਖਾਂ ਦੀ ਹਿਫਾਜਤ।**

361. (1) ਰਾਸ਼ਟਰਪਤੀ, ਜਾਂ ਕਿਸੇ ਰਾਜ ਦਾ ਰਾਜਪਾਲ ਜਾਂ ਰਾਜਪ੍ਰਮੁੱਖ, ਆਪਣੇ ਅਹੁਦੇ ਦੀਆਂ ਸ਼ਕਤੀਆਂ ਅਤੇ ਕਰਤੱਵਾਂ ਦੀ ਵਰਤੋਂ ਅਤੇ ਪਾਲਣ ਲਈ ਜਾਂ ਉਨ੍ਹਾਂ ਸ਼ਕਤੀਆਂ ਅਤੇ ਕਰਤੱਵਾਂ ਦੀ ਵਰਤੋਂ ਅਤੇ ਪਾਲਣ ਵਿਚ ਉਸ ਦੁਆਰਾ ਕੀਤੇ ਗਏ ਜਾਂ ਕੀਤੇ ਜਾਣੇ ਤਾਤਪਰਜਤ ਕਿਸੇ ਕਾਰਜ ਲਈ ਕਿਸੇ ਅਦਾਲਤ ਨੂੰ ਉੱਤਰਦਾਈ ਨਹੀ ਹੋਵੇਗਾ :

ਪਰੰਤੂ ਅਨੁਛੇਦ 61 ਦੇ ਅਧੀਨ ਕਿਸੇ ਦੋਸ਼ ਦੀ ਛਾਣ-ਬੀਣ ਸੰਸਦ ਦੇ ਕਿਸੇ ਸਦਨ ਦੁਆਰਾ ਨਿਯੁਕਤ ਕੀਤੀ ਜਾਂ ਥਾਪੀ ਗਈ ਕਿਸੇ ਅਦਾਲਤ, ਟ੍ਰਿਬਿਊਨਲ ਜਾਂ ਬੋਡੀ ਦੁਆਰਾ ਰਾਸ਼ਟਰਪਤੀ ਦੇ ਆਚਰਣ ਦੀ ਨਜ਼ਰਸਾਨੀ ਕੀਤੀ ਜਾ ਸਕੇਗੀ :

ਪਰੰਤੂ ਇਹ ਹੋਰ ਕਿ ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਭਾਰਤ ਸਰਕਾਰ ਦੇ ਜਾਂ ਕਿਸੇ ਰਾਜ ਦੀ ਸਰਕਾਰ ਦੇ ਖਿਲਾਫ ਮੁਨਾਸਬ ਕਾਰਵਾਈਆਂ ਦੇ ਚਲਾਉਣ ਲਈ ਕਿਸੇ ਵਿਅਕਤੀ ਦੇ ਅਧਿਕਾਰ ਤੇ ਪਾਬੰਦੀ ਲਾਉਂਦੀ ਹੈ।

(2) ਰਾਸ਼ਟਰਪਤੀ, ਜਾਂ ਕਿਸੇ ਰਾਜ ਦੇ ਰਾਜਪਾਲ[1] * * * ਦੇ ਖਿਲਾਫ ਉਸ ਦੇ ਅਹੁਦੇ ਦੀ ਅਉਧ ਦੇ ਦੋਰਾਨ ਕਿਸੇ ਵੀ ਤਰ੍ਹਾਂ ਦੀਆਂ ਫੋਜਦਾਰੀ ਕਾਰਵਾਈਆਂ ਕਿਸੇ ਅਦਾਲਤ ਵਿਚ ਦਾਇਰ ਨਹੀਂ ਕੀਤੀਆਂ ਜਾਣਗੀਆਂ ਅਤੇ ਨ ਚਾਲੂ ਰੱਖੀਆਂ ਜਾਣਗੀਆਂ।

(3) ਰਾਸ਼ਟਰਪਤੀ, ਜਾਂ ਕਿਸੇ ਰਾਜ ਦੇ ਰਾਜਪਾਲ [1] * * * ਦੇ ਅਹੁਦੇ ਦੀ ਅਉਧ ਦੇ ਦੋਰਾਨ ਉਸ ਦੀ ਗ੍ਰਿਫਤਾਰੀ ਜਾਂ ਕੈਦ ਲਈ ਕਿਸੇ ਅਦਾਲਤ ਤੋਂ ਕੋਈ ਹੁਕਮਨਾਮਾ ਜਾਰੀ ਨਹੀਂ ਹੋਵੇਗਾ।

[1] ਸ਼ਬਦ ਜਾਂ ਰਾਜਪ੍ਰਮੁੱਖ ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

Ministry of Law & Justice

4. ਕੋਈ ਸਿਵਲ ਕਾਰਵਾਈਆਂ, ਜਿਨ੍ਹਾਂ ਵਿਚ ਰਾਸ਼ਟਰਪਤੀ ਜਾਂ, ਕਿਸੇ ਰਾਜ ਦੇ ਰਾਜਪਾਲ [1]* * * ਦੇ ਖਿਲਾਫ ਦਾਦਰਸੀ ਦੀ ਮੰਗ ਕੀਤੀ ਜਾਵੇ, ਉਸ ਦੇ ਰਾਸ਼ਟਰਪਤੀ ਜਾਂ ਉਸ ਰਾਜ ਦੇ ਰਾਜਪਾਲ [1]* * * ਵਜੋਂ ਆਪਣਾ ਅਹੁਦਾ ਸੰਭਾਲਣ ਤੋਂ ਪਰਿਲਾਂ ਜਾਂ ਪਿੱਛੋਂ, ਉਸ ਦੀ ਨਿੱਜੀ ਹੈਸੀਅਤ ਵਿਚ ਕੀਤੇ ਗਏ ਜਾਂ ਕੀਤੇ ਜਾਣੇ ਤਾਤਪਰਜਤ ਕਿਸੇ ਕਾਰਜ ਬਾਰੇ, ਉਸ ਦੇ ਅਹੁਦੇ ਦੀ ਅਉਧ ਦੇ ਦੋਰਾਨ ਕਿਸੇ ਅਦਾਲਤ ਵਿਚ, ਜਦ ਤੱਕ ਦਾਇਰ ਨਹੀਂ ਕੀਤੀਆਂ ਜਾਣਗੀਆਂ, ਜਦ ਤੱਕ ਉਨ੍ਹਾਂ ਕਾਰਵਾਈਆਂ ਦੀ ਪ੍ਰਕਿਰਤੀ, ਉਨ੍ਹਾਂ ਲਈ ਦਾਵੇ ਦਾ ਕਾਰਨ, ਅਤੇ ਉਸ ਧਿਰ ਦਾ ਜਿਸ ਦੁਆਰਾ ਅਜਿਹੀਆਂ ਕਾਰਵਾਈਆਂ ਦਾਇਰ ਕੀਤੀਆਂ ਜਾਣੀਆਂ ਹਨ, ਨਾਂ, ਵਿਵਰਣ ਅਤੇ ਨਿਵਾਸ-ਸਥਾਨ ਅਤੇ ਉਹ ਦਾਦਰਸੀ, ਜਿਸ ਦੀ ਉਹ ਦਾਅਵਾ ਕਰਦੀ ਹੈ, ਬਿਆਨ ਕਰਨ ਵਾਲਾ ਲਿਖਤੀ ਨੋਟਿਸ, ਰਾਸ਼ਟਰਪਤੀ ਜਾਂ ਉਸ ਰਾਜਪਾਲ [2]* * * ਜਿਹੀ ਕਿ ਸੂਰਤ ਹੋਵੇ, ਨੂੰ ਦਿਤੇ ਜਾਣ ਜਾਂ ਉਸ ਦੇ ਦਫਤਰ ਵਿਚ ਛੱਡੇ ਜਾਣ ਪਿੱਛੋਂ ਦੋ ਮਹੀਨੇ ਨ ਗੁਜਰ ਗਏ ਹੋਣ।

ਸੰਸਦ ਅਤੇ ਰਾਜਾਂ ਦੇ ਵਿਧਾਨ-ਮੰਡਲ ਦੀਆਂ ਕਾਰਵਾਈਆਂ ਦੇ ਪ੍ਰਕਾਸ਼ਨ ਦੀ ਹਿਫ਼ਾਜਤ।

[3][361 ੳ (1) ਕੋਈ ਵਿਅਕਤੀ ਸੰਸਦ ਦੇ ਕਿਸੇ ਸਦਨ ਜਾਂ, ਜਿਹੀ ਕਿ ਸੂਰਤ ਹੋਵੇ ਕਿਸੇ ਰਾਜ ਦੀ ਵਿਧਾਨ ਸਭਾ ਜਾਂ ਕਿਸੇ ਰਾਜ ਦੇ ਵਿਧਾਨ ਮੰਡਲ ਦੇ ਕਿਸੇ ਸਦਨ ਦੀ ਕੋਈ ਕਾਰਵਾਈਆਂ ਦੇ ਸਾਰਵਾਨ ਰੂਪ ਵਿਚ ਸਹੀ ਵਿਵਰਣ ਦੇ ਕਿਸੇ ਅਖਬਾਰ ਦੇ ਪ੍ਰਕਾਸ਼ਨ ਦੇ ਸੰਬੰਧ ਵਿਚ ਕਿਸੇ ਅਦਾਲਤ ਵਿਚ ਕਿਸੇ ਵੀ ਪ੍ਰਕਾਰ ਦੀ ਸਿਵਲ ਜਾਂ ਫੋਜਦਾਰੀ ਕਾਰਵਾਈਆਂ ਦਾ ਤਦ ਤੱਕ ਭਾਗ ਨਹੀਂ ਹੋਵੇਗੀ ਜਦ ਤੱਕ ਇਹ ਸਾਬਿਤ ਨਹੀਂ ਕਰ ਦਿੱਤਾ ਜਾਂਦਾ ਹੈ ਕਿ ਪ੍ਰਕਾਸ਼ਨ ਦਵੈਖ ਪੂਰਵਕ ਕੀਤਾ ਗਿਆ ਹੈ

ਪਰੰਤੂ ਇਸ ਖੰਡ ਦੀ ਕੋਈ ਗਲ ਸੰਸਦ ਦੇ ਕਿਸੇ ਸਦਨ ਜਾਂ, ਜਿਹੀ ਕੀ ਸੂਰਤ ਹੋਵੇ, ਕਿਸੇ ਰਾਜ ਦੀ ਵਿਧਾਨ ਸਭਾ ਜਾਂ ਕਿਸੇ ਰਾਜ ਦੇ ਵਿਧਾਨ ਮੰਡਲ ਦੇ ਕਿਸੇ ਸਦਨ ਕੀ ਗੁਪਤ ਬੈਠਕ ਦੀਆਂ ਕਾਰਵਾਈਆਂ ਦੇ

---

[2] ਸ਼ਬਦ ਜਾਂ ਰਾਜਪ੍ਰਮੁੱਖ ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[3] ਸੰਵਿਧਾਨ (ਚੌਤਾਲਵੀਂ ਸੋਧ) ਐਕਟ, 1978 ਦੀ ਧਾਰਾ 42 ਦੁਆਰਾ (20.09.1979 ਤੋਂ) ਅੰਤਰਸਥਾਪਤ।



Ministry of Law & Justice

ਵਿਵਰਣ ਦੇ ਪ੍ਰਕਾਸ਼ਨ ਨੂੰ ਲਾਗੂ ਨਹੀਂ ਹੋਵੇਗੀ ।

(2) ਖੰਡ (1) ਕਿਸੇ ਪ੍ਰਸਾਰਣ ਕੇਂਦਰ ਦੇ ਮਾਧਿਅਮ ਨਾਲ ਉਪਲਭਦ ਕਿਸੇ ਪ੍ਰੋਗਰਾਮ ਜਾਂ ਸੇਵਾ ਦੇ ਭਾਗ ਵਜੋਂ ਬੇਤਾਰ ਟੈਲੀਗ੍ਰਾਫੀ ਦੇ ਮਾਧਿਅਮ ਤੋਂ ਪ੍ਰਕਾਸ਼ਤ ਰਿਪੋਟਾਂ ਜਾਂ ਸਮਗਰੀ ਦੇ ਸੰਬੰਧ ਵਿਚ ਉਸੇ ਪ੍ਰਕਾਰ ਲਾਗੂ ਹੋਵੇਗਾ ਜਿਸ ਪ੍ਰਕਾਰ ਇਹ ਕਿਸੇ ਅਖਬਾਰ ਵਿਚ ਪ੍ਰਕਾਸ਼ਤ ਰਿਪੋਟਾਂ ਜਾਂ ਸਮੱਗਰੀ ਦੇ ਸੰਬੰਧ ਵਿਚ ਲਾਗੂ ਹੁੰਦਾ ਹੈ ।

ਵਿਆਖਿਆ–ਇਸ ਅਨੁਛੇਦ ਵਿਚ, ਅਖਬਾਰ ਦੇ ਵਿਚ ਅਖਬਾਰ ਏਜੰਸੀ ਦੀ ਅਜਿਹੀ ਰਿਪੋਟ ਹੈ, ਜਿਸ ਵਿਚ ਕਿਸੇ ਅਖਬਾਰ ਵਿਚ ਪ੍ਰਕਾਸ਼ਨ ਦੇ ਲਈ ਸਮੱਗਰੀ ਸ਼ਾਮਿਲ ਹੈ ।

ਲਾਹੇਵੰਦ ਰਾਜਨੀਤਿਕ ਪਦਤੇ ਨਿਯੁਕਤੀ ਦੇ ਲਈ ਨਾਕਾਬਲੀਅਤਾਂ ।

[4][361 ਅ. ਕਿਸੇ ਰਾਜਨੀਤਿਕ ਦਲ ਦਾ ਕਿਸੇ ਸਦਨ ਦਾ ਕੋਈ ਮੈਂਬਰ ਜੋ ਦਸਵੀਂ ਅਨੁਸੂਚੀ ਦੇ ਪੈਰਾ 2 ਦੇ ਅਧੀਨ ਸਦਨ ਦਾ ਮੈਂਬਰ ਹੋਣ ਦੇ ਲਈ ਨਾਕਾਬਲ ਹੈ, ਆਪਣੀ ਨਾਕਾਬਲੀਅਤ ਦੀ ਤਰੀਕ ਤੋਂ ਆਂਰਭ ਹੋਣ ਵਾਲੀ ਅਤੇ ਉਸ ਤਰੀਕ ਤੱਕ ਜਿਸ ਨੂੰ ਅਜਿਹੇ ਮੈਂਬਰ ਦੇ ਰੂਪ ਵਿਚ ਉਸ ਦੇ ਅਹੁਦੇ ਦੀ ਅਉਧ ਗੁਜਰੇਗੀ ਜਾਂ ਉਸ ਤਰੀਕ ਤੱਕ ਜਿਸ ਨੂੰ ਉਹ ਕਿਸੇ ਸਦਨ ਦੇ ਲਈ ਕੋਈ ਚੋਣ ਲੜਦਾ ਹੈ, ਅਤੇ ਚੋਣ ਦੀ ਘੋਸ਼ਣਾ ਕੀਤੀ ਜਾਂਦੀ ਹੈ, ਇਨ੍ਹਾਂ ਵਿਚੋਂ ਜੋ ਵੀ ਪਹਿਲਾਂ ਹੋਵੇ ਦੀ ਅਉਧ ਦੇ ਦੌਰਾਨ, ਕੋਈ ਲਾਹੇਵੰਦ ਰਾਜਨੀਤਿਕ ਅਹੁਦਾ ਧਾਰਣ ਕਰਨ ਦੇ ਲਈ ਵੀ ਨਾਕਬਲ ਹੋਵੇਗਾ ।

ਵਿਆਖਿਆ – ਇਸ ਅਨੁਛੇਦ ਦੇ ਪ੍ਰਯੋਜਾਂ ਦੇ ਲਈ—

(ੳ) "ਸਦਨ" ਪਦ ਦਾ ਉਹੀ ਅਰਥ ਹੈ ਜੋ ਉਸਦਾ ਦਸਵੀਂ ਅਨੁਸੂਚੀ ਦੇ ਪੈਰ੍ਹਾਂ 1 ਦੇ ਖੰਡ (ੳ) ਵਿਚ ਹੈ ।

(ਅ) "ਲਾਹੇਵੰਦ ਰਾਜਨੀਤਿਕ ਪਦ" ਵਿਆਖਿਆ ਤੋਂ ਮਤਲਬ ਹੈ –

(i) ਭਾਰਤ ਸਰਕਾਰ ਜਾਂ ਕਿਸੇ ਰਾਜ ਸਰਕਾਰ ਦੇ ਅਧੀਨ ਕੋਈ ਪਦ, ਜਿਥੇ ਅਜਿਹੇ ਪਦ ਦੇ ਲਈ ਤਨਖਾਹ ਜਾਂ ਮਿਹਨਤਾਨੇ

[4] ਸੰਵਿਧਾਨ (ਇਕਾਨਵੇਵੀਂ ਸੋਧ) ਐਕਟ, 2003 ਦੀ ਧਾਰਾ 4 ਦੁਆਰਾ ਅੰਤਰਸਥਾਪਤ ।

Ministry of Law & Justice

ਦੀ ਅਦਾਇਗੀ, ਜਿਹੀ ਕਿ ਸੂਰਤ ਹੋਵੇ, ਭਾਰਤ ਸਰਕਾਰ ਜਾਂ ਰਾਜ ਸਰਕਾਰ ਦੇ ਲੋਕ ਮਾਲੀਆਂ ਤੋਂ ਕੀਤੀ ਜਾਂਦੀ ਹੈ ;ਜਾਂ

(ii) ਕਿਸੇ ਬੋਡੀ ਦੇ ਅਧੀਨ, ਭਾਵੇਂ ਨਿਰਸਤ ਹੋਵੇ ਜਾਂ ਨਹੀਂ, ਜੋ ਭਾਰਤ ਸਰਕਾਰ ਦੇ ਕਿਸੇ ਰਾਜ ਸਰਕਾਰ ਦੇ ਪੂਰਨ ਤੌਰ ਤੇ ਜਾਂ ਅੰਸ਼ਤ ਤੌਰ ਤੇ ਮਾਲਕੀ ਹੈ, ਕੋਈ ਪਦ ਅਤੇ ਅਜਿਹੇ ਪਦ ਦੇ ਲਈ ਤਨਖਾਹ ਜਾਂ ਮਿਹਨਤਾਨੇ ਦੀ ਅਦਾਇਗੀ ਅਜਿਹੀ ਬੋਡੀ ਤੋਂ ਕੀਤੀ ਜਾਵੇਗੀ

ਸਿਵਾਏ ਉਸੇ ਦੇ ਜਿਥੇ ਅਦਾਇਗੀ ਅਜਿਹੀ ਤਨਖਾਹ ਜਾਂ ਮਿਹਨਤਾਨੇ ਦੇ ਮੁਆਵਜੇ ਦੇ ਰੂਪ ਵਿਚ ਹੈ।

362 [ਦੇਸੀ ਰਾਜਾਂ ਦੇ ਹੁਕਮਰਾਨਾਂ ਦੇ ਅਧਿਕਾਰੀ ਅਤੇ ਵਿਸ਼ੇਸ ਅਧਿਕਾਰ] ਸੰਵਿਧਾਨ (ਛੱਬੀਵੀਂ ਸੋਧ) ਐਕਟ, 1971, ਧਾਰਾ 2 ਦੁਆਰਾ ਨਿਰਸਤ।

ਕੁਝਕੁ ਸੰਧੀਆਂ, ਕਰਾਰਾਂ, ਆਦਿ ਤੋਂ ਪੈਦਾ ਹੋਣ ਵਾਲੇ ਝਗੜਿਆਂ ਵਿਚ ਅਦਾਲਤਾਂ ਦੁਆਰਾ ਦਖਲ ਦੇਣ ਦੀ ਰੋਕ।

363.(1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰ ਅਨੁਛੇਦ 143 ਦੇ ਉਪਬੰਧਾਂ ਦੇ ਤਾਬੇ, ਨ ਤਾਂ ਸਰਵ-ਉੱਚ ਅਦਾਲਤ ਨੂੰ ਅਤੇ ਨ ਕਿਸੇ ਹੋਰ ਅਦਾਲਤ ਨੂੰ ਕਿਸੇ ਸੰਧੀ, ਕਰਾਰ, ਕਵੇਨੈਂਟ, ਬਾਂਨ੍ਹ, ਸਨਦ ਜਾਂ ਉਸੇ ਵਰਗੀ ਹੋਰ ਲਿਖਤ ਦੇ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਕਿਸੇ ਦੇਸੀ ਰਾਜ ਦੇ ਹੁਕਮਰਾਨ ਦੁਆਰਾ ਕੀਤੀ ਗਈ ਜਾਂ ਨਿਸਪਾਦਤ ਹੋਈ ਹੋਵੇ ਅਤੇ ਜਿਸ ਵਿਚ ਭਾਰਤ ਡੋਮੀਨਿਅਨ ਦੀ ਸਰਕਾਰ ਜਾਂ ਉਸ ਦੀਆਂ ਪੂਰਵ-ਅਧਿਕਾਰੀ ਸਰਕਾਰਾਂ ਵਿਚੋਂ ਕੋਈ ਇਕ ਧਿਰ ਹੋਵੇ ਅਤੇ ਜੋ ਅਜਿਹੇ ਅਰੰਭ ਤੋਂ ਪਿੱਛੋਂ ਅਮਲ ਵਿਚ ਰਹੀ ਹੋਵੇ ਜਾਂ ਰੱਖੀ ਗਈ ਹੋਵੇ, ਕਿਸੇ ਉਪਬੰਧ ਤੋਂ ਪੈਦਾ ਹੋਣ ਵਾਲੇ ਕਿਸੇ ਝਗੜੇ ਵਿਚ ਜਾਂ ਅਜਿਹੀ ਕਿਸੇ ਸੰਧੀ, ਕਰਾਰ, ਕਨੇਨੈਂਟ, ਬਾਨ੍ਹ, ਸਨਦ ਜਾਂ ਉਸੇ ਵਰਗੀ ਹੋਰ ਲਿਖਿਤ ਸੰਬੰਧੀ ਇਸ ਸੰਵਿਧਾਨ ਦੇ ਉਪਬੰਧਾਂ ਵਿਚੋ ਕਿਸੇ ਦੇ ਅਧੀਨ ਹਾਸਲ ਹੋਣ ਵਾਲੇ ਕਿਸੇ ਅਧਿਕਾਰ ਜਾਂ ਪੈਦਾ ਹੋਣ ਵਾਲੀ ਕਿਸੇ ਦੇਣਦਾਰੀ ਜਾਂ ਬਾਂਧ ਬਾਰੇ ਕਿਸੇ ਝਗੜੇ ਵਿਚ ਅਧਿਕਾਰਤਾ ਹੋਵੇਗੀ।

(2) ਇਸ ਅਨੁਛੇਦ ਵਿਚ–

Ministry of Law & Justice

(ੳ) "ਦੇਸੀ ਰਾਜ" ਦਾ ਮਤਲਬ ਹੈ ਕੋਈ ਰਾਜਖੇਤਰ ਜੋ ਹਿਜ ਮੈਜੈਸਟੀ ਜਾਂ ਭਾਰਤ ਡੋਮਾਨੀਅਨ ਦੀ ਸਰਕਾਰ ਦੁਆਰਾ ਇਸ ਸੰਵਿਧਾਨ ਦੇ ਅਰੰਭ ਤੋਂ ਪਰਿਲਾਂ ਅਜਿਹੇ ਰਾਜ ਵਜੋਂ ਮਾਨਤਾ-ਪ੍ਰਾਪਤ ਸੀ, ਅਤੇ

(ਅ) "ਹੁਕਮਰਾਨ" ਵਿਚ ਉਹ ਪ੍ਰਿੰਸ, ਚੀਫ ਜਾਂ ਹੋਰ ਵਿਅਕਤੀ ਜੋ, ਹਿਜ ਮੈਜੈਸਟੀ ਜਾਂ ਭਾਰਤ ਡੋਮੀਨੀਅਨ ਦੀ ਸਰਕਾਰ ਦੁਆਰਾ ਅਜਿਹੇ ਅਰੰਭ ਤੋ ਪਹਿਲਾਂ ਕਿਸੇ ਦੇਸੀ ਰਾਜ ਦੇ ਹੁਕਮਰਾਨ ਵਜੋਂ ਮਾਨਤਾ-ਪ੍ਰਾਪਤ ਸੀ, ਸ਼ਾਮਲ ਹੈ।

ਦੇਸੀ ਰਾਜਾਂ ਦੇ ਹੁਕਮਰਾਨਾਂ ਨੂੰ ਦਿਤੀ ਗਈ ਮਾਨਤਾ ਦਾ ਨ ਰਹਿਣਾ ਅਤੇ ਨਿੱਜੀ ਥੈਲੀਆਂ ਦਾ ਅੰਤ।

[5][363ੳ. ਇਸ ਸੰਵਿਧਾਨ ਜਾਂ ਤਤਸਮੇਂ ਨਾਫਜ ਕਿਸੇ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ-

(ੳ) ਉਸ ਪ੍ਰਿੰਸ, ਚੀਫ ਜਾਂ ਹੋਰ ਵਿਅਕਤੀ ਜੋ, ਸੰਵਿਧਾਨ (ਛਬੀਵੀਂ ਸੋਧ) ਐਕਟ, 1971 ਦੇ ਅਰੰਭ ਦੇਂ ਪਹਿਲਾਂ ਕਿਸੇ ਸਮੇਂ, ਰਾਸ਼ਟਰਪਤੀ ਦੁਆਰਾ ਕਿਸੇ ਦੇਸੀ ਰਾਜ ਦੇ ਹੁਕਮਰਾਨ ਵਜੋਂ ਮਾਨਤਾ-ਪ੍ਰਾਪਤ ਸੀ, ਜਾਂ ਕੋਈ ਵਿਅਕਤੀ ਜੋ ਅਜਿਹੇ ਅਰੰਭ ਤੋਂ ਪਹਿਲਾਂ ਕਿਸੇ ਸਮੇਂ ਰਾਸ਼ਟਰਪਤੀ ਦੁਆਰਾ ਅਜਿਹਾ ਹੁਕਮਰਾਨ ਦੇ ਉੱਤਰ-ਅਧਿਕਾਰੀ ਵਜੋਂ ਮਾਨਤਾ-ਪ੍ਰਾਪਤ ਸੀ, ਅਜਿਹੇ ਅਰੰਭ ਤੇ ਅਤੇ ਤੋਂ ਅਜਿਹੇ ਹੁਕਮਰਾਨ ਜਾਂ ਅਜਿਹੇ ਹੁਕਮਰਾਨ ਦੇ ਉੱਤਰ-ਅਧਿਕਾਰੀ ਵਜੋਂ ਮਾਨਤਾ ਪ੍ਰਾਪਤ ਨਹੀਂ ਰਹੇਗਾ।

(ਅ) ਸੰਵਿਧਾਨ (ਛੱਬੀਂਵੀਂ ਸੋਧ) ਐਕਟ, 1971 ਦੇ ਅਰੰਭ ਤੋਂ ਅਤੇ ਤੋਂ ਨਿਜੀ ਥੈਲਈ ਦਾ ਅੰਤ ਕੀਤਾ ਜਾਂਦਾ ਹੈ ਅਤੇ ਨਿੱਜੀ ਥੈਲਈ ਬਾਰੇ ਸਭ ਅਧਿਕਾਰ, ਦੇਣਦਾਰੀਆਂ ਅਤੇ ਬਾਂਧਾ ਖਤਮ ਕੀਤੀਆਂ ਜਾਂਦੀਆਂ ਹਨ ਅਤੇ ਉਸ ਅਨੁਸਾਰ, ਖੰਡ (ੳ) ਵਿਚ ਹਵਾਲਾ ਦਿੱਤੇ ਗਏ, ਹੁਕਮਰਾਨ ਜਾਂ ਅਜਿਹੇ ਹੁਕਮਰਾਨ ਦੇ ਉੱਤਰ-ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਨੂੰ ਜਾਂ ਹੋਰ ਕਿਸੇ ਵਿਅਕਤੀ ਨੂੰ ਕੋਈ ਹੁਕਮ ਨਿੱਜੀ ਥੈਲਈ ਵਜੋਂ ਨਹੀਂ ਦਿੱਤੀ ਜਾਵੇਗੀ।

[5] ਸੰਵਿਧਾਨ (ਛੱਬੀਵਾਂ ਸੋਧ) ਐਕਟ, 1971 ਦੀ ਧਾਰਾ 3 ਦੁਆਰਾ ਅੰਤਰਸਥਾਪਤ।

ਵੱਡੀਆਂ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਬਾਬਤ ਵਿਸ਼ੇਸ਼ ਉਪਬੰਧ।

364.(1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਲੋਕ ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਅਜਿਹੀ ਤਰੀਕ ਤੋਂ ਲੈ ਕੇ ਜਿਹੀ ਅਧਿਸੂਚਨਾ ਵਿਚ ਉਲਿਖਤ ਹੋਵੇ—

(ੳ) ਸੰਸਦ ਦੁਆਰਾ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਗਿਆ ਕੋਈ ਕਾਨੂੰਨ ਕਿਸੇ ਵੱਡੀ ਬੰਦਰਗਾਹ ਜਾਂ ਹਵਾਈ ਅੱਡੇ ਤੇ ਲਾਗੂ ਨਹੀਂ ਹੋਵੇਗੀ ਜਾਂ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਜਿਹੇ ਉਸ ਲੋਕ ਅਧਿਸੂਚਨਾ ਵਿਚ ਉਲਿਖਤ ਹੋਣ ਦੇ ਤਾਬੇ ਉਨ੍ਹਾਂ ਨੂੰ ਲਾਗੂ ਹੋਵੇਗਾ, ਜਾਂ

(ਅ) ਕੋਈ ਮੌਜੂਦਾ ਕਾਨੂੰਨ ਕਿਸੇ ਵੱਡੀ ਬੰਦਰਗਾਹ ਜਾਂ ਹਵਾਈ ਅੱਡੇ ਵਿਚ ਉਕਤ ਤਰੀਕ ਤੋਂ ਪਹਿਲਾਂ ਕੀਤੀਆਂ ਗਈਆਂ ਜਾਂ ਕੀਤੀਆਂ ਜਾਣੋਂ ਛੱਡ ਦਿਤੀਆਂ ਗਈਆਂ ਗੱਲਾਂ ਬਾਰੇ ਦੇ ਸਿਵਾਏ ਪ੍ਰਭਾਵੀ ਨਹੀਂ ਰਹੇਗਾ, ਜਾਂ ਅਜਿਹੀ ਬੰਦਰਗਾਹ, ਜਾ ਹਵਾਈ ਅੱਡੇ ਨੂੰ ਲਾਗੂ ਲੋਣ ਵਿਚ ਅਜਿਹੇ ਅਪਵਾਦਾਂ ਜਾਂ ਰੂਪ-ਭੇਦਾਂ ਜਿਹੇ ਉਸ ਅਧਿਸੂਚਨਾ ਵਿਚ ਉਲਿਖਤ ਹੋਣ, ਦੇ ਤਾਬੇ ਪ੍ਰਭਾਵੀ ਹੋਵੇਗਾ।

(2) ਇਸ ਅਨੁਛੇਦ ਵਿਚ-

(ੳ) ਵੱਡੀ ਬੰਦਰਗਾਹ ਦਾ ਮਤਲਬ ਹੈ ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਜਾਂ ਕਿਸੇ ਮੌਜੂਦਾ ਕਾਨੂੰਨ ਦੁਆਰਾ ਜਾਂ ਦੇ ਅਧੀਨ ਵੱਡੀ ਬੰਦਰਗਾਹ ਹੋਣੀ ਐਲੈਨੀ ਗਈ ਬੰਦਰਗਾਹ ਅਤੇ ਉਸ ਵਿਚ ਅਜਿਹੀ ਬੰਦਰਗਾਹ ਦੀਆਂ ਸੀਮਾਵਾਂ ਅੰਦਰ ਤਤਸਮੇਂ ਸ਼ਾਮਲ ਸਭ ਖੇਤਰ ਸ਼ਾਮਲ ਹਨ;

(ਅ) ਹਵਾਈ ਅੱਡੇ ਦਾ ਮਤਲਬ ਹੈ ਹਵਾਈ ਮਾਰਗਾਂ, ਏਅਰ-ਕ੍ਰਾਫਟ ਅਤੇ ਹਵਾਈ ਨੌਵਾਹਨ ਸੰਬੰਧੀ ਇਨੈਕਟਮੈਂਟਾਂ ਦੇ ਪ੍ਰਯੋਜਨ ਲਈ ਪਰਿਭਾਸ਼ਤ ਹਵਾਈ ਅੱਡਾ।

Ministry of Law & Justice

ਸੰਘ ਦੁਆਰਾ ਦਿੱਤੇ ਗਏ ਨਿਦੇਸ਼ਾਂ ਦਾ ਪਾਲਨ ਨ ਕਰਨਾ ਜਾਂ ਉਨ੍ਹਾਂ ਨੂੰ ਪ੍ਰਭਾਵੀ ਨ ਬਣਾਉਣ ਦਾ ਪ੍ਰਭਾਵ।

365. ਜਿੱਥੇ ਕਿਸੇ ਰਾਜ ਨੇ ਇਸ ਸੰਵਿਧਾਨ ਦੇ ਉਪਬੰਧਾਂ ਵਿਚੋਂ ਕਿਸੇ ਦੇ ਅਧੀਨ ਸੰਘ ਦੀ ਕਾਰਜਪਾਲਕ ਸ਼ਕਤੀ ਦੀ ਵਰਤੋਂ ਵਿਚ ਦਿੱਤੇ ਗਏ ਕਿਸੇ ਨਿਦੇਸ਼ਾਂ ਦਾ ਪਾਲਣ ਨ ਕੀਤਾ ਹੋਵੇ, ਜਾਂ ਉਨ੍ਹਾਂ ਨੂੰ ਪ੍ਰਭਾਵੀ ਨ ਬਣਾਇਆ ਹੋਵੇ ਰਾਸ਼ਟਰਪਤੀ ਲਈ ਇਹ ਰਾਏ ਕਾਇਮ ਕਰਨਾ ਕਾਨੂੰਨ-ਸੰਗਤ ਹੋਵੇਗਾ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਸ ਵਿਚ ਉਸ ਰਾਜ ਦਾ ਸ਼ਾਸਨ ਇਸ ਸੰਵਿਧਾਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਨਹੀਂ ਚਲਾਇਆ ਜਾ ਸਕਦਾ।

ਪਰਿਭਾਸ਼ਾਵਾਂ।

366. ਇਸ ਸੰਵਿਧਾਨ ਵਿਚ, ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀਂਦਾ ਨ ਹੋਵੇ, ਹੇਠ-ਲਿਖੇ ਪਦਾਂ ਦੇ ਉਹ ਅਰਥ ਹੋਣਗੇ ਜੋ ਕ੍ਰਮਵਾਰ ਉਨ੍ਹਾਂ ਨੂੰ ਇੱਥੇ ਦਿੱਤੇ ਗਏ ਹਨ, ਅਰਥਾਤ—

(1) "ਜਰਾਇਤੀ ਆਮਦਨ" ਦਾ ਮਤਲਬ ਹੈ ਭਾਰਤੀ ਆਮਦਨ ਕਰ ਸੰਬੰਧੀ ਇਨੈਕਟਮੈਂਟਾਂ ਦੇ ਪ੍ਰਯੋਜਨਾਂ ਲਈ ਪਰਿਭਾਸ਼ਤ ਜਰਾਇਤੀ ਆਮਦਨ ;

(2) "ਅੰਗਲੋ-ਭਾਰਤੀ" ਦਾ ਮਤਲਬ ਹੈ ਕੋਈ ਵਿਅਕਤੀ ਜਿਸ ਦਾ ਪਿਤਾ ਜਾਂ ਜਿਸ ਦੇ ਨਰ-ਪਰੰਪਰਾ ਵਿਚ ਹੋਰ ਨਰ-ਵਡੇਰਿਆਂ ਵਿਚੋਂ ਕੋਈ ਯੂਰਪੀ ਬੰਸ ਦਾ ਹੈ ਜਾਂ ਸੀ ਪਰ ਜੋ ਭਾਰਤ ਦੇ ਰਾਜਖੇਤਰ ਅੰਦਰ ਅਧਿਵਾਸੀ ਹੈ ਅਤੇ ਜੋ ਅਜਿਹੇ ਰਾਜਖੇਤਰ ਅੰਦਰ ਅਜਿਹੇ ਮਾਪਿਆਂ ਤੋ ਜੰਮਿਆਂ ਹੈ ਜਾਂ ਸੀ ਜੋ ਉਸ ਵਿਚ ਸੁਭਾਵਕ ਤੌਰ ਤੇ ਨਿਵਾਸੀ ਰਹੇ ਹਨ ਅਤੇ ਉਥੇ ਕੇਵਲ ਅਸਥਾਈ ਪ੍ਰਯੋਜਨਾਂ ਲਈ ਨਹੀਂ ਵਸੇ ;

(3)"ਅਨੁਛੇਦ" ਦਾ ਮਤਲਬ ਹੈ ਇਸ ਸੰਵਿਧਾਨ ਦਾ ਕੋਈ ਅਨੁਛੇਦ ;

(4) "ਉਧਾਰ ਲੈਣ" ਵਿਚ ਸ਼ਾਮਲ ਹੈ ਵਾਰਸ਼ਿਕੀਆਂ ਦੀ ਗ੍ਰਾਂਟ ਦੁਆਰਾ ਧਨ ਲੈਣਾ ਅਤੇ ਉਧਾਰ ਦਾ ਇਸੇ ਅਨੁਸਾਰ ਅਰਥ ਕੀਤਾ ਜਾਵੇਗਾ ;

Ministry of Law & Justice

[6] * * * *

(5) "ਖੰਡ" ਦਾ ਮਤਲਬ ਹੈ ਉਸ ਅਨੁਛੇਦ ਦਾ ਕੋਈ ਖੰਡ ਜਿਸ ਵਿਚ ਉਹ ਪਦ ਆਉਂਦਾ ਹੈ ;

(6) "ਨਿਗਮ ਕਰ" ਦਾ ਮਤਲਬ ਹੈ ਆਮਦਨੀ ਤੇ ਕੋਈ ਕਰ, ਜਿਥੋਂ ਤੱਕ ਉਹ ਕਰ ਕੰਪਨੀਆਂ ਦੁਆਰਾ, ਅਦਾਇਗੀ-ਯੋਗ ਹੈ ਅਤੇ ਅਜਿਹਾ ਕਰ ਹੈ ਜਿਸ ਦੀ ਸੂਰਤ ਵਿਚ ਹੇਠ-ਲਿਖਿਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ :

(ੳ) ਕਿ ਉਹ ਜਰਾਇਤੀ ਆਮਦਨ ਬਾਰੇ ਚਾਰਜ ਕਰਨ-ਯੋਗ ਨਹੀਂ ਹੈ;

(ਅ) ਕਿ ਕੰਪਨੀਆਂ ਦੁਆਰਾ ਅਦਾ ਕੀਤੇ ਗਏ ਕਰ ਬਾਰੇ ਕੋਈ ਕਟੋਤੀ, ਕੰਪਨੀਆਂ ਦੁਆਰਾ ਵਿਅਕਤੀਆਂ ਨੂੰ ਅਦਾਇਗੀਯੋਗ ਲਾਭ ਅੰਸ਼ਾਂ ਵਿਚੋਂ ਕਿਸੇ ਇਨੈਕਟਮੈਂਟਾਂ ਦੁਆਰਾ ਜੋ ਉਸ ਕਰ ਨੂੰ ਲਾਗੂ ਹੋਣ, ਕੀਤੀ ਜਾਣੀ ਅਖਤਿਆਰਤ ਨਹੀਂ ਹੈ ;

(ੲ) ਕਿ ਭਾਰਤੀ ਆਮਦਨ-ਕਰ ਦੇ ਪ੍ਰਯੋਜਨਾਂ ਲਈ ਅਜਿਹੇ ਲਾਭ-ਅੰਸ ਪ੍ਰਾਪਤ ਕਰਦੇ ਵਿਅਕਤੀਆਂ ਦੀ ਕੁਲ ਆਮਦਨ ਦਾ ਹਿਸਾਬ ਲਾਉਣ ਵਿਚ,ਜਾਂ ਅਜਿਹੇ ਵਿਅਕਤੀਆਂ ਦੁਆਰਾ ਅਦਾਇਗੀਯੋਗ,ਜਾਂ ਉਨ੍ਹਾਂ ਨੂੰ ਤੋੜਨਯੋਗ ਭਾਰਤੀ ਆਮਦਨ ਕਰ ਦਾ ਹਿਸਾਬ ਲਾਉਣ ਵਿਚ, ਇਸ ਤਰ੍ਹਾਂ ਅਦਾ ਕੀਤੇ ਗਏ ਕਰ ਲੇਖੇ ਵਿਚ ਲੈਣ ਦਾ ਕੋਈ ਉਪਬੰਧ ਮੌਜੂਦ ਨਹੀਂ ਹੈ ;

(7) "ਤਤ-ਸਥਾਨੀ ਪ੍ਰਾਂਤ", "ਤਤ-ਸਥਾਨੀ ਦੇਸ਼ੀ ਰਾਜ" ਜਾਂ "ਤਤ-ਸਥਾਨੀ ਰਾਜ" ਦਾ ਸ਼ੱਕ ਵਾਲੀਆਂ ਸੂਰਤਾਂ ਵਿਚ ਮਤਲਬ ਹੈ ਅਜਿਹਾ ਪ੍ਰਾਂਤ, ਦੇਸ਼ੀ ਰਾਜ ਜਾਂ ਰਾਜ ਜੋ ਪੁੱਛ-ਅਧੀਨ ਖਾਸ

---

[6] ਸੰਵਿਧਾਨ (ਬਿਆਲੀਵਾਂ ਸੋਧ) ਐਕਟ, 1976 ਦੀ ਧਾਰਾ 54 ਦੁਆਰਾ (1.2.1977 ਤੋਂ) ਖੰਡ 4 ੳ ਦੁਆਰਾ ਅੰਤਰਸਥਾਪਤ ਕੀਤਾ ਗਿਆ ਅਤੇ ਸੰਵਿਧਾਨ (ਤੈਂਤਾਲੀਵਾਂ ਸੋਧ) ਐਕਟ, 1977 ਦੀ ਧਾਰਾ 11 ਦੁਆਰਾ (13..4.1978 ਤੋਂ) ਲੋਪ ਕੀਤਾ ਗਿਆ।



Ministry of Law & Justice

ਪ੍ਰਯੋਜਨ ਲਈ ਰਾਸ਼ਟਰਪਤੀ ਦੁਆਰਾ ਤਤ-ਸਥਾਨੀ ਪ੍ਰਾਂਤ ਤਤ-ਸਥਾਨੀ ਦੇਸੀ ਰਾਜ, ਜਾਂ ਤਤ-ਸਥਾਨੀ ਰਾਜ, ਜਿਹੀ ਕਿ ਸੂਰਤ ਹੋਵੇ, ਹੋਣਾ ਤੈਅ ਕੀਤਾ ਜਾਵੇ ;

(8) "ਰਿਣ" ਵਿਚ ਸ਼ਾਮਲ ਹੈ ਵਾਰਸ਼ਿਕੀਆਂ ਦੇ ਤੌਰ ਤੇ ਪੂੰਜੀ ਰਕਮਾਂ ਦੇ ਮੁੜ ਅਦਾ ਕਰਨ ਦੀ ਕਿਸੇ ਬਾਂਦ ਬਾਰੇ ਕੋਈ ਦੇਣਦਾਰੀ ਅਤੇ ਕਿਸੇ ਗਰੰਟੀ ਦੇ ਅਧੀਨ ਕੋਈ ਦੇਣਦਾਰੀ ਅਤੇ "ਰਿਣ-ਭਾਗ" ਦਾ ਇਸੇ ਅਨੁਸਾਰੀ ਅਰਥ ਕੀਤਾ ਜਾਵੇਗਾ ;

(9) "ਸੰਪਦਾ ਮਸੂਲ" ਦਾ ਮਤਲਬ ਹੈ ਕੋਈ ਮਸੂਲ ਜੋ ਮੋਤ ਤੇ ਮੁੰਤਕਿਲ ਹੋਣ ਵਾਲੀ, ਸੰਸਦ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦੁਆਰਾ ਉਸ ਮਸੂਲ ਸੰਬੰਧੀ ਬਣਾਏ ਗਏ ਕਾਨੂੰਨਾਂ ਦੇ ਉਪਬੰਧਾਂ ਦੇ ਅਧੀਨ ਇਸ ਤਰ੍ਹਾਂ ਮੁੰਤਕਿਲ ਹੋਈ ਸਮਝੀ ਜਾਣ ਵਾਲੀ, ਸਭ ਸੰਪਤੀ ਦੇ, ਉਕਤ ਕਾਨੂੰਨਾਂ ਦੁਆਰਾ ਜਾਂ ਦੇ ਅਧੀਨ ਮੁਕੱਰਰ ਨਿਯਮਾਂ ਦੀ ਅਨੁਸਾਰਤਾ ਵਿਚ ਨਿਸਚੇ ਕੀਤੇ ਮੂਲ ਮੁੱਲ ਤੇ, ਜਾਂ ਉਸ ਦੇ ਹਵਾਲੇ ਨਾਲ ਨਿਰਧਾਰਤ ਕੀਤਾ ਜਾਣਾ ਹੋਵੇ ;

(10) "ਮੌਜੂਦਾ ਕਾਨੂੰਨ" ਦਾ ਮਤਲਬ ਹੈ ਕੋਈ ਕਾਨੂੰਨ, ਅਧਿਆਦੇਸ਼, ਹੁਕਮ, ਉਪ-ਕਾਨੂੰਨ, ਨਿਯਮ ਜਾਂ ਵਿਨਿਯਮ ਜੋ ਇਸ ਸੰਵਿਧਾਨ ਦੇ ਅੰਰਭ ਤੋਂ ਪਹਿਲਾਂ ਅਜਿਹਾ ਕਾਨੂੰਨ, ਅਧਿਆਦੇਸ਼, ਹੁਕਮ, ਉਪ-ਕਾਨੂੰਨ, ਨਿਯਮ ਜਾਂ ਵਿਨਿਯਮ ਬਣਾਉਣ ਦੀ ਸ਼ਕਤੀ ਰਖਣ ਵਾਲੇ ਕਿਸੇ ਵਿਧਾਨ-ਮੰਡਲ, ਸੱਤਾਧਾਰੀ ਜਾਂ ਵਿਅਕਤੀ ਦੁਆਰਾ ਪਾਸ ਕੀਤਾ ਜਾ ਬਣਾਇਆ ਗਿਆ ਹੈ ;

(11) " ਫੈਡਰਲ ਕੋਰਟ" ਦਾ ਮਤਲਬ ਹੈ ਗਵਰਨਮੈਂਟ ਔਫ ਇੰਡੀਆ ਐਕਟ, 1935 ਦੇ ਅਧੀਨ ਗਠਤ ਫੈਡਰਲ ਕੋਰਟ ;

(12) " ਮਾਲ" ਵਿਚ ਸ਼ਾਮਲ ਹਨ ਸਭ ਸਮੱਗਰੀਆਂ, ਜਿਨਸਾਂ

Ministry of Law & Justice

ਅਤੇ ਵਸਤਾਂ ;

[7][(12ੳ) ਮਾਲ ਅਤੇ ਸੇਵਾਵਾਂ ਕਰ" ਤੋਂ ਭਾਵ ਮਨੁੱਖੀ ਉਪਭੋਗ ਲਈ ਨਸ਼ਈ ਸ਼ਰਾਬ ਦੀ ਰਸਦ ਤੇ ਕਰ ਤੋਂ ਇਲਾਵਾ ਮਾਲ ਜਾਂ ਸੇਵਾਵਾਂ ਜਾਂ ਦੋਹਾਂ ਦੀ ਰਸਦ ਤੇ ਕੋਈ ਕਰ ਹੈ] ;

(13) " ਗਰੰਟੀ" ਵਿਚ ਸ਼ਾਮਲ ਹੈ ਕਿਸੇ ਉਪਕ੍ਰਮ ਦੇ ਲਾਭਾਂ ਦੇ ਕਿਸੇ ਉਲਿਖਤ ਰਕਮ ਤੋਂ ਘੱਟ ਰਹਿ ਜਾਣ ਦੀ ਹਾਲਤ ਵਿਚ ਅਦਾਇਗੀਆਂ ਕਰਨ ਦੀ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਜ਼ਿੰਮੇ ਲਈ ਗਈ ਕੋਈ ਬਾਂਧ ;

(14) "ਉੱਚ ਅਦਾਲਤ" ਦਾ ਮਤਲਬ ਹੈ ਕੋਈ ਅਦਾਲਤ ਜੋ ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ ਕਿਸੇ ਰਾਜ ਲਈ ਉੱਚ ਅਦਾਲਤ ਸਮਝੀ ਜਾਂਦੀ ਹੈ ਅਤੇ ਉਸ ਵਿਚ ਸ਼ਾਮਲ ਹੈ -

(ੳ) ਇਸ ਸੰਵਿਧਾਨ ਦੇ ਅਧੀਨ ਉੱਚ ਅਦਾਲਤ ਵਜੋਂ ਗਠਤ ਜਾਂ ਮੁੜ-ਗਠਤ ਭਾਰਤ ਰਾਜਖੇਤਰ ਵਿਚਲੀ ਕੋਈ ਅਦਾਲਤ, ਅਤੇ;

(ਅ) ਭਾਰਤ ਰਾਜਖੇਤਰ ਵਿਚਲੀ ਕੋਈ ਹੋਰ ਅਦਾਲਤ ਜੋ ਇਸ ਸੰਵਿਧਾਨ ਦੇ ਸਭ ਪ੍ਰਯੋਜਨਾਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਸੰਸਦ ਦੇ ਕਾਨੂੰਨ ਦੁਆਰਾ ਉੱਚ ਅਦਾਲਤ ਹੋਣੀ ਐਲਾਨੀ ਜਾਵੇ ;

(15) "ਦੇਸੀ ਰਾਜ" ਦਾ ਮਤਲਬ ਹੈ ਕੋਈ ਰਾਜਖੇਤਰ ਜਿਸ ਨੂੰ ਭਾਰਤ ਡੋਮੀਨੀਅਨ ਦੀ ਸਰਕਾਰ ਤੋਂ ਅਜਿਹੇ ਰਾਜ ਵਜੋਂ ਮਾਨਤਾ ਪ੍ਰਾਪਤ ਸੀ ;

---

[7] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 14 ਦੇ ਖੰਡ (1) ਦੁਆਰਾ (16.09.2016 ਤੋਂ ਪ੍ਰਭਾਵੀ) ਦੁਆਰਾ ਅੰਤਰਸਥਾਪਤ ਕੀਤਾ ਗਿਆ ।

Ministry of Law & Justice

(16) “ਭਾਗ” ਦਾ ਮਤਲਬ ਹੈ ਇਸ ਸੰਵਿਧਾਨ ਦਾ ਕੋਈ ਭਾਗ ;

(17) “ਪੈਨਸ਼ਨ” ਦਾ ਮਤਲਬ ਹੈ ਕਿਸੇ ਵਿਅਕਤੀ ਨੂੰ ਜਾਂ ਦੇ ਬਾਰੇ ਅਦਾਇਗੀਯੋਗ ਕਿਸੇ ਕਿਸਮ ਦੀ ਵੀ ਕੋਈ ਪੈਨਸ਼ਨ, ਭਾਵੇਂ ਉਹ ਅੰਸ਼ਦਾਈ ਹੋਵੇ ਜਾ ਨ ਹੋਵੇ, ਅਤੇ ਉਸ ਵਿਚ ਇਸ ਤਰ੍ਹਾਂ ਅਦਾਇਗੀ-ਯੋਗ ਸੇਵਾਨਿਵਿਰਤੀ-ਵੇਤਨ, ਇਸ ਤਰ੍ਹਾਂ ਅਦਾਇਗੀਯੋਗ ਕੋਈ ਗ੍ਰੈਚੂਇਟੀ ਅਤੇ ਕਿਸੇ ਪ੍ਰਾਵੀਡੈਂਟ ਫ਼ੰਡ ਦੇ ਚੰਦਿਆਂ ਨੂੰ ਉਨ੍ਹਾਂ ਤੇ ਵਿਆਜ ਨਾਲ ਜਾਂ ਬਿਨਾ ਜਾਂ ਉਨ੍ਹਾਂ ਵਿਚ ਕਿਸੇ ਹੋਰ ਵਾਧੇ ਨਾਲ ਜਾਂ ਬਿਨਾਂ ਵਾਪਸੀ ਦੇ ਤੌਰ ਤੇ ਇਸ ਤਰ੍ਹਾਂ ਅਦਾਇਗੀ-ਯੋਗ ਕੋਈ ਰਕਮ ਜਾਂ ਰਕਮਾਂ, ਸ਼ਾਮਲ ਹਨ ;

(18) “ਸੰਕਟ ਦੀ ਘੋਸ਼ਣਾ” ਦਾ ਮਤਲਬ ਹੈ ਅਨੁਛੇਦ 352 ਦੇ ਖੰਡ (1) ਅਧੀਨ ਜਾਰੀ ਕੀਤੀ ਗਈ ਕੋਈ ਘੋਸ਼ਣਾ ;

(19) “ਲੋਕ ਅਧਿਸੂਚਨਾ” ਦਾ ਮਤਲਬ ਹੈ ਭਾਰਤ ਦੇ ਗਜ਼ਟ, ਜਾਂ ਕਿਸੇ ਰਾਜ ਦੇ ਸਰਕਾਰੀ ਗਜ਼ਟ ਵਿਚ, ਜਿਹੀ ਕਿ ਸੂਰਤ ਹੋਵੇ, ਕੋਈ ਅਧਿਸੂਚਨਾ ;

(20) “ਰੇਲਵੇ” ਵਿਚ :--

(ੳ) ਕਿਸੇ ਨਗਰ-ਖੇਤਰ ਅੰਦਰ ਦੀ ਪੂਰੀ ਤਰ੍ਹਾਂ ਸਥਿਤ ਕੋਈ ਟਰਾਮਵੇ, ਜਾਂ

(ਅ) ਕਿਸੇ ਇਕ ਰਾਜ ਵਿਚ ਪੂਰੀ ਤਰ੍ਹਾਂ ਸਥਿਤ ਅਤੇ ਸੰਸਦ ਦੇ ਕਾਨੂੰਨ ਦੁਆਰਾ ਰੇਲਵੇ ਨ ਹੋਣੀ ਐਲਾਨੀ ਗਈ,ਕੋਈ ਹੋਰ ਸੰਚਾਰ ਦੀ ਲਾਈਨ

ਸ਼ਾਮਲ ਨਹੀਂ ਹੈ ;

[8]* * * * *

[8] ਖੰਡ (21) ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤਾ ਗਿਆ।



Ministry of Law & Justice

[9][(22) "ਹੁਕਮਰਾਨ" ਦਾ ਮਤਲਬ ਹੈ ਉਹ ਪ੍ਰਿੰਸ, ਚੀਫ ਜਾਂ ਹੋਰ ਵਿਅਕਤੀ ਜੋ, ਸੰਵਿਧਾਨ (ਛੱਬੀਵੀਂ ਸੋਧ) ਐਕਟ, 1971 ਦੇ ਅਰੰਭ ਤੋਂ ਪਹਿਲਾਂ ਕਿਸੇ ਸਮੇਂ, ਰਾਸ਼ਟਰਪਤੀ ਦੁਆਰਾ ਕਿਸੇ ਦੇਸੀ ਰਾਜ ਦੇ ਹੁਕਮਰਾਨ ਵਜੋਂ ਮਾਨਤਾ-ਪ੍ਰਾਪਤ ਸੀ ਜਾਂ ਕੋਈ ਵਿਅਕਤੀ ਜੋ ਅਜਿਹੇ ਅਰੰਭ ਤੋਂ ਪਹਿਲਾਂ, ਕਿਸੇ ਸਮੇਂ, ਰਾਸ਼ਟਰਪਤੀ ਦੁਆਰਾ ਅਜਿਹੇ ਹੁਕਮਰਾਨ ਦੇ ਉੱਤਰ-ਅਧਿਕਾਰੀ ਵਜੋਂ ਮਾਨਤਾ-ਪ੍ਰਾਪਤ ਸੀ ;]

(23) "ਅਨੁਸੂਚੀ" ਦਾ ਮਤਲਬ ਹੈ ਇਸ ਸੰਵਿਧਾਨ ਦੀ ਕੋਈ ਅਨੁਸੂਚੀ ;

(24) "ਅਨੁਸੂਚਿਤ ਜਾਤਾਂ" ਦਾ ਮਤਲਬ ਹੈ ਅਜਿਹੀਆਂ ਜਾਤਾਂ, ਨਸਲਾਂ ਜਾਂ ਕਬੀਲੇ ਜਾਂ ਅਜਿਹੀਆਂ ਜਾਤਾਂ, ਨਸਲਾਂ, ਜਾਂ ਕਬੀਲਿਆਂ ਦੇ ਭਾਗ ਜਾਂ ਉਨ੍ਹਾਂ ਸਮੂਹ ਜੋ ਅਨੁਛੇਦ 341 ਦੇ ਅਧੀਨ ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ ਅਨੁਸੂਚਿਤ ਜਾਤਾਂ ਸਮਝੇ ਜਾਂਦੇ ਹਨ ;

(25) "ਅਨੁਸੂਚਿਤ ਕਬਿਲਿਆਂ" ਦਾ ਮਤਲਬ ਹੈ ਅਜਿਹੇ ਕਬੀਲੇ ਜਾਂ ਕਬਾਇਲੀ ਫਿਰਕੇ ਜਾਂ ਅਜਿਹੇ ਕਬੀਲਿਆਂ ਜਾਂ ਕਬਾਇਲੀ ਫਿਰਕੀਆਂ ਦੇ ਭਾਗ ਜਾਂ ਉਨ੍ਹਾਂ ਵਿਚਲੇ ਸਮੂਹ ਜੋ ਅਨੁਛੇਦ 342 ਦੇ ਅਧੀਨ ਇਸ ਸੰਵਿਧਾਨ ਦੇ ਪ੍ਰਯੋਜਨਾ ਲਈ ਅਨੁਸੂਚਿਤ ਕਬੀਲੇ ਸਮਝੇ ਜਾਂਦੇ ਹਨ ;

(26) "ਸਿਕਿਉਰਟੀਆਂ" ਵਿਚ ਸਟਾਕ ਸ਼ਾਮਲ ਹੈ ;

[10]* * * *

[11][(26ਉ) "ਸੇਵਾਵਾਂ" ਤੋ ਭਾਵ ਮਾਲ ਤੋਂ ਇਲਾਵਾ ਹੋਰ ਕੁਝ ਵੀ ਹੈ ;

---

[9] ਸੰਵਿਧਾਨ (ਛੱਬੀਵੀਂ ਸੋਧ) ਐਕਟ, 1971, ਧਾਰਾ 4 ਦੁਆਰਾ ਖੰਡ(22) ਦੀ ਥਾਵੇਂ ਰੱਖਿਆ ਗਿਆ।

[10] ਸੰਵਿਧਾਨ (ਬਿਆਲੀਵੀਂ) ਐਕਟ, 1976 ਦੀ ਧਾਰਾ 54 ਦੁਆਰਾ (1.2.1977 ਤੋਂ) ਖੰਡ 26ਉ ਅੰਤਰਸਥਾਪਤ ਕੀਤਾ ਗਿਆ ਅਤੇ ਸੰਵਿਧਾਨ (ਤੈਂਤਾਲੀਵਾਂ ਸੋਧ) ਐਕਟ, 1977 ਦੀ ਧਾਰਾ 11 ਦੁਆਰਾ (13..4.1978 ਤੋਂ) ਲੋਪ ਕੀਤਾ ਗਿਆ।



Ministry of Law & Justice

(26ਅ) ‘‘ਰਾਜ’’  ਦੇ ਅੰਦਰ, ਅਨੁਛੇਦ 246ੳ ਅਨੁਛੇਦ 268, ਅਨੁਛੇਦ 269, ਅਨੁਛੇਦ 269 ੳ, ਅਤੇ ਅਨੁਛੇਦ 279 ੳ ਦੇ ਸੰਬੰਧ ਵਿਚ, ਵਿਧਾਨ ਮੰਡਲ ਵਾਲਾ ਕੋਈ ਸੰਘ ਰਾਜਖੇਤਰ ਵੀ ਆਉਂਦਾ ਹੈ];

[12][(26 ਇ) ਸਮਾਜਕ ਅਤੇ ਸਿਖਿਅਕ  ਤੌਰ ਤੇਪਛੜੀਆਂ ਸ਼੍ਰੇਣੀਆਂ" ਦਾ ਭਾਵ ਅਜਿਹੇ ਪਿੱਛੜੀ ਸ਼੍ਰੇਣੀਆਂ ਤੋਂ ਹੈ, ਜੋ ਇਸ ਸੰਵਿਧਾਨ ਦੇ ਪ੍ਰਯੋਜਨਾਂ ਦੇ ਲਈ ਅਨੁਛੇਦ 342 ੳ ਦੇ ਅਧੀਨ ਅਜਿਹਾ ਸਮਝਿਆ ਗਿਆ ਹੈ];

(27) ”ਉਪ-ਖੰਡ” ਦਾ ਮਤਲਬ ਹੈ ਉਸ ਖੰਡ ਦਾ  ਕੋਈ ਉਪ-ਖੰਡ ਜਿਸ ਵਿਚ ਉਹ ਪਦ ਆਉਂਦਾ ਹੈ  ;

(28) ”ਕਰ ਲਾਉਣ” ਵਿਚ ਸ਼ਾਮਲ ਹੈ ਕਿਸੇ ਕਰ ਜਾਂ ਮਸੂਲ ਦਾ ਅਰੋਪਣਾ, ਭਾਵੇਂ ਉਹ ਸਾਧਾਰਣ ਜਾਂ ਸਥਾਨਕ ਜਾਂ ਵਿਸ਼ੇਸ ਹੋਵੇ, ਅਤੇ ”ਕਰ” ਤਾ ਇਸੇ ਅਨੁਮਾਨ ਅਰਥ ਕੀਤਾ ਜਾਏਗਾ  ;

(29) ”ਆਮਦਨ ਤੇ ਕਰ” ਵਿਚ ਕੋਈ ਵਧੀਕ ਲਾਭ ਕਰ ਦੀ ਪ੍ਰਕਿਰਤੀ ਦਾ ਕਰ ਸ਼ਾਮਲ ਹੈ  ;

[13][(29ੳ) ‘‘ਮਾਲ ਦੀ ਖਰੀਦ ਅਤੇ ਵੇਚ ਤੇ ਕਰ’’ ਵਿਚ-

(ੳ) ਉਹ ਕਰ ਹੈ ਜੋ ਨਕਦੀ, ਅੱਗੇ ਪਾਈਆਂ ਅਦਾਇਗੀਆਂ ਜਾਂ ਹੋਰ ਮੁੱਲਵਾਨ ਪ੍ਰਤੀਫਲ ਦੇ ਲਈ ਕਿਸੇ ਮਾਲ ਵਿਚ ਸੰਪਤੀ ਦੇ ਅਜਿਹੇ ਅੰਤਰਣ ਤੇ ਹੈ ਜੋ ਕਿਸੇ ਮੁਆਇਦੇ ਦੇ ਅਨੁਸਰਣ ਵਿਚ ਨਾ ਕਰਕੇ ਹੋਰਵੇਂ ਕੀਤਾ ਗਿਆ;

---

[11] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 14 ਦੇ ਖੰਡ (2) ਦੁਆਰਾ (16.09.2016 ਤੋਂ ਪ੍ਰਭਾਵੀ) ਦੁਆਰਾ ਅੰਤਰਸਥਾਪਤ ਕੀਤਾ ਗਿਆ ।

[12] ਸੰਵਿਧਾਨ (ਇੱਕ ਸੌ ਦੋਵਾਂ ਸੋਧ) ਐਕਟ, 2018 ਦੀ ਧਾਰਾ 4 ਦੁਆਰਾ (11.08.2018 ਤੋਂ ਪ੍ਰਭਾਵੀ) ਦੁਆਰਾ ਅੰਤਰਸਥਾਪਤ ਕੀਤਾ ਗਿਆ।

[13] ਸੰਵਿਧਾਨ (ਛਿਆਲਵੀਂ ਸ਼ੋਧ)  ਐਕਟ, 1982 ਦੀ ਧਾਰਾ 4 ਦੁਆਰਾ ਅੰਤਰਸਥਾਪਤ ।

Ministry of Law & Justice

(ਅ) ਉਹ ਕਰ ਹੈ ਜੋ ਸਾਲ ਵਿਚ ਸੰਪੱਤੀ ਦੇ (ਭਾਵੇਂ ਉਹ ਮਾਲ ਦੇ ਰੂਪ ਵਿਚ ਹੋਵੇ ਜਾਂ ਕਿਸੇ ਹੋਰ ਰੂਪ ਵਿਚ) ਅਜਿਹੇ ਅੰਤਰਣ ਤੇ ਹੈ ਜੋ ਕਿਸੇ ਕੰਮ ਮੁਆਇਦੇ ਦੇ ਇਜ਼ਰਾਏ ਵਿਚ ਪਲਚਿਆ ਹੈ ;

(ਇ) ਉਹ ਕਰ ਹੈ ਜੋ ਖਰੀਦ ਵੇਚ ਜਾਂ ਕਿਸ਼ਤਾਂ ਵਿਚ ਅਦਾਇਗੀ ਦੀ ਪ੍ਰਣਾਲੀ ਤੋਂ ਮਾਲ ਦੇ ਹਵਾਲਗੀ ਤੇ ਹੈ;

(ਸ) ਉਹ ਕਰ ਹੈ ਜੋ ਨਕਦੀ, ਅਗੇ ਪਾਈਆਂ ਅਦਾਇਗੀਆਂ ਜਾਂ ਹੋਰ ਮੁੱਲਵਾਨ ਪ੍ਰਤੀਫਲ ਦੇ ਲਈ ਕਿਸੇ ਮਾਲ ਦੇ ਕਿਸੇ ਪ੍ਰਯੋਜਨ ਦੇ ਲਈ ਉਪਯੋਗ ਕਰਨ ਦੇ ਅਧਿਕਾਰ ਦੇ (ਭਾਵੇਂ ਉਹ ਉਲਿਖਤ ਮੁੱਦਤ ਦੇ ਲਈ ਹੋਵੇ ਜਾਂ ਨਹੀਂ) ਅੰਤਰਣ ਤੇ ਹੈ;

(ਹ) ਉਹ ਕਰ ਹੈ ਜੋ ਨਕਦੀ, ਅੱਗੇ ਪਾਈਆਂ ਅਦਾਇਗੀਆਂ ਜਾਂ ਹੋਰ ਮੁੱਲਵਾਨ ਪ੍ਰਤੀਫਲ ਦੇ ਲਈ ਕਿਸੇ ਮਾਲ ਦੇ ਹਵਾਲਗੀ ਦੇ ਹੈ, ਜੋ ਕਿਸੇ ਅਣਨਿਗਮਤ ਸਹਿਯੁਕਤ ਜਾਂ ਵਿਅਕਤੀਆਂ ਦੀ ਬੋਡੀ ਦੁਆਰਾ ਆਪਣੇ ਕਿਸੇ ਮੈਂਬਰ ਨੂੰ ਕੀਤਾ ਗਿਆ ਹੈ;

(ਕ) ਉਹ ਕਰ ਹੈ, ਜੋ ਅਜਿਹੇ ਮਾਲ ਦੇ ਜਾਂ ਮਨੁੱਖੀ ਉਪਭੋਗ ਦੇ ਲਈ ਕੋਈ ਹੋਰ ਪਦਾਰਥ ਜਾਂ ਕੋਈ ਜਲਪਾਨ ਹੈ (ਭਾਵੇਂ ਉਹ ਖੁਮਾਰੀ ਹੋਣ ਜਾ ਨਹੀਂ) ਅਜਿਹੀ ਪੂਰਤੀ ਤੋਂ ਹੈ, ਜੋ ਕਿਸੇ ਸੇਵਾ ਦੇ ਰੂਪ ਵਿਚ ਜਾਂ ਸੇਵਾ ਦੇ ਭਾਗ ਦੇ ਰੂਪ ਵਿਚ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਕੀਤਾ ਗਿਆ ਹੈ ਅਤੇ ਅਜਿਹੀ ਪੂਰਤੀ ਜਾਂ ਸੇਵਾ ਨਕਦੀ, ਅੱਗੇ ਪਾਈ ਅਦਾਇਗੀ ਜਾਂ ਹੋਰ ਮੁੱਲਵਾਨ ਪ੍ਰਤੀਫਲ ਦੇ ਲਈ ਕੀਤੀ ਗਈ ਹੈ ;

ਅਤੇ ਮਾਲ ਦੇ ਅਜਿਹੇ ਅੰਤਰਣ, ਹਵਾਲਗੀ ਜਾਂ ਪੂਰਤੀ ਦੇ ਬਾਰੇ ਵਿਚ ਇਹ ਸਮਝਿਆ ਜਾਵੇਗਾ ਕਿ ਉਹ ਉਸ ਵਿਅਕਤੀ ਦੁਆਰਾ, ਜੋ ਅਜਿਹਾ ਸਮਤਰਣ, ਹਵਾਲਗੀ ਜਾਂ ਪੂਰਤੀ ਕਰ ਰਿਹਾ ਹੈ, ਉਸ ਮਾਲ ਦੀ ਵਿਕਰੀ ਹੇ, ਅਤੇ ਉਸ ਵਿਅਕਤੀ ਦੁਆਰਾ, ਜਿਸ ਨੂੰ ਅਜਿਹਾ ਅੰਤਰਣ, ਹਵਾਲਗੀ ਜਾਂ ਪੂਰੀਤ ਕੀਤੀ ਜਾਂਦੀ ਹੈ, ਉਸ ਮਾਲ ਦੀ ਖਰੀਦ ਹੈ।

Ministry of Law & Justice

[14](30) "ਸੰਘ ਰਾਜਖੇਤਰ ਦਾ" ਮਤਲਬ ਹੈ ਪਹਿਲੀ ਅਨੁਸੂਚੀ ਵਿਚ ਉਲਿਖਤ ਕੋਈ ਸੰਘ ਰਾਜ-ਖੇਤਰ ਅਤੇ ਇਸ ਵਿਚ ਕੋਈ ਹੋਰ ਰਾਜਖੇਤਰ ਸ਼ਾਮਲ ਹੈ ਜੋ ਭਾਰਤ ਦੇ ਰਾਜਖੇਤਰ ਅੰਦਰ ਸਮਾਵਿਸ਼ਟ ਹੈ, ਪਰ ਉਸ ਅਨੁਸੂਚੀ ਵਿਚ ਉਲਿਖਤ ਨਹੀਂ ਹੈ ।]

ਨਿਰਵਚਨ ।

367 (1) ਜੇਕਰ ਪ੍ਰਸੰਗ ਤੋਂ ਹੋਰਵੇ ਲੋੜੀਂਦਾ ਨ ਹੋਵੇ, ਇਸ ਸੰਵਿਧਾਨ ਦੇ ਨਿਵਰਚਨ ਲਈ ਸਾਧਾਰਣ ਖੰਡ ਐਕਟ, 1897, ਕਿਸੇ ਅਜਿਹੇ ਅਨੁਕੂਲ ਅਤੇ ਰੂਪਭੇਦਾਂ ਦੇ ਤਾਬੇ ਜਿਹੇ ਕਿ ਅਨੁਛੇਦ 372 ਦੇ ਅਧੀਨ ਉਸ ਵਿਚ ਕੀਤੇ ਜਾਣ ਉਵੇਂ ਹੀ ਲਾਗੂ ਹੋਵੇਗਾ ਜਿਵੇਂ ਉਹ ਭਾਰਤ ਡੋਮੀਨੀਅਨ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਦੇ ਨਿਵਰਚਨ ਲਈ ਲਾਗੂ ਹੁੰਦਾ ਹੈ ।

(2) ਇਸ ਸੰਵਿਧਾਨ ਵਿਚ ਸੰਸਦ ਦੇ, ਜਾਂ ਉਸ ਦੁਆਰਾ ਬਣਾਏ ਗਏ ਐਕਟਾਂ ਜਾਂ ਕਾਨੂੰਨ ਦੇ ਪ੍ਰਤਿ ਜਾਂ [15]* * * * ਕਿਸੇ ਰਾਜ ਦੇ ਵਿਧਾਨ-ਮੰਡਲ ਦੇ, ਜਾਂ ਉਸ ਦੁਆਰਾ ਬਣਾਏ ਗਏ ਐਕਟ ਜਾਂ ਕਾਨੂੰਨ ਦੇ ਪ੍ਰਤਿ ਕਿਸੇ ਹਵਾਲੇ ਦਾ, ਇਹ ਅਰਥ ਕੀਤਾ ਜਾਵੇਗਾ ਕਿ ਉਸ ਵਿਚ ਰਾਸ਼ਟਰਪਤੀ ਦੁਆਰਾ ਬਣਾਏ ਗਏ ਕਿਸੇ ਅਧਿਆਦੇਸ਼ ਦੇ ਪ੍ਰਤਿ ਜਾ ਕਿਸੇ ਰਾਜਪਾਲ [16]* * * * ਦੁਆਰਾ ਬਣਾਏ ਗਏ ਕਿਸੇ ਅਧਿਆਦੇਸ਼ ਦੇ ਪ੍ਰਤਿ, ਜਿਹੀ ਕਿ ਸੂਰਤ ਹੋਵੇ, ਹਵਾਲਾ ਸ਼ਾਮਲ ਹੈ ।

(3) ਇਸ ਸੰਵਿਧਾਨ ਦੇ ਪ੍ਰਯੋਜਨਾਂ ਲਈ "ਵਿਦੇਸ਼ੀਰਾਜ" ਦਾ ਮਤਲਬ ਹੈ ਭਾਰਤ ਤੋਂ ਬਿਨਾਂ ਕੋਈ ਹੋਰ ਰਾਜ :

ਪਰੰਤੂ ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਰਾਸ਼ਟਰਪਤੀ ਹੁਕਮ[17] ਦੁਆਰਾ ਕਿਸੇ ਰਾਜ ਦਾ ਅਜਿਹੇ ਪ੍ਰਯੋਜਨਾਂ ਲਈ ਜਿਹੇ ਹੁਕਮ ਵਿਚ ਉਲਿਖਿਤ ਕੀਤੇ ਜਾਂ ਬਦੇਸੀ ਰਾਜ ਨ ਹੋਣਾ ਐਲਾਨ

---

[14] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਮੂਲ ਖੰਡ (30) ਦੀ ਥਾਵੇਂ ਰੱਖਿਆ ਗਿਆ ।

[15] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਜਾਂ ਭਾਗ ਅ ਵਿਚ ਉਲਿਖਤ" ਸੰਵਿਧਾਨ (ਸਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ ।

[16] ਸ਼ਬਦ "ਜਾਂ ਰਾਪਪ੍ਰਮੁੱਖ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[17] ਸੰਵਿਧਾਨ (ਵਿਦੇਸ਼ੀਰਾਜਾਂ ਬਾਰੇ ਐਲਾਨ) ਹੁਕਮ, 1950 (ਸੀ ਓ 2) ਵੇਖੋ ।

Ministry of Law & Justice

ਸਕੇਗਾ।

Ministry of Law & Justice

## ਭਾਗ XX

## ਸੰਵਿਧਾਨ ਦੀ ਸੋਧ

[1][ਸੰਸਦ ਦੀ ਸੰਵਿਧਾਨ ਦੀ ਸੋਧ ਕਰਨ ਕੀ ਸ਼ਕਤੀ ਤੇ ਉਸ ਲਈ ਜ਼ਾਬਤਾ ।]

368. [2][(1) ਇਸ ਸੰਵਿਧਾਨ ਵਿਚ ਕਿਸੇ ਗਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਆਪਣੀ ਸੰਵਿਧਾਨਕ ਸ਼ਕਤੀ ਦੀ ਵਰਤੋਂ ਕਰਦਿਆਂ ਇਸ ਸੰਵਿਧਾਨ ਦੇ ਕਿਸੇ ਉਪਬੰਧ ਦੀ, ਵਾਧੇ, ਅਦਲ-ਬਦਲ ਜਾਂ ਨਿਰਸਨ ਦੇ ਤੋਰ ਤੇ, ਸੋਧ ਇਸ ਅਨੁਛੇਦ ਵਿਚ ਦਿਤੇ ਗਏ ਜਾਬਤੇ ਦੀ ਅਨੁਸਾਰਤਾ ਵਿਚ ਕਰ ਸਕੇਗੀ ।]

[3][(2)] ਇਸ ਸੰਵਿਧਾਨ ਦੀ ਸੋਧ ਦਾ ਅਰੰਭ ਉਸ ਪ੍ਰਯੋਜਨ ਲਈ ਕਿਸੇ ਬਿਲ ਨੂੰ ਸੰਸਦ ਦੇ ਕਿਸੇ ਸਦਨ ਵਿਚ ਪੁਰਸਥਾਪਤ ਕਰਕੇ ਹੀ ਕੀਤਾ ਜਾ ਸਕੇਗਾ ਅਤੇ ਜਦ ਉਹ ਬਿਲ ਹਰੇਕ ਸਦਨ ਵਿਚ ਉਸ ਸਦਨ ਦੀ ਕੁੱਲ ਮੈਂਬਰ-ਗਿਣਤੀ ਦੀ ਬਹੁ-ਸਮੰਤੀ ਦੁਆਰਾ ਅਤੇ ਉਸ ਸਦਨ ਦੇ ਹਾਜਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਦੋ-ਤਿਹਾਈ ਤੋਂ ਘੱਟ ਨ ਹੋਣ ਵਾਲੀ ਬਹੁ-ਸੰਮਤੀ ਦੁਆਰਾ ਪਾਸ ਕਰ ਦਿਤਾ ਜਾਵੇ, [4][ਉਹ ਰਾਸ਼ਟਰਪਤੀ ਅੱਗੇ ਪੇਸ਼ ਕੀਤਾ ਜਾਵੇਗਾ ਜੋ ਬਿਲ ਨੂੰ ਆਪਣੀ ਅਨੁਮਤੀ ਦੇਵੇਗਾ ਅਤੇ ਉਸ ਤੇ] ਬਿਲ ਦਿਆਂ ਨਿਬੰਧਨਾਂ ਦੀ ਅਨੁਸਾਰਤਾ ਵਿਚ ਸੰਵਿਧਾਨ ਦੀ ਸੋਧ ਹੋ ਜਾਵੇਗੀ

ਪਰੰਤੂ ਜੇ ਅਜਿਹੀ ਸੋਧ--

---

[1] ਸੰਵਿਧਾਨ (ਚੋਵੀਵੀਂ ਸੋਧ) ਐਕਟ, 1971, ਧਾਰਾ 3 ਦੁਆਰਾ "ਸੰਵਿਧਾਨ ਦੀ ਸੋਧ ਲਈ ਜਾਬਤਾ" ਦੀ ਥਾਵੇਂ ਰੱਖੇ ਗਏ ।

[2] ਸੰਵਿਧਾਨ (ਚੋਵੀਵੀਂ ਸੋਧ) ਐਕਟ, 1971, ਧਾਰਾ 3 ਦੁਆਰਾ ਅੰਤਰਸਥਾਪਤ ।

[3] ਅਨੁਛੇਦ 368 ਉਪਰੋਕਤ ਦੀ ਧਾਰਾ 3 ਦੁਆਰਾ ਖੰਡ (2) ਵਜੋਂ ਮੁੜ-ਹਿੰਦਸਿਆ ਗਿਆ ।

[4] ਉਪਰੋਕਤ ਦੀ ਧਾਰਾ 3 ਦੁਆਰਾ "ਇਹ ਰਾਸ਼ਟਰਪਤੀ ਅੱਗੇ ਉਸ ਦੀ ਅਨੁਮਤੀ ਲਈ ਪੇਸ਼ ਕੀਤਾ ਜਾਵੇਗਾ ਅਤੇ ਬਿਲ ਨੂੰ ਅਜਿਹੀ ਅਨੁਮਤੀ ਦਿੱਤੇ ਜਾਣ ਤੇ" ਦੀ ਥਾਵੇਂ ਰੱਖੇ ਗਏ ।



Ministry of Law & Justice

(ੳ) ਅਨੁਛੇਦ 54 , ਅਨੁਛੇਦ 55, ਅਨੁਛੇਦ 73, [5][ਅਨੁਛੇਦ 162 ਜਾਂ ਅਨੁਛੇਦ 241 ਜਾਂ ਅਨੁਛੇਦ 279ੳ], ਜਾਂ

(ਅ) ਭਾਗ V ਦੇ ਅਧਿਆਏ IV ਭਾਗ VI ਦੇ ਅਧਿਆਏ V ਜਾਂ ਭਾਗ XI ਦੇ ਅਧਿਆਏ I, ਜਾਂ

(ੲ) ਸੱਤਵੀ ਅਨੁਸੂਚੀ ਦੀਆਂ ਸੂਚੀਆਂ ਵਿਚੋਂ ਕਿਸੇ, ਜਾਂ;

(ਸ) ਸੰਸਦ ਵਿਚ ਰਾਜਾਂ ਦੀ ਪ੍ਰਤੀਨਿਥਤਾ, ਜਾਂ

(ਹ) ਇਸ ਅਨੁਛੇਦ ਤੇ ਉਪਬੰਧਾਂ,

ਵਿਚ ਕੋਈ ਤਬਦੀਲੀ ਕਰਨਾ ਚਾਹੁੰਦਾਂ ਹੋਵੇ ਤਾਂ ਅਜਿਹੀ ਸੋਧ ਦਾ ਉਪਬੰਧ ਕਰਨ ਵਾਲੇ ਬਿਲ ਨੂੰ ਰਾਸ਼ਟਰਪਤੀ ਅੱਗੇ ਅਨੁਮਤੀ ਲਈ ਪੇਸ਼ ਕੀਤੇ ਜਾਣ ਤੋਂ ਪਹਿਲਾਂ ਉਸ ਸੋਧ ਦੀ [6]* * * ਰਾਜਾਂ ਵਿਚੋਂ ਘੱਟ ਤੋਂ ਘੱਟ ਅੱਧਿਆਂ ਦੇ ਵਿਧਾਨ-ਮੰਡਲ ਦੀ ਉਸ ਆਸ਼ੇ ਲਈ ਉਨ੍ਹਾਂ ਵਿਧਾਨ-ਮੰਡਲਾਂ ਦੇ ਪਾਸ ਕੀਤੇ ਮਤਿਆਂ ਦੁਆਰਾ ਪ੍ਰੂਸ਼ਟੀ ਵੀ ਲੋੜੀਦੀ ਹੋਵੇਗੀ।

[7][(3)ਅਨੁਛੇਦ 13 ਦੀ ਕੋਈ ਗੱਲ ਇਸ ਅਨੁਛੇਦ ਦੇ ਅਧੀਨ ਕੀਤੀ ਗਈ ਕਿਸੇ ਸੋਧ ਨੂੰ ਲਾਗੂ ਨਹੀਂ ਹੋਵੇਗੀ।]

[8][(4) ਇਸ ਸੰਵਿਧਾਨ ਦਾ (ਜਿਸ ਦੇ ਵਿਚ ਭਾਗ 3 ਦਾ ਉਪਬੰਧ ਹੈ) ਇਸ ਅਨੁਛੇਦ ਦੇ ਅਧੀਨ (ਬਿਆਲਵੀਂ ਸੋਧ)

---

[5] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 15 ਦੁਆਰਾ (16.09.2016 ਤੋਂ ਪ੍ਰਭਾਵੀ) ਕੁਝ ਸ਼ਬਦਾਂ ਦੀ ਥਾਂ ਰੱਖਿਆ ਗਿਆ।

[6] ਸ਼ਬਦ ਅਤੇ ਅਖਰ "ਪਹਿਲੀ ਅਨੁਸੂਚੀ ਦੇ ਭਾਗ ੳ ਅਤੇ ਭਾਗ ਅ" ਵਿਚ ਉਲਿਖਤ ਸੰਵਿਧਾਨ(ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[7] ਸੰਵਿਧਾਨ (ਚੋਵੀਵੀਂ ਸੋਧ) ਐਕਟ, 1971 ਧਾਰਾ 3 ਦੁਆਰਾ ਅੰਤਰਸਥਾਪਤ।



Ministry of Law & Justice

ਐਕਟ, 1976 ਦੀ ਧਾਰਾ 55 ਦੇ ਅਰੰਭ ਤੋਂ ਪਹਿਲਾਂ ਜਾਂ ਉਸ ਦੇ ਪਿੱਛੋਂ) ਕੀਤੀ ਗਈ ਜਾਂ ਕੀਤੀ ਗਈ ਤਾਤਪਰਜਤ ਕੋਈ ਸੋਧ ਕਿਸੇ ਅਦਾਲਤ ਵਿਚ ਕਿਸੇ ਵੀ ਆਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ।

(5) ਸ਼ੰਕਿਆਂ ਨੂੰ ਦੂਰ ਕਰਨ ਦੇ ਲਈ ਇਹ ਐਲਾਨ ਕੀਤਾ ਜਾਂਦਾ ਹੈ ਕਿ ਇਸ ਅਨੁਛੇਦ ਦੇ ਅਧੀਨ ਇਸ ਸੰਵਿਧਾਨ ਦੇ ਉਪਬੰਧਾਂ ਦਾ ਵਾਧਾ, ਰੂਪਾਂਤਰ ਜਾਂ ਨਿਰਸਨ ਦੇ ਰੂਪ ਵਿਚ ਸੋਧ ਕਰਨ ਦੇ ਲਈ ਸੰਸਦ ਦੀ ਸੰਵਿਧਾਨਿਕ ਸ਼ਕਤੀ ਤੇ ਕਿਸੇ ਤਰ੍ਹਾਂ ਦੀ ਬੰਦਸ਼ ਨਹੀਂ ਹੋਵੇਗੀ ।

[8] ਅਨੁਛੇਦ 368 ਵਿਚ ਖੰਡ (4) ਅਤੇ ਖੰਡ (5) ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 55 ਦੁਆਰਾ ਅੰਤਰ ਸਥਾਪਤ ਕੀਤੇ ਗਏ ਸਨ । ਸਰਬ ਉੱਚ ਅਦਾਲਤ ਵਿਚ ਮਿਨਰਵਾ ਮਿਲਜ ਲਿਮਟਿਡ ਅਤੇ ਹੋਰ ਬਨਾਮ ਭਾਰਤ ਸੰਘ ਅਤੇ ਹੋਰ (1980) 2 ਐਸ.ਸੀ.ਸੀ. 591 ਦੇ ਮਾਮਲੇ ਵਿਚ ਇਸ ਧਾਰਾ ਦੀ ਨਜਾਇਜਤਾ ਐਲਾਨ ਕੀਤਾ ਜਾਵੇਗਾ ।



Ministry of Law & Justice

## ਭਾਗ XXI

## [1][ਅਸਥਾਈ, ਅੰਤਰਕਾਲਈ ਅਤੇ ਵਿਸ਼ੇਸ਼ ਉਪਬੰਧ]

ਰਾਜ ਸੂਚੀ ਵਿਚਲੇ ਕੁਝ ਕੂ ਮਾਮਲਿਆਂ ਬਾਰੇ ਇਸ ਤਰ੍ਹਾ ਕਾਨੂਨ ਬਣਾਉਣ ਦੀ ਜਿਵੇਂ ਉਹ ਸਮਵਰਤੀ ਸੂਚੀ ਵਿਚਲੇ ਮਾਮਲੇ ਹੋਣ ਸੰਸਦ ਦੀ ਅਸਥਾਈ ਸ਼ਕਤੀ।

369. ਇਸ ਸੰਵਿਧਾਨ ਵਿਚ ਕਿਸੇ ਗਲ ਦੇ ਹੁੰਦਿਆਂ ਹੋਇਆਂ ਵੀ, ਸੰਸਦ ਨੂੰ, ਇਸ ਸੰਵਿਧਾਨ ਦੇ ਅੰਰਭ ਤੋਂ ਪੰਜ ਸਾਲ ਦੀ ਮੁਦੱਤ ਦੇ ਦੋਰਾਨ, ਹੇਠ-ਲਿਖੇ ਮਾਮਲਿਆਂ ਬਾਰੇ ਇਸ ਤਰ੍ਹਾਂ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ ਜਿਵੇਂ ਕਿ ਉਹ ਸਮਵਰਤੀ ਸੂਚੀ ਵਿਚ ਗਿਣੇ ਹੋਏ ਹੋਣ, ਅਰਥਾਤ :-- ਸੰਖੇਪ ਨਾਂ ।

(ੳ) ਸੂਤੀ ਅਤੇ ਊਨੀ ਕਪੜੇ, ਕੱਚੀ ਰੂੰ (ਜਿਸ ਵਿਚ ਵੇਲੀ ਹੋਈ ਰੂੰ ਅਤੇ ਅਣਵੇਲੀ ਰੂੰ ਜਾਂ ਕਪਾਹ ਸ਼ਾਮਲ ਹੈ) ਵੜੇਵੇਂ, ਕਾਗਜ (ਜਿਸ ਵਿਚ ਅਖਬਾਰੀ ਕਾਗਜ਼ ਸ਼ਾਮਲ ਹੈ), ਖਾਧ-ਪਦਾਰਥ (ਜਿਨ੍ਹਾਂ ਵਿਚ ਖਾਣ ਵਾਲੇ ਤੇਲ-ਬੀਜ ਅਤੇ ਤੇਲ ਸ਼ਾਮਲ ਹਨ), ਡੰਗਰਾਂ ਦਾ ਚਾਰਾ (ਜਿਸ ਵਿਚ ਖਲ ਅਤੇ ਹੋਰ ਸੰਘਣਾਏ ਪਦਾਰਥ ਸ਼ਾਮਲ ਹਨ), ਕੋਲਾ (ਜਿਸ ਵਿਚ ਕੋਕ ਅਤੇ ਕੋਲੇ ਵਿਚੋਂ ਨਿਕਲੇ ਪਦਾਰਥ ਸ਼ਾਮਲ ਹਨ) ਲੋਹਾ, ਫੌਲਾਦ ਅਤੇ ਅਬਰਕ ਦਾ, ਕਿਸੇ ਰਾਜ ਦੇ ਅੰਦਰ ਵਪਾਰ ਅਤੇ ਵਣਜ, ਅਤੇ ਉਨ੍ਹਾਂ ਦਾ ਉਤਪਾਦਨ, ਸਪਲਾਈ ਅਤੇ ਵੰਡ ;

(ਅ) ਖੰਡ (ੳ) ਵਿਚ ਜਿਕਰ ਕੀਤੇ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨਾਂ ਦੇ ਖਿਲਾਫ ਅਪਰਾਧ, ਉਨ੍ਹਾਂ ਮਾਮਲਿਆਂ ਵਿਚੋਂ ਕਿਸੇ ਬਾਰੇ ਸਰਵ-ਊੱਚ ਅਦਾਲਤਾਂ ਦੀ ਅਧਿਕਾਰਿਤਾ ਅਤੇ ਸ਼ਕਤੀਆਂ ਅਤੇ ਉਨ੍ਹਾਂ ਮਾਮਲਿਆਂ ਵਿਚੋਂ ਕਿਸੇ ਬਾਰੇ ਫ਼ੀਸਾਂ ਜਿਨ੍ਹਾਂ ਵਿਚ ਕਿਸੇ ਅਦਾਲਤ ਵਿਚ ਲਈਆਂ ਜਾਣ

[1] ਸੰਵਿਧਾਨ (ਤੇਰ੍ਹਵੀਂ ਸੋਧ) ਐਕਟ, 1962, ਦਾਰਾ 2 ਦੁਆਰਾ (1.12.1963 ਤੋਂ ਲੈ ਕੇ) "ਅਸਥਾਈ ਅਤੇ ਅੰਤਰਕਾਲੀ" ਉਪਬੰਧ ਦੀ ਥਾਵੇਂ ਰੱਖੇ ਗਏ ।

Ministry of Law & Justice

ਵਾਲੀਆਂ ਫ਼ੀਸਾਂ ਸ਼ਾਮਲ ਨਹੀਂ ਹਨ

ਪਰ ਸੰਸਦ ਦੁਆਰਾ ਬਣਾਇਆ ਗਿਆ ਕਾਨੂੰਨ ਜਿਸ ਨੂੰ ਸੰਸਦ ਇਸ ਅਨੁਛੇਦ ਦੇ ਉਪਬੰਧਾਂ ਦੀ ਅਣਹੋਂਦ ਵਿਚ ਬਣਾਉਣ ਲਈ ਸ਼ਕਤਵਾਨ ਨ ਹੁੰਦੀ, ਉਕਤ ਮੁਦੱਤ ਗੁਜਰਨ ਤੇ, ਅਸ਼ਕਤਾਈ ਦੀ ਹੱਦ ਤੱਕ, ਉਸ ਦੇ ਗੁਜਰਨ ਤੋ ਪਹਿਲਾਂ ਕੀਤੀਆਂ ਗਈਆਂ ਜਾਂ ਕੀਤੀਆਂ ਜਾਂਣੋਂ ਛੱਡ ਦਿੱਤੀਆਂ ਗਈਆਂ ਗੱਲਾਂ ਬਾਰੇ ਦੇ ਸਿਵਾਏ ਪ੍ਰਭਾਵੀ ਨਹੀਂ ਹੋਵੇਗਾ ।

[2][[3]370 (1) ਇਸ ਸੰਵਿਧਾਨ ਵਿਚ ਕਿਸੇ ਗਲ ਦੇ ਹੁੰਦਿਆਂ ਹੋਇਆਂ ਵੀ, — ਜੰਮੂ ਅਤੇ ਕਸ਼ਮੀਰ ਰਾਜ ਬਾਰੇ ਅਸਥਾਈ ਉਪਬੰਧ ।

(ੳ) ਅਨੁਛੇਦ 238 ਦੇ ਉਪਬੰਧ ਜੰਮੂ ਅਤੇ ਕਸ਼ਮੀਰ ਰਾਜ

---

[2] ਭਾਰਤ ਦੇ ਸੰਵਿਧਾਨ ਦੇ ਅਨੁਛੇਦ 370 ਦੀ ਧਾਰਾ (1) ਦੇ ਨਾਲ ਧਾਰਾ 370 ਦੀ ਧਾਰਾ (3) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ,ਰਾਸ਼ਟਰਪਤੀ, ਸੰਸਦ ਦੀ ਸਿਫਾਰਸ਼ 'ਤੇ, ਪ੍ਰਸੰਨਤਾ ਨਾਲ ਇਹ ਐਲਾਨ ਕਰਦੇ ਹਨ ਕਿ 6 ਅਗਸਤ, 2019 ਤੋਂ, ਅਨੁਛੇਦ 370 ਦੀਆਂ ਸਾਰੀਆਂ ਧਾਰਾਵਾਂ, ਹੇਠ ਲਿਖਿਆਂ ਅਨੁਸਾਰ ਪੜ੍ਹੇ ਜਾਣ ਮੁਤਾਬਕ, ਨੂੰ ਛੱਡ ਕੇ, ਲਾਗੂ ਹੋਣੀਆਂ ਬੰਦ ਹੋ ਜਾਣਗੀਆਂ, ਅਰਥਾਤ : -

"370. ਅਨੁਛੇਦ 152 ਜਾਂ ਅਨੁਛੇਦ 308 ਜਾਂ ਇਸ ਸੰਵਿਧਾਨ ਦਾ ਕੋਈ ਹੋਰ ਅਨੁਛੇਦ ਜਾਂ ਜੰਮੂ-ਕਸ਼ਮੀਰ ਦੇ ਸੰਵਿਧਾਨ ਦਾ ਕੋਈ ਹੋਰ ਪ੍ਰਬੰਧ ਜਾਂ ਕੋਈ ਵੀ ਕਾਨੂੰਨ, ਦਸਤਾਵੇਜ਼, ਨਿਰਣੇ, ਆਰਡੀਨੈਂਸ, ਹੁਕਮ, ਬਾਈ-ਲਾਅ, ਨਿਯਮ, ਰੈਗੂਲੇਸ਼ਨ, ਨੋਟੀਫਿਕੇਸ਼ਨ, ਰਿਵਾਜ ਜਾਂ ਵਰਤੋਂ ਜੋ ਭਾਰਤ ਦੇ ਪ੍ਰਦੇਸ਼ ਵਿਚ ਕਾਨੂੰਨ ਦੀ ਤਰ੍ਹਾਂ ਸਬਲ ਹੈ , ਜਾਂ ਕੋਈ ਹੋਰ ਸਾਧਨ, ਸੰਧੀ ਜਾਂ ਸਮਝੌਤਾ ਜਿਵੇਂ ਕਿ ਅਨੁਛੇਦ 333 ਜਾਂ ਹੋਰਵੇਂ, ਵਿਚ ਦਰਜ ਕਿਸੇ ਵੀ ਉਲਟ ਦੇ ਹੁੰਦਿਆਂ ਹੋਇਆਂ ਵੀ, ਇਸ ਸੰਵਿਧਾਨ ਦੇ ਸਾਰੇ ਪ੍ਰਬੰਧ, ਜਿਵੇਂ ਸਮੇਂ ਸਮੇਂ ਤੇ ਸੋਧ ਕੀਤੇ ਜਾਂਦੇ ਹਨ, ਬਿਨਾਂ ਕਿਸੇ ਤਰਮੀਮ ਜਾਂ ਅਪਵਾਦ ਦੇ,ਜੰਮੂ-ਕਸ਼ਮੀਰ ਰਾਜ ਉੱਤੇ ਲਾਗੂ ਹੋਵੇਗਾ ।"

ਵਿਧੀ ਅਤੇ ਕਾਨੂੰਨ ਮੰਤਰਾਲਾ ਦਾ 5 ਅਗਸਤ 2019 ਦਾ ਹੁਕਮ ਨੰਬਰ ਸੀ.ਓ.233.

[3] ਇਸ ਅਨੁਛੇਦ ਦੁਆਰਾ ਪ੍ਰਦਾਨ ਕੀਤੀਆਂ ਗਈ ਸ਼ਕਤੀਆਂ ਦੀ ਵਰਤੋਂ ਵਿਚ ਰਾਸ਼ਟਰਪਤੀ ਨੇ, ਜੰਮੂ ਅਤੇ ਕਸ਼ਮੀਰ ਰਾਜ ਦੀ ਸੰਵਿਧਾਨ ਸਭਾ ਦੀ ਸਿਫਾਰਸ਼ ਤੇ, ਇਹ ਐਲਾਨ ਕੀਤਾ ਕਿ ਨਵੰਬਰ, 1952 ਦੇ 17ਵੇਂ ਦਿਨ ਤੋਂ, ਉਕਤ ਅਨੁਛੇਦ 370 ਇਸ ਰੂਪਭੇਦ ਨਾਲ ਅਮਲਸ਼ੀਲ ਹੋਵੇਗਾ ਕਿ ਉਸ ਦੇ ਖੰਡ (1) ਵਿਚਲੀ ਵਿਆਖਿਆ ਦੀ ਥਾਵੇਂ, ਹੇਠ-ਲਿਖੀ ਵਿਆਖਿਆ ਰੱਖ ਦਿੱਤੀ ਜਾਵੇਗੀ, ਅਰਥਾਤ—

"ਵਿਅਖਿਆ- ਇਸ ਅਨੁਛੇਦ ਦੇ ਪ੍ਰਯੋਜਨਾਂ ਲਈ ਰਾਜ ਦੀ ਸਰਕਾਰ ਦਾ ਮਤਲਬ ਹੈ ਉਹ ਵਿਅਕਤੀ ਜੋ ਰਾਜ ਦੀ ਵਿਧਾਨ ਸਭਾ ਦੀ ਸਿਫਾਰਿਸ਼ ਤੇ ਰਾਸ਼ਟਰਪਤੀ ਦੁਆਰਾ ਤਤ-ਸਮੇਂ ਅਹੁਦਾਧਾਰੀ ਰਾਜ ਦੀ ਮੰਤਰੀ-ਪਰਿਸ਼ਦ ਦੀ ਸਲਾਹ ਤੋਂ ਕਾਰਜ ਕਰਦੇ ਜੰਮੂ ਅਤੇ ਕਸ਼ਮੀਰ ਦੇ *ਸਦਰੇ ਰਿਆਸਤ ਵਜੋਂ ਤਤ-ਸਮੇਂ ਮਾਨਤਾ-ਪ੍ਰਾਪਤ ਹੋਵੇ ।"

(ਕਾਨੂੰਨ ਮੰਤ੍ਰਾਲੇ ਦਾ ਹੁਕਮ ਨੰ ਸੀ ਓ 44, ਤਰੀਖ 15 ਨਵੰਬਰ, 1952)

*ਹੁਣ ਰਾਜਪਾਲ

ਦੇ ਸੰਬੰਧ ਵਿਚ ਲਾਗੂ ਨਹੀਂ ਹੋਣਗੇ ;

(ਅ) ਸੰਸਦ ਦੀ ਉਕਤ ਰਾਜ ਲਈ ਕਾਨੂੰਨ ਬਣਾਉਣ ਦੀ ਸ਼ਕਤੀ-

(i) ਸੰਘ ਸੂਚੀ ਅਤੇ ਸਮਵਰਤੀ ਸੂਚੀ ਵਿਚਲੇ ਉਨ੍ਹਾਂ ਮਾਮਲਿਆਂ ਤੱਕ, ਜੋ ਉਸ ਰਾਜ ਦੀ ਸਰਕਾਰ ਨਾਲ ਮਸ਼ਵਰਾ ਕਰ ਕੇ, ਰਾਸ਼ਟਰਪਤੀ ਉਨ੍ਹਾਂ ਮਾਮਲਿਆਂ ਦੇ ਤਤ-ਸਥਾਨੀ ਮਾਮਲੇ ਹੋਣਾ ਐਲਾਨ ਕਰ ਦੇਵੇ ਜੋ ਭਾਰਤ ਡੋਮੀਨੀਅਨ ਵਿਚ ਉਸ ਰਾਜ ਦੇ ਸੰਮਿਲਣ ਨੂੰ ਸ਼ਾਸਤ ਕਰਨ ਵਾਲੀ ਸੰਮਿਲਣ-ਲਿਖਤ ਵਿਚ ਅਜਿਹੇ ਮਾਮਲੇ ਉਲਿਖਤ ਹਨ ਜਿਨ੍ਹਾਂ ਬਾਰੇ ਡੋਮੀਨੀਅਨ ਵਿਧਾਨ-ਮੰਡਲ ਉਸ ਰਾਜ ਲਈ ਕਾਨੂੰਨ ਬਣਾ ਸਕਦਾ ਹੈ ;ਅਤੇ

(ii) ਉਕਤ ਸੂਚੀਆਂ ਵਿਚਲੇ ਉਨ੍ਹਾਂ ਹੋਰ ਮਾਮਲਿਆਂ ਤੱਕ, ਜੋ ਉਸ ਰਾਜ ਦੀ ਸਰਕਾਰ ਦੀ ਸਹਿਮਤੀ ਨਾਲ ਰਾਸ਼ਟਰਪਤੀ ਹੁਕਮ ਦੁਆਰਾ ਉਲਿਖਤ ਕਰੇ

ਸੀਮਿਤ ਹੋਵੇਗੀ ।

ਵਿਆਖਿਆ.- ਇਸ ਅਨੁਛੇਦ ਦੇ ਪ੍ਰਯੋਜਨਾਂ ਲਈ, ਰਾਜ ਦੀ ਸਰਕਾਰ ਦਾ ਮਤਲਬ ਹੈ ਉਹ ਵਿਅਕਤੀ, ਜਿਸ ਨੂੰ ਮਾਰਚ, 1948 ਦੇ ਪੰਜਵੇ ਦਿਨ ਦੀ ਮਹਾਰਾਜੇ ਦੀ ਘੋਸ਼ਣਾ ਦੇ ਅਧੀਨ ਤਤ-ਸਮੇਂ ਅਹੁਦਾਧਾਰੀ ਮੰਤਰੀ-ਪਰਿਸ਼ਦ ਦੀ ਸਲਾਹ ਤੇ ਕਾਰਜ ਕਰਦੇ ਜੰਮੂ ਅਤੇ ਕਸ਼ਮੀਰ ਦੇ ਮਹਾਰਾਜੇ ਵਜੋਂ ਰਾਸ਼ਟਰਪਤੀ ਦੁਆਰਾ ਤਤ-ਸਮੇਂ ਮਾਨਤਾ-ਪ੍ਰਾਪਤ ਹੈ ;

(ੲ) ਅਨੁਛੇਦ (1) ਤੇ ਅਤੇ ਇਸ ਅਨੁਛੇਦ ਦੇ ਉਪਬੰਧ ਉਸ ਰਾਜ ਦੇ ਸੰਬੰਧ ਵਿਚ ਲਾਗੂ ਹੋਣਗੇ ;

(ਸ) ਇਸ ਸੰਵਿਧਾਨ ਦੇ ਉਪਬੰਧਾਂ ਵਿਚੋਂ ਅਜਿਹੇ ਹੋਰ ਉਪਬੰਧ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ ਜਿਹੇ

Ministry of Law & Justice

ਰਾਸ਼ਟਰਪਤੀ [4]ਹੁਕਮਾਂ ਦੁਆਰਾ ਉਲਿਖਤ ਕਰੇ, ਉਸ ਰਾਜ ਦੇ ਸਬੰਧ ਵਿਚ ਲਾਗੂ ਹੋਣਗੇ ;

ਪਰੰਤੂ ਅਜਿਹਾ ਕੋਈ ਹੁਕਮ ਜੋ ਉਪ-ਖੰਡ (ਅ) ਦੇ ਪੈਰਾ (1) ਵਿਚ ਹਵਾਲਾ ਦਿੱਤੇ ਗਏ ਉਸ ਰਾਜ ਦੀ ਸੰਮਿਲਣ-ਲਿਖਤ ਵਿਚ ਉਲਿਖਤ ਮਾਮਲਿਆਂ ਨਾਲ ਸੰਬੰਧਿਤ ਹੋਵੇ, ਉਸ ਰਾਜ ਦੀ ਸਰਕਾਰ ਨਾਲ ਮਸ਼ਵਰਾ ਕਰਨ ਦੇ ਸਿਵਾਏ ਜਾਰੀ ਨਹੀਂ ਕੀਤਾ ਜਾਵੇਗਾ ;

ਪਰੰਤੂ ਇਹ ਹੋਰ ਕਿ ਅਜਿਹਾ ਕੋਈ ਹੁਕਮ ਜੋ ਅੰਤਲੇ ਪੂਰਵਵਰਤੀ ਪਰੰਤੁਕ ਵਿਚ ਹਵਾਲਾ ਦਿੱਤੇ ਗਏ ਮਾਮਲਿਆਂ ਤੋਂ ਬਿਨਾਂ ਹੋਰ ਮਾਮਲਿਆਂ ਨਾਲ ਸੰਬੰਧਤ ਹੋਵੇ, ਸਰਕਾਰ ਦੀ ਸਿਫਾਰਿਸ਼ ਨਾਲ ਦੇ ਸਿਵਾਏ ਜਾਰੀ ਨਹੀਂ ਕੀਤਾ ਜਾਵੇਗਾ ।

(2) ਜੇ ਉਸ ਰਾਜ ਦੀ ਸਰਕਾਰ ਦੀ ਖੰਡ (1) ਦੇ ਉਪ-ਖੰਡ (ਅ)ਦੇ ਪੈਰਾ (ii) ਵਿਚ ਜਾਂ ਉਸ ਖੰਡ ਦੇ ਉਪ-ਖੰਡ (ਸ) ਦੇ ਦੂਜੇ ਪਰੰਤੁਕ ਵਿਚ ਹਵਾਲਾ ਦਿੱਤੇ ਸਹਿਮਤੀ ਸਭਾ ਦੇ ਬੁਲਾਉਣ ਦੇ ਪ੍ਰਯੋਜਨ ਵਾਲੀ ਸੰਵਿਧਾਨ ਸਭਾ ਦੇ ਬੁਲਾਏ ਜਾਣ ਤੋਂ ਪਹਿਲਾਂ ਦਿੱਤੀ ਜਾਵੇ, ਤਾਂ ਉਸ ਨੂੰ ਅਜਿਹੀ ਸਭਾ ਅੱਗੇ ਅਜਿਹੇ ਫੈਸਲੇ ਲਈ ਰੱਖਿਆ ਜਾਵੇਗਾ ਜਿਹਾ ਉਹ ਉਸ ਤੇ ਕਰੇ ।

(3) ਇਸ ਅਨੁਛੇਦ ਦੇ ਪੂਰਵ-ਗਾਮੀ ਉਪਬੰਧਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ, ਲੋਕ ਅਧਿਸੂਚਨਾ ਦੁਆਰਾ ਐਲਾਨ ਕਰ ਸਕੇਗਾ ਕਿ ਇਹ ਅਨੁਛੇਦ ਅਜਿਹੀ ਤਰੀਕ ਤੋ ਅਮਲ ਵਿਚ ਹੀ ਰਹੇਗਾ ਜਾਂ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਨਾਲ ਹੀ ਅਮਲ ਵਿਚ ਰਹੇਗਾ, ਜਿਹੇ ਉਹ ਉਲਿਖਤ ਕਰੇ।

ਪਰੰਤੁ ਰਾਸ਼ਟਰਪਤੀ ਦੇ ਅਜਿਹੀ ਅਧਿਸੂਚਨਾ ਜਾਰੀ ਕਰਨ ਤੋਂ ਪਹਿਲਾਂ ਖੰਡ (2) ਵਿਚ ਹਵਾਲਾ ਦਿੱਤੀ ਉਸ ਰਾਜ ਦੀ

[4] ਸੰਵਿਧਾਨ (ਜੰਮੂ ਅਤੇ ਕਸ਼ਮੀਰ ਨੂੰ ਲਾਗੂ ਹੋਣਾ)ਹੁਕਮ 1954, ਸਮੇਂ ਸਮੇਂ ਤੇ ਸੋਧਿਆ ਗਿਆ ।



Ministry of Law & Justice

ਸੰਵਿਧਾਨ ਸਭਾ ਦੀ ਸਿਫਾਰਸ਼ ਜਰੂਰੀ ਹੋਵੇਗੀ।

[5][****] ਮਹਾਰਾਸ਼ਟਰ ਅਤੇ ਗੁਜਰਾਤ ਰਾਜਾਂ ਬਾਰੇ ਵਿਸ਼ੇਸ਼ ਉਪਬੰਧ।

[6][371 [7]* * * *

(2) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ [8][ਮਹਾਰਾਸ਼ਟਰ ਜਾਂ ਗੁਜਰਾਤ ਰਾਜ] ਬਾਰੇ ਕੀਤੇ ਗਏ ਹੁਕਮ ਦੁਆਰਾ -

(ੳ) ਵਿਦਰਭ, ਮਹਾਠਵਾੜਾ [9][ਅਤੇ ਬਾਕੀ ਮਹਾਰਾਸ਼ਟਰ ਜਾਂ, ਜਿਹੀ ਕਿ ਸੂਰਤ ਹੋਵੇ] ਸੌਰਾਸ਼ਟਰ ਕੱਛ ਅਤੇ ਬਾਕੀ ਗੁਜਰਾਤ ਲਈ ਵੱਖਰੇ ਵਿਕਾਸ ਬੋਰਡਾਂ ਦੀ, ਇਸ ਉਪਬੰਧ ਨਾਲ ਕਿ ਇਨ੍ਹਾਂ ਬੋਰਡਾਂ ਵਿਚੋਂ ਹਰੇਕ ਦੇ ਕੰਮ-ਕਾਜ ਤੋਂ ਇਕ ਰਿਪੋਟ ਰਹੇਕ ਸਾਲ ਰਾਜ ਵਿਧਾਨ ਸਭਾ ਅੱਗੇ ਰੱਖੀ ਜਾਵੇਗੀ, ਸਥਾਪਨਾ ਲਈ ;

(ਅ) ਸਮੁੱਚੇ ਰਾਜ ਦੀਆਂ ਲੋੜਾਂ ਦੇ ਤਾਬੇ, ਉਕਤ ਖੇਤਰਾਂ ਤੇ ਵਿਕਾਸ ਖਰਚ ਲਈ ਫੰਡਾਂ ਤੇ ਸਮਤਾਪੂਰਨ ਟਿੱਕਣ ਲਈ ; ਅਤੇ

(ੲ) ਸਮੁੱਚੇ ਰਾਜ ਦੀਆਂ ਲੋੜਾਂ ਦੇ ਤਾਬੇ, ਸਭ ਉਕਤ

---

[5] ਸੰਵਿਧਾਨ (ਬਤੀਵੀਂ ਸੋਧ) ਐਕਟ, 1973, ਧਾਰਾ 2 (1.7.1974 ਤੋਂ) ਸ਼ਬਦ “ਆਂਧਰ ਪ੍ਰਦੇਸ਼” ਦਾ ਲੋਪ ਕੀਤੀ ਗਿਆ।

[6] ਸੰਵਿਧਾਨ (ਸੱਤਵਾਂ ਸੋਧ) ਐਕਟ, 1956 ਦੀ ਧਾਰਾ 22 ਦੁਆਰਾ ਅਨੁਛੇਦ 371 ਦੀ ਥਾਵੇਂ ਅੰਤਰਸਥਾਪਤ।

[7] ਸੰਵਿਧਾਨ (ਬਤੀਵੀਂ ਸੋਧ) ਐਕਟ, 1973, ਧਾਰਾ 2 ਦੁਆਰਾ (1.7.1974 ਤੋਂ) ਖੰਡ (1)ਦਾ ਲੋਪ ਕਿੱਤਾ ਗਿਆ।

[8] ਬੰਬੇ ਪੁਨਰਗਠਨ ਐਕਟ, 1960 (1960 ਦਾ 11) , ਧਾਰਾ 85 ਦੁਆਰਾ, ਸ਼ਬਦ “ਬੰਬਈ ਰਾਜ” ਦੀ ਥਾਵੇਂ (1.5.1960 ਤੋਂ ਲੈ ਕੇ) ਰੱਖੇ ਗਏ।

[9] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਦੀ ਧਾਰਾ 85 ਦੁਆਰਾ “ਬਾਕੀ ਮਹਾਰਾਸ਼ਟਰ” ਦੀ ਥਾਵੇਂ (1.5.1960ਤੋਂ ਲੈ ਕੇ) ਰੱਖੇ ਗਏ।



Ministry of Law & Justice

ਖੇਤਰਾਂ ਬਾਰੇ ਤੱਕਨੀਕੀ ਸਿਖਿਆ ਅਤੇ ਕਸਬੀ ਸਿਖਲਾਈ ਲਈ ਚੋਖੀਆਂ ਸਹੂਲਤਾਂ, ਅਤੇ ਰਾਜ ਸਰਕਾਰ ਦੇ ਨਿਯੰਤਰਨ ਦੇ ਅਧੀਨ ਸੇਵਾਵਾਂ ਵਿਚ ਰੋਜਗਾਰ ਲਈ ਚੋਖੇ ਅਵਸਰ ਦੇਣ ਵਾਲੇ ਸਮਤਾ-ਪੂਰਨ ਇੰਤਜ਼ਾਮ ਲਈ,

ਰਾਜਪਾਲ ਦੀ ਕਿਸੇ ਵਸ਼ੇਸ਼ ਜਿੰਮੇਵਾਰੀ ਲਈ ਉਪਬੰਧ ਕਰ ਸਕੇਗਾ। ]

ਨਾਗਾਲੈਂਡ ਰਾਜ ਬਾਰੇ ਵਿਸ਼ੇਸ਼ ਉਪਬੰਧ।

[10][371 ੳ(1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,

(ੳ) (i) ਨਾਗਿਆਂ ਦੀਆਂ ਧਾਰਮਕ ਜਾਂ ਸਮਾਜ ਰੀਤਾਂ,

(ii) ਨਾਗਾ ਰਵਾਜੀ ਕਾਨੂੰਨ ਅਤੇ ਜ਼ਾਬਤੇ,

(iii) ਜਿੱਥੇ ਨਾਗਾ ਰਵਾਜੀ ਕਾਨੂੰਨ ਅਨੁਸਾਰ ਫੈਸਲੇ ਪਲਚੇ ਹੋਣ ਉਥੇ ਦੀਵਾਨੀ ਅਤੇ ਫੌਜਦਾਰੀ ਨਿਆਂ ਦੇ ਪ੍ਰਸ਼ਾਸਨ,

(iv) ਭੋਂ ਅਤੇ ਉਸ ਦੇ ਵਸੀਲਿਆਂ ਦੀ ਮਾਲਕੀ ਅਤੇ ਇੰਤਕਾਲ, ਬਾਰੇ ਸੰਸਦ ਦਾ ਕੋਈ ਐਕਟ,

ਨਾਗਾਲੈਂਡ ਰਾਜ ਨੂ ਲਾਗੂ ਨਹੀਂ ਹੋਵੇਗਾ ਜੇਕਰ ਨਾਗਾਲੈਂਡ ਦੀ ਵਿਧਾਨ ਸਭਾ ਮਤੇ ਦੁਆਰਾ ਇਸ ਤਰ੍ਹਾਂ ਫੈਸਲਾ ਨ ਕਰੇ ;

(ਅ) ਨਾਗਾਲੈਂਡ ਦੇ ਰਾਜਪਾਲ ਦੀ ਨਾਗਾਲੈਂਡ ਰਾਜ ਵਿਚ ਕਾਨੂੰਨ ਅਤੇ ਅਮਨ ਬਾਰੇ ਉੱਨਾ ਚਿਰ ਵਿਸ਼ੇਸ ਜਿੰਮੇਵਾਰੀ ਹੋਵੇਗੀ ਜਿੰਨਾਂ ਚਿਰ ਉਸ ਦੀ ਰਾਏ ਵਿਚ ਉਸ ਰਾਜ ਦੇ ਬਣਨ ਤੋਂ ਠੀਕ ਪਹਿਲਾਂ ਨਾਗਾ ਪਹਾੜੀਆਂ-ਤਿਊਨਸਾਂਗ ਖੇਤਰ ਵਿਚ ਹੋਣ ਵਾਲੀ ਅੰਦਰਲੀ ਗੜਬੜ, ਉਸ ਵਿਚ ਜਾਂ ਉਸ ਦੇ ਕਿਸੇ ਭਾਗ ਵਿਚ ਜਾਰੀ ਰਹੇ ਅਤੇ ਉਸ ਸੰਬੰਧੀ ਆਪਣੇ ਕਾਜ-ਕਾਰ ਨਿਭਾਉਣ ਵਿਚ ਰਾਜਪਾਲ, ਮੰਤਰੀ-ਪਰਿਸ਼ਦ ਨਾਲ ਮਸ਼ਵਰਾ ਕਰਨ ਪਿੱਛੋਂ, ਕੀਤੀ ਜਾਣ ਵਲਈ ਕਾਰਵਾਈ ਬਾਬਤ ਆਪਣੇ

[10] ਸੰਵਿਧਾਨ (ਤੇਰ੍ਹਵੀਂ ਸੋਧ) ਐਕਟ, 1962, ਧਾਰਾ 2 ਦੁਆਰਾ (1.12.1963 ਤੋਂ ਲੈ ਕੇ) ਅੰਤਰਸਥਾਪਤ।



Ministry of Law & Justice

ਵਿਅਕਤੀਗਤ ਨਿਰਣੇ ਦੀ ਵਰਤੋਂ ਕਰੇਗਾ :

ਪਰੰਤੂ ਜੇ ਇਹ ਸਵਾਲ ਪੈਦਾ ਹੋਵੇ ਕਿ ਕੀ ਕੋਈ ਮਾਮਲਾ ਅਜਿਹਾ ਹੈ ਜਾਂ ਨਹੀਂ ਜਿਸ ਬਾਰੇ ਰਾਜਪਾਲ ਤੋਂ ਇਸ ਉਪ-ਖੰਡ ਦੇ ਅਧੀਨ ਆਪਣੇ ਵਿਅਕਤੀਗਤ ਨਿਰਣੇ ਦੀ ਵਰਤੋਂ ਵਿਚ ਕਾਰਜ ਕਰਨਾ ਲੋੜੀਂਦਾ ਹੈ, ਰਾਜਪਾਲ ਦਾ ਸਵੈ-ਵਿਵੇਕ ਨਾਲ ਕੀਤਾ ਹੋਇਆ ਫੈਸਲਾ ਅੰਤਮ ਹੋਵੇਗਾ, ਅਤੇ ਰਾਜਪਾਲ ਦੁਆਰਾ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਇਸ ਆਧਾਰ ਤੇ ਕੋਈ ਉਜ਼ਰ ਨਹੀਂ ਕੀਤਾ ਜਾਵੇਗਾ ਕਿ ਉਸ ਨੂੰ ਆਪਣੇ ਵਿਅਕਤੀਗਤ ਨਿਰਣੇ ਦੀ ਵਰਤੋਂ ਵਿਚ ਕਾਰਜ ਕਰਨਾ ਚਾਹੀਦਾ ਸੀ ਜਾਂ ਨਹੀਂ ਕਰਨਾ ਚਾਹੀਦਾ ਸੀ :

ਪਰੰਤੂ ਇਹ ਹੋਰ ਕਿ ਜੇ ਰਾਸ਼ਟਰਪਤੀ ਦੀ ਰਾਜਪਾਲ ਤੋਂ ਰਿਪੋਟ ਪ੍ਰਾਪਤ ਹੋਣ ਤੇ ਜਾਂ ਹੋਰਵੇਂ ਤਸੱਲੀ ਹੋ ਜਾਵੇ ਕਿ ਨਾਗਾਲੈਂਡ ਰਾਜ ਵਿਚ ਕਾਨੂੰਨ ਅਤੇ ਅਮਨ ਬਾਰੇ ਰਾਜਪਾਲ ਦੀ ਵਿਸ਼ੇਸ ਜਿੰਮੇਵਾਰੀ ਹੋਣੀ ਹੁਣ ਹੋਰ ਜ਼ਰੂਰੀ ਨਹੀਂ ਹੈ, ਉਹ ਹੁਕਮ ਦੁਆਰਾ ਨਿਦੇਸ਼ ਦੇ ਸਕੇਗਾ ਕਿ ਰਾਜਪਾਲ ਦੀ ਅਜਿਹੀ ਜਿੰਮੇਵਾਰੀ ਉਸ ਤਰੀਕ ਤੋਂ ਲੈ ਕੇ ਜੋ ਹੁਕਮ ਵਿਚ ਉਲਿਖਤ ਹੋਵੇ, ਨਹੀਂ ਹੋਵੇਗੀ ;

(ਇ) ਕਿਸੇ ਗ੍ਰਾਂਟ ਦੀ ਕਿਸੇ ਮੰਗ ਬਾਰੇ ਆਪਣੀ ਸਿਫ਼ਾਰਸ਼ ਕਰਨ ਵਿਚ ਨਾਗਾਲੈਂਡ ਦਾ ਰਾਜਪਾਲ ਸੁਨਿਸਚਿਤ ਕਰੇਗਾ ਕਿ ਕਿਸੇ ਵਿਸ਼ੇਸ ਸੇਵਾ ਜਾਂ ਪ੍ਰਯੋਜਨ ਲਈ ਭਾਰਤ ਦੇ ਸੰਚਿਤ ਫ਼ੰਡ ਵਿਚੋਂ ਭਾਰਤ ਸਰਕਾਰ ਦੁਆਰਾ ਦਿੱਤਾ ਗਿਆ ਕੋਈ ਧਨ, ਉਸ ਸੇਵਾ ਜਾਂ ਪ੍ਰਯੋਜਨ ਸਬੰਧੀ ਗ੍ਰਾਂਟ ਦੀ ਮੰਗ ਵਿਚ ਨ ਕਿ ਕਿਸੇ ਹੋਰ ਮੰਗ ਵਿਚ ਸ਼ਾਮਲ ਕੀਤਾ ਜਾਂਦਾ ਹੈ;

(ਸ) ਉਸ ਤਰੀਕ ਤੋਂ ਜਿਸ ਨੂੰ ਨਾਗਾਲੈਂਡ ਦਾ ਰਾਜਪਾਲ ਲੋਕ ਅਧਿਸੂਚਨਾ ਦੁਆਰਾ ਇਸ ਨਮਿੱਤ ਉਲਿਖਤ ਕਰੇ, ਤਿਊਨਸਾਂਗ ਜਿਲ੍ਹੇ ਲਈ ਪੈਂਤੀ ਮੈਂਬਰਾਂ ਤੋਂ ਮਿਲ ਕੇ ਬਣੀ



Ministry of Law & Justice

ਇਕ ਪ੍ਰਦੇਸ਼ਕ ਪਰਿਸ਼ਦ ਸਥਾਪਤ ਕੀਤੀ ਜਾਵੇਗੀ ਅਤੇ ਰਾਜਪਾਲ ਸਵੈ-ਵਿਵੇਕ ਨਾਲ ਹੇਠ-ਲਿਖਿਆਂ ਗੱਲਾਂ ਲਈ ਉਪਬੰਧ ਕਰਨ ਵਾਲੇ ਨਿਯਮ ਬਨਾਵੇਗਾ-

(i) ਪ੍ਰਦੇਸ਼ਕ ਪਰਿਸ਼ਦ ਦੀ ਰਚਨਾ ਅਤੇ ਉਹ ਢੰਗ ਜਿਸ ਨਾਲ ਪ੍ਰਦੇਸ਼ਕ ਪਰਿਸ਼ਦ ਦੇ ਮੈਂਬਰ ਚੁਣੇ ਜਾਣਗੇ :

ਪਰੰਤੂ ਤਿਊਨਸਾਂਗ ਜਿਲ੍ਹੇ ਦਾ ਡਿਪਟੀ ਕਮਿਸ਼ਨਰ ਅਹੁਦੇ ਕਾਰਨ ਪ੍ਰਦੇਸ਼ਕ ਪਰਿਸ਼ਦ ਦਾ ਚੈਅਰਮੈਨ ਹੋਵੇਗਾ ਅਤੇ ਪ੍ਰਦੇਸ਼ਕ ਪਰਿਸ਼ਦ ਦਾ ਵਾਈਸ ਚੇਅਰਮੈਨ ਉਸ ਦੇ ਮੈਂਬਰਾਂ ਦੁਆਰਾ ਆਪਣੇ ਵਿਚੋਂ ਹੀ ਚੁਣਿਆ ਜਾਵੇਗਾ ;

(ii) ਪ੍ਰਦੇਸ਼ਕ ਪਰਿਸ਼ਦ ਦੇ ਮੈਂਬਰਾਂ ਵਜੋਂ ਚੁਣੇ ਜਾਣ ਲਈ, ਅਤੇ ਮੈਂਬਰ ਹੋਣ ਲਈ ਕਾਬਲੀਅਤਾਂ;

(iii) ਪ੍ਰਦੇਸ਼ਕ ਪਰਿਸ਼ਦ ਦੇ ਮੈਂਬਰਾਂ ਦੇ ਅਹੁਦੇ ਦੀ ਅਉਧ, ਅਤੇ ਉਨ੍ਹਾਂ ਨੂੰ ਅਦਾ ਕੀਤੀਆਂ ਜਾਣ ਵਾਲੀਆਂ ਤਨਖ਼ਾਹਾਂ ਅਤੇ ਭੱਤੇ, ਜੇ ਕੋਈ ਹੋਣ ;

(iv) ਪ੍ਰਦੇਸ਼ਕ ਪਰਿਸ਼ਦ ਦਾ ਜਾਬਤਾ ਅਤੇ ਕਾਰਜ ਦਾ ਸੰਚਾਲਣ ;

(v) ਪ੍ਰਦੇਸ਼ਕ ਪਰਿਸ਼ਦ ਦੇ ਅਫਸਰਾਂ ਅਤੇ ਅਮਲੇ ਦੀ ਨਿਯੁਕਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀਆਂ ਸ਼ਰਤਾਂ ; ਅਤੇ

(vi) ਕੋਈ ਹੋਰ ਮਾਮਲਾ ਜਿਸ ਬਾਰੇ ਪ੍ਰਦੇਸ਼ਕ ਪਰਿਸ਼ਦ ਦੇ ਗਠਨ ਅਤੇ ਉਸ ਦੀ ਉਚਿਤ ਕਾਜ-ਕਾਰਤਾ ਲਈ ਨਿਯਮ ਬਣਾਉਣਾ ਜਰੂਰੀ ਹੋਵੇ।

(2) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਨਾਗਾਲੈਂਡ ਰਾਜ ਦੇ ਬਣਨ ਦੀ ਤਰੀਕ ਤੋਂ ਦਸ ਸਾਲ ਦੀ ਮੁੱਦਤ ਲਈ ਜਾਂ ਅਜਿਹੀ ਹੋਰ ਮੁੱਦਤ ਲਈ ਜਿਹੀ ਰਾਜਪਾਲ, ਪ੍ਰਦੇਸ਼ਕ ਪਰਿਸ਼ਦ ਦੀ ਸਿਫ਼ਾਰਸ਼ ਤੇ ਲੋਗ ਅਧਿਸੂਚਨਾ ਦੁਆਰਾ ਇਸ ਨਮਿੱਤ ਉਲਿਖਤ ਕਰੇ,-

(ੳ) ਤਿਊਨਸਾਂਗ ਜਿਲ੍ਹੇ ਦਾ ਪ੍ਰਸ਼ਾਸਨ ਰਾਜਪਾਲ

Ministry of Law & Justice

ਦੁਆਰਾ ਚਲਾਇਆ ਜਾਵੇਗਾ ;

(ਅ) ਜਿੱਥੇ ਭਾਰਤ ਸਰਕਾਰ ਵਲੋਂ ਨਾਗਾਲੈਂਡ ਦੀ ਸਰਕਾਰ ਨੂੰ ਸਮੁੱਚੇ ਨਾਗਾਲੈਂਡ ਰਾਜ ਦੀਆਂ ਲੋੜਾਂ ਦੀ ਪੂਰਤੀ ਲਈ ਕੋਈ ਧਨ ਦਿੱਤਾ ਜਾਂਦਾ ਹੈ, ਰਾਜਪਾਲ ਸਵੈ-ਵਿਵੇਕ ਨਾਲ ਤਿਊਨਸਾਂਗ ਜਿਲ੍ਹੇ ਅਤੇ ਬਾਕੀ ਰਾਜ ਵਿਚਕਾਰ ਉਸ ਧਨ ਦੇ ਸਮਤਾਪੂਰਨ ਟਿੱਕਣ ਲਈ ਇੰਤਜ਼ਾਮ ਕਰੇਗਾ ;

(ੲ) ਨਾਗਾਲੈਂਡ ਦੇ ਵਿਧਾਨ-ਮੰਡਲ ਦਾ ਕੋਈ ਐਕਟ ਤਿਊਨਸਾਂਗ ਜਿਲ੍ਹੇ ਨੂੰ ਲਾਗੂ ਨਹੀਂ ਹੋਵੇਗਾ ਜੇਕਰ ਰਾਜਪਾਲ, ਪ੍ਰਦੇਸ਼ਕ ਪਰਿਸ਼ਦ ਦੀ ਸਿਫ਼ਾਰਸ਼ ਤੇ, ਲੋਕ ਅਧਿਸੂਚਨਾ ਦੁਆਰਾ ਅਜਿਹਾ ਨਿਦੇਸ਼ ਨ ਦੇਵੇ ਅਤੇ ਕਿਸੇ ਅਜਿਹੇ ਐਕਟ ਬਾਰੇ ਅਜਿਹਾ ਨਿਦੇਸ਼ ਦਿੰਦਿਆਂ ਹੋਇਆਂ ਰਾਜਪਾਲ ਇਹ ਨਿਦੇਸ਼ ਦੇ ਸਕੇਗਾ ਕਿ ਉਹ ਐਕਟ ਤਿਊਨਸਾਂਗ ਜਿਲ੍ਹੇ ਜਾਂ ਉਸ ਦੇ ਕਿਸੇ ਭਾਗ ਨੂੰ ਲਾਗੂ ਹੋਣ ਵਿਚ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਜਿਹੇ ਰਾਜਪਾਲ ਪ੍ਰਦੇਸ਼ਕ ਪਰਿਸ਼ਦ ਦੀ ਸਿਫ਼ਾਰਸ਼ ਤੇ ਉਲਿਖਤ ਕਰੇ, ਪ੍ਰਭਾਵੀ ਹੋਵੇਗਾ ;

ਪਰੰਤੂ ਇਸ ਉਪ-ਖੰਡ ਦੇ ਅਧੀਨ ਦਿੱਤਾ ਗਿਆ ਕੋਈ ਨਿਦੇਸ਼ ਇਸ ਤਰ੍ਹਾਂ ਦਿੱਤਾ ਜਾਂ ਸਕੇਗਾ ਕਿ ਉਸ ਦਾ ਅਤੀਤਦਰਸ਼ੀ ਪ੍ਰਭਾਵ ਹੋਵੇ ;

(ਸ)ਰਾਜਪਾਲ ਤਿਊਨਸਾਂਗ ਜਿਲ੍ਹੇ ਦੀ ਸ਼ਾਂਤੀ, ਪ੍ਰਗਤੀ ਅਤੇ ਚੰਗੇ ਸ਼ਾਸਨ ਲਈ ਵਿਨਿਯਮ ਬਣਾ ਸਕੇਗਾ ਅਤੇ ਇਸ ਤਰ੍ਹਾਂ ਬਣਾਏ ਗਏ ਕੋਈ ਵਿਨਿਯਮ ਸੰਸਦ ਦੇ ਕਿਸੇ ਐਕਟ ਜਾਂ ਕਿਸੇ ਹੋਰ ਕਾਨੂੰਨ ਜੋ ਉਸ ਜਿਲ੍ਹੇ ਨੂੰ ਤਤ-ਸਮੇਂ ਲਾਗੂ ਹੋਵੇ ਦਾ ਨਿਰਸਨ ਜਾਂ ਸੋਧ, ਜੇ ਜਰੂਰੀ ਹੋਵੇ, ਅਤੀਤਦਰਸ਼ੀ ਪ੍ਰਭਾਵ ਨਾਲ, ਕਰ ਸਕਣਗੇ ;

Ministry of Law & Justice

(ਹ) (i) ਨਾਗਾਲੈਂਡ ਦੀ ਵਿਧਾਨ ਸਭਾ ਵਿਚ ਤਿਊਨਸਾਂਗ ਜਿਲ੍ਹੇ ਦੀ ਪ੍ਰਤੀਨਿਧਤਾ ਕਰਦੇ ਮੈਂਬਰਾਂ ਵਿਚੋਂ ਇਸ ਮੁੱਖ ਮੰਤਰੀ ਦੀ ਸਲਾਹ ਤੇ ਰਾਜਪਾਲ ਦੁਆਰਾ ਤਿਊਨਸਾਂਗ ਰਾਰ-ਵਿਹਾਰ ਮੰਤਰੀ ਨਿਯੁਕਤ ਕੀਤਾ ਜਾਵੇਗਾ ਅਤੇ ਮੁੱਖ-ਮੰਤਰੀ ਆਪਣੀ ਸਲਾਹ ਦੇਣ ਵਿਚ ਉਪਰੋਕਤ ਮੈਂਬਰਾਂ ਦੀ ਬਹੁਗਿਣਤੀ ਦੀ ਸਿਫਾਰਸ਼ ਤੇ ਕਾਰਜ ਕਰੇਗਾ [11] ;

(ii)ਤਿਊਨਸਾਂਗ ਕਾਰ-ਵਿਹਾਰ ਮੰਤਰੀ ਤਿਊਨਸਾਂਗ ਜਿਲ੍ਹੇ ਸੰਬੰਧੀ ਸਭ ਮਾਮਲੇ ਨਿਪਟਾਵੇਗਾ, ਅਤੇ ਉਨ੍ਹਾਂ ਬਾਰੇ ਰਾਜਪਾਲ ਪਾਸ ਉਸ ਦੀ ਸਿੱਧੀ ਪਹੁੰਚ ਹੋਵੇਗੀ, ਪਰ ਉਹ ਉਨ੍ਹਾਂ ਬਾਰੇ ਮੁੱਖ-ਮੰਤਰੀ ਨੂੰ ਜਾਣੂ ਕਰਾਉਂਦਾ ਰਹੇਗਾ ;

(ਕ) ਇਸ ਖੰਡ ਦੇ ਪੂਰਵਗਾਮੀ ਉਪਬੰਧਾ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਤਿਊਨਸਾਂਗ ਜਿਲ੍ਹੇ ਸਬੰਧੀ ਸਭ ਮਾਮਲਿਆਂ ਤੇ ਅੰਤਮ ਫੈਸਲਾ ਰਾਜਪਾਲ ਦੁਆਰਾ ਸਵੈ-ਵਿਵੇਕ ਨਾਲ ਕੀਤਾ ਜਾਵੇਗਾ ;

(ਖ) ਅਨੁਛੇਦ 54 ਅਤੇ 55 ਅਤੇ ਅਨੁਛੇਦ 80 ਦੇ ਖੰਡ(4) ਵਿਚ, ਕਿਸੇ ਰਾਜ ਦੀ ਵਿਧਾਨ ਸਭਾ ਦੇ ਚੁਣੇ ਮੈਂਬਰਾਂ ਪ੍ਰਤਿ ਜਾਂ ਅਜਿਹੇ ਰਹੇਕ ਮੈਂਬਰ ਦੇ ਪ੍ਰਤਿ ਹਵਾਲਿਆਂ ਵਿਚ ਇਸ ਅਨੁਛੇਦ ਦੇ ਅਧੀਨ ਸਤਾਪਤ ਪ੍ਰਦੇਸ਼ਕ ਪਰਿਸ਼ਦ ਦੁਆਰਾ ਚੁਣੇ ਗਏ ਨਾਗਾਲੈਂਡ ਦੀ ਵਿਧਾਨ ਸਭਾ ਦੇ ਮੈਂਬਰਾਂ ਜਾਂ ਮੈਬਰ ਦੇ ਪ੍ਰਤਿ ਹਵਾਲੇ

---

[11] ਸੰਵਿਧਾਨ (ਕਠਨਾਈਆਂ ਦੂਰ ਕਰਨ) ਹੁਕਮ ਨੰ. : ਦੇ ਪਾਰਾ 2 ਵਿਚ (1.12.1963 ਤੋਂ ਲੈ ਕੇ) ਉਪਬੰਧ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ ਦਾ ਅਨੁਛੇਦ 371 ਉ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਉਸ ਦੇ ਖੰਡ (2) ਕੇ ਉਪਖੰਡ () ਤੇ ਪਾਰਾ ਵਿਚ ਹੇਠ-ਲਿਖਿਆ ਪਰੰਤੁਕ ਜੋੜ ਦਿਤਾ ਗਿਆ ਹੋਵੇ, ਅਰਥਾਤ :-

"ਪਰੰਤੁ ਰਾਜਪਾਲ, ਮੁੱਖ ਮੰਤਰੀ ਦੀ ਸਲਾਹ ਤੇ, ਕਿਸੇ ਵਿਅਕਤੀ ਨੂੰ ਅਜਿਹੇ ਸਮੇਂ ਤਕ, ਜਦ ਤਕ ਨਾਗਾਲੈਂਡ ਦੀ ਵਿਧਾਨ ਸਭਾ ਵਿਚ ਤਿਊਨਸਾਂਗ ਜਿਲੇ ਨੂੰ ਟਿੱਕੀਆ ਥਾਵਾਂ ਭਰਨ ਲਈ ਕਾਨੂੰਨ ਦੀ ਅਨੁਸਾਰਤ ਵਿਚ ਵਿਅਕਤੀ ਨਹੀਂ ਚੁਣੇ ਜਾਂਦੇ, ਤਿਊਨਸਾਂਗ ਕਾਰ-ਵਿਹਾਰ ਮੰਤਰੀ ਵਜੋਂ ਕਾਰਜ ਕਰਨ ਲਈ ਨਿਯੁਕਤ ਕਰ ਸਕੇਗਾ ।"

ਸ਼ਾਮਲ ਹੋਣਗੇ।

(ਗ) ਅਨੁਛੇਦ 170 ਵਿਚ-

(i) ਖੰਡ (1), ਨਾਗਾਲੈਂਡ ਦੀ ਵਿਧਾਨ-ਸਭਾ ਦੇ ਸਬੰਧ ਵਿਚ, ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਸ਼ਬਦ "ਸੱਠ" ਦੀ ਥਾਂਵੇ ਸ਼ਬਦ "ਛਿਤਾਲਈ" ਰੱਖ ਦਿਤਾ ਗਿਆ ਹੋਵੇ ;

(ii) ਉਕਤ ਖੰਡ ਵਿਚ, ਰਾਜ ਵਿਚ ਪ੍ਰਦੇਸ਼ਕ ਚੋਣ-ਹਲਕਿਆਂ ਤੋਂ ਸਿੱਧੀ ਚੋਣ ਪ੍ਰਤਿ ਹਵਾਲੇ ਵਿਚ ਇਸ ਅਨੁਛੇਦ ਦੇ ਅਧੀਨ ਸਥਾਪਤ ਪ੍ਰਦੇਸ਼ਕ ਪਰਿਸ਼ਦ ਦੇ ਮੈਂਬਰਾਂ ਦੁਆਰਾ ਚੋਣ ਸ਼ਾਮਲ ਹੋਵੇਗੀ ;

(iii) ਖੰਡ(2) ਅਤੇ(3)ਵਿਚ, ਪ੍ਰਦੇਸ਼ਕ ਚੋਣ ਹਲਕਿਆਂ ਦੇ ਪ੍ਰਤਿ ਹਵਾਲਿਆਂ ਦਾ ਮਤਲਬ ਹੋਵੇਗਾ ਕੋਹਿਮਾ ਅਤੇ ਮੈਕੋਕਚੁੰਗ ਜਿਲ੍ਹੀਆਂ ਵਿਚ ਪ੍ਰਦੇਸ਼ਕ ਚੋਣ ਹਲਕਿਆਂ ਤੇ ਪ੍ਰਤਿ ਹਵਾਲੇ।

(3) ਇਸ ਅਨੁਛੇਦ ਦੇ ਪੂਰਵਗਾਮੀ ਉਪਬੰਧਾਂ ਵਿਚੋਂ ਕਿਸੇ ਨੂੰ ਪ੍ਰਭਾਵੀ ਬਣਾਉਣ ਵਿਚ ਜੇ ਕੋਈ ਕਠਨਾਈ ਪੈਦਾ ਹੋਵੇ, ਰਾਸ਼ਟਰਪਤੀ ਹੁਕਮ ਦੁਆਰਾ ਕੋਈ ਅਜਿਹੀ ਗੱਲ (ਜਿਸ ਵਿਚ ਕਿਸੇ ਹੋਰ ਅਨੁਚੇਦ ਦਾ ਕੋਈ ਅਨੁਕੂਲਣ ਜਾਂ ਰੂਪਭੇਦ ਕਰਨਾ ਸ਼ਾਮਲ ਹੈ) ਕਰ ਸਕੇਗਾ ਜੋ ਉਸ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਉਸ ਨੂੰ ਜ਼ਰੂਰੀ ਪਰਤੀਤ ਹੋਵੇ।

ਪਰੰਤੂ ਨਾਗਾਲੈਂਡ ਰਾਜ ਦੇ ਬਣਨ ਦੀ ਤਰੀਕ ਤੋਂ ਤਿੰਨ ਸਾਲ ਦੇ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਦਿੱਤਾ ਜਾਵੇਗਾ।

ਵਿਆਖਿਆ - ਇਸ ਅਨੁਛੇਦ ਵਿਚ, ਕੋਹਿਮਾ, ਮਕੋਕਚੁੰਗ ਅਤੇ ਤਿਊਨਸਾਂਗ ਜਿਲ੍ਹਿਆਂ ਦੇ ਉਹੀ ਅਰਥ ਹੋਣਗੇ ਜੋ ਨਾਗਾਲੈਂਡ ਰਾਜ ਐਕਟ, 1962 ਵਿਚ ਹਨ।

Ministry of Law & Justice

**ਆਸਾਮ ਰਾਜ ਬਾਰੇ ਵਿਸ਼ੇਸ਼ ਉਪਬੰਧ।**

[12][371 ਅ. ਇਸ ਸੰਵਿਧਾਨ ਵਿਚ, ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਆਸਾਮ ਰਾਜ ਬਾਰੇ ਕੀਤੇ ਹੁਕਮ ਦੁਆਰਾ ਛੇਵੀਂ ਅਨੁਸੂਚੀ ਦੇ ਪੈਰਾ 20 ਨਾਲ ਲੱਗੀ ਸਾਰਣੀ ਦੇ [13][ਭਾਗ I]ਵਿਚ ਉਲਿਖਤ ਕਬਾਇਲੀ ਖੇਤਰਾਂ ਤੋਂ ਚੁਣੇ ਗਏ ਵਿਧਾਨ ਸਭਾ ਦੇ ਮੈਂਬਰਾਂ ਤੋਂ ਅਤੇ ਉਸ ਸਭਾ ਦੇ ਉੱਨੇ ਮੈਂਬਰਾਂ ਤੋਂ ਜਿੰਨੇ ਉਸ ਹੁਕਮ ਵਿਚ ਉਲਿਖਤ ਕੀਤੇ ਜਾਣ, ਮਿਲਕੇ ਬਣਨ ਵਾਲੀ ਰਾਜ਼ ਦੀ ਵਿਧਾਨ ਸਭਾ ਦੀ ਇਕ ਕਮੇਟੀ ਦੇ ਗਠਨ ਅਤੇ ਕਾਜਕਾਰ ਲਈ ਅਤੇ ਅਜਿਹੀ ਕਮੇਟੀ ਦੇ ਗਠਨ ਅਤੇ ਉਚਿਤ ਕਾਜਕਾਰਤਾ ਲਈ ਉਸ ਸਭਾ ਦੇ ਜ਼ਾਬਤੇ ਦੇ ਨਿਯਮਾਂ ਵਿਚ ਕੀਤੇ ਜਾਣ ਵਾਲੇ ਰੂਪਭੇਦਾਂ ਲਈ ਉਪਬੰਧ ਕਰ ਸਕੇਗਾ।

**ਮਨੀਪੁਰ ਰਾਜ ਬਾਰੇ ਵਿਸ਼ੇਸ਼ ਉਪਬੰਧ।**

[14][371 ੲ(1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ ਆਸਾਮ ਰਾਜ ਬਾਰੇ ਕੀਤੇ ਹੁਕਮ ਦੁਆਰਾ, ਰਾਜ ਦੀ ਵਿਧਾਨ ਸਭਾ ਦੀ ਅਜਿਹੀ ਕਮੇਟੀ ਦੇ ਗਠਨ ਅਤੇ ਕਾਜ-ਕਾਰਾਂ ਲਈ ਜੋ ਉਸ ਰਾਜ ਦੇ ਪਹਾੜੀ ਖੇਤਰਾਂ ਤੋਂ ਚੁਣੇ ਗਏ ਉਸ ਸਭਾ ਦੇ ਮੈਂਬਰਾਂ ਤੋਂ ਮਿਲਕੇ ਬਣੇਗੀ, ਰਾਜ ਦੀ ਸਰਕਾਰ ਦੇ ਕਾਰੋਬਾਰ ਦੇ ਨਿਯਮਾਂ ਵਿਚ ਅਤੇ ਰਾਜ ਦੀ ਵਿਧਾਨ-ਸਭਾ ਦੇ ਜਾਬਤੇ ਤੇ ਨਿਯਮਾਂ ਵਿਚ ਕੀਤੇ ਜਾਣ ਵਾਲੇ ਰੂਪਭੇਦਾਂ ਲਈ ਅਤੇ ਅਜਿਹੀ ਕਮੇਟੀ ਦੀ ਉਚਿਤ ਕਾਰਜ-ਕਾਰਤਾ ਸੁਨਿਸ਼ਚਿਤ ਕਰਨ ਦੇ ਮੰਤਵ ਨਾਲ ਰਾਜਪਾਲ ਦੀ ਕਿਸੇ ਵਿਸ਼ੇਸ ਜਿੰਮੇਵਾਰੀ ਲਈ ਉਪਬੰਧ ਕਰ ਸਕੇਗਾ।

(2) ਰਾਜਪਾਲ ਹਰ ਸਾਲ, ਜਾਂ ਜਦ ਕਦੇ ਰਾਸ਼ਟਰਪਤੀ ਦੁਆਰਾ ਇਸ ਤਰ੍ਹਾਂ ਲੋੜਿਆ ਜਾਵੇ, ਮਨੀਪੁਰ ਦੇ ਰਾਜ ਵਿਚ ਪਹਾੜੀ ਖੇਤਰਾਂ ਤੇ ਪ੍ਰਸ਼ਾਸਨ ਬਾਬਤ ਰਾਸ਼ਟਰਪਤੀ ਨੂੰ ਰਿਪੋਟ

Ministry of Law & Justice

---

[12] ਸੰਵਿਧਾਨ (ਬਾਇਵਾਂ ਸੋਧ) ਐਕਟ, 1969 ਦੀ ਧਾਰਾ 4 ਦੁਆਰਾ ਅੰਤਰਸਤਾਪਤ।

[13] ਪੂਰਵੋਤਰ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾਰਾ 71 ਦੁਆਰਾ (21.1.1972 ਤੋਂ ਲੈ ਕੇ) ਭਾਗ ਕ ਦੀ ਥਾਵੇਂ ਰੱਖਿਆ ਗਿਆ।

[14] ਸੰਵਿਧਾਨ (ਸਤਾਇਵੀਂ ਸੋਧ ) ਐਕਟ, 1971, ਧਾਰਾ 5 ਦੁਆਰਾ (15.2.1972 ਤੋਂ ਲੈ ਕੇ) ਅੰਤਰਸਥਾਪਤ।

ਦੇਵੇਗਾ ਅਤੇ ਸੰਘ ਦੀ ਕਾਰਜ-ਪਾਲਕ ਸ਼ਕਤੀ ਉਕਤ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਰਾਜ ਨੂੰ ਹਦਾਇਤਾਂ ਦੇਣ ਤੱਕ ਵਿਸਤਰਿਤ ਹੋਵੇਗੀ ।

ਵਿਆਖਿਆ.- ਇਸ ਅਨੁਛੇਦ ਵਿਚ ਪਦ "ਪਹਾੜੀ ਖੇਤਰਾਂ " ਦਾ ਮਤਲਬ ਹੈ ਅਜਿਹੇ ਖੇਤਰ ਜਿਹੇ ਰਾਸ਼ਟਰਪਤੀ, ਹੁਕਮ ਦੁਆਰਾ, ਪਹਾੜੀ ਖੇਤਰ ਹੋਣਾ ਐਲਾਨ ਕਰੇ ।]

[15]ਆਂਧਰ ਪ੍ਰਦੇਸ਼ ਰਾਜ ਜਾਂ ਤੇਲੰਗਾਨਾਂ ਰਾਜਾਂ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ ।

[16][371 ਸ. [17](1) ਰਾਸ਼ਟਰਪਤੀ, ਆਂਧਰ ਪ੍ਰਦੇਸ਼ ਰਾਜ ਜਾਂ ਤੇਲੰਗਾਨਾਂ ਰਾਜ ਦੇ ਸੰਬੰਧ ਵਿਚ ਕੀਤੇ ਗਏ ਹੁਕਮ ਦੁਆਰਾ, ਹਰੇਕ ਰਾਜ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਦੇ ਵੱਖ ਵੱਖ ਲੋਕਾਂ ਦੇ ਲਈ ਲੋਕ ਨਿਯੋਜਨ ਦੇ ਵਿਸ਼ੇ ਵਿਚ ਅਤੇ ਸਿਖਿਆ ਦੇ ਵਿਸ਼ੇ ਵਿਚ ਸਮਤਾਪੂਰਨ ਅਵਸਰਾਂ ਅਤੇ ਸਹੂਲਤਾਂ ਦਾ ਉਪਬੰਧ ਕਰ ਸਕੇਗਾ ਅਤੇ ਦੋਨਾਂ ਰਾਜਾਂ ਦੇ ਭਿੰਨ ਭਿੰਨ ਭਾਗਾਂ ਦੇ ਲਈ ਭਿੰਨ-ਭਿੰਨ ਉਪਬੰਧ ਕੀਤੇ ਜਾ ਸਕਣਗੇ ।

(2)ਖੰਡ(1) ਅਧੀਨ ਕੀਤਾ ਗਿਆ ਹੁਕਮ, ਖਾਸ ਕਰਕੇ,--

(ੳ) ਰਾਜ ਸਰਕਾਰ ਤੋਂ ਲੋੜ ਸਕੇਗਾ ਕਿ ਉਹ ਰਾਜ ਦੀ ਸਿਵਲ ਸੇਵਾ ਵਿਚਲੀਆਂ ਆਸਾਮੀਆਂ ਦੇ ਕਿਸੇ ਵਰਗ ਜਾਂ ਵਰਗਾਂ ਨੂੰ, ਜਾਂ ਰਾਜ ਦੇ ਅਧੀਨ ਸਿਵਲ ਆਸਾਮੀਆਂ ਦੇ ਕਿਸੇ ਵਰਗ ਜਾਂ ਵਰਗਾਂ ਨੂੰ ਰਾਜ ਦੇ ਵੱਖ ਵੱਖ ਭਾਂਗਾ ਲਈ ਵੱਖ ਵੱਖ ਸਥਾਨਕ ਕੈਡਰਾਂ ਵਿਚ ਸੰਗਠਤ ਕਰੇ ਅਤੇ ਅਜਿਹੇ ਸਿਧਾਂਤਾ ਤੇ ਜਾਬਤੇ ਦੀ ਅਨੁਸਾਰਤਾ ਵਿਚ, ਜਿਹਾ ਹੁਕਮ ਵਿਚ ਉਲਿਖਤ ਕੀਤਾ ਜਾਵੇ, ਅਜਿਹੀਆਂ ਆਸਾਮੀਆ ਧਾਰਨ ਕਰਨ ਵਾਲੇ

[15] ਸੰਵਿਧਾਨ (ਬਤੀਵੀਂ ਸੋਧ) ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 97 ਦੁਆਰਾ (2.6.2014) ਤੋਂ ਰੱਖਿਆ ਗਿਆ

[16] ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 97 ਦੁਆਰਾ "ਆਂਧਰ ਪ੍ਰਦੇਸ਼ ਰਾਜ"(2.6.2014) ਦੀ ਥਾਵੇਂ ਰੱਖਿਆ ਗਿਆ ।

[17] ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 97 ਦੁਆਰਾ (2.6.2014) ਦੀ ਥਾਵੇਂ ਰੱਖਿਆ ਗਿਆ ।



Ministry of Law & Justice

ਵਿਅਕਤੀ ਇਸ ਤਰ੍ਹਾਂ ਸੰਗਠਤ ਸਥਾਨਕ ਕੈਡਰਾਂ ਨੂੰ ਅਲਾਟ ਕਰੇ;

(ਅ) ਰਾਜ ਦਾ ਕੋਈ ਭਾਗ ਜਾਂ ਦੇ ਭਾਗ ਉਲਿਖਤ ਕਰ ਸਕੇਗਾ ਜੋ–

(i) ਰਾਜ ਸਰਕਾਰ ਦੇ ਅਧੀਨ ਕਿਸੇ ਸਥਾਨਕ ਕੈਡਰ (ਭਾਵੇਂ ਇਸ ਅਨੁਛੇਦ ਦੇ ਅਧੀਨ ਹੁਕਮ ਦੀ ਅਨੁਸਾਰਤਾ ਵਿਚ ਸੰਗਠਤ ਕੀਤਾ ਗਿਆ ਹੋਵੇ ਜਾਂ ਹੋਰਵੇਂ ਗਠਤ ਕੀਤਾ ਗਿਆ ਹੋਵੇ) ਵਿਚ ਆਸਾਮੀਆਂ ਤੇ ਸਿਧੀ ਭਰਤੀ ਲਈ

(ii) ਰਾਜ ਦੇ ਅੰਦਰ ਕਿਸੇ ਸਥਾਨਕ ਸੱਤਾਧਾਰੀ ਦੇ ਅਧੀਨ ਕਿਸੇ ਕੈਡਰ ਵਿਚ ਆਸਾਮੀਆਂ ਤੇ ਸਿੱਧੀ ਭਰਤੀ ਲਈ ;ਅਤੇ

(iii)ਰਾਜ ਦੇ ਅੰਦਰ ਕਿਸੇ ਯੂਨੀਵਰਸਿਟੀ ਜਾਂ ਕਿਸੇ ਹੋਰ ਸਿਖਿਅਕ ਸੰਸਥਾ, ਜੋ ਰਾਜ ਸਰਕਾਰ ਦੇ ਨਿਯੰਤਰਨ ਦੇ ਤਾਬੇ ਹੈ, ਵਿਚ ਦਾਖਲੇ ਦੇ ਪ੍ਰਯੋਜਨਾਂ ਲਈ ;

ਸਥਾਨਕ ਖੇਤਰ ਸਮਝੇ ਜਾਣਗੇ ।

(ੲ) ਉਹ ਹੱਦ ਜਿਸ ਤੱਕ, ਉਹ ਢੰਗ ਜਿਸ ਵਿਚ ਅਤੇ ਸ਼ਰਤਾਂ ਜਿਨ੍ਹਾਂ ਦੇ ਤਾਬੇ ਅਜਿਹੇ ਕੈਡਰ, ਯੂਨਿਵਰਸਿਟੀ ਜਾਂ ਹੋਰ ਸਿਖਿਅਕ ਸੰਸਥਾ, ਜਿਹੀ ਕਿ ਸੂਰਤ ਹੋਵੇ, ਦੇ ਸੰਬੰਧ ਵਿਚ ਅਜਿਹੇ ਉਮੀਦਵਾਰਾਂ, ਜਿਨ੍ਹਾਂ ਨੇ ਕਿਸੇ ਮੁੱਦਤ ਲਈ ਹੁਕਮ ਵਿਚ ਉਲਿਖਤ ਸਥਾਨਕ ਖੇਤਰ ਵਿਚ ਨਿਵਾਸ ਜਾਂ ਅਧਿਐਨ ਕੀਤਾ ਹੈ, ਨੂੰ–

(i) ਉਪ-ਖੰਡ(ਅ)ਵਿਚ ਹਵਾਲਾ ਦਿੱਤੇ ਅਜਿਹੇ ਸਥਾਨਕ ਕੈਡਰ ਵਿਚ ਜੋ ਇਸ ਨਮਿੱਤ ਹੁਕਮ ਵਿਚ

Ministry of Law & Justice

ਉਲਿਖਤ ਕੀਤਾ ਜਾਵੇ, ਆਸਾਮੀਆਂ ਤੇ ਸਿੱਧੀ ਭਰਤੀ ਦੇ ਮਾਮਲੇ ਵਿਚ ;

(ii) ਉਪ-ਖੰਡ (ਅ) ਵੱਚ ਹਵਾਲਾ ਦਿੱਤੀ ਕਿਸੇ ਅਜਿਹੀ ਯੂਨੀਵਰਸਿਟੀ ਜਾਂ ਹੋਰ ਸਿਖਿਅਕ ਸੰਸਥਾ ਜੋ ਇਸ ਨਮਿੱਤ ਹੁਕਮ ਵਿਚ ਉਲਿਕਤ ਕੀਤੀ ਜਾਵੇ ਵਿਚ ਦਾਖਲੇ ਦੇ ਮਾਮਲੇ ਵਿਚ;

ਤਰਜੀਹ ਦਿੱਤੀ ਜਾਂ ਸਕੇਗੀ ਜਾਂ ਦੇ ਪੱਖ ਵਿਚ ਰਾਖਵਾਂਕਰਣ ਕੀਤਾ ਜਾਂ ਸਕੇਗਾ ।

(3) ਰਾਸ਼ਟਰਪਤੀ, ਹੁਕਮ ਦੁਆਰਾ, ਹੇਠ ਲਿਖੇ ਮਾਮਲਿਆਂ ਦੇ ਬਾਰੇ [18][ਆਂਧਰ ਪ੍ਰਦੇਸ਼ ਅਤੇ ਤੇਲੰਗਾਨਾਂ ਰਾਜ ਦੇ ਲਈ] ਇਕ ਪ੍ਰਸ਼ਾਸ਼ਨੀ ਟ੍ਰਿਬਿਊਨਲ ਦੇ ਗਠਨ ਲਈ ਉਪਬੰਧ ਕਰ ਸਕੇਗਾ ਜੋ ਅਜਿਹੀ ਅਧਿਕਾਰਤਾ, ਸ਼ਕਤੀ ਅਤੇ ਸੱਤਾ ਜਿਸ ਵਿਚ ਕੋਈ ਅਧਿਕਾਰਤਾ, ਸ਼ਕਤੀ ਅਤੇ ਸੱਤਾ ਸ਼ਾਮਿਲ ਹੈ ਜੋ ਸੰਵਿਧਾਨ (ਬਤੀਵੀਂ ਸੋਧ) ਐਕਟ, 1973 ਦੇ ਅਰੰਭ ਤੋਂ ਤੁਰੰਤ ਪਹਿਲਾਂ ਕਿਸੇ ਅਦਾਲਤ (ਸਰਵਉੱਚ ਅਦਾਲਤ ਦੋਂ ਬਿਨਾਂ ਹੋਰ) ਜਾਂ ਕਿਸੇ ਟ੍ਰਿਬਿਊਨਲ ਜਾਂ ਹੋਰ ਸੱਤਾਧਾਰੀ ਦੁਆਰਾ ਵਰਤੋਂ ਯੋਗ ਸੀ ਕਿ ਵਰਤੋਂ ਕਰ ਸਕੇਗਾ,ਜਿਹੀ ਕਿ ਹੁਕਮ ਵਿਚ ਉਲਿਖਤ ਕੀਤੀ ਜਾਵੇ, ਅਰਥਾਤ]

(ੳ)ਰਾਜ ਦੀ ਕਿਸੇ ਸਿਵਲ ਸੇਵਾ ਵਿਚ ਅਜਿਹੇ ਵਰਗ ਜਾਂ ਵਰਗਾਂ ਦੀਆਂ ਆਸਾਮੀਆਂ ਜਾਂ ਰਾਜ ਦੇ ਅਧੀਨ ਸਿਵਲ ਆਸਾਮੀਆਂ ਦੇ ਅਜਿਹੇ ਵਰਗ ਜਾਂ ਵਰਗਾਂ ਜਾਂ ਰਾਜ ਦੇ ਅੰਦਰ ਕਿਸੇ ਸਥਾਨਕ ਸੱਤਾਧਾਰੀ ਦੇ ਨਿਯੰਤਰਨ ਅਧੀਨ ਆਸਾਮਿਆਂ ਦੇ ਵਰਗ ਜਾਂ ਵਰਗਾਂ ਵਿਚ, ਜਿਹੇ ਹੁਕਮ ਵਿਚ ਉਲਖਤ ਕੀਤੇ

[18] ਆਂਧਰਾ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 97 ਦੁਆਰਾ "ਆਂਧਰ ਪ੍ਰਦੇਸ਼ ਰਾਜ"(2.6.2014) ਦੀ ਥਾਵੇਂ ਰੱਖਿਆ ਗਿਆ ।

Ministry of Law & Justice

ਜਾਣ,ਨਿਯੁਕਤੀ, ਅਲਾਟਮੈਂਟ ਜਾਂ ਤਰੱਕੀ ;

(ਅ) ਰਾਜ ਦੀ ਕਿਸੇ ਸਿਵਲ ਸੇਵਾ ਵਿਚ ਅਜਿਹੇ ਵਰਗ ਜਾਂ ਵਰਗਾਂ ਦੀਆਂ ਆਸਾਮੀਆਂ ਜਾਂ ਰਾਜ ਦੇ ਅਧੀਨ ਸਿਵਲ ਆਸਾਮੀਆਂ ਦੇ ਅਜਿਹੇ ਵਰਗ ਜਾਂ ਵਰਗਾਂ ਜਾਂ ਰਾਜ ਦੇ ਅੰਦਰ ਕਿਸੇ ਸਥਾਨਕ ਸੱਤਾਧਾਰੀ ਦੇ ਨਿਯੰਤਰਨ ਅਧੀਨ ਆਸਾਮੀਆਂ ਦੇ ਵਰਗ ਜਾਂ ਵਰਗਾਂ ਵਿਚ ਜਿਹੇ ਹੁਕਮ ਵਿਚ ਉਲਖਤ ਕੀਤੇ ਜਾਣ, ਵਿਚ ਨਿਯੁਕਤ ਹੋਏ, ਨੂੰ ਆਲਾਟ ਹੋਏ ਜਾਂ ਤਰੱਕੀ-ਪ੍ਰਾਪਤ ਵਿਅਕਤੀਆਂ ਦੀ ਸੀਨੀਅਰਤਾ ;

(ਇ) ਰਾਜ ਦੀ ਕਿਸੇ ਸਿਵਲ ਸੇਵਾ ਵਿਚ ਆਸਾਮੀਆਂ ਦੇ ਅਜਿਹੇ ਵਰਗ ਜਾਂ ਵਰਗਾਂ ਜਾਂ ਰਾਜ ਦੇ ਅਧੀਨ ਸਿਵਲ ਆਸਾਮੀਆਂ ਦੇ ਅਜਿਹੇ ਵਰਗ ਜਾਂ ਵਰਗਾਂ ਜਾਂ ਰਾਜ ਦੇ ਅੰਦਰ ਕਿਸੇ ਸਥਾਨਕ ਸੱਤਾਧਾਰੀ ਦੇ ਨਿਯੰਤਰਨ ਅਧੀਨ ਆਸਾਮੀਆਂ ਦੇ ਅਜਿਹੇ ਵਰਗ ਜਾਂ ਵਰਗਾਂ ਵਿਚ ਨਿਯੁਕਤ ਹੋਏ, ਨੂੰ ਅਲਾਟ ਹੋਏ ਜਾਂ ਵਿਚ ਤਰੱਕੀ ਪ੍ਰਾਪਤ ਵਿਅਕਤੀਆਂ ਦੀ ਸੇਵਾ ਅਜਿਹੀਆਂ ਹੋਰ ਸ਼ਰਤਾਂ ਜਿਹੀਆਂ ਹੁਕਮ ਵਿਚ ਉਲਿਖਤ ਕੀਤੀਆਂ ਜਾਣ।

(4) ਖੰਡ (3) ਦੇ ਅਧੀਨ–

(ੳ) ਕੀਤਾ ਗਿਆ ਕੋਈ ਹੁਕਮ ਪ੍ਰਸ਼ਾਸਨੀ ਟ੍ਰਿਬਿਊਨਲ ਨੂੰ ਆਪਣੀ ਅਧਿਕਾਰਤਾ ਦੇ ਅੰਦਰ ਕਿਸੇ ਮਾਮਲੇ ਨਾਲ ਸੰਬੰਧਤ ਸ਼ਿਕਾਇਤ ਦੂਰ ਕਰਨ ਲਈ ਅਜਿਹੀਆਂ ਪ੍ਰਤੀ ਬੇਨਤੀਆਂ. ਜਿਹੀਆਂ ਰਾਸ਼ਟਰਪਤੀ ਆਪਣੇ ਹੁਕਮ ਵਿਚ ਉਲਿਖਤ ਕਰੇ, ਪ੍ਰਾਪਤ ਕਰਨ ਅਤੇ ਉਨ੍ਹਾਂ ਉਤੇ ਅਜਿਹੇ ਹੁਕਮ ਕਰਨ ਲਈ, ਜਿਹੇ ਕਿ ਪ੍ਰਸ਼ਾਸਨੀ ਟ੍ਰਿਬਿਊਨਲ ਉਚਿਤ ਸਮਝੇ, ਅਖਤਿਆਰਤ ਕਰ ਸਕੇਗਾ ;

(ਅ) ਕੀਤੇ ਗਏ ਹੁਕਮ ਵਿਚ ਪ੍ਰਸ਼ਾਸਨੀ ਟ੍ਰਿਬਿਊਨਲ



Ministry of Law & Justice

ਦੀਆਂ ਸ਼ਕਤੀਆਂ ਅਤੇ ਸੱਤਾਵਾਂ ਅਤੇ ਜਾਬਤੇ ਦੇ ਬਾਰੇ ਅਜਿਹੇ ਉਪਬੰਧ (ਜਿਸ ਵਿਚ ਪ੍ਰਸ਼ਾਸਨੀ ਟ੍ਰਿਬਿਊਨਲ ਦੇ ਆਪਣੇ ਅਪਮਾਨ ਲਈ ਸਜ਼ਾ ਦੇਣ ਬਾਰੇ ਉਪਬੰਧ ਸ਼ਾਮਲ ਹਨ), ਜਿਹੇ ਰਾਸ਼ਟਰਪਤੀ ਜ਼ਰੂਰੀ ਸਮਝੇ ਦਰਜ ਹੋ ਸਕਣਗੇ ;

(ਇ) ਕੀਤਾ ਗਿਆ ਕੋਈ ਹੁਕਮ ਕਾਰਵਾਈਆਂ ਦੇ ਅਜਿਹੇ ਵਰਗਾਂ ਨੂੰ ਜੋ ਹੁਕਮ ਵਿਚ ਉਲਿਖਤ ਕੀਤੇ ਜਾਣ, ਜੋ ਅਜਿਹੇ ਹੁਕਮ ਦੇ ਅਰੰਭ ਤੋਂ ਤੁਰੰਤ ਪਹਿਲਾਂ ਕਿਸੇ ਅਦਾਲਤ (ਸਰਵ-ਉੱਚ ਅਦਾਲਤ ਤੋਂ ਬਿਨਾਂ ਹੋਰ) ਜਾਂ ਟ੍ਰਿਬਿਊਨਲ ਜੋ ਹੋਰ ਸੱਤਾਧਾਰੀ ਦੇ ਅੱਗੇ ਚਲ ਰਹੇ ਸਨ ਪ੍ਰਸ਼ਾਸਨੀ ਟ੍ਰਿਬਿਊਨਲ ਦੀ ਅਧਿਕਾਰਿਤਾ ਤੇ ਅੰਦਰ ਮਾਮਲਿਆਂ ਨਾਲ ਸੰਬੰਧਤ ਕਾਰਵਾਈਆਂ ਹੋਣ ਕਰਕੇ ਉਸ ਪਾਸ ਬਦਲਣ ਦਾ ਉਪਬੰਧ ਕਰ ਸਕੇਗਾ ;

(ਸ) ਕੀਤੇ ਗਏ ਕਿਸੇ ਹੁਕਮ ਵਿਚ ਅਜਿਹੇ ਅਨੁਪੂਰਕ ਅਨੁਸੰਗਕ ਅਤੇ ਪਰਿਣਾਮਕ ਉਪਬੰਧ (ਜਿਸ ਵਿਚ ਫ਼ੀਸਾਂ ਬਾਬਤ ਅਤੇ ਮਿਆਦ, ਗਵਾਹੀ ਜਾਂ ਤਤਸਮੇਂ ਨਾਫ਼ਜ ਕਿਸੇ ਕਾਨੂੰਨ ਦੇ ਕਿਸੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਲਾਗੂ ਹੋਣ ਬਾਬਤ ਉਪਬੰਧ ਸ਼ਾਮਲ ਹਨ) ਦਰਜ ਹੋ ਸਕਣਗੇ, ਜਿਹੇ ਰਾਸ਼ਟਰਪਤੀ ਜਰੂਰੀ ਸਮਝੇ ।

[19](5) ਕਿਸੇ ਮਾਮਲੇ ਦਾ ਅੰਤਰ ਨਿਬੇੜਾ ਕਰਦਾ ਪ੍ਰਸ਼ਾਸਨੀ ਟ੍ਰਿਬੁਊਨਲ ਦਾ ਹੁਕਮ, ਰਾਜ ਸਰਕਾਰ ਪੁਸ਼ਟੀ ਕੀਤੀ ਜਾਣ ਤੇ ਜਾਂ ਉਸ ਤਰੀਕ ਤੋਂ, ਜਿਸ ਨੂੰ ਹੁਕਮ ਕੀਤਾ ਗਿਆ ਹੈ, ਤਿੰਨ ਮਹੀਨੇ ਗੁਜਰਨ ਤੇ, ਜੋ ਵੀ ਪਹਿਲਾਂ ਹੋਵੇ, ਪ੍ਰਭਾਵੀ ਹੋਵੇਗਾ

ਪਰੰਤੂ ਰਾਜ ਸਰਕਾਰ, ਲਿਖਤੀ ਰੂਪ ਵਿਚ ਅਤੇ ਉਸ ਵਿਚ

[19] ਸਰਬ ਉਚ ਅਦਾਲਤ ਨੇ ਸ੍ਰੀ ਸਾਬਰਮੂਰਤੀ ਅਤੇ ਹੋਰ ਬਨਾਮ ਆਂਧਰ ਪ੍ਰਦੇਸ਼ ਰਾਜ ਅਤੇ ਹੋਰ 1987 (1) ਐਸ.ਸੀ.ਸੀ. ਪੰਨਾ 362 ਦੀ ਧਾਰਾ 371 (ਸ) ਦੇ ਖੰਡ (5) ਅਤੇ ਉਸਦੇ ਪਰੰਤੁਕ ਨੂੰ ਗੈਰ ਸੰਵਿਧਾਨਿਕ ਅਤੇ ਸੁਨ ਐਲਾਨਿਆ ਗਿਆ ।

ਉਲਿਖਤ ਕਾਰਨਾਂ ਕਰਕੇ ਕੀਤੇ ਵਿਸ਼ੇਸ਼ ਹੁਕਮ ਦੁਆਰਾ, ਪ੍ਰਸ਼ਾਸਨੀ ਟ੍ਰਿਬਿਊਨਲ ਦੇ ਕਿਸੇ ਹੁਕਮ ਵਿਚ ਉਸ ਦੇ ਪ੍ਰਭਾਵੀ ਹੋਣ ਤੋਂ ਪਹਿਲਾਂ ਰੂਪਭੇਦ ਕਰ ਸਕੇਗੀ ਜਾਂ ਉਸ ਨੂੰ ਬਾਤਲਕਰ ਸਕੇਗੀ ਅਤੇ ਅਜਿਹੀ ਸੂਰਤ ਵਿਚ ਪ੍ਰਸ਼ਾਸਨੀ ਟ੍ਰਿਬਿਊਨਲ ਦਾ ਹੁਕਮ, ਜਿਹੀ ਕਿ ਸੂਰਤ ਹੋਵੇ, ਕੇਵਲ ਅਜਿਰੇ ਰੂਪਭੇਦ ਕੀਤੇ ਰੂਪ ਵਿਚ ਪ੍ਰਭਾਵੀ ਹੋਵੇਗਾ ਜਾਂ ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।

(6) ਖੰਡ 5 ਕੇ ਪਰੰਤੁਕ ਤੇ ਅਧੀਨ ਰਾਜ ਸਰਕਾਰ ਦੁਆਰਾ ਕੀਤਾ ਗਿਆ ਹਰੇਕ ਹੁਕਮ ਉਸ ਦੇ ਕੀਤੇ ਜਾਣ ਤੋਂ ਪਿਛੋਂ ਜਿੰਨੀ ਛੇਤੀ ਹੋ ਸਕੇ ਰਾਜ ਵਿਧਾਨ ਮੰਡਲ ਦੇ ਦੋਹਾਂ ਸਦਨਾਂ ਅੱਗੇ ਰੱਖਿਆ ਜਵੇਗਾ ।

(7) ਰਾਜ ਦੀ ਉੱਚ ਅਦਾਲਤ ਨੂੰ ਪ੍ਰਸ਼ਾਸਨੀ ਟ੍ਰਿਬਿਊਨਲ ਉਤੇ ਅਧੀਖਣ ਦੀਆਂ ਸ਼ਕਤੀਆਂ ਨਹੀਂ ਹੋਣਗੀਆਂ ਅਤੇ ਕੋਈ ਅਦਾਲਤ (ਸਰਵ-ਊੱਚ ਅਦਾਲਤ ਤੋਂ ਬਿਨਾਂ ਹੋਰ)ਜਾਂ ਟ੍ਰਿਬਿਊਨਲ , ਪ੍ਰਸ਼ਾਸਨੀ ਟ੍ਰਿਬਿਊਨਲ ਦੀ ਅਧਿਕਾਰਿਤਾ, ਸ਼ਕਤੀ ਜਾਂ ਸੱਤਾ ਦੇ ਤਾਬੇ ਕਿਸੇ ਮਾਮਲੇ ਬਾਰੇ, ਜਾਂ ਦੇ ਸੰਬੰਧ ਵਿਚ ਕਿਸੇ ਅਧਿਕਾਰਤਾ, ਸ਼ਕਤੀ ਜਾਂ ਸਤਾ ਦੀ ਵਰਤੋਂ ਨਹੀਂ ਕਰੇਗਾ ।

(8) ਜੇ ਰਾਸ਼ਟਰਪਤੀ ਦੀ ਤਸੱਲੀ ਹੋ ਜਾਂਦੀ ਹੈ ਕਿ ਪ੍ਰਸ਼ਾਸਨੀ ਟ੍ਰਿਬਿਊਨਲ ਦੀ ਨਿਰੰਤਰ ਹੋਂਦ ਜ਼ਰੂਰੀ ਨਹੀਂ ਹੈ ਤਾਂ ਰਾਸ਼ਟਰਪਤੀ ਹੁਕਮ ਦੁਆਰਾ ਪ੍ਰਸ਼ਾਸਨੀ ਟ੍ਰਿਬਿਊਨਲ ਦਾ ਅੰਤ ਕਰ ਸਕੇਗਾ ਅਤੇ ਅਜਿਹੇ ਅੰਤ ਤੋਂ ਤੁਰੰਤ ਪਹਿਲਾਂ ਟ੍ਰਿਬਿਊਨਲ ਅਗੇ ਲੰਬਿਤ ਮਾਮਲਿਆਂ ਦੀ ਬਦਲੀ ਅਤੇ ਨਿਬੇੜੇ ਲਈ ਅਜਿਹੇ ਹੁਕਮ ਵਿਚ ਅਜਿਹੇ ਉਪਬੰਧ ਬਣਾ ਸਕੇਗਾ ਜੋ ਉਹ ਉਚਿਤ ਸਮਝੇ ।

(9)ਕਿਸੇ ਅਦਾਲਤ , ਟ੍ਰਿਬਿਊਨਲ ਜਾਂ ਹੋਰ ਸੱਤਾਧਾਰੀ ਦੇ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਦੇ ਹੁੰਦੇ ਹੋਏ ਵੀ,-

(ੳ)ਕਿਸੇ ਵਿਅਕਤੀ ਦੀ ਕੋਈ ਨਿਯੁਕਤੀ, ਤੈਨਾਤੀ, ਤਰੱਕੀ ਜਾਂ ਬਦਲਈ ਜੋ–

(i) ਪਹਿਲਈ ਨਵੰਬਰ, 1966, ਤੋਂ ਪਹਿਲਾਂ ਹੈਦਰਾਬਾਦ, ਜਿਵੇਂ ਇਹ ਉਸ ਤਰੀਕ ਤੋਂ ਪਹਿਲਾਂ ਹੋਂਦ ਵਿਚ ਸੀ, ਰਾਜ ਦੀ ਸਰਕਾਰ ਦੇ ਜਾਂ ਉਸ ਦੇ ਅੰਦਰ ਕਿਸੇ ਸਥਾਨਕ ਸੱਤਾਧਾਰੀ ਦੇ ਅਧੀਨ ਕਿਸੇ ਆਸਾਮੀ ਤੇ ਕੀਤੀ ਗਈ ਸੀ ; ਜਾਂ

(ii) ਸੰਵਿਧਾਨ (ਬਤੀਵੀਂ ਸੋਧ) ਐਕਟ, 1973 ਦੇ ਅਰੰਭ ਤੋਂ ਪਹਿਲਾਂ ਆਂਧਰ ਪ੍ਰਦੇਸ਼ ਰਾਜ ਦੀ ਸਰਕਾਰ ਜਾਂ ਉਸ ਦੇ ਅੰਦਰ ਕਿਸੇ ਸਥਾਨਕ ਜਾਂ ਹੋਰ ਸੱਤਾਧਾਰੀ ਦੇ ਅਧੀਨ ਕਿਸੇ ਆਸਾਮੀ ਤੇ ਕੀਤੀ ਗਈ ਸੀ ; ਅਤੇ

(ਅ) ਉਪ-ਖੰਡ (ੳ) ਵਿਚ ਹਵਾਲਾ ਦਿੱਤੇ ਕਿਸੇ ਵਿਅਕਤੀ ਦੁਆਰਾ ਜਾਂ ਉਸ ਦੇ ਅੱਗੇ ਕੇਤੀ ਗਈ ਕੋਈ ਕਾਰਵਾਈ ਜਾਂ ਗੱਲ ;

ਕੇਵਲ ਇਸ ਆਧਾਰ ਤੇ ਗੈਰ-ਕਾਨੂੰਨੀ ਜਾਂ ਸੁੰਨ ਜਾਂ ਕਦੀ ਗੈਰ-ਕਾਨੂੰਨੀ ਜਾਂ ਸੁੰਨ ਹੋ ਗਈ ਨਹੀਂ ਸਮਝੀ ਜਾਵੇਗੀ ਕਿ ਕਿਸੇ ਅਜਿਹੇ ਵਿਅਕਤੀ ਦੀ ਨਿਯੁਕਤੀ ਤੈਨਾਤੀ, ਤਰੱਕੀ ਜਾਂ ਬਦਲਈ ਦੇ ਬਾਰੇ, ਜਿਹੀ ਕਿ ਸੂਰਤ ਹੋਵੇ, ਹੈਦਰਾਬਾਦ ਰਾਜ ਦੇ ਅੰਦਰ ਜਾਂ ਆਂਧਰ ਪ੍ਰਦੇਸ਼ ਰਾਜ ਦੇ ਕਿਸੇ ਭਾਗ ਅੰਦਰ ਨਿਵਾਸ ਬਾਬਤ ਕਿਸੇ ਲੋੜ ਦਾ ਉਪਬੰਧ ਕਰਦੇ ਉਦੋਂ ਨਾਫਜ ਕਿਸੇ ਕਾਨੂੰਨ ਦੀ ਅਨੁਸਾਰਤਾ ਵਿਚ ਨਹੀਂ ਕੀਤੀ ਗਈ ਸੀ ।

(10) ਇਸ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਵਿਚ ਜਾਂ ਤਤਸਮੇਂ ਨਾਫਜ਼ ਕਿਸੇ ਹੋਰ ਕਾਨੂੰਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਅਨੁਛੇਦ ਦੇ ਅਤੇ ਉਸ ਦੇ ਅਧੀਨ ਰਾਸ਼ਟਰਪਤੀ ਦੁਆਰਾ ਕੀਤੇ ਹੁਕਮ ਦੇ ਉਪਬੰਧ ਪ੍ਰਭਾਵੀ ਹੋਣਗੇ ।

Ministry of Law & Justice

ਆਂਧਰ ਪ੍ਰਦੇਸ਼ ਵਿਚ ਕੇਂਦਰੀ ਯੂਨੀਵਰਸਿਟੀ ਦੀ ਸਥਾਪਨਾ।

371. (ਹ) ਸੰਸਦ ਦੁਆਰਾ ਆਂਧਰ ਪ੍ਰਦੇਸ ਰਾਜ ਵਿਚ ਕੇਂਦਰੀ ਯੂਨੀਵਰਸਿਟੀ ਦੀ ਸਥਾਪਨਾ ਲਈ ਉਪਬੰਧ ਕਰ ਸਕੇਗੀ।]

ਸਿੱਕਮ ਰਾਜ ਬਾਰੇ ਵਿਸ਼ੇਸ ਉਪਬੰਧ।

[20][371. (ਕ) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ–

(ੳ) ਸਿੱਕਮ ਰਾਜ ਦੀ ਵਿਧਾਨ ਸਭਾ ਤੀਹ ਤੋਂ ਨ ਘੱਟ ਮੈਂਬਰਾਂ ਤੋਂ ਮਿਲ ਕੇ ਬਣੇਗੀ ;

(ਅ)ਸੰਵਿਧਾਨ (ਛਤੀਵੀਂ ਸੋਧ) ਐਟ, 1975 ਦੇ ਅੰਰਭ ਦੀ ਤਰੀਕ ਤੋਂ (ਜਿਸ ਦਾ ਇਸ ਅਨੁਛੇਦ ਵਿਚ ਇਸ ਤੋਂ ਬਾਅਦ ਨਿਯਤ ਦਿਨ ਦੇ ਤੌਰ ਤੇ ਹਵਾਲਾ ਦਿੱਤਾ ਗਿਆ ਹੈ)–

(i)ਅਪ੍ਰੈਲ, 1974 ਵਿਚ ਸਿੱਕਮ ਵਿਚ ਹੋਈਆਂ ਚੋਣਾਂ ਦੇ ਨਤੀਜੇ ਵਚੋਂ ਬਣੀ, ਉਕਤ ਚੋਣਾਂ ਵਿਚ ਚੁਣੇ ਬੱਤੀ ਮੈਂਬਰਾਂ (ਇਸ ਵਿਚ ਇਸ ਤੋਂ ਪਿੱਛੋਂ ਵਰਤਮਾਨ ਮੈਂਬਰਾਂ ਵਜੋਂ ਹਵਾਲਾ ਦਿੱਤੇ ਗਏ) ਵਾਲੀ ਸਿੱਕਮ ਦੀ ਸਭਾ ਇਸ ਸੰਵਿਧਾਨ ਅਧੀਨ ਠੀਕ ਤੌਰ ਤੇ ਗਠਨ ਸਿੱਕਮ ਰਾਜ ਦੀ ਵਿਧਾਨ ਸਭਾ ਸਮਝੀ ਜਾਵੇਗੀ ;

(ii) ਵਰਤਮਾਨ ਮੈਂਬਰ ਇਸ ਸੰਵਿਧਾਨ ਦੇ ਅਧੀਨ ਠੀਕ ਤੌਰ ਤੇ ਚੁਣੇ ਸਿੱਕਮ ਰਾਜ ਦੀ ਵਿਧਾਨ ਸਭਾ ਦੇ ਮੈਂਬਰ ਸਮਝੇ ਜਾਣਗੇ ;

(iii) ਸਿੱਕਮ ਰਾਜ ਦੀ ਉਕਤ ਵਿਧਾਨ ਸਭਾ ਇਸ ਸੰਵਿਧਾਨ ਦੇ ਅਧੀਨ ਰਾਜ ਦੀ ਵਿਧਾਨ ਸਭਾ ਦੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਉਸ ਦੇ ਕਾਰਜਾਂ ਦਾ ਪਾਲਣ ਕਰੇਗੀ।

---

[20] ਸੰਵਿਧਾਨ (ਛੱਤੀਵੀਂ ਸੋਧ) ਐਕਟ, 1975 ਦੀ ਧਾਰਾ 3 ਦੁਆਰਾ (26.4.1975 ਤੋਂ ਲੈ ਕੈ) ਅੰਤਰਸਥਾਪਤ।

Ministry of Law & Justice

(ਇ) ਖੰਡ (ਅ) ਦੇ ਅਧੀਨ ਸਿਕੱਮ ਰਾਜ ਦੀ ਵਿਧਾਨ ਸਭਾ ਸਮਝੀ ਗਈ ਸਭਾ ਦੀ ਸੂਰਤ ਵਿਚ ਅਨੁਛੇਦ 172 ਦੇ ਖੰਡ (1) ਵਿਚ [21][ਪੰਜ ਸਾਲ] ਦੀ ਮੁੱਦਤ ਦੇ ਪ੍ਰਤਿ ਹਵਾਲਿਆਂ ਦਾ ਅਰਥ [22][ਚਾਰ ਸਾਲ] ਦੀ ਮੁੱਦਤ ਪ੍ਰਤਿ ਹਵਾਲਿਆਂ ਵਜੋਂ ਕੀਤਾ ਜਾਵੇਗਾ ਅਤੇ [21][ਚਾਰ ਸਾਲਾਂ] ਦੀ ਉਕਤ ਮੁੱਦਤ ਨਿਯਤ ਦਿਨ ਤੋਂ ਆਰੰਭ ਹੋਈ ਸਮਝੀ ਜਾਵੇਗੀ

(ਸ) ਜਦ ਤੱਕ ਸੰਸਦ ਦੁਆਰਾ ਕਾਨੂੰਨ ਹੋਰ ਉਪਬੰਧ ਨਹੀਂ ਕਰ ਦਿੱਤੇ ਜਾਂਦੇ, ਸਿੱਕਮ ਰਾਜ ਨੂੰ ਲੋਕ ਸਭਾ ਵਿਚ ਇਕ ਥਾਂ ਅਲਾਟ ਕੀਤੀ ਜਾਵੇਗੀ ਅਤੇ ਸਿੱਕਮ ਰਾਜ ਇਕ ਸੰਸਦੀ ਚੋਣ-ਹਲਕਾ ਹੋਵੇਗਾ ਜਿਸ ਨੂੰ ਸਿੱਕਮ ਲਈ ਸੰਸਦੀ ਚੋਣ-ਹਲਕਾ ਕਿਹਾ ਜਾਵੇਗਾ ;

(ਹ)ਨਿਯਤ ਦਿਨ ਨੂੰ ਮੈਜੂਦ ਲੋਕ ਸਭਾ ਵਿਚ ਸਿੱਕਮ ਰਾਜ ਦੀ ਪ੍ਰਤੀਨਿਧ ਸਿੱਕਮ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਚੁਣਿਆ ਜਾਵੇਗਾ ;

(ਕ) ਸੰਸਦ, ਸਿੱਕਮ ਦੀ ਆਬਾਦੀ ਦੇ ਵੱਖ-ਵੱਖ ਅਨੁਭਾਗਾਂ ਤੇ ਅਧਿਕਾਰਾਂ ਅਤੇ ਹਿੱਤਾਂ ਦੀ ਹਿਫਾਜਤ ਦੇ ਪ੍ਰਯੋਜਨ ਲਈ ਸਿੱਕਮ ਰਾਜ ਦੀ ਵਿਧਾਨ ਸਭਾ ਵਿਚ ਉਨ੍ਹਾਂ ਥਾਵਾਂ ਦੀ ਗਿਣਤੀ ਲਈ ਜੋ ਅਜਿਹੇ ਅਨੁਭਾਗਾਂ ਦੇ ਉਮੀਦਾਵਾਰਾਂ ਦੁਆਰਾ ਭਰੀਆ ਜਾਣਗੀਆਂ ਅਤੇ ਚੋਣ ਹਲਕਿਆਂ ਦੀ ਹੱਦ-ਬੰਦੀ ਲਈ, ਉਪਬੰਧ ਕਰ ਸਕੇਗੀ, ਜਿਨ੍ਹਾਂ ਵਿਚੋਂ ਕੇਵਲ ਅਜਿਹੇ ਅਨੁਭਾਗਾਂ ਦੇ ਉਮੀਦਵਾਰ ਹੀ ਸਿੱਕਮ ਰਾਜ ਦੀ ਵਿਧਾ ਸਭਾ ਦੀਆਂ ਚੋਣਾ ਲਈ ਖੜੇ ਹੋ ਸਕਣਗੇ ;

---

[21] ਸੰਵਿਧਾਨ (ਚੁਤਾਲਵੀਂ ਸ਼ੋਧ) ਐਕਟ, 1978 ਦੀ ਧਾਰਾ 43 ਦੁਆਰਾ (06.09.1979) "ਛੇ ਸਾਲ" ਦੀ ਥਾਵੇਂ ਰੱਖੇ ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 56 ਦੁਆਰਾ (3.1.1977) ਤੋਂ) "ਪੰਜ ਸਾਲ"ਸ਼ਬਦ ਰੱਖੇ ਗਏ ਸਨ।

[22] ਸੰਵਿਧਾਨ (ਚੁਤਾਲਵੀਂ ਸ਼ੋਧ) ਐਕਟ, 1978 ਦੀ ਧਾਰਾ 43 ਦੁਆਰਾ (06.09.1979) ਤੋਂ "ਪੰਜ ਸਾਲ" ਦੀ ਥਾਵੇਂ ਰੱਖੇ। ਸੰਵਿਧਾਨ (ਬਿਆਲਵੀਂ ਸੋਘ) ਐਕਟ, 1976 ਦੀ ਧਾਰਾ 56 ਦੁਆਰਾ (3.1.1977) ਤੋਂ) "ਚਾਰ ਸਾਲ" ਮੂਲ ਸ਼ਬਦ ਦੀ ਥਾਵੇਂ "ਪੰਜ ਸਾਲ" ਸ਼ਬਦ ਰੱਖੇ ਗਏ ਸਨ।

(ਖ)ਸ਼ਾਂਤੀ ਲਈ ਅਤੇ ਸਿੱਕਮ ਦੀ ਆਬਾਦੀ ਦੇ ਵੱਖ-ਵੱਖ ਅਨੁਭਾਗਾਂ ਦੀ ਸਮਾਜਕ ਅਤੇ ਆਰਥਕ ਉੱਨਤੀ ਸੁਨਿਸਚਿਤ ਕਰਨ ਲਈ ਇਕ ਸਮਤਾ-ਪੂਰਣ ਇੰਤਜਾਮ ਕਰਨ ਲਈ ਸਿੱਕਮ ਦੇ ਰਾਜਪਾਲ ਦੀ ਵਿਸ਼ੇਸ ਜਿੰਮਵਾਰੀ ਹੋਵੇਗੀ ਅਤੇ ਇਸ ਖੰਡ ਅਧੀਨ ਆਪਣੀ ਵਿਸ਼ੇਸ਼ ਜਿੰਮੇਵਾਰੀ ਨਿਭਾਉਣ ਵਿਚ ਰਾਜਪਾਲ, ਅਜਿਹੇ ਨਿਦੇਸ਼ਾਂ ਦੇ ਤਾਬੇ ਜਿਹੇ ਰਾਸ਼ਟਰਪਤੀ ਸਮੇਂ ਸਮੇਂ ਜਾਰੀ ਕਰਨ ਉਚਿਤ ਸਮਝੇ, ਰਾਜਪਾਲ ਆਪਣੇ ਵਿਵੇਕ ਅਨੁਸਾਰ ਕਾਰਜ ਕਰੇਗਾ ;

(ਗ) ਸਾਰੀ ਸੰਪੱਤੀ ਅਤੇ ਧਨਧਾਮ (ਭਾਵੇਂ ਸਿੱਕਮ ਰਾਜ ਵਿਚ ਸਮਾਵਿਸ਼ਟ ਰਾਜ-ਖੇਤਰਾਂ ਦੇ ਅੰਦਰ ਹੋਣ ਜਾਂ ਬਾਹਰ) ਜੋ ਨਿਯਤ ਦਿਨ ਤੋਂ ਤੁਰੰਤ ਪਹਿਲਾਂ ਸਿੱਕਮ ਸਰਕਾਰ ਵਿਚ ਜਾਂ ਸਿੱਕਮ ਸਰਕਾਰ ਦੇ ਪ੍ਰਯੋਜਨਾਂ ਲਈ ਕਿਸੇ ਹੋਰ ਸੱਤਾਧਾਰੀ ਜਾਂ ਵਿਅਕਤੀ ਵਿਚ ਨਿਹਿਤ ਸਨ, ਨਿਯਤ ਦਿਨ ਤੋਂ ਸਿੱਕਮ ਰਾਜ ਦੀ ਸਰਕਾਰ ਵਿਚ ਨਿਹਿਤ ਹੋ ਜਾਣਗੇ ;

(ਘ) ਸਿੱਕਮ ਰਾਜ ਵਿਚ ਸਮਾਵਿਸ਼ਟ ਰਾਜਖੇਤਰਾਂ ਵਿਚ ਨਿਯਤ ਦਿਨ ਤੋਂ ਤੁੰਰਤ ਪਹਿਲਾਂ ਉੱਚ ਅਦਾਲਤ ਦੇ ਰੂਪ ਵਿਚ ਕਾਰਜ ਕਰ ਰਹੀ ਉੱਚ ਅਦਾਲਤ ਨਿਯਤ ਦਿਨ ਨੂੰ ਅਤੇ ਤੋਂ ਸਿੱਕਮ ਰਾਜ ਦੀ ਉੱਚ ਅਦਾਲਤ ਸਮਝੀ ਜਾਵੇਗੀ ;

(ਙ) ਸਿੱਕਮ ਰਾਜ ਦੇ ਸਾਰੇ ਰਾਜਖੇਤਰ ਵਿਚ ਦੀਵਾਨੀ, ਫੌਜਦਾਰੀ ਅਤੇ ਮਾਲ ਅਧਿਕਾਰਤਾ ਵਾਲੀਆਂ ਸਭ ਅਦਾਲਤਾਂ ਅਤੇ ਸਭ ਸੱਤਾਧਾਰੀ ਅਤੇ ਸਭ ਅਦਾਲਤੀ, ਕਾਰਜਪਾਲਕ ਅਤੇ ਦਫਤਰੀ ਅਫਸਰ ਨਿਯਤ ਦਿਨ ਨੂੰ ਅਤੇ ਤੋਂ ਆਪਣੇ ਕਾਰਜ, ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਕਰਦੇ ਰਹਿਣਗੇ ;

(ਚ) ਸਿੱਕਮ ਰਾਜ ਵਿਚ ਸਮਾਵਿਸ਼ਟ ਕਿਸੇ ਰਾਜਖੇਤਰ ਵਿਚ ਜਾਂ ਉਸ ਦੇ ਕਿਸੇ ਭਾਗ ਵਿਚ ਨਿਯਤ ਦਿਨ ਤੋਂ ਤੁਰੰਤ ਪਹਿਲਾਂ ਨਾਫਜ ਸਭ ਕਾਨੂੰਨ ਉਥੇ ਤਦ ਤੱਕ ਨਾਫਜ ਰਹਿਣਗੇ ਜਦ ਤੱਕ

Ministry of Law & Justice

ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਦੁਆਰਾ ਸੋਧੇ ਜਾਂ ਨਿਰਸਤ ਨਹੀਂ ਕੀਤੇ ਜਾਂਦੇ ;

(ਛ) ਸਿੱਕਮ ਰਾਜ ਦੇ ਪ੍ਰਸ਼ਾਸਨ ਦੇ ਸੰਬੰਧ ਵਿਚ ਕਿਸੇ ਅਜਿਹੇ ਕਾਨੂੰਨ ਨੂੰ ਜਿਸ ਦਾ ਹਵਾਲਾ ਖੰਡ (ਚ) ਵਿਚ ਦਿੱਤਾ ਗਿਆ ਹੈ, ਲਾਗੂ ਕਨਨਾ ਸੋਖਾ ਬਣਾਉਣ ਦੇ ਪ੍ਰਯੋਜਨ ਲਈ ਅਤੇ ਕਿਸੇ ਅਜਿਹੇ ਕਾਨੂੰਨ ਦੇ ਉਪਬੰਧਾਂ ਨੂੰ ਇਸ ਸੰਵਿਧਾਨ ਦੇ ਉਪਬੰਧਾਂ ਤੇ ਅਨੁਕੂਲ ਬਣਾਉਣ ਦੇ ਪ੍ਰਯੋਜਨ ਲਈ ਰਾਸ਼ਟਰਪਤੀ, ਨਿਯਤ ਦਿਨ ਤੋਂ ਦੋ ਸਾਲਾਂ ਦੇ ਅੰਦਰ ਹੁਕਮ ਦੁਆਰਾ, ਭਾਵੇਂ ਨਿਰਸਨ ਜਾਂ ਸੋਧ ਦੇ ਤੌਰ ਤੇ, ਅਜਿਹੇ ਕਾਨੂੰਨ ਵਿਚ ਅਜਿਹੇ ਅਨੁਕੂਲਣ ਅਤੇ ਰੂਪਭੇਦ ਕਰ ਸਕੇਗਾ ਜਿਹੇ ਜਰੂਰੀ ਜਾਂ ਕਾਲਉਚਤ ਹੋਣ, ਅਤੇ ਉਸ ਤੇ , ਅਜਿਹਾ ਹਰੇਕ ਕਾਨੂੰਨ ਇਸ ਤਰ੍ਹਾਂ ਕੀਤੇ ਗਏ ਅਨੁਕੂਲਣਾਂ ਅਤੇ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ ਅਤੇ ਕਿਸੇ ਅਜਿਹੇ ਅਨੁਕੂਲਣ ਜਾਂ ਰੂਪਭੇਦ ਤੇ ਕਿਸੇ ਕਾਨੂੰਨ ਦੀ ਅਦਾਲਤ ਵਿਚ ਉਜ਼ਰ ਨਹੀਂ ਕੀਤਾ ਜਾਵੇਗਾ ;

(ਜ) ਸਿੱਕਮ ਦੇ ਬਾਰੇ ਵਿਚ ਕਿਸੇ ਅਜਿਹੀ ਸੰਧੀ, ਕਰਾਰ, ਬਾਨ੍ਹ ਜਾਂ ਇਸੇ ਤਰ੍ਹਾਂ ਦੀ ਹੀ ਹੋਰ ਲਿਖਤ ਤੋਂ, ਜੋ ਨਿਯਤ ਦਿਨ ਤੋਂ ਪਹਿਲਾਂ ਕੀਤੀ ਗਈ ਜਾਂ ਨਿਸ਼ਪਾਦਤ ਕੀਤੀ ਗਈ ਸੀ, ਅਤੇ ਜਿਸ ਵਿਚ ਭਾਰਤ ਸਰਕਾਰ ਜਾਂ ਉਸ ਦੀ ਕੋਈ ਪੂਰਵ-ਅਧਿਕਾਰੀ ਸਰਕਾਰ ਇਕ ਧਿਰ ਸੀ, ਪੈਦਾ ਹੋਣ ਵਾਲੇ ਕਿਸੇ ਝਗੜੇ ਜਾਂ ਹੋਰ ਮਾਮਲੇ ਦੇ ਬਾਰੇ ਵਿਚ ਨ ਸਰਵ-ਉੱਚ ਅਦਾਲਤ ਅਤੇ ਨਾ ਹੀ ਕੋਈ ਹੋਰ ਅਦਾਲਤ ਅਧਿਕਾਰਤਾ ਰਖੇਗੀ, ਪਰ ਇਸ ਖੰਡ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਅਨੁਛੇਦ 143 ਦੇ ਉਪਬੰਧਾਂ ਦਾ ਅਲਪਕਰਣ ਕਰਦੀ ਹੈ ;

(ਝ) ਰਾਸ਼ਟਰਪਤੀ ਲੋਕ ਅਧਿਸੂਚਨਾ ਦੁਆਰਾ, ਕੋਈ ਅਜਿਹੀ ਇਨੈਕਟਮੈਂਟ ਜੋ ਉਸ ਅਧਿਸੂਚਨਾਂ ਦੀ ਤਰੀਕ ਨੂੰ ਭਾਰਤ ਦੇ ਕਿਸੇ ਰਾਜ ਵਿਚ ਨਾਫਜ ਹੈ, ਅਜਿਹੀਆਂ ਪਾਬੰਦੀਆਂ ਜਾਂ

ਰੂਪਭੇਦਾਂ ਸਹਿਤ ਜੋ ਉਹ ਉਚਿਤ ਸਮਝੇ, ਸਿੱਕਮ ਰਾਜ ਤੇ ਵਿਸਤਰਿਤ ਕਰ ਸਕੇਗਾ ;

(ਢ) ਜੇ ਇਸ ਅਨੁਛੇਦ ਦੇ ਪੂਰਵਗਾਮੀ ਉਪਬੰਧਾਂ ਵਿਚੋਂ ਕਿਸੇ ਨੂੰ ਪ੍ਰਭਾਵੀ ਬਣਾਉਣ ਲਈ ਕੋਈ ਕਠਿਨਾਈ ਪੈਦਾ ਹੁੰਦੀ ਹੈ ਤਾਂ ਰਾਸ਼ਟਰਪਤੀ [23]ਹੁਕਮ ਦੁਆਰਾ (ਕਿਸੇ ਹੋਰ ਅਨੁਛੇਦ ਦੇ ਅਨੁਕੂਰਣ ਜਾਂ ਰੂਪਭੇਦ ਨੂੰ ਸ਼ਾਮਲ ਕਰਕੇ) ਕੋਈ ਵੀ ਅਜਿਹੀ ਗੱਲ ਕਰ ਸਕੇਗਾ, ਜੋ ਉਸ ਨੂੰ ਉਹ ਕਠਨਾਈ ਦੂਰ ਕਰਨ ਦੇ ਪ੍ਰਯੋਜਨ ਲਈ ਜਰੂਰੀ ਪ੍ਰਤੀਤ ਹੋਵੇ ;

ਪਰੰਤੂ ਨਿਯਤ ਦਿਨ ਤੋਂ ਦੋ ਸਾਲ ਗੁਜਰਨ ਤੋਂ ਪਿਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ ;

(ਟ) ਸਿੱਕਮ ਰਾਜ ਜਾਂ ਉਸ ਵਿਚ ਸਮਾਵਿਸ਼ਟ ਰਾਜਖੇਤਰਾਂ ਵਿਚ ਜਾਂ ਉਨ੍ਹਾਂ ਦੇ ਸੰਬੰਧ ਵਿਚ, ਨਿਯਤ ਦਿਨ ਨੂੰ ਅਰੰਭ ਹੋਣ ਵਾਲੀ ਅਤੇ ਉਸ ਤਰੀਕ ਤੋਂ ਜਿਸ ਨੂੰ ਸੰਵਿਧਾਨ (ਛਤੀਵੀਂ ਸੋਧ) ਐਕਟ, 1975 ਰਾਸ਼ਟਰਪਤੀ ਦੀ ਅਨੁਮਤੀ ਪ੍ਰਾਪਤ ਕਰਦਾ ਹੈ, ਤੁਰੰਤ ਪਹਿਲਾਂ ਖਤਮ ਹੁੰਦੀ ਮੁੱਦਤ ਦੇ ਦੌਰਾਨ ਕੀਤੀਆਂ ਗਈਆਂ ਸਾਰੀਆਂ ਗੱਲਾਂ ਅਤੇ ਕਾਰਜ ਜਿੱਥੋਂ ਤੱਕ ਉਹ ਸੰਵਿਧਾਨ (ਛਤੀਵੀਂ ਸੋਧ) ਐਕਟ 1975 ਦੁਆਰਾ ਸੋਧੇ ਅਨੁਸਾਰ ਇਸ ਸੰਵਿਧਾਨ ਦੇ ਉਪਬੰਧਾਂ ਦੀ ਅਨੁਰੂਪਤਾ ਵਿਚ ਹਨ, ਸਾਰੇ ਪ੍ਰਯੋਜਨਾਂ ਲਈ ਇਸ ਤਰ੍ਹਾਂ ਸੋਧੇ ਇਸ ਸੰਵਿਧਾਨ ਦੇ ਅਧੀਨ ਜਾਇਜ ਤੌਰ ਤੇ ਕੀਤੇ ਗਏ ਸਮਝੇ ਜਾਣਗੇ ।

ਮੀਜੋਰਮ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ ।

[24][371 ਖ. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁਦਿਆਂ ਹੋਇਆਂ ਵੀ –

(ੳ) ਹੇਠ ਲਿਖਿਆਂ ਦੇ ਸੰਬੰਧ ਵਿਚ ਸੰਸਦ ਦੇ ਕੋਈ ਐਕਟ

[23] ਸੰਵਿਧਾਨ (ਕਠਿਨਾਇਓਂ ਦਾ ਨਿਰਾਕਰਣ) ਆਡਰ ਸੰ. 11 (ਸੰ ਆ.99) ਦੇਖੋ ।

[24] ਸੰਵਿਧਾਨ (ਤਰਵੀਂਜਾਵਾਂ ਸੋਧ) ਐਕਟ, 2986 ਦੀ ਧਾਰਾ 2 ਦੁਆਰਾ (20.2.1987 ਤੋਂ) ਅੰਤਰ ਸਤਾਪਤ ।

ਮੀਜ਼ੋਰਮ ਰਾਜ ਨੂੰ ਤਦ ਤੱਕ ਲਾਗੂ ਨਹੀਂ ਹੋਵੇਗਾ ਜਦ ਤੱਕ ਮੀਜ਼ੋਰਮ ਰਾਜ ਦੀ ਵਿਧਾਨ ਸਭਾ ਦੁਆਰਾ ਅਜਿਹਾ ਫੈਸਲਾ ਨਹੀਂ ਕਰਦੀ ਹੈ, ਅਰਥਾਤ:-

(i) ਮੀਜ਼ੋ ਲੋਕਾਂ ਦੀ ਧਾਰਮਿਕ ਜਾਂ ਸਮਾਜਿਕ ਪ੍ਰਥਾਵਾਂ;

(ii) ਮੀਜ਼ੋ ਰਵਾਜੀ ਕਾਨੂੰਨਾਂ ਅਤੇ ਜਾਬਤਾ;

(iii) ਸਿਵਲ ਅਤੇ ਦੰਡਤ ਨਿਆਂ ਪ੍ਰਸ਼ਾਸਨ, ਜਿਥੋਂ ਨਿਰਣੇ ਮੀਜ਼ੋ ਰਵਾਜੀ ਕਾਨੂੰਨ ਦੇ ਅਨੁਸਾਰ ਹੋਣੇ ਹਨ ;

(iv) ਭੂਮੀ ਦੀ ਮਾਲਕੀ ਅਤੇ ਅੰਤਰਣ

ਪਰੰਤੂ ਇਸ ਖੰਡ ਦੀ ਕੋਈ ਗੱਲ ਸੰਵਿਧਾਨ (ਤਰਵੰਜਵੀਂ ਸੋਧ) ਐਕਟ, 1986 ਦੇ ਅਰੰਭ ਤੋਂ ਤੁਰੰਤ ਪਹਿਲਾਂ ਮੀਜ਼ੋਰਮ ਸੰਘ ਰਾਜ ਖੇਤਰ ਨਾਫਜ ਕਿਸੇਂ ਕੇਂਦਰੀ ਐਕਟ ਨੂੰ ਲਾਗੂ ਨਹੀਂ ਹੋਵੇਗੀ ।

(ਅ) ਮੀਜ਼ੋਰਮ ਰਾਜ ਦੀ ਵਿਧਾਨ ਸਭਆ ਘੱਟ ਤੋਂ ਘੱਟ ਚਾਲੀ ਮੈਂਬਰਾਂ ਨਾਲ ਮਿਲ ਕੇ ਬਣੇਗੀ ।

ਅਰੁਣਾਚਲ ਪ੍ਰਦੇਸ਼ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ ।

[25][371 ਗ. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ-

(ੳ) ਅਰੁਣਾਚਲ ਪ੍ਰਦੇਸ਼ ਦੇ ਰਾਜਪਾਲ ਦਾ ਅਰੁਣਾਚਲ ਪ੍ਰਦੇਸ਼ ਰਾਜ ਵਿਚ ਕਾਨੂੰਨ ਅਤੇ ਵਿਵਸਥਾ ਦੇ ਸੰਬੰਧ ਵਿਚ ਵਿਸ਼ੇਸ ਉੱਤਰਦਾਇਤਵ ਰਹੇਗਾ ਅਤੇ ਰਾਜਪਾਲ, ਉਸ ਸੰਬੰਧ ਵਿਚ ਆਪਣੇ ਕਾਰਜਕਾਰਾਂ ਦੀ ਪਾਲਣ ਕਰਨ ਵਿਚ ਕੀਤੀ ਜਾਣ ਵਾਲੀ ਕਾਰਵਾਈ ਦੇ ਬਾਰੇ ਵਿਚ ਆਪਣੇ ਵਿਅਕਤੀਗਤ ਨਿਰਣੇ ਦੀ ਵਰਤੋਂ ਮੰਤਰੀ ਪਰਿਸ਼ਦ ਨਾਲ ਮਸ਼ਵਰੇ ਕਰਨ ਦੇ ਪਿਛੋਂ ਹੋਵੇਗਾ :

ਪਰੰਤੂ ਜੇ ਇਹ ਪ੍ਰਸ਼ਨ ਉਠਦਾ ਹੈ ਕਿ ਕੋਈ ਮਾਮਲਾ ਅਜਿਹਾ ਮਾਮਲਾ ਹੈ, ਜਾਂ ਨਹੀਂ ਜਿਸ ਦੇ ਸੰਬੰਧ ਵਿਚ ਰਾਜਪਾਲ ਨਾਲ

[25] ਸੰਵਿਧਾਨ (ਪਚਵੀਂਜਵਾਂ ਸੋਧ) ਐਕਟ, 1986 ਦੀ ਧਾਰਾ 2 ਦੁਆਰਾ (20.2.1987 ਤੋਂ) ਅੰਤਰਸਥਾਪਤ ।



Ministry of Law & Justice

ਇਸ ਖੰਡ ਦੇ ਅਧੀਨ ਲੋੜ ਕੀਤੀ ਗਈ ਹੈ ਕਿ ਉਹ ਆਪਣੇ ਵਿਅਕਤੀਗਤ ਨਿਰਣੇ ਦੀ ਵਰਤੋਂ ਕਰਕੇ ਕਾਰਜ ਕਰੇ ਤਾਂ ਰਾਜਪਾਲ ਦਾ ਆਪਣੇ ਵਿਵੇਕ ਨਾਲ ਕੀਤਾ ਗਿਆ ਨਿਰਣਾ ਅੰਤਿਮ ਹੋਵੇਗਾ ਅਤੇ ਰਾਜਪਾਲ ਦੁਆਰਾ ਕੀਤੀ ਗਈ ਗੱਲ ਵੀ ਜਾਇਜਤਾ ਤੇ ਇਸ ਅਧਾਰ ਤੇ ਉਜਰ ਨਹੀਂ ਕੀਤੀ ਜਾਵੇਗਾ ਕਿ ਉਸ ਨੂੰ ਆਪਣੇ ਵਿਅਕਤੀਗਤ ਨਿਰਣੇ ਦੀ ਵਰਤੋਂ ਕਰਕੇ ਕਾਰਜ ਕਰਨਾ ਚਾਹੀਦਾ ਸੀ ਜਾਂ ਨਹੀਂ:

ਪਰੰਤੂ ਇਹ ਹੋਰ ਕਿ ਜੇ ਰਾਜਪਾਲ ਤੋਂ ਰਿਪੋਟ ਮਿਲਣ ਤੇ ਜਾਂ ਹੋਰਵੇਂ ਰਾਸ਼ਟਰਪਤੀ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਹੁਣ ਇਹ ਜ਼ਰੂਰੀ ਨਹੀਂ ਹੈ ਕਿ ਅਰੁਣਾਚਲ ਪ੍ਰਦੇਸ਼ ਰਾਜ ਵਿਚ ਫ਼ੰਡ ਅਤੇ ਵਿਵਸਥਾ ਦੇ ਸੰਬੰਧ ਵਿਚ ਰਾਜਪਾਲ ਦੀ ਵਿਸ਼ੇਸ ਜਿੰਮੇਵਾਰੀ ਰਹੇ ਤਾਂ ਉਹ, ਹੁਕਮ ਦੁਆਰਾ, ਨਿਦੇਸ਼ ਦੇ ਸਕੇਗੀ ਕਿ ਰਾਜਪਾਲ ਦੀ ਅਜਿਹੀ ਜਿੰਮੇਵਾਰੀ ਉਸ ਤਰੀਕ ਤੋਂ ਨਹੀਂ ਰਹੇਗੀ, ਜੋ ਹੁਕਮ ਵਿਚ ਉਲਿਖਿਤ ਕੀਤੀ ਜਾਵੇ

(ਅ) ਅਨੁਣਾਚਲ ਪ੍ਰਦੇਸ਼ ਰਾਜ ਦੀ ਵਿਧਾਨ ਸਬਆ ਘੱਟ ਤੋਂ ਘੱਟ ਤੀਹ ਮੈਂਬਰਾਂ ਨਾਲ ਮਿਲ ਕੇ ਬਣੇਗੀ।

ਗੋਆ ਰਾਜ ਦੇ ਸੰਬੰਧ ਵਿਚ ਵਿਸ਼ੇਸ਼ ਉਪਬੰਧ।

[26][371 ਘ. ਇਸ ਸੰਵਿਧਾਨ ਵਿਚ ਕਿਸੇ ਹਾਲ ਦੇ ਹੁੰਦਿਆਂ ਹੋਇਆਂ ਵੀ, ਗੋਆ ਰਾਜ ਵਿਧਾਨ ਸਭਾ ਘੱਟ ਤੋਂ ਘੱਟ ਤੀਹ ਮੈਂਬਰਾਂ ਤੋਂ ਮਿਲ ਕੇ ਬਣੇਗੀ।]

ਕਰਨਾਟਕ ਰਾਜ ਦੇ ਸੰਬੰਧ ਵਿਚ ਵਿਸ਼ੇਸ ਉਪਬੰਧ।

[27][371 ਙ (1) ਰਾਸ਼ਟਰਪਤੀ, ਕਰਨਾਟਕ ਰਾਜ ਦੇ ਸੰਬੰਧ ਵਿਚ ਕਿਤੇ ਗਏ ਹੁਕਮ ਦੁਆਰਾ-

(ੳ) ਹੈਦਰਾਬਾਦ – ਕਰਨਾਟਕ ਖੇਤਰ ਦੇ ਲਈ, ਇਕ ਵੱਖਰੇ ਵਿਕਾਸ ਬੋਰਡ ਦੀ ਸਥਾਪਨਾ ਦੇ ਲਈ, ਇਸ

---

[26] ਸੰਵਿਧਾਨ (ਛਪੀਂਜਵਾਂ ਸੋਧ) ਐਕਟ, 1987 ਦੀ ਧਾਰਾ 2 ਦੁਆਰਾ (30.5.1987 ਤੋਂ) ਅੰਤਰਸਥਾਪਤ।

[27] ਸੰਵਿਧਾਨ (ਅਠਾਨਵੇਵੀਂ ਸੋਧ) ਐਕਟ, 2012 (1.10.2013) ਤੋਂ ਰਖਿਆ ਗਿਆ।

ਉਪਬੰਧ ਨਾਲ ਕਿ ਇਸ ਬੋਰਡ ਦੇ ਕਾਜਕਾਰ ਤੋਂ ਇਕ ਰਿਪੋਟ ਹਰੇਕ ਸਾਲ ਰਾਜ ਵਿਧਾਨ ਸਭਾ ਦੇ ਅੱਗੇ ਰੱਖੀ ਜਾਵੇਗੀ;

(ਅ) ਸਮਤਾਪੂਰਨ ਰਾਜ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਉਕਤ ਖੇਤਰ ਦੇ ਵਿਕਾਸ ਖਰਚ ਦੇ ਲਈ ਫੰਡਾਂ ਦਾ ਸਮਤਾਪੂਰਨ ਟਿਕਣ ਦੇ ਲਈ ਅਤੇ;

(ਇ) ਸਾਰੇ ਰਾਜ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੁਏ, ਉਕਤ ਖੇਤਰ ਨਾਲ ਸੰਬੰਧਤ ਲੋਕਾਂ ਦੇ ਲਈ ਲੋਕ ਨਿਯੋਜਨ, ਸਿਖਿਆ ਅਤੇ ਕਿਤਾ ਸਿਖਲਾਈ ਦੇ ਵਿਸ਼ਿਆਂ ਨੂੰ ਸਮਤਾਪੂਰਨ ਅਵਸਰਾਂ ਅਤੇ ਸਹੂਲਤਾਂ ਦੇ ਲਈ,

ਰਾਜਪਾਲ ਦੀਆਂ ਕਿਸੇ ਵਿਸ਼ੇਸ਼ ਜਿੰਮੇਵਾਰੀਆਂ ਦੇ ਲਈ ਉਪਬੰਧ ਕਰ ਸਕੇਗਾ।

(2) ਖੰਡ (1) ਦੇ ਉਪਖੰਡ (ਇ) ਦੇ ਅਧੀਨ ਕੀਤੇ ਗਏ ਹੁਕਮ-

(ਉ) ਹੈਦਰਾਬਾਦ – ਕਰਨਾਟਕ ਖੇਤਰ ਵਿਚ ਸਿਖਿਅਕ ਅਤੇ ਕਿੱਤਾ ਸਿਖਲਾਈ ਸੰਸਥਾਵਾਂ ਵਿਚ, ਅਜਿਹੇ ਵਿਦਿਆਰਥੀਆਂ ਦੇ ਲਈ ਜੋ ਜਨਮ ਤੋਂ ਜਾਂ ਅਧਿਵਾਸ ਦੁਆਰਾ ਉਸ ਖੇਤਰ ਦਾ ਹੈ, ਥਾਵਾਂ ਦੇ ਅਨੁਪਾਤੱਕ ਰਾਂਖਵਾਂਕਰਨ ਦੇ ਲਈ ਉਪਬੰਧ ਕੀਤਾ ਜਾ ਸਕੇਗਾ ਅਤੇ;

(ਅ) ਹੈਦਰਾਬਾਦ- ਕਰਨਾਟਕ ਖੇਤਰ ਵਿਚ ਰਾਜ ਸਰਕਾਰ ਦੇ ਅਧੀਨ ਅਤੇ ਰਾਜ ਸਰਕਾਰ ਦੇ ਨਿਯੰਤਰਨ ਅਧੀਨ ਕਿਸੇ ਬੋਡੀ ਜਾਂ ਸੰਗਠਨ ਵਿਚ ਅਸਾਮੀਆਂ ਜਾਂ ਅਸਾਮੀਆਂ ਦੇ ਵਰਗਾਂ ਦੀ ਪਹਿਚਾਨ ਦੇ ਲਈ ਅਤੇ ਉਨ੍ਹਾਂ ਵਿਅਕਤੀਆਂ ਦੇ ਲਈ, ਜੋ ਜਨਮ ਤੋਂ ਜਾਂ ਅਧਿਵਾਸ ਦੁਆਰਾ ਉਸ ਖੇਤਰ ਦੇ ਹਨ, ਅਜਿਹੀਆਂ ਅਸਾਮੀਆਂ ਅਤੇ ਅਨੁਪਾਤੱਕ ਰਾਂਖਵਾਂਕਰਨ ਦੇ ਲਈ ਅਤੇ ਉਨ੍ਹਾਂ ਅਸਾਮੀਆਂ ਤੇ ਸਿੱਧੀ

Ministry of Law & Justice

ਭਰਤੀ ਦੁਆਰਾ ਜਾਂ ਤਰੱਕੀ ਦੁਆਰਾ ਜਾਂ ਅਜਿਹੇ ਕਿਸੇ ਹੋਰ ਤਰੀਕੇ ਵਿਚ, ਜੋ ਹੁਕਮ ਵਿਚ ਉਲਿਖਿਤ ਕੀਤਾ ਜਾਵੇ, ਨਿਯੁਕਤੀ ਦੇ ਲਈ ਉਪਬੰਧ ਕੀਤਾ ਜਾ ਸਕੇਗਾ ।]

**ਮੌਜੂਦਾ ਕਾਨੂੰਨਾਂ ਦਾ ਨਾਫਜ ਰਹਿਣਾ ਅਤੇ ਉਨ੍ਹਾਂ ਦਾ ਅਨੁਕੂਲਣ ।**

372 (1) ਅਨੁਛੇਦ 395 ਵਿਚ ਹਵਾਲਾ ਦਿੱਤੇ ਗਏ ਇਨੈਕਟਮੈਂਟਾਂ ਦਾ ਇਸ ਸੰਵਿਧਾਨ ਦੁਆਰਾ ਨਿਰਸਨ ਹੋ ਜਾਣ ਤੋਂ ਵੀ ਪਰ ਇਸ ਸੰਵਿਧਾਨ ਦੇ ਹੋਰ ਉਪਬੰਧਾ ਦੇ ਤਾਬੇ, ਇਸ ਸੰਵਿਧਾਨ ਦੇ ਅਰੰਭ ਤੋ ਤੁਰੰਤ ਪਹਿਲਾਂ ਭਾਰਤ ਦੇ ਰਾਜ-ਖੇਤਰ ਵਿਚ ਨਾਫਜ ਸਭ ਕਾਨੂੰਨ ਉਸ ਵਿਚ ਤਦ ਤੱਕ ਨਾਫਜ ਰਹੇਗਾ ਜਦ ਤੱਕ ਕਿਸੇ ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਦੁਆਰਾ ਬਦਲਿਆ ਜਾਂ ਨਿਰਸਤ ਕੀਤਾ ਜਾਂ ਸੋਧਿਆ ਨ ਜਾਵੇ ।

(2) ਭਾਰਤ ਰਾਜਖੇਤਰ ਵਿਚ ਨਾਫਜ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਇਸ ਸੰਵਿਧਾਨ ਦੇ ਉਪਬੰਧਾਂ ਨਾਲ ਮੇਲ ਖਵਾਉਣ ਦੇ ਪ੍ਰਯੋਜਨ ਲਈ, ਰਾਸ਼ਟਰਪਤੀ ਹੁਕਮ [28]ਦੁਆਰਾ ਅਜਿਹੇ ਕਾਨੂੰਨ ਦੇ ਅਜਿਹੇ ਅਨੁਕੂਲਣ ਅਤੇ ਰੂਪਭੇਦ, ਭਾਵੇ ਨਿਰਸਨ ਜਾਂ ਸੋਧ ਦੁਆਰਾ, ਕਰ ਸਕੇਗਾ ਜਿਹੇ ਜ਼ਰੂਰੀ ਜਾਂ ਕਾਲ-ਉਚਿਤ ਹੋਣ, ਅਤੇ ਇਹ ਉਪਬੰਧ ਕਰ ਸਕੇਗਾ ਕਿ ਉਹ ਕਾਨੂੰਨ, ਅਜਿਹੀ ਤਰੀਕ ਤੋਂ, ਜਿਹੀ ਹੁਕਮ ਵਿਚ ਉਲਿਖਤ ਕੀਤੀ ਜਾਵੇ, ਇਸ ਤਰ੍ਹਾਂ ਕੀਤੇ ਗਏ ਅਨੁਕੂਲਣਾਂ ਅਤੇ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ, ਅਤੇ ਇਜ ਅਜਿਹੇ ਕਿਸੇ ਅਨੁਕੂਲਣ ਜਾਂ ਰੂਪਭੇਦ ਤੇ

---

[28] ਵੇਖੋ ਅਧਿਸੂਚਨਾ ਨੰ ਐਸ.ਆਰ. ੳ. 115 ਤਰੀਕ 5 ਜੂਨ, 1950 ਭਾਰਤ ਦਾ ਗਜਟ, ਆਸਾਧਾਰਣ, ਭਾਗ II ਅਨੁਭਾਗ 2 ਪੰਨਾ 51, ਅਧਿਸੂਚਨਾ ਨੰ ਐਸ.ਆਰ ੳ 870 ਤਰੀਕ 4 ਨੰਵਬਰ, 1950 ਦੁਆਰਾ ਭਾਰਤ ਦਾ ਗਜਟ, ਆਸਾਧਾਰਣ, ਭਾਗ II ਅਨੁਭਾਗ 2 ਪੰਨਾ 3, ਅਧਿਸੂਚਨਾ ਨੰ ਐਸ.ਆਰ ੳ 508 ਤਰੀਕ 4 ਅਪ੍ਰੈਲ, 1951, ਭਾਰਤ ਦਾ ਗਜਟ, ਆਸਾਧਾਰਣ, ਭਾਗ II ਅਨੁਭਾਗ 2 ਪੰਨਾ 287 ਅਤੇ ਅਧਿਸੂਚਨਾ ਨੰ ਐਸ.ਆਰ ੳ 1140 ਅ, ਤਰੀਕ ਜੁਲਾਈ, 1952, ਭਾਰਤ ਦਾ ਗਜਟ, ਆਸਾਧਾਰਣ, ਭਾਗ II ਅਨੁਭਾਗ 2 ਪੰਨਾ 616/1ਦੁਆਰਾ ਸੋਧਿਆ ਹੋਇਆ ਅਡੌਪਟੇਸ਼ਨ ਔਫ ਲਾਅਜ ਐਰਡਰ, 1950, ਤਰੀਕ 26ਜਨਵਰੀ, 1950 ਭਾਰਤ ਦਾ ਗਜਟ ਅਸਾਰਾਪਣ, ਪੰਨਾ 449 ਅਤੇ ਅਡੌਪਟੇਸ਼ਨ ਆਫ ਟਾਰਵਿਨਕੋਰ ਕੋਚੀਨ ਲੈਂਡ ਔਕੁਈਜੀਸ਼ਨ ਲਾਅਜ਼ ਔਰਡਰ, 1952, ਤਰੀਕ 20 ਨਵੰਬਰ, 1952, ਭਾਰ ਗਜਟ ਅਸਾਧਾਰਣ ਭਾਗ II ਅਨੁਭਾਗ 3 ਪੰਨਾ 923 ।

Ministry of Law & Justice

ਕਿਸੇ ਕਾਨੂੰਨੀ ਅਦਾਲਤ ਵਿਚ ਉਜਰ ਨਹੀਂ ਕੀਤਾ ਜਾਵੇਗਾ।

(3) ਖੰਡ (2) ਦੀ ਕੋਈ ਗੱਲ–

(ੳ)ਰਾਸ਼ਟਰਪਤੀ ਇਸ ਸੰਵਿਧਾਨ ਦੇ ਅਰੰਭ ਤੋਂ [29][ਤਿੰਨ ਸਾਲ] ਦੇ ਗੁਰਜਨ ਪਿੱਛੋਂ ਕਿਸੇ ਕਾਨੂੰਨ ਦਾ ਕੋਈ ਅਨੁਕੂਲਣ ਜਾਂ ਰੂਪਭੇਦ ਕਰਨ ਦੀ ਸ਼ਕਤੀ ਦੇਣ ਵਾਲੀ ਜਾਂ;

(ਅ) ਕਿਸੇ ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਨੂੰ ਰਾਸ਼ਟਰਪਤੀ ਦੁਆਰਾ ਉਕਤ ਖੰਡ ਦੇ ਅਧੀਨ ਅਨੁਕੂਲ ਜਾਂ ਰੂਪਭੇਦ ਕੀਤੇ ਕਿਸੇ ਕਾਨੂੰਨ ਦਾ ਨਿਰਸਨ ਜਾਂ ਉਸ ਵਿਚ ਸੋਧ ਕਰਨ ਤੋਂ ਰੋਕਣ ਵਾਲੀ,

ਨਹੀਂ ਸਮਝੀ ਜਾਵੇਗੀ।

ਵਿਆਥਿਆ I - ਇਸ ਅਨੁਛੇਦ ਵਿਚ ਪਦ "ਨਾਫਜ ਕਾਨੂਨ" ਵਿਚ ਕੋਈ ਕਾਨੂੰਨ ਸ਼ਾਮਲ ਹੋਵੇਗਾ ਜੋ ਇਸ ਸੰਵਿਧਾਨ ਦੇ ਆਰੰਭ ਤੋਂ ਪਹਿਲਾਂ ਭਾਰਤ ਰਾਜਖੇਤਰ ਵਿਚ ਕਿਸੇ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਦੁਆਰਾ ਪਾਸ ਕੀਤਾ ਜਾਂ ਬਣਾਇਆ ਗਿਆ ਹੋਵੇ ਅਤੇ ਪਹਿਲਾਂ ਹੀ ਨਿਰਸਤ ਨ ਕਰ ਦਿੱਤ ਗਿਆ ਹੋਵੇ, ਭਾਵੇਂ ਉਹ ਜਾਂ ਉਸ ਦੇ ਕੋਈ ਭਾਗ ਉਦੋਂ ਉੱਕਾ ਹੀ ਜਾਂ ਖਾਸ ਖੇਤਰਾਂ ਵਿਚ ਅਮਲ ਵਿਚ ਨ ਹੋਣ।

ਵਿਆਖਿਆ II- --ਭਾਰਤ ਰਾਜਖੇਤਰ ਵਿਚਲੇ ਕਿਸੇ ਵਿਧਾਨ-ਮੰਡਲ ਜਾਂ ਹੋਰ ਸ਼ਕਤਾਵਾ ਸੱਤਾਧਾਰੀ ਦੁਆਰਾ ਪਾਸ ਕਿਤੇ ਜਾਂ ਬਣਾਏ ਗਏ ਕਿਸੇ ਅਜਿਹੇ ਕਾਨੂੰਨ ਦਾ, ਜਿਸ ਦਾ ਇਸ ਸੰਵਿਧਾਨ ਦੇ ਅਰੰਭ ਤੋਂ ਤੁੰਰਤ ਪਹਿਲਾਂ ਰਾਜਖੇਤਰ-ਅਤੀਤ ਪ੍ਰਭਾਵ ਸੀ ਅਤੇ ਭਾਰਤ ਰਾਜਖੇਤਰ ਵਿਚ ਵੀ ਪ੍ਰਭਾਵ ਸੀ, ਉਪਰੋਕਤ ਜਿਹੇ

[29] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 12 ਦੁਆਰਾ "ਦੋ ਸਾਲ" ਥਾਂਵੇਂ ਰਖੇ ਗਏ।

Ministry of Law & Justice

ਕਿਸੇ ਅਨੁਕੂਲਣ ਅਤੇ ਰੂਪਭੇਦਾਂ ਦੇ ਤਾਬੇ, ਅਜਿਹਾ ਰਾਜਖੇਤਰ-ਅਤੀਤ ਪ੍ਰਭਾਵ ਜਾਰੀ ਰਹੇਗਾ।

ਵਿਆਖਿਆ III --- ਇਸ ਅਨੁਛੇਦ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਕਿਸੇ ਅਸਥਾਈ ਨਾਫ਼ਜ ਕਾਨੂੰਨ ਨੂੰ ਉਸ ਦੇ ਗੁਜਰਨ ਲਈ ਨਿਯਤ ਤਰੀਕ ਤੋਂ ਜਾਂ ਉਸ ਤਰੀਕ ਤੋਂ ਜਿਸ ਨੂੰ ਜੇ ਇਹ ਸੰਵਿਧਾਨ ਨਾਫਜ ਨ ਹੋਇਆ ਹੁੰਦਾ, ਉਹ ਗੁਜਰ ਜਾਂਦਾ, ਬਾਅਦ ਜਾਰੀ ਰੱਖਦੀ ਹੈ।

ਵਿਆਖਿਆ -IV ਕਿਸੇ ਪ੍ਰਾਂਤ ਦੇ ਰਾਜਪਲ ਦੁਆਰਾ ਗਵਰਨਮੈਂਟ ਔਫ ਇੰਡੀਆ ਐਕਟ, 1935 ਦੀ ਧਾਰਾ 88 ਦੇ ਅਧੀਨ ਜਾਰੀ ਕੀਤਾ, ਅਤੇ ਇਸ ਸੰਵਿਧਾਨ ਦੇ ਅਰੰਭ ਤੁਰੰਤ ਪਹਿਲਾਂ ਨਾਫ਼ਜ ਕੋਈ ਅਧਿਆਦੇਸ਼, ਜੇਕਰ ਤਤ-ਸਥਾਨੀ ਰਾਜ ਦੇ ਰਾਜਪਾਲ ਦੁਆਰਾ ਪਹਿਲਾਂ ਹੀ ਵਾਪਸ ਨ ਲੈ ਲਿਆ ਗਿਆ ਹੋਵੇ, ਅਜਿਹੇ ਅਰੰਭ ਪਿਛੋਂ ਅਨੁਛੇਦ 382 ਦੇ ਖੰਡ (1) ਦੇ ਅਧੀਨ ਰਾਕਜਕਾਰ ਕਰਨ ਵਾਲੀ ਉਸ ਰਾਜ ਦੀ ਵਿਧਾਨ ਸਭਾ ਦੀ ਪਹਿਲੀ ਇਕੱਤਰਾ ਤੋਂ ਛੇ ਸਾਤਿਆਂ ਦੇ ਗੁਜਰਨ ਤੇ ਅਮਲ ਵਿਚ ਨਹੀਂ ਰਹੇਗੀ, ਅਤੇ ਇਸ ਅਨੁਛੇਦ ਦੀ ਕਿਸੇ ਗੱਲ ਦਾ ਇਹ ਅਰਥ ਨਹੀਂ ਕੀਤਾ ਜਾਵੇਗਾ ਕਿ ਉਹ ਅਜਿਹੇ ਕਿਸੇ ਅਧਿਆਦੇਸ਼ ਨੂੰ ਉਕਤ ਮੁੱਦਤ ਤੋਂ ਬਾਅਦ ਨਾਫ਼ਜ ਰੱਖਦੀ ਹੈ।

ਰਾਸ਼ਟਰਪਤੀ ਦੀ ਕਾਨੂੰਨਾਂ ਦਾ ਅਨੁਕੂਲਣ ਕਰਨ ਦੀ ਸ਼ਕਤੀ।

[30][372 ਉ (1) ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਵਿਚ ਜਾਂ ਉਸ ਦੇ ਕਿਸੇ ਭਾਗ ਵਿਚ ਨਾਫ਼ਜ ਕਿਸੇ ਕਾਨੂੰਨ ਦੇ ਉਪਬੰਧਾਂ ਨੂੰ ਇਸ ਸੰਵਿਧਾਨ ਦੇ ਉਪਬੰਧਾਂ ਨਾਲ ਜਿਵੇਂ ਕਿ ਉਹ ਉਸ ਐਕਟ ਦੁਆਰਾ ਸੋਧੇ ਹੋਏ ਹਨ, ਮੇਲ ਖਵਾਉਣ ਦੇ ਪ੍ਰਯੋਜਨ ਲਈ, ਰਾਸ਼ਟਰਪਤੀ ਨੰਵਬਰ, 1957 ਦੇ ਪਹਿਲੇ ਦਿਨ ਤੋਂ ਪਹਿਲਾਂ ਦਿੱਤੇ ਗਏ ਹੁਕਮ

[30] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 23 ਦੁਆਰ ਅੰਤਰਸਥਾਪਤ।

[31]ਦੁਆਰਾ ਅਜਿਹੇ ਕਾਨੂੰਨ ਦੇ ਅਜਿਹੇ ਅਨੁਕੂਲਣ ਅਤੇ ਰੂਪਭੇਦ, ਭਾਵੇਂ ਨਿਰਸਨ ਜਾਂ ਸੋਧ ਦੁਆਰਾ, ਕਰ ਸਕੇਗਾ, ਜਿਹੇ ਜ਼ਰੂਰੀ ਜਾਂ ਕਾਲ-ਉਚਿਤ  ਹੋਣ, ਅਤੇ ਉਪਬੰਧ ਕਰ ਸਕੇਗਾ ਕਿ ਉਹ ਕਾਨੂੰਨ ਅਜਿਹੀ ਤਰੀਕ ਤੋਂ ਜਿਹੀ ਉਸ ਹੁਕਮ ਵਿਚ ਉਲਿਖਤ ਕੀਤਾ ਜਾਵੇ, ਇਸ ਤਰ੍ਹਾਂ ਕੀਤੇ ਗਏ ਅਨੁਕੂਲਣਾ ਅਤੇ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ, ਅਤੇ ਅਜਿਹੇ ਕਿਸੇ ਅਨੁਕੂਲਣ ਜਾਂ ਰੂਪਭੇਦ ਤੇ ਕਿਸੇ ਕਾਨੂੰਨੀ ਅਦਾਲਤ ਵਿਚ ਉਜਰ ਨਹੀਂ ਕੀਤਾ ਜਾਵੇਗਾ ।

(2) ਖੰਡ (1) ਤੀ ਕੋਈ ਗੱਲ ਕਿਸੇ ਸ਼ਕਤਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਧਾਰੀ ਨੂੰ ਰਾਸ਼ਟਰਪਤੀ ਦੁਆਰਾ ਉਸ ਖੰਡ ਦੇ ਅਧੀਨ ਅਨੁਕੂਲੇ ਜਾਂ ਰੂਪਭੇਦ ਕੀਤੇ ਕਿਸੇ ਕਾਨੂੰਨ ਦਾ ਨਿਰਸਨ ਜਾਂ ਉਸ ਵਿਚ ਸੋਧ ਕਰਨ ਤੋ ਰੋਕਣ ਵਾਲੀ ਨਹੀਂ ਸਮਝੀ ਜਾਵੇਗੀ।

ਨਿਵਾਰਕ ਨਜ਼ਰਬੰਦੀ ਵਿਚ ਰੱਖੇ ਗਏ ਵਿਅਕਤੀਆਂ ਬਾਰੇ ਕੁਝਕੁ ਸੂਰਤਾਂ ਵਿਚ ਰਾਸ਼ਟਰਪਤੀ ਦੀ ਹੁਕਮ ਦੇਣ ਦੀ ਸ਼ਕਤੀ।

373 ਜਦ ਤੱਕ ਅਨੁਛੇਦ 22 ਕੇ ਖੰਡ (7) ਦੇ ਅਧੀਨ ਸੰਸਦ ਦੁਆਰਾ ਉਪਬੰਧ ਨ ਕੀਤਾ ਜਾਵੇ, ਜਾਂ ਜਦ ਤੱਕ ਇਸ ਸੰਵਿਧਾਨ ਦੇ ਅਰੰਭ ਤੋਂ ਇਕ ਸਾਲ ਨ ਗੁਜ਼ਰ ਜਾਵੇ, ਜੋ ਵੀ ਪਹਿਲਾਂ ਹੋਵੇ, ਉਤ ਅਨਛੇਦ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਉਸ ਦੇ ਖੰਡ(4) ਅਤੇ (7) ਵਿਚ ਸੰਸਦ ਦੇ ਪ੍ਰਤਿ ਕਿਸੇ ਹਵਾਲੇ ਦੀ ਥਾਵੇਂ ਰਾਸ਼ਟਰਪਤੀ ਦੇ ਪ੍ਰਤਿ ਹਵਾਲੇ ਅਤੇ ਉਨ੍ਹਾਂ ਖੰਡਾਂ ਵਿਚ ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਪ੍ਰਤਿ ਕਿਸੇ ਹਵਾਲੇ ਦੀ ਥਾਵੇਂ ਰਾਸ਼ਟਰਪਤੀ ਦੁਆਰਾ ਦਿੱਤੇ ਗਏ ਹੁਕਮ ਦੇ ਪ੍ਰਤਿ ਹਵਾਲਾ ਰੱਖ ਦਿਤਾ ਗਿਆ ਹੋਵੇ।

ਫੈਡਰਲ ਕੋਰਟ ਦੇ ਜੱਜਾਂ ਅਤੇ ਫੈਡਰਲ ਕੋਰਟ ਵਿਚ ਜਾਂ

374(1) ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਹੁਦਾਧਾਰੀ ਫੈਡਰਲ ਕੋਰਟ ਦੇ ਜੱਜ, ਜੇ ਕਰ ਉਹ ਹੋਰਵੇਂ ਨ ਚੁਣ ਚੁੱਕੇ ਹੋਣ, ਅਜਿਹੇ ਅਰੰਭ ਤੇ ਸਰਵ-ਉੱਚ ਅਦਾਲਤ ਦੇ ਜੱਜ

[31] ਵੇਖੋ ਅਡੈਪਟੇਸ਼ਨ ਔਫ ਲਾਅਜ਼ ਓਰਡਰਜ, 1956 ਅਤੇ 1957।

Ministry of Law & Justice

ਹਿਜ਼ ਮੈਜੀਸਟੀ ਇਨ ਪਰਿਸ਼ਦ ਅੱਗੇ ਲੰਬਿਤ ਕਾਰਵਾਈਆਂ ਬਾਬਤ ਉਪਬੰਧ।

ਹੋ ਜਾਣਗੇ ਅਤੇ ਉਸ ਤੇ ਅਜਿਹੀਆਂ ਤਨਖਾਹਾਂ ਅਤੇ ਭੱਤਿਆਂ ਦੇ ਅਤੇ ਗੈਰਹਾਜਰੀ ਦੀ ਛੁੱਟੀ ਅਤੇ ਪੈਨਸ਼ਨ ਬਾਰੇ ਅਜਿਹੇ ਅਧਿਕਾਰਾਂ ਦੇ ਹੱਕਦਾਰ ਹੋਣਗੇ ਜਿਹੇ ਸਰਵ-ਉੱਚ ਅਦਾਲਤ ਦੇ ਜੱਜਾਂ ਬਾਰੇ ਅਨੁਛੇਦ 125 ਦੇ ਅਧੀਨ ਉਪਬੰਧਤ ਹਨ।

(2) ਇਸ ਸੰਵਿਧਾਨ ਦੇ ਅਰੰਭ ਤੇ ਫੈਡਰਲ ਕੋਰਟ ਵਿਚ ਲੰਬਿਤ ਸਭ ਦਾਵੇ, ਅਪੀਲਾਂ ਅਤੇ ਕਾਰਵਾਈਆਂ, ਦੀਵਾਨੀ ਜਾਂ ਫੌਜਦਾਰੀ ਸਰਵ-ਉੱਚ ਅਦਾਲਤ ਕੋਲ ਚਲੀਆਂ ਜਾਣਗੀਆਂ, ਅਤੇ ਸਰਵ-ਉੱਚ ਅਦਾਲਤ ਨੂੰ ਉਨ੍ਹਾਂ ਦੇ ਸੁਣਨ ਅਤੇ ਤੈਅ ਕਰਨ ਦੀ ਅਧਿਕਾਰਤਾ ਹੋਵੇਗੀ, ਅਤੇ ਫੈਡਰਲ ਕੋਰਟ ਦੇ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਸੁਣਾਏ ਜਾਂ ਦਿੱਤੇ ਨਿਰਣਿਆਂ ਅਤੇ ਹੁਕਮਾਂ ਦਾ ਉਹੀ ਬਲ ਅਤੇ ਪ੍ਰਭਾਵ ਹੋਵੇਗਾ ਜਿਵੇਂ ਕਿ ਉਹ ਸਰਵ-ਉੱਚ ਅਦਾਲਤ ਦੁਆਰਾ ਸੁਣਾਏ ਜਾਂ ਦਿੱਤੇ ਗਏ ਹੋਣ।

(3) ਇਸ ਸੰਵਿਧਾਨ ਦੀ ਕੋਈ ਗੱਲ ਭਾਰਤ ਦੇ ਰਾਜਖੇਤਰ ਅੰਦਰ ਕਿਸੇ ਅਦਾਲਤ ਦੇ ਕਿਸੇ ਨਿਰਣੇ, ਡਿਗਰੀ ਜਾਂ ਹੁਕਮ ਤੋਂ, ਜਾਂ ਦੇ ਬਾਰੇ ਅਪੀਲਾਂ ਜਾਂ ਅਰਜੀਆਂ ਨੂੰ ਨਿਬੇੜਨ ਲਈ ਹਿਜ ਮੈਜੀਸਟੀ ਇਨ ਪਰਿਸ਼ਦ ਦੁਆਰਾ ਅਧਿਕਾਰਤਾ ਦੀ ਵਰਤੋਂ ਨੂੰ ਉਥੋਂ ਤੱਕ ਨਜਾਇਜ਼ ਕਰਨ ਦਾ ਅਸਰ ਨਹੀਂ ਰਖੇਗੀ ਜਿੱਥੋਂ ਤੱਕ ਅਜਿਹੀ ਅਧਿਕਾਰਤਾ ਦੀ ਵਰਤੋਂ ਕਾਨੂੰਨ ਦੁਆਰਾ ਅਖਤਿਆਰਤ ਹੈ, ਅਤੇ ਅਜਿਹੀ ਕਿਸੇ ਅਪੀਲ ਜਾਂ ਅਰਜੀ ਤੇ ਇਸ ਸੰਵਿਧਾਨ ਦੇ ਅਰੰਭ ਪਿੱਛੋਂ ਦਿੱਤਾ ਗਿਆ ਹਿਜ ਮੈਜਿਸਟੀ ਇਨ ਪਰਿਸ਼ਦ ਦ ਕੋਈ ਹੁਕਮ ਸਭ ਪ੍ਰਯੋਜਨਾਂ ਲਈ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਕਿ ਉਹ ਸਰਵ-ਉੱਚ ਅਦਾਲਤ ਦੁਆਰਾ ਉਸ ਅਦਾਲਤ ਨੂੰ ਇਸ ਸੰਵਿਧਾਨ ਦੁਆਰਾ ਪ੍ਰਦਾਨ ਕੀਤੀ ਗਈ ਅਧਿਕਾਰਤਾ ਦੀ ਵਰਤੋਂ ਵਿਚ ਦਿੱਤਾ ਗਿਆ ਕੋਈ ਹੁਕਮ ਜਾਂ ਡਿਗਰੀ ਹੋਵੇ।

(4) ਇਸ ਸੰਵਿਧਾਨ ਦੇ ਅਰੰਭ ਤੇ ਅਤੇ ਤੋਂ ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਤ ਕਿਸੇ ਰਾਜ ਵਿਚ ਪ੍ਰੀਵੀ ਪਰਿਸ਼ਦ ਵਜੋਂ ਕਾਜ-ਕਾਰ ਕਰਦੇ ਸੱਤਧਾਰੀ ਦੀ ਉਸ ਰਾਜ ਅੰਦਰ ਕਿਸੇ

Ministry of Law & Justice

ਅਦਾਲਤ ਦੇ ਨਿਰਣੇ, ਡਿਗਰੀ, ਜਾਂ ਹੁਕਮ ਤੋਂ ਜਾਂ ਦੇ ਬਾਰੇ ਅਪੀਲਾਂ ਜਾਂ ਅਰਜੀਆਂ ਨੂੰ ਲੈਣ ਜਾਂ ਨਿਬੇੜਨ ਦੀ ਅਧਿਕਾਰਤਾ ਨਹੀਂ ਰਹੇਗੀ, ਅਤੇ ਅਜਿਹੇ ਅਰੰਭ ਤੇ ਉਕਤ ਸੱਤਧਾਰੀ ਅੱਗੇ ਲੰਬਿਤ ਸਭ ਅਪੀਲਾਂ ਅਤੇ ਹੋਰ ਕਾਰਵਾਈਆਂ ਸਰਵ-ਉੱਚ ਅਦਾਲਤ ਨੂੰ ਮੰਤਕਿਲ ਹੋ ਜਾਣਗੀਆਂ, ਅਤੇ ਉਸ ਦੁਆਰਾ ਨਿਬੇੜੀਆਂ ਜਾਣਗੀਆਂ

(5) ਇਸ ਅਨੁਛੇਦ ਦੇ ਉਪਬੰਧਾ ਨੂੰ ਪ੍ਰਭਾਵੀ ਬਣਾਉਣ ਲਈ ਸੰਸਦ ਕਾਨੂੰਨ ਦੁਆਰ ਹੋਰ ਉਪਬੰਧ ਬਣਾ ਸਕੇਗੀ।

ਸੰਵਿਧਾਨ ਦੇ ਉਪਬੰਧਾਂ ਦੇ ਤਾਬੇ ਅਦਾਲਤਾਂ, ਸੱਤਾਧਾਰੀਆਂ ਅਤੇ ਅਫਸਰਾਂ ਦਾ ਕਾਜਕਾਰ ਕਰਦੇ ਰਹਿਣਾ।

375. ਭਾਰਤ ਰਾਜਖੇਤਰ ਭਰ ਵਿਚ ਦੀਵਾਨੀ, ਫੌਜਦਾਰੀ ਅਤੇ ਮਾਲ ਦੀ ਅਧਿਕਾਰਤਾ ਵਾਲੀਆਂ ਸਭ ਅਦਾਲਤਾਂ, ਅਤੇ ਅਦਾਲਤੀ, ਕਾਰਜਪਾਲਕ ਅਤੇ ਦਫਤਰੀ ਸਭ ਸੱਤਾਧਾਰੀ ਅਤੇ ਸਭ ਅਫ਼ਸਰ ਇਸ ਸੰਵਿਧਾਨ ਦੇ ਉਪਬੰਧਾਂ ਦੇ ਤਾਬੇ, ਆਪਣੇ ਆਪਣੇ ਕਾਜ-ਕਾਰ ਨਜਿੱਠਦੇ ਰਹਿਣਗੇ।

ਉੱਚ ਅਦਾਲਤਾਂ ਦੇ ਜੱਜਾਂ ਬਾਬਤ ਉਪਬੰਧ।

376 (1) ਅਨੁਛੇਦ 217 ਦੇ ਖੰਡ (2) ਵਿਚ ਕਿਸੇ ਗੱਲ ਦੇ ਹੁੰਦਿਆਂ ਵੀ, ਇਸ ਸੰਵਿਧਾਨ ਦੇ ਅੰਰਭ ਤੋਂ ਤੁਰੰਤ ਪਹਿਲਾਂ ਅਹੁਦਾਧਾਰੀ ਕਿਸੇ ਪ੍ਰਾਂਤ ਵਿਚਲੀ ਕਿਸੇ ਉੱਚ ਅਦਾਲਤ ਦੇ ਜੱਜ, ਜੇਕਰ ਉਹ ਹੋਰਵੇਂ ਨ ਚੁਣ ਚੁੱਕੇ ਹੋਣ, ਅਜਿਹੇ ਅਰੰਭ ਤੇ ਤਤ-ਸਥਾਨੀ ਰਾਜ ਦੀ ਉੱਚ ਅਦਾਲਤ ਦੇ ਜੱਜ ਬਣ ਜਾਣਗੇ ਅਤੇ ਉਸ ਤੇ ਅਜਿਹੀਆਂ ਤਨਖਾਹਾਂ ਅਤੇ ਭੱਤਿਆਂ ਦੇ ਅਤੇ ਗੈਰ-ਹਾਜਰੀ ਦੁ ਛੁੱਟੀ ਅਤੇ ਪੈਨਸ਼ਨ ਬਾਰੇ ਅਜਿਹੇ ਅਧਿਕਾਰਾਂ ਦੇ ਹੱਕਦਾਰ ਹੋਣਗੇ ਜਿਹੇ ਅਜਿਹੀ ਉੱਚ ਅਦਾਲਤ ਦੇ ਜੱਜਾਂ ਬਾਰੇ ਅਨੁਛੇਦ 221 ਦੇ ਅਧੀਨ ਉਪਬੰਧਤ ਹਨ

[[32]ਅਜਿਹਾ ਕੋਈ ਜੱਜ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਉਹ ਭਾਰਤ ਦਾ ਨਾਗਰਿਕ ਨਹੀਂ ਹੈ, ਅਜਿਹੀ ਉੱਚ

[32] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 13 ਦੁਆਰਾ ਜੋੜਿਆ ਗਿਆ।

Ministry of Law & Justice

ਅਦਾਲਤ ਦੇ ਚੀਫ ਜਸਟਿਸ ਵਜੋਂ, ਜਾਂ ਕਿਸੇ ਹੋਰ ਉੱਚ ਅਦਾਲਤ ਦੇ ਚੀਫ ਜਸਟਿਸ ਜਾਂ ਹੋਰ ਜੱਜ ਵਜੋਂ ਨਿਯੁਕਤੀ ਲਈ ਪਾਤਰ ਹੋਵੇਗਾ ]

(2) ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਹੁਦਾਧਾਰੀ ਪਹਿਲੀ ਅਨੁਸੂਚੀ ਦੇ ਭਾਗ ਅ ਵਿਚ ਉਲਿਖਤ ਕਿਸੇ ਰਾਜ ਦੇ ਤਤ-ਸਥਾਨੀ ਕਿਸੇ ਦੇਸੀ ਰਾਜ ਵਿਚਲੀ ਕਿਸੇ ਉੱਚ ਅਦਾਲਤ ਦੇ ਜੱਜ, ਜੇਕਰ ਉਹ ਹੋਰਵੇਂ ਨ ਚੁਣ ਚੁੱਕੇ ਹੋਣ, ਅਜਿਹੇ ਅਰੰਭ ਤੋਂ ਇਸ ਤਰ੍ਹਾਂ ਉਲਿਖਤ ਰਾਜ ਵਿਚਲੀ ਉੱਚ ਅਦਾਲਤ ਦੇ ਜੱਜ ਬਣ ਜਾਣਗੇ, ਅਤੇ ਅਨੁਛੇਦ 217 ਕੇ ਖੰਡ (1) ਅਤੇ (2) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰ ਉਸ ਅਨੁਛੇਦ ਤੇ ਖੰਡ (1) ਪਰੰਤੁਕ ਦੇ ਤਾਬੇ, ਅਜਿਹੀ ਮੁਦੱਤ ਦੇ ਗੁਜਰਨ ਤੱਕ ਜਿਹੀ ਰਾਸ਼ਟਰਪਤੀ ਹੁਕਮ ਦੁਆਰਾ ਤੈਅ ਕਰੇ, ਅਹਦਾ ਧਾਰਨ ਕਰੀ ਰਖਣਗੇ।

(3) ਇਸ ਅਨੁਛੇਦ ਵਿਚ ਪਦ "ਜੱਜ" ਵਿਚ ਕੋਈ ਕਾਰਜਕਾਰੀ ਜੱਜ ਜਾਂ ਕੋਈ ਅਤਿਰਿਕਤ ਜੱਜ ਸ਼ਾਮਲ ਨਹੀਂ ਹੈ।

ਭਾਰਤ ਦੇ ਕੰਪਟਰੋਲਰ ਅਤੇ ਮਹਾਂ ਲੇਖਾਪਰੀਖਿਅਕ ਬਾਬਤ ਉਪਬੰਧ।

377. ਇਸ ਸੰਵਿਧਾਨ ਦੇ ਅਰੰਭ ਤੋ ਤੁੰਰਤ ਪਹਿਲਾਂ ਅਹੁਦਾਧਾਰੀ ਭਾਰਤ ਦਾ ਮਹਾਂ ਲੇਖਾ-ਪਰੀਖਿਅਕ, ਜੇਕਰ ਉਹ ਹੋਰਵੇਂ ਚੋਣ ਨ ਕਰ ਚੁੱਕਿਆ ਹੋਵੇ, ਅਜਿਹੇ ਅਰੰਭ ਤੇ ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰੀਖਿਅਕ ਬਣ ਜਾਵੇਗ ਅਤੇ ਉਸ ਤੇ ਅਜਿਹੀਆਂ ਤਨਖਾਹਾਂ ਦਾ ਅਤੇ ਗ਼ੈਰਹਾਜਰੀ ਦੀ ਛੁੱਟੀ ਅਤੇ ਪੈਨਸ਼ਨ ਬਾਰੇ ਅਜਿਹੇ ਅਧਿਕਾਰਾਂ ਦਾ ਹੱਕਦਾਰ ਹੋਵੇਗਾ, ਜਿਹੇ ਭਾਰਤ ਦੇ ਕੰਪਟਰੋਲਨ ਅਤੇ ਮਹਾਂ ਲੇਖਾ-ਪਰੀਖਿਅਕ ਬਾਰੇ ਅਨੁਛੇਦ 148 ਦੇ ਖੰਡ (3) ਦੇ ਅਧੀਨ ਉਪਬੰਧਤ ਹਨ ਅਤੇ ਪਣੇ ਅਹੁਦੇ ਦੀ ਉਸ ਅਉਧ ਦੇ ਜੋ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਉਸ ਨੂੰ ਲਾਗੂ ਉਪਬੰਧਾਂ ਦੇ ਅਧੀਨ ਤੈਅ ਹੋਵੇ, ਗੁਜਰਨ

Ministry of Law & Justice

ਤੱਕ ਅਹੁਦਾ ਧਾਰਨ ਕਰੀ ਰੱਖਣ ਦਾ ਹੱਕਦਾਰ ਹੋਵੇਗ।

ਲੋਕ ਸੇਵਾ ਕਮਿਸ਼ਨਾਂ ਬਾਬਤ ਉਪਬੰਧ।

378 (1) ਇਸ ਸੰਵਿਧਾਨ ਦੇ ਅਰੰਭ ਤੋ ਤੁੰਰਤ ਪਹਿਲਾਂ ਅਹੁਦਾਧਾਰੀ ਭਾਰਤ ਡੋਮੀਨੀਅਨ ਦੇ ਲੋਕ ਸੇਵਾ ਕਮਿਸ਼ਨ ਦੇ ਮੈਂਬਰ,ਜੇਕਰ ਉਹ ਹੋਰ ਚੋਣ ਨ ਕਰ ਚੁੱਕੇ ਹੋਣ, ਅਜਿਹੇ ਅਰੰਭ ਤੇ ਸੰਘ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਬਣ ਜਾਣਗੇ, ਅਤੇ ਅਨੁਛੇਦ 316 ਕੇ ਖੰਡ (1) ਅਤੇ (2) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਉਸ ਅਨੁਛੇਦ ਦੇ ਖੰਡ (2) ਦੇ ਪਰੰਤੁਕ ਦੇ ਤਾਬੇ, ਆਪਣੇ ਅਹੁਦੇ ਦੀ ਉਸ ਅਉਧ ਦੇ ਜੋ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਅਜਿਹੇ ਮੈਂਬਰਂ ਨੂੰ ਲਾਗੂ ਨਿਯਮਾਂ ਦੇ ਅਧੀਨ ਤੈਅ ਹੋਵੇ ਗੁਜਰਨ ਤੱਕ ਅਹੁਦਾ ਧਾਰਨ ਕਰੀ ਰੱਖਣਗੇ।

(2) ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਹੁਦਾਧਾਰੀ ਕਿਸੇ ਪ੍ਰਾਂਤ ਦੇ ਲੋਕ ਸੇਵਾ ਕਮਿਸ਼ਨ ਦੇ ਜਾਂ ਪ੍ਰਾਂਤਾਂ ਦੇ ਕਿਸੇ ਸਮੂਹ ਦੀਆਂ ਜਰੂਰਤਾਂ ਦੀ ਪੂਰਤੀ ਕਰਦੇ ਕਿਸੇ ਲੋਕ ਸੇਵਾ ਕਮਿਸ਼ਨ ਦੇ ਮੈਂਬਰ. ਜੇਕਰ ਉਹ ਹੋਰਵੇਂ ਚੋਣ ਨ ਕਰ ਚੁੱਕੇ ਹੋਣ, ਅਜਿਹੇ ਅਰੰਭ ਤੇ ਤਤ-ਸਥਾਨੀ ਰਾਜ ਦੇ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਜਾਂ ਤਤ-ਸਥਾਨੀ ਰਾਜਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਵਾਲੇ ਸੰਯੁਕਤ ਰਾਜ ਲੋਕ ਸੇਵਾ ਕਮਿਸ਼ਨ ਦੇ ਮੈਂਬਰ, ਜਿਹੀ ਕਿ ਸੂਰਤ ਹੋਵੇ, ਬਣ ਜਾਣਗੇ, ਅਤੇ ਅਨੁਛੇਦ 316 ਦੇ ਖੰਡ (1) ਅਤੇ (2) ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਉਸ ਅਨੁਛੇਦ ਦੇ ਖੰਡ (2) ਤੇ ਪਰੰਤੁਕ ਦੇ ਤਾਬੇ, ਆਪਣੇ ਅਹੁਦੇ ਦੀ ਉਸ ਅਉਧ ਦੇ ਜੋ ਅਜਿਹੇ ਅਰੰਭ ਤੋ ਤੁਰੰਤ ਪਹਿਲਾਂ ਅਜਿਹੇ ਮੈਂਬਰਾਂ ਨੂੰ ਲਾਗੂ ਨਿਯਮਾਂ ਦੇ ਅਧੀਨ ਤੈਅ ਹੋਵੇ, ਗੁਜਰਨ ਤੱਕ ਅਹੁਦਾ ਧਾਰਨ ਕਰੀ ਰਖਣਗੇ।

ਆਂਧਰ ਪ੍ਰਦੇਸ਼ ਵਿਧਾਨ ਸਭਾ ਦੀ

[33][378 ਉ ਅਨੁਛੇਦ 172 ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਦੇ ਸਟੇਟ ਰੀਆਰਗਨਾਈਜੇਸ਼ਨ ਐਕਟ, 1956 ਦੀਆਂ

[33] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 24 ਦੁਆਰਾ ਅੰਤਰਸਥਾਪਤ।



Ministry of Law & Justice

ਧਾਰਾਵਾਂ 28 ਅਤੇ 29 ਦੇ ਉਪਬੰਧਾਂ ਦੇ ਅਧੀਨ ਘਟਤ ਆਂਧਰ ਪ੍ਰਦੇਸ਼ ਰਾਜ ਦੀ ਵਿਧਾਨ ਸਭਾ, ਜੇਕਰ ਉਹ ਪਹਿਲਾਂ ਹੀ ਨ ਤੋੜ ਦਿੱਤੀ ਜਾਵੇ ਤਾਂ, ਉਕਤ ਧਾਰਾ 29 ਵਿਚ ਹਵਾਲਾ ਦਿੱਤੀ ਤਰੀਕ ਤੋਂ ਪੰਜ ਸਾਲ ਦੀ ਮੁਦੱਤ ਲਈ ਜਾਰੀ ਰਹੇਗੀ ਅਤੇ ਉਸ ਤੋਂ ਵੱਧ ਨਹੀ ਅਤੇ ਉਕਤ ਮੁੱਦਤ ਦਾ ਗੁਜਰਨਾ ਉਸ ਵਿਧਾਨ ਸਭਾ ਦੇ ਤੁੜਾਓ ਦਾ ਅਸਰ ਰਖੇਗਾ ।

ਮੁਣਿਆਦ ਬਾਬਤ ਵਿਸ਼ੇਸ਼ ਉਪਬੰਧ ।

**379-391 ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਨਿਰਸਤ ।**

ਕਠਨਾਈਆਂ ਦੂਰ ਕਰਨ ਦੀ ਰਾਸ਼ਟਰਪਤੀ ਦੀ ਸ਼ਕਤੀ ।

**392 (1)** ਰਾਸ਼ਟਰਪਤੀ, ਕੋਈ ਕਠਨਾਈਆਂ, ਖਾਸ ਤੌਰ ਤੇ ਗਵਰਨਮੈਂਟ ਔਫ ਇੰਡੀਆ ਐਕਟ, 1935 ਦੇ ਉਪਬੰਧਾਂ ਤੋਂ ਇਸ ਸੰਵਿਧਾਨ ਦੇ ਉਪਬੰਧਾਂ ਵਲ ਪਲਟਣ ਦੇ ਸੰਬੰਧ ਵਿਚ ਕਠਨਾਈਆਂ ਦੂਰ ਕਰਨ ਦੇ ਪ੍ਰਯੋਜਨ ਲਈ , ਹੁਕਮ ਦੁਆਰਾ ਨਿਦੇਸ਼ ਦੇ ਸਕੇਗਾ ਕਿ ਇਹ ਸੰਵਿਧਾਨ, ਉਸ ਹੁਕਮ ਵਿਚ ਉਲਿਖਤ ਮੁੱਦਤ ਦੇ ਦੌਰਾਨ, ਅਜਿਹੇ ਅਨੁਕੂਲਣਾਂ ਦੇ ਤਾਬੇ, ਭਾਵੇਂ ਉਹ ਰੂਪਭੇਦ, ਵਾਧੇ ਜਾਂ ਲੋਪ ਦੁਆਰਾ ਹੋਣ,ਜਿਹੇ ਉਹ ਜ਼ਰੂਰੀ ਜਾਂ ਕਾਲ-ਉਚਿਤ ਸਮਝੇ, ਪ੍ਰਭਾਵੀ ਹੋਵੇਗਾ

ਪਰੰਤੂ ਅਜਿਹਾ ਕੋਈ ਹੁਕਮ ਭਾਗ V ਦੇ ਅਧਿਆਏ II ਦੇ ਅਧੀਨ ਯਥਾਯੋਗ ਗਠਤ ਸੰਸਦ ਦੀ ਪਹਿਲੀ ਇਕੱਤਰਤਾ ਪਿੱਛੋਂ ਨਹੀਂ ਦਿੱਤਾ ਜਾਵੇਗਾ ।

(2) ਖੰਡ (1) ਦੇ ਅਧੀਨ ਦਿੱਤਾ ਗਿਆ ਹਰਿਕ ਹੁਕਮ ਸੰਸਦ ਅੱਗੇ ਰੱਖਿਆ ਜਾਵੇਗਾ ।

(3) ਇਸ ਅਨੁਛੇਦ ਦੁਆਰਾ, ਅਨੁਛੇਦ 324 ਦੁਆਰਾ, ਅਨੁਛੇਦ 367 ਦੇ ਖੰਡ (3) ਦੁਆਰਾ ਅਤੇ ਅਨੁਛੇਦ 391 ਦੁਆਰਾ ਰਾਸ਼ਟਰਪਤੀ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ, ਇਸ ਸੰਵਿਧਾਨ ਦੇ ਅੰਰਭ ਤੋਂ ਪਹਿਲਾਂ, ਭਾਰਤ ਡੋਮੀਨੀਅਨ ਦੇ

Ministry of Law & Justice

ਗਵਰਨਰ-ਜਨਰਲ ਦੁਆਰਾ ਵਰਤੋ ਯੋਗ ਹੋਣਗੀਆਂ ।

Ministry of Law & Justice

## ਭਾਗ XXII

## ਸੰਖੇਪ ਨਾਂ ਅਰੰਭ [1](ਹਿੰਦੀ ਵਿਚ ਸਤਾ ਯੁਕਤ ਪਾਠ)ਅਤੇ ਨਿਰਸਨ

393. ਇਸ ਸੰਵਿਧਾਨ ਨੂੰ ਭਾਰਤ ਦਾ ਸੰਵਿਧਾਨ ਕਿਹਾ ਜਾਂ ਸਕੇਗਾ। ਸੰਖੇਪ ਨਾਂ।

394. ਇਹ ਅਨੁਛੇਦ ਅਤੇ ਅਨੁਛੇਦ 5,6,7,8,9,60,324,366, 367,379,380,388,391,392 ਅਤੇ 393 ਤੁਰੰਤ ਨਾਫ਼ਜ ਹੋ ਜਾਣਗੇ, ਅਤੇ ਇਸ ਸੰਵਿਧਾਨ ਦੇ ਬਾਕੀ ਉਪਬੰਧ ਜਨਵਰੀ, 1950 ਦੇ ਛੱਬੀਵੇਂ ਦਿਨ ਨਾਫਜ ਹੋਣਗੇ, ਜਿਸ ਦਿਨ ਦਾ ਇਸ ਸੰਵਿਧਾਨ ਵਿਚ ਇਸ ਸੰਵਿਧਾਨ ਦੇ ਅਰੰਭ ਵਜੋਂ ਹਵਾਲਾ ਦਿਤਾ ਗਿਆ ਹੈ। ਅਰੰਭ।

ਹਿੰਦੀ ਭਾਸ਼ਾ ਵਿਚ ਸੱਤਾਯੁਕਤ ਪਾਠ।

[2](394ੳ)(1) ਰਾਸ਼ਟਰਪਤੀ--

(ੳ) ਇਸ ਸੰਵਿਧਾਨ ਦੇ ਹਿੰਦੀ ਭਾਸ਼ਾ ਵਿਚ ਅਨੁਵਾਦ ਨੂੰ, ਜਿਸ ਤੇ ਸੰਵਿਧਾਨ ਸਭਾ ਦੇ ਮੈਂਬਰਾਂ ਨੇ ਦਸਤਖਤ ਕੀਤੇ ਸਨ, ਅਜਿਹੇ ਰੂਪਭੇਦਾਂ ਦੇ ਨਾਲ ਜੋ ਉਸ ਨੂੰ ਕੇਂਦਰੀ ਐਕਟਾਂ ਦੇ ਹਿੰਦੀ ਭਾਸ਼ਾ ਵਿਚ ਸਤਾ ਯੁਕਤ ਪਾਠਾਂ ਵਿਚ ਅਪਣਾਈ ਗਈ ਭਾਸ਼ਾ, ਸ਼ੈਲੀ ਅਤੇ ਸ਼ਬਦਾਵਲੀ ਦੇ ਅਨੁਰੂਪ ਬਣਾਉਣ ਦੇ ਲਈ ਜ਼ਰੂਰੀ ਹੈ, ਅਤੇ ਅਜਿਹੇ ਪ੍ਰਸ਼ਾਸਨ ਦੇ ਪੂਰਵ ਕੀਤੇ ਗਏ ਇਸ ਸੰਵਿਧਾਨ ਦੇ ਅਜਿਹੀਆਂ ਸਾਰੀਆਂ ਸੋਧਾਂ ਨੂੰ, ਉਸ ਵਿਚ ਸੰਮਿਲਤ ਕਰਦੇ ਹੋਏ;ਅਤੇ

(ਅ) ਅੰਗਰੇਜੀ ਭਾਸ਼ਾ ਵਿਚ ਕੀਤੀ ਗਈ ਇਸ ਸੰਵਿਧਾਨ ਦੇ ਹਰ ਇਕ ਸੋਧ ਦੇ ਹਿੰਦੀ ਭਾਸ਼ਾ ਵਿਚ ਅਨੁਵਾਦ ਨੂੰ

ਅਪਨੀ ਅਥਾਰਟੀ ਨਾਲ ਪ੍ਰਕਾਸ਼ਤ ਕਰਵਾਏਗਾ।

(2) ਖੰਡ (1) ਦੇ ਅਧੀਨ ਪ੍ਰਕਾਸਤ ਇਸ ਸੰਵਿਧਾਨ ਅਤੇ ਇਸ ਦੀ ਹਰ ਇਕ

---

[1] ਸੰਵਿਧਾਨ (ਅਠਵੰਜਵੀਂ ਸੋਧ) ਐਕਟ, 1987 ਦੀ ਧਾਰਾ 2 ਦੁਆਰਾ ਅੰਤਰਸਥਾਪਤ।

[2] ਸੰਵਿਧਾਨ (ਅਠਵੰਜਵੀਂ ਸੋਧ) ਐਕਟ, 1987 ਦੀ ਧਾਰਾ 3 ਦੁਆਰਾ ਅੰਤਰਸਥਾਪਤ।

Ministry of Law & Justice

ਸੋਧ ਦੇ ਅਨੁਵਾਦ ਦਾ ਉਹੀ ਅਰਥ ਕੱਢਿਆ ਜਾਵੇਗਾ, ਜੋ ਉਸ ਦੇ ਮੂਲ ਦਾ ਹੈ ਅਤੇ ਜੇ ਅਜਿਹੇ ਅਨੁਵਾਦ ਦੇ ਕਿਸੇ ਭਾਗ ਦਾ ਇਸ ਤਰ੍ਹਾਂ ਅਰਥ ਕੱਢਣ ਵਿਚ ਕੋਈ ਕਠਿਨਾਈ ਉਤਪੰਨ ਹੁੰਦੀ ਹੈ ਤਾਂ ਰਾਸ਼ਟਰਪਤੀ ਉਪਯੁਕਤ ਪੁਨਰ ਨਿਰਿਖਣ ਕਰਵਾਏਗਾ।

(3) ਇਸ ਸੰਵਿਧਾਨ ਦੇ ਅਤੇ ਇਸ ਦੀ ਹਰ ਇਕ ਸੋਧ ਦਾ ਇਸ ਅਨੁਛੇਦ ਦੇ ਅਧੀਨ ਪ੍ਰਕਾਸ਼ਤ ਅਨੁਵਾਦ, ਸਾਰੇ ਪ੍ਰਯੋਜਨਾਂ ਦੇ ਲਈ ਉਸ ਦਾ ਹਿੰਦੀ ਭਾਸ਼ਾ ਦਾ ਸੱਤਾ ਯੁਕਤ ਪਾਠ ਸਮਝਿਆ ਜਾਵੇਗਾ।

[1]395. ਦ ਇੰਡੀਅਨ ਇੰਡੀਪੈਂਡੈਂਸ ਐਕਟ, 1947 ਅਤੇ ਗਵਰਨਮੈਂਟ ਔਫ ਇੰਡੀਆ ਐਕਟ, 1935, ਪਿਛਲੇਰੇ ਐਕਟ ਦੀ ਸੋਧ ਜਾਂ ਅਨੁਪੂਰਨ ਕਰਨ ਵਾਲੇ ਸਭ ਇੰਨਕੈਟਮੈਂਟਾਂ ਸਮੇਤ, ਪਰ ਜਿਨ੍ਹਾਂ ਵਿਚ ਐਬੋਲੀਸ਼ਨ ਔਫ ਪ੍ਰੀਵੀ ਪਰਿਸ਼ਦ ਜੁਰਿਸਡਿਕਸ਼ਨ ਐਕਟ, 1949 ਸ਼ਾਮਲ ਨਹੀਂ ਹੈ, ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ। ਨਿਰਸਨ।

Ministry of Law & Justice

[1][ਪਹਿਲੀ ਅਨੁਸੂਚੀ

[ ਅਨੁਛੇਦ 1 ਅਤੇ 4 ]

I. ਰਾਜ

| ਨਾਂ | ਰਾਜਖੇਤਰ |
| --- | --- |
| 1. ਆਂਧਰ ਪ੍ਰਦੇਸ਼ | [2][ਉਹ ਰਾਜਖੇਤਰ ਜੋ ਆਂਧਰ ਰਾਜ ਐਕਟ, 1953 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਰਾਜ ਪੁਨਰਗਠਨ ਐਕਟ, 1956, ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ, ਆਂਧਰ ਪ੍ਰਦੇਸ਼ ਅਤੇ ਮਦਰਾਸ (ਸੀਮਾ ਪਰਿਵਰਤਨ) ਐਕਟ, 1959, ਦੀ ਪਹਿਲੀ ਅਨੁਸੂਚੀ ਵਿੱਚ ਅਤੇ ਆਂਧਰ ਪ੍ਰਦੇਸ਼ ਅਤੇ ਮਾਈਸੋਰ (ਰਾਜਖੇਤਰ ਅੰਤਰਣ) ਐੇਕਟ, 1968 ਦੀ ਅਨੁਸੂਚੀ ਵਿੱਚ ਉਲਿਖਤ ਹਨ, ਪਰ ਆਂਧਰ ਪ੍ਰਦੇਸ਼ ਅਤੇ ਮਦਰਾਸ (ਸੀਮਾ ਪਰਿਵਰਤਨ) ਐਕਟ, 1959 ਦੀ ਦੂਜੀ ਅਨੁਸੂਚੀ ਵਿੱਚ [3][ਅਤੇ ਆਧਰ ਪ੍ਰਦੇਸ਼ ਪੁਨਰਗਠਨ ਐਕਟ, 2014 ਦੀ ਧਾਰਾ 3 ਵਿਚ ਉਲਿਖਤ ਹੈ। ] |
| 2. ਅਸਮ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਅਸਮ ਦੇ ਪ੍ਰਾਂਤ, ਖਾਸੀ ਰਾਜਾਂ ਅਤੇ ਅਸਮ ਦੇ ਕਬਾਇਲੀ ਖੇਤਰਾਂ ਵਿੱਚ ਸਮਾਵਿਸ਼ਟ ਸਨ, ਪਰ ਅਸਮ (ਸੀਮਾ ਪਰਿਵਰਤਨ) ਐਕਟ, 1951, ਦੀ ਅਨੁਸੂਚੀ ਵਿੱਚ ਉਲਿਖਤ ਹਨ ਅਤੇ ਉਹ ਰਾਜਖੇਤਰ ਵੀ ਇਸ ਦੇ ਅੰਦਰ ਨਹੀਂ ਹੈ ਜੋ [4][ਨਾਗਾਲੈਂਡ ਰਾਜ ਐਕਟ, 1962 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਉਲਿਖਤ ਹੈ ਉਹ ਰਾਜਖੇਤਰ ਵੀ ਇਸਦੇ ਅੰਦਰ ਨਹੀਂ ਹਨ [5][ਅਤੇ ਪੂਰਵਉੱਤਰ ਖੇਤਰ (ਪੁਨਰਗਠਨ ਐਕਟ, 1971 ਦੀ ਧਾਰਾ 5,6 ਅਤੇ 7 ਵਿੱਚ ਉੱਲਖਤ ਹੈ [6][ਅਤੇ ਉਹ ਰਾਜਖੇਤਰ ਵੀ, ਇਸ ਵਿਚ ਨਹੀਂ ਹਨ ਜੋ ਸੰਵਿਧਾਨ (ਨੌਵੀਂ ਸੋਧ) ਐਕਟ, 1960 ਦੀ ਧਾਰਾ 3 ਦੇ ਖੰਡ (ੳ) |

[1] ਸੰਵਿਧਾਨ (ਸੱਤਵੀਂ ਸੋਧ)ਐਕਟ, 1956, ਧਾਰਾ 2 ਦੁਆਰਾ, ਥਾਵੇਂ ਰੱਖੀ ਗਈ।

[2] ਆਂਧਰ ਪ੍ਰਦੇਸ਼ ਅਤੇ ਮਾਈਸੋਰ ((ਰਾਜਖੇਤਰ ਅੰਤਰਣ)) ਐੇਕਟ, 1968 (1969 ਦਾ 36) ਦੀ ਧਾਰਾ 4 ਦੁਆਰਾ ਪਹਿਲੇ ਇੰਦਰਾਜ ਦੀ ਥਾਂਵੇਂ (1.10.1968 ਤੋਂ ਲੈ ਕੇ) ਰੱਖਿਆ ਗਿਆ।

[3] ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 10 ਦੁਆਰਾ (2.6.2014 ਤੋਂ ਪ੍ਰਭਾਵੀ) ਦੀ ਥਾਵੇਂ ਰੱਖਿਆ ਗਿਆ।

[4] ਨਾਗਾਲੈਂਡ ਰਾਜ ਐਕਟ, 1962 (1962 ਦਾ 27) ਧਾਰਾ 4 ਦੁਆਰਾ (1.12.1963 ਤੋਂ ਲੈ ਦੇ) ਜੋੜ ਦਿਤਾ ਗਿਆ।

[5] ਪੂਰਵਉੱਤਰ ਖੇਤਰ (ਪੁਨਰਗਠਨ) ਐਕਟ, 1971, ਧਾਰਾ 9 ਦੁਆਰਾ 21.1.1972 ਤੋਂ ਲੈ ਦੇ ) ਜੋੜ ਦਿੱਤਾ ਗਿਆ।

[6] ਸੰਵਿਧਾਨ (ਇਕ ਸੋਵੀਂ ਸੋਧ) ਐਕਟ, 2015 ਦੀ ਧਾਰਾ 3 ਦੁਆਰਾ (31.07.2015 ਤੋਂ ਪ੍ਰਭਾਵੀ) ਦੀ ਥਾਵੇਂ ਰੱਖਿਆ ਗਿਆ।

Ministry of Law & Justice

ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਤੱਕ ਉਸਦਾ ਸੰਬੰਧ ਸੰਵਿਧਨ (ਇਕ ਸੋ ਵੀ ਸੋਧ) ਐਕਟ, 2015 ਦੀ ਦੂਜੀ ਅਨੁਸੂਚੀ ਦੇ ਭਾਗ 1 ਵਿਚ ਹਵਾਲਾ ਦਿੱਤੇ ਰਾਖੇਤਰਾਂ ਨਾਲ ਹੈ,ਸੰਵਿਧਾਨ (ਇਕ ਸੌਂ ਵੀ) ਸੋਧ ਐਕਟ, 2015 ਦੀ ਦੂਜੀ ਅਨੁਸੂਚੀ ਦੇ ਭਾਗ (1) ਵਿਚ ਹਵਾਲਾ ਦਿੱਤਾ ਹੈ ।]

3. ਬਿਹਾਰ — [7][ਉਹ ਰਾਜਖੇਤਰ ਜੋ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਜਾਂ ਤਾਂ ਬਿਹਾਰ ਪ੍ਰਾਂਤ ਵਿੱਚ ਸਮਾਵਿਸ਼ਟ ਸਨ ਜਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਸਨ ਜਿਵੇਂ ਉਹ ਉਸ ਪ੍ਰਾਂਤ ਦਾ ਭਾਗ ਹੋਣ ਅਤੇ ਉਹ ਰਾਜਖੇਤਰ ਜੋ ਬਿਹਾਰ ਅਤੇ ਉਤੱਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1968 ਦੀ ਧਾਰਾ 3 ਦੀ ਉਪ-ਧਾਰਾ (1) ਖੰਡ (ੳ) ਵਿੱਚ ਉਲਿਖਤ ਹਨ, ਪਰ ਉਹ ਰਾਜਖੇਤਰ ਜੋ ਬਿਹਾਰ ਅਤੇ ਵੈਸਟ ਬੰਗਾਲ (ਰਾਜਖੇਤਰ ਅੰਤਰਣ) ਐਕਟ, 1956 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਉਲਿਖਤ ਹਨ ਅਤੇ ਉਹ ਰਾਜਖੇਤਰ ਵੀ ਇਸਦੇ ਅਦੰਰ ਨਹੀਂ ਹਨ ਜੋ ਪਹਿਲਾਂ ਜ਼ਿਕਰ ਕੀਤੇ ਐਕਟ ਦੀ ਧਾਰਾ 3 ਦੀ ਉਪਧਾਰਾ (1) ਦੇ ਖੰਡ (ਅ) ਵਿੱਚ ਉਲਿਖਤ ਹਨ, [8][ਅਤੇ ਉਹ ਰਾਜ ਖੇਤਰ ਜੋ ਬਿਹਾਰ ਪੁਨਰਗਠਨ ਐਕਟ, 2000 ਦੀ ਧਾਰਾ 3 ਵਿਚ ਉਲਿਖਤ ਹਨ ]

[9][4. ਗੁਜਰਾਤ — ਉਹ ਰਾਜਖੇਤਰ ਜਿਨ੍ਹਾਂ ਦਾ ਬੰਬੇ ਪੁਨਰਗਠਨ ਐਕਟ, 1960 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਗਿਆ ਹੈ ।]

5. ਕੇਰਨ — ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 5 ਦੀ ਉਪ-ਧਾਰਾ (1) ਵਿੱਚ ਉਲਿਖਤ ਹਨ ।

6. ਮੱਧ ਪ੍ਰਦੇਸ਼ — ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 9 ਦੀ ਉਪ-ਧਾਰਾ (1) [10][ਅਤੇ ਰਾਜਸਥਾਨ ਅਤੇ ਮੱਧ ਪ੍ਰਦੇਸ਼ (ਰਾਜਖੇਤਰ ਅੰਤਰਣ)

---

[7] ਬਿਹਾਰ ਅਤੇ ਉਤੱਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1968(1968 ਦਾ 24) ਧਾਰਾ 4 ਦੁਆਰਾ ਪਹਿਲੇ ਇੰਦਰਾਜ ਦੀ (ਥਾਵੇਂ 10.6.1970 ਲੈ ਕੇ) ਰਖੇ ਗਏ ।

[8] ਬਿਹਾਰ ਪੂਨਰਗਠਨ ਐਕਟ, 2000 (2000 ਦਾ 30) ਦੀ ਧਾਰਾ 5 ਦੁਆਰਾ (15.11.2000 ਤੋਂ) ਅੰਤਰਸਥਾਪਤ।

[9] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 4 ਦੁਆਰਾ, ਇੰਦਰਾਜ 4 ਦੀ ਥਾਵੇਂ (1.5.1960 ਤੋਂ ਲੈ ਦੇ) ਰਖਿਆ ਗਿਆ ।

[10] ਰਾਜਸਥਾਨ ਅਤੇ ਮੱਧ ਪ੍ਰਦੇਸ਼ (ਰਾਜਖੇਤਰ ਅੰਤਰਣ) ਐਕਟ, 1959(1959 ਦਾ 47), ਧਾਰਾ 4 ਦੁਆਰਾ (1.10.1959 ਤੋਂ ਲੈ ਦੇ) ਅੰਤਰਸਥਾਪਤ ।



Ministry of Law & Justice

| | |
|---|---|
| | ਐਕਟ, 1959 ਦੀ ਪਹਿਲੀ ਅਨੁਸੂਚੀ ਵਿੱਚ ] ਉਲਿਖਤ ਹਨ। [11][ ਪਰ ਇਨ੍ਹਾਂ ਦੇ ਵਿਚ ਮੱਧ ਪ੍ਰਦੇਸ਼ ਪੁਨਰਗਠਨ ਐਕਟ, 2000 ਦੀ ਧਾਰਾ 3 ਵਿਚ ਉਲਿਖਤ ਰਾਜਖੇਤਰ ਨਹੀਂ ਹਨ।] |
| [12][7. ਤਾਮਿਲ ਨਾਡੂ ] | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅੰਰਭ ਤੋਂ ਤੁਰਤ ਪਹਿਲਾਂ ਜਾਂ ਤਾਂ ਮਦਰਾਸ ਪ੍ਰਾਂਤ ਵਿੱਚ ਸਮਾਵਿਸ਼ਟ ਸਨ ਜਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਸਨ ਜਿਵੇਂ ਉਹ ਉਸ ਪ੍ਰਾਂਤ ਦਾ ਭਾਗ ਹੋਣ ਅਤੇ ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 4 [13][ਅਤੇ ਆਂਧਰ ਪ੍ਰਦੇਸ਼ ਅਤੇ ਸਦਰਾਸ (ਸੀਮਾ ਪਰਿਵਰਤਨ) ਐਕਟ, 1959 ਦੀ ਦੂਜੀ ਅਨੁਸੂਚੀ] ਵਿੱਚ ਉਲਿਖਤ ਹਨ ਪਰ ਆਂਧਰ ਰਾਜ ਐਕਟ, 1953 ਦੀ ਧਾਰਾ 4 ਦੀ ਉਪ-ਧਾਰਾ (1) ਵਿੱਚ ਉਲਿਖਤ ਰਾਜਖੇਤਰਾਂ ਅਤੇ [14][ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 5 ਦੀ ਉਪ-ਧਾਰਾ (1) ਦੇ ਖੰਡ (ਅ), ਧਾਰਾ 6 ਅਤੇ ਧਾਰਾ 7 ਦੀ ਉਪ-ਧਾਰਾ (1) ਦੇ ਖੰਡ (ਸ) ਵਿੱਚ ਉਲਿਖਤ ਰਾਜਖੇਤਰਾਂ ਅਤੇ ਆਂਧਰ ਪ੍ਰਦੇਸ਼ ਅਤੇ ਮਦਰਾਸ (ਸੀਮਾ ਪਰਿਵਰਤਨ) ਐਕਟ, 1959 ਦੀ ਪਹਿਲੀ ਅਨੁਸੂਚੀ ਵਿੱਚ ਉਲਿਖਤ ਰਾਜਖੇਤਰਾਂ ਨੂੰ ਖ਼ਾਰਜ ਕਰਦੇ ]। |
| [15][8. ਮਹਾਰਾਸ਼ਟਰ | ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 8 ਦੀ ਉਪ-ਧਾਰਾ (1) ਵਿੱਚ ਉਲਿਖਤ ਹਨ, ਪਰ ਦ ਬੰਬੇ ਪੁਨਰਗਠਨ ਐਕਟ, 1960 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਰਾਜਖੇਤਰਾਂ ਨੂੰ ਖ਼ਾਰਜ ਕਰਦੇ। ] |
| [16][9] [17] [ਕਰਨਾਟਕ] | ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 7 ਦੀ ਉਪ- |

Ministry of Law & Justice

---

[11] ਮੱਧ ਪ੍ਰਦੇਸ਼ ਪੂਨਰਗਠਨ ਐਕਟ, 2000 (2000 ਦਾ 28) ਦੀ ਧਾਰਾ 5 ਦੁਆਰਾ ਅੰਤਰਸਥਾਪਤ।

[12] ਮਦਰਾਸ ਰਾਜ (ਨਾਂ ਬਦਲਣ) ਐਕਟ, 1968 (1968 ਦਾ 53) ਦੀ ਧਾਰਾ 5 ਦੁਆਰਾ (14.1.1969 ਤੋਂ) “7. ਮਦਰਾਸ” ਦੀ ਥਾਂ ਤੇ ਅੰਤਰਸਥਾਪਤ।

[13] ਆਂਧਰ ਪ੍ਰਦੇਸ਼ ਅਤੇ ਸਦਰਾਸ (ਸੀਮਾ ਪਰਿਵਰਤਨ) ਐਕਟ, 1959 (1959 ਦਾ 56) ਧਾਰਾ 6 ਦੁਆਰਾ (1.4.1960 ਤੋਂ ਲੈ ਦੇ) ਅੰਤਰਸਥਾਪਤ।

[14] ਆਂਧਰ ਪ੍ਰਦੇਸ਼ ਅਤੇ ਸਦਰਾਸ (ਸੀਮਾ ਪਰਿਵਰਤਨ) ਐਕਟ, 1959 (1959 ਦਾ 56) ਦੀ ਧਾਰਾ 6 ਦੁਆਰਾ ਕੁਝ ਕੂ ਸ਼ਬਦਾਂ ਦੀ ਥਾਵੇਂ (1.4.1960 ਤੋਂ ਲੈ ਦੇ) ਰਖੇ ਗਏ।

[15] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 4 ਦੁਆਰਾ (1.5.1960 ਤੋਂ ਲੈ ਕੇ) ਅੰਤਰਸਥਾਪਤ।

ਧਾਰਾ (1) ਵਿੱਚ ਉਲਿਖਤ ਹਨ [18][ਪਰ ਦ ਆਂਧਰ ਪ੍ਰਦੇਸ਼ ਐਂਡ ਮੈਈਸੌਰ (ਟਰਾਂਸਫਰ ਔਫ ਟੈਰੀਟਰੀ ) ਐਕਟ, 1968 ਵਿੱਚ ਉਲਿਖਤ ਰਾਜਖੇਤਰਾਂ ਨੂੰ ਖ਼ਾਰਜ ਕਰਦੇ। ]

[10] [19]ਊਡੀਸ਼ਾ — ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਜਾਂ ਤਾਂ ਉਡੀਸ਼ਾ ਪ੍ਰਾਂਤ ਵਿੱਚ ਸਮਾਵਿਸ਼ਟ ਸਨ ਜਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਸਨ ਜਿਵੇਂ ਉਹ ਉਸ ਪ੍ਰਾਂਤ ਦਾ ਭਾਗ ਹੋਣ।

[11] ਪੰਜਾਬ — ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 11 ਵਿੱਚ ਉਲਿਖਤ ਹਨ [20][ਅਤੇ ਉਹ ਰਾਜਖੇਤਰ ਜਿਨ੍ਹਾਂ ਦਾ ਔਕੁਆਇਰਡ ਟੈਰੀਟਰੀਜ਼ (ਮਰਜਰ) ਐਕਟ, 1960 ਦੀ ਪਹਿਲੀ ਅਨੁਸੂਚੀ ਦੇ ਭਾਗ II ਵਿੱਚ ਹਵਾਲਾ ਦਿੱਤਾ ਗਿਆ ਹੈ] [21][ਪਰ ਸੰਵਿਧਾਨ (ਨੌਵੀਂ ਸੋਧ) ਐਕਟ, 1960 ਦੀ ਪਹਿਲੀ ਅਨੁਸੂਚੀ ਦੇ ਭਾਗ II ਵਿੱਚ ਹਵਾਲਾ ਦਿੱਤੇ ਗਏ ਰਾਜਖੇਤਰਾਂ] [22][ਅਤੇ ਦਾ ਪੰਜਾਬ ਪੁਨਰਗਠਨ ਐਕਟ, 1966, ਦੀ ਧਾਰਾ 3 ਦੀ ਉਪ-ਧਾਰਾ (1), ਧਾਰਾ 4 ਅਤੇ ਧਾਰਾ 5 ਦੀ ਉਪ-ਧਾਰਾ (1) ਵਿੱਚ ਉਲਿਖਤ ਰਾਜਖੇਤਰਾਂ ਨੂੰ ਖ਼ਾਰਜ ਕਰਦੇ ] ।

---

[16] ਮੈਸੂਰ ਰਾਜ (ਨਾਂ ਬਦਲਣ) ਐਕਟ, 1973(1973 ਦਾ 31) ਦੀ ਧਾਰਾ 5 ਦੁਆਰਾ (1.11.1973 ਤੋਂ) 9 ਮੈਸੂਰ ਦੀ ਥਾਂ ਤੇ ਰਖਿਆ ਗਿਆ ।

[17] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 4 ਦੁਆਰਾ (1.5.1960 ਤੋਂ ਲੈ ਕੇ) ਇੰਦਰਾਜ 8 ਤੋਂ 14 ਇੰਦਰਾਜ 9 ਤੋਂ 15 ਵਜੋਂ ਮੁੜ-ਹਿੰਦਸੇ ਗਏ ।

[18] ਆਂਧਰ ਪ੍ਰਦੇਸ਼ ਅਤੇ ਮੈਈਸੌਰ (ਰਾਜਖੇਤਰ ਅੰਤਰਣ) ਐਕਟ, 1968 (1968 ਦਾ 36) ਧਾਰਾ 4 ਦੁਆਰਾ (1.10.1968 ਤੋਂ ਲੈ ਕੇ ) ਅੰਤਰਸਥਾਪਤ।

[19] ਉਫੀਸਾ (ਨਾ ਬਦਲਣ) ਐਕਟ, 2011 (2011 ਦਾ 15) ਦੀ ਧਾਰਾ 6 ਦੁਆਰਾ (1.11.2011 ਤੋਂ )" ਉੜੀਸਾ" ਦੀ ਥਾਂ ਪ੍ਰਤੀਸਥਾਪਤ।

[20] ਅਰਜਿਤ ਰਾਜਖੇਤਰ (ਵਿਲਯਨ) ਐਕਟ, 1960 (1960 ਦਾ 64) ਦੀ ਧਾਰਾ 4 ਦੁਆਰਾ (17.1.1961 ਤੋਂ ਲੈ ਕੇ) ਅੰਤਰਸਥਾਪਤ।

[21] ਸੰਵਿਧਾਨ (ਨੌਂਵੀ ਸੋਧ) ਔਕਟ, 1960 ਦੀ ਧਾਰਾ 3 ਦੁਆਰਾ (17.1.1961 ਤੋਂ ਲੈ ਕੇ) ਜੋੜੇ ਗਏ।

[22] ਪੰਜਾਬ ਪੁਨਰਗਠਨ ਐਕਟ, 1966 (1966 ਦਾ 31) ਦੀ ਧਾਰਾ 7 ਦੁਆਰਾ (1.11.1966 ਤੋਂ ਲੈ ਦੇ) ਅੰਤਰਸਥਾਪਤ।

Ministry of Law & Justice

[23][12]. ਰਾਜਸਥਾਨ — ਉਹ ਰਾਜਖੇਤਰ ਜੋ ਰਾਜ ਪੁਨਗਗਠਨ ਐਕਟ, 1956 ਦੀ ਧਾਰਾ 10 ਵਿੱਚ ਉਲਿਖਤ ਹਨ, [24][ਪਰ ਦ ਰਾਜਸਥਾਨ ਐਂਡ ਮੱਧ ਪ੍ਰਦੇਸ਼(ਰਾਜਖੇਤਰ ਅੰਤਰਣ), ਐਕਟ 1959 ਦੀ ਪਹਿਲੀ ਅਨੁਸੂਚੀ ਵਿੱਚ ਉਲਿਖਤ ਰਾਜਖੇਤਰਾਂ ਨੂੰ ਖ਼ਾਰਜ ਕਰਦੇ ।]

[13] ਉੱਤਰ ਪ੍ਰਦੇਸ਼ — [25][ ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਪਹਿਲਾਂ ਜਾਂ ਤਾਂ ਸਯੁਕਤ ਪ੍ਰਾਂਤ ਤੇ ਨਾਂ ਨਾਲ ਜਾਣੇ ਜਾਂਦੇ ਪ੍ਰਾਂਤ ਵਿੱਚ ਸਮਾਵਿਸ਼ਟ ਸਨ ਜਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਸਨ ਜਿਵੇਂ ਉਹ ਉਸ ਪ੍ਰਾਂਤ ਦਾ ਭਾਗ ਹੋਣ ਉਹ ਰਾਜਖੇਤਰ ਜੋ [ਬਿਹਾਰ ਅਤੇ ਉਤੱਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1968 ਦੀ ਧਾਰਾ 3 ਦੀ ਉਪ-ਧਾਰਾ (1) ਦੇ ਖੰਡ (ਅ) ਵਿਚ ਉਲ਼ਿਖਤ ਹਨ ਵਿੱਚ ਉਲਿਖਤ ਹਨ,ਅਤੇ ਉਹ ਰਾਜਖੇਤਰ ਜੋ ਹਰਿਆਣਾ , ਉਤਰ ਪ੍ਰਦੇਸ਼ (ਸੀਮਾ ਪਿਰਵਰਤਨ) ਐਕਟ, 1979 ਦੀ ਧਾਰਾ 41 ਦੀ ਉਪਧਾਰਾ (1) ਦੇ ਖੰਡ (ਅ) ਵਿਚ ਉਲਿਖਤ ਹਨ, ਹਿੰਤੂ ਉਹ ਰਾਜਖੇਤਰ ਦੇ ਅੰਦਰ ਨਹੀਂ ਹਨ ਜੋ ਬਿਹਾਰ ਅਤੇ ਉੱਤਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1968 ਦੀ ਧਾਰਾ 3 ਦੀ ਉਪਧਾਰਾ (1) ਦੇ ਖੰਡ (ੳ) [26][ਅਤੇ ਉਤਰ ਪ੍ਰਦੇਸ਼ ਪੁਨਰਗਠਨ ਐਕਟ, 2000 ਦੀ ਧਾਰਾ 3] ਦੇ ਅੰਦਰ ਹਨ ਅਤੇ ਉਹ ਰਾਜਖੇਤਰ ਵੀ ਅੰਦਰ ਨਹੀਂ ਹਨ ਜੋ ਹਰਿਆਣਾ ਅਤੇ ਉੱਤਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1979 ਦੀ ਧਾਰਾ 4 ਦੀ ਉਪਧਾਰਾ (i) ਦੇ ਖੰਡ (ੳ) ਵਿਚ ਉਲ਼ਿਖਤ ਹਨ ।] *

[14] ਪੱਛਮੀ ਬੰਗਾਲ — ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਜਾਂ ਤਾਂ ਪੰਛਮੀ ਬੰਗਾਲ ਪ੍ਰਾਂਤ ਵਿੱਚ ਸਮਾਵਿਸ਼ਟ ਸਨ ਜਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਸਨ ਜਿਵੇਂ ਉਹ ਉਸ ਪ੍ਰਾਂਤ ਦਾ ਭਾਗ ਹੋਣ ਅਤੇ ਚੰਦਰਨਗਰ ਦਾ ਰਾਜਖੇਤਰ ਜਿਹਾ ਕਿ ਉਹ ਦ ਚੰਦਰਨਗਰ (ਵਿ ਨਤਾ) ਐਕਟ, 1954 ਦੀ ਧਾਰਾ 2 ਦੇ ਖੰਡ (ਇ) ਵਿੱਚ ਪਰਿਨਿਸਚਿਤ ਸਨ ਅਤੇ ਉਹ ਰਾਜਖੇਤਰ ਵੀ ਜੋ ਬਿਹਾਰ ਅਤੇ ਪੱਛਮੀ

---

[23] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 4 ਦੁਆਰਾ (1.5.1950 ਤੋਂ ਲੈ ਕੇ) ਇੰਦਰਾਜ 8 ਤੋਂ 14 ਇੰਦਰਾਜ 9 ਤੋਂ 15 ਵਜੋਂ ਮੁੜ-ਹਿੰਦਸੇ ਗਏ ।

[24] ਰਾਜਸਥਾਨ ਐਂਡ ਮੱਧ ਪ੍ਰਦੇਸ਼ (ਰਾਜਖੇਤਰ ਅੰਤਰਣ ) ਐਕਟ, 1959 (1959 ਦਾ 47) ਧਾਰਾ 4 ਦੁਆਰਾ (1.10.1959 ਤੋਂ ਲੈ ਕੇ) ਅੰਤਰਸਥਾਪਤ ।

[25] ਹਰਿਆਣਾ ਅਤੇ ਉੱਤਰ ਪ੍ਰਦੇਸ਼ (ਸੀਮਾ ਪਰਿਵਤਨ) ਐਕਟ, 1979 (1979 ਦਾ 31 ਤੋਂ) ਦੀ ਧਾਰਾ 5 ਦੁਆਰਾ (15.09.1983 ਤੋਂ) "13. ਉੱਤਰ ਪ੍ਰਦੇਸ਼" ਦੇ ਸਾਹਮਣੇ ਦੇ ਇੰਦਰਾਜ ਤੇ ਪ੍ਰਤਿਸਥਾਪਨ ।

[26] ਉੱਤਰ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਤਾ 29) ਦੀ ਧਾਰਾ 5 ਦੁਆਰਾ (09.11.2000 ਤੋਂ) ਅੰਤਰਸਥਾਪਤ ।

Ministry of Law & Justice

ਬੰਗਾਲ (ਰਾਜਖੇਤਰ ਅੰਤਰਣ) ਐਕਟ, 1956 ਦੀ ਧਾਰਾ 3 ਦੀ ਉਪ-ਧਾਰਾ (1) ਵਿੱਚ ਉਲਿਖਤ ਹਨ । [27][ਅਤੇ ਉਹ ਰਾਜਖੇਤਰ ਵੀ, ਜੋ ਪਹਿਲੀ ਅਨੁਸੂਚੀ ਦੇ ਭਾਗ 3 ਵਿਚ ਹਵਾਲਾ ਦਿੱਤ3 ਹੈ ਪਰ ਉਹ ਰਾਜਖੇਤਰ ਇਸ ਦੇ ਵਿਚ ਨਹੀਂ ਹਨ, ਜੋ ਸੰਵਿਧਾਨ (ਨੌਵੀ ਸੋਧ) ਐਕਟ, 1960 ਦੀ ਧਾਰਾ 3ਰੇ ਖੰਡ (ੲ) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਤੱਕ ਉਸਦਾ ਸੰਬੰਧ ਸੰਵਿਧਾਨ (ਇਕਸੋਵੀਂ ਸੋਧ) ਐਕਟ, 2015 ਦੀ ਪਹਿਲੀ ਅਨੁਸੂਚੀ ਦੇ ਬਆਗ 3 ਵਿਚ ਹਵਾਲਾ ਦਿੱਤੇ ਰਾਜ ਖੇਤਰਾਂ ਅਤੇ ਦੂਜੀ ਅਨੁਸੂਚੀ ਦੇ ਭਾਗ 3 ਵਿਚ ਹਵਾਲੀ ਦਿੱਤੇ ਰਾਜਖੇਤਰਾਂ ਤੋਂ ਹੈ, ਸੰਵਿਧਾਨ (ਇਸ ਸੋਵੀਂ ਸੋਧ) ਐਕਟ, 2015 ਦੀ ਦੂਜੀ ਅਨੁਸੂਚੀ ਦੇ ਭਾਗ 3 ਵਿਚ ਹਵਾਲਾ ਦਿੱਤਾ ਗਿਆ ਹੈ )]

[28][ ***** ******************************************

[29][[30]15. ਨਾਗਾਲੈਂਡ ਉਹ ਰਾਜਖੇਤਰ ਜੋ ਦ ਸਟੇਟ ਆਫ ਨਾਗਾਲੈਂਡ ਐਕਟ, 1962 ਦੀ ਧਾਰਾ 3 ਦੀ ਉਪਧਾਰਾ (1) ਵਿੱਚ ਉਲਿਖਤ ਹਨ। ]

[29][[31][16. ਹਰਿਯਾਣਾ [32][ਉਹ ਰਾਜਖੇਤਰ ਜੋ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 3 ਦੀ ਉਪਧਾਰਾ (1) ਵਿੱਚ ਉਲਿਖਤ ਹਨ ਅਤੇ ਉਹ ਰਾਜ ਖੇਤਰ ਜੋ ਹਰਿਆਣਾ ਅਤੇ ਉਤਰ ਪ੍ਰਦੇਸ਼ (ਸੀਮਾ ਪਰਿਵਰਤਨ ਐਕਟ) 1979 ਦੀ ਧਾਰ 4 ਦੀ ਉਪ-ਧਾਰਾ (1) ਦੇ ਖੰਡ (ੳ) ਵਿਚ ਉਲਿਖਤ ਹੈ, ਪਰ ਉਹ ਰਾਜ ਖੇਤਰ ਇਸ ਦੇ ਵਿਚ ਨਹੀਂ ਆਉਂਦਾ ਹੈ ਜੋ ਉਸ ਐਕਟ ਦੀ ਧਾਰਾ 4 ਦੀ ਉਪਧਾਰਾ (1) ਖੰਡ (ਅ) ਵਿਚ ਉਲਿਖਤ ਹੈ। ]*

---

[27] ਸੰਵਿਧਾਨ (ਇਕਸੋਂ ਵੀਂ ਸੋਧ) ਐਕਟ, 2015 ਦੀ ਧਾਰਾ 2 ਦੁਆਰਾ (31.07.2015 ਤੋਂ ਪ੍ਰਭਾਵੀ) ਅੰਤਰਸਥਾਪਤ।

[28] ਬੰਬੇ ਪੁਨਰਗਠਨ ਐਕਟ, 1960(1960 ਦਾ 11) ਧਾਰਾ 4 ਦੁਆਰਾ (1.5.1960 ਤੋਂ ਲੈ ਕੇ) ਇੰਦਰਾਜ 8 ਤੋਂ 14, ਇੰਦਰਾਜ 9 ਤੋਂ 15 ਵਜੋਂ ਮੁੜ-ਹਿੰਦਸੇ ਗਏ । ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 6 ਦੁਆਰਾ ਜੰਮੂ-ਕਸ਼ਮੀਰ ਨਾਲ ਸਬੰਧਤ ਐਂਟਰੀ 15 (31.10.2019 ਤੋਂ ਪ੍ਰਭਾਵੀ ਖਤਮ ਕੀਤੀ ਗਈ

[29] ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 6 ਦੁਆਰਾ ਇੰਦਰਾਜ 15 ਤੋਂ 28 ਵਜੋਂ ਮੁੜ-ਹਿੰਦਸੇ ਗਏ ।

[30] ਨਾਗਾਲੈਂਡ ਰਾਜ ਐਕਟ, 1962 (1962 ਤਾ 27) ਧਾਰਾ 4 ਦੁਆਰਾ (1.12.1963 ਤੋਂ ਲੈ ਦੇ ) ਅੰਤਰਸਥਾਪਤ।

[31] ਪੰਜਾਬ ਪੁਨਰਗਠਨ ਐਕਟ, 1966 (1966 ਦਾ 31) ਧਾਰਾ 4 ਦੁਆਰਾ (1.11.1966 ਤੋਂ ਲੈ ਕੇ) ਅੰਤਰਸਥਾਪਤ।

[32] ਹਰਿਆਣਾ ਅਤੇ ਉੱਤਰ ਪ੍ਰਦੇਸ਼ (ਸੀਮਾ ਪਰਿਵਰਤਨ) ਐਕਟ, 1979 (1979 ਦਾ 31) ਦੀ ਧਾਰਾ 5 ਦੁਆਰਾ (15.09.1983 ਤੋਂ) “17. ਹਰਿਆਣਾ” ਦੇ ਸਾਹਮਣੇ ਇੰਦਰਾਜ ਦੀ ਥਾਂ ਤੇ ਪਰਿਸਥਾਪਤ।

Ministry of Law & Justice

| | |
|---|---|
| [29][[33][17. ਹਿਮਾਚਲ ਪ੍ਰਦੇਸ਼ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਹੇ ਹਨ ਜਿਵੇਂ ਉਹ ਹਿਮਾਚਲ ਪ੍ਰਦੇਸ਼ ਅਤੇ ਬਿਲਾਸਪੁਰ ਦੇ ਨਾਂਵਾਂ ਨਾਲ ਮੁੱਖ ਕਮਿਸ਼ਨਰ ਦੇ ਪ੍ਰਾਂਤ ਹੋਣ ਅਤੇ ਉਹ ਰਾਜਖੇਤਰ ਜੋ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 5 ਦੀ ਉਪਧਾਰਾ (1) ਵਿੱਚ ਉਲਿਖਤ ਹਨ ।] |
| [29][[34][18.ਮਨੀਪੁਰ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਿਹਾ ਸੀ ਜਿਵੇਂ ਉਹ ਮਨੀਪੁਰ ਦੇ ਨਾਂ ਨਾਲ ਮੁੱਖ ਕਮਿਸ਼ਨਰ ਦਾ ਪ੍ਰਾਂਤ ਹੋਵੇ । |
| [29][19. ਤ੍ਰਿਪੁਰਾ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਇਸ ਤਰ੍ਹਾਂ ਪ੍ਰਸ਼ਾਸਤ ਹੋ ਰਿਹਾ ਸੀ ਜਿਵੇਂ ਉਹ ਤ੍ਰਿਪੁਰਾ ਦੇ ਨਾਂ ਨਾਲ ਮੁੱਖ ਕਮਿਸ਼ਰਨ ਦਾ ਪ੍ਰਾਂਤ ਹੋਵੇ । [35][ਅਤੇ ਉਹ ਰਾਜ ਖੇਤਰ ਜੋ ਸੰਵਿਧਾਨ (ਨੌਵੀਂ ਸੋਧ) ਐਕਟ, 1960 ਦੀ ਧਾਰਾ 3 ਦੇ ਖੰਡ (ਸ) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਜਿਥੇ ਤੱਕ ਉਨ੍ਹਾਂ ਦਾ ਸੰਬੰਧ ਸੰਵਿਧਾਨ (ਇਕ ਸੌਵੀਂ ਸੋਧ) ਐਕਟ, 2015 ਦੀ ਪਹਿਲੀ ਅਨੁਸੂਚੀ ਦੇ ਭਾਗ 2 ਵਿਚ ਹਵਾਲਾ ਦਿੱਤੇ ਰਾਜ ਖੇਤਰਾਂ ਤੋਂ ਹੈ, ਸੰਵਿਧਾਨ (ਇਕ ਸੌਂਵੀ ਸੋਧ) ਐਕਟ, 2015 ਦੀ ਪਹਿਲੀ ਅਨੁਸੂਚੀ ਦੇ ਭਾਗ 2 ਵਿਚ ਹਵਾਲਾ ਦਿਤਾ ਹੈ ।] |
| [29][20. ਮੇਘਾਲਯ | ਉਹ ਰਾਜਖੇਤਰ ਜੋ ਪੁਰਵਉੱਤਰ ਖੇਤਰ (ਪੁਨਰਗਠਨ)ਐਕਟ, 1971 ਦੀ ਧਾਰਾ 5 ਵਿੱਚ ਉਲਿਖਤ ਹਨ । [36][ਅਤੇ ਉਹ ਰਾਜਖੇਤਰ, ਜੋ ਪਹਿਲੀ ਅਨੁਸੂਚੀ ਦੇ ਬਆਗ 1 ਵਿਚ ਹਵਾਲੀ ਦਿੱਤਾ ਹੈ ਪਰ ਉਹ ਰਾਜ ਖੇਤਰ ਇਸ ਵਿਚ ਨਹੀਂਹਨ, ਜੋ ਸੰਵਿਦਾਨ (ਇਕਸੋਵੀਂ ਸੋਧ) ਐਕਟ, 2015 ਦੀ ਦੂਜੀ ਅਨੁਸਚੀ ਦੇ ਭਾਗ ਵਿਚ ਹਵਾਲੀ ਦਿੱਤਾ ਹੈ ।] |
| [29][[37][21. ਸਿਕਮ | ਉਹ ਰਾਜਖੇਤਰ ਜੋ ਸੰਵਿਧਾਨ (ਛਤੀਵੀਂ ਸੋਧ) ਐਕਟ, 1975 ਦੇ ਅਰੰਭ ਤੇ ਤੁਰਤ ਪਹਿਲਾਂ ਸਿਕੱਮ ਵਿੱਚ ਸਮਾਵਿਸ਼ਟ ਸਨ ।]** Insertions |

[33] ਹਿਮਾਚਲ ਪ੍ਰਦੇਸ਼ ਰਾਜ ਐਕਟ, 1970 (1970 ਦਾ 53) ਧਾਰਾ 4 ਦੁਆਰਾ (25.1.1971 ਤੋਂ ਲੈ ਕੇ ) ਅੰਤਰਸਥਾਪਤ ।

[34] ਪੂਰਵਉੱਤਰ ਖੇਤਰ (ਪੁਨਰਗਠਨ) ਐਕਟ, 1971(1971 ਦਾ 81) ਧਾਰਾ 9 ਦੁਆਰਾ (21.1.1972 ਤੋਂ ਲੈ ਕੇ) ਅੰਤਰਸਥਾਪਤ ।

[35] ਸੰਵਿਧਾਨ (ਇਕ ਸੋਵੀਂ ਸੋਧ) ਐਕਟ, 2015 ਦੀ ਧਾਰਾ 3 ਦੁਆਰਾ (31.07.2015 ਤੋਂ) ਪ੍ਰਭਾਵੀ ਅੰਤਰਸਥਾਪਤ ।

[36] ਸੰਵਿਧਾਨ (ਇਕ ਸੋਵੀਂ ਸੋਧ) ਐਕਟ, 2015 ਦੀ ਧਾਰਾ 3 ਦੁਆਰਾ (31.07.2015 ਤੋਂ) ਪ੍ਰਭਾਵੀ ਅੰਤਰਸਥਾਪਤ ।

[37] ਸੰਵਿਧਾਨ (ਛਤੀਵੀਂ ਸੋਧ) ਐਕਟ, 1975 ਦੀ ਧਾਰਾ 2 ਦੁਆਰਾ (26.04.1975 ਤੋਂ) ਅੰਤਰਗਥਾਪਤ ।

Ministry of Law & Justice

| | |
|---|---|
| [29][38][22. ਮਿਜ਼ੋਰਮ | ਉਹ ਰਾਜਖੇਤਰ ਜੋ ਪੂਰਵ ਉਤਰ ਖੇਤਰ (ਪੁਨਰਗਠਨ) ਐਕਟ, 1971 ਦੀ ਧਾਰਾ 6 ਵਿਚ ਉਲਿਖਤ ਹੈ। |
| [29][39][23.ਅਰੁਣਾਚਲ ਪ੍ਰਦੇਸ਼ | ਉਹ ਰਾਜ ਖੇਤਰ ਜੋ ਪੁਰਵਉੱਤਰ ਖੇਤਰ (ਪੁਨਰਗਠਨ) ਐਕਟ, 1971 ਦੀ ਧਾਰਾ 7 ਵਿਚ ਉਲਿਖਤ ਹੈ। |
| [29][40][24. ਗੋਆ | ਉਹ ਰਾਜ ਖੇਤਰ ਜੋ ਗੋਆ, ਦਮਣ ਅਤੇ ਦੀਵ ਪੁਨਰਗਠਨ ਐਕਟ, 1987 ਦੀ ਧਾਰਾ 3 ਵਿਚ ਉਲਿਖਤ ਹੈ। ] |
| [29][41][25.ਛਤੀਸਗੜ੍ਹ | ਮੱਧ ਪ੍ਰਦੇਸ਼ ਪੁਨਰਗਠਨ ਐਕਟ, 2000 ਦੀ ਧਾਰਾ 3 ਵਿਚ ਉਲਿਖਤ ਹੈ। |
| [29][42][26. [43][ ਉਤਰਾਖੰਡ] | ਉਹ ਰਾਜ ਖੇਤਰ ਜੋ ਉੱਤਰ ਪ੍ਰਦੇਸ਼ ਪੁਨਰਗਠਨ ਐਕਟ, 2000 ਦੀ ਧਾਰਾ 3 ਵਿਚ ਉਲਿਖਤ ਹੈ। |
| [29][44][27. ਝਾਰਖੰਡ | ਉਹ ਰਾਜ ਖੇਤਰ ਜੋ ਬਿਹਾਰ ਪੁਨਰਗਠਨ, ਐਕਟ, 2000 ਦੀ ਧਾਰਾ 3 ਵਿਚ ਉਲਿਖਤ ਹੈ । |
| [29][45][28. ਤੇਲਗਾਨਾ | ਉਹ ਰਾਜ ਖੇਤਰ ਜੋ ਆਂਧਰ ਪ੍ਰਦੇਸ਼ ਪੁਨਰਗਠਨ, ਐਕਟ, 2014 ਦੀ ਧਾਰਾ 3 ਵਿਚ ਉਲਿਖਤ ਹੈ। |

## II ਸੰਘ ਰਾਜ ਖੇਤਰ

| ਨਾਂ | ਹੱਦ |
|---|---|
| 1. ਦਿੱਲੀ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਮੁੱਖ |

[38] ਮੀਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 4 ਦੁਆਰਾ (20.02.1987 ਤੋਂ) ਅੰਤਰਸਥਾਪਤ।

[39] ਅਰੁਣਾਚਲ ਪ੍ਰਦੇਸ਼ ਰਾਜ ਐਕਟ1986 (1986 ਦਾ 69) ਦੀ ਧਾਰਾ 4 ਦੁਆਰਾ (20.02.1987 ਤੋਂ) ਅੰਤਰਸਥਾਪਤ।

[40] ਗੋਆ, ਦਮਣ ਅਤੇ ਦੀਵ ਪੁਨਰਗਠਨ ਐਕਟ, 1987 (1987 ਦਾ 18) ਦੀ ਧਾਰਾ 5 ਦੁਆਰਾ (30.05.1987 ਤੋਂ) ਅੰਤਰਸਥਾਪਤ।

[41] ਮੱਧ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 28) ਦੀ ਧਾਰਾ 5 ਦੁਆਰਾ (01.11.2000 ਤੋਂ) ਅੰਤਰਸਥਾਪਤ।

[42] ਉੱਤਰ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 29) ਦੀ ਧਾਰਾ 5 ਦੁਆਰਾ (09.11.2000 ਤੋਂ) ਅੰਤਰਸਥਾਪਤ।

[43] ਉਤਰਾਂਚਲ (ਨਾਂ ਪਰਿਵਰਤਨ) ਐਕਟ, 2006 (2006 ਦਾ 52) ਦੀ ਧਾਰਾ 4 ਦੁਆਰਾ (01.1.2007 ਤੋਂ) ਅੱਖਰ "ਉਤਰਾਂਚਲ" ਦੀ ਥਾਵੇਂ ਅੰਤਰਸਥਾਪਤ।

[44] ਬਿਹਾਰ ਪੁਨਰਗਠਨ ਐਕਟ, 2000 (2000 ਦਾ 30) ਦੀ ਧਾਰਾ 5 ਦੁਆਰਾ (15.11.2000 ਤੋਂ)ਥਾਵੇਂ ਅੰਤਰਸਥਾਪਤ।

[45] ਆਂਧਰ ਪ੍ਰਦੇਸ਼ ਪੁਨਰਗਠਨ ਐਕਟ, 2014 (2014 ਦਾ 6) ਦੀ ਧਾਰਾ 10 ਦੁਆਰਾ (02.06.2014 ਤੋਂ) ਅੰਤਰਸਥਾਪਤ।

Ministry of Law & Justice

| | |
|---|---|
| | ਕਮਿਸ਼ਰਨ ਦੇ ਦਿੱਲੀ ਪ੍ਰਾਂਤ ਵਿੱਚ ਸਮਾਵਿਸ਼ਟ ਸੀ । |
| [46]* | * * * * * |
| [47]*. | * * * * * |
| [48][2] ਅੰਡੇਮਾਨ ਅਤੇ ਨਿਕੋਬਾਰ ਟਾਪੂ | ਉਹ ਰਾਜਖੇਤਰ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰਤ ਪਹਿਲਾਂ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਮੁੱਖ ਕਮਿਸ਼ਨਰਾਂ ਦੇ ਪ੍ਰਾਂਤ ਵਿੱਚ ਸਮਾਵਿਸ਼ਟ ਸੀ । |
| [49][3][50]ਲਕਾਦੀਵ, | ਉਹ ਰਾਜਖੇਤਰ ਜੋ ਰਾਜ ਪੁਨਰਗਠਨ ਐਕਟ, 1956 ਦੀ ਧਾਰਾ 6 ਵਿੱਚ ਉਲਿਖਤ ਹੈ । |
| [51][ [48][4] ਦਾਦਰਾ ਅਤੇ ਨਾਗਰ ਹਵੇਲੀ | ਉਹ ਰਾਜਖੇਤਰ ਜੋ ਅਗਸਤ 1961 ਦੇ ਯਾਰ੍ਹਵੇਂ ਦਿਨ ਤੋਂ ਤੁਰਤ ਪਹਿਲਾਂ ਸੁਤੰਤਰ ਦਾਦਰਾ ਅਤੇ ਨਾਗਰ ਹਵੇਲੀ ਵਿੱਚ ਸਮਾਵਿਸ਼ਟ ਸੀ । |
| [52][[48][5] ਦਮਨ ਅਤੇ ਦੀਵ | ਉਹ ਰਾਜਖੇਤਰ ਜੋ ਦਸੰਬਰ, 1961 ਦੇ ਵੀਹਵੇਂ ਦਿਨ ਤੋਂ ਤੁਰਤ ਪਹਿਲਾਂ ਗੋਆ, ਦਮਨ ਅਤੇ ਦੀਵ ਵਿੱਚ ਸਮਾਵਿਸ਼ਟ ਸੀ ।* ਉਹ ਰਾਜਖੇਤਰ ਜੋ ਗੋਆ, ਦਮਨ ਅਤੇ ਦੀਵ ਪੂਨਰਗਠਨ ਐਕਟ, 1987 ਦੀ ਧਾਰਾ 4 ਵਿਚ ਉਲਿਖਤ ਹੈ ) |
| [53][[48][6] [54]ਪੁਦੁਚੇਰੀ | ਉਹ ਰਾਜਖੇਤਰ ਜੋ ਅਗਸਤ 1962 ਦੇ ਸੋਲ੍ਹਵੇਂ ਦਿਨ ਤੋਂ ਤੁਰਤ ਪਹਿਲਾਂ ਪਾਂਡੀਚੇਰੀ, ਕਾਰੀਕਾਲ, ਮਾਹੀ ਅਤੇ ਯਨਾਮ ਤੇ ਨਾਂ ਨਾਲ ਜਾਣੀਆਂ ਜਾਂਦੀਆਂ ਭਾਰਤ ਵਿਚਲੀਆਂ ਫ਼ਰਾਂਸੀਸੀ ਬਸਤੀਆਂ ਵਿੱਚ ਸਮਾਵਿਸ਼ਟ ਸਨ।** |

[46] ਹਿਮਾਚਲ ਪ੍ਰਦੇਸ਼ ਰਾਜ ਐਕਟ, 1970 (1970 ਦਾ 53) ਧਾਰਾ 4 ਦੁਆਰਾ (25.1.1971 ਤੋਂ ਲੈ ਕੇ) 'ਹਿਮਾਚਲ ਪ੍ਰਦੇਸ਼' ਨਾਲ ਸੰਬੰਧਤ ਇੰਦਰਾਜ 2 ਲੋਪ ਕਰ ਦਿੱਤਾ ਗਿਆ ।

[47] ਪੂਰਵਉੱਤਰ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਧਾਰਾ 9 ਦੁਆਰਾ ਮਨੀਪੁਰ ਅਤੇ ਤ੍ਰਿਪੁਰਾ ਨਾਲ ਸੰਬੰਧਤ ਇੰਦਰਾਜ ਲੋਪ ਕਰ ਦਿਤੇ ਗਏ ।+

[48] ਉਪਰੋਕਤ ਦੀ ਧਾਰਾ 9 ਦੁਆਰਾ (21.1.1972 ਤੋਂ ਲੈ ਕੇ) ਇੰਦਰਾਜ 4 ਤੋਂ 9 ਇੰਦਰਾਜ 2 ਤੋਂ 7 ਵਜੋਂ ਮੁੜ-ਹਿੰਦਸੇ ਗਏ ।

[49] ਪੂਰਵਉੱਤਰ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਧਾਰਾ 9 ਦੁਆਰਾ (21.1.1972 ਤੋਂ ਲੈ ਕੇ ) ਇੰਦਰਾਜ 4 ਤੋਂ 9 ਇੰਦਰਾਜ 2 ਤੋਂ 7 ਵਜੋਂ ਮੁੜ-ਹਿੰਦਸੇ ਗਏ ।

[50] ਲੱਕਾਦੀਪ ਮਿਨਿਕੋਯ ਅਤੇ ਅਮੀਨੀਦੀਵੀ ਦੀਪ (ਨਾਂ ਬਦਲਣ) ਐਕਟ, 1973 (1973 ਦਾ 34) ਦੀ ਧਾਰਾ 5 ਦੁਆਰਾ (1.11.1973 ਤੋਂ) " ਲੱਕਦੀਪ, ਮਿਨਿਕੋਯ ਅਤੇ ਅਮੀਨੀਦੀਵੀ ਦੀਪ" ਦੀ ਥਾਂ ਤੇ ਅੰਤਰਸਥਾਪਤ ।

[51] ਸੰਵਿਧਾਨ (ਦਸਵੀਂ ਸੋਧ) ਐਕਟ, 1961, ਧਾਰਾ 2 ਦੁਆਰਾ ਅੰਤਰਸਥਾਪਤ ।

[52] ਗੋਆ, ਦਮਣ ਅਤੇ ਦੀਵ ਪੂਨਰਗਠਨ ਐਕਟ, 1987 (1987 ਦਾ 18) ਦੀ ਧਾਰਾ 5 ਦੁਆਰਾ (30.05.1987 ਤੋਂ) ਅੰਤਰਸਥਾਪਤ ।

[53] ਸੰਵਿਧਾਨ (ਚੌਹਦਵਾਂ ਸੋਧ) ਐਕਟ, 1962 ਦੀ ਧਾਰਾ 3 ਅਤੇ ਧਾਰਾ 7 ਦੁਆਰਾ (16.8.1962 ਤੋਂ) ਅੰਤਰਸਤਾਪਤ ।

[54] ਪਾਂਡਿਚੇਰੀ (ਨਾ ਬਦਲਣ) ਐਕਟ, 2006 (2006 ਦਾ 44) ਦੀ ਧਾਰਾ 5 ਦੁਾਰਾ (1.10.2000ਤੋਂ) ਪਾਂਡਿਚੇਰੀ ਦੀ ਥਾਂ ਤੇ ਅੰਤਰਸਥਾਪਤ । ।

Ministry of Law & Justice

ਉਹ ਰਾਜਖੇਤਰ ਜੋ 16 ਅਗਸਤ 1962 ਤੋਂ ਤੁੰਰਤ ਪਹਿਲਾਂ ਪੁਦੁਚੇਰੀ, ਕਾਰੀਕਾਲ, ਮਾਹੀ ਅਤੇ ਯਨਮ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਫ਼ਰਾਂਸੀਸੀ ਬਸਤੀਆਂ ਵਿੱਚ ਸਮਾਵਿਸ਼ਟ ਸਨ।

[55][ [48] [7 ] ਚੰਡੀਗੜ੍ਹ ਉਹ ਰਾਜਖੇਤਰ ਜੋ ਦ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 4 ਵਿੱਚ ਉਲਿਖਤ ਹਨ ] ।

56 * * ** * *

57 * * * * * *

[58][8 ਜੰਮੂ ਅਤੇ ਕਸ਼ਮੀਰ ਉਹ ਰਾਜਖੇਤਰ ਜੋ ਦ ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ,2019 ਦੀ ਧਾਰਾ 4 ਵਿੱਚ ਉਲਿਖਤ ਹਨ ।

9 ਲੱਦਾਖ ਉਹ ਰਾਜਖੇਤਰ ਜੋ ਦ ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ,2019 ਦੀ ਧਾਰਾ 3 ਵਿੱਚ ਉਲਿਖਤ ਹਨ । ]

Ministry of Law & Justice

[55] ਪੰਜਾਬ ਪੁਨਰਗਠਨ ਐਕਟ, 1966 (1966 ਤਾ 31) ਦੀ ਧਾਰਾ 7 ਦੁਆਰਾ (1.11.1966 ਤੋਂ) ਅੰਤਰਸਥਾਪਤ।

[56] ਮਿਜ਼ੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 4 ਦੁਆਰਾ (20.2.1987 ਤੋਂ) ਮਿਜ਼ੋਰਮ ਸੰਬੰਧੀ ਇੰਦਰਾਜ 8 ਦਾ ਲੋਪ ਕੀਤਾ ਗਿਆ ਅਤੇ ਅਰੁਣਾਚਲ ਪ੍ਰਦੇਸ਼ ਸੰਬੰਧੀ ਇੰਦਰਾਜ 9 ਨੂੰ ਇੰਦਰਾਜ 8 ਵਜੋਂ ਮੁੜ ਹਿੰਦਸੇ ਗਿਆ।

[57] ਅਰੁਣਾਚਲ ਪ੍ਰਦੇਸ਼ ਰਾਜ ਐਕਟ, 1986 (1986 ਦਾ 69) ਦੀ ਧਾਰਾ 4 ਦੁਆਰਾ (20.2.1987 ਤੋਂ) ਅਰੁਣਾਚਲ ਪ੍ਰਦੇਸ਼ ਸੰਬੰਧੀ ਇੰਦਰਾਜ 8 ਦਾ ਲੋਪ ਕੀਤਾ ਗਿਆ।

[58] ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 6 ਦੁਆਰਾ ਅੰਤਰਸਥਾਪਤ ।

## ਦੂਜੀ ਅਨੁਸੂਚੀ

**[ਅਨੁਛੇਦ 59(3), 65(3), 75(6), 97, 125, 148(3), 158(3), 164(5), 186 ਅਤੇ 221]**

**ਭਾਗ ੳ**

### ਰਾਸ਼ਟਰਪਤੀ ਅਤੇ [1] ******* ਰਾਜਾਂ ਦੇ ਰਾਜਪਾਲਾਂ ਬਾਬਤ ਉਪਬੰਧ

1. ਰਾਸ਼ਟਰਪਤੀ ਨੂੰ ਅਤੇ [1] ******* ਰਾਜਾਂ ਦੇ ਰਾਜਪਾਲਾਂ ਨੂੰ ਹੇਠ-ਲਿਖਿਆਂ ਉਪਲੱਭਤਾਂ ਪ੍ਰਤੀ ਮਹੀਨਾ ਅਦਾ ਕੀਤੀਆਂ ਜਾਣਗੀਆਂ, ਆਰਥਾਤ :-

ਰਾਸ਼ਟਰਪਤੀ ..............................10,000 ਰੁਪਏ *

ਕਿਸੇ ਰਾਜ਼ ਦਾ ਰਾਜਪਾਲ .............................. 5,500 ਰੁਪਏ **

2. ਰਾਸ਼ਟਰਪਤੀ ਨੂੰ ਅਤੇ [2]******* ਰਾਜਾਂ ਦੇ ਰਾਜ਼ਪਾਲਾਂ ਨੂੰ ਅਜਿਹੇ ਭੱਤੇ ਵੀ ਅਦਾ ਕੀਤੇ ਜਾਣਗੇ ਜਿਹੇ ਕ੍ਰਮਵਾਰ ਭਾਰਤ ਡੋਮੀਨੀਅਨ ਦੇ ਗਵਰਨਰ-ਜਨਰਲ ਨੂੰ ਅਤੇ ਤਤਸਥਾਨੀ ਪ੍ਰਾਂਤਾ ਦੇ ਗਵਰਨਰਾਂ ਨੂੰ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਦਾਇਗੀਯੋਗ ਸਨ।

3. ਰਾਸ਼ਟਰਪਤੀ ਅਤੇ [3][ਰਾਜਾਂ] ਦੇ ਰਾਜ਼ਪਾਲ ਆਪਣੇ ਆਪਣੇ ਅਹੁਦੇ ਦੀ ਅਉਧ ਭਰ ਉਨ੍ਹਾਂ ਹੀ ਵਿਸ਼ੇਸ਼-ਅਧਿਕਾਰਾਂ ਦੇ ਹੱਕਦਾਰ ਹੋਣਗੇ ਜਿਨ੍ਹਾਂ ਦੇ ਗਵਰਨਰ-ਜਨਰਲ ਅਤੇ ਤਤਸਥਾਨੀ ਪ੍ਰਾਂਤਾਂ ਦੇ ਗਵਰਨਰ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਕ੍ਰਮਵਾਰ ਹੱਕਦਾਰ ਸਨ।

4. ਜਦ ਤੱਕ ਉਪ-ਰਾਸ਼ਟਰਪਤੀ ਜਾਂ ਕੋਈ ਹੋਰ ਵਿਅਕਤੀ ਰਾਸ਼ਟਰਪਤੀ ਦੇ ਕਾਜ-ਕਾਰ ਨਿਭਾ ਰਿਹਾ ਹੋਵੇ ਜਾਂ ਉਸ ਵਜੋਂ ਕਾਰਜ ਕਰ ਰਿਹਾ ਹੋਵੇ, ਜਾਂ ਕੋਈ ਵਿਅਕਤੀ ਰਾਜਪਾਲ ਦੇ ਕਾਜਕਾਰ ਨਿਭਾ ਰਿਹਾ

---

[1] ਸ਼ਬਦ ਅਤੇ ਅੱਖਰ "ਪਹਲੀ ਅਨੁਸੂਚੀ ਦੇ ਭਾਗ ੳ ਵਿੱਚ ਉਲਿਖਤ" ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

* ਰਾਸ਼ਟਰਪਤੀ ਉਪਲਭਦੀਆਂ ਅਤੇ ਪੈਨਸ਼ਨ (ਸੋਧ) ਐਕਟ, 2018 (2018 ਦਾ 28) ਦੀ ਧਾਰਾ 137 ਦੇ ਅਨੁਸਾਰ (1.1.2016 ਤੋਂ) ਹੁਣ ਇਹ 5,00,000 ਰੁਪਏ ਹੈ।

** ਰਾਜਪਾਲ (ਉਪਲਭਦੀਆਂ, ਭੱਤੇ ਅਤੇ ਵਿਸ਼ੇਸ ਅਧਿਕਾਰ) ਸੋਧ ਐਕਟ, 2018(2019 ਦਾ 17) ਦੀ ਧਾਰਾ 3 ਦੇ ਅਨੁਸਾਰ (1.1.2016 ਤੋਂ) ਹੁਣ ਇਹ 3,50,000 ਰੁਪਏ ਹੈ।

[2] ਸ਼ਬਦ "ਇਸ ਤਰਾਂ ਉਲਿਖਤ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿਤੇ ਗਏ।

[3] ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ "ਅਜਿਹੇ ਰਾਜਾਂ" ਦੀ ਥਾਵੇਂ ਰੱਖਿਆ ਗਿਆ।

Ministry of Law & Justice

ਹੋਵੇ, ਉਹ ਉਨ੍ਹਾਂ ਹੀ ਉਪਲੱਭਤਾਂ, ਭੱਤਿਆਂ ਅਤੇ ਵਿਸ਼ੇਸ਼-ਅਧਿਕਾਰਾਂ ਦਾ ਹੱਕਦਾਰ ਹੋਵੇਗਾ ਜਿਨ੍ਹਾਂ ਦਾ ਰਾਸ਼ਟਰਪਤੀ ਜਾਂ ਰਾਜਪਾਲ, ਜਿਹੀ ਕਿ ਸੂਰਤ ਹੋਵੇ, ਜਿਸ ਦੇ ਕਾਜ-ਕਾਰ ਉਹ ਨਿਭਾਉਂਦਾ ਹੋਵੇ ਜਾਂ ਜਿਸ ਲਈ ਉਹ ਕਾਰਜ ਕਰਦਾ ਹੋਵੇ, ਹੱਕਦਾਰ ਹੈ।

4 ********************

**ਭਾਗ ਇ**

**ਲੋਕ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਅਤੇ ਉਪ-ਸਭਾਪਤੀ ਅਤੇ [5] * * * * * [6][ਕਿਸੇ ਰਾਜ] ਦੀ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਅਤੇ ਵਿਧਾਨ ਪਰਿਸ਼ਦ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਬਾਬਤ ਉਪਬੰਧ।**

7. ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਨੂੰ ਅਜਿਹੀਆਂ ਤਨਖਾਹਾਂ ਅਤੇ ਭੱਤੇ ਅਦਾ ਕੀਤੇ ਜਾਣਗੇ ਜਿਹੇ ਭਾਰਤ ਡੋਮੀਨੀਅਨ ਦੀ ਸੰਵਿਧਾਨ ਸਭਾ ਦੇ ਸਪੀਕਰ ਨੂੰ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਦਾਇਗੀ-ਯੋਗ ਸਨ, ਅਤੇ ਲੋਕ ਸਭਾ ਦੇ ਡਿਪਟੀ ਸਪੀਕਰ ਅਤੇ ਰਾਜ ਸਭਾ ਦੇ ਉਪ-ਸਭਾਪਤੀ ਨੂੰ ਅਜਿਹੀਆਂ ਤਨਖਾਹਾਂ ਅਤੇ ਭੱਤੇ ਅਦਾ ਕੀਤੇ ਜਾਣਗੇ ਜਿਹੇ ਭਾਰਤ ਡੋਮਨੀਅਨ ਦੀ ਸੰਵਿਧਾਨ ਸਭਾ ਦੇ ਡਿਪਟੀ ਸਪੀਕਰ ਨੂੰ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਅਦਾਇਗੀਯੋਗ ਸਨ।

8. [7] * * *ਕਿਸੇ ਰਾਜ ਦੀ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਨੂੰ ਅਤੇ [8]* * ਵਿਧਾਨ ਪਰਿਦ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਨੂੰ ਅਜਿਹੀਆਂ ਤਨਖ਼ਾਹਾਂ ਅਤੇ ਭੱਤੇ ਅਦਾ ਕੀਤੇ ਜਾਣਗੇ ਜਿਹੇ ਕ੍ਰਮਵਾਰ ਤਤਸਥਾਨੀ ਪ੍ਰਾਂਤ ਦੀ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਨੂੰ ਅਤੇ ਵਿਧਾਨ ਪਰਿਸ਼ਦ ਦੇ ਸਭਾਪਤੀ ਅਤੇ ਉਪ-ਸਭਾਪਤੀ ਨੂੰ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਅਦਾਇਗੀ-ਯੋਗ ਸਨ ਅਤੇ, ਜਿੱਥੇ ਤਤਸਥਾਨੀ ਪ੍ਰਾਂਤ ਦੀ ਅਜਿਹੇ ਅਰੰਭ ਤੋ ਤੁਰੰਤ ਪਹਿਲਾਂ ਕੋਈ ਵਿਧਾਨ ਪਰਿਸ਼ਦ ਨਹੀਂ ਸੀ, ਉਥੇ ਉਸ ਰਾਜ ਦੀ ਵਿਧਾਨ ਪਰਿਸ਼ਦ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਨੂੰ ਅਜਿਹੀਆਂ ਤਨਖਾਹਾਂ ਅਤੇ ਭੱਤੇ ਅਦਾ ਕੀਤੇ ਜਾਣਗੇ ਜਿਹੇ ਉਸ ਰਾਜ ਦਾ ਰਾਜਪਾਲ ਤੈਅ ਕਰੇ।

---

[4] ਸੰਵਿਧਾਨ (ਸੱਤਵੀਂ ਸ਼ੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ, ਭਾਗ ਅ ਲੋਪ ਕਰ ਦਿੱਤਾ ਗਿਆ।

[5] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਵਿਚਲੇ ਕਿਸੇ ਰਾਜ" ਸੰਵਿਧਾਨ (ਸੱਤਵੀਂ ਸ਼ੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ, ਲੋਪ ਕਰ ਦਿੱਤੇ ਗਏ।

[6] ਉਪਪੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਸ਼ਬਦ "ਕਿਸੇ ਅਜਿਹੇ ਰਾਜ" ਦੀ ਥਾਵੇਂ ਰੱਖੇ ਗਏ।

[7] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਵਿੱਚ ਉਲਖਿਤ" ਸੰਵਿਧਾਨ (ਸੱਤਵੀ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[8] ਸ਼ਬਦ "ਅਜਿਹੇ ਰਾਜ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

ਭਾਗ ਸ

## ਸਰਵ-ਉੱਚ ਅਦਾਲਤ ਦੇ ਅਤੇ [9] * * *ਉੱਚ ਅਦਾਲਤਾਂ ਦੇ ਜੱਜਾਂ ਬਾਬਤ ਉਪਬੰਧ

9. (1) ਸਰਵ-ਉੱਚ ਅਦਾਲਤ ਦੇ ਨਿਆਧੀਸ਼ਾਂ ਨੂੰ ਵਾਸਤਵਿਕ ਸੇਵਾ ਦੇ ਲਈ ਪ੍ਰਤਿ ਮਾਹ ਹੇਠ-ਲਿਖੀਆਂ ਦਰਾਂ ਨਾਲ ਪ੍ਰਤੀ ਮਹੀਨਾ ਤਨਖਾਹ ਅਦਾ ਕੀਤੀ ਜਾਵੇਗੀ, ਅਰਥਾਤ :-

ਚੀਫ ਜਸਟਿਸ .................... [10](10000 ਰੁਪਏ ) *

ਕੋਈ ਹੋਰ ਜੱਜ .................. [11](9000 ਰੁਪਏ ) **

ਪਰੰਤੂ ਜੇ ਸਰਵ-ਉੱਚ ਅਦਾਲਤ ਦੇ ਕਿਸੇ ਜੱਜ ਨੂੰ ਉਸ ਦੀ ਨਿਯੁਕਤੀ ਸਮੇਂ ਭਾਰਤ ਸਰਕਾਰ ਜਾਂ ਉਸ ਦੀਆਂ ਪੂਰਵ-ਅਧਿਕਾਰੀ ਸਰਕਾਰਾਂ ਵਿਚੋਂ ਕਿਸੇ ਦੀ ਜਾਂ ਕਿਸੇ ਰਾਜ ਦੀ ਸਰਕਾਰ ਜਾਂ ਉਸ ਦੀਆਂ ਪੂਰਵ-ਅਧਿਕਾਰੀ ਸਰਕਾਰਾਂ ਵਿਚੋਂ ਕਿਸੇ ਦੀ ਪਹਿਲਾਂ ਕੀਤੀ ਕਿਸੇ ਸੇਵਾ-ਬਾਰੇ (ਨਿਰਯੋਗਤਾ ਜਾਂ ਜ਼ਖ਼ਮ-ਪੈਨਸ਼ਨਾਂ ਤੋਂ ਬਿਨਾਂ ਹੋਰ ਕੋਈ) ਪੈਨਸ਼ਨ ਮਿਲਦੀ ਹੋਵੇ, ਤਾਂ ਸਰਵ-ਉੱਚ ਅਦਾਲਤ ਵਿੱਚ ਸੇਵਾਂ ਬਾਰੇ ਉਸ ਦੀ ਤਨਖ਼ਾਹ ਵਿਚੋਂ -

[12][(ੳ) ਉਸ ਪੈਨਸ਼ਨ ਦੀ ਰਕਮ, ਅਤੇ

(ਅ) ਜੇ ਉਸ ਨੇ ਅਜਿਹੀ ਨਿਯੁਕਤੀ ਤੋਂ ਪਹਿਲਾਂ ਅਜਿਹੀ ਪਹਿਲੀ ਸੇਵਾ ਬਾਰੇ ਉਸ ਨੂੰ ਦੇਣਯੋਗ ਪੈਨਸ਼ਨ ਦੇ ਕਿਸੇ ਹਿੱਸੇ ਦੇ ਬਦਲੇ ਵਿੱਚ ਉਸ ਦੀ ਪਰਿਵਰਤਿਤ ਮੂਲ ਪ੍ਰਾਪਤ ਕੀਤਾ ਹੋਵੇ, ਤਾਂ ਪੈਨਸ਼ਨ ਦੇ ਉਸ ਹਿੱਸੇ ਦੀ ਰਕਮ, ਅਤੇ

(ੲ) ਜੇ ਉਸਨੇ ਅਜਿਹੀ ਨਿਯੁਕਤੀ ਤੋਂ ਪਹਿਲਾਂ ਅਜਿਹੀ ਪਹਿਲੀ ਸੇਵਾ ਬਾਰੇ ਕੋਈ

---

[9] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ੳ ਵਿਚਲੇ ਕਿਸੇ ਰਾਜ" ਉਪਰੋਕਤ ਦੀ ਧਾਰਾ 25 ਦੁਆਰਾ, ਲੋਪ ਕਰ ਦਿੱਤੇ ਗਏ।

[10] ਸੰਵਿਧਾਨ (ਚਰੰਜਵੀਂ ਸੋਧ) ਐਕਟ, 1986 ਦੀ ਧਾਰਾ 4 ਦੁਆਰਾ (1.4.1986 ਤੋਂ) "5000 ਰੁਪੈ" ਦੀ ਥਾਵੇਂ ਰਖੇ।

* ਉਚ ਅਦਾਲਤ ਅਤੇ ਸਰਬ ਉੱਚ ਅਦਾਲਤ (ਤਨਖਾਹ ਅਤੇ ਸ਼ਰਤਾਂ) ਸੋਧ ਐਕਟ, 2009 (2009 ਦਾ 21) ਦੀ ਧਾਰਾ 8 ਦੇ ਅਨੁਸਾਰ (1.1.2006 ਤੋਂ) ਹੁਣ ਇਹ 1,00,000 ਰੁਪੈ ਹੈ, ਉਚ ਅਦਾਲਤ ਅਤੇ ਸਰਬ ਉੱਚ ਅਦਾਲਤ (ਤਨਖਾਹ ਅਤੇ ਸ਼ਰਤਾਂ) ਸੋਧ ਐਕਟ, 2018 (2018 ਦਾ 10) ਦੀ ਧਾਰਾ 6 ਅਨੁਸਾਰ ਹੁਣ ਇਹ 2,80,000 ਰੁਪੈ ਹੈ।

[11] ਸੰਵਿਧਾਨ (ਚਰੰਜਵੀਂ ਸੋਧ) ਐਕਟ, 1986 ਦੀ ਧਾਰਾ 4 ਦੁਆਰਾ (1.4.1986 ਤੋਂ) "4000 ਰੁਪੈ" ਦੇ ਥਾਵੇਂ ਰਖੇ।

** ਉਚ ਅਦਾਲਤ ਅਤੇ ਸਰਵਉੱਚ ਅਦਾਲਤ ਜੱਜ (ਤਨਖਾਹ ਅਤੇ ਸੇਵਾ ਸ਼ਰਤਾਂ) ਸੋਧ ਐਕਟ, 2009 (2009 ਦਾ 23) ਦੀ ਧਾਰਾ 8 ਦੇ ਅਨੁਸਾਰ (1.1.2006 ਤੋਂ) ਹੁਣ ਇਹ (90,000 ਰੁਪੈ ਹੈ।), ਉਚ ਅਦਾਲਤ ਅਤੇ ਸਰਬ ਉੱਚ ਅਦਾਲਤ (ਤਨਖਾਹ ਅਤੇ ਸ਼ਰਤਾਂ) ਸੋਧ ਐਕਟ, 2018 (2018 ਦਾ 10) ਦੀ ਧਾਰਾ 6 ਅਨੁਸਾਰ ਹੁਣ ਇਹ 2,50,000 ਰੁਪੈ ਹੈ।

[12] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 25 ਦੁਆਰਾ "ਪੈਨਸ਼ਨ ਦੀ ਰਕਮ ਘਟਾ ਦਿੱਤੀ ਜਾਵੇਗੀ" ਦੀ ਥਾਵੇਂ ਰੱਖੇ ਗਏ।

Ministry of Law & Justice

ਨਿਵਿਰਤੀ ਗ੍ਰੈਚੁਇਟੀ ਪ੍ਰਾਪਤ ਕੀਤੀ ਹੋਵੇ, ਤਾਂ ਉਹ ਗ੍ਰੈਚੂਇਟੀ ਦੇ ਪੈਨਸ਼ਨ ਤੁਲ ਦੀ ਰਕਮ,

ਘਟਾ ਦਿੱਤੀ ਜਾਵੇਗੀ ।]

(2) ਸਰਵ-ਉੱਚ ਅਦਾਲਤ ਦਾ ਹਰਿੱਕ ਜੱਜ ਬਿਨਾਂ ਕਿਰਾਇਆ ਦਿਤਿਆਂ ਸਰਕਾਰੀ ਨਿਵਾਸ ਦੀ ਵਰਤੋਂ ਦਾ ਹੱਕਦਾਰ ਹੋਵੇਗਾ ।

(3) ਇਸ ਪੈਰੇ ਤੇ ਉਪ-ਪੈਰਾ (2) ਦੀ ਕੋਈ ਗੱਲ ਉਸ ਜੱਜ ਨੂੰ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ,--

(ੳ) ਫੈਡਰਲ ਕੋਰਟ ਚੀਫ਼ ਜਸਟਿਸ ਵਜੋਂ ਅਹੁਦਾ ਧਾਰਨ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੇ ਅਨੁਛੇਦ 374 ਦੇ ਖੰਡ (1) ਦੇ ਅਧੀਨ ਸਰਵ-ਉੱਚ ਅਦਾਲਤ ਦਾ ਚੀਫ਼ ਜਸਟਿਸ ਬਣ ਗਿਆ ਹੈ, ਜਾਂ

(ਅ) ਫੈਡਰਲ ਕੋਰਟ ਦੇ ਕਿਸੇ ਹੋਰ ਜੱਜ ਵਜੋਂ ਅਹੁਦਾ ਧਾਰਨ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੋਂ ਉਕਤ ਖੰਡ ਦੇ ਅਧੀਨ ਸਰਵ-ਉੱਚ ਅਦਾਲਤ ਦਾ (ਚੀਫ਼ ਜਸਟਿਸ ਤੋਂ ਬਿਨਾਂ ਹੋਰ) ਕੋਈ ਜੱਜ ਬਣ ਗਿਆ ਹੈ,

ਉਸ ਮੁੱਦਤ ਦੇ ਦੌਰਾਨ ਜਿਸ ਵਿੱਚ ਕਿ ਉਹ ਅਜਿਹੇ ਚੀਫ਼ ਜਸਟਿਸ ਜਾਂ ਹੋਰ ਜੱਜ ਵਜੋਂ ਅਹੁਦਾ ਧਾਰਨ ਕਰਦਾ ਹੈ, ਲਾਗੂ ਨਹੀਂ ਹੋਵੇਗੀ, ਅਤੇ ਹਰਿੱਕ ਜੱਜ ਜੋ ਇਸ ਤਰ੍ਹਾਂ ਸਰਵ-ਉੱਚ ਅਦਾਲਤ ਦਾ ਚੀਫ ਜਸਟਿਸ ਜਾਂ ਹੋਰ ਜੱਜ ਬਣ ਜਾਂਦਾ ਹੈ, ਅਜਿਹੇ ਚੀਫ਼ ਜਸਟਿਸ ਜਾਂ ਹੋਰ ਜੱਜ, ਜਿਹੀ ਕਿ ਸੂਰਤ ਹੋਵੇ, ਵਜੋਂ ਵਾਸਤਵਿਕ ਸੇਵਾ ਵਿੱਚ ਬਿਤਾਏ ਸਮੇਂ ਬਾਰੇ ਇਸ ਪੈਰੇ ਦੇ ਉਪ-ਪੈਰਾ (1) ਵਿੱਚ ਉਲਿਖਤ ਤਨਖ਼ਾਹਾਂ ਤੋਂ ਇਲਾਵਾ ਵਿਸ਼ੇਸ਼ ਵੇਤਨ ਵਜੋਂ ਕੋਈ ਰਕਮ ਪ੍ਰਾਪਤ ਕਰਨ ਦਾ ਹਕਦਾਰ ਹੋਵੇਗਾ ਜੋ ਇਸ ਤਰ੍ਹਾਂ ਉਲਿਖਤ ਤਨਖ਼ਾਹ ਅਤੇ ਉਸ ਤਨਖ਼ਾਹ ਜੋ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਲੈ ਰਿਹਾ ਸੀ, ਦੇ ਫ਼ਰਕ ਦੇ ਤੁੱਲ ਹੈ ।

(4) ਸਰਵ-ਉੱਚ ਅਦਾਲਤ ਦਾ ਰਹਿੱਕ ਜੱਜ ਭਾਰਤ ਦੇ ਰਾਜ-ਖੇਤਰ ਅੰਦਰ ਆਪਣੇ ਕਰਤੱਵ ਪਾਲਣ ਵਿੱਚ ਸਫ਼ਰ ਕਰਦਿਆਂ ਕੀਤੇ ਗਏ ਖ਼ਰਚਾਂ ਦਾ ਪ੍ਰਤਿਪੂਰਤੀ ਲਈ ਅਜਿਹੇ ਵਾਜਬੀ ਭੱਤੇ ਪ੍ਰਾਪਤ ਕਰੇਗਾ ਅਤੇ ਸਫਰ ਦੇ ਤੱਲਕ ਵਿੱਚ ਉਸ ਨੂੰ ਅਜਿਹੀਆਂ ਵਾਜਬੀ ਸਹੂਲਤਾਂ ਦਿੱਤੀਆਂ ਜਾਣਗੀਆਂ ਜਿਹੀਆਂ ਰਾਸ਼ਟਰਪਤੀ ਸਮੇਂ ਸਮੇ ਤੇ ਮੁਕਰੱਰ ਕਰੇ ।

(5) ਸਰਵ-ਉੱਚ ਅਦਾਲਤ ਜੱਜਾਂ ਦੀ ਗੈਰਹਾਜਰੀ ਦੀ ਛੁੱਟੀ (ਜਿਸ ਵਿੱਚ ਛੁੱਟੀ ਭੱਤੇ ਸ਼ਾਮਲ ਹਨ) ਅਤੇ ਪੈਨਸ਼ਨ ਬਾਰੇ ਅਧਿਕਾਰ ਉਨ੍ਹਾਂ ਉਪਬੰਧਾਂ ਦੁਆਰਾ ਸ਼ਾਸਤ ਹੋਣਗੇ ਜੋ, ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਫੈਡਰਲ ਕੋਰਟ ਦੇ ਜੱਜਾਂ ਨੂੰ ਲਾਗੂ ਸਨ ।

Ministry of Law & Justice

10 [13] [(1) ਉੱਚ ਅਦਾਲਤਾਂ ਦੇ ਜੱਜਾਂ ਨੂੰ ਵਾਸਤਵਿਕ ਸੇਵਾ ਵਿੱਚ ਬਿਤਾਏ ਸਮੇਂ ਬਾਰੇ ਹੇਠ-ਲਿਖੀਆਂ ਦਰਾਂ ਤੇ ਪ੍ਰਤੀ ਮਹੀਨਾਂ ਤਨਖ਼ਾਹ ਅਦਾ ਕੀਤੀ ਜਾਵੇਗੀ, ਅਰਥਾਤ,-

| | |
|---|---|
| ਚੀਫ਼ ਜਸਟਿਸ | [14](9000 ਰੁਪੈ)* |
| ਕੋਈ ਹੋਰ ਜੱਜ | [15](8000 ਰੁਪੈ) ** |

ਪਰੰਤੂ ਜੇ ਉੱਚ ਅਦਾਲਤ ਦੇ ਕਿਸੀ ਜੱਜ ਨੂੰ ਉਸਦੀ ਨਿਯੁਕਤੀ ਸਮੇ ਭਾਰਤ ਸਰਕਾਰ ਜਾਂ ਉਸ ਦੀਆਂ ਪੂਰਵ-ਅਧਿਕਾਰੀ ਸਰਕਾਰਾਂ ਵਿਚੋਂ ਕਿਸੇ ਦੀ ਜਾਂ ਕਿਸੇ ਰਾਜ ਦੀ ਸਰਕਾਰ ਜਾਂ ਉਸ ਦੀਆਂ ਪੂਰਵ-ਅਧਿਕਾਰੀ ਸਰਕਾਰਂ ਵਿਚੋਂ ਕਿਸੇ ਦੀ ਪਹਿਲਾਂ ਕੀਤੀ ਕਿਸੇ ਸੇਵਾ ਬਾਰੇ (ਨਿਰਯੋਗਤਾ ਜਾਂ ਜ਼ਖ਼ਮ-ਪੇਨਸ਼ਨ ਤੋਂ ਬਿਨਾਂ ਹੋਰ) ਕੋਈ ਪੈਨਸ਼ਨ ਮਿਲਦੀ ਹੋਵੇ, ਤਾਂ ਉੱਚ ਅਦਾਲਤ ਵਿੱਚ ਸੇਵਾ ਬੇਰਾ ਉਸ ਦੀ ਤਨਖ਼ਾਹ ਵਿਚੋਂ --

(ੳ) ਉਸ ਪੈਨਸ਼ਨ ਦੀ ਰਕਮ, ਅਤੇ

(ਅ) ਜੇ ਉਸ ਨੇ, ਅਜਿਹੀ ਨਿਯੁਕਤੀ ਤੋਂ ਪਹਿਲਾਂ, ਅਜਿਹੀ ਸੇਵਾ ਬਾਰੇ ਉਸ ਨੂੰ ਦੇਣਯੋਗ ਪੈਨਸ਼ਨ ਦੇ ਕਿਸੇ ਹਿੱਸੇ ਦੇ ਬਦਲੇ ਵਿੱਚ ਉਸ ਦਾ ਪਰਿਵਰਤਿਤ ਮੁੱਲ ਪ੍ਰਾਪਤ ਕੀਤਾ ਹੋਵੇ, ਤਾਂ ਪੈਨਸ਼ਨ ਦੇ ਉਸ ਹਿੱਸੇ ਦੀ ਰਕਮ, ਅਤੇ

(ੲ) ਜੇ ਉਸ ਨੇ, ਅਜਿਹੀ ਨਿਯੁਕਤੀ ਤੋਂ ਪਹਿਲਾਂ, ਅਜਿਹੀ ਪਹਿਲੀ ਸੇਵਾ ਬਾਰੇ ਕੋਈ ਸੇਵਾ ਨਿਵਿਰਤੀ ਗ੍ਰੈਚੂਇਟੀ ਪ੍ਰਾਪਤ ਕੀਤੀ ਹੋਵੇ ਤਾਂ, ਉਸ ਗ੍ਰੈਚੂਇਟੀ ਦੇ ਪੈਨਸ਼ਨ ਤੁੱਲ ਦੀ ਰਕਮ,

ਘੱਟਾ ਦਿੱਤੀ ਜਾਵੇਗੀ ।]

---

[13] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 25 ਦੁਆਰਾ ਮੂਲ ਉਪ-ਪੈਰਾ (1) ਦੀ ਥਾਵੇਂ ਰੱਖਿਆ ਗਿਆ ।

[14] ਸੰਵਿਧਾਨ (ਚਰੰਜਵੀਂ ਸੋਧ) ਐਕਟ, 1986 ਦੀ ਧਾਰਾ 4 ਦੁਆਰਾ (1.4.1986 ਤੋਂ) “4000 ਰੁਪੈ” ਦੀ ਥਾਵੇਂ ਰਖੇ ।

* ਉੱਚ ਅਦਾਲਤ ਅਤੇ ਸਰਵ ਉੱਚ ਅਦਾਲਤ ਜੱਜ (ਤਨਖਾਹ ਅਤੇ ਸੇਵਾ ਸ਼ਰਤਾਂ) ਸੋਧ ਐਕਟ, 2009 (2009 ਦਾ 23) ਦੀ ਧਾਰਾ 2 ਦੇ ਅਨੁਸਾਰ (1.1.2006 ਤੋਂ) ਹੁਣ (90,000 ਰੁਪੈ ਹੈ, ਉਚ ਅਦਾਲਤ ਅਤੇ ਸਰਬ ਉੱਚ ਅਦਾਲਤ (ਤਨਖਾਹ ਅਤੇ ਸ਼ਰਤਾਂ) ਸੋਧ ਐਕਟ, 2018 (2018 ਦਾ 10) ਦੀ ਧਾਰਾ 2ੳ ਅਨੁਸਾਰ ਇਹ ਹੁਣ 2,50,000 ਰੁਪੈ ਹੈ ।

[15] ਸੰਵਿਧਾਨ (ਚਰੰਜਵੀਂ ਸੋਧ) ਐਕਟ, 1986 ਦੀ ਧਾਰਾ 4 ਦੁਆਰਾ (1.4.1986 ਤੋਂ) “3500 ਰੁਪੈ” ਦੀ ਥਾਵੇਂ ਰਖੇ ।

** ਉੱਚ ਅਦਾਲਤ ਅਤੇ ਸਰਵ ਉੱਚ ਅਦਾਲਤ ਜੱਜ (ਤਨਖਾਹ ਅਤੇ ਸੇਵਾ ਸ਼ਰਤਾਂ) ਸੋਧ ਐਕਟ, 2009 (2009 ਦਾ 23) ਦੀ ਧਾਰਾ 2 ਦੇ ਅਨੁਸਾਰ (1.1.2006 ਤੋਂ) ਹੁਣ (80,000 ਰੁਪੈ ਹੈ, ਉਚ ਅਦਾਲਤ ਅਤੇ ਸਰਬ ਉੱਚ ਅਦਾਲਤ (ਤਨਖਾਹ ਅਤੇ ਸ਼ਰਤਾਂ).ਸੋਧ ਐਕਟ, 2018 (2018 ਦਾ 10) ਧਾਰਾ 2ਅ ਅਨੁਸਾਰ ਇਹ ਹੁਣ 2,25,000 ਰੁਪੈ ਹੈ ।

Ministry of Law & Justice

(2) ਹਰਿੱਕ ਵਿਅਕਤੀ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ—

(ੳ) ਕਿਸੇ ਪ੍ਰਾਂਤ ਵਿਚਲੀ ਉੱਚ-ਅਦਾਲਤ ਦੇ ਚੀਫ਼ ਜਸਟਿਸ ਵਜ਼ੋਂ ਅਹੁਦਾ ਧਾਰਨ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੇ ਅਨੁਛੇਦ 376 ਦੇ ਖੰਡ (1) ਦੇ ਅਧੀਨ ਤਤਸਥਾਨੀ ਰਾਜ ਵਿਚਲੀ ਉੱਚ-ਅਦਾਲਤ ਦਾ ਚੀਫ਼ ਜਸਟਿਸ ਬਣ ਗਿਆ ਹੈ, ਜਾਂ

(ਅ) ਕਿਸੇ ਪ੍ਰਾਂਤ ਵਿਚਲੀ ਉੱਚ ਅਦਾਲਤ ਦੇ ਕਿਸੇ ਹੋਰ ਜੱਜ ਵਜੋਂ ਅਹੁਦਾ ਧਾਰਨ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੇ ਉਕਤ ਖੰਡ ਦੇ ਅਧੀਨ ਤਤਸਥਾਨੀ ਰਾਜ ਵਿਚਲੀ ਉੱਚ-ਅਦਾਲਤ ਦਾ (ਚੀਫ਼ ਜਸਟਿਸ ਤੋਂ ਬਿਨਾਂ ਹੋਰ) ਕੋਈ ਜੱਜ ਬਣ ਗਿਆ ਹੈ,

ਜੇ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਇਸ ਪੈਰੇ ਦੇ ਉਪ-ਪੈਰਾ (1) ਵਿੱਚ ਉਲ਼ਿਖਤ ਦਰ ਤੋਂ ਉਚੇਰੀ ਦਰ ਤੇ ਤਨਖ਼ਾਹ ਲੈ ਰਿਹਾ ਹੈ, ਤਾਂ ਅਜਿਹੇ ਚੀਫ਼ ਜਸਟਿਸ ਜਾਂ ਹੋਰ ਜੱਜ, ਜਿਹੀ ਕੀ ਸੂਰਤ ਹੋਵੇ, ਵਜੋਂ ਵਾਸਤਵਿਕ ਸੇਵਾ ਵਿੱਚ ਬਿਤਾਏ ਸਮੇਂ ਬਾਰੇ ਉਕਤ ਉਪ-ਪੈਰੇ ਵਿੱਚ ਉਲਿਖਤ ਤਨਖ਼ਾਹ ਤੋ ਇਲਾਵਾ ਵਿਸ਼ੇਸ਼ ਵੇਤਨ ਵਜੋਂ ਅਜਿਹੀ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ ਜੋ ਇਸ ਤਰ੍ਹਾਂ ਉਲਿਖਤ ਤਨਖ਼ਾਹ ਅਤੇ ਉਸ ਤਨਖ਼ਾਹ ਜੋ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਲੈ ਰਿਹਾ ਸੀ ਫ਼ਰਕ ਦੇ ਤੁੱਲ ਹੈ।

[16][ (3) ਕੋਈ ਵਿਅਕਤੀ ਜੋ, ਇਸ ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੇ ਅਰੰਭ ਤੋਂ ਤੁਰੰਤ ਪਹਿਲਾਂ ਪਹਿਲੀ ਅਨੁਸੂਚੀ ਦੇ ਭਾਗ ਅ ਵਿੱਚ ਉਲਿਖਤ ਕਿਸੇ ਰਾਜ ਦੀ ਉੱਚ ਅਦਾਲਤ ਦੇ ਚੀਫ ਜਸਟਿਸ ਵਜੋਂ ਅਹੁਦਾ ਧਾਰਨ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੋ ਉਕਤ ਐਕਟ ਦੁਆਰਾ ਸੋਧੀ ਹੋਈ ਉਕਤ ਅਨੁਸੂਚੀ ਵਿੱਚ ਉਲਿਖਤ ਕਿਸੇ ਰਾਜ ਦੀ ਉੱਚ ਅਦਾਲਤ ਦਾ ਚੀਫ਼ ਜਸਟਿਸ ਬਣ ਗਿਆ ਹੈ, ਜੋ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਆਪਣੀ ਤਨਖ਼ਾਹ ਤੋਂ ਇਲਾਵਾ ਭੱਤੇ ਵਜੋਂ ਕੋਈ ਰਕਮ ਲੈ ਰਿਹਾ ਸੀ, ਤਾਂ ਉਹ ਅਜਿਹੇ ਚੀਫ਼ ਜਸਟਿਸ ਵਜੋਂ ਵਾਸਤਵਿਕ ਸੇਵਾ ਵਿੱਚ ਬਿਤਾਏ ਸਮੇਂ ਬਾਰੇ, ਇਸ ਪੈਰੇ ਦੇ ਉਪ-ਪੈਰਾ (1) ਵਿੱਚ ਉਲਿਖਤ ਤਨਖ਼ਾਹ ਤੋਂ ਇਲਾਵਾ ਭੱਤੇ ਵਜੋਂ ਉਹੀ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ ।]

11. ਇਸ ਭਾਗ ਵਿੱਚ ਜੇਕਰ ਪ੍ਰਸੰਗ ਤੋਂ ਹੋਰਵੇਂ ਲੋੜੀ ਦਾ ਨ ਹੋਵੇ,-

(ੳ) ਪਦ "ਚੀਫ਼ ਜਸਟਿਸ" ਵਿੱਚ ਕਾਰਜਕਾਰੀ ਚੀਫ਼ ਜਸਟਿਸ ਸ਼ਾਮਲ ਹੈ, ਅਤੇ "ਜੱਜ" ਵਿੱਚ ਤਦਅਰਥ ਜੱਜ ਸ਼ਾਮਲ ਹੈ।

[16] ਸੰਵਿਧਾਨ (ਸੱਤਵੀਂ ਸੋਧ) ਐਕਟ, 1956, ਧਾਰਾ 25 ਦੁਆਰਾ, ਮੂਲ ਉਪ-ਪੈਰਾ (3) ਅਤੇ (4) ਦੀ ਥਾਵੇਂ ਰੱਖਿਆ ਗਿਆ।

(ਅ) "ਵਾਸਤਵਿਕ ਸੇਵਾ" ਵਿੱਚ ਸ਼ਾਮਲ ਹੈ-

(i) ਕਿਸੇ ਜੱਜ ਦੁਆਰਾ ਜੱਜ ਵਜੋਂ ਕਰਤੱਵ ਕਰਦਿਆਂ ਜਾਂ ਅਜਿਹੇ ਰੋਹ ਕਾਜ-ਕਾਰ ਦੇ ਪਾਲਣ ਵਿੱਚ ਜਿਨ੍ਹਾਂ ਨੂੰ ਨਿਭਾਉਣ ਦਾ ਉਹ ਰਾਸ਼ਟਰਪਤੀ ਦੀ ਇੱਛਾ ਤੇ ਜਿੰਮਾ ਲਵੇ ਬਿਤਾਇਆ ਸਮਾਂ ;

(ii) ਉਸ ਸਮੇ ਨੂੰ ਖਾਰਜ ਕਰਦੇ ਜਿਸ ਦੇ ਦੋਰਾਨ ਉਹ ਜੱਜ ਛੁੱਟੀ ਲੈਦੇ ਗੈਰ-ਹਾਜਰ ਹੋਵੇ, ਦੀਰਘ-ਛੁੱਟੀਆਂ ; ਅਤੇ

(iii) ਕਿਸੇ ਉੱਚ ਅਦਾਲਤ ਤੋਂ ਸਰਵ-ਊੱਚ ਅਦਾਲਤ ਨੂੰ ਜਾਂ ਇੱਕ ਉੱਚ -ਅਦਾਲਤ ਤੋਂ ਕਿਸੇ ਹੋਰ ਨੂੰ ਬਦਲੇ ਜਾਣ ਤੇ ਜਾਇਨ ਕਰਨ ਦਾ ਵਕਫਾ ।

## ਭਾਗ ਹ

ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਬਾਬਤ ਉਪਬੰਧ

12 (1) ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਨੂੰ * ਚਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਤੇ ਤਨਖ਼ਾਹ ਅਦਾ ਕੀਤੀ ਜਾਵੇਗੀ ।

(2) ਕੋਈ ਵਿਅਕਤੀ ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਵਜੋਂ ਅਹੁਦਾ ਧਾਰਣ ਕਰ ਰਿਹਾ ਸੀ ਅਤੇ ਅਜਿਹੇ ਅਰੰਭ ਤੇ ਅਨੁਛੇਦ 377 ਦੇ ਅਧੀਨ ਭਾਰਤ ਦਾ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਬਣ ਗਿਆ ਹੈ ਇਸ ਪੈਰੇ ਦੇ ਉਪ-ਪਾਰਾ (1) ਵਿੱਚ ਉਲਿਖਤ ਤਨਖ਼ਾਹ ਤੋਂ ਇਲਾਵਾ ਵਿਸ਼ੇਸ਼ ਵੇਤਨ ਵਜੋਂ ਅਜਿਹੀ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ ਜੋ ਇਸ ਤਰ੍ਹਾਂ ਉਲਿਖਤ ਤਨਖ਼ਾਹ ਅਤੇ ਉਸ ਤਨਖ਼ਾਹ ਜੋ ਉਹ ਅਜਿਹੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਦੇ ਮਹਾਂ-ਲੇਖਾ ਪਰਿਖਅਕ ਵਜੋਂ ਲੈ ਰਿਹਾ ਸੀ ਦੇ ਫ਼ਰਕ ਦੇ ਤੁੱਲ ਹੈ ।

(3)ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰਿਖਅਕ ਦੀ ਗੈਰਹਾਜਰੀ ਦੀ ਛੁਟੀ ਅਤੇ ਪੈਨਸ਼ਨ ਬਾਰੇ ਅਧਿਕਾਰ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਉਨ੍ਹਾਂ ਉਪਬੰਧਾ ਤੋਂ ਸ਼ਾਸਤ ਹੋਣਗੀਆਂ ਜਾਂ, ਜਿਹੀ ਕਿ ਸੂਰਤ ਹੋਵੇ, ਸ਼ਾਸਤ ਹੁੰਦੀਆਂ ਰਹਿਣਗੀਆਂ, ਜੋ ਇਸ ਸੰਵਿਧਾਨ ਦੇ ਅਰੰਭ ਤੋਂ ਤੁਰੰਤ ਪਹਿਲਾਂ ਭਾਰਤ ਦੇ ਮਹਾਂ ਲੇਖਾ ਪਰੀਖਿਅਕ ਨੂੰ ਲਾਗੂ ਸਨ ਅਤੇ ਉਨ੍ਹਾਂ ਉਪਬੰਧਾਂ ਵਿੱਚ ਗਵਰਨਰ ਜਨਰਲ ਦੇ ਪ੍ਰਤਿ ਸਭ ਹਵਾਲਿਆਂ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਰਾਸ਼ਟਰਪਤੀ ਦੇ ਪ੍ਰਤਿ ਹਵਾਲੇ ਹਨ ।

---

* 1971 ਤੇ ਅਧਿਨਿਯਮ ਸੰ. 56 ਦੀ ਧਾਰਾ 3 ਦੁਆਰਾ ਭਾਰਤ ਦੇ ਕੰਪਟਰੋਲਰ ਅਤੇ ਮਹਾਂ ਲੇਖਾ ਪਰਿਅਖਕ ਨੂੰ ਸਰਵਉੱਚ ਅਦਾਲਤ ਦੇ ਜੱਜਾਂ ਦੇ ਬਰਾਬਰ ਵੇਤਨ ਦਾ ਭੁਗਤਾਨ ਕੀਤਾ ਜਾਵੇਗਾ । ਇਸ ਵੇਲੇ 2018 ਦੇ ਅਧਿਨਿਯਮ ਦੁਆਰਾ ਸਰਵਉੱਚ ਅਦਾਲਤ ਦੇ ਜੱਜਾਂ ਦਾ ਵੇਤਨ "2,50,000" ਰੁਪੈ ਹੈ ।

Ministry of Law & Justice

# ਤੀਜੀ ਅਨੁਸੂਚੀ[1]

## [ਅਨੁਛੇਦ 75(4), 99, 124(6), 148(2), 164(3), 188 ਅਤੇ 219] *

## ਸਹੁੰਆਂ ਜਾਂ ਪ੍ਰਤਿੱਗਿਆਵਾਂ ਦੇ ਫ਼ਾਰਮ

ਸੰਘ ਦੇ ਮੰਤਰੀ ਲਈ ਅਹੁਦੇ ਦੀ ਸਹੁੰ ਦਾ ਫ਼ਾਰਮ :-

"ਮੈਂ, ਉ. ਅ. ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, [17][ਕਿ ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ] ਕਿ ਮੈਂ ਸੰਘ ਦੇ ਮੰਤਰੀ ਵਜੋਂ ਕਰਤਵਾਂ ਨੂੰ ਵਫਾਦਾਰੀ ਅਤੇ ਸ਼ੁਧ ਅੰਤਹਕਰਣ ਨਾਲ ਨਿਭਾਵਾਂਗਾ ਅਤੇ ਮੈਂ ਭੈ ਜਾਂ ਪੱਖਪਾਤ, ਸਨੇਹ ਜਾਂ ਦੁਰਭਾਵਨਾ ਬਿਨਾਂ, ਸਭ ਤਰ੍ਹਾਂ ਦੇ ਲੋਕਾਂ ਦੇ ਪ੍ਰਤਿ ਸੰਵਿਧਾਨ ਅਤੇ ਕਾਨੂੰਨ ਦੀ ਅਨੁਸਾਰਤਾ ਵਿੱਚ ਨਿਆਂ ਕਰਾਂਗਾ ।"

II

ਸੰਘ ਦੇ ਮੰਤਰੀ ਲਈ ਅਹੁਦੇ ਦੀ ਸਹੁੰ ਦਾ ਫ਼ਾਰਮ :-

"ਮੈਂ, ਉ. ਅ. ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਜੇ ਕੋਈ ਮਾਮਲਾ ਸੰਘ ਦੇ ਮੰਤਰੀ ਵਜੋਂ ਮੇਰੇ ਵਿਚਾਰ ਅਧੀਨ ਲਿਆਂਦਾ ਜਾਵੇਗਾ ਜਾਂ ਮੈਂਨੂ ਗਿਆਤ ਹੋਵੇਗਾ ਉਹ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਸਿਵਾਏ ਉਸ ਦੇ ਕਿ ਅਜਿਹੇ ਮੰਤਰੀ ਵਜੋਂ ਆਪਣੇ ਕਰੱਤਵਾਂ ਦੇ ਠੀਕ ਨਿਭਾਉ ਲਈ ਅਜਿਹਾ ਕਰਨਾ ਲੋੜੀਂਦਾ ਹੋਵੇ ਮੈਂ ਸਿੱਧੇ ਜਾਂ ਅਜਿਹੇ ਤੋਰ ਤੇ ਨ ਦੱਸਾਂਗਾ ਨ ਪ੍ਰਗਟ ਕਰਾਂਗਾ ।"

* ਅਨੁਛੇਦ 84 (ੳ) ਅਤੇ ਅਨੁਛੇਦ 173 (ੳ) ਵੀ ਵੇਖੋ ।

[17] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963 ਧਾਰਾ 5 ਦੁਆਰਾ ਅੰਤਰਸਥਾਪਤ ।

Ministry of Law & Justice

[18][III

ਉ

ਸੰਸਦ ਲਈ ਦੇਣ ਲਈ ਉਮੀਦਵਾਰ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿੱਗਿਆ ਦਾ ਫ਼ਾਰਮ :-

"ਮੈਂ ਉ. ਅ. ਜੋ ਰਾਜਸਭਾ (ਜਾਂ ਲੋਕ ਸਭਾ) ਵਿੱਚ ਥਾਂ ਭਰਨ ਲਈ ਉਮੀਦਵਾਰ ਵਜੋਂ ਨਾਮਜ਼ਦ ਹੋਇਆ ਹਾਂ

ਈਸ਼ਵਰ ਦੀ ਸਹੁੰ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰਖਾਂਗਾ ਅਤੇ ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ ।"

ਅ

ਸੰਸਦ ਦੇ ਮੈਂਬਰ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿੱਗਿਆ ਦਾ ਫ਼ਾਰਮ :-

"ਮੈਂ ਉ. ਅ. ਜੋ ਰਾਜਸਭਾ (ਜਾਂ ਲੋਕ ਸਭਾ) ਦਾ ਮੈਂਬਰ ਚੁਣਿਆ(ਜਾਂ ਨਾਮਜ਼ਦ ਕੀਤਾ) ਗਿਆ ਹਾਂ

ਈਸ਼ਵਰ ਦੀ ਸਹੁੰ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਕਿ ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਾਂਗਾ ਅਤੇ ਜੋ ਕਰਤੱਵ ਮੈਂ ਸੰਭਾਲਣ ਵਾਲਾ ਹਾਂ ਉਸ ਨੂੰ ਵਫ਼ਾਦਾਰੀ ਨਾਲ ਨਿਭਾਵਾਂਗਾ ।"]

IV

ਸਰਵ-ਉਚ ਅਦਾਲਤ ਦੇ ਜੱਜਾਂ ਅਤੇ ਭਾਰਤ ਦੇ ਕੰਪਟਰੋਲਰ ਅਤੇ ਮਹਾਂ-ਲੇਖਾ ਪਰੀਖਿਅਕ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿੱਗਿਆ ਦਾ ਫ਼ਾਰਮ :-

---

[18] ਉਪਰੋਕਤ ਦੀ ਧਾਰਾ 5 ਦੁਆਰਾ ਫਾਰਮ III ਦੀ ਥਾਵੇਂ ਰੱਖਿਆ ਗਿਆ ।

Ministry of Law & Justice

" ਮੈਂ ੳ. ਅ. ਜੋ ਭਾਰਤ ਦੀ ਸਰਵ-ਉੱਚ ਅਦਾਲਤ ਦਾ ਚੀਫ਼ ਜਸਟਿਸ (ਜਾਂ ਜੱਜ) (ਜਾਂ ਭਾਰਤ ਦਾ ਕੰਪਟਰੋਲਰ ਅਤੇ ਮਹਾਂ ਲੇਖਾ-ਪਰੀਖਅਕ) ਨਿਯੁਕਤ ਹੋਇਆ ਹਾਂ ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਕਿ [4][ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਾਂਗਾ] ਕਿ ਮੈਂ ਠੀਕ ਤੋਰ ਤੇ ਅਤੇ ਵਫ਼ਦਾਰੀ ਨਾਲ ਅਤੇ ਆਪਣੀ ਪੂਰੀ ਯੋਗਤਾ ਗਿਆਨ ਅਤੇ ਨਿਰਣੇ ਨਾਲ ਆਪਣੇ ਅਹੁਦੇ ਦੇ ਕਰਤੱਵਾਂ ਦਾ ਭੈ ਜਾਂ ਪਖਪਾਤ, ਸਨੇਹ ਜਾਂ ਦੁਰਭਾਵਨਾ ਬਿਨਾਂ ਪਾਲਣ ਕਰਾਂਗਾ ਅਤੇ ਮੈਂ ਸੰਵਿਧਾਨ ਅਤੇ ਕਾਨੂੰਨਾਂ ਦੀ ਮਰਿਆਦਾ ਨੂੰ ਬਰਕਰਾਰ ਰਖਾਂਗਾ ।"

V

ਕਿਸੇ ਰਾਜ ਦੇ ਮੰਤਰੀ ਦੀ ਅਹੁਦੇ ਦੀ ਸੰਹੁ ਦਾ ਫ਼ਾਰਮ :-

"ਮੈਂ,ੳ.ਅ. ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਕਿ [19][ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ,] ਕਿ ਮੈਂ .....ਰਾਜ ਦੇ ਮੰਤਰੀ ਵਜੋਂ ਅਪਣੇ ਕਰਤਵਾਂ ਨੂੰ ਵਫ਼ਾਦਾਰੀ ਅਤੇ ਸ਼ੁਧ ਅੰਤਹਕਰਣ ਨਾਲ ਨਿਭਾਵਾਂਗਾ ਅਤੇ ਮੈਂ ਭੈ ਜਾਂ ਪੱਖਪਾਤ, ਸਨੇਹ ਜਾਂ ਦੁਰਭਾਵਨਾ ਬਿਨਾਂ, ਸਭ ਤਰ੍ਹਾਂ ਦੇ ਲੋਕਾਂ ਦੇ ਪ੍ਰਤਿ ਸੰਵਿਧਾਨ ਅਤੇ ਕਾਨੂੰਨ ਦੀ ਅਨੁਸਾਰਤਾ ਵਿੱਚ ਨਿਆਂ ਕਰਾਂਗਾ ।"

VI

ਕਿਸੇ ਰਾਜ ਦੇ ਮੰਤਰੀ ਲਈ ਗੋਪਤਾ ਦੀ ਸਹੁੰ ਦਾ ਫ਼ਾਰਮ:-

"ਮੈਂ,ੳ.ਅ. ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਜੇ ਕੋਈ ਮਾਮਲਾ.. ਸੰਘ ਦੇ ਮੰਤਰੀ ਵਜੋਂ ਮੇਰੇ ਵਿਚਾਰ ਅਧੀਨ ਲਿਆਂਦਾ

[19] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963 ਧਾਰਾ 5 ਦੁਆਰਾ ਅੰਤਰਸਥਾਪਤ ।



Ministry of Law & Justice

ਜਾਵੇਗਾ ਜਾਂ ਮੈਂਨੂ ਗਿਆਤ ਹੋਵੇਗਾ ਉਹ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਸਿਵਾਏ ਉਸ ਦੇ ਕਿ ਅਜਿਹੇ ਮੰਤਰੀ ਵਜੋਂ ਆਪਣੇ ਕਰੱਤਵਾਂ ਦੇ ਠੀਕ ਨਿਭਾਉ ਲਈ ਅਜਿਹਾ ਕਰਨਾ ਲੋੜੀਂਦਾ ਹੋਵੇ ਮੈਂ ਸਿੱਧੇ ਜਾਂ ਅਸਿੱਦੇ ਤੋਰ ਤੇ ਨ ਦੱਸਾਂਗਾ ਨ ਪ੍ਰਗਟ ਕਰਾਂਗਾ ।"

[20][VII

ਉ

ਕਿਸ ਰਾਜ ਦੇ ਵਿਧਾਨ-ਮੰਡਲ ਲਈ ਚੋਣ ਲਈ ਉਮੀਦਵਾਰ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿਗਿਆ ਦਾ ਫਾਰਮ :-

ਮੈਂ, ਉ.ਅ. ਜੋ ਵਿਧਾਨ ਸਭਾ (ਜਾਂ ਵਿਧਾਨ ਪਰਿਸ਼ਦ) ਵਿੱਚ ਥਾਂ ਭਰਨ ਲਈ ਉਮੀਦਵਾਰ ਵਜੋਂ ਨਾਮਜ਼ਦ ਹੋਇਆ ਹਾਂ ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਅਤੇ ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ"

ਅ

ਕਿਸੇ ਰਾਜ ਦੇ ਵਿਧਾਨ-ਮੰਡਲ ਦੇ ਮੈਂਬਰ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿਗਿਆ ਦਾ ਫਾਰਮ :-

ਮੈਂ, ਉ.ਅ. ਜੋ ਵਿਧਾਨ ਸਭਾ (ਜਾਂ ਵਿਧਾਨ ਪਰਿਸ਼ਦ) ਲਈ ਮੈਂਬਰ ਚੁਣਿਆ ਗਿਆ (ਜਾਂ ਨਾਜਜ਼ਦ ਹੋਇਆ) ਹਾਂ ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਕਿ ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ ਅਤੇ ਜੋ ਕਰਤੱਵ ਮੈਂ ਸੰਭਾਲਣ ਵਾਲਾ ਹਾਂ ਉਸ ਨੂੰ ਵਫ਼ਾਦਾਰੀ ਨਾਲ ਨਿਭਾਵਾਂਗਾ ।"]

---

[20] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963 ਧਾਰਾ 5 ਦੁਆਰਾ ਫ਼ਾਰਮ VII ਦੀ ਥਾਵੇਂ ਰਖਿੱਆ ਗਿਆ ।

Ministry of Law & Justice

VIII

ਕਿਸੇ ਉੱਚ ਅਦਾਲਤ ਦੇ ਜੱਜਾਂ ਦੁਆਰਾ ਚੁੱਕੀ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿੱਗਿਆ ਦਾ ਫ਼ਾਰਮ :-

ਮੈਂ ਉ.ਅ., ਜੋ .............,ਸਥਿਤ (ਜਾਂ ਦੀ) ਉੱਚ ਅਦਾਲਤ ਦਾ ਚੀਫ ਜਸਟਿਸ (ਜਾਂ ਜੱਜ) ਨਿਯੁਕਤ ਹੋਇਆਂ ਹਾਂ ਈਸ਼ਵਰ ਦੀ ਸੰਹੁ ਚੁੱਕਦਾ ਹਾਂ / ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ, ਕਿ [21][ਮੈਂ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ ਬਰਕਰਾਰ ਰੱਖਾਂਗਾ,] ਕਿ ਮੈਂ ਠੀਕ ਤੌਰ ਤੇ ਅਤੇ ਵਫਾਦਾਰੀ ਨਾਲ ਅਤੇ ਆਪਣੀ ਪੂਰੀ ਯੋਗਤਾ, ਗਿਆਨ ਅਤੇ ਨਿਰਣੇ ਨਾਲ ਆਪਣੇ ਅਹੁਦੇ ਦੇ ਕਰਤੱਵਾਂ ਦਾ ਭੈਂ ਜਾਂ ਪਖੱਪਾਤ ਜਾਂ ਦੁਰਭਾਵਨਾ ਬਿਨਾਂ ਪਾਲਣ ਕਰਾਂਗਾ ਅਤੇ ਮੈਂ ਸੰਵਿਧਾਨ ਅਤੇ ਕਾਨੂੰਨਾਂ ਦੀ ਮਰਿਆਦਾ ਨੂੰ ਬਰਕਰਾਰ ਰਖਾਂਗਾ।"

---

[21] ਸੰਵਿਧਾਨ (ਸੋਲ੍ਹਵੀਂ ਸੋਧ) ਐਕਟ, 1963 ਧਾਰਾ 5 ਦੁਆਰਾ ਅੰਤਰਸਥਾਪਤ।

Ministry of Law & Justice

## [1][ਚੌਥੀ ਅਨੁਸੂਚੀ

### [ਅਨੁਛੇਦ 4(1) ਅਤੇ 80(2)]

### ਰਾਜ ਸਭਾ ਦੀਆਂ ਥਾਵਾਂ ਦੀ ਟਿੱਕਣ

ਹੇਠ-ਲਿਖੀ ਸਾਰਣੀ ਦੇ ਪਹਿਲੇ ਖਾਨੇ ਵਿੱਚ ਉਲਿਖਤ ਹਰੇਕ ਰਾਜ ਜਾਂ ਸੰਘ ਰਾਜਖੇਤਰ ਨੂੰ ਜਿਹੀ ਕਿ ਸੂਰਤ ਹੋਵੇ, ਇੰਨੀਆਂ ਥਾਵਾਂ ਅਲਾਟ ਕੀਤੀਆਂ ਜਾਣਗੀਆਂ ਜਿੰਨੀਆਂ ਉਸ ਦੇ ਦੂਜੇ ਖਾਨੇ ਵਿੱਚ ਉਸ ਰਾਜ ਜਾਂ ਉਸ ਸੰਘ ਰਾਜਖੇਤਰ ਦੇ ਸਾਹਮਣੇ ਉਲਿਖਤ ਹਨ :

**ਸਾਰਣੀ**

| | |
|---|---|
| 1. ਆਂਧਰ ਪ੍ਰਦੇਸ਼ | [2][11] |
| [3][2. ਤੇਲਗਾਨਾ | 7] |
| [4][3]. ਆਸਾਮ | 7 |
| [4][4. ਬਿਹਾਰ | [5][16] |
| [6][[4][5] ਝਾਰਖੰਡ | 6] |
| [7][[8][ [4][6]] ਗੋਆ | 1] |

[1] ਸੰਵਿਧਾਨ (ਸਤੱਵੀਂ ਸੋਧ) ਐਕਟ, 1956, ਧਾਰਾ 3 ਦੁਆਰਾ ਚੌਥੀ ਅਨੁਸੂਚੀ ਦੀ ਥਾਵੇਂ ਰੱਖੀ ਗਈ।

[2] ਆਂਧਰ ਪ੍ਰਦੇਸ਼ ਪੂਨਰਗਠਨ ਐਕਟ, 2014 ਦੀ ਧਾਰਾ 12 ਦੁਆਰਾ (2.6.2014 ਤੋਂ) "18" ਦੀ ਥਾਵੇਂ ਪ੍ਰਤੀ ਸਥਾਪਿਤ।

[3] ਆਂਧਰ ਪ੍ਰਦੇਸ਼ ਪੂਨਰਗਠਨ ਐਕਟ, 2014 ਦੀ ਧਾਰਾ 12 ਦੁਆਰਾ (2.6.2014 ਤੋਂ) "18" ਦੀ ਥਾਵੇਂ ਪ੍ਰਤੀ ਸਥਾਪਿਤ।

[4] ਆਂਧਰ ਪ੍ਰਦੇਸ਼ ਪੂਨਰਗਠਨ ਐਕਟ, 2014 ਦੀ ਧਾਰਾ 12 ਦੁਆਰਾ (2.6.2014 ਤੋਂ) 2 ਤੋਂ 30 ਤੱਕ ਇੰਦਰਾਜਾਂ ਨੂੰ ਕ੍ਰਮਵਾਰ 3 ਤੋ 31 ਤੱਕ ਦੇ ਇੰਤਰਾਜਾਂ ਦੇ ਰੂਪ ਵਿਚ ਮੁੜ ਸਥਾਪਿਤ ਕੀਤਾ ਗਿਆ।

[5] ਬਿਹਾਰ ਪੁਨਰਗਠਨ ਐਕਟ, 2000 (2000 ਤਾ 30) ਦੀ ਧਾਰਾ 7 ਦੁਆਰਾ (15.11.2000 ਤੋਂ) "22" ਦੀ ਥਾਵੇਂ ਰੱਖੇ ਗਏ।

[6] ਬਿਹਾਰ ਪੁਨਰਗਠਨ ਐਕਟ, 2000 (2000 ਤਾ 30) ਦੀ ਧਾਰਾ 7 ਦੁਆਰਾ (15.11.2000 ਤੋਂ) "22" ਦੀ ਥਾਵੇਂ ਰੱਖੇ ਗਏ।

[7] ਗੋਆ, ਦਮਨ ਔਰ ਦੀਵ ਪੂਨਰਗਠਨ ਐਕਟ, 1987 (1987 ਦਾ 18) ਦੀ ਧਾਰਾ 6 ਦੁਆਰਾ (30.05.1987 ਤੋਂ) ਅੰਤਰਸਥਾਪਤ।

[8] ਬਿਹਾਰ ਪੁਨਰਗਠਨ ਐਕਟ, 2000 (2000 ਤਾ 30) ਦੀ ਧਾਰਾ 7 ਦੁਆਰਾ (15.11.2000 ਤੋਂ) ਇੰਦਰਾਜ 4 ਤੋਂ 29 ਕ੍ਰਮ ਇੰਦਰਾਜ 5 ਤੋਂ 30 ਦੇ ਰੂਪ ਵਿਚ ਮੁੜ ਸਥਾਪਿਤ ਕੀਤਾ ਗਿਆ ।

Ministry of Law & Justice

| | |
|---|---|
| [9][8][4][7.ਗੁਜਰਾਤ | 11] |
| [10][8][4][8.ਹਰਿਆਣਾ | 5] |
| [8][4][9]ਕੇਰਲ | 9] |
| [8][4][10] ਮੱਧ ਪ੍ਰਦੇਸ਼ | [11] [11] |
| [12][8][4][11] ਛੱਤੀਸਗੜ੍ਹ | 05] |
| [13][8][4][12] ਤਾਮਿਲ ਨਾਡੂ | [14][18] |
| [15][8][4][13] ਮਹਾਰਾਸ਼ਟਰ | 19] |
| [16][8][4][14] ਕਰਨਾਟਕ | 12 |
| [8][4][15][17] ਓਡੀਸ਼ਾ | 10 |

Ministry of Law & Justice

---

[9] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 6 ਦੁਆਰਾ, ਇੰਦਰਾਜ "4" (ਇੰਦਰਾਜ 6 ਦੇ ਰੂਪ ਵਿਚ ਮੁੜ ਸਥਾਪਤ) ਦੀ ਥਾਵੇਂ (1.5.1960 ਤੋਂ) ਰੱਖਿਆ ਗਿਆ।

[10] ਪੰਜਾਬ ਪੁਨਰਗਠਨ ਐਕਟ, 1966 (1966 ਦਾ 31) ਦੀ ਧਾਰਾ 9 ਦੁਆਰਾ (1.11.1966 ਤੋਂ) ਥਾਂਵੇ ਰਖਿਆ ਗਿਆ।

[11] ਮੱਧ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 28) ਦੀ ਧਾਰਾ 7 ਦੁਆਰਾ (1.11.2000 ਤੋਂ) ਅੰਤਰਸਥਾਪਤ।

[12] ਮੱਧ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 28) ਦੀ ਧਾਰਾ 7 ਦੁਆਰਾ (1.11.2000 ਤੋਂ) ਅੰਤਰਸਥਾਪਤ।

[13] ਮਦਰਾਸ ਸਟੇਟ (ਨਾਂ ਪਰਵਰਤਨ) ਐਕਟ, 1968 (1968 ਦਾ 53) ਧਾਰਾ 5 ਦੁਆਰਾ (14.1.1969 ਤੋਂ) "8 ਮਦਰਾਸ" (11 ਦੇ ਰੂਪ ਵਿਚ ਮੁੜ ਸਥਾਪਤ) ਦੀ ਥਾਵੇਂ ਰਖੇ ਗਏ।

[14] ਦ ਆਂਧਰ ਪ੍ਰਦੇਸ਼ ਐਂਡ ਸਦਰਾਸ (ਆਲਟਰੇਸ਼ਨ ਔਫ ਬਾਊਂਡਰੀਜ਼) ਐਕਟ, 1959 (1959 ਦਾ 56) ਧਾਰਾ 8 ਦੁਆਰਾ (1.4.1960 ਤੋਂ ਲੈ ਦੇ) "17" ਦੀ ਥਾਂਵੇ ਰਖੇ ਗਏ।

[15] ਬੰਬੇ ਪੁਨਰਗਠਨ ਐਕਟ, 1960 (1960 ਦਾ 11) ਧਾਰਾ 6 ਦੁਆਰਾ (1.5.1960 ਤੋਂ ) ਅੰਤਰਸਥਾਪਤ।

[16] ਮਾਈਸੋਰ (ਨਾਂ ਪਰਵਰਤਨ) ਐਕਟ, 1973 (1973 ਦਾ 31) ਦੀ ਧਾਰਾ 5 ਦੁਆਰਾ (1.11.1973 ਤੋਂ) "10 ਮਾਈਸੋਰ" (13 ਦੇ ਰੂਪ ਵਿਚ ਮੁੜ ਸਥਾਪਤ) ਦੀ ਥਾਂਵੇ ਰਖਿਆ ਗਿਆ।

[17] ਓਡੀਸ਼ਾ ਨਾਂ ਪਰਵਰਤਨ ਐਕਟ, 2011 (2011 ਦਾ 15) ਦੀ ਧਾਰਾ 7 ਦੁਆਰਾ (1.11.2011 ਤੋਂ) "ਉੜੀਸਾ" ਦੀ ਥਾਵੇਂ ਪਰਸਥਾਪਤ।

| | |
|---|---|
| [8][4][16] ਪੰਜਾਬ | [18][7] |
| [8][4][17] ਰਾਜਸਥਾਨ | 10 |
| [8][4][18] ਉੱਤਰ ਪ੍ਰਦੇਸ਼ | [19][31] |
| [20] [[8][4][19.]] [21]ਉੱਤਰਾਖੰਡ | 3] |
| [8][4][20] ਪੱਛਮੀ ਬੰਗਾਲ | 16 |
| [22][[8][4][*************** | **] |
| [23][[24][[8][4][21] ਨਾਗਾਲੈਂਡ | 1] |
| [25][[8][4][22] ਹਿਮਾਚਲ ਪ੍ਰਦੇਸ਼ | 3] |
| [[8][4][23] ਮਨੀਪੁਰ | 1 |
| [8][4][[24 ] ਤ੍ਰਿਪੁਰਾ | 1 |
| [8][4][[25] ਮੇਘਾਲਯ | 1] |

[18] ਪੰਜਾਬ ਪੁਨਰਗਠਨਐਕਟ, 1966 (1966 ਦਾ 31) ਦੀ ਧਾਰਾ 9 ਦੁਆਰਾ (1.11.1966 ਤੋਂ ਲੈ ਕੇ) ਅੰਕਾਂ "11" ਦੀ ਥਾਂਵੇ ਰੱਖੇ।

[19] ਉੱਤਰ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 29) ਦੀ ਧਾਰਾ 7 ਦੁਆਰਾ (9.11.2000 ਤੋਂ) "34" ਦੀ ਥਾਵੇਂ ਰੱਖੇ।

[20] ਉੱਤਰ ਪ੍ਰਦੇਸ਼ ਪੁਨਰਗਠਨ ਐਕਟ, 2000 (2000 ਦਾ 29) ਦੀ ਧਾਰਾ 7 ਦੁਆਰਾ (9.11.2000 ਤੋਂ)

[21] ਉੱਤਰਾਂਚਲ (ਨਾਂ ਪਰਿਵਰਤਨ) ਐਕਟ, 2006 (2006 ਦਾ 52) ਦੀ ਧਾਰਾ 4 ਦੁਆਰਾ (1.1.2007 ਤੋਂ) "ਉੱਤਰਾਂਚਲ" ਦੀ ਥਾਵੇਂ ਰੱਖਿਆ ਗਿਆ।

[22] ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 8 ਦੁਆਰਾ ਜੰਮੂ-ਕਸ਼ਮੀਰ ਨਾਲ ਸਬੰਧਤ ਐਂਟਰੀ 21 (31.10.2019) ਤੋਂ ਪ੍ਰਭਾਵੀ ਖਤਮ ਕੀਤੀ ਗਈ

[23] ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 8 ਦੁਆਰਾ ਇੰਦਰਾਜ 22 ਤੋਂ 31 ਨੂੰ 21 ਤੋਂ 30 ਵਜੋਂ ਮੁੜ-ਹਿੰਦਸੇ ਗਏ।

[24] ਨਾਗਾਲੈਂਡ ਰਾਜ ਐਕਟ, 1962 (1962 ਦਾ 27) ਧਾਰਾ 6 ਦੁਆਰਾ (1.12.1963 ਤੋਂ ) ਅੰਤਰਸਥਾਪਤ।

[25] ਹਿਮਾਚਲ ਪ੍ਰਦੇਸ਼ ਰਾਜ ਐਕਟ, 1970 (1970 ਦਾ 53) ਧਾਰਾ 5 ਦੁਆਰਾ (25.1.1971 ਤੋਂ ) ਅੰਤਰਸਥਾਪਤ।



Ministry of Law & Justice

[26][8[4[26] ਸਿੱਕਮ 1]

[[27][8[4[27] ਮੀਜੋਰਮ 1]

[28][8[4[28] ਅਰਣਾਂਚਲ ਪ੍ਰਦੇਸ਼ 1]

[8[4[29] ਦਿੱਲੀ 3

[8[4[30] [29]ਪੁਦੁਚੇਰੀ 1

[30][31 ਜੰਮੂ ਅਤੇ ਕਸ਼ਮੀਰ 4

**ਜੋੜ ................... [31][233]]**

---

[26] ਸੰਵਿਧਾਨ (ਛਤੀਵੀਂ ਸ਼ੋਧ) ਐਕਟ, 1975 ਧਾਰਾ 4 ਦੁਆਰਾ (26.4.1975 ਤੋਂ) ਅੰਤਰਸਥਾਪਤ ।

[27] ਮੀਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 5 ਦੁਆਰਾ (20.02.1987) ਤੋਂ ਅੰਤਰਸਥਾਪਤ ।

[28] ਅਰੁਣਾਚਲ ਪ੍ਰਦੇਸ਼ ਰਾਜ ਐਕਟ, 1986 (1986 ਦਾ 69) ਦੀ ਧਾਰਾ 5 ਦੁਆਰਾ (20.02.1987 ਤੋਂ) ਅੰਤਰਸਥਾਪਤ ।

[29] ਪਾਂਡੀਚੇਰੀ (ਨਾਂ ਪਰਿਵਰਤਨ) ਐਕਟ, 2006 (2006 ਦਾ 44) ਦੀ ਧਾਰਾ 6 ਦੁਆਰਾ (1.10.2006 ਤੋਂ) "ਪਾਂਡੀਚੇਰੀ" ਦੀ ਥਾਵੇਂ ਰੱਖਿਆ ਗਿਆ ।

[30] ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 (2019 ਦੇ 34) ਦੀ ਧਾਰਾ 8 ਦੁਆਰਾ (31.10.2019 ਤੋਂ ਪ੍ਰਭਾਵੀ) ਅੰਤਰਸਥਾਪਤ ।

[31] ਗੋਆ, ਦਮਨ ਅਤੇ ਦੀਵ ਪੂਨਰਗਠਨ ਐਕਟ, 1987 (1987 ਦਾ 18) ਦੀ ਧਾਰਾ 6 ਦੁਆਰਾ (30.05.1987 ਤੋਂ) "232" ਦੀ ਥਾਵੇਂ ਰੱਖੇ ਗਏ ।

Ministry of Law & Justice

# ਪੰਜਵੀਂ ਅਨੁਸੂਚੀ

**[ਅਨੁਛੇਦ 244(1)]**

# ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਪ੍ਰਸ਼ਾਸਨ ਅਤੇ ਕੰਟਰੋਲ ਬਾਬਤ ਉਪਬੰਧ

ਭਾਗ ੳ

## ਆਮ

1. ਅਰਥ ਨਿਰਣਾ – ਇਸ ਅਨੁਸੂਚੀ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ, "ਰਾਜ" [1]****ਪਦ ਦੇ ਅੰਤਰਗਤ [2]ਆਸਾਮ [3][[4][ਮੇਘਾਲਿਆ, ਤ੍ਰਿਪੁਰੂ ਅਤੇ ਮੀਜੋਰਮ]] ਰਾਜ ਨਹੀਂ ਹੈ ।

**2. ਅਨੁਸੂਚਿਤ ਖੇਤਰਾਂ ਵਿੱਚ ਕਿਸੇ ਰਾਜ ਦੀ ਕਾਰਜਪਾਲਕ ਸ਼ਕਤੀ -** ਇਸ ਅਨੁਸੂਚੀ ਦੇ ਉਪਬੰਧਾਂ ਦੇ ਤਾਬੇ, ਕਿਸੇ ਰਾਜ ਦੀ ਕਾਰਜਪਾਲਕ ਸ਼ਕਤੀ ਉਸ ਵਿਚਲੇ ਅਨੁਸੂਚਿਤ ਖੇਤਰਾਂ ਤਕ ਵਿਸਤਰਿਤ ਹੈ ।

3. **ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਰਾਜਪਾਲ [5]**** ਦੁਆਰਾ ਰਾਸ਼ਟਰਪਤੀ ਨੂੰ ਰਿਪੋਟ** - ਹਰੇਕ ਰਾਜ ਜਿਸ ਵਿੱਚ ਅਨੁਸੂਚਿਤ ਖੇਤਰ ਹਨ, ਦਾ ਰਾਜਪਾਲ [5]**** ਹਰ ਸਾਲ ਜਾਂ ਜਦ ਵੀ ਰਾਸ਼ਟਰਪਤੀ ਇਸ ਤਰ੍ਹਾਂ ਲੋੜੇ ਉਸ ਰਾਜ ਵਿਚਲੇ ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਰਾਸ਼ਟਰਪਤੀ ਨੂੰ ਰਿਪੋਟ ਕਰੇਗਾ ਅਤੇ ਸੰਘ ਦੀ ਕਾਰਜਪਾਲਕ ਸ਼ਕਤੀ ਉਸ ਰਾਜ ਨੂੰ ਉਕਤ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਨਿਦੇਸ਼ ਦੇਣ ਤਕ ਵਿਸਤਰਿਤ ਹੋਵੇਗੀ ।

---

[1] ਸ਼ਬਦ ਅਤੇ ਅੱਖਰ "ਦਾ ਮਤਲਬ ਹੈ ਪਹਿਲੀ ਅਨੁਸੂਚੀ ਦੇ ਭਾਗ ੳ ਜਾਂ ਭਾਗ ਅ ਵਿੱਚ ਉਲਿਖਤ ਰਾਜ ਪਰ" ਇਸ ਸੰਵਿਧਾਨ (ਸਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[2]ਪੂਰਬ –ਉੱਤਰ ਏਰੀਆਜ (ਰੀਆਰਗਨਾਈਜੇਸ਼ਨ) ਐਕਟ, 1971, 1971 (1971 ਦਾ 81) ਦੀ ਧਾਰਾ 71 ਦੁਆਰਾ "ਅਸਾਮ ਰਾਜ" ਦੀ ਥਾਵੇਂ ਰਖਿਆ ਗਿਆ ।

[3] ਸੰਵਿਧਾਨ (ਉਨੰਜਵੀਂ ਸੋਧ) ਐਕਟ, 1984 ਦੀ ਧਾਰਾ 3 ਦੁਆਰਾ (1.4.1985 ਤੋਂ) "ਅਤੇ ਮੇਘਾਲਿਆ" ਦੀ ਥਾਵੇਂ ਰੱਖੇ ।

[4] ਮੀਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ) "ਮੇਘਾਲਿਆ ਅਤੇ ਤ੍ਰਿਪੁਰਾ" ਦੀ ਥਾਵੇਂ ਰੱਖੇ।

[5] ਸ਼ਬਦ "ਜਾਂ ਰਾਜਪ੍ਰਮੁੱਖ" ਸੰਵਿਧਾਨ (ਸਤਵੀਂ ਸੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।



Ministry of Law & Justice

## ਭਾਗ ਅ

### ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਦਾ ਪ੍ਰਸ਼ਾਸਨ ਅਤੇ ਕੰਟਰੋਲ

੪. **ਕਬੀਲਾ ਸਲਾਹਕਾਰ ਪਰਿਸ਼ਦ.**(1) ਰਹੇਕ ਉਸ ਰਾਜ ਵਿੱਚ ਜਿਸ ਵਿੱਚ ਅਨੁਸੂਚਿਤ ਖੇਤਰ ਹਨ ਅਤੇ ਜੋ ਰਾਸ਼ਟਰਪਤੀ ਇਸ ਤਰ੍ਹਾਂ ਨਿਦੇਸ਼ ਦੇਵੇ, ਤਾਂ ਕਿਸੇ ਅਜਿਹੇ ਰਾਜ ਵਿੱਚ ਵੀ ਜਿਸ ਵਿੱਚ ਅਨੁਸੂਚਿਤ ਕਬੀਲੇ ਹਨ ਪਰ ਅਨੁਸੂਚਿਤ ਖੇਤਰ ਨਹੀਂ ਹਨ, ਇਕ ਕਬੀਲਾ ਸਲਾਹਕਾਰ ਪਰਿਸ਼ਦ ਸਥਾਪਤ ਕੀਤੀ ਜਾਵੇਗੀ ਜੋ ਵੱਧ ਤੋਂ ਵੱਧ ਵੀਹ ਮੈਂਬਰਾਂ ਤੋਂ ਮਿਲ ਦੇ ਬਣੇਗੀ, ਜਿਨ੍ਹਾਂ ਵਿਚੋਂ, ਜਿੱਥੇ ਤਕ ਹੋ ਸਦੇ, ਤਿੰਨ-ਚੌਥਾਈ ਦੇ ਨੇੜੇ ਉਸ ਰਾਜ ਦੀ ਵਿਧਾਨ ਸਭਾ ਵਿਚਲੇ ਅਨੁਸੂਚਿਤ ਕਬਿਲੀਆਂ ਤੇ ਪ੍ਰਤੀਨਿਧ ਹੋਣਗੇ।

ਪਰੰਤੂ ਜੇ ਉਸ ਰਾਜ ਦੀ ਵਿਧਾਨ-ਸਭਾ ਵਿੱਚ ਅਨੁਸੂਚਿਤ ਕਬੀਲਿਆਂ ਦੇ ਪ੍ਰਤੀਨਿਧਾਂ ਦੀ ਗਿਣਤੀ ਕਬੀਲਾ ਸਲਾਹਕਾਰ ਪਰਿਸ਼ਦ ਵਿੱਚ ਅਜਿਹੇ ਪ੍ਰਤੀਨਿਧਾਂ ਦੁਆਰਾ ਭਰੀਆਂ ਜਾਣ ਵਾਲੀਆਂ ਥਾਵਾਂ ਦੀ ਗਿਣਤੀ ਤੋਂ ਘੱਟ ਹੋਵੇ ਤਾਂ ਬਾਕੀ ਥਾਵਾਂ ਉਨ੍ਹਾਂ ਕਬੀਲਿਆਂ ਦੇ ਹੋਰ ਬੰਦਿਆਂ ਦੁਆਰਾ ਭਰੀਆ ਜਾਣਗੀਆਂ।

(2) ਕਬੀਲਾ ਸਲਾਹਕਾਰ ਪਰਿਸ਼ਦ ਦਾ ਕਰਤੱਵ ਹੋਵੇਗਾ ਕਿ ਉਹ ਉਸ ਰਾਜ ਵਿਚਲੇ ਅਨੁਸੂਚਿਤ ਕਬਿਲੀਆਂ ਦੀ ਭਲਾਈ ਅਤੇ ਉੱਨਤੀ ਸੰਬੰਧੀ ਅਜਿਹੇ ਮਾਮਲਿਆਂ ਤੇ ਸਲਾਹ ਦੇਵੇ ਜਿਹੇ ਉਸ ਨੂ ਰਾਜਪਾਲ [6]**** ਦੁਆਰਾ ਸੌਂਪੇ ਜਾਣ।

(3) ਰਾਜਪਾਲ **** [7]

(ੳ) ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ ਉਨ੍ਹਾਂ ਦੀ ਨਿਯੁਕਤੀ ਅਤੇ ਪਰਿਸ਼ਦ ਦੇ ਚੇਅਰਮੈਨ ਦੀ ਅਤੇ ਉਸ ਦੇ ਅਫਸਰਾਂ ਅਤੇ ਸੇਵਕਾਂ ਦੀ ਨਿਯੁਕਤੀ ਦੀ ਵਿਧੀ ;

(ਅ) ਉਸ ਦੀਆਂ ਇਕੱਤਰਤਾਵਾਂ ਦਾ ਸੰਚਾਲਣ ਅਤੇ ਉਸ ਦਾ ਆਮ ਜ਼ਾਬਤਾ ; ਅਤੇ

(ੲ) ਸਭ ਹੋਰ ਅਨੁਸੰਗਕ ਮਾਮਲੇ,

---

[6] ਸ਼ਬਦ "ਜਾਂ ਰਾਜਪ੍ਰਮੁੱਖ ਜਿਹੀ ਕੀ ਸੂਰਤ ਹੋਵੇ" ਸੰਵਿਧਾਨ (ਸਤਵੀਂ ਸੋਧ) ਐਕਟ, 1956 ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।

[7] ਸ਼ਬਦ "ਜਾਂ ਰਾਜਪ੍ਰਮੁੱਖ" ਉਪਰੋਕਤ ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ।



Ministry of Law & Justice

ਮੁਕਰੱਰ ਕਰਨ ਜਾਂ ਉਨ੍ਹਾਂ ਦਾ ਵਿਨਿਯਮਨ ਕਰਨ ਲਈ, ਜਿਹੀ ਕਿ ਸੂਰਤ ਹੋਵੇ, ਨਿਯਮ ਬਣਾ ਸਕੇਗਾ ।

5. **ਅਨੁਸੂਚਿਤ ਖੇਤਰਾਂ ਨੂੰ ਲਾਗੂ ਕਾਨੂੰਨ** – (1) ਇਸ ਸੰਵਿਧਾਨ ਵਿੱਚ ਕਿਸੇ ਗੱਲ ਲੇ ਹੁੰਦਿਆਂ ਹੋਇਆਂ ਵੀ, ਰਾਜਪਾਲ [6]**** ਲੋਕ ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਸੰਸਦ ਦਾ ਜਾਂ ਉਸ ਰਾਜ ਦੇ ਵਿਧਾਨ-ਮੰਡਲ ਦਾ ਕੋਈ ਖ਼ਾਸ ਐਕਟ, ਉਸ ਰਾਜ ਵਿਚਲੇ ਕਿਸੇ ਅਨੁਸੂਚਿਤ ਖੇਤਰ ਜਾਂ ਉਸ ਦੇ ਕਿਸੇ ਭਾਗ ਨੂੰ ਲਾਗੂ ਨਹੀਂ ਹੋਵੇਗਾ ਜਾਂ ਰਾਜ ਵਿਚਲੇ ਕਿਸੇ ਅਨੁਸੂਚਿਤ ਖੇਤਰ ਜਾਂ ਉਸ ਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਅਤੇ ਰੁਪਭੇਦਾਂ ਦੇ ਤਾਬੇ ਹੋਵੇਗਾ ਜਿਹੇ ਉਹ ਅਧਿਸੂਚਨਾ ਵਿੱਚ ਉਲਿਖਤ ਕਰੇ ਅਤੇ ਇਸ ਉਪ-ਪੈਰੇ ਦੇ ਅਧੀਨ ਦਿੱਤਾ ਗਿਆ ਕੋਈ ਨਿਦੇਸ਼ ਇਸ ਤਰ੍ਹਾਂ ਦਿੱਤਾ ਜਾਂ ਸਕੇਗਾ ਕਿ ਉਸ ਦਾ ਅਤੀਤ-ਦਰਸ਼ੀ ਪ੍ਰਭਾਵ ਹੋਵੇ ।

(2) ਰਾਜਪਾਲਾਂ [6]**** ਕਿਸੇ ਰਾਜ ਵਿਚਲੇ ਕਿਸੇ ਅਜਿਹੇ ਖੇਤਰ ਦੀ ਸ਼ਾਂਤੀ ਅਤੇ ਚੰਗੇ ਸ਼ਾਸਨ ਲਈ ਵਿਨਿਯਮ ਬਣਾ ਸਕੇਗਾ ਜੋ ਤਤਸਮੇਂ ਅਨੁਸੂਚਿਤ ਖੇਤਰ ਹੋਵੇ ।

ਖਾਸ ਕਰਦੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਵਿਨਿਯਮ—

(ੳ) ਅਜਿਹੇ ਖੇਤਰ ਵਿਚਲੇ ਅਨੁਸੂਚਿਤ ਕਬਿਲੀਆਂ ਦੇ ਬੰਦਿਆਂ ਦੁਆਰਾ ਜਾਂ ਵਿਚਕਾਰ ਭੋਂ ਦੇ ਇੰਤਕਾਲ ਦੀ ਮਨਾਹੀ ਕਰ ਸਕਣ ਜਾਂ ਤੇ ਪਾਬੰਦੀ ਲਾ ਸਕਣਗੇ ;

(ਅ) ਅਜਿਹੇ ਖੇਤਰ ਵਿਚਲੇ, ਅਨੁਸੂਚਿਤ ਕਬਿਲੀਆਂ ਦੇ ਬੰਦਿਆਂ ਨੂੰ ਭੋਂ ਦੀ ਅਲਾਟਮੈਂਟ ਦਾ ਵਿਨਿਯਮਨ ਕਰ ਸਕਣਗੇ;

(ੲ) ਅਜਿਹੇ ਵਿਅਕਤੀਆਂ ਦੁਆਰਾ, ਜੋ ਅਜਿਹੇ ਖੇਤਰ ਦੇ ਅਨੁਸੂਚਿਤ ਕਬਿਲੀਆਂ ਦੇ ਬੰਦਿਆਂ ਨੂੰ

ਧਨ ਉਧਾਰ ਦਿੰਦੇ ਹਨ, ਸਾਹੂਕਾਰ ਵਜੋਂ ਕਾਰੋਬਾਰ ਕਰਨ ਦਾ ਵਿਨਿਯਮਨ ਕਰ ਸਕਣਗੇ ।

(3) ਅਜਿਹੀ ਕੋਈ ਵਿਨਿਯਮ ਬਣਾਉਣ ਵਿੱਚ ਜਿਹੇ ਦਾ ਇਸ ਪੈਰੇ ਦੇ ਉਪਪੈਰਾ (2) ਵਿੱਚ ਹਵਾਲਾ ਦਿੱਤਾ ਗਿਆ ਹੈ, ਰਾਜਪਾਲ [7]**** ਸੰਸਦ ਦੇ ਜਾਂ ਉਸ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਜਾਂ ਕਿਸੇ ਮੈਜੁਦਾ ਕਾਨੂੰਨ ਨੂੰ ਜੋ ਪੁੱਛ-ਅਧੀਨ ਪੇਤਰ ਨੂੰ ਤਤਸਮੇਂ ਲਾਗੂ ਹੋਵੇ ਨਿਰਸਤ ਕਰ ਸਕੇਗਾ ਜਾਂ ਸੋਧ ਸਕੇਗਾ ।

(4) ਇਸ ਪੈਰੇ ਦੇ ਅਧੀਨ ਬਣਾਏ ਗਏ ਸਭ ਵਿਨਿਯਮ ਤਤਕਾਲ ਰਾਸ਼ਟਰਪਤੀ ਨੂੰ ਪੇਸ਼ ਕੀਤੇ ਜਾਣਗੇ ਅਤੇ ਜਦ ਤਕ ਉਹ ਉਨ੍ਹਾਂ ਨੂੰ ਅਨੁਮਤੀ ਨ ਦੇ ਦੇਵੇ, ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।

(5) ਉਸ ਪੈਰੇ ਦੇ ਅਧੀਨ ਕੋਈ ਵਿਨਿਯਮ ਨਹੀਂ ਬਣਾਇਆ ਜਾਵੇਗਾ ਜੇਕਰ ਉਹ ਵਿਨਿਯਮ ਬਣਾਉਣ ਵਾਲੇ ਰਾਜਪਾਲ [8]**** ਨੇ, ਉਸ ਰਾਜ ਲਈ ਕਬੀਲਾ-ਸਲਾਹਕਾਰ ਪਰਿਸ਼ਦ ਹੋਣ ਦੀ ਸੂਰਤ ਵਿੱਚ, ਅਜਿਹੀ ਪਰਿਸ਼ਦ ਨਾਲ ਮਸ਼ਵਰਾ ਨ ਕਰ ਲਿਆ ਹੋਵੇ ।

## ਭਾਗ ਇ

## ਅਨੁਸੂਚਿਤ ਖੇਤਰ

**6. ਅਨੁਸੂਚਿਤ ਖੇਤਰ.**—(1) ਇਸ ਸੰਵਿਧਾਨ ਵਿੱਚ, ਪਦ "ਅਨੁਸੂਚਿਤ ਖੇਤਰ" ਦਾ ਮਤਲਬ ਹੈ ਅਜਿਹੇ ਖੇਤਰ ਜਿਨ੍ਹਾਂ ਦਾ ਰਾਸ਼ਟਰਪਤੀ [9]ਹੁਕਮ ਦੁਆਰਾ ਅਨੁਸੂਚਿਤ ਖੇਤਰ ਹੋਣਾ ਐਲਾਨ ਕਰੇ ।

(2) ਰਾਸ਼ਟਰਪਤੀ ਕਿਸੇ ਸਮੇਂ ਹੁਕਮ ਦੁਆਰਾ [10]--

(ੳ) ਨਿਦੇਸ਼ ਦੇ ਸਕੇਗਾ ਕਿ ਕੋਈ ਸਾਰਾ ਅਨੁਸੂਚਿਤ ਖੇਤਰ ਜਾਂ ਉਸ ਦਾ ਕੋਈ ਉਲਿਖਿਤ ਭਾਗ ਅਨੁਸੂਚਿਤ ਖੇਤਰ ਜਾਂ ਅਜਿਹੇ ਖੇਤਰ ਦਾ ਭਾਗ ਨਹੀਂ ਰਹੇਗਾ ;

[11] [ੳੳ] ਕਿਸੇ ਰਾਜ ਦੇ ਕਿਸੇ ਅਨੁਸੂਚਿਤ ਖੇਤਰ ਨੂੰ ਉਸ ਰਾਜ ਦੇ ਰਾਜਪਾਲ ਨਾਲ ਮਸ਼ਵਰਾਂ ਕਰਨ ਦੇ ਪਿੱਛੋਂ ਵਧਾ ਸਕੇਗਾ]

(ਅ) ਕਿਸੇ ਅਨੁਸੂਚਿਤ ਖੇਤਰ ਨੂੰ ਪਰ ਦੇਵਲ ਹੱਦਾਂ ਦੀ ਦਰੁਸਤੀ ਦੁਆਰਾ ਹੀ, ਬਦਲ ਸਕੇਗਾ ;

(ੲ) ਕਿਸੇ ਰਾਜ ਦੀਆਂ ਹਦਾਂ ਦੇ ਕਿਸੇ ਬਦਲਣ ਤੇ ਜਾਂ ਸੰਘ ਵਿੱਚ ਕਿਸੇ ਨਵੇਂ ਰਾਜ ਦੇ ਦਾਖ਼ਲੇ ਤੇ ਜਾਂ ਕਿਸੇ ਨਵੇਂ ਰਾਜ ਦੀ ਸਥਾਪਨਾ ਤੇ, ਅਜਿਹੇ ਕਿਸੇ ਰਾਜਖੇਤਰ ਦਾ ਜੋ ਪਹਿਲਾਂ

[8] ਸ਼ਬਦ "ਜਾਂ ਰਾਜਪ੍ਰਮੁੱਖ" ਸੰਵਿਧਾਨ (ਸਤਵੀਂ ਸੋਧ) ਐਕਟ, 1956,ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[9] ਅਨੁਸੂਚਿਤ ਖੇਤਰ (ਭਾਗ ੳ ਰਾਜ) ਹੁਕਮ, 1950 ਨੰ. (ਸੀ ੳ 9), ਅਨੁਸੂਚਿਤ ਖੇਤਰ ( ਭਾਗ ਅ ਰਾਜ) ਹੁਕਮ 1950 ਨੰ. (ਸੀ ੳ 26), ਅਨੁਸੂਚਿਤ ਖੇਤਰ (ਹਿਮਾਚਲ ਪ੍ਰਦੇਸ਼) ਹੁਕਮ, 1975 ਨ. (ਸੀ.ਓ. 102) ਅਤੇ ਅਨੁਸੂਚਿਤ ਖੇਤਰ (ਬਿਹਾਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਉੜੀਸਾ ਰਾਜ) ਹੁਕਮ 1977 ਨੰ. (ਸੀ ੳ 109) ਵੇਖੋ ।

[10] ਮਦਰਾਸ ਅਨੁਸੂਚਿਤ ਖੇਤਰ ( ਸਮਾਪਤੀ ) ਹੁਕਮ 1950 (ਸੀ ੳ 30) ਅਤੇ ਆਂਧਰ ਅਨੁਸੂਚਿਤ ਖੇਤਰ (ਸਮਾਪਤੀ) ਹੁਕਮ 1955 ਨੰ. (ਸੀ ੳ 50) ਵੇਖੋ ।

[11] ਸੰਵਿਧਾਨ ਦੀ ਪੰਜਵੀਂ ਸੋਧ ਐਕਟ, 1976 (1976 ਦਾ 101) ਦੀ ਧਾਰਾ 2 ਦੁਆਰਾ ਅੰਤਰਸਥਾਪਤ ।



Ministry of Law & Justice

ਤੋਂ ਕਿਸੇ ਰਾਜ ਵਿੱਚ ਸ਼ਾਮਲ ਨ ਹੋਵੇ, ਅਨੁਸੂਚਿਤ ਖੇਤਰ ਜਾਂ ਉਸ ਦਾ ਭਾਗ ਹੋਣਾ ਐਲਾਨ ਸਕੇਗਾ ;

[12][(ਸ) ਕਿਸੇ ਰਾਜ ਜਾਂ ਰਾਜਾਂ ਦੇ ਸੰਬੰਧਵ ਵਿਚ ਇਸ ਪੈਰੇ ਦੇ ਅਧੀਨ ਕਿਤੀ ਗਏ ਹੁਕਮ ਜਾਂ ਹੁਕਮਾਂ ਨੂੰ ਰੱਦ ਕਰ ਸਕੇਗਾ ਅਤੇ ਸੰਬੰਧਤ ਰਾਜ ਦੇ ਰਾਜਪਾਲ ਨਾਲ ਮਸ਼ਵਰਾਂ ਕਰਕੇ ਉਨ੍ਹਾਂ ਖੇਤਰਾਂ ਨੂੰ, ਜੋ ਅਨੁਸੂਚਿਤ ਖੇਤਰ ਹੋਣਗੇ, ਮੁੜ ਪਰਿਭਾਸ਼ਤ ਕਰਨ ਦੇ ਲਈ ਹੁਕਮ ਕਰ ਸਕੇਗਾ ।]

ਅਤੇ ਅਜਿਹੇ ਕਿਸੇ ਹੁਕਮ ਵਿਚ ਅਜਿਹੇ ਅਨੁਸੰਗਕ ਅਤੇ ਪਰਿਣਾਮਕ ਉਪਬੰਧ ਹੋ ਸਕਣਗੇ ਜਿਵੇਂ ਰਾਸ਼ਟਰਪਤੀ ਨੂੰ ਜ਼ਰੂਰੀ ਅਤੇ ਉੱਚਿਤ ਪ੍ਰਤੀਤ ਹੋਣ, ਪਰ ਉਪਰੋਕਤ ਤਰ੍ਹਾ ਨੂੰ ਛੱਡ ਕੇ ਇਸ ਪੈਰੇ ਦੇ ਉਪ ਪੈਰਾ (1) ਦੇ ਅਧੀਨ ਦਿੱਤੇ ਗਏ ਹੁਕਮ, ਵਿਚ ਕਿਸੇ ਉਤਰਵਰਤੀ ਹੁਕਮ ਦੁਆਰਾ ਅਦਲ ਬਦਲ ਨਹੀਂ ਕੀਤੀ ਜਾਵੇਗੀ ।

## ਭਾਗ ਸ

## ਅਨੁਸੂਚੀ ਦੀ ਸੋਧ

7. **ਅਨੁਸੂਚੀ ਦੀ ਸੋਧ**- (1) ਸੰਸਦ ਸਮੇਂ ਸਮੇਂ ਤੇ ਕਾਨੂਨ ਦੁਆਰਾ ਵਾਧੇ, ਅਦਲ ਬਦਲ ਜਾਂ ਨਿਰਸਨ ਦੁਆਰਾ ਇਸ ਅਨੁਸੂਚੀ ਦੇ ਉਪਬੰਧਾਂ ਵਿਚੋਂ ਕਿਸੇ ਦੀ ਸੋਧ ਕਰ ਸਕੇਗੀ ਅਤੇ ਜਦ ਅਨੁਸੂਚੀ ਇਸ ਤਰ੍ਹਾਂ ਸੋਧੀ ਜਾਵੇ, ਇਸ ਸੰਵਿਧਾਨ ਵਿੱਚ ਇਸ ਅਨੁਸੂਚੀ ਦੇ ਪ੍ਰਤਿ ਕਿਸੇ ਹਵਾਲੇ ਦਾ ਇਹ ਅਰਥ ਕੀਤਾ ਜਾਵੇਗਾ ਜਿਵੇਂ ਉਹ ਇਸ ਤਰ੍ਹਾਂ ਸੋਧੀ ਅਜਿਹੀ ਅਨੁਸੂਚੀ ਦੇ ਪ੍ਰਤਿ ਹਵਾਲਾ ਹੋਵੇ ।

(2) ਕੋਈ ਅਜਿਹਾ ਕਾਨੂੰਨ, ਜਿਹੇ ਦਾ ਇਸ ਪੈਰੇ ਦੇ ਉਪ-ਪੈਰਾ (1) ਵਿੱਚ ਜ਼ਿਕਰ ਕੀਤਾ ਗਿਆ ਹੈ ਅਨੁਛੇਦ 368 ਦੇ ਪ੍ਰਯੋਜਨਾ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝਿਆ ਜਾਵੇਗਾ ।

[12] ਸੰਵਿਧਾਨ ਦੀ ਪੰਜਵੀ ਅਨੁਸੂਚੀ (ਸੋਧ) ਐਕਟ, 1976 (1976 ਦਾ 101) ਦੀ ਧਾਰਾ 2 ਦੁਆਰਾ ਅੰਤਰਸਥਾਪਤ ।



Ministry of Law & Justice

# ਛੇਵੀਂ ਅਨੁਸੂਚੀ

[ਅਨੁਛੇਦ 244(2) ਅਤੇ 275(1)]

**[1][ਆਸਾਮ, ਮੇਘਾਲਯ, ਤ੍ਰਿਪੁਰਾ ਅਤੇ ਮੀਜ਼ੋਰਮ ਰਾਜਾਂ ਦੇ ਸੰਘਰਾਜ ਖੇਤਰ ਵਿਚ] ਦੇ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਬਾਬਤ ਉਪਬੰਧ ।**

[2]1. **ਖ਼ੁਦਮੁਖ਼ਤਾਰ ਜਿਲ੍ਹੇ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼**–(1) ਇਸ ਪੈਰੇ ਦੇ ਉਪਬੰਧਾਂ ਦੇ ਤਾਬੇ, ਇਸ ਅਨੁਸੂਚੀ ਦੇ ਪੈਰਾ 20 ਨਾਲ ਲੱਗੀ ਸਾਰਣੀ [3][[4](ਦੇ ਭਾਗ I , ਅਤੇ ਭਾਗ II ਅਤੇ ਭਾਗ II ਉ] ਦੀ ਰਹੇਕ ਮੱਦ ਦੇ ਅਤੇ ਭਾਗ III ] ਦੇ ਕਬਾਇਲੀ ਖੇਤਰਾਂ ਦਾ ਇਕ ਖ਼ੁਦਮੁਖ਼ਤਾਰ ਜਿਲ੍ਹਾ ਹੋਵੇਗਾ ।

(2) ਜੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਵਿਚ ਵੱਖ ਵੱਖ ਅਨੁਸੂਚਿਤ ਕਬੀਲੇ ਹੋਣ ਤਾਂ ਰਾਜਪਾਲ ਲੋਕ-ਅਧਿਸੂਚਨਾ ਦੁਆਰਾ ਉਨ੍ਹਾਂ ਦੇ ਵਸਾਏ ਖੇਤਰ ਜਾਂ ਖੇਤਰਾਂ ਨੂੰ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਵਿਚ ਵੰਡ ਸਕੇਗਾ ।

(3) ਰਾਜਪਾਲ, ਲੋਕ ਅਧਿਸੂਚਨਾ ਦੁਆਰਾ,--

(ੳ) ਉਕਤ ਸਾਰਣੀ ਦੇ [3][ਕਿਸੇ ਭਾਗ] ਵਿਚ ਕਿਸੇ ਖੇਤਰ ਨੂੰ ਸ਼ਾਮਲ ਕਰ ਸਕੇਗਾ ,

(ਅ) ਉਕਤ ਸਾਰਣੀ ਦੇ [3][ਕਿਸੇ ਭਾਗ] ਵਿਚੋਂ ਕਿਸੇ ਖੇਤਰ ਨੂੰ ਖ਼ਾਰਜ ਕਰ ਸਕੇਗਾ ,

(ੲ) ਕੋਈ ਨਵਾਂ ਖ਼ੁਦਮੁਖ਼ਤਾਰ ਜਿਲ੍ਹਾ ਸਿਰਜ ਸਕੇਗਾ,

(ਸ) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦਾ ਖੇਤਰ ਵਧਾ ਸਕੇਗਾ,

(ਹ) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦਾ ਖੇਤਰ ਘਟਾ ਸਕੇਗਾ,

(ਕ) ਦੋ ਜਾਂ ਵਧੇਰੇ ਖ਼ੁਦਮੁਖ਼ਤਾਰ ਜਿਲ੍ਹਿਆਂ ਜਾਂ ਉਨ੍ਹਾਂ ਦੇ ਭਾਗਾਂ ਨੂੰ ਮਿਲਾ ਦੇ ਇਕ ਖ਼ੁਦਮੁਖ਼ਤਾਰ ਜਿਲ੍ਹਾ ਬਣਾ ਸਕੇਗਾ ,

---

[1] ਮਿਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 30 ਦੁਆਰਾ (20.2.1987 ਤੋਂ) ਕੁਝ ਸ਼ਬਦਾਂ ਦੀ ਥਾਂ ਤੇ ਪ੍ਰਤਿਸਥਾਪਤ ।

[2] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਅਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾਂ 1 ਵਿਚ ਉਪ-ਪੈਰ੍ਹਾ (2) ਦੇ ਪਿਛੋਂ ਹੇਠ-ਲਿਖਿਆ ਪਰੰਤਕ ਅੰਤਰ-ਸਥਾਪਤ ਕਰ ਕੇ ਸੋਧ ਕੀਤੀ ਗਈ, ਅਰਥਾਤ : "ਪਰੰਤੂ ਇਸ ਉਪ ਪੈਰ੍ਹਾ ਦੀ ਕੋਈ ਗੱਲ ਬੋਡੋਲੈਂਡ, ਪ੍ਰਦੇਸ਼ਤ ਖੇਤਰ ਜਿਲ੍ਹੇ ਨੂੰ ਲਾਗੂ ਨਹੀਂ ਹੋਣਗੇ" ।

[3] ਉਤਰ ਪੂਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (24.1.1972 ਤੋਂ) ਭਾਗ ੳ ਦੀ ਥਾਵੇਂ ਅੰਤਰਸਥਾਪਤ ।

[4] ਸੰਵਿਧਾਨ (ਉਨਜੰਵੀਂ ਸੋਧ) ਐਕਟ, 1984 ਦੀ ਧਾਰਾ 4 ਦੁਆਰਾ (1.4.1985 ਤੋਂ) "ਭਾਗ 1 ਅਤੇ ਭਾਗ 2" ਦੀ ਥਾਵੇਂ ਅੰਤਰਸਥਾਪਤ ।



Ministry of Law & Justice

[5] [(ਕਕ) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦਾ ਨਾਂ ਬਦਲ ਸਕੇਗਾ,]

(ਖ) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀਆਂ ਹੱਦਾਂ ਪਰਿਨਿਸਚਿਤ ਕਰ ਸਕੇਗਾ :

ਪਰੰਤੂ ਰਾਜਪਾਲ ਇਸ ਉਪਪੈਰੇ ਦੇ ਖੰਡ (ਇ),(ਸ), (ਹ) ਅਤੇ (ਕ) ਦੇ ਅਧੀਨ ਕੋਈ ਹੁਕਮ ਇਸ ਅਨੁਸੂਚੀ ਦੇ ਪੈਰਾ 14 ਦੇ ਉਪਪੈਰਾ (1) ਦੇ ਅਧੀਨ ਨਿਯੁਕਤ ਕਮਿਸ਼ਨ ਦੀ ਰਿਪੋਟ ਤੇ ਵਿਚਾਰ ਕਰਨ ਪਿਛੋਂ ਦੇ ਸਿਵਾਏ ਨਹੀਂ ਦੇਵੇਗਾ ।

[6] [ਪਰੰਤੂ ਇਹ ਹੋਕ ਕਿ ਇਸ ਉਪਬੰਧ ਦੇ ਅਧੀਨ ਰਾਜਪਾਲ ਦੁਆਰਾ ਦਿੱਤੇ ਕਿਸੇ ਹੁਕਮ ਵਿਚ ਅਜਿਹਾ ਅਨੁਸੰਗਕ ਅਤੇ ਪਰਿਣਾਮਕ ਉਪਬੰਧ (ਪੈਰਾ 20 ਅਤੇ ਉਕਤ ਸਾਰਣੀ ਦੇ ਭਾਗਾਂ ਵਿਚ ਕਿਸੇ ਮਦ ਦੀ ਕੋਈ ਸੋਧ ਸ਼ਾਮਲ ਕਰਕੇ) ਦਰਜ ਹੋ ਸਕਣਗੇ ਜਿਹੇ ਰਾਜਪਾਲ ਨੂੰ ਹੁਕਮ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਜ਼ਰੂਰੀ ਪ੍ਰਤੀਤ ਹੋਣ ।]

[7]2. **ਜਿਲ੍ਹਾ ਪਰਿਸ਼ਦ ਅਤੇ ਪ੍ਰਦੇਸ਼ਕ ਪਰਿਸ਼ਦਾਂ ਦਾ ਗਠਨ.**–[8][(1)] ਹਰੇਕ ਖੁਦ ਮੁਖਤਾਰ ਜਿਲ੍ਹੇ ਲਈ ਵੱਧ ਤੋਂ ਵੱਧ 30 ਮੈਂਬਰਾਂ ਤੋਂ ਮਿਲਕੇ ਬਣੀ ਇਕ ਜਿਲ੍ਹਾਂ ਪਰਿਸ਼ਦ ਹੋਵੇਗੀ, ਜਿਨ੍ਹਾਂ ਵਿਚੋਂ ਵੱਧ ਤੋਂ ਵੱਧ 4 ਵਿਅਕਤੀ ਰਾਜਪਾਲ ਦੁਆਰਾ ਨਾਮਜਦ ਕੀਤੇ ਜਾਣਗੇ ਅਤੇ ਬਾਕੀ ਬਾਲਗ ਵੋਟ ਅਧਿਕਾਰ ਦੇ ਆਧਾਰ ਤੇ ਚੁਣੇ ਜਾਣਗੇ ।]

---

[5] ਅਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55) ਦੀ ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ (2.4.1970 ਤੋਂ) ਅੰਤਰਸਥਾਪਤ ।

[6]ਉਤਰ ਪੂਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (24.1.1972 ਤੋਂ) ਭਾਗ ਉ ਦੀ ਥਾਵੇਂ ਅੰਤਰਸਥਾਪਤ ।

[7] ਸੰਵਿਧਾਨ ਦੀ (ਛੇਵੀਂ ਅਨੁਸੂਚੀ) (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਆਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾ 2 ਵਿਚ ਉਪ-ਪੈਰਾ (1) ਦੇ ਪਿਛੋਂ ਹੇਠ ਲਿਖਿਆ ਪਰੰਤੁਕ ਅੰਤਰ ਸਥਾਪਤ ਕੀਤਾ ਗਿਆ, ਅਰਥਾਤ:-

"ਪਰੰਤੂ ਇਹ ਕਿ ਬੋਡੋਲੈਂਡ ਪ੍ਰਦੇਸ਼ਕ ਪਰਿਸ਼ਦ ਛਿਆਲੀ ਤੋਂ ਵੱਧ ਮੈਂਬਰਾਂ ਤੋਂ ਮਿਲ ਕੇ ਬਣੇਗੀ ਜਿਨ੍ਹਾਂ ਵਿਚੋਂ ਚਾਲੀ ਮੈਂਬਰਾਂ ਨੂੰ ਬਾਲਗ ਵੋਟ ਅਧਿਕਾਰ ਦੇ ਅਧਾਰ ਤੇ ਚੋਣ ਕੀਤੀ ਜਾਵੇਗੀ, ਜਿਨ੍ਹਾਂ ਵਿਚੋਂ ਤੀਹ ਅਨੁਸੂਚਿਤ ਕਬੀਲਿਆਂ ਦੇ ਲਈ, ਪੰਜ ਗੈਰ ਕਬੀਲੇ ਫਿਰਕਿਆਂ ਦੇ ਲਈ, ਪੰਜ ਸਾਰੇ ਮੈਂਬਰਾਂ ਦੇ ਲਈ ਰਾਂਖਵੇਂ ਹੋਣਗੇ ਅਤੇ ਬਾਕੀ ਛੇ ਰਾਜਪਾਲ ਦੁਆਰਾ ਨਾਮਜਦ ਕੀਤੇ ਜਾਣਗੇ ਜਿਨ੍ਹਾਂ ਦੇ ਅਧਿਕਾਰ ਅਤੇ ਵਿਸ਼ੇਸ਼ ਅਧਿਕਾਰ ਜਿਸ ਦੇ ਵਿਚ ਸ਼ਾਮਲ ਮੱਤ ਦੇਣ ਦਾ ਅਧਿਕਾਰ ਵੀ ਹੈ, ਉਹੀ ਹੋਣਗੇ ਜੋ ਹੋਰ ਮੈਂਬਰ ਦੇ ਹਨ, ਬੋਡੋਲੈਂਡ ਪ੍ਰਦੇਸ਼ਕ ਖੇਤਰ ਜਿਲ੍ਹੇ ਦੇ ਉਨ੍ਹਾਂ ਫਿਰਕਿਆਂ ਵਿਚੋਂ, ਜਿਨ੍ਹਾਂ ਦੀ ਪ੍ਰਤੀਨਿਧਤਾ ਨਹੀਂ ਹੈ, ਘੱਟ ਤੋਂ ਘੱਟ ਦੋ ਮਹਿਲਾਵਾਂ ਹੋਣਗੀਆਂ ।"

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1995 (1995 ਦਾ 42) ਦੀ ਧਾਰਾ 2 ਦੁਆਰਾ ਅਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾ 2 ਵਿਚ ਉਪ ਪੈਰਾ (3) ਦੇ ਪਿੱਛੋਂ ਹੇਠ ਲਿਖੇ ਪਰੰਤੁਕ ਅੰਤਰ ਸਥਾਪਤ ਕੀਤਾ ਗਿਆ ਅਰਥਾਤ:-

ਪਰੰਤੂ ਉਤਰੀ ਕਛਾਰ ਪਹਾੜੀ ਜਿਲ੍ਹੇ ਵਿਚ ਗਠਤ ਜਿਲ੍ਹਾ ਪਰਿਸ਼ਦ, ਉਤਰੀ ਕਛਾਰ ਪਹਾੜੀ ਖੁਦ ਮੁਖਤਿਆਰ ਪਰਿਸ਼ਦ ਕਹਿਲਾਵੇਗੀ ਅਤੇ ਕਾਰਬੀ ਅਲਾਂਗ ਜਿਲੇ ਦੇ ਲਈ ਗਠਤ ਜਿਲਾ ਪਰਿਸ਼ਦ, ਕਾਰਬੀ ਅਲਾਂਗ ਖ਼ੁਦ ਮੁਖ਼ਤਿਆਰ ਪਰਿਸ਼ਦ ਕਹਿਲਾਵੇਗੀ ।"

Ministry of Law & Justice

(2) ਇਸ ਅਨੁਸੂਚੀ ਦੇ ਪੈਰਾ 1 ਦੇ ਉਪ-ਪੈਰਾ (2) ਦੇ ਅਧੀਨ ਖ਼ੁਦਮੁਖ਼ਤਾਰ ਪ੍ਰਦੇਸ਼ ਵਜੋਂ ਗਠਤ ਹਰਿਕ ਖੇਤਰ ਲਈ ਇਕ ਵਖਰੀ ਪ੍ਰਦੇਸ਼ਕ ਪਰਿਸ਼ਦ ਹੋਵੇਗੀ।

(3) ਹਰੇਕ ਜਿਲ੍ਹਾ ਪਰਿਸ਼ਦ ਅਤੇ ਹਰੇਕ ਪ੍ਰਦੇਸ਼ਕ ਪਰਿਸ਼ਦ ਕ੍ਰਮਵਾਰ "(ਜਿਲ੍ਹੇ ਦਾ ਨਾਂ) ਦੀ ਜਿਲ੍ਹਾ ਪਰਿਸ਼ਦ" ਅਤੇ "(ਪ੍ਰਦੇਸ਼ ਦਾ ਨਾਂ) ਦੀ ਪ੍ਰਦੇਸ਼ਕ ਪਰਿਸ਼ਦ" ਦੇ ਨਾਂ ਨਾਲ ਨਿਗਮ-ਬੋਡੀ ਹੋਵੇਗੀ, ਉਸ ਦਾ ਸਦੀਵੀ ਉੱਤਰ-ਅਧਿਕਾਰ ਹੋਵੇਗਾ ਅਤੇ ਉਸ ਦੀ ਇਕ, ਸਾਂਝੀ ਮੁਹਰ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰੇਗੀ ਜਾਂ ਉਸ ਤੇ ਦਾਵਾ ਕੀਤਾ ਜਾਵੇਗਾ।

(4) ਇਸ ਅਨੁਸੂਚੀ ਦੇ ਉਪਬੰਧਾਂ ਦੇ ਤਾਬੇ, ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦਾ ਪ੍ਰਸ਼ਾਸਨ, ਉਥੋਂ ਤਕ ਅਜਿਹੇ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਵਿਚ ਨਿਹਿਤ ਹੋਵੇਗਾ ਜਿਥੋ ਤਕ ਉਹ ਅਜਿਹੇ ਜਿਲ੍ਹੇ ਅੰਦਰਲੀ ਕਿਸੇ ਪ੍ਰਦੇਸ਼ਕ ਪਰਿਸ਼ਦ ਵਿਚ ਇਸ ਅਨੁਸੂਚੀ ਦੇ ਅਧੀਨ ਨਿਹਿਤ ਨ ਹੋਵੇ, ਅਤੇ ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦਾ ਪ੍ਰਸ਼ਾਸਨ ਅਜਿਹੇ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਵਿਚ ਨਿਹਿਤ ਹੋਵੇਗਾ।

(5) ਪ੍ਰਦੇਸ਼ਕ ਪਰਿਸ਼ਦਾਂ ਵਾਲੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਵਿਚ, ਪ੍ਰਦੇਸ਼ਕ ਪਰਿਸ਼ਦ ਦੀ ਸੱਤਾ ਦੇ ਅਧੀਨ ਖੇਤਰਾਂ ਬਾਰੇ ਜਿਲ੍ਹਾ ਪਰਿਸ਼ਦ ਦੀਆਂ ਇਸ ਅਨੁਸੂਚੀ ਦੁਆਰਾ ਅਜਿਹੇ ਖੇਤਰਾਂ ਬਾਰੇ ਉਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੇ ਇਲਾਵਾ ਦੇਵਲ ਅਜਿਹੀਆਂ ਸ਼ਕਤੀਆਂ ਹੋਣਗੀਆਂ ਜੋ ਪਦੇਸ਼ਕ ਪਰਿਸ਼ਦ ਉਸ ਨੂੰ ਸੌਂਪੇ।

(6) ਰਾਜਪਾਲ, ਸੰਬੰਧਤ ਖ਼ੁਦਮੁਖ਼ਤਾਰ ਜਿਲ੍ਹਿਆਂ ਜਾਂ ਪ੍ਰਦੇਸ਼ਾਂ ਅੰਦਰ ਮੌਜੂਦ ਕਬਾਇਲੀ ਪਰਿਸ਼ਦਾਂ ਜਾਂ ਹੋਰ ਪ੍ਰਤੀਨਿਧ ਕਬਾਇਲੀ ਸੰਗਠਨਾਂ ਦੇ ਮਸ਼ਵਰੇ ਨਾਲ ਜਿਲ੍ਹਾ ਪਰਿਸ਼ਦਾਂ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੇ ਪਹਿਲੇ ਗਠਨ ਲਈ ਨਿਯਮ ਬਣਾਵੇਗਾ, ਅਤੇ ਅਜਿਹੇ ਨਿਯਮਾਂ ਵਿਚ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਹੋਣਗੇ --

(ੳ) ਜਿਲ੍ਹਾ ਪਰਿਸ਼ਦਾਂ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੀ ਰਚਨਾਂ ਅਤੇ ਉਨ੍ਹਾਂ ਵਿਚ ਥਾਵਾਂ ਦਾ ਟਿੱਕਣ;

(ਅ) ਉਨ੍ਹਾਂ ਪਰਿਸ਼ਦਾਂ ਲਈ ਚੋਣਾਂ ਦੇ ਪ੍ਰਯੋਜਨ ਲਈ ਪ੍ਰਦੇਸ਼ਕ ਚੋਣ-ਹਲਕਿਆਂ ਦੀ ਹੱਦਬੰਦੀ;

(ੲ) ਅਜਿਹੀਆਂ ਚੋਣਾਂ ਵਿਚ ਵੋਟ ਦੇਣ ਲਈ ਕਾਬਲਈਅਤਾਂ ਅਤੇ ਉਨ੍ਹਾਂ ਲਈ ਚੋਣਕਾਰ ਸੂਚੀਆਂ ਦੀ ਤਿਆਰੀ ;

(ਸ) ਅਜਿਹੀਆਂ ਚੋਣਾਂ ਵਿਚ ਅਜਿਰੀਆਂ ਪਰਿਸ਼ਦਾਂ ਦੇ ਮੈਂਬਰ ਚੁਣੇ ਜਾਣ ਲਈ ਕਾਬਲਈਅਤਾਂ ;

---

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਅਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾ 2 ਦੇ ਉਪ ਪੈਰ੍ਹਾ (3) ਵਿਚ ਪਰੰਤੁਕ ਦੇ ਪਿਛੋਂ ਹੇਠ ਲਿਖੇ ਪਰੰਤੁਕ ਅੰਤਰਸਥਾਪਤ ਕੀਤਾ ਗਿਆ, ਅਰਥਾਤ:-

ਪਰੰਤੂ ਇਹ ਹੋਰ ਕਿ ਬੋਡੋਲੈਂਡ ਪ੍ਰਦੇਸ਼ਿਕ ਖੇਤਰ ਜਿਲ੍ਹੇ ਦੇ ਲਈ ਗਠਿਤ ਜਿਲ੍ਹਾ ਪਰਿਸ਼ਦ ਬੋਡੋਲੈਂਡ ਪ੍ਰਾਦੇਸ਼ਿਕ ਕਹਲਾਵੇਗੀ।

[8] ਆਸਾਮ ਪੂਨਰਗਠਨ (ਮੇਘਾਲਯ) ਐਕਟ, 1969 (1969 ਦਾ 55) ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ (2.4.1971 ਤੋਂ) ਉਪਪੈਰਾ (1) ਦੀ ਥਾਵੇਂ ਪ੍ਰਤਿਸਥਾਪਤ।

(ਹ) [9][ਪ੍ਰਦੇਸ਼ਕ ਪਰਿਸ਼ਦਾਂ] ਦੇ ਮੈਂਬਰਾਂ ਦੇ ਅਹੁਦੇ ਦੀ ਅਉਧ ;

(ਕ) ਅਜਿਹੀਆਂ ਪਰਿਸ਼ਦਾਂ ਲਈ

ਚੋਣਾਂ ਜਾਂ ਨਾਮਜ਼ਦਗੀਆਂ ਸੰਬੰਧੀ ਜਾਂ ਦੇ ਮੁਤੱਲਕ ਕੋਈ ਹੋਰ ਮਾਮਲਾ ;

(ਖ) ਜਿਲ੍ਹਾ ਅਤੇ ਪ੍ਰਦੇਸ਼ਕ ਪਰਿਸ਼ਦਾਂ ਵਿਚ ਜਾਬਤਾ ਅਤੇ ਕਾਰਜ-ਸੰਚਾਲਣ [10][ਕਿਸੇ ਖਾਲਈ ਥਾਂ ਦੇ ਹੁੰਦਿਆਂ ਹੋਇਆਂ ਵੀ ਕਾਰਜ ਕਰਨ ਦੀ ਸ਼ਕਤੀ ਸ਼ਾਮਲ ਕਰਦੇ] ;

(ਗ) ਜਿਲ੍ਹਾ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੇ ਅਫਸਰਾਂ ਅਤੇ ਅਮਲੇ ਦੀ ਨਿਯੁਕਤੀ।

[10] [6ੳ) ਜਿਲ੍ਹਾ ਪਰਿਸ਼ਦ ਦੇ ਚੁਣੇ ਮੈਂਬਰ ਪਰਿਸ਼ਦ ਦੀਆ ਆਮ ਚੋਣਾਂ ਤੋਂ ਪਿਛੋਂ ਪਰਿਸ਼ਦ ਦੀ ਪਹਿਲੀ ਇਕੱਤਰਤਾ ਦੇ ਲਈ ਨਿਯਤ ਤਰੀਤ ਤੋਂ ਪੰਜ ਸਾਲ ਦੀ ਅਉਦ ਲਈ ਅਹੁਦਾ ਧਾਰਨ ਕਰਨਗੇ, ਜੇਕਰ ਜਿਲ੍ਹਾ ਪਰਿਸ਼ਦ ਪੈਰਾ 16 ਦੇ ਅਧੀਨ ਪਹਿਲਾਂ ਹੀ ਤੋੜ ਨ ਦਿੱਤੀ ਜਾਵੇ ਅਤੇ ਨਾਮਜਦ ਮੈਂਬਰ ਰਾਜਪਾਲ ਦੀ ਪਰਸੰਨਤਾ ਪਰਯੰਤ ਅਹੁਦਾ ਧਾਰਨ ਕਰੇਗਾ :

ਪਰੰਤੁ ਜਦ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ ਜਾਂ ਅਜਿਹੇ ਹਾਲਾਤ ਮੈਜੂਦ ਹੋਣ ਜਿਨ੍ਹਾਂ ਦੇ ਕਾਰਨ ਚੋਣਾਂ ਕਰਾਉਣਾ ਰਾਜਪਾਲ ਦੀ ਰਾਏ ਵਿਚ ਅਮਲਯੋਗ ਨ ਹੋਵੇ, ਤਾਂ ਪੰਜ ਸਾਲ ਦੀ ਉਕਤ ਮੁੱਦਤ ਰਾਜਪਾਲ ਦੁਆਰਾ, ਇਕ ਸਮੇਂ ਇਕ ਸਾਲ ਤੋਂ ਨ ਵੱਧ ਦੀ ਮੁੱਦਤ ਲਈ ਅਤੇ ਅਜਿਹੀ ਸੂਰਤ ਵਿਚ ਜਿੱਥੇ ਸੰਕਟ ਦੀ ਘੋਸ਼ਣਾ ਅਮਲ ਵਿਚ ਹੋਵੇ, ਘੋਸ਼ਣਾ ਦੇ ਅਮਲ ਦਾ ਅੰਤ ਹੋ ਜਾਣ ਪਿੱਛੋਂ ਛੇ ਮਹੀਨੇ ਦੀ ਮੁਦੱਤ ਤੋਂ ਵੱਧ ਨ ਹੋਣ ਵਾਲੀ ਮੁੱਦਤ ਲਈ, ਵਧਾਈ ਜਾਂ ਸਕੇਗੀ :

ਪਰੰਤੁ ਇਹ ਹੋਰ ਕਿ ਇਤਫਾਕੀਆ ਖ਼ਾਲਈ ਥਾਂ ਨੂੰ ਭਰਨ ਲਈ ਚੁਣਿਆ ਮੈਂਬਰ ਉਸ ਮੈਂਬਰ ਦੇ ਅਹੁਦੇ ਦੀ ਬਾਕੀ ਅਉਧ ਪਰਯੰਤ ਅਹੁਦਾ ਧਾਰਨ ਕਰੇਗਾ ਜਿਸ ਦੀ ਥਾਂ ਤੇ ਉਹ ਆਇਆ।]

(7) ਆਪਣੇ ਪਹਿਲੇ ਗਠਨ ਪਿੱਛੋਂ ਜਿਲ੍ਹਾ, ਜਾਂ ਪ੍ਰਦੇਸ਼ਕ ਪਰਿਸ਼ਦ ਇਸ ਪੈਰੇ ਦੇ ਉਪ-ਪਾਰਾ (6) ਵਿਚ ਉਲਿਖਤ ਮਾਮਲਿਆਂ ਬਾਬਤ [10][ਰਾਜਪਾਲ ਦੀ ਪਰਵਾਨਗੀ ਨਾਲ] ਨਿਯਮ ਬਣਾ ਸਕੇਗੀ, ਅਤੇ [11][ਕਿਸੇ ਤਰ੍ਹਾਂ ਦੀ ਪਰਵਾਨਗੀ ਨਾਲ]--

---

[9] ਆਸਾਮ ਪੂਨਰਗਠਨ (ਮੇਘਾਲਯ) ਐਕਟ, 1969 (1969 ਦਾ 55) ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ "ਅਜਿਹੀਆਂ" ਦੀ ਥਾਵੇਂ ਰਖਿਆ ਗਿਆ।

[10] ਉਪਰੋਕਤ ਦੀ ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਅੰਤਰਸਥਾਪਤ।

[11] ਆਸਾਮ ਪੂਨਰਗਠਨ (ਮੇਘਾਲਯ) ਐਕਟ, 1969 (1969 ਦਾ 55) ਦੀ ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ (2.4.1970 ਤੋਂ) ਅੰਤਰਸਥਾਪਤ ।

Ministry of Law & Justice

(ੳ) ਅਧੀਨ ਸਥਾਨਕ ਪਰਿਸ਼ਦਾਂ ਜਾਂ ਬੋਰਡਾਂ ਦੀ ਬਣਤਰ ਅਤੇ ਉਨ੍ਹਾਂ ਦੇ ਜਾਬਤੇ ਅਤੇ ਉਨ੍ਹਾਂ ਦੇ ਕਾਰਜ ਦੇ ਸੰਚਾਲਣ ਦਾ; ਅਤੇ

(ਅ) ਜਿਲ੍ਹੇ ਜਾਂ ਪ੍ਰਦੇਸ਼, ਜਿਹੀ ਕਿ ਸੂਰਤ ਹੋਵੇ, ਦੇ ਪ੍ਰਸ਼ਾਸਨ ਨਾਲ ਸੰਬੰਧਤ ਕਾਰਜ ਦੇ ਨੇਪਰੇ ਚਾੜ੍ਹਨ ਸਬੰਧੀ ਆਮ ਤੋਰ ਤੇ ਸਭ ਮਾਮਲਿਆਂ ਦਾ,

ਵਿਨਿਯਮਨ ਕਰਨ ਵਾਲੇ ਨਿਯਮ ਵੀ ਬਣਾ ਸਕੇਗੀ

ਪਰੰਤੂ ਜਦ ਤਕ ਜਿਲ੍ਹਾ ਜਾਂ ਪ੍ਰਦੇਸ਼ਕ ਪਰਿਸ਼ਦ ਦੁਆਰਾ ਇਸ ਉਪਪੈਰਾ ਦੇ ਅਧੀਨ ਨਿਯਮ ਨਹੀਂ ਬਣਾਏ ਜਾਂਦੇ ਰਹੇਕ ਅਜਿਹੀ ਪਰਿਸ਼ਦ ਲਈ ਚੋਣਾਂ, ਉਸ ਦੇ ਅਫਸਰਾਂ ਅਤੇ ਅਮਲੇ, ਅਤੇ ਜਾਬਤੇ ਅਤੇ ਕਾਰਜ ਦੇ ਸੰਚਾਲਣ ਬਾਰੇ ਰਾਜਪਾਲ ਦੁਆਰਾ ਇਸ ਪੈਰੇ ਦੇ ਉਪਪੈਰਾ (6)ਦੇ ਅਧੀਨ ਬਣਾਏ ਗਏ ਨਿਯਮ ਪ੍ਰਭਾਵੀ ਹੋਣਗੇ।

[12]* * * * *

---

[13]3. **ਜਿਲ੍ਹਾ ਪਰਿਸ਼ਦ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੀਆਂ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ** – (1) ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਨੂੰ ਅਜਿਹੇ ਪ੍ਰਦੇਸ਼ ਅੰਦਰ ਸਭ ਖੇਤਰਾਂ ਬਾਰੇ ਅਤੇ ਕਿਸੇ

---

[12] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ) ਦੁਸਰੇ ਪਰੰਤੁਕ ਦਾ ਲੋਪ ਕਰ ਦਿੱਤਾ ਗਿਆ।

[13] [ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਪੈਰ੍ਹਾ 2 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ ਜਿਸ ਨਾਲ ਉਪ ਪੈਰਾ (3) ਹੈਠ ਲਿਖੇ ਰੂਪ ਵਿਚ ਰਖਿਆ ਜਾ ਸਕੇ, ਅਰਥਾਤ:-

"(3) ਪੈਰ੍ਹਾ 3 ੳ ਦੇ ਉਪਪੈਰਾ (2) ਜਾਂ ਪੈਰ੍ਹਾਂ 3ਅ ਦੇ ਉਪ ਪੈਰ੍ਹਾਂ (2) ਵਿਚ ਜਿਵੇਂ ਹੋਰਵੇਂ ਉਪਬੰਧਤ ਹੈ, ਉਸਦੇ ਸਿਵਾਏ ਇਸ ਪੈਰਾਂ ਜਾਂ ਪੈਰ੍ਹਾਂ 3ੳ ਦੇ ਉਪਪੈਰ੍ਹਾਂ (1) ਦੇ ਅਧੀਨ ਬਣਾਏ ਗਏ ਸਾਰੇ ਕਾਨੂੰਨ ਰਾਜਪਾਲ ਦੇ ਅੱਗੇ ਤੁਰੰਤ ਪੇਸ਼ ਕੀਤੇ ਜਾਣਗੇ ਅਤੇ ਜਦ ਤੱਕ ਉਨ੍ਹਾਂ ਦੇ ਅਨੁਮਤੀ ਨਹੀਂ ਦੇ ਦਿੱਤੀ ਜਾਂਦੀ ਹੈ ਤਦ ਤਕ ਪ੍ਰਭਾਵੀ ਨਹੀਂ ਹੋਣਗੇ।"

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1995 (1995 ਦਾ 42) ਦੀ ਧਾਰਾ 2 ਦੁਆਰਾ ਅਸਾਮ ਰਾਜ ਨੂੰ ਲਾਗੂ ਹੋਣ ਦੇ ਲਈ ਪੈਰਾ 3 ਦੇ ਪਿੱਛੋਂ ਹੇਠ-ਲਿਖਿਆ ਅੰਤਰ ਸਤਾਪਤ ਕੀਤਾ ਗਿਆ ਅਰਥਾਤ :-

"3 ੳ. ਉਤਰੀ ਕਛਾਰ ਪਹਾੜੀ ਖ਼ੁਦ ਮੁਖਤਿਆਰ ਪਰਿਸ਼ਦ ਅਤੇ ਕਾਰਬੀ ਅਲਾਗ ਖ਼ੁਦਮੁਖਤਿਆਰ ਪਰਿਸ਼ਦ ਦੀ ਕਾਨੂੰਨ ਬਣਾਉਣ ਦੀ ਅਤਿਰਿਕਤ" ਸ਼ਕਤੀਆਂ :-

(1) ਪੈਰ੍ਹਾ 3 ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਉੱਤਰੀ ਕਛਾਰ ਪਹਾੜੀ ਖ਼ੁਦਮੁਖ਼ਤਿਆਰ ਪਰਿਸ਼ਦ ਅਤੇ ਕਾਰਬੀ ਅਲਾਂਗ ਖ਼ੁਦਮੁਖ਼ਤਿਆਰ ਪਰਿਸ਼ਦ ਨੂੰ, ਸੰਬੰਧਤ ਜਿਲ੍ਹਿਆਂ ਦੇ ਅੰਦਰ ਨਿਮਨ ਲਿਖਿਤ ਦੀ ਬਾਬਤ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ, ਅਰਥਾਤ :-

(ੳ) ਸੱਤਵੀਂ ਅਨੁਸੂਚੀ ਦੀ ਸੂਚੀ 1 ਦੀ ਇੰਦਰਾਜ 7 ਅਤੇ ਇੰਦਰਜਾ 52 ਦੇ ਉਪਬਧਾਂ ਦੇ ਤਾਬੇ, ਉਦਯੋਗ ;



Ministry of Law & Justice

(ਅ) ਸੰਚਾਰ, ਅਰਥਾਤ ਸੜਕਾਂ, ਪੁਲ, ਫੇਰੀ ਅਤੇ ਹੋਰ ਸੰਚਾਰ ਸਾਧਨ, ਜੋ ਸੱਤਵੀਂ ਅਨੁਸੂਚੀ ਦੀ ਸੂਚੀ 1 ਵਿਚ ਉਲਿੱਖਤ ਨਹੀਂ ਹੈ, ਨਗਰਪਾਲਿਕਾਂ, ਰਾਜਮਾਰਗ, ਅੰਤਰ ਦੇਸੀ ਜਲ ਮਾਰਗ ਦੇ ਸੰਬੰਧ ਵਿਚ ਸੱਤਵੀਂ ਅਨੁਸੂਚੀ ਦੀ ਸੂਚੀ ਅਤੇ ਸੂਚੀ 3 ਦੇ ਉਪਬੰਧਾਂ ਦੇ ਤਾਬੇ, ਅੰਤਰਦੇਸੀ ਜਲ ਮਾਰਗਾਂ, ਅਤੇ ਉਨ੍ਹਾਂ ਤੇ ਯਾਤਾਯਾਤ, ਜੰਤਰ ਨੋਦਤ ਯਾਨਾਂ ਤੋਂ ਬਿਨਾਂ ਯਾਨ,

(ਇ) ਪਸ਼ੂਧਨ ਦਾ ਪਰਿਰੱਖਣ, ਹਿਫਾਜਤ ਅਤੇ ਸੁਧਾਰ ਅਤੇ ਜੀਵ ਜੰਤੂਆਂ ਦੇ ਰੋਗਾਂ ਦਾ ਨਿਵਾਰਣ, ਪਸ਼ੂ ਚਕਿਤਸਾ ਸਿਖਲਾਈ ਅਤੇ ਵਿਹਾਰ ਕਾਂਜੀ ਹਾਊਸ ;

(ਸ) ਮੁਢਲੀ ਅਤੇ ਸੈਕੰਡਰੀ ਸਿਖਿਆ ;

(ਹ) ਖੇਤੀ ਜਿਸ ਵਿਚ ਖੇਤੀ ਸਿਖਿਆ ਅਤੇ ਖੋਜ, ਨਾਸ਼ਕਜੀਵਾਂ ਤੋਂ ਹਿਫਾਜਤ ਅਤੇ ਪੋਦਿਆਂ ਦੇ ਰੋਗਾਂ ਦਾ ਨਿਵਾਰਣ ਹੈ ;

(ਕ) ਮੱਛੀ ਪਾਲਣ ;

(ਖ) ਸਤਵੀਂ ਅਨੁਸੂਚੀ ਦੇ ਇੰਦਰਜਾ 56 ਤੇ ਉਪਬੰਧਾਂ ਦੇ ਤਾਬੇ, ਜਲ ਅਰਥਾਤ ਜਲ ਪੂਰਤੀ, ਸਿੰਜਾਈ ਅਤੇ ਨਰਿਹਾਂ, ਜਲ ਨਿਕਾਸੀ ਅਤੇ ਬੰਨ੍ਹ, ਜਲ ਭੰਡਾਰਣ ਅਤੇ ਜਲ ਸ਼ਕਤੀ ਪਣ ਬਿਜਲੀ ;

(ਗ) ਸਮਾਜਿਕ ਸੁਰਖਿਆ ਅਤੇ ਸਮਾਜਿਕ ਬੀਮਾ ; ਨਿਯੋਜਨ ਅਤੇ ਬੇਕਾਰੀ ;

(ਘ) ਗ੍ਰਾਮਾਂ, ਧਾਨ ਦੇ ਖੇਤਾਂ, ਬਜਾਰਾਂ, ਸ਼ਹਿਰਾਂ ਆਦਿ ਦੀ ਹਿਫਾਜਤ ਦੇ ਲਈ ਹੜ੍ਹ ਕੰਟਰੋਲ ਸਕੀਮਾਂ (ਜੋ ਤਕਨੀਕੀ ਪ੍ਰਕਿਰਤੀ ਦੀਆਂ ਨਾ ਹੋਣ)

(ਙ) ਨਾਟ ਸ਼ਾਲਾ ਅਤੇ ਨਾਟ ਪ੍ਰਦਰਸ਼ਨ ; ਸੱਤਵੀਂ ਅਨੁਸੂਚੀ ਦੀ ਸੂਚੀ ਦੇ ਇੰਦਰਾਜ 60 ਦੇ ਉਪਬੰਧਾਂ ਦੇ ਤਾਬੇ ਸਿਨੇਮਾ, ਖੇਲ-ਕੂਦ ਮਨੋਰੰਜਨ, ਦਿਲਪਰਚਾਵਾਂ ;

(ਚ) ਪਬਲਿਕ ਹੈਲਥ ਅਤੇ ਸੱਵਛਤਾ, ਹਸਪਤਾਲ ਅਤੇ ਡਸਪੈਂਸਰੀਆਂ ;

(ਛ) ਲਘੂ ਸਿੰਜਾਈ ;

(ਜ) ਖਾਧ ਪਦਾਰਥ, ਪਸ਼ੂਆਂ ਦੇ ਚਾਰੇ, ਕੱਚੀ ਕਪਾਹ ਅਤੇ ਕੱਚੇ ਜੂਟ ਦਾ ਵਪਾਰ ਅਤੇ ਵਣਜ ਅਤੇ ਉਨ੍ਹਾਂ ਦਾ ਉਤਪਾਦਨ, ਸਪਲਾਈ ਪੂਰਤੀ ਅਤੇ ਵੰਡ ;

(ਝ) ਰਾਜ ਦੁਆਰਾ ਕੰਟਰੋਲ ਕੀਤੇ ਜਾ ਵਿਤ ਪੋਸ਼ਤ ਲਾਇਬਰੇਰੀਆਂ, ਮਿਉਜਿਅਮ ਅਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਦੁਆਰਾ ਬਣਾਏ ਕਏ ਕਾਨੂੰਨ ਦੁਆਰਾ ਜਾਂ ਉਨ੍ਹਾਂ ਦੇ ਅਧੀਨ ਰਾਸ਼ਟਰੀ ਮਹੱਤਵ ਦੇ ਐਲਾਨੇ ਗਏ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਰਿਕਾਰਡਾਂ ਤੋਂ ਬਿਨਾਂ ਪ੍ਰਾਚੀਨ ਅਤੇ ਇਤਿਹਾਸਕ ਅਤੇ ਰਿਕਾਰਡਾਂ, ਅਤੇ

(ਞ) ਭੋਂ ਦੀ ਹੱਥ ਬਦਲੀ ।

(2) ਪੈਰ੍ਹਾ 3 ਦੇ ਅਧੀਨ ਜਾਂ ਇਸ ਪੈਰ੍ਹੇ ਦੇ ਅਧੀਨ ਉੱਤਰੀ ਕਛਾਰ ਪਹਾੜੀ ਖੁਦ ਮੁਖਤਿਆਰ ਪਰਿਸ਼ਦ ਅਤੇ ਕਾਬਰੀ ਅਲਾਂਗ ਖੁਦ ਮੁਖਤਿਆਰ ਪਰਿਸ਼ਦ ਦੁਆਰਾ ਬਣਾਏ ਗਏ ਸਭ ਕਾਨੂੰਨ ਜਿਥੋਂ ਤੱਕ ਉਨ੍ਹਾਂ ਦਾ ਸੰਬੰਧ ਸੱਤਵੀਂ ਅਨੁਸੂਚੀ ਦੀ ਸੂਚੀ 3 ਵਿਚ ਉਲਿੱਖਤ ਮਾਮਲਿਆਂ ਨਾਲ ਹੈ, ਰਾਜਪਾਲ ਦੇ ਅੱਗੇ ਤੁਰੰਤ ਰਖੇ ਜਾਣਗੇ, ਜੋ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਦੇ ਲਈ ਰਾਖਵੇਂ ਰਖੇਗਾ ।

(3) ਜਦ ਕੋਈ ਕਾਨੂੰਨ ਰਾਸ਼ਟਰਪਤੀ ਦੇ ਵਿਚਾਰ ਦੇ ਲਈ ਰਾਖਵਾਂ ਰੱਖ ਲਿਆ ਜਾਂਦਾ ਹੈ ਤੱਦ ਰਾਸ਼ਟਰਪਤੀ ਐਲਾਨ ਕਰੇਗਾ ਕਿ ਉਹ ਉਕਤ ਕਾਨੂੰਨ ਤੇ ਅਨੁਮਤੀ ਦਿੰਦਾ ਹੈ ਜਾਂ ਅਨੁਮਤੀ ਰੋਕ ਲੈਂਦਾ ਹੈ :

ਪਰੰਤੂ ਰਾਸ਼ਟਰਪਤੀ ਰਾਜਪਾਲ ਨੂੰ ਇਹ ਨਿਦੇਸ਼ ਦੇ ਸਕੇਗਾ ਕਿ ਉਹ ਕਾਨੂੰਨ ਨੂੰ, ਜਿਹੀ ਕਿ ਸੂਰਤ ਹੋਵੇ, ਉੱਤਰੀ ਕਛਾਰ ਪਹਾੜੀ ਖੁਦ ਮੁਖਤਿਆਰ ਪਰਿਸ਼ਦ ਨੂੰ ਅਜਿਹੇ ਸੰਦੇਸ਼ ਦੇ ਨਾਲ ਅਨੁਰੋਧ ਕਰਦੇ ਹੋਏ ਇਹ ਕਹਿੰਦੇ ਹੋਏ ਪਰਤਾ ਕੇ ਉਕਤ ਪਰਿਸ਼ਦ, ਕਾਨੂੰਨ ਜਾਂ ਉਸਦੇ ਕਿਸੇ ਉਲਿਖਤ ਉਪਬੰਧ ਤੇ ਮੁੜ-ਵਿਚਾਰ ਕਰੇ ਅਤੇ ਖਾਸ ਤੋਰ ਤੇ, ਕੋਈ ਅਜਿਹੀ ਸੋਧ ਤੇ ਮੁੜ ਸਥਾਪਨ ਦੀ ਵਾਛਨੀਅਤਾ ਤੇ ਵਿਚਾਰ ਕਰੇ ਜਿਸ ਦੀ ਉਸਨੇ ਆਪਣੇ ਸੰਦੇਸ਼ ਵਿਚ ਸਿਫਾਰਸ਼ ਕੀਤੀ ਹੈ ਅਤੇ ਜਦ ਕਾਨੂੰਨ ਇਸ ਤਰ੍ਹਾਂ ਵਾਪਸ ਕੀਤਾ ਜਾਂਦਾ ਹੈ ਤਦ ਅਜਿਹਾ ਸੰਦੇਸ਼ ਮਿਲਣ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਤੇ ਅੰਦਰ ਪਰਿਸ਼ਦ ਅਜਿਹੇ ਕਾਨੂੰਨ ਤੇ ਉਸ ਅਨੁਸਾਰ ਵਿਚਾਰ ਕਰੇਗਾ ਅਤੇ ਜੇ ਕਾਨੂੰਨ ਤੇ ਉਸ ਅਨੁਸਾਰ ਵਿਚਾਰ ਕਰੇਗਾ ਅਤੇ ਜੇ ਕਾਨੂੰਨ ਉਕਤ ਪਰਿਸ਼ਦ ਦੁਆਰਾ ਸੋਧ ਸਹਿਤ ਜਾਂ ਉਸਦੇ ਬਿਨਾਂ ਫਿਰ ਤੋਂ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਰਾਸ਼ਟਰਪਤੀ ਦੇ ਅੱਗੇ ਉਸਦੇ ਵਿਚਾਰ ਦੇ ਲਈ ਫਿਰ ਤੋਂ ਪੇਸ਼ ਕੀਤਾ ਜਾਵੇਗਾ।

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਅਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾ 3 ੳ ਦੇ ਪਿੱਛੋਂ ਹੇਠਲਿਖਿਆਂ ਅੰਤਰਸਥਾਪਤ ਕੀਤਾ ਗਿਆ, ਅਰਥਾਤ :-

"3 ਅ ਬੋਡੋਲੈਂਡ ਪ੍ਰਾਦੇਸ਼ਿਕ ਪਰਿਸ਼ਦ ਦੀਆਂ ਕਾਨੂੰਨ ਬਣਾਉਣ ਦੀਆਂ ਅਤਿਰਿਕਤ ਸ਼ਕਤੀਆਂ :- (1) ਪੈਰ੍ਹਾ 3 ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਬੋਡੋਲੈਂਡ ਪ੍ਰਾਦੇਸ਼ਿਕ ਪਰਿਸ਼ਦ ਨੂੰ, ਆਪਣੇ ਖੇਤਰਾਂ ਵਿਚ, ਹੇਠ ਲਿਖਿਆਂ ਦੇ ਸੰਬੰਧ ਵਿਚ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇਗੀ, ਅਰਥਾਤ :-

(i) ਖੇਤੀ, ਜਿਸ ਦੇ ਵਿਚ ਖੇਤਰੀ ਸਿੱਖਿਆ ਅਤੇ ਖੋਜ, ਨਾਸ਼ਕ ਜੀਵਾਂ ਤੋਂ ਹਿਫਾਜਤ ਅਤੇ ਪੋਦਿਆਂ ਦੇ ਰੋਗਾਂ ਦਾ ਨਿਵਾਰਣ ;(ii) ਪਸ਼ੂ ਪਾਲਣ ਅਤੇ ਪਸ਼ੂ ਚਿਕਿਤਸਾ ਅਤੇ ਪਸ਼ੂਧਨ ਦਾ ਪਰਿੱਖਣ, ਹਿਫਾਜਤ ਅਤੇ ਸੁਧਾਰ ਅਤੇ ਪਸ਼ੂਆਂ ਦੀਆਂ ਬਿਮਾਰੀਆਂ ਦੇ ਨਿਵਾਰਣ, ਪਸ਼ੂ ਚਕਿਤਮਾ, ਟਰੇਨਿੰਗ ਅਤੇ ਵਿਹਾਰ, ਕਾਂਜੀ ਹਾਊਸ ;( iii) ਸਹਿਕਾਰਤਾ ; (iv) (ਸਭਿਆਚਾਰਕ ਕਾਰ ਵਿਹਾਰ); (v) ਸਿੱਖਿਆ ਅਰਥਾਤ ਮੁੱਢਲੀ ਸਿੱਖਿਆ, ਹਾਇਰ ਸੈਕੰਡਰੀ ਸਿੱਖਿਆ ਜਿਸ ਵਿਚ ਪੇਸ਼ਾਵਾਰਨਾ ਸਿਖਲਾਈ, ਬਾਲਗ ਸਿਖਿਆ, ਕਾਲਜ ਮਹਾਵਿਦਿਆਲਿਆ ਸਿੱਖਿਆ (ਸਧਾਰਣ) ਵੀ ਸ਼ਾਮਲ ਹੈ ; (vi) ਮੱਛੀ ਪਾਲਣ; (vii) ਪੇਂਡੂ, ਧਾਨ ਦੇ ਖੇਤਾਂ, ਬਜਾਰਾਂ ਅਤੇ ਕਸਬਿਆਂ ਦੀ ਹਿਫਾਜਤ ਦੇ ਲਈ ਹੜ੍ਹ ਕੰਟਰੋਲ (ਜੋ ਤਕਨੀਕੀ ਪ੍ਰਕ੍ਰਿਤੀ ਦਾ ਨਾ ਹੋਵੇ); (viii) ਖੁਰਾਕ ਅਤੇ ਸਿਵਲ ਸਪਲਾਈ; (ix) ਵਣ (ਰਾਖਵੇਂ ਵਣਾਂ ਨੂੰ ਛੱਢ ਕੇ); (x) ਹੱਥ ਖੱਡੀ ਅਤੇ ਕੱਪੜਾ ; (xi) ਸਿਹਤ ਅਤੇ ਪਰਿਵਾਰ ਨਿਯੋਜਨ ; (xii) ਸਤਵੀਂ ਅਨੁਸੂਚੀ ਦੀ ਸੂਚੀ (1) ਉਲਿੱਖਤ 84 ਦੇ ਉਪਬੰਧਾਂ ਦੇ ਤਾਬੇ ਮਾਦਕ ਸ਼ਰਾਬ, ਅਫੀਮ ਅਤੇ ਵਿਉਂਤਪਨ ; (xiii) ਸਿੰਜਾਈ; (xiv) ਮਜ਼ਦੂਰੀ ਅਤੇ ਨਿਯੋਜਨ; (xv) ਭੂਮੀ ਅਤੇ ਮਾਲੀਆਂ; (xvi) ਲਾਇਬਰੇਰੀ ਸੇਵਾਵਾਂ (ਰਾਜ ਸਰਕਾਰ ਦੁਆਰਾ ਵਿਤਪੋਸ਼ਤ ਅਤੇ ਕੰਟਰੋਲ); (xvii) ਲਾਟਰੀ (ਸੱਤਵੀਂ ਅਨੁਸੂਚੀ ਦੀ ਸੂਚੀ ਨੰਬਰ 1 ਦੇ ਇੰਦਰਾਜ 40 ਦੇ ਉਪਬੰਧਾਂ ਤੇ ਤਾਬੇ, ਨਾਟਸ਼ਾਲਾ, ਨਾਟਕ ਪੇਸ਼ਕਾਰੀ ਅਤੇ ਸਿਨੇਮੇ (ਸੱਤਵੀਂ ਅਨੁਸੂਚੀ ਦੀ ਸੂਚੀ ਦੇ ਇੰਦਰਾਜ ਦੇ 60 ਦੇ ਉਪਬੰਧਾਂ ਦੇ ਤਾਬੇ); (xviii) ਬਜ਼ਾਰ ਅਤੇ ਮੇਲੇ ; (xix) ਨਗਰਨਿਗਮ, ਸੁਧਾਰ ਟ੍ਰਸਟ,ਜ਼ਿਲ੍ਹਾ ਬੋਰਡਾਂ ਅਤੇ ਹੋਰ ਸਥਾਨਕ ਅਥਾਰਟੀਆਂ ; (xx)ਰਾਜ ਦੁਆਰਾ ਕੰਟਰੋਲ ਕੀਤੇ ਅਤੇ ਵਿਤਪੋਸ਼ਤ ਕੀਤੇ ਮਿਉਜੀਅਮ ਅਤੇ ਪੁਰਾਤਤਵ ਵਿਗਿਆਨ ਸੰਸਥਾਨ, ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਜਾਂ ਉਸਦੇ ਰਾਸ਼ਟਰੀ ਮਹੱਤਵ ਦੇ ਐਲਾਨ ਕੀਤੇ ਗਏ; ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਰਿਕਾਰਡਾਂ ਤੋਂ ਬਿਨਾ, ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਰੀਕਾਰਡ ; (xxi) ਪੰਚਾਇਤ ਅਤੇ ਗ੍ਰਾਮੀਣ ਵਿਕਾਸ ; (xxii) ਯੋਜਨਾ ਅਤੇ ਵਿਕਾਸ ; (xxiii)ਪ੍ਰੀਟਿੰਗ ਅਤੇ ਸਟੇਸ਼ਨਰੀ; (xxiv) ਲੋਕ ਸਿਹਤ ਇੰਜਨਿਅਰੀ ; (xxv) ਲੋਕ ਨਿਰਮਾਣ ਵਿਭਾਗ; (xxvi) ਪ੍ਰਚਾਰ ਅਤੇ ਲੋਕ ਸੰਪਰਕ ; (xxvii) ਜਨਮ ਅਤੇ ਮੋਤ ਦਾ ਰਜਿਸਟਰੀ ਕਰਨ ; (xxviii) ਸਹਾਇਤਾ ਅਤੇ ਪੁਨਰਵਾਸ ; (xxix) ਰੇਸ਼ਮ ਉਤਪਾਦਨ ; (xxx) ਸੱਤਵੀਂ ਅਨੁਸੂਚੀ ਦੀ ਸੂਚੀ 1 ਦੇ ਇੰਦਰਾਜ 7 ਅਤੇ ਇੰਦਰਾਜ 52 ਦੇ ਉਪਬੰਧਾਂ ਦੇ ਤਾਬੇ, ਲਘੂ, ਘਰੇਲੂ ਅਤੇ ਗ੍ਰਾਮੀਣ ਉਦਯੋਗ ; (xxxi) ਸਮਾਜ ਕਲਿਆਣ; (xxxii) ਭੋਂ ਪਰਿਰਖਣ ; (xxxiii) ਖੇਡ-ਕੂਦ ਅਤੇ ਯੁਵਕ ਭਲਾਈ ; (xxxiv) ਅੰਕੜਾ ਵਿਗਿਆਨ; (xxxv) ਟੂਰਿਜਮ ; (xxxvi) ਯਾਤਾਯਾਤ (ਸੜਕਾਂ, ਪੁਲ, ਫੇਰੀ ਅਤੇ ਹੋਰ ਸੰਚਾਰ ਸਾਧਨ ;ਜੋ ਸੱਤਵੀਂ ਅਨੁਸੂਚੀ ਦੀ ਸੂਚੀ 1 ਵਿਚ ਉਲਿਖਤ ਨਹੀਂ ਹੈ, ਨਗਰਪਾਲਿਕਾ ਟ੍ਰਾਮ, ਰਾਜ ਮਾਰਗ,

Ministry of Law & Justice

ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਨੂੰ ਉਸ ਜਿਲ੍ਹੇ ਅੰਦਰ ਪ੍ਰਦੇਸ਼ਕ ਪਰਿਸ਼ਦਾਂ, ਜੇ ਕੋਈ ਹੋਣ, ਦੀ ਸੱਤਾ ਦੇ ਅਧੀਨ ਖੇਤਰਾਂ ਦੇ ਸਿਵਾਏ, ਉਸ ਜਿਲ੍ਹੇ ਅੰਦਰਲੇ ਹੋਰ ਸਭ ਖੇਤਰਾਂ ਬਾਰੇ ਹੇਠ-ਲਿਖੇ ਮਾਮਲਿਆਂ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਾਪਤ ਹੋਵੇਗੀ--

(ੳ) ਕਿਸੇ ਅਜਿਹੀ ਭੋਂ ਤੋਂ ਬਿਨਾਂ ਜੋ ਰਾਖਵਾਂ ਵਣ ਹੋਵੇ, ਹੋਰ ਭੋਂ ਦੀ, ਖੇਤੀ ਜਾਂ ਚਰਾਈ ਦੇ ਪ੍ਰਯੋਜਨਾਂ ਲਈ ਜਾਂ ਨਿਵਾਸ ਜਾਂ ਹੋਰ ਗੈਰ-ਜਰਾਇਤੀ ਪ੍ਰਯੋਜਨਾਂ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਜਿਸ ਤੋਂ ਕਿਸੇ ਪਿੰਡ ਜਾਂ ਨਗਰ ਦੇ ਵਾਸੀਆਂ ਦੇ ਹਿਤਾਂ ਦੀ ਤਰੱਕੀ ਸੰਭਾਵੀ ਹੋਵੇ, ਅਲਾਟਮੈਂਟ ਦਖਲ ਜਾਂ ਵਰਤੋਂ ਜਾਂ ਅੱਡਰਾ ਰੱਖਣਾ ;

---

ਅੰਤਰਦੇਸ਼ੀ ਜਲ ਮਾਰਗ ਦੇ ਸੰਬੰਧ ਵਿਚ ਸੱਤਵੀਂ ਅਨੁਸੂਚੀ ਦੀ ਸੂਚੀ 1 ਅਤੇ ਸੂਚੀ 3 ਦੇ ਉਪਬੰਧਾਂ ਦੇ ਤਾਬੇ, ਅੰਤਰਦੇਸ਼ੀ ਜਲ ਮਾਰਗ ਅਤੇ ਉਨਾਂ ਦੇ ਯਾਤਾਯਾਤ, ਯੰਤਰ ਨੋਧਤ ਯਾਨਾਂ ਤੋਂ ਬਿਨਾਂ ; (xxxvii) ਰਾਜ ਸਰਕਾਰ ਦੁਆਰਾ ਕੰਟਰੋਲ ਕੀਤੇ ਵਿਤ ਪੋਸ਼ਤ ਕਬੀਲੇ ਖੋਜ ਸੰਸਥਾਵਾਂ ; (xxxviii) ਸਹਿਰੀ ਵਿਕਾਸ, ਨਗਰ ਅਤੇ ਗ੍ਰਾਮੀਣ ਯੋਜਨਾ ; (xxxix) ਸੱਤਵੀਂ ਅਨੁਸੂਚੀ ਦੀ ਸੂਚੀ 1 ਦੇ ਇੰਦਰਾਜ 50 ਦੇ ਉਪਬੰਧਾਂ ਤੇ ਤਾਬੇ ਨਾਪ ਤੋਲ ਭਾਰ ਅਤੇ ਮਾਪ; ਅਤੇ (xxxx) ਮੈਦਾਨੀ ਕਬੀਲਿਆਂ ਅਤੇ ਪਛੜੇ ਵਰਗਾਂ ਦੀ ਭਲਾਈ ਕਲਿਆਣ;

ਪਰੰਤੂ ਅਜਿਹੇ ਕਾਨੂੰਨਾਂ ਦੀ ਕੋਈ ਗੱਲ –

(ੳ) ਇਸ ਐਕਟ ਦੇ ਅਰੰਭ ਦੀ ਤਰੀਕ ਤੇ ਕਿਸੇ ਨਾਗਰਿਕ ਦੇ ਉਸਦੀ ਭੂਮੀ ਦੇ ਸੰਬੰਧ ਵਿਚ ਮੌਜੂਦ ਅਧਿਕਾਰਾਂ ਅਤੇ ਵਿਸ਼ੇਸ਼-ਅਧਿਕਾਰਾਂ ਨੂੰ ਮੁਕਾ ਦੇਣ ਅਤੇ ਰੂਪਭੇਦ ਨਹੀਂ ਕਰੇਗੀ; ਅਤੇ

(ਅ) ਕਿਸੇ ਨਾਗਰਿਕ ਨੂੰ ਵਿਰਾਸਤ, ਅਲਾਟਮੈਂਟ, ਨਿਪਟਾਰੇ ਦੇ ਰੂਪ ਵਿਚ ਜਾਂ ਅੰਤਰਣ ਦੇ ਕਿਸੇ ਹੋਰ ਤਰੀਕੇ ਨਾਲ ਭੂਮੀ ਅਰਜਤ ਕਰਨ ਤੋਂ ਕਿਸੇ ਨਾਗਰਿਕ ਨੂੰ ਨਾਮਨਜ਼ੂਰ ਨਹੀਂ ਕਰੇਗੀ ਜੋ ਅਜਿਹਾ ਨਾਗਰਿਕ ਬੋਡੋਲੈਂਡ ਪ੍ਰਾਦੇਸ਼ਿਕ ਖੇਤਰ ਜਿਲ੍ਹੇ ਦੇ ਅੰਦਰ ਭੂਮੀ ਦੇ ਅਜਿਹੇ ਅਰਜਨ ਦੇ ਲਈ ਹੋਰਵੇਂ ਪਾਤਰ ਹੈ ।

(2) ਪੈਰ੍ਹਾ 3 ਦੇ ਅਧੀਨ ਜਾਂ ਇਸ ਪੈਰ੍ਹਾ ਦੇ ਅਧੀਨ ਬਣਾਏ ਗਏ ਸਾਰੇ ਕਾਨੂੰਨ, ਜਿਥੇ ਤੱਕ ਉਨ੍ਹਾਂ ਦਾ ਸੰਬੰਧ ਸੱਤਵੀਂ ਅਨੁਸੂਚੀ ਦੀ ਸੂਚੀ 3 ਵਿਚ ਉਲਿਖਤ ਮਾਮਲਿਆਂ ਤੋਂ ਹੈ, ਰਾਜਪਾਲ ਦੇ ਅੱਗੇ ਤੁਰਤ ਪੇਸ਼ ਕੀਤੀ ਜਾਵੇਗੀ, ਜੋ ਉਨ੍ਹਾਂ ਰਾਸ਼ਟਰਪਤੀ ਦੇ ਵਿਚਾਰ ਦੇ ਲਈ ਰਾਂਖਵੀਂ ਰਖੇਗਾ ।

(3) ਜਦ ਕੋਈ ਕਾਨੂੰਨ ਰਾਸ਼ਟਰਪਤੀ ਦੇ ਵਿਚਾਰ ਦੇ ਲਈ ਰਾੱਖਵਾਂ ਰੱਖ ਲਿਆ ਜਾਂਦਾ ਹੈ, ਤਦ ਰਾਸ਼ਟਰਪਤੀ ਐਲਾਨ ਕਰੇਗਾ ਕਿ ਉਹ ਉਕਤ ਕਾਨੂੰਨ ਤੇ ਅਨੁਮਤੀ ਦਿੰਦਾ ਹੈ ਜਾਂ ਰੋਕ ਲੈਂਦਾ ਹੈ

ਪਰੰਤੂ ਰਾਸ਼ਟਰਪਤੀ ਰਾਜਪਾਲ ਨੂੰ ਇਹ ਸੰਦੇਸ਼ ਦੇ ਸਕੇਗਾ ਕਿ ਉਹ ਕਾਨੂੰਨ ਨੂੰ ਬੋਡੋਲੈਂਡ, ਪ੍ਰਾਦੇਸ਼ਿਕ ਪਰਿਸ਼ਦ ਨੂੰ ਅਜਿਹੇ ਸੰਦੇਸ਼ ਦੇ ਨਾਲ ਇਹ ਅਨੁਰੋਧ ਕਰਦੇ ਹੋਏ ਵਾਪਸ ਦੇ ਕੇ ਉਕਤ ਪਰਿਸ਼ਦ ਕਾਨੂੰਨ ਜਾਂ ਉਸ ਦੇ ਕਿਸੇ ਉਲਿਖਤ ਉਪਬੰਧਾਂ ਤੇ ਪੁਨਰ ਵਿਚਾਰ ਕਰੇ ਅਤੇ ਖਾਸ ਕਰਕੇ, ਕਿਸੇ ਅਜਿਹੀ ਸੋਧ ਨੂੰ ਪੁਨਰ ਸਥਾਪਤ ਕਰਨ ਦੀ ਵਾਂਛਨੀਅਤਾ ਤੇ ਵਿਚਾਰ ਕਰੇ, ਜਿਸ ਦੀ ਉਸਨੇ ਆਪਣੇ ਸੰਦੇਸ਼ ਵਿਚ ਸਿਫਾਰਸ਼ ਕੀਤੀ ਹੈ ਅਤੇ ਜਦ ਕਾਨੂੰਨ ਇਸ, ਪ੍ਰਕਾਰ ਵਾਪਸ ਦਿੱਤਾ ਜਾਂਦਾ ਹੈ ਤਦ ਉਕਤ ਪਰਿਸ਼ਦ, ਅਜਿਹੇ ਸੰਦੇਸ਼ ਦੀ ਨਕਲ ਦੀ ਤਰੀਕ ਤੋਂ ਛੇ ਮਹੀਨੇ ਦੀ ਮੁਦੱਤ ਤੇ ਅੰਦਰ ਕਾਨੂੰਨ ਤੇ ਉਸ ਅਨੁਸਾਰ ਵਿਚਾਰ ਕਰੇਗੀ ਅਤੇ ਚੇ ਕਾਨੂੰਨ ਉਕਤ ਪਰਿਸ਼ਦ ਦੁਆਰਾ, ਸੋਧਸਾਹਿਤ ਜਾਂ ਉਸਦੇ ਬਿਨਾ, ਫਿਰ ਤੋਂ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਰਾਸ਼ਟਰਪਤੀ ਦੇ ਅੱਗੇ ਉਸਦੇ ਵਿਚਾਰ ਦੇ ਲਈ ਫਿਰ ਤੋਂ ਪੇਸ਼ ਕੀਤਾ ਜਾਵੇਗਾ ।

Ministry of Law & Justice

ਪਰੰਤੂ ਅਜਿਹੇ ਕਾਨੂੰਨਾ ਦੀ ਕੋਈ ਗੱਲ ਲਾਜ਼ਮੀ ਅਰਜਨ ਅਖਤਿਆਰਤ ਕਰਦੇ ਤਤਸਮੇ ਨਾਫਜ਼ ਕਾਨੂੰਨ ਦੀ ਅਨੁਸਾਰਤਾ ਵਿਚ [14][ਸੰਬੰਧਤ ਰਾਜ ਦੀ ਸਰਕਾਰ ਨੂੰ] ਕਿਸੇ ਭੋਂ ਦੇ, ਭਾਵੇਂ ਉਹ ਦਖਲ ਵਿਚ ਹੋਵੇ ਜਾਂ ਨ, ਲੋਕ ਪਰਯੋਜਨਾਂ ਲਈ ਲਾਜ਼ਮੀ ਅਰਜਨ ਤੋਂ ਨਹੀਂ ਰੋਕੇਗੀ ;

(ਅ) ਰਾਖਵਾਂ ਵਣ ਨ ਹੋਣ ਵਾਲੇ ਕਿਸੇ ਵਣ ਦਾ ਪ੍ਰਬੰਧ ;

(ਇ) ਖੇਤੀ ਦੇ ਪ੍ਰਯੋਜਨ ਲਈ ਕਿਸੇ ਨਹਿਰ ਜਾਂ ਖਾਲ ਦੀ ਵਰਤੋਂ ;

(ਸ) ਝੂਮ ਦੀ ਰੀਤ ਜਾਂ ਥਾਂ-ਬਦਲਵੀਂ ਖੇਤੀ ਦੇ ਹੋਰ ਰੂਪਾਂ ਦਾ ਵਿਨਿਯਮਨ ;

(ਹ) ਪਿੰਡ ਜਾਂ ਕਸਬਾ ਕਮੇਟੀਆਂ ਜਾਂ ਪਰਿਸ਼ਦਾਂ ਦੀ ਸਥਾਪਨਾਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ ;

(ਕ) ਪਿੰਡ ਜਾਂ ਕਸਬਾ ਪ੍ਰਸ਼ਾਸਨ ਸੰਬੰਧੀ ਕੋਈ ਹੋਰ ਮਾਮਲਾ ਜਿਸ ਵਿਚ ਪਿੰਡ ਜਾਂ ਕਸਬਾ ਪੁਲਿਸ ਅਤੇ ਜਨ ਸਿਹਤ ਅਤੇ ਸਫ਼ਾਈ ਵੀ ਸ਼ਾਮਲ ਹਨ ;

(ਖ) ਚੀਫਾਂ ਜਾਂ ਮੁੱਖੀਆਂ ਦੀ ਨਿਯੁਕਤੀ ਜਾਂ ਉਤੱਰ-ਅਧਿਕਾਰ ;

(ਗ) ਸੰਪੱਤੀ ਦੀ ਵਿਰਾਸਤ

[15][(ਘ) ਵਿਆਹ ਅਤੇ ਤਲਾਕ;]

(ਙ) ਸਮਾਜਕ ਰਵਾਜ ।

(2) ਇਸ ਪੈਰੇ ਵਿਚ 'ਰਾਖਵਾਂ ਵਣ' ਦਾ ਮਤਲਬ ਅਜਿਹਾਂ ਕੋਈ ਖੇਤਰ ਹੈ ਜੋ ਆਸਾਮ ਫ਼ਾਰੈਮਟ ਰੈਗੁਲੇਸ਼ਨ 1891 ਦੇ ਅਧੀਨ, ਜਾਂ ਪ੍ਰੁੱਛ-ਅਧੀਨ ਖੇਤਰ ਵਿਚ ਤਤਸਮੇਂ ਨਾਫ਼ਜ ਕਿਸੇ ਹੋਰ ਕਾਨੂੰਨ ਦੇ ਅਧੀਨ ਰਾਖਵਾਂ ਵਣ ਹੈ ।

(3) ਇਸ ਪੈਰੇ ਦੇ ਅਧੀਨ ਬਣਾਏ ਗਏ ਸਭ ਕਾਨੂੰਨ ਤਤਕਾਲ ਰਾਜਪਾਲ

---

[14] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(i) ਅਤੇ ਅੱਠਵੀਂ ਅਨੁਸੂਚੀ ਦੁਆਰਾ ਕੁਝ ਸ਼ਬਦਾਂ ਦੀ ਥਾਂਵੇਂ (21.1.1972 ਤੋਂ ਲੈ ਕੇ) ਰਖੇ ਗਏ ।

[15] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ ਖੰਡ (ਘ)ਦੀ ਥਾਂਵੇਂ (2.4.1970 ਤੋਂ ਲੈ ਕੇ) ਰੱਖਿਆ ਗਿਆ ।

Ministry of Law & Justice

ਨੂੰ ਪੇਸ਼ ਕੀਤੇ ਜਾਣਗੇ ਅਤੇ ਜਦ ਤਕ ਉਹ ਉਨ੍ਹਾਂ ਨੂੰ ਅਨੁਮਤੀ ਨ ਦੇ ਦੇਵੇ, ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।

[16]4. **ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਵਿਚ ਨਿਆਂ-ਪ੍ਰਸ਼ਾਸਨ**.—(1) ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦੇ ਪ੍ਰਦੇਸ਼ਕ ਪਰਿਸ਼ਦ ਅਜਿਹੇ ਪ੍ਰਦੇਸ਼ ਅੰਦਰਲੇ ਖੇਤਰਾਂ ਬਾਰੇ ਅਤੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਉਸ ਜਿਲ੍ਹੇ ਦੀਆਂ ਪ੍ਰਦੇਸ਼ਕ ਪਰਿਸ਼ਦਾਂ, ਜੇ ਕੋਈ ਹੋਣ, ਦੀ ਸੱਤਾ ਦੇ ਅਧੀਨ ਖੇਤਰਾਂ ਤੋਂ ਬਿਨਾਂ ਉਸ ਜਿਲ੍ਹੇ ਅੰਦਰਲੇ ਹੋਰ ਖੇਤਰਾਂ ਬਾਰੇ ਅਜਿਹੇ ਦਾਵਿਆਂ ਅਤੇ ਮੁਕੱਦਮਿਆਂ ਦੇ ਵਿਚਾਰਣ ਲਈ ਜਿਲ੍ਹਾ ਦੀਆਂ ਸਾਰੀਆਂ ਧਿਰਾਂ ਅਜਿਹੇ ਖੇਤਰਾਂ ਅੰਦਰਲੇ ਅਨੁਸੂਚਿਤ ਕਬੀਲਿਆਂ ਦੀਆਂ ਹੀ ਹੋਣ ਅਤੇ ਜੋ ਉਨ੍ਹਾਂ ਦਾਵਿਆਂ ਅਤੇ ਮੁਕੱਦਮਿਆਂ ਤੋਂ ਬਿਨਾਂ ਹੋਣ ਜਿਨ੍ਹਾਂ ਨੂੰ ਇਸ ਅਨੁਸੂਚੀ ਦੇ ਪੈਰਾ 5 ਦੇ ਉਪਪੈਰਾ (1) ਦੇ ਉਪਬੰਧ ਲਾਗੂ ਹੁੰਦੇ ਹਨ, ਉਸ ਰਾਜ ਵਿਚਲਈ ਕਿਸੇ ਵੀ ਅਦਾਲਤ ਨੂੰ ਖਾਰਜ ਕਰਕੇ ਪਿੰਡ-ਪਰਿਸ਼ਦਾਂ ਜਾਂ ਅਦਾਲਤਾਂ ਗਠਤ ਕਰ ਸਕੇਗੀ ਅਤੇ ਢੁਕਵੇਂ ਵਿਅਕਤੀਆਂ ਨੂੰ ਅਜਿਹੀਆਂ ਪਿੰਡ ਪਰਿਸ਼ਦਾਂ ਦੇ ਮੈਂਬਰ ਜਾਂ ਅਜਿਹੀਆਂ ਅਦਾਲਤਾਂ ਦੇ ਪ੍ਰਧਾਨ ਅਫ਼ਸਰ ਨਿਯੁਕਤ ਕਰ ਸਕੇਗੀ, ਅਤੇ ਅਜਿਹੇ ਅਫ਼ਸਰ ਵੀ ਨਿਯੁਕਤ ਕਰ ਸਕੇਗੀ ਜਿਹੇ ਇਸ ਅਨੁਸੂਚੀ ਦੇ ਪੈਰਾ 3 ਦੇ ਅਧੀਨ ਬਣਾਏ ਗਏ ਕਾਨੂੰਨਾਂ ਦੇ ਪ੍ਰਸ਼ਾਸਨ ਲਈ ਜਰੂਰੀ ਹੋਣ ।

(2) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਜਾਂ ਉਸ ਪ੍ਰਦੇਸ਼ਕ ਪਰਿਸ਼ਦ ਦੁਆਰਾ ਉਸ ਨਮਿੱਤ ਗਠਤ ਕੋਈ ਅਦਾਲਤ ਜਾਂ, ਜੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਅੰਦਰ ਕਿਸੇ ਖੇਤਰ ਬਾਰੇ ਕੋਈ ਪ੍ਰਦੇਸ਼ਕ ਪਰਿਸ਼ਦ ਨ ਹੋਵੇ, ਤਾਂ ਅਜਿਹੇ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ, ਜਾਂ ਉਸ ਜਿਲ੍ਹਾ ਪਰਿਸ਼ਦ ਦੁਆਰਾ ਉਸ ਨਮਿੱਤ ਗਠਤ ਕੋਈ ਅਦਾਲਤ ਇਸ ਅਨੁਸੂਚੀ ਦੇ ਪੈਰਾ 5

[16] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਪੈਰਾ 4 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ ਜਿਸ ਨਾਲ ਉਪ-ਪੈਰ੍ਹਾ (5) ਦੇ ਪਿੱਛੋਂ ਹੇਠ ਲਿਖਿਆਂ ਅੰਤਰਸਥਾਪਤ ਕੀਤਾ ਜਾ ਸਕੇ, ਅਰਥਾਤ:-

"(6) ਇਸ ਪੈਰੇ ਦੀ ਕੋਈ ਗੱਲ, ਇਸ ਅਨੁਸੂਚੀ ਦੇ ਪੈਰ੍ਹਾ 2 ਦੇ ਉਪ-ਪੈਰਾ (3) ਦੇ ਪਰੰਤੁਕ ਦੇ ਅਧੀਨ ਗਠਤ ਬੋਡੋਲੈਂਡ ਪ੍ਰਦੇਸ਼ਕ ਨੂੰ ਲਾਗੂ ਨਹੀਂ ਹੋਵੇਗੀ ।"



Ministry of Law & Justice

ਦੇ ਉਪਪੈਰਾ (1) ਦੇ ਉਪਬੰਧ ਜਿਨ੍ਹਾਂ ਦਾਵਿਆਂ ਅਤੇ ਮੁਕੱਦਮਿਆਂ ਨੂੰ ਲਾਗੂ ਹੁੰਦੇ ਹੋਣ ਉਨ੍ਹਾਂ ਤੋਂ ਬਿਨਾਂ ਹੋਰ ਇਸ ਪੈਰਾ ਦੇ ਉਪਪੈਰਾ (1) ਦੇ ਅਧੀਨ, ਅਜਿਹੇ ਪ੍ਰਦੇਸ਼ ਜਾਂ ਖੇਤਰ, ਜਿਹੀ ਕੀ ਸੂਰਤ ਹੋਵੇ, ਅੰਦਰ ਗਠਤ ਕਿਸੇ ਪਿੰਡ-ਪਰਿਸ਼ਦ ਜਾਂ ਅਦਾਲਤ ਦੁਆਰਾ ਵਿਚਾਰਣ-ਯੋਗ ਸਭ ਦਾਵਿਆਂ ਅਤੇ ਮੁਕੱਦਮਿਆਂ ਬਾਰੇ ਅਪੀਲਈ ਅਦਾਲਤ ਦੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਉੱਚ ਅਦਾਲਤ ਅਤੇ ਸਰਵ-ਉੱਚ ਅਦਾਲਤ ਅਤੇ ਸਰਵ-ਉੱਚ ਅਦਾਲਤ ਦੇ ਸਿਵਾਏ ਇਕ ਹੋਕ ਅਦਾਲਤ ਨੂੰ ਅਜਿਹੇ ਦਾਵਿਆਂ ਜਾਂ ਮੁਕੱਦਮੀਆਂ ਵਿਚ ਅਧਿਕਾਰਤਾ ਨਹੀਂ ਹੋਵੇਗੀ।

(3) [17][ * * * ] ਉੱਚ ਅਦਾਲਤ ਉਨ੍ਹਾਂ ਦਾਵਿਆਂ ਅਤੇ ਮੁਕੱਦਮਿਆਂ ਵਿਚ ਜਿਨ੍ਹਾਂ ਤੇ ਇਸ ਪੈਰੇ ਤੇ ਉਪਪੈਰਾ (2) ਤੇ ਉਪਬੰਧ ਲਾਗੂ ਹੁੰਦੇ ਹਨ ਅਜਿਹੀ ਅਧਿਕਾਰਤਾ ਰੱਖੇਗੀ ਅਤੇ ਵਰਤੇਗੀ ਜਿਹੀ ਰਾਜਪਾਲ ਸਮੇਂ ਸਮੇਂ ਤੇ ਹੁਕਮ ਦੁਆਰਾ ਉਲਿਖਤ ਕਰੇ।

(4) ਕੋਈ ਪ੍ਰਦੇਸ਼ਕ ਪਰਿਸ਼ਦ ਜਾਂ ਜਿਲ੍ਹਾ ਪਰਿਸ਼ਦ ਜਿਹੀ ਕੀ ਸੂਰਤ ਹੋਵੇ, ਰਾਜਪਾਲ ਦੀ ਪੂਰਵ-ਪਰਵਾਨਗੀ ਨਾਲ --

(ੳ) ਪਿੰਡ ਪਰਿਸ਼ਦਾਂ ਅਤੇ ਅਦਾਲਤਾਂ ਦੇ ਗਠਨ ਅਤੇ ਇਸ ਪੈਰੇ ਦੇ ਅਧੀਨ ਉਨ੍ਹਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਸ਼ਕਤੀਆਂ ;

(ਅ) ਇਸ ਪੈਰੇ ਦੇ ਉਪਪੈਰਾ (1) ਦੇ ਅਧੀਨ ਦਾਵਿਆਂ ਅਤੇ ਮੁਕੱਦਮਿਆਂ ਦੇ ਵਿਚਾਰਣ ਵਿਚ ਪਿੰਡ ਪਰਿਸ਼ਦਾਂ ਜਾਂ ਅਦਾਲਤਾਂ ਦੁਆਰਾ ਪੈਰਵੀ ਕੀਤੇ ਜਾਣ ਵਾਲੇ ਜਾਬਤੇ ;

(ੲ) ਇਸ ਪੈਰੇ ਦੇ ਉਪਪੈਰਾ (2) ਦੇ ਅਧੀਨ ਅਪੀਲਾਂ ਅਤੇ ਹੋਰ ਕਾਰਵਾਈਆਂ ਵਿਚ ਪ੍ਰਦੇਸ਼ਕ ਜਾਂ ਜਿਲ੍ਹਾ ਪਰਿਸ਼ਦ ਜਾਂ ਅਜਿਹੇ ਪਰਿਸ਼ਦ ਦੁਆਰਾ ਗਠਤ ਕਿਸੇ ਅਦਾਲਤ ਦੁਆਰਾ ਪੈਰਵੀ ਕੀਤੇ ਜਾਣ ਵਾਲੇ ਜਾਵਤੇ ;

---

[17] ਸ਼ਬਦ "ਆਸਾਮ ਦੀ" ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) , ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.2.1972 ਤੋਂ ਲੈ ਕੇ) ਲੋਪ ਕਰ ਦਿੱਤੇ ਗਏ।

(ਸ) ਅਜਿਹੀਆਂ ਪਰਿਸ਼ਦਾਂ ਅਤੇ ਅਦਾਲਤਾਂ ਦੇ ਫੈਸਲਿਆਂ ਅਤੇ ਹੁਕਮਾਂ ਨੂੰ ਨਾਫਜ ਕਰਾਉਣ ;

( ਹ) ਇਸ ਪੈਰੇ ਦੇ ਉਪਪੈਰਾ (1) ਅਤੇ (2) ਦੇ ਉਪਬੰਧਾਂ ਦਾ ਪਾਲਣ ਕਰਨ ਲਈ ਹੋਰ ਸਭ ਸਹਾਇਕ ਮਾਮਲਿਆਂ ;

ਦਾ ਵਿਨਿਯਮਨ ਕਰਨ ਵਾਲੇ ਨਿਯਮ ਬਣਾ ਸਕੇਗੀ ।

[18][(5) ਅਜਿਹੀ ਤਰੀਕ ਨੂੰ ਅਤੇ ਤੋਂ ਜਿਹੀ ਰਾਸ਼ਟਰਪਤੀ [19][ਸੰਬੰਧਤ ਰਾਜ ਦੀ ਸਰਕਾਰ ਨਾਲ ਮਸ਼ਵਰਾ ਕਰਨ ਪਿੱਛੋਂ], ਇਸ ਨਮਿਤ ਅਧਿਸੂਚਨਾ ਦੁਆਰਾ ਨਿਯਤ ਕਰੇ, ਇਹ ਪੈਰਾ ਅਜਿਹੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਪ੍ਰਦੇਸ਼ ਬਾਰੇ, ਜਿਹੇ ਅਧਿਸੂਚਨਾ ਵਿਚ ਉਲਿਖਤ ਕੀਤੇ ਜਾਣ, ਇਸ ਤਰ੍ਹਾਂ ਪ੍ਰਭਾਵ ਰਖੇਗਾ, ਜਿਵੇਂ ਕਿ--

(i) ਉਪ-ਪੈਰਾ (1) ਵਿਚ "ਜਿਨ੍ਹਾਂ ਦੀਆਂ ਸਾਰੀਆਂ ਧਿਰਾਂ ਅਜਿਹੇ ਖੇਤਰਾਂ ਅੰਦਰਲੇ ਅਨੁਸੂਚਿਤ ਕਬੀਲਿਆਂ ਦੀਆਂ ਹੀ ਹੋਣ ਅਤੇ ਜੋ ਉਨ੍ਹਾਂ ਦਾਵਿਆਂ ਅਤੇ ਮੁਕੱਦਮਿਆਂ ਤੋਂ ਬਿਨਾਂ ਹੋਣ ਜਿਨ੍ਹਾਂ ਨੂੰ ਇਸ ਅਨੁਸੂਚੀ ਦੇ ਪੈਰਾ 5 ਦੇ ਉਪ-ਪੈਰਾ (1) ਦੇ ਉਪਬੰਧ ਲਾਗੂ ਹੁੰਦੇ ਹਨ", ਸ਼ਬਦਾਂ ਦੀ ਥਾਵੇਂ "ਜੋ ਇਸ ਅਨਸੂਚੀ ਦੇ ਪੈਰਾ 5 ਦੇ ਉਪ-ਪੈਰਾ (1) ਵਿਚ ਹਵਾਲਾ ਦਿੱਤੀ ਪ੍ਰਕਿਰਤੀ ਦੇ ਅਜਿਹੇ ਦਾਵੇ ਅਤੇ ਮੁਕੱਦਮੇਂ ਨ ਹੋਣ, ਜੋ ਰਾਜਪਾਲ ਇਸ ਨਮਿਤ ਉਲਿਖਤ ਕਰੇ", ਰੱਖ ਦਿੱਤੇ ਗਏ ਹੋਣ ;

(ii) ਉਪ-ਪੈਰਾ (2) ਅਤੇ (3) ਲੋਪ ਕਰ ਦਿੱਤੇ ਗਏ ਹੋਣ ;

(iii) ਉਪ-ਪੈਰਾ (4) ਵਿਚ --

(ੳ) "ਕੋਈ ਪ੍ਰਦੇਸ਼ਕ ਪਰਿਸ਼ਦ ਜਾਂ ਜਿਲ੍ਹਾ ਪਰਿਸ਼ਦ, ਜਿਹੀ ਕਿ ਸੂਰਤ ਹੋਵੇ, ਰਾਜਪਾਲ ਦੀ ਪੂਰਵ ਪਰਵਾਨਗੀ ਨਾਲ"

Ministry of Law & Justice

---

[18] ਆਸਾਮ ਪੁਨਰਗਠਨਟ (ਮੇਘਾਲਯ) ਐਕਟ, 1969 (1960 ਦਾ 55), ਧਾਰਾ 74 ਅਤੇ ਚੈਥੀ ਅਨੁਸੂਚੀ ਦੁਆਰਾ (2.4.1070 ਤੋਂ ਲੈ ਕੇ) ਅੰਤਰਸਥਾਪਤ ।

[19] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) ਕੁਛ ਸ਼ਬਦਾਂ ਦੀ ਥਾਂਵੇਂ ਰਖਿਆ ਗਿਆ ।

ਸ਼ਬਦਾਂ ਦੀ ਥਾਂਵੇ "ਰਾਜਪਾਲ" ਸ਼ਬਦ ਅਤੇ ਅੰਤ ਵਿਚ ਆਉਣ ਵਾਲੇ ਸ਼ਬਦ "ਸਕੇਗੀ" ਦੀ ਥਾਂਵੇ "ਸਕੇਗਾ" ਰੱਖ ਦਿਤਾ ਗਿਆ ਹੋਵੇ।

(ਅ) ਖੰਡ (ਉ) ਲਈ ਹੇਠ-ਲਿਖਿਆਂ ਖੰਡ ਰੱਖ ਦਿੱਤਾ ਗਿਆ ਹੋਵੇ, ਅਰਥਾਤ --

"(ਉ) ਪਿੰਡ ਪਰਿਸ਼ਦਾਂ ਅਤੇ ਅਦਾਲਤਾਂ ਦੇ ਗਠਨ ਅਤੇ ਇਸ ਪੈਰੇ ਦੇ ਅਧੀਨ ਉਨ੍ਹਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਸ਼ਕਤੀਆਂ ਅਤੇ ਉਨ੍ਹਾਂ ਅਦਾਲਤਾਂ, ਜਿਨ੍ਹਾਂ ਨੂੰ ਪਿੰਡ ਪਰਿਸ਼ਦਾਂ ਅਤੇ ਅਦਾਲਤਾਂ ਦੇ ਫੈਸਲਿਆਂ ਤੋਂ ਅਪੀਲਾਂ ਹੋ ਸਕਣਗੀਆਂ ;"

(ਇ) ਖੰਡ (ਇ) ਦੀ ਥਾਵੇਂ ਹੇਠ-ਲਿਖਿਆ ਖੰਡ ਰਖਿਆ ਗਿਆ ਹੁੰਦਾ ਅਰਥਾਤ --

"(ਇ) ਉਪ-ਪੈਰਾ (5) ਅਧੀਨ ਰਾਸ਼ਟਰਪਤੀ ਦੁਆਰਾ ਨਿਯਤ ਤਰੀਕ ਤੋਂ ਤੁਰਤ ਪਹਿਲਾਂ ਪ੍ਰਦੇਸ਼ਕ ਜਾਂ ਜਿਲ੍ਹਾ ਪਰਿਸ਼ਦ ਜਾਂ ਅਜਿਹੀ ਪਰਿਸ਼ਦ ਦੁਆਰਾ ਗਠਤ ਕਿਸੇ ਅਦਾਲਤ ਵਿਚ ਲੰਬਿਤ ਅਪੀਲਾਂ ਅਤੇ ਹੋਰ ਕਾਰਵਾਈਆਂ ਦੀ ਬਦਲੀ ; " ਅਤੇ

(ਸ) ਖੰਡ (ਹ) ਵਿਚ ਸ਼ਬਦਾਂ ਬ੍ਰੈਕਟਾਂ ਅਤੇ ਅੰਕਾਂ "ਉਪਪੈਰਾ (1) ਅਤੇ (2)" ਦੀ ਥਾਵੇਂ ਸ਼ਬਦ, ਬ੍ਰੈਕਟਾਂ ਅਤੇ ਅੰਕ "ਉਪਪੈਰਾ (1)" ਰੱਖ ਦਿੱਤੇ ਗਏ ਹੋਣ ।]

(5) **ਕੁਝ ਕੁ ਦਾਵਿਆਂ ਮੁਕੱਦਿਮਿਆਂ ਅਤੇ ਅਪਰਾਧਾਂ ਦੇ ਵਿਚਾਰਣ ਲਈ ਪ੍ਰਦੇਸ਼ਕ ਅਤੇ ਜਿਲ੍ਹਾ ਪਰਿਸ਼ਦਾਂ ਨੂੰ ਅਤੇ ਕੁਝ ਕੁ ਅਦਾਲਤਾਂ ਅਤੇ ਅਫ਼ਸਰਾਂ ਨੂੰ ਜਾਬਤਾ ਦੀਵਾਨੀ ਸੰਘਤਾ, 1908 ਅਤੇ ਜਾਬਤਾ ਫੋਜਦਾਰੀ ਸੰਘਤਾ [20]1898 ਦੇ ਅਧੀਨ ਸ਼ਕਤੀਆਂ ਦਾ ਪ੍ਰਦਾਨ.**—(1) ਰਾਜਪਾਲ, ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਪ੍ਰਦੇਸ਼ ਵਿਚ ਕਿਸੇ ਅਜਿਹੇ ਨਾਫ਼ਜ਼ ਕਾਨੂੰਨ

[20] ਜਾਬਤਾ ਫੋਜਦਾਰੀ ਸੰਘਤਾ, 1973 (1974 ਦਾ 2)

ਤੋਂ ਜਿਸ ਨੂੰ ਰਾਜਪਾਲ ਨੇ ਉਸ ਨਮਿੱਤ ਉਲਿਖਤ ਕੀਤਾ ਹੋਵੇ ਪੈਦਾ ਹੋਏ ਦਾਵਿਆਂ ਜਾਂ ਮੁਕੱਦਮਿਆਂ ਦੇ ਵਿਚਾਰਣ ਲਈ, ਜਾਂ ਭਾਰਤੀ ਦੰਡ ਸੰਘਤਾ ਦੇ ਅਧੀਨ ਜਾਂ ਅਜਿਹੇ ਜਿਲ੍ਹੇ ਜਾਂ ਪ੍ਰਦੇਸ਼ ਨੂੰ ਤਤ-ਸਮੇਂ ਲਾਗੂ ਕਿਸੇ ਹੋਰ ਕਾਨੂੰਨ ਦੇ ਅਧੀਨ ਮੌਤ, ਉਮਰ ਕੈਦ, ਜਾਂ ਘੱਟ ਤੋਂ ਘੱਟ ਪੰਜ ਸਾਲ ਦੀ ਕੈਦ ਨਾਲ ਸਜਾ-ਯੋਗ ਅਪਰਾਧਾਂ ਦੇ ਵਿਚਾਰਣ ਲਈ, ਅਜਿਹੇ ਜਿਲ੍ਹੇ ਜਾਂ ਪ੍ਰਦੇਸ਼ ਤੇ ਸੱਤਾ ਰੱਖਣ ਵਾਲੀ ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਜਾਂ ਅਜਿਹੀ ਜਿਲ੍ਹਾ ਪਰਿਸ਼ਦ ਦੁਆਰਾ ਗਠਤ ਅਦਾਲਤਾਂ ਨੂੰ ਜਾਂ ਰਾਜਪਾਲ ਦੁਆਰਾ ਇਸ ਨਮਿੱਤ ਨਿਯੁਕਤ ਕਿਸੇ ਅਫ਼ਸਰ ਨੂੰ ਜਾਬਤਾ ਦੀਵਾਨੀ ਸੰਘਤਾ, 1908 ਜਾਂ ਜਾਬਤਾ ਫੋਜਦਾਰੀ ਸੰਘਤਾ, [20]1898, ਜਿਹੀ ਕਿ ਸੂਰਤ ਹੋਵੇ, ਦੇ ਅਧੀਨ ਅਜਿਹੀਆਂ ਸ਼ਕਤੀਆਂ ਪ੍ਰਦਾਨ ਕਰ ਸਕੇਗਾ, ਜਿਹੀਆਂ ਉਹ ਮੁਨਾਸਬ ਸਮਝੇ, ਅਤੇ ਉਸ ਤੇ ਉਕਤ ਪਰਿਸ਼ਦ, ਅਦਾਲਤ ਜਾਂ ਅਫ਼ਸਰ ਇਸ ਤਰ੍ਹਾਂ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਵਿਚ ਉਨ੍ਹਾਂ, ਦਾਵਿਆਂ, ਮੁਕੱਦਮਿਆਂ ਜਾਂ ਅਪਰਾਧਾਂ ਦਾ ਵਿਚਾਰਣ ਕਰੇਗਾ।

(2) ਰਾਜਪਾਲ ਕਿਸੇ ਜਿਲ੍ਹਾ ਪਰਿਸ਼ਦ, ਪ੍ਰਦੇਸ਼ਕ, ਅਦਾਲਤ ਜਾਂ ਅਫ਼ਸਰ ਨੂੰ ਇਸ ਪੈਰੇ ਦੇ ਉਪਪੈਰਾ (1) ਦੇ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਵਿੱਚੋਂ ਕਿਸੇ ਨੂੰ ਵਾਪਸ ਲੈ ਸਕੇਗਾ ਜਾਂ ਰੂਪਭੇਦ ਕਰ ਸਕੇਗਾ।

(3) ਇਸ ਪੈਰੇ ਵਿਚ ਸਪੱਸ਼ਟ ਤੋਰ ਤੇ ਉਪਬੰਧਤ ਨੂੰ ਛੱਡ ਦੇ, ਜਾਬਤਾ ਦੀਵਾਲੀ ਸੰਘਤਾ, 1908 ਅਤੇ ਜਾਬਤਾ ਫੌਜਦਾਰੀ ਸੰਘਤਾ, [20]1898, ਕਿਸੇ ਖੁਦਮੁਖ਼ਤਾਰ ਜਿਲ੍ਹੇ ਵਿਚ ਜਾਂ ਕਿਸੇ ਖੁਦਮੁਖ਼ਤਾਰ ਪ੍ਰਦੇਸ਼ ਵਿਚ ਜਿਸ ਨੂੰ ਇਸ ਪੈਰੇ ਦੇ ਉਪਬੰਧ ਲਾਗੂ ਹੁੰਦੇ ਹਨ, ਕਿਸੇ ਦਾਵਿਆਂ, ਮੁਕੱਦਮਿਆਂ ਜਾਂ ਅਪਰਾਧਾਂ ਦੇ ਵਿਚਾਰਣ ਨੂੰ ਲਾਗੂ ਨਹੀਂ ਹੋਣਗੀਆਂ।

[21][(4) ਕਿਸੇ ਖੁਦਮੁਖ਼ਤਾਰ ਜਿਲ੍ਹੇ ਜਾਂ ਖੁਦਮੁਖ਼ਤਾਰ ਪ੍ਰਦੇਸ਼ ਦੇ ਸੰਬੰਧ ਵਿਚ ਪੈਰਾ 4 ਦੇ ਉਪਬੰਧ (5) ਦੇ ਅਧੀਨ ਰਾਸ਼ਟਰਪਤੀ ਦੁਆਰਾ

---

[21] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਅੰਤਰਸਥਾਪਤ।

ਨਿਯਤ ਤਰੀਕ ਨੂੰ ਅਤੇ ਤੋਂ ਇਸ ਪੈਰੇ ਦੀ, ਜਿਵੇਂ ਕਿ ਇਹ ਉਸ ਜਿਲ੍ਹੇ ਜਾਂ ਪ੍ਰਦੇਸ਼ ਨੂੰ ਲਾਗੂ ਹੋਵੇ, ਕਿਸੇ ਗੱਲ਼ ਦੇ ਬਾਰੇ ਇਹ ਨਹੀਂ ਸਮਝਿਆ ਜਾਵੇਗਾ ਕਿ ਉਹ ਰਾਜਪਾਲ ਨੂੰ ਅਧਿਕਾਰਤ ਕਰਦੀ ਹੈ ਕਿ ਉਹ ਕਿਸੇ ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਜਾਂ ਜਿਲ੍ਹਾ ਪਰਿਸ਼ਦ ਦੁਆਰਾ ਗਠਤ ਅਦਾਲਤਾਂ ਨੂੰ ਇਸ ਪੈਰੇ ਦੇ ਉਪ-ਪੈਰਾ (1) ਵਿਚ ਹਵਾਲਾ ਦਿੱਤੀਆਂ ਸ਼ਕਤੀਆਂ ਵਿਚੋਂ ਕੋਈ ਪ੍ਰਦਾਨ ਕਰੇ ।]

[22][6. **ਜਿਲ੍ਹਾ ਪਰਿਸ਼ਦ ਦੀ ਮੁਢਲੇ ਸਕੂਲ ਆਦਿ ਸਥਾਪਤ ਕਰਨ ਦੀ ਸ਼ਕਤੀ**,--(1) ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਮੁਢਲੇ ਸਕੂਲ, ਦਵਾਖਾਨੇ, ਮੰਡੀਆਂ, [23][ਕਾਂਜੀ ਹਾਉਸ] ਬੇੜੀ-ਘਾਟ, ਮੱਛੀ-ਖੇਤਰ, ਸੜਕਾਂ, ਸੜਕ-ਟਰਾਂਸਪੋਰਟ ਅਤੇ ਜਲ-ਮਾਰਗ ਸਥਾਪਤ ਕਰ ਸਕੇਗੀ, ਬਣਾ ਸਕੇਗੀ ਜਾਂ ਉਨ੍ਹਾਂ ਦਾ ਪ੍ਰਬੰਧ ਕਰ ਸਕੇਗੀ ਅਤੇ ਰਾਜਪਾਲ ਦੀ ਪੂਰਵ-ਪਰਵਾਨਗੀ ਨਾਲ ਉਨ੍ਹਾਂ ਦੇ ਵਿਨਿਯਮਨ ਅਤੇ ਕੰਟਰੋਲ ਲਈ ਵਿਨਿਯਮ ਬਣਾ ਸਕੇਗੀ ਅਤੇ, ਖਾਸ ਕਰਦੇ, ਉਹ ਭਾਸ਼ਾ ਅਤੇ ਉਹ ਢੰਗ ਮੁਕੱਰਰ ਕਰ ਸਕੇਗੀ ਜਿਸ ਵਿਚ ਜਿਲ੍ਹੇ ਦੇ ਮੁਢਲੇ ਸਕੂਲਾਂ ਵਿਚ ਮੁਢਲਈ ਸਿਖਿਆ ਦਿੱਤੀ ਜਾਵੇਗੀ ।

(2) ਰਾਜਪਾਲ, ਜਿਲ੍ਹਾ ਪਰਿਸ਼ਦ ਦੀ ਸੰਮਤੀ ਨਾਲ, ਉਸ ਪਰਿਸ਼ਦ ਨੂੰ ਜਾਂ ਉਸ ਦੇ ਅਫ਼ਸਰਾਂ ਨੂੰ ਜ਼ਰਾਇਤ, ਪਸ਼ੂ ਪਾਲਣ, ਸਮੂਹਕ ਪ੍ਰਾਜੈਕਟਾਂ, ਸਹਿਕਾਰੀ ਸੰਸਥਾਵਾਂ, ਸਮਾਜ ਭਲਾਈ, ਗ੍ਰਾਮ ਯੋਜਨਾ ਜਾਂ ਹੋਰ ਅਜਿਹੇ ਮਾਮਲੇ ਦੇ ਸੰਬੰਧ ਵਿਚ, ਜਿਸ ਤੇ [24] * * * * ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਹੋਵੇ, ਕਾਜਕਾਰ ਸ਼ਕਤੀ ਜਾਂ ਅਸ਼ਰਤੀ ਤੌਰ ਤੇ ਸੌਂਪ ਸਕੇਗਾ ]

7. **ਜਿਲ੍ਹਾ ਅਤੇ ਪ੍ਰਦੇਸ਼ਕ ਫੰਡ**.—(1) ਹਰੇਕ ਖ਼ੁਦਮੁਖ਼ਤਾਰ ਜਿਲ੍ਹੇ ਲਈ

---

[22] ਉਪਰੋਕਤ ਦੀ ਧਾਰਾ 74 ਅਤੇ ਚੌਥੀ ਅਨੁਸੂਚੀ ਦੁਆਰਾ ਪੈਰਾ 6 (2-4-1970 ਤੋਂ ਲੈ ਕੇ) ਦੀ ਥਾਂਵੇਂ ਰਖਿਆ ਗਿਆ ।

[23] ਨਿਕਸਨ ਅਤੇ ਸੰਸ਼ੋਧਨ ਐਕਟ, 1974 (1974 ਦਾ 56) ਦੀ ਧਾਰਾ 4 ਦੁਆਰਾ "ਕਾਂਜੀ ਹਾਉਸ" ਦੀ ਥਾਵੇਂ ਪ੍ਰਤਿਸਥਾਪਤ ।

[24] ਸ਼ਬਦ "ਆਸਾਮ ਜਾਂ ਮੇਘਾਲਯ ਜਿਹੀ ਕਿ ਸੂਰਤ ਹੋਵੇ," ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) ਲੋਪ ਕਰ ਦਿੱਤੇ ਗਏ ।



Ministry of Law & Justice

ਇਕ ਜਿਲ੍ਹਾ ਫੰਡ ਅਤੇ ਹਰੇਕ ਖ਼ੁਦਮੁਖ਼ਤਾਰ ਪ੍ਰਦੇਸ਼ ਲਈ ਇਕ ਪ੍ਰਦੇਸ਼ਕ ਫੰਡ ਗਠਤ ਕੀਤਾ ਜਾਵੇਗਾ, ਜਿਸ ਵਿਚ ਕ੍ਰਮਵਾਰ ਉਸ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਅਤੇ ਉਸ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਦੁਆਰਾ ਉਸ ਜਿਲ੍ਹੇ ਜਾਂ ਪ੍ਰਦੇਸ਼ ਦੇ, ਜਿਹੀ ਕਿ ਸੂਰਤ ਹੋਵੇ, ਇਸ ਸੰਵਿਧਾਨ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਪ੍ਰਸ਼ਾਸਨ ਦੇ ਦੌਰ ਵਿਚ ਪ੍ਰਾਪਤ ਹੋਏ ਸਭ ਧਨ ਜਮ੍ਹਾਂ ਕੀਤੇ ਜਾਣਗੇ।

[25][(2) ਰਾਜਪਾਲ ਜਿਲ੍ਹਾ ਫੰਡ ਜਾਂ ਪ੍ਰਦੇਸ਼ਕ ਫੰਡ, ਜਿਹੀ ਕਿ ਸੂਰਤ ਹੋਵੇ, ਦੇ ਪ੍ਰਬੰਧ ਲਈ ਅਤੇ ਉਕਤ ਫੰਡ ਵਿਚ ਧਨ ਜਮ੍ਹਾਂ ਕਰਾਉਣ ਅਤੇ ਉਸ ਵਿਚੋਂ ਧਨ ਕਢਾਉਣ ਦੇ ਬਾਰੇ ਵਿਚ ਪੈਰਵੀ ਕੀਤੇ ਜਾਣ ਵਾਲੇ ਜਾਬਤੇ, ਉਸ ਵਿਚ ਧਨ ਦੀ ਸੰਭਾਲ ਅਤੇ ਉਪਰੋਕਤ ਮਾਮਲਿਆਂ ਨਾਲ ਸੰਬੰਧਤ ਜਾਂ ਅਨੁਸੰਗਕ ਕਿਸੇ ਹੋਰ ਮਾਮਲੇ ਲਈ ਨਿਯਮ ਬਣਾ ਸਕੇਗਾ।

(3) ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ, ਜਿਹੀ ਕਿ ਸੂਰਤ ਹੋਵੇ, ਦੇ ਲੇਖੇ ਅਜਿਹੇ ਰੂਪ ਵਿਚ ਰਖੇ ਜਾਣਗੇ ਜਿਹੇ ਕਿ ਭਾਰਤ ਦਾ ਕੰਪਟਰੋਲਰ ਅਤੇ ਮਹਾਂ-ਲੇਖਾ ਪਰੀਖਿਅਕ, ਰਾਸ਼ਟਰਪਤੀ ਦੀ ਪਰਵਾਨਗੀ ਨਾਲ, ਮੁਕੱਰਰ ਕਰੇ।

(4) ਕੰਪਟਰੋਲਕ ਅਤੇ ਮਹਾਂ-ਲੇਖਾ ਪਰਿਖਿਅਕ ਜਿਲ੍ਹਾ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੇ ਲੇਖਿਆਂ ਦੀ ਲੇਖਾ-ਪਰੀਖਿਆ ਅਜਿਹੇ ਢੰਗ ਨਾਲ ਕਰਵਾਏਗਾ ਜੋ ਉਹ ਠੀਕ ਸਮਝੇ, ਅਤੇ ਕੰਪਟਰੋਲਕ ਅਤੇ ਮਹਾਂ-ਲੇਖਾ ਪਰਿਖਿਅਕ ਦੀਆਂ ਅਜਿਹੇ ਲੇਖਿਆਂ ਨਾਲ ਸੰਬੰਧਤ ਰਿਪੋਟਾਂ ਰਾਜਪਾਲ ਨੂੰ ਪੇਸ਼ ਕੀਤੀਆਂ ਜਾਣਗੀਆਂ, ਜੋ ਉਨ੍ਹਾਂ ਨੂੰ ਪਰਿਸ਼ਦ ਦੇ ਅੱਗੇ ਰਖਵਾਏਗਾ।]

8. **ਮਾਲਈਆ ਨਿਰਧਾਰਣ ਕਰਨ ਅਤੇ ਉਗਰਾਹੁਣ ਅਤੇ ਕਰ ਅਰੋਪਣ ਦੀਆਂ ਸ਼ਕਤੀਆਂ,**--(1) ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਨੂੰ ਅਜਿਹੇ ਪ੍ਰਦੇਸ਼ ਅੰਤਰਲਈਆਂ ਸਭ ਭੌਆਂ ਬਾਰੇ , ਅਤੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਨੂੰ ਉਸ ਜਿਲ੍ਹੇ ਅੰਦਰ ਪ੍ਰਦੇਸ਼ਕ ਪਰਿਸ਼ਦਾਂ, ਜੇ ਕੋਈ ਹੋਣ, ਦੀ ਸੱਤਾ ਦੇ ਅਧੀਨ ਖੇਤਰਾਂ ਵਿਚਲਈਆਂ ਦੇ

[25] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ ਉਪ-ਪੈਰਾ (2) ਦੀ ਥਾਵੇਂ (2.4.1970 ਤੋਂ ਲੈ ਕੇ) ਰਖਿਆ ਗਿਆ।

ਸਿਵਾਏ ਉਸ ਜਿਲ੍ਹੇ ਅੰਦਰਲਈਆਂ ਹੋਰ ਸਭ ਭੌਆਂ ਬਾਰੇ, ਉਨ੍ਹਾਂ ਸਿਧਾਂਤਾਂ ਜਿਨ੍ਹਾਂ ਦੀ [26][ਆਮ ਤੋਰ ਤੇ ਰਾਜ ਦੀ ਸਰਕਾਰ ਦੁਆਰਾ ਭੋਂ ਮਾਲਈਏ ਦੇ ਪ੍ਰਯੋਜਨ ਲਈ ਰਾਜ ਵਿਚ ਭੋਆਂ ਦਾ ਨਿਰਧਾਰਣ ਕਰਨ ਲਈ] ਤਤ-ਸਮੇਂ ਪੈਰਵੀ ਕੀਤੀ ਜਾਂਦੀ ਹੈ, ਦੀ ਅਨੁਸਾਰਤਾ ਵਿਚ, ਅਜਿਹੀਆਂ ਭੌਆਂ ਬਾਰੇ ਮਾਲਈਆ ਨਿਰਧਾਰਣ ਕਰਨ ਅਤੇ ਉਗਰਾਹੁਣ ਦੀ ਸ਼ਕਤੀ ਪ੍ਰਾਪਤ ਹੋਵੇਗੀ।

(2) ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਦੀ ਪ੍ਰਦੇਸ਼ਕ ਪਰਿਸ਼ਦ ਨੂੰ ਅਜਿਹੇ ਪ੍ਰਦੇਸ਼ ਅੰਦਰਹੇ ਖੇਤਰਾਂ ਬਾਰੇ ਅਤੇ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਨੂੰ ਉਸ ਜਿਲ੍ਹੇ ਅੰਦਰ ਪ੍ਰਦੇਸ਼ਕ ਪਰਿਸ਼ਦਾਂ, ਜੇ ਕੋਈ ਹੋਣ, ਦੀ ਸੱਤਾ ਦੇ ਅਧੀਨ ਖੇਤਰਾਂ ਦੇ ਸਿਵਾਏ ਉਸ ਜਿਲ੍ਹੇ ਵਿਚ ਸਭ ਖੇਤਰਾਂ ਬਾਰੇ ਭੌਆਂ ਅਤੇ ਇਮਾਰਤਾਂ ਤੇ ਕਰ, ਅਤੇ ਅਜਿਹੇ ਖੇਤਰਾਂ ਅੰਦਰ ਨਿਵਾਸੀ ਵਿਅਕਤੀਆਂ ਤੇ ਟੌਲ ਲਾਉਣ ਅਤੇ ਉਗਰਾਹੁਣ ਦੀ ਸ਼ਕਤੀ ਪ੍ਰਾਪਤ ਹੇਵੇਗੀ।

(3) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਨੂੰ ਅਜਿਹੇ ਜਿਲ੍ਹੇ ਅੰਦਰ ਹੇਠ-ਲਿਖੇ ਸਭ ਕਰ ਜਾਂ ਉਨ੍ਹਾਂ ਵਿਚੋਂ ਕੋਈ ਲਾਉਣ ਅਤੇ ਉਗਰਾਹੁਣ ਦੀ ਸ਼ਕਤੀ ਪ੍ਰਾਪਤ ਹੋਵੇਗੀ, ਅਰਥਾਤ ---

(ੳ) ਪੇਸ਼ਿਆਂ, ਧੰਦਿਆਂ, ਕਿੱਤਿਆਂ ਅਤੇ ਰੋਜਗਾਰਾਂ ਤੇ ਕਰ ;

(ਅ) ਪਸ਼ੂਆਂ, ਗੱਡੀਆਂ ਅਤੇ ਕਿਸ਼ਤੀਆਂ ਤੇ ਕਰ ;

(ੲ) ਕਿਸੇ ਮੰਡੀ ਵਿਚ, ਉਸ ਵਿਚ ਵਿਕਣ ਲਈ ਮਾਲ ਦੇ ਪ੍ਰਵੇਸ਼ ਤੇ ਕਰ, ਅਤੇ ਬੇੜੀਆਂ ਦੁਆਰਾ ਢੋਏ ਜਾਣ ਵਾਲੇ ਮੁਸਾਫ਼ਰਾ ਅਤੇ ਮਾਲੇ ਤੇ ਟੋਲ; [27]***

(ਸ) ਸਕੂਲਾਂ, ਦਵਾਖਾਨਿਆਂ ਜਾਂ ਸੜਕਾਂ ਦੇ ਕਾਇਮ

---

[26] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) ਕੁਝ ਕੁ ਸ਼ਬਦਾਂ ਦੀ ਥਾਂਵੇਂ ਰਖੇ ਗਏ।

[27] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 16 (i) ਦੁਆਰਾ (16.09.2016 ਤੋਂ ਪ੍ਰਭਾਵੀ) "ਅਤੇ" ਸ਼ਬਦ ਦਾ ਲੋਪ ਕੀਤਾ ਗਿਆ।

ਰਖੱਣ ਲਈ ਕਰ [28]ਅਤੇ;

[29][(ਹ) ਮਨੋਰੰਜਨ ਅਤੇ ਇਲਪਰਚਾਵੇ ਤੇ ਕਰ ;]"।

(4) ਕੋਈ ਪ੍ਰਦੇਸ਼ਕ ਪਰਿਸ਼ਦ ਜਾਂ ਜਿਲ੍ਹਾ ਪਰਿਸ਼ਦ, ਜਿਹੀ ਕੀ ਸੂਰਤ ਹੋਵੇ, ਇਸ ਪੈਰੇ ਦੇ ਉਪਪੈਰਾ (2) ਅਤੇ (3) ਵਿਚ ਉਲਿਖਤ ਕਰਾਂ ਵਿਚੋਂ ਕਿਸੇ ਦਾ ਲਾਉਣਾ ਅਤੇ ਉਗਰਾਹੁਣਾ ਉਪਬੰਧਤ ਕਰਨ ਲਈ ਵਿਨਿਯਮ ਬਣਾ ਸਕੇਗੀ [30][ ਅਤੇ ਅਜਿਹਾ ਹਰੇਕ ਵਿਨਿਯਮ ਤਤਕਾਲ ਰਾਜਪਾਲ ਨੂੰ ਪੇਸ਼ ਕੀਤਾ ਜਾਵੇਗਾ ਅਤੇ ਜਦ ਤਕ ਉਹ ਅਨੁਮਤੀ ਨ ਦੇ ਦੇਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।]

[31]9. **ਖਣਿਜਾਂ ਦੇ ਖੋਜ਼ਣ ਜਾਂ ਕੱਢਣ ਦੇ ਪ੍ਰਯੋਜਨ ਲਈ ਲਸੰਸ ਜਾਂ ਪੱਟੇ.**—(1) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਅੰਦਰ ਕਿਸੇ ਖੇਤਰ ਬਾਰੇ [32][ਰਾਜ ਦੀ ਸਰਕਾਰ] ਦੁਆਰਾ ਖਣਿਜਾਂ ਦੇ ਖੋਜਣ ਜਾਂ ਕੱਢਣ ਦੇ ਪ੍ਰਯੋਜਨ ਲਈ ਦਿੱਤੇ ਗਏ ਲਸੰਸਾਂ ਜਾਂ ਪੱਟਿਆਂ ਤੋਂ ਹਰੇਕ ਸਾਲ ਹਾਸਲ ਹੋਣ ਵਾਲੀਆਂ ਰਾਇਲਟੀਆਂ ਦਾ ਅਜਿਹਾ ਹਿੱਸਾ, ਜਿਹਾ ਕਿ [29][ਰਾਜ ਦੀ ਸਰਕਾਰ] ਅਤੇ ਅਜਿਹੇ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਵਿਚਕਾਰ ਕਰਾਰ ਪਾਵੇ, ਉਸ ਜਿਲ੍ਹਾ ਪਰਿਸ਼ਦ ਨੂੰ ਦੇ ਦਿੱਤਾ ਜਾਵੇਗਾ ।

---

[28] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 16 (ii) ਦੁਆਰਾ (16.09.2016 ਤੋਂ ਪ੍ਰਭਾਵੀ) "ਅਤੇ" ਸ਼ਬਦ ਜੋੜ੍ਹਿਆ ਗਿਆ ।

[29] ਉਪਰੋਕਤ ਦੀ ਧਾਰਾ 16 (iii) ਦੁਆਰਾ (16.09.2016 ਤੋਂ ਪ੍ਰਭਾਵੀ) ਅੰਰਸਥਾਪਤ ।

[30] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਅੰਤਰਸਥਾਪਤ।

[31] ਸੰਵਿਧਾਨ (ਛੇਵੀਂ ਅਨੁਸੂਚੀ) ਸੋਧ ਐਕਟ, 1988 (1988 ਦਾ 67) ਦੀ ਧਾਰਾ 2 ਦੁਆਰਾ ਪੈਰਾ 9 ਤ੍ਰਿਪੁਰਾ ਅਤੇ ਮਿਜੋਰਮ ਰਾਜਾਂ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ ਜਿਸ ਨਾਲ ਉਪ-ਪੈਰਾ (2) ਦੇ ਪਿਛੋਂ ਹੇਠ-ਲਿਖਿਆ ਉਪ-ਪੈਰਾ ਅੰਰਸਥਾਪਤ ਕੀਤਾ ਜਾ ਸਕੇ, ਅਰਥਾਤ

"(3) ਰਾਜਪਾਲ, ਹੁਕਮ ਦੁਆਰਾ, ਇਹ ਨਿਦੇਸ਼ ਦੇ ਸਕੇਗਾ ਕਿ ਇਸ ਪੈਰ੍ਹੇ ਦੇ ਅਧੀਨ ਜਿਲ੍ਹਾਂ ਪਰਿਸ਼ਦ ਨੂੰ ਦਿਤੇ ਜਾਣ ਵਾਲੇ ਮਾਲਕੀ ਦੇ ਹਿੱਸੇ ਉਸ ਪਰਿਸ਼ਦ ਨੂੰ, ਜਿਹੀ ਕਿ ਸੂਰਤ ਹੋਵੇ, ਉਪ-ਪੈਰਾ (1) ਦੇ ਅਧੀਨ ਕਰਾਰ ਜਾਂ ਉਪ-ਪੈਰਾ (2) ਦੇ ਅਧੀਨ ਕਿਸੇ ਤੈਅ ਕਰਨ ਦੀ ਤਰੀਕ ਤੋਂ ਇਸ ਸਾਲ ਦੀ ਮੁੱਦਤ ਅੰਦਰ ਕੀਤਾ ਜਾਵੇਗਾ ।"]

[32]ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) "ਆਸਾਮ ਦੀ ਸਰਕਾਰ" ਦੀ ਥਾਂਵੇਂ ਰਖੇ ਗਏ ।"

(2) ਕਿਸੇ ਜਿਲ੍ਹਾ ਪਰਿਸ਼ਦ ਨੂੰ ਦੇ ਦਿੱਤੀਆਂ ਜਾਣ ਵਾਲੀਆਂ ਅਜਿਹੀਆਂ ਰਾਇਲਟੀਆਂ ਦੇ ਹਿੱਸੇ ਬਾਬਤ ਜੋ ਕੋਈ ਝਗੜਾ ਪੈਦਾ ਹੋਵੇ ਤਾਂ, ਉਸੇ ਨੂੰ ਤੈਅ ਕਰਨ ਲਈ ਰਾਜਪਾਲ ਨੂੰ ਹਵਾਲਾ ਕੀਤਾ ਜਾਵੇਗਾ ਅਤੇ ਆਪਣੇ ਸਵੈ-ਵਿਵੇਕ ਨਾਲ ਰਾਜਪਾਲ ਦੁਆਰਾ ਤੈਅ ਕੀਤੀ ਗਈ ਰਕਮ ਇਸ ਪੈਰੇ ਦੇ ਉਪਪੈਰਾ (1) ਦੇ ਅਧੀਨ ਜਿਲ੍ਹਾ ਪਰਿਸ਼ਦ ਨੂੰ ਅਦਾਇਗੀਯੋਗ ਰਕਮ ਸਮਝੀ ਜਾਵੇਗੀ ਅਤੇ ਰਾਜਪਾਲ ਦਾ ਫ਼ੈਸਲਾ ਅੰਤਮ ਹੋਵੇਗਾ ।

[33]10. **ਗੈਰ-ਕਬਾਇਲੀਆਂ ਦੇ ਸ਼ਾਹੂਕਾਰੇ ਅਤੇ ਵਪਾਰ ਦੇ ਕੰਟਰੋਲ ਲਈ ਵਿਨਿਯਮ ਬਣਾਉਣ ਦੀ ਜਿਲ੍ਹਾ ਪਰਿਸ਼ਦ ਦੀ ਸ਼ਕਤੀ** –(1) ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਉਸ ਜਿਲ੍ਹੇ ਵਿਚ ਨਿਵਾਸੀ ਅਨੁਸੂਚਿਤ ਕਬੀਲਿਆਂ ਤੋਂ ਬਿਨਾਂ ਹੋਰ ਵਿਅਕਤੀਆਂ ਦੁਆਰਾ ਉਸ ਜਿਲ੍ਹੇ ਅੰਦਰ ਸ਼ਾਹੂਕਾਰੇ ਜਾਂ ਵਪਾਰ ਦੇ ਵਿਨਿਯਮਨ ਅਤੇ ਕੰਟਰੋਲ ਲਈ ਵਿਨਿਯਮ ਬਣਾ ਸਕੇਗੀ ।

(2) ਖ਼ਾਸ ਕਰਦੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ

---

[33] ਸੰਵਿਧਾਨ (ਛੇਵੀਂ ਅਨੁਸੂਚੀ) ਸੋਧ ਐਕਟ, 1988 (1988 ਦਾ 67) ਦੀ ਧਾਰਾ 2 ਦੁਆਰਾ ਪੈਰਾ 10 ਤ੍ਰਿਪੁਰਾ ਅਤੇ ਮਿਜੋਰਮ ਰਾਜਾਂ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤਾ ਗਿਆ:-

(ੳ) ਮੁੱਖ ਬੰਧ ਵਿਚ "ਕਬੀਲਿਆਂ ਤੋਂ ਬਿਨ੍ਹਾਂ ਵਿਅਕਤੀਆਂ ਦੀ" ਸ਼ਬਦਾਂ ਦਾ ਲੋਪ ਕੀਤਾ ਜਾਵੇਗਾ ।

(ਅ) ਉਪ-ਪੈਰ੍ਹਾ (1) ਵਿਚੋਂ "ਕਬੀਲਿਆਂ ਤੋਂ ਬਿਨ੍ਹਾਂ" ਸ਼ਬਦਾਂ ਦਾ ਲੋਪ ਕੀਤਾ ਜਾਵੇਗਾ ।

(ੲ) ਉਪ-ਪੈਰ੍ਹਾ (1) ਵਿਚ ਖੰਡ (ਸ) ਦੀ ਥਾਵੇਂ, ਹੇਠ ਲਿਖਿਆਂ ਖੰਡ ਰਖਿਆ ਜਾਵੇਗਾ, ਅਰਥਾਤ:-

"(ਸ) ਮੁਕਰਰ ਕਰ ਸਕੇਗਾ ਕਿ ਕੋਈ ਵਿਅਕਤੀ, ਜੋ ਜਿਲ੍ਹੇ ਦਾ ਨਿਵਾਸੀ ਹੈ, ਜਿਲ੍ਹਾ ਪਰਿਸ਼ਦ ਦੁਆਰਾ ਇਸ ਨਮਿੱਤ ਦਿੱਤੇ ਗਏ ਲਾਇਸੰਸ ਦੇ ਅਧੀਨ ਕੋਈ ਥੋਕ ਜਾਂ ਫੁਟਕਲ ਵਪਾਰ ਕਰੇਗਾ, ਹੋਰਵੇਂ ਨਹੀਂ ।"

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਪੈਰ੍ਹਾ 10 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖਿਆ ਰੂਪ ਵਿਚ ਸੋਧ ਕੀਤਾ ਗਿਆ ਜਿਸ ਨਾਲ ਉਪ-ਪੈਰ੍ਹਾ (3) ਦੇ ਪਿੱਛੋਂ ਨਿਮਨ ਲਿਖਿਤ ਅੰਤਰਸਥਾਪਤ ਕੀਤਾ ਜਾ ਸਕੇ, ਅਰਥਾਤ:-

"(4) ਇਸ ਪੈਰ੍ਹੇ ਦੀ ਕੋਈ ਗਲ, ਇਸ ਅਨੁਸੂਚੀ ਦੇ ਪੈਰ੍ਹਾ 2 ਦੇ ਉਪ-ਪੈਰ੍ਹਾ (3) ਦੇ ਪਰੰਤੁਕ ਦੇ ਅਧੀਨ ਗਠਤ ਬੋਡੋਲੈਂਡ, ਪ੍ਰਾਦੇਸ਼ਿਕ ਪਰਿਸ਼ਦ ਨੂੰ ਲਾਗੂ ਨਹੀਂ ਹੋਵੇਗੀ ।"

"

Ministry of Law & Justice

ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਵਿਨਿਯਮ--

(ੳ) ਮੁਕੱਰਰ ਕਰ ਸਕਣਗੇ ਕਿ ਉਸ ਨਮਿੱਤ ਜਾਰੀ ਕੀਤਾ ਗਿਆ ਲਸੰਸ ਰੱਖਣ ਵਾਲੇ ਵਿਅਕਤੀ ਦੇ ਸਿਵਾਏ ਕੋਈ ਹੋਰ ਸ਼ਾਹੂਕਾਰੇ ਦਾ ਕਾਰੋਬਾਰ ਨਹੀ ਕਰੇਗਾ ;

(ਅ) ਵਿਆਜ ਦੀ ਵੱਧ ਤੋਂ ਵੱਧ ਦਰ ਮੁਕੱਰਰ ਕਰ ਸਕਣਗੇ ਜੋ ਕਿਸੇ ਸ਼ਾਹੂਕਾਰ ਦੁਆਰਾ ਚਾਰਜ ਜਾਂ ਵਸੂਲ ਕੀਤੀ ਜਾ ਸਕੇਗੀ ;

(ੲ) ਸ਼ਾਹੂਕਾਰਾਂ ਦੁਆਰਾ ਲੇਖੇ ਰੱਖਣ ਦਾ ਅਤੇ ਜਿਲ੍ਹਾ ਪਰਿਸ਼ਦ ਦੁਆਰਾ ਉਸ ਨਮਿੱਤ ਨਿਯੁਕਤ ਅਫ਼ਸਰਾਂ ਦੁਆਰਾ ਅਜਿਹੇ ਲੇਖਿਆਂ ਦੇ ਨਿਰੀਖਣ ਦਾ ਉਪਬੰਧ ਕਰ ਸਕਣਗੇ ;

(ਸ) ਮੁਕੱਰਰ ਕਰ ਸਕਣਗੇ ਕਿ ਕੋਈ ਵਿਅਕਤੀ, ਜੋ ਜਿਲ੍ਹੇ ਵਿਚ ਨਿਵਾਸੀ ਅਨੁਸੂਚਿਤ ਕਬੀਲਿਆਂ ਵਿਚੋਂ ਨਹੀਂ ਹੈ, ਜਿਲ੍ਹਾ ਪਰਿਸ਼ਦ ਦੁਆਰਾ ਉਸ ਨਮਿੱਤ ਜਾਰੀ ਕੀਤੇ ਗਏ ਲਸੰਸ ਅਧੀਨ ਹੈ ਸਿਵਾਏ ਕਿਸੇ ਜਿਨਸ ਦਾ ਥੋਕ ਜਾਂ ਪਰਚੂਣ ਕਾਰੋਬਾਰ ਨਹੀਂ ਕਰੇਗਾ ;

ਪਰੰਤੂ ਇਸ ਪੈਰੇ ਦੇ ਅਧੀਨ ਕੋਈ ਵੀ ਨਿਯਮ ਨਹੀਂ ਬਣਾਏ ਜਾਂ ਸਕਣਗੇ ਜੇਕਰ ਉਹ ਜਿਲ੍ਹਾ ਪਰਿਸ਼ਦ ਦੀ ਕੁੱਲ ਮੈਂਬਰ-ਗਿਣਤੀ ਦੀ ਘੱਟ ਤੋਂ ਘੱਟ ਤਿੰਨ ਚੋਥਾਈ ਬਹੁਸੰਮਤੀ ਨਾਲ ਪਾਸ ਨ ਕੀਤੇ ਜਾਣ ;

ਪਰੰਤੂ ਇਹ ਹੋਰ ਕਿ ਅਜਿਹੇ ਕਿਸੇ ਸ਼ਾਹੂਕਾਰ ਜਾਂ ਵਪਾਰੀ ਨੂੰ, ਜੋ ਅਜਿਹੇ ਵਿਨਿਯਮਾਂ ਦੇ ਬਣਨ ਦੇ ਸਮੇਂ ਤੋਂ ਪਹਿਲਾਂ ਤੋਂ ਉਸ ਜਿਲ੍ਹੇ ਅੰਦਰ ਕਾਰੋਬਾਰ ਕਰਦਾ ਰਿਹਾ ਹੋਵੇ, ਕਿਸੇ ਅਜਿਹੇ ਵਿਨਿਯਮਾਂ ਦੇ ਅਧੀਨ ਲਸੰਸ ਦੇਣੋਂ ਇੰਨਕਾਰ ਕਰਨ ਦੀ ਸ਼ਕਤਾਈ ਨਹੀਂ ਹੋਵੇਗੀ।

(3) ਇਸ ਪੈਰੇ ਦੇ ਅਧੀਨ ਬਣਾਏ ਗਏ ਸਭ ਵਿਨਿਯਮ ਤਤਕਾਲ ਰਾਜਪਾਲ ਨੂੰ ਪੇਸ਼ ਕੀਤੇ ਜਾਣਗੇ ਅਤੇ ਜਦ ਤਕ ਅਨੁਮਤੀ ਨ ਦੇ



Ministry of Law & Justice

ਦੇਵੇ, ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।

11. **ਇਸ ਅਨੁਸੂਚੀ ਦੇ ਅਧੀਨ ਬਣਾਏ ਗਏ ਕਾਨੂੰਨ, ਨਿਯਮਾਂ ਅਤੇ ਵਿਨਿਯਮਾਂ ਦਾ ਪ੍ਰਕਾਸ਼ਨ,**-- ਕਿਸੇ ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਦੇ ਦੁਆਰਾ ਇਸ ਅਨੁਸੂਚੀ ਦੇ ਅਧੀਨ ਬਣਾਏ ਗਏ ਸਭ ਕਾਨੂੰਨ, ਨਿਯਮ ਅਤੇ ਵਿਨਿਯਮ ਰਾਜ ਦੇ ਸਰਕਾਰੀ ਗਜਟ ਵਿਚ ਤਤਕਾਲ ਪ੍ਰਕਾਸ਼ਤ ਕੀਤੇ ਜਾਣਗੇ ਅਤੇ ਅਜਿਹੇ ਪ੍ਰਕਾਸ਼ਨ ਤੇ ਉਹ ਕਾਨੂੰਨ ਦਾ ਬਲ ਰੱਖਣਗੇ ।

ਆਸਾਮ ਰਾਜ ਵਿਚ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਅਤੇ ਅਸਾਮ ਰਾਜ ਦੇ ਵਿਧਾਨ ਮੰਡਲ ਦੇ ਐਟਾਂ ਦਾ ਲਾਗੂ ਹੋਣਾ ।

[34]12.[35]**[ ਆਸਾਮ ਰਾਜ ਵਿਚ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਅਤੇ ਆਸਾਮ ਰਾਜ ਦੇ ਵਿਧਾਨ-ਮੰਡਲ ਦੇ ਐਕਟਾਂ ਦਾ ਲਾਗੂ ਹੋਣਾ ].**—(1) ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ---

(ੳ) [36][ਆਸਾਮ ਰਾਜ ਦੇ ਵਿਧਾਨ-ਮੰਡਲ] ਦਾ ਕੋਈ ਐਕਟ, ਜੋ ਅਜਿਹੇ ਮਾਮਲਿਆਂ ਵਿਚੋਂ ਕਿਸੇ ਮਾਮਲੇ ਦੇ ਸੰਬੰਧ ਵਿਚ ਜਿੰਨ੍ਹਾਂ ਨੂੰ ਇਸ ਅਨੁਸੂਚੀ ਦੇ ਪੈਰਾ 3 ਵਿਚ ਅਜਿਹੇ ਮਾਮਲੇ ਦੇ ਰੂਪ ਵਿਚ ਉਲਿਖਤ ਕੀਤਾ ਗਿਆ ਹੈ, ਜਿਨ੍ਹਾਂ ਦੇ ਸੰਬੰਧ ਵਿਚ ਕੋਈ ਜਿਲ੍ਹਾ ਪਰਿਸ਼ਦ ਜਾਂ ਕੋਈ ਪ੍ਰਦੇਸ਼ਕ ਪਰਿਸ਼ਦ ਕਾਨੂੰਨ ਬਣਾ ਸਕੇਗੀ, ਅਤੇ [ਆਸਾਮ ਰਾਜ ਦੇ ਵਿਧਾਨ-ਮੰਡਲ] ਦਾ ਕੋਈ ਐਕਟ, ਜੋ ਕਿਸੇ ਅਣਕਸ਼ੀਦੀ ਨਸ਼ੀਲੀ ਸ਼ਰਾਬ ਦੀ ਖਪਤ ਦੀ ਮਨਾਹੀ ਕਰਦਾ ਹੈ ਜਾਂ ਉਸ ਤੇ

---

[34] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਪੈਰ੍ਹਾ 12 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤਾ ਗਿਆ, ਅਰਥਾਤ :-

ਪੈਰਾ 2 ਦੇ ਉਪ-ਪੈਰ੍ਹਾ (1) ਕੇ ਖੰਡ (ੳ) ਵਿਚ "ਇਸ ਅਨੁਸੂਚੀ ਦੇ ਪੈਰ੍ਹਾ 3 ਜਾਂ ਪੈਰ੍ਹਾ 3ੳ ਵਿਚ ਅਜਿਹੇ ਮਾਮਲਿਆਂ ਦੇ ਰੂਪ ਵਿਚ ਉਲਿਖਤ ਕੀਤਾ ਗਿਆ ਹੈ" ਸ਼ਬਦਾਂ ਅਤੇ ਅੱਖਰਾਂ ਦੀ ਥਾਵੇਂ ਰਖੇ, "ਇਸ ਅਨੁਸੂਚੀ ਦੇ ਪੈਰ੍ਹਾ 3 ਜਾਂ ਪੈਰ੍ਹਾ 3 ੳ ਜਾਂ ਪੈਰ੍ਹਾ 3 ਅ ਵਿਚ ਅਜਿਹੇ ਮਾਮਲਿਆਂ ਦੇ ਰੂਪ ਵਿਚ ਉਲਿਖਤ ਕੀਤਾ ਗਿਆ" ਸ਼ਬਦ ਅੰਕ ਅਤੇ ਅੱਖਰ ਰੱਖੇ ਜਾਣਗੇ ।

[35] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ ਮੂਲ ਸਿਰਲੇਖ ਦੀ ਥਾਂਵੇਂ (21.1.1972 ਤੋਂ ਲੈ ਕੇ)ਰੱਖਿਆ ਗਿਆ ।

[36] ਉਪਰੋਕਤ ਦੀ ਧਾਰਾ ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ "ਰਾਜ ਦੇ ਵਿਧਾਨ ਮੰਡਲ" ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖੇ ਗਏ ।

Ministry of Law & Justice

ਪਾਬੰਦੀ ਲਾਉਂਦਾ ਹੈ [37][ਉਸ ਰਾਜ ਦੇ ਵਿਚ ] ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਉਦੋਂ ਤੱਕ ਲਾਗੂ ਨਹੀਂ ਹੋਵੇਗਾ, ਜਦੋਂ ਤੱਕ ਦੋਹਾਂ ਵਿਚੋਂ ਕਿਸੇ ਸੂਰਤ ਵਿਚ ਅਜਿਹੇ ਜਿਲ੍ਹੇ ਦੀ ਜਾਂ ਅਜਿਹੇ ਪ੍ਰਦੇਸ਼ ਤੇ ਅਧੀਕਾਰਤਾ ਰੱਖਣ ਵਾਲੀ ਜਿਲ੍ਹਾ ਪਰਿਸ਼ਦ, ਲੋਕ ਅਧਿਸੂਚਨਾ ਦੁਆਰਾ ਇਸ ਤਰ੍ਹਾਂ ਨਿਦੇਸ਼ ਨ ਦੇਵੇ ਅਤੇ ਜਿਲ੍ਹਾ ਪਰਿਸ਼ਦ ਕਿਸੇ ਐਕਟ ਬਾਰੇ ਅਜਿਹਾ ਨਿਦੇਸ਼ ਦਿੰਦਿਆਂ ਹੋਇਆਂ ਇਹ ਨਿਦੇਸ਼ ਵੀ ਦੇ ਸਕੇਗੀ ਕਿ ਅਜਿਹੇ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸ ਦੇ ਕਿਸੇ ਭਾਗ ਨੂੰ ਲਾਗੂ ਹੋਣ ਵਿਚ ਉਹ ਐਕਟ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ, ਜਿਹੋ ਉਹ ਉਚਿਤ ਸਮਝੇ ।

(ਅ) ਰਾਜਪਾਲ, ਲੋਕ-ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਸੰਸਦ ਦਾ ਜਾਂ [ਆਸਾਮ ਰਾਜ ਦੇ ਵਿਧਾਨ ਮੰਡਲ] ਦਾ ਕੋਈ ਐਕਟ ਜਿਸ ਨੂੰ ਇਸ ਉਪਪੈਰੇ ਦੇ ਖੰਡ (ੳ) ਦੇ ਉਪਬੰਧ ਲਾਗੂ ਨਹੀਂ ਹੁੰਦੇ, [38][ਉਸ ਰਾਜ ਵਿਚ] ਕਿਸੇ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ ਜਾਂ ਅਜਿਹੇ ਜਿਲ੍ਹੇ ਦਾਂ ਪ੍ਰਦੇਸ਼ ਜਾਂ ਉਸ ਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਲਾਗੂ ਹੋਵੇਗਾ ਜਿਹੋ ਉਹ ਉਸ ਅਧਿਸੂਚਨਾ ਵਿਚ ਉਲਿਖਤ ਕਰੇ ।

(2) ਇਸ ਪੈਰੇ ਦੇ ਉਪ-ਪੈਰਾ (1) ਦੇ ਅਧੀਨ ਦਿੱਤਾ ਗਿਆ ਕੋਈ ਨਿਦੇਸ਼ ਇਸ ਤਰ੍ਹਾਂ ਦਿੱਤਾ ਜਾਂ ਸਕੇਗਾ ਕਿ ਉਸ ਦਾ ਅਤੀਤਦਰਸ਼ੀ ਪ੍ਰਭਾਵ ਹੋਵੇ ।

[37] ਉਪਰੋਕਤ ਦੀ ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ "ਰਾਜ ਦੇ ਵਿਧਾਨ ਮੰਡਲ" ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖੇ ਗਏ ।

[38] ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ)

[39][12 **ੳ. ਮੇਘਾਲਯ ਰਾਜ ਵਿਚ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਦੇ ਅਤੇ ਮੇਘਾਲਯ ਰਾਜ ਦੇ ਵਿਧਾਨ-ਮੰਡਲ ਦੇ ਐਕਟਾਂ ਦਾ ਲਾਗੂ ਹੋਣਾ**,- ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ.--

(ੳ) ਜੇ ਇਸ ਅਨੁਸੂਚੀ ਦੇ ਪੈਰਾ 3 ਦੇ ਉਪ-ਪੈਰਾ (1) ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਦੇ ਬਾਰੇ ਵਿਚ ਮੇਘਾਲਯ ਰਾਜ ਵਿਚ ਦੀ ਕਿਸੇ ਜਿਲ੍ਹਾਂ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦਾ ਕੋਈ ਉਪਬੰਧ ਜਾਂ ਉਸ ਰਾਜ ਵਿਚ ਦੀ ਜਿਲ੍ਹਾ ਪਰਿਸ਼ਦ ਦਾ ਜਾਂ ਪ੍ਰਦੇਸ਼ਕ ਪਰਿਸ਼ਦ ਦੁਆਰਾ ਇਸ ਅਨੁਸੂਚੀ ਦੇ ਪੈਰਾ 8 ਜਾਂ ਪੈਰਾ 10 ਦੇ ਅਧੀਨ ਬਣਾਏ ਗਏ ਕਿਸੇ ਵਿਨਿਯਮ ਦਾ ਕੋਈ ਉਪਬੰਧ, ਮੇਘਾਲਯ ਰਾਜ ਦੇ ਵਿਧਾਨ-ਮੰਡਲ ਦੁਆਰਾ ਉਸ ਮਾਮਲੇ ਦੇ ਬਾਰੇ ਵਿਚ ਬਣਾਏ ਗਏ ਕਿਸੇ ਕਾਨੂੰਨ ਦੇ ਕਿਸੇ ਉਪਬੰਧ ਦੇ ਵਿਰੁਧ ਹੋਵੇ ਤਾਂ, ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ,ਜਿਹੀ ਕਿ ਸੂਰਤ ਹੋਵੇ, ਦੁਆਰਾ ਬਣਾਇਆ ਗਿਆ ਕਾਨੂੰਨ ਜਾਂ ਬਣਾਇਆ ਗਿਆ ਵਿਨਿਯਮ, ਭਾਵੇਂ ਉਹ ਮੇਘਾਲਯ ਰਾਜ ਦੇ ਵਿਧਾਨ-ਮੰਡਰ ਦੁਆਰਾ ਬਣਾਏ ਗਏ ਕਾਨੂੰਨ ਤੋਂ ਪਹਿਲਾਂ ਬਣਾਇਆ ਗਿਆ ਹੋਵੇ ਜਾਂ ਉਸ ਤੋਂ ਪਿਛੋਂ, ਉਸ ਵਿਰੋਧ ਦੀ ਹਦ ਤਕ ਸੁੰਨ ਹੋਵੇਗਾ ਅਤੇ ਮੇਘਾਲਯ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਗਿਆ ਕਾਨੂਨ ਪ੍ਰਬਲ ਹੋਵੇਗਾ ।

(ਅ) ਰਾਸ਼ਟਰਪਤੀ ਸੰਸਦ ਦੇ ਕਿਸੇ ਐਕਟ ਦੇ ਬਾਰੇ ਵਿਚ, ਅਧਿਸੂਚਨਾ ਦੁਆਰਾ, ਨਿਦੇਸ਼ ਦੇ ਸਕੇਗਾ ਕਿ ਉਹ ਮੇਘਾਲਯ ਰਾਜ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ,ਜਾਂ ਉਸ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸ ਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ

[39]ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ ਆਸਾਮ ਸਰਕਾਰ ਦੀ ਥਾਵੇਂ (21.1.1972 ਤੋਂ ਲੈ ਕੇ) ਰੱਖੇ ਗਏ ।

ਰੂਪਭੇਦਾਂ ਦੇ ਤਾਬੇ ਲਾਗੂ ਹੋਵੇਗਾ ਜੋ ਉਹ ਅਧਿਸੂਚਨਾ ਵਿਚ ਉਲਿਖਤ ਕਰੇ ਅਤੇ ਅਜਿਹਾ ਕੋਈ ਨਿਦੇਸ਼ ਇਸ ਤਰ੍ਹਾਂ ਦਿੱਤਾ ਜਾਂ ਸਕੇਗਾ ਕਿ ਉਸ ਦਾ ਅਤੀਤਦਰਸ਼ੀ ਪ੍ਰਭਾਵ ਹੋਵੇ ।

[40]12 ੳੳ **ਤ੍ਰਿਪੁਰਾ ਰਾਜ ਵਿਚ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਦੇ ਅਤੇ ਤ੍ਰਿਪੁਰਾ ਰਾਜ ਦੇ ਵਿਧਾਨ ਮੰਡਲ ਦੇ ਐਕਟਾਂ ਦਾ ਲਾਗੂ ਹੋਣਾ -** ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ-

(ੳ) ਤ੍ਰਿਪੁਰਾ ਰਾਜ ਦੇ ਵਿਧਾਨ ਮੰਡਲ ਨੂੰ ਕੋਈ ਐਕਟ, ਜੋ ਅਜਿਹੇ ਮਾਮਲਿਆਂ ਵਿਚੋਂ ਕਿਸੇ ਮਾਮਲੇ ਦੇ ਸੰਬੰਧ ਵਿਚ ਜਿਨ੍ਹਾਂ ਨੂੰ ਇਸ ਅਨੁਸੂਚੀ ਦੇ ਪੈਰਾ 3 ਵਿਚ ਅਜਿਹੇ ਮਾਮਲਿਆਂ ਦੇ ਰੂਪ ਵਿਚ ਉਲਿਖਤ ਕੀਤਾ ਗਿਆ ਹੈ ਜਿਸ ਦੇ ਸੰਬੰਧ ਵਿਚ ਜਿਲ੍ਹਾ ਪਰਿਸ਼ਦ ਜਾਂ ਕੋਈ ਪ੍ਰਦੇਸ਼ਕ ਪਰਿਸ਼ਦ ਕਾਨੂੰਨ ਬਣਾ ਸਕੇਗੀ, ਅਤੇ ਤ੍ਰਿਪੁਰਾ ਰਾਜ ਦੇ ਵਿਧਾਨ ਮੰਡਲ ਦਾ ਕੋਈ ਐਕਟ, ਜੋ ਕਿਸੇ ਅਵਕਸ਼ੀਦੀ ਨਸ਼ੀਲੀ ਸ਼ਰਾਬ ਦੀ ਵਰਤੋਂ ਦੇ ਮਨਾਹ ਕਰਨ ਜਾਂ ਰੋਕ ਲਗਾਉਂਦਾ ਹੈ, ਉਸ ਰਾਜ ਦੇ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਤਦ ਤੱਕ ਲਾਗੂ ਨਹੀਂ ਹੋਵੇਗਾ, ਜਦ ਤੱਕ ਦੋਨਾਂ ਸੂਰਤਾਂ ਵਿਚੋਂ ਹਰ ਇਕ ਵਿਚ, ਉਸ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਜਾਂ ਅਜਿਹੇ ਪ੍ਰਦੇਸ਼ ਤੇ ਅਧਿਕਾਰਤਾ ਰੱਖਣ ਵਾਲੀ ਜਿਲ੍ਹ ਪਰਿਸ਼ਦ ਲੋਕ ਅਧਿਸੂਚਨਾ ਦੁਆਰਾ, ਇਸ ਪ੍ਰਕਾਰ ਨਿਦੇਸ਼ ਨਹੀਂ ਦਿੰਦੀ ਹੈ ਅਤੇ ਅਜਿਹੀ ਜਿਲ੍ਹਾ ਪਰਿਸ਼ਦ ਕਿਸੇ ਐਕਟ ਦੇ ਸੰਬੰਧ ਵਿਚ ਅਜਿਹਾ ਨਿਦੇਸ਼ ਦਿੰਦੇ ਸਮੇਂ ਇਹ ਨਿਦੇਸ਼ ਦੇ ਸਕੇਗੀ ਕਿ ਉਹ ਐਕਟ ਉਸ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸਦੇ ਕਿਸੇ ਭਾਗ ਨੂੰ ਲਾਗੂ ਹੋਣ ਵਿਚ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ, ਜੋ ਉਹ ਠੀਕ ਸਮਝਦੀ ਹੈ।

---

[40] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ. 1988 (1988 ਦਾ 67) ਦੀ ਧਾਰਾ 2 ਦੁਆਰਾ ਪੈਰ੍ਹਾ 12 ੳੳ ਅਤੇ 12 ਅ ਦੀ ਥਾਵੇਂ ਰਖੇ, ਪੈਰ੍ਹਾ 12 ੳੳ ਸੰਵਿਧਾਨ (ਉਣੰਜਵੀਂ ਸੋਘ) ਐਕਟ, 1984 ਦੀ ਧਾਰਾ 4 ਦੁਆਰਾ (1.4.1985) ਅੰਤਰਸਥਾਪਤ ਕੀਤਾ ਗਿਆ।



Ministry of Law & Justice

(ਅ) ਰਾਜਪਾਲ, ਲੋਕ-ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਸੰਸਦ ਦਾ ਜਾਂ ਤ੍ਰਿਪੁਰਾ ਰਾਜ ਦੇ ਵਿਧਾਨ ਮੰਡਲ] ਦਾ ਕੋਈ ਐਕਟ ਜਿਸ ਨੂੰ ਇਸ ਉਪ-ਪੈਰੇ ਦੇ ਖੰਡ (ੳ) ਦੇ ਉਪਬੰਧ ਲਾਗੂ ਨਹੀਂ ਹੁੰਦੇ, [ਉਸ ਰਾਜ ਵਿਚ] ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ ਜਾਂ ਅਜਿਹੇ ਜਿਲ੍ਹੇ ਦਾਂ ਪ੍ਰਦੇਸ਼ ਜਾਂ ਉਸ ਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਲਾਗੂ ਹੋਵੇਗਾ ਜਿਹੋ ਉਹ ਉਸ ਅਧਿਸੂਚਨਾ ਵਿਚ ਉਲਿਖਤ ਕਰੇ।

(ੲ) ਰਾਸ਼ਟਰਪਤੀ ਸੰਸਦ ਦੇ ਕਿਸੇ ਐਕਟ ਦੇ ਸੰਬੰਧ ਵਿਚ ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗੀ ਕਿ ਉਹ ਤ੍ਰਿਪੁਰਾ ਰਾਜ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ ਜਾਂ ਅਜਿਹੇ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਤੇ ਤਾਬੇ ਲਾਗੂ ਹੋਵੇਗਾ ਜੋ ਉਹ ਅਧਿਸੂਚਨਾ ਵਿਚ ਉਲਿਖਤ ਕਰੇ ਅਤੇ ਅਜਿਹਾ ਕੋਈ ਨਿਦੇਸ਼ ਇਸ ਤਰ੍ਹਾਂ ਦਿਤਾ ਜਾ ਸਕੇਗਾ ਕਿ ਉਸਦਾ ਅਤੀਤਦਰਸ਼ੀ ਪ੍ਰਭਾਵ ਹੋਵੇ।

ਮੀਜੋਰਮ ਰਾਜ ਦੇ ਖ਼ੁਦਮੁਖਤਾਰ ਜਿਲ੍ਹੀਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਅਤੇ ਮੀਜੋਰਮ ਰਾਜ ਦੇ ਵਿਧਾਨ ਮੰਡਲ ਦੇ ਐਕਟਾਂ ਦਾ ਲਾਗੂ ਹੋਣਾ।

12 ਅ. **ਮੀਜੋਰਮ ਸੰਘ ਰਾਜਖੇਤਰ ਦੇ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਨੂੰ ਸੰਸਦ ਅਤੇ ਮੀਜੋਰਮ ਸੰਘ ਰਾਜਖੇਤਰ ਦੇ ਵਿਧਾਨ ਮੰਡਲ ਦੇ ਐਕਟਾਂ ਦਾ ਲਾਗੂ ਹੋਣਾ**.- ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ—

(ੳ) ਮਿਜੋਰਮ ਰਾਜ ਦੇ ਵਿਧਾਨ ਮੰਡਲ ਨੂੰ ਕੋਈ ਐਕਟ, ਜੋ ਅਜਿਹੇ ਮਾਮਲਿਆਂ ਵਿਚੋਂ ਕਿਸੇ ਮਾਮਲੇ ਦੇ ਸੰਬੰਧ ਵਿਚ ਹੈ, ਜਿਨ੍ਹਾਂ ਨੂੰ ਇਸ ਅਨੁਸੂਚੀ ਦੇ ਪੈਰਾ 3 ਵਿਚ ਅਜਿਹੇ ਮਾਮਲਿਆਂ ਦੇ ਰੂਪ ਵਿਚ ਉਲਿਖਤ ਕੀਤਾ ਗਿਆ ਹੈ ਜਿਸ ਦੇ ਸੰਬੰਧ ਵਿਚ ਜਿਲ੍ਹਾ ਪਰਿਸ਼ਦ ਜਾਂ ਕੋਈ ਪ੍ਰਦੇਸ਼ਿਕ ਪਰਿਸ਼ਦ ਕਾਨੂੰਨ ਬਣਾ ਸਕੇਗੀ, ਅਤੇ ਮਿਜੋਰਮ ਰਾਜ ਦੇ ਵਿਧਾਨ ਮੰਡਲ ਦਾ ਕੋਈ ਐਕਟ, ਜੋ ਕਿਸੇ ਅਵਕਸ਼ੀਦੀ ਨਸ਼ੀਲੀ ਸ਼ਰਾਬ ਦੀ ਵਰਤੋਂ ਦੇ ਮਨਾਹ ਕਰਨ ਜਾਂ ਰੋਕ ਲਗਾਉਂਦਾ ਹੈ, ਉਸ ਰਾਜ ਦੇ ਵਿਚ ਕਿਸੇ ਖ਼ੁਦਮੁਖ਼ਤਾਰ



Ministry of Law & Justice

ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਤਦ ਤੱਕ ਲਾਗੂ ਨਹੀਂ ਹੋਵੇਗਾ, ਜਦ ਤੱਕ ਦੋਨਾਂ ਸੂਰਤਾਂ ਵਿਚੋਂ ਹਰ ਇਕ ਵਿਚ, ਉਸ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਜਾਂ ਅਜਿਹੇ ਪ੍ਰਦੇਸ਼ ਤੇ ਅਧਿਕਾਰਤਾ ਰੱਖਣ ਵਾਲੀ ਜਿਲ੍ਹ ਪਰਿਸ਼ਦ ਲੋਕ ਅਧਿਸੂਚਨਾ ਦੁਆਰਾ, ਇਸ ਪ੍ਰਕਾਰ ਨਿਦੇਸ਼ ਨਹੀਂ ਦਿੰਦੀ ਹੈ ਅਤੇ ਅਜਿਹੀ ਜਿਲ੍ਹਾ ਪਰਿਸ਼ਦ ਕਿਸੇ ਐਕਟ ਦੇ ਸੰਬੰਧ ਵਿਚ ਅਜਿਹਾ ਨਿਦੇਸ਼ ਦਿੰਦੇ ਸਮੇਂ ਇਹ ਨਿਦੇਸ਼ ਦੇ ਸਕੇਗੀ ਕਿ ਉਹ ਐਕਟ ਉਸ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸਦੇ ਕਿਸੇ ਭਾਗ ਨੂੰ ਲਾਗੂ ਹੋਣ ਵਿਚ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ, ਜੋ ਉਹ ਠੀਕ ਸਮਝਦੀ ਹੈ।

(ਅ) ਰਾਜਪਾਲ, ਲੋਕ-ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਮਿਜ਼ੋਰਮ ਰਾਜ ਦੇ ਵਿਧਾਨ ਮੰਡਲ ਦਾ ਕੋਈ ਐਕਟ ਜਿਸ ਨੂੰ ਇਸ ਉਪ-ਪੈਰੇ ਦੇ ਖੰਡ (ੳ) ਦੇ ਉਪਬੰਧ ਲਾਗੂ ਨਹੀਂ ਹੁੰਦੇ, [ਉਸ ਰਾਜ ਵਿਚ] ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ ਜਾਂ ਅਜਿਹੇ ਜਿਲ੍ਹੇ ਦਾਂ ਪ੍ਰਦੇਸ਼ ਜਾਂ ਉਸ ਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਲਾਗੂ ਹੋਵੇਗਾ ਜਿਹੋ ਉਹ ਉਸ ਅਧਿਸੂਚਨਾ ਵਿਚ ਉਲਿਖਤ ਕਰੇ

(ੲ) ਰਾਸ਼ਟਰਪਤੀ, ਸੰਸਦ ਦੇ ਕਿਸੇ ਐਕਟ ਦੇ ਸੰਬੰਧ ਵਿਚ ਅਧਿਸੂਚਨਾ ਦੁਆਰਾ ਨਿਦੇਸ਼ ਦੇ ਸਕੇਗਾ ਕਿ ਉਹ ਮਿਜ਼ੋਰਮ ਰਾਜ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਜਾਂ ਖ਼ੁਦਮੁਖ਼ਤਾਰ ਪ੍ਰਦੇਸ਼ ਨੂੰ ਲਾਗੂ ਨਹੀਂ ਹੋਵੇਗਾ ਜਾਂ ਅਜਿਹੇ ਜਿਲ੍ਹੇ ਜਾਂ ਪ੍ਰਦੇਸ਼ ਜਾਂ ਉਸਦੇ ਕਿਸੇ ਭਾਗ ਨੂੰ ਅਜਿਹੇ ਅਪਵਾਦਾਂ ਜਾਂ ਰੂਪਭੇਦਾਂ ਦੇ ਤਾਬੇ ਲਾਗੂ ਹੋਵੇਗਾ ਜੋ ਉਹ ਅਧਿਸੂਚਨਾ ਵਿਚ ਉਲਿਖਤ ਕਰੇ ਅਤੇ ਅਜਿਹਾ ਕੋਈ ਨਿਦੇਸ਼ ਇਸ ਤਰ੍ਹਾਂ ਦਿਤਾ ਜਾ ਸਕੇਗਾ ਕਿ ਉਸਦਾ ਅਤੀਤਦਰਸ਼ੀ ਪ੍ਰਭਾਵ ਹੋਵੇ।]

13. **ਖ਼ੁਦਮੁਖ਼ਤਾਰ ਜਿਲ੍ਹਿਆਂ ਸੰਬੰਧੀ ਅਨੁਮਾਨਤ ਪ੍ਰਾਪਤੀਆਂ ਅਤੇ ਖ਼ਰਚ ਦਾ ਸਾਲਾਨਾ ਵਿੱਤ ਵਿਵਰਣ ਵਿਚ ਵੱਖ ਵੱਖ ਵਿਖਇਆ ਜਾਣਾ**.-

Ministry of Law & Justice

ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਸੰਬੰਧੀ ਅਨੁਮਾਨਤ ਪ੍ਰਾਪਤੀਆਂ ਜੋ [41]*** ਕਾਜ ਦੇ ਸੰਚਿਤ ਫੰਡ ਵਿਚ ਜਮ੍ਹਾਂ ਹੋਈਆਂ ਹਨ ਅਤੇ ਖਰਚ ਜੋ ਉਸ ਵਿਚੋਂ ਕੀਤੇ ਜਾਣੇ ਹਨ, ਪਹਿਲਾਂ ਜਿਲ੍ਹਾ ਪਰਿਸ਼ਦ ਅੱਗੇ ਚਰਚਾ ਲਈ ਰੱਖੇ ਜਾਣਗੇ ਅਤੇ ਫਿਰ ਅਜਿਹੀ ਚਰਚਾ ਪਿਛੋਂ ਅਨੁਛੇਦ 202 ਦੇ ਅਧੀਨ ਰਾਜ ਦੇ ਵਿਧਾਨ-ਮੰਡਲ ਅੱਗੇ ਰਖੇ ਜਾਣ ਵਾਲੇ ਰਾਜ ਦੇ ਸਾਲਾਨਾ ਵਿੱਤ-ਵਿਵਰਣ ਵਿਚ ਵੱਖ ਵੱਖ ਵਿਖਾਏ ਜਾਣਗੇ ।

[42]14. **ਖ਼ੁਦਮੁਖ਼ਤਾਰ ਜਿਲ੍ਹੀਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਦੇ ਪ੍ਰਸ਼ਾਸਨ ਦੀ ਜਾਂਚ ਕਰਨ ਅਤੇ ਉਸ ਤੇ ਰਿਪੋਟ ਦੇਣ ਲਈ ਕਮਿਸ਼ਨ ਦੀ ਨਿਯੁਕਤੀ**—(1) ਰਾਜਪਾਲ ਰਾਜ ਵਿਚਲੇ ਖ਼ੁਦਮੁਖ਼ਤਾਰ ਜਿਲ੍ਹੀਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਦੇ ਪ੍ਰਸ਼ਾਸਨ ਸੰਬੰਧੀ ਉਸ ਦੁਆਰਾ ਉਲਿਖਤ ਕਿਸੇ ਮਾਮਲੇ ਦੀ, ਜਿਸ ਵਿਚ ਇਸ ਅਨੁਸੂਚੀ ਦੇ ਪੈਰਾ 1 ਦੇ ਉਪ-ਪੈਰਾ (3) ਦੇ ਖੰਡ (ਇ), (ਸ), (ਹ) ਅਤੇ (ਕ) ਵਿਚ ਉਲਿਖਤ ਮਾਮਲੇ ਸ਼ਾਮਲ ਹਨ, ਪੜਤਾਲ ਕਰਨ ਅਤੇ ਉਸ ਤੇ ਰਿਪੋਟ ਦੇਣ ਲਈ ਕਿਸੇ ਸਮੇਂ ਕਮਿਸ਼ਨ ਨਿਯੁਕਤ ਕਰ ਸਕੇਗਾ, ਜਾਂ ਰਾਜ ਵਿਚਲੇ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਦੇ ਪ੍ਰਸ਼ਾਸਨ ਦੀ ਆਮ ਤੌਰ ਤੇ ਅਤੇ ਖਾਸ ਕਰਕੇ--

(ਉ) ਅਜਿਹੇ ਜਿਲ੍ਹਿਆਂ ਅਤੇ ਪ੍ਰਦੇਸ਼ਾਂ ਵਿਚ ਸਿੱਖਿਆ ਅਤੇ ਚਿਕਿਤਸਾ ਦੀਆਂ ਸਹੂਲਤਾਂ ਅਤੇ ਸੰਚਾਰ ਦੇ ਪ੍ਰਬੰਧ ਦੀ ;

(ਅ) ਅਜਿਹੇ ਜਿਲ੍ਹਿਆਂ ਅਤੇ ਪ੍ਰਦੇਸ਼ਾਂ ਬਾਰੇ ਕਿਸੇ ਨਵੇਂ ਜਾਂ ਵਿਸ਼ੇਸ ਵਿਧਾਨ ਦੀ ਜ਼ਰੂਰਤ ਦੀ ;

(ਇ) ਜਿਲ੍ਹਾ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੁਆਰਾ ਬਣਾਏ ਗਏ ਕਾਨੂੰਨਾਂ , ਨਿਯਮਾਂ ਅਤੇ ਵਿਨਿਯਮਾਂ ਦੇ ਪ੍ਰਸ਼ਾਸਨ ਦੀ ;

---

[41] ਸ਼ਬਦ "ਆਸਾਮ" ਉਤਰ ਪੂਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) ਲੋਪ ਕਰ ਦਿੱਤਾ ਗਿਆ ।

[42] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1995 (1995 ਦਾ 42) ਦੀ ਧਾਰਾ 2 ਦੁਆਰਾ ਪੈਰ੍ਹਾ 14 "ਆਸਾਮ ਰਾਜ ਵਿਚ ਲਾਗੂ ਹੋਣ ਦੇ ਲਈ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ ਅਰਥਾਤ:-

"ਪੈਰ੍ਹਾ 14 ਤੇ ਉਪ-ਪੈਰ੍ਹਾ ਵਿਚ "ਰਾਜਪਾਲ ਦੀ ਉਸ ਤੋਂ ਸੰਬੰਧਤ ਸਿਫਾਰਸ਼ਾਂ ਦੇ ਨਾਲ" ਸ਼ਬਦਾਂ ਦਾ ਲੋਪ ਕੀਤਾ ਜਾਵੇਗਾ ।

ਸਮੇਂ ਸਮੇਂ ਤੇ ਜਾਂਚ ਕਰਨ ਅਤੇ ਉਸ ਤੇ ਰਿਪੋਟ ਦੇਣ ਲਈ ਕਮਿਸ਼ਨ ਨਿਯੁਕਤ ਕਰ ਸਕੇਗਾ, ਅਤੇ ਅਜਿਹੇ ਕਮਿਸ਼ਨ ਦੁਆਰਾ ਪੈਰਵੀ ਕੀਤਾ ਜਾਣ ਵਾਲਾ ਜਾਬਤਾ ਪਰਿਨਿਸਚਿਤ ਕਰ ਸਕੇਗਾ ।

(2) ਹਰਿਕ ਅਜਿਹੇ ਕਮਿਸ਼ਨ ਦੀ ਰਿਪੋਟ, ਰਾਜਪਾਲ ਦੀਆਂ ਉਸ ਬਾਰੇ ਸਿਫਾਰਸ਼ਾਂ, ਨਾਲ, ਸੰਬੰਧਤ ਮੰਤਰੀ, ਉਸ ਤੇ [43][ ਉਸ ਰਾਜ ਦੀ ਸਰਕਾਰ] ਦੁਆਰਾ ਕੀਤੀ ਜਾਣ ਵਾਲੀ ਤਜਵੀਜ਼ ਹੋਈ ਕਾਰਵਾਈ ਬਾਬਤ ਵਿਆਖਿਆਤਮਕ ਯਾਦ-ਪੱਤਰ ਸਮੇਤ ਰਾਜ ਦੇ ਵਿਧਾਨ-ਮੰਡਲ ਅਗੇ ਰਖੇਗਾ ।

(3) ਰਾਜ ਦੇ ਸ਼ਾਸਨ ਦੇ ਕਾਰਜ ਨੂੰ ਆਪਣੇ ਮੰਤਰੀਆਂ ਵਿਚਕਾਰ ਟਿੱਕਣ ਵਿਚ ਰਾਜਪਾਲ ਆਪਣੇ ਮੰਤਰੀਆਂ ਵਿਚੋਂ, ਇਕ ਨੂੰ ਵਿਸ਼ੇਸ਼ ਤੋਰ ਤੇ ਰਾਜ ਦੇ ਖ਼ੁਦਮੁਖ਼ਤਾਰ ਜਿਲ੍ਹਿਆਂ ਅਤੇ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਦੀ ਭਲਾਈ ਦਾ ਚਾਰਜ ਸੌਂਪ ਸਕੇਗਾ ।

[44]15. **ਜਿਲ੍ਹਾ ਅਤੇ ਪ੍ਰਦੇਸ਼ਕ ਪਰਿਸ਼ਦਾਂ ਦੇ ਕਾਰਜਾਂ ਅਤੇ ਮੱਤਿਆਂ ਨੂੰ ਬਾਤਲ ਜਾਂ ਮੁਅੱਤਲ ਕਰਨਾ**,-- (1) ਜੇ ਕਿਸੇ ਸਮੇਂ ਰਾਜਪਾਲ ਦੀ ਤਸੱਲੀ ਹੋ ਜਾਵੇ ਕਿ ਕਿਸੇ ਜਿਲ੍ਹਾ ਜਾਂ ਕਿਸੇ ਪ੍ਰਦੇਸ਼ਕ ਪਰਿਸ਼ਦ ਦੇ ਕਿਸੇ ਕਾਰਜ ਜਾਂ ਮਤੇ ਨਾਲ, ਭਾਰਤ ਦੀ ਸੁਰਖਿਅਤਾ ਖ਼ਤਰੇ ਵਿਚ ਪੈਣੀ ਸੰਭਾਵੀ ਹੈ, [45][ਜਾਂ ਲੋਕ-ਅਮਨ ਤੇ ਪ੍ਰਤਿਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ], ਤਾਂ ਉਹ ਅਜਿਹੇ ਕਾਰਜ ਜਾਂ ਮਤੇ ਨੂੰ ਬਾਤਲ ਜਾਂ ਮੁਅੱਤਲ ਕਰ ਸਕੇਗਾ ਅਤੇ ਅਜਿਹੇ ਕਦਮ ਚੁੱਕ ਸਕੇਗਾ (ਜਿਸ ਵਿਚ ਪਰਿਸ਼ਦ ਦੀ ਮੁਅੱਤਲੀ ਅਤੇ ਪਰਿਸ਼ਦ ਵਿਚ ਨਿਹਿਤ ਜਾਂ ਉਸ ਦੁਆਰਾ ਵਰਤੋਂ ਯੋਗ

---

[43] ਉਤਰ ਪੂਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ "ਆਸਾਮ ਸਰਕਾਰ" ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖੇ ਗਏ ।

[44] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1988 (1988 ਦਾ 67) ਦੀ ਧਾਰਾ 2 ਦੇ ਦੁਆਰਾ ਪੈਰ੍ਹਾ 15 ਤ੍ਰਿਪੁਰਾ ਅਤੇ ਮਿਜੋਰਮ ਰਾਜਾਂ ਨੂੰ ਲਾਗੂ ਕਰ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ, ਅਰਥਾਤ

(ੳ) ਸੁਰੂ ਦੇ ਭਾਗ ਵਿਚ, "ਰਾਜ ਦੇ ਵਿਧਾਨ ਮੰਡਲ ਦੁਆਰਾ" ਸ਼ਬਦਾਂ ਦੀ ਥਾਵੇਂ " ਰਾਜਪਲਾ ਦੁਆਰਾ" ਸ਼ਬਦ ਰਖੇ ਜਾਣਗੇ

(ਅ) ਪੰਰੁਤਕ ਦਾ ਲੋਪ ਕੀਤਾ ਜਾਵੇਗਾ ।

[45] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਅੰਤਰਸਥਾਪਤ।



Ministry of Law & Justice

ਸ਼ਕਤੀਆਂ ਸਭ ਜਾਂ ਉਨ੍ਹਾਂ ਵਿਚੋ ਕਿਸੇ ਦਾ ਆਪਣੇ ਹੱਥ ਵਿਚ ਲੈ ਲੈਣਾ ਸ਼ਾਮਲ ਹੈ) ਜਿਹੇ ਉਹ ਅਜਿਹਾ ਕਾਰਜ ਕੀਤੇ ਜਾਣ, ਜਾਂ ਚਾਲੂ ਰੱਖ ਜਾਣੋ ਜਾਂ ਅਜਿਹੇ ਮਤੇ ਨੂੰ ਪ੍ਰਭਾਵੀ ਬਣਾਏ ਜਾਣੋਂ ਰੋਕਣ ਲਈ ਜ਼ਰੂਰੀ ਸਮਝੇ।

(2) ਇਸ ਪੈਰਾ ਦੇ ਉਪ-ਪੈਰਾ (1) ਦੇ ਅਧੀਨ ਰਾਜਪਾਲ ਦੁਆਰਾ ਦਿੱਤਾ ਗਿਆ ਕੋਈ ਹੁਕਮ, ਉਸ ਦੇ ਕਾਰਨਾਂ ਸਮੇਤ, ਰਾਜ ਦੇ ਵਿਧਾਨ-ਮੰਡਲ ਅੱਗੇ ਜਿੰਨੀ ਛੇਤੀ ਸੰਭਵ ਹੋਵੇ ਰੱਖਿਆ ਜਾਵੇਗਾ ਅਤੇ ਉਹ ਹੁਕਮ, ਜੇਕਰ ਉਹ ਰਾਜ ਦੇ ਵਿਧਾਨ-ਮੰਡਲ ਦੁਆਰ ਪਰਤਾ ਨ ਲਿਆ ਗਿਆ ਹੋਵੇ, ਇਸ ਤਰ੍ਹਾਂ ਦਿੱਤੇ ਜਾਣ ਦੀ ਤਰੀਕ ਤੋਂ ਬਾਰਾਂ ਮਹੀਨੇ ਦੀ ਮੁੱਦਤ ਲਈ ਨਾਫ਼ਜ ਰਹੇਗਾ :

ਪਰੰਤੂ ਜੇ ਅਤੇ ਜਿੰਨੀ ਵਾਰ ਅਜਿਹੇ ਹੁਕਮ ਨੂੰ ਨਾਫਜ ਰੱਖਣ ਲਈ ਪਰਵਾਨਗੀ ਜਾਂ ਕੋਈ ਮਤਾ ਰਾਜ ਦੇ ਵਿਧਾਨ-ਮੰਡਲ ਦੁਆਰਾ ਪਾਸ ਕੀਤਾ ਜਾਵੇ ਉਹ ਹੁਕਮ, ਜੇ ਕਰ ਉਹ ਰਾਜਪਾਲ ਦੁਆਰਾ ਰੱਦ ਨ ਕਰ ਦਿੱਤਾ ਗਿਆ ਹੋਵੇ ਉਸ ਤਰੀਕ ਤੋਂ ਬਾਰਾਂ ਮਹੀਨੇ ਦੀ ਹੋਰ ਮੁੱਦਤ ਲਈ ਨਾਫਜ ਰਹੇਗਾ ਜਿਸ ਤਰੀਕ ਨੂੰ ਉਹ ਇਸ ਪੈਰੇ ਦੇ ਅਧੀਨ ਹੋਰਵੇਂ ਅਮਲ ਵਿਚ ਨ ਰਹਿੰਦਾ।

ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਦਾ ਤੁੜਾਉ।

[46]16. **ਕਿਸੇ ਜਿਲ੍ਹਾ ਜਾਂ ਪ੍ਰਦੇਸ਼ਕ ਪਰਿਸ਼ਦ ਦਾ ਤੁੜਾਓ**.-- [47][(1) ਰਾਜਪਾਲ ਇਸ ਅਨੁਸੂਚੀ ਦੇ ਪੈਰਾ 14 ਦੇ ਅਧੀਨ ਨਿਯੁਕਤ ਕਿਸੇ ਕਮਿਸ਼ਨ ਦੀ ਸਿਫ਼ਾਰਸ਼ ਤੇ ਲੋਕ-ਅਧਿਸੂਚਨਾ ਦੁਆਰਾ ਕਿਸੇ ਪ੍ਰਦੇਸ਼ਕ ਜਾਂ ਜਿਲਾ ਪਰਿਸ਼ਦ ਦੇ ਤੁੜਾਓ ਦਾ ਹੁਕਮ ਦੇ ਸਕੇਗਾ ਅਤੇ--

---

[46] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1988 (1988 ਦਾ 67) ਦੀ ਧਾਰਾ 2 ਦੇ ਦੁਆਰਾ ਪੈਰ੍ਹਾ 15 ਤ੍ਰਿਪੁਰਾ ਅਤੇ ਮਿਜੋਰਮ ਰਾਜਾਂ ਨੂੰ ਲਾਗੂ ਕਰ ਵਿਚ ਹੇਠ ਲਿਖੇ ਰੂਪ ਵਿਚ ਸੋਧ ਕੀਤੀ ਗਈ, ਅਰਥਾਤ

(ੳ) ਉਪ-ਪੈਰਾ (1) ਦੇ ਖੰਡ (ਅ) ਵਿਚ ਆਉਣ ਵਾਲੇ "ਰਾਜ ਦੇ ਵਿਧਾਨ -ਮੰਡਲ ਦੇ ਪੂਰਵ ਪ੍ਰਵਾਨਗੀ ਨਾਲ "ਸ਼ਬਦ ਅਤੇ ਦੂਸਰੇ ਪਰੰਤੁਕ ਦਾ ਲੋਪ ਕੀਤਾ ਜਾਵੇਗਾ।

(ਅ) ਉਪ-ਪੈਰਾ (3) ਦੀ ਥਾਵੇਂ ਹੇਠ-ਲਿਖਿਆ ਉਪ-ਪੈਰਾ ਰੱਖਿਆ ਜਾਵੇਗਾ, ਅਰਥਾਤ

"(3) ਇਸ ਪੈਰਾ ਦੇ ਉਪ-ਪੈਰਾ (1) ਜਾਂ ਉਪ-ਪੈਰਾ (2) ਦੇ ਅਧੀਨ ਕੀਤਾ ਗਿਆ ਹਰਿਕ ਹੁਕਮ, ਉਸ ਲਈ ਜੋ ਕਾਰਣ ਹੈ ਉਸ ਦੇ ਨਾਲ ਰਾਜ ਦੇ ਵਿਧਾਨ-ਮੰਡਲ ਦੇ ਅੱਗੇ ਰਖਿਆ ਜਾਵੇਗਾ।"

[47] ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਪੈਰਾ 16 ਉਸ ਦੇ ਉਪ-ਪੈਰਾ (1) ਵਜੋਂ ਮੁੜ-ਹਿੰਦਸਿਆ ਗਿਆ

(ੳ) ਨਿਦੇਸ਼ ਦੇ ਸਕੇਗਾ ਕਿ ਪਰਿਸ਼ਦ ਦੇ ਮੁੜ-ਗਠਨ ਲਈ ਤੁਰਤ ਨਵੀਂ ਆਮ ਚੋਣ ਕੀਤੀ ਜਾਵੇਗੀ, ਜਾਂ

(ਅ) ਰਾਜ ਦੇ ਵਿਧਾਨ-ਮੰਡਲ ਦੀ ਪੂਰਵ-ਪਰਵਾਨਗੀ ਦੇ ਤਾਬੇ ਅਜਿਹੀ ਪਰਿਸ਼ਦਾਂ ਦੀ ਸੱਤਾ ਦੇ ਅਧੀਨ ਖੇਤਰ ਦਾ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਸਕੇਗਾ ਜਾਂ ਜਿਹੇ ਖੇਤਰ ਦਾ ਪ੍ਰਸ਼ਾਸਨ ਜੋ ਉਕਤ ਪੈਰੇ ਦੇ ਅਧੀਨ ਨਿਯੁਕਤ ਕਮਿਸ਼ਨ ਜਾਂ ਕਿਸੇ ਹੋਰ ਬੋਡੀ ਜਿਸ ਨੂੰ ਉਹ ਢੁਕਵੀਂ ਸਮਝੇ, ਦੇ ਵੱਧ ਤੋਂ ਵੱਧ ਬਾਰਾਂ ਮਹੀਨੇ ਦੀ ਮੁਦੱਤ ਲਈ ਸਪੁਰਦ ਕਰ ਸਕੇਗਾ ।

ਪਰੰਤੂ ਜਦ ਇਸ ਪੈਰੇ ਦੇ ਖੰਡ (ੳ) ਦੇ ਅਧੀਨ ਕੋਈ ਹੁਕਮ ਦੇ ਦਿੱਤਾ ਗਿਆ ਹੋਵੇ, ਰਾਜਪਾਲ ਨਵੀਂ ਆਮ ਚੋਣ ਹੋਣ ਤੇ ਪਰਿਸ਼ਦ ਦੇ ਮੁੜ ਗਠਨ ਤਕ ਪੁੱਛ-ਅਧੀਨ ਖੇਤਰ ਦੇ ਪ੍ਰਸ਼ਾਸਨ ਬਾਬਤ ਇਸ ਪੈਰੇ ਦੇ ਖੰਡ (ਅ) ਵਿਚ ਹਵਾਲਾ ਦਿੱਤੀ ਕਾਰਵਾਈ ਕਰ ਸਕੇਗਾ :

ਪਰੰਤੂ ਇਹ ਹੋਰ ਕਿ ਇਸ ਪੈਰੇ ਦੇ ਖੰਡ (ਅ) ਦੇ ਅਧੀਨ ਕੋਈ ਕਾਰਵਾਈ ਜਿਲ੍ਹਾ ਜਾਂ ਪ੍ਰਦੇਸ਼ਕ ਪਰਿਸ਼ਦ, ਜਿਹੀ ਕਿ ਸੂਰਤ ਹੋਵੇ, ਨੂੰ ਰਾਜ ਦੇ ਵਿਧਾਨ-ਮੰਡਲ ਅੱਗੇ ਆਪਣੇ ਵਿਚਾਰ ਰੱਖਣ ਦਾ ਅਵਸਰ ਦਿੱਤੇ ਬਿਨਾਂ ਨਹੀਂ ਕੀਤੀ ਜਾਵੇਗੀ ।

[48][(2) ਜੇ ਕਿਸੇ ਸਮੇਂ ਰਾਜਪਾਲ ਦੀ ਤਸੱਲੀ ਹੋ ਜਾਵੇ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜਿਸ ਵਿਚ ਕਿਸੇ ਖ਼ੁਦਮੁਖ਼ਤਾਰ ਜਿਲ੍ਹਾ ਜਾਂ ਪ੍ਰਦੇਸ਼ ਦਾ ਪ੍ਰਸ਼ਾਸਨ ਇਸ ਅਨੁਸੂਚੀ ਦੇ ਉਪਬੰਧਾਂ ਦੇ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਹੈ ਤਾਂ, ਉਹ ਜਿਲ੍ਹੇ ਪਰਿਸ਼ਦ ਜਾਂ ਪ੍ਰਦੇਸ਼ਕ ਪਰਿਸ਼ਦ ਜਿਹੀ ਕਿ ਸੂਰਤ ਹੋਵੇ, ਵਿਚ ਨਿਹਿਤ ਜਾਂ ਉਸ ਦੁਆਰਾ ਵਰਤੋਂ ਯੋਗ ਸਭ ਕਾਜਕਾਰੀ ਜਾਂ ਸ਼ਕਤੀਆਂ ਜਾਂ ਉਨ੍ਹਾਂ ਵਿਚੋਂ ਕੋਈ, ਲੋਕ ਅਧਿਸੂਚਨਾਂ ਦੁਆਰਾ, ਛੇ ਮਹੀਨਿਆਂ ਤੋਂ ਵਧੀਕ ਨ ਹੋਣ ਵਾਲੀ ਮੁੱਦਤ ਲਈ, ਆਪਣੇ

---

48 ਆਸਾਮ ਪੁਨਰਗਠਨ (ਮੇਘਾਲਯ) ਐਕਟ, 1969 (1969 ਦਾ 55), ਧਾਰਾ 74 ਅਤੇ ਚੋਥੀ ਅਨੁਸੂਚੀ ਦੁਆਰਾ (2.4.1970 ਤੋਂ ਲੈ ਕੇ) ਅੰਤਰਸਥਾਪਤ।

ਹੱਥ ਵਿਚ ਲੈ ਸਕੇਗਾ ਅਤੇ ਇਹ ਐਲਾਨ ਕਰ ਸਕੇਗਾ ਕਿ ਉਕਤ ਮੁੱਦਤ ਵਿਚ ਅਜਿਹੇ ਕਾਜਕਾਰ ਜਾਂ ਸ਼ਕਤੀਆਂ ਦੀ ਵਰਤੋਂ ਅਜਿਹੇ ਵਿਅਕਤੀ ਜਾਂ ਸੱਤਾਧਾਰੀ ਦੁਆਰਾ ਕੀਤੀ ਜਾ ਸਕੇਗੀ ਜਿਹਾ ਉਹ ਇਸ ਨਮਿਤ ਉਲਿਖਤ ਕਰੇ :

ਪਰੰਤੂ ਰਾਜਪਾਲ ਅਰੰਭਕ ਹੁਕਮ ਦਾ ਅਮਲ, ਹੋਰ ਹੁਕਮ ਜਾਂ ਹੁਕਮਾਂ ਦੁਆਰਾ ਇਕ ਵਾਰ ਵਿਚ ਛੇ ਮਹੀਨਿਆਂ ਤੋ ਵੱਧ ਨ ਹੋਣ ਵਾਲੀ ਮੁੱਦਤ ਦੇ ਲਈ ਵਧਾ ਸਕੇਗਾ।

(3) ਇਸ ਪੈਰੇ ਦੇ ਉਪ-ਪੈਰਾ ਦੇ ਅਧੀਨ ਕੀਤਾ ਗਿਆ ਰਹੇਕ ਹੁਕਮ, ਉਸ ਦੇ ਕਾਰਨਾਂ ਸਹਿਤ, ਰਾਜ ਦੇ ਵਿਧਾਨ-ਮੰਡਲ ਦੇ ਅੱਗੇ ਰਖਿਆ ਜਾਵੇਗਾ ਅਤੇ ਉਸ ਹੁਕਮ ਦੇ ਜਾਰੀ ਕੀਤੇ ਜਾਣ ਦੇ ਪਿੱਛੋਂ ਰਾਜ ਵਿਧਾਨ-ਮੰਡਲ ਜਿਸ ਤਰੀਕ ਨੂੰ ਪਹਿਲੀ ਵਾਰ ਬੈਠੇ ਉਸ ਤੋਂ ਤੀਹ ਦਿਨਾਂ ਦੇ ਬੀਤ ਜਾਣ ਤੇ, ਉਹ ਹੁਕਮ ਅਮਲ ਵਿਚ ਨਹੀਂ ਰਹਿ ਜਾਵੇਗਾ, ਜੇਕਰ ਉਸ ਉਕਤ ਮੁੱਦਤ ਦੇ ਗੁਜ਼ਰ ਜਾਣ ਤੋਂ ਪਹਿਲਾਂ ਰਾਜ ਵਿਧਾਨ-ਮੰਡਲ ਦੁਆਰਾ ਪਰਵਾਨ ਨ ਹੋ ਗਿਆ ਹੋਵੇ।]

---

ਖੁਦ-ਮੁਖਤਾਰ ਜਿਲ੍ਹੀਆਂ ਵਿਚ ਚੋਣ ਹਲਕੇ ਬਣਾਉਦਿਆਂ ਅਜਿਹੇ ਜਿਲ੍ਹੀਆਂ ਵਿਚ ਖੇਤਰਾਂ ਦਾ ਖਾਰਜ ਕਰਨਾ।

[49]17. **ਖ਼ੁਦਮੁਖ਼ਤਾਰ ਜਿਲ੍ਹਿਆਂ ਵਿਚ ਚੋਣ ਹਲਕੇ ਬਣਾਉਂਦਿਆਂ ਅਜਿਹੇ ਜਿਲ੍ਹਿਆਂ ਵਿਚ ਖੇਤਰਾਂ ਦਾ ਖਾਰਜ਼ ਕਰਨਾ.-** [50][ ਆਸਾਮ ਜਾਂ ਮੇਘਾਲਯ ਵਿਧਾਨ ਸਭਾ] [51]**[ਜਾਂ ਤ੍ਰਿਪੁਰਾ]** [52]**[ਜਾਂ ਮੀਜੋਰਮ] ਵਿਧਾਨ ਸਭਾਵਾਂ** ਦੀਆਂ ਚੋਣਾਂ ਦੇ ਪ੍ਰਯੋਜਨਾਂ ਲਈ, ਰਾਜਪਾਲ ਹੁਕਮ ਦੁਆਰਾ ਐਲਾਣ ਕਰ ਸਕੇਗਾ ਕਿ [53][ਆਸਾਮ ਜਾਂ ਮੇਘਾਲਯ [48][ਜਾਂ ਤ੍ਰਿਪੁਰਾ] ਜਾਂ [49][ਮਿਜੋਰਮ] ਦੇ ਰਾਜਾਂ ਵਿਚ, ਜਿਹੀ ਕਿ ਸੂਰਤ ਹੋਵੇ,] ਕਿਸੇ ਖ਼ੁਦਮੁਖ਼ਤਾਰ ਜਿਲ੍ਹੇ

---

[49] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਪੈਰ੍ਹਾ 17 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖਿਆਂ ਅੰਤਰਸਥਾਪਤ ਕੀਤਾ ਗਿਆ, ਅਰਥਾਤ:-

"ਪਰੰਤੂ ਇਸ ਪੈਰ੍ਹੇ ਦੀ ਕੋਈ ਗੱਲ ਬੋਡੋਲੈਂਡ ਪ੍ਰਦੇਸ਼ਿਕ ਖੇਤਰ ਜਿਲ੍ਹੇ ਨੂੰ ਲਾਗੂ ਨਹੀਂ ਹੋਵੇਗਾ।"

[50] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971(1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ "ਆਸਾਮ ਦੀ ਵਿਧਾਨ ਸਭਾ" ਸ਼ਬਦਾਂ ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖੇ ਗਏ।

[51] ਸੰਵਿਧਾਨ (ਉਂਨਜਵੀਂ ਸੋਧ) ਐਕਟ, 1984 ਦੀ ਧਾਰਾ 4 ਦੁਆਰਾ (1.4.1985 ਤੋਂ) ਅੰਤਰਸਥਾਪਤ।

[52] ਮਿਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ) ਅੰਤਰਸਥਾਪਤ।

[53] ਉਤਰ ਪੁਰਵੀ ਖੇਤਰ (ਪੁਨਰਗਠਨ) ਐਕਟ, 1971 (1971 ਦਾ 81) ਦੀ ਧਾਰਾ 71 ਅਤੇ ਅੱਠਵੀਂ ਅਨੁਸੂਚੀ ਦੁਆਰਾ "ਆਸਾਮ ਸਰਕਾਰ" ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖੇ ਗਏ।



Ministry of Law & Justice

ਅੰਦਰਲਾ ਕੋਈ ਖੇਤਰ ਅਜਿਹੇ ਕਿਸੇ ਜਿਲ੍ਹੇ ਲਈ ਵਿਧਾਨ ਸਭਾ ਵਿਚ ਰਾਖਵੀਂ ਥਾਂ ਜਾਂ ਥਾਂਵਾਂ ਦੇ ਭਰਨ ਲਈ ਕਿਸੇ ਚੋਣ-ਹਲਕੇ ਦਾ ਭਾਗ ਨਹੀਂ ਹੋਵੇਗਾ, ਕਿੰਤੂ ਇਸ ਤਰ੍ਹਾਂ ਰਾਖਵੀਂ ਨ ਕੀਤੀ ਗਈ ਵਿਧਾਨ ਸਭਾ ਵਿਚ ਕਿਸੇ ਥਾਂ ਜਾਂ ਥਾਂਵਾਂ ਨੂੰ ਭਰਨ ਲਈ ਹੁਕਮ ਵਿਚ ਕਿਸੇ ਅਜਿਹੇ ਚੋਣ-ਹਲਦੇ ਦਾ ਭਾਗ ਹੋਵੇਗਾ, ਉਲਿਖਤ ਹੁਕਮ ਵਿਚ ਕੀਤਾ ਜਾਵੇ।

[54] * * * *

[55]19.**ਅੰਤਰਕਾਲੀ ਉਪਬੰਧ**.-(1) ਇਸ ਸੰਵਿਧਾਨ ਦੇ ਅਰੰਭ ਪਿੱਛੋਂ ਜਿੰਨੀ ਛੇਤੀ ਸੰਭਵ ਹੋਵੇ ਰਾਜਪਾਲ ਇਸ ਅਨੁਸੂਚੀ ਦੇ ਅਧੀਨ ਰਾਜ ਦੇ ਹਰੇਕ ਖ਼ੁਦਮੁਖ਼ਤਾਰ ਜਿਲ੍ਹੇ ਲਈ ਜਿਲ੍ਹਾ-ਪਰਿਸ਼ਦ ਦੇ ਗਠਨ ਲਈ ਕਦਮ ਚੁੱਦੇਗਾ, ਅਤੇ ਜਦ ਤਕ ਕਿਸੇ ਖ਼ੁਦਮੁਖ਼ਤਾਰ ਜਿਲ੍ਹੇ ਲਈ ਜਿਲ੍ਹਾ-ਪਰਿਸ਼ਦ ਇਸ ਤਰ੍ਹਾਂ ਗਠਤ ਨ ਹੋਵੇ, ਅਜਿਹੇ ਜਿਲ੍ਹੇ ਦਾ ਪ੍ਰਸ਼ਾਸਨ ਰਾਜਪਾਲ ਵਿਚ ਨਿਹਿਤ ਹੋਵੇਗਾ ਅਤੇ ਅਜਿਹੇ ਜਿਲ੍ਹੇ ਅੰਦਰਲੇ ਖੇਤਰਾਂ ਦੇ ਪ੍ਰਸ਼ਾਸਨ ਲਈ ਇਸ ਅਨੁਸੂਚੀ ਦੇ ਪੂਰਵਗਾਮੀ ਉਪਬੰਧਾ ਦੇ ਬਜਾਏ ਹੇਠ-ਲਿਖੇ ਉਪਬੰਧ ਲਾਗੂ ਹੋਣਗੇ, ਅਰਥਾਤ :--

(ੳ) ਸੰਸਦ ਦਾ ਜਾਂ ਉਸ ਰਾਜ ਦੇ ਵਿਧਾਨ-ਮੰਡਲ ਦਾ ਕੋਈ ਐਕਟ ਕਿਸੇ ਅਜਿਹੇ ਖੇਤਰ ਨੂੰ ਲਾਗੂ ਨਹੀਂ ਹੋਵੇਗਾ ਜੇਕਰ ਰਾਜਪਾਲ ਲੋਕ ਅਧਿਸੂਚਨਾ ਦੁਆਰਾ ਇਸ ਤਰ੍ਹਾਂ ਨਿਦੇਸ਼ ਨ ਦੇਵੇ ; ਅਤੇ ਰਾਜਪਾਲ ਕਿਸੇ ਐਕਟ ਬਾਰੇ ਅਜਿਹਾ ਕੋਈ ਨਿਦੇਸ਼ ਦਿੰਦਿਆਂ

---

[54] ਉਪਰੋਕਤ ਦੀ ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ (21.1.1972 ਤੋਂ ਲੈ ਕੇ) ਪੈਰਾ 18 ਦਾ ਲੋਪ ਕਰ ਦਿੱਤਾ ਗਿਆ ।

[55] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੇ ਦੁਆਰਾ ਪੈਰ੍ਹਾ 19 ਅਸਾਮ ਰਾਜ ਨੂੰ ਲਾਗੂ ਕਰਨ ਵਿਚ ਹੇਠ ਲਿਖੇ ਰੂਪ ਨਾਲ ਸੋਧ ਕੀਤਾ ਗਿਆ ਜਿਸ ਨਾਲ ਉਪ-ਪੈਰ੍ਹਾ (3) ਦੇ ਪਿੱਛੋਂ ਹੇਠ ਲਿਖਿਆ ਅੰਤਰਸਥਾਪਤ ਕੀਤਾ ਗਿਆ, ਅਰਥਾਤ "(4) ਇਸ ਐਕਟ ਦੇ ਅਰੰਭ ਦੇ ਪਿਛੋਂ, ਜਿੰਨਾ ਛੇਤੀ ਸੰਭਵ ਹੋ ਸਕੇ ਅਸਾਮ ਵਿਚ ਬੋਡੋਲੈਂਡ ਪ੍ਰਦੇਸ਼ਿਕ ਖੇਤਰ ਜਿਲ੍ਹੇ ਦੇ ਲਈ ਇਕ ਅੰਤਰਮ ਕਾਰਜਪਾਲਿਕਾ ਪਰਿਸ਼ਦ, ਰਾਜਪਾਲ ਦੁਆਰਾ ਬੋਡੋ ਅੰਦੋਲਨ ਦੇ ਨੇਤਾਵਾਂ ਵਿਚੋਂ, ਜਿਸ ਦੇ ਵਿਚ ਸਮਝੋਤੇ ਦੇ ਯਾਦਪੱਤਰ ਤੇ ਦਸਖਤ ਕਰਤਾ ਵੀ ਸ਼ਾਮਲ ਹੋਣ, ਬਣਾਈ ਜਾਵੇਗੀ ਅਤੇ ਉਸ ਵਿਚ ਉਸ ਖੇਤਰ ਦੇ ਗੈਰ ਕਬਾਇਲੀ ਫਿਰਕਿਆਂ ਨੂੰ ਵੀ ਚੋਖੀ ਪ੍ਰਤੀਨਿਥਤਾ ਦਿਤੀ ਜਾਵੇਗੀ:

ਪਰੰਤੂ ਅੰਤਰ ਪਰਿਸ਼ਦ ਛੇ ਮਹੀਨਿਆਂ ਦੀ ਮੁੱਦਤ ਦੇ ਲਈ ਹੋਵੇਗੀ ਜਿਸ ਦੇ ਦੋਰਾਨ ਪਰਿਸ਼ਦ ਦੀ ਚੋਣ ਕਰਵਾਉਣ ਦਾ ਯਤਨ ਕੀਤਾ ਜਾਵੇਗਾ।

ਵਿਆਖਿਆ – ਇਸ ਉਪ-ਪੈਰ੍ਹਾ ਦੇ ਪ੍ਰਯੋਜਨਾਂ ਦੇ ਲਈ "ਸਮਝੋਤੇ ਦਾ ਯਾਦ ਪੱਤਰ" ਪਦ ਤੋ ਮਤਲਬ ਹੈ ਭਾਰਤ ਸਰਕਾਰ, ਅਸਾਮ ਸਰਕਾਰ ਅਤੇ ਬੋਡੋ ਲਿਬਰੇਸ਼ਨ ਟਾਇਗਰਜ਼ ਦੇ ਵਿਚਕਾਰ 10 ਫਰਵਰੀ, 2003 ਨੂੰ ਦਸਖਤ ਕੀਤਾ ਯਾਦਪੱਤਰ।"

Ministry of Law & Justice

ਹੋਇਆਂ ਇਹ ਨਿਦੇਸ਼  ਦੇ ਸਕੇਗਾ ਕਿ ਉਸ ਖੇਤਰ ਜਾਂ ਉਸ ਦੇ ਕਿਸੇ ਉਲਿਖਤ ਭਾਗ ਨੂੰ ਲਾਗੂ ਹੋਣ ਵਿਚ, ਉਹ ਐਕਟ ਅਜਿਹੇ ਅਪਵਾਦਾਂ ਅਤੇ ਰੂਪਭੇਦਾਂ ਦੇ ਤਾਬੇ ਪ੍ਰਭਾਵੀ ਹੋਵੇਗਾ ਜਿਹੇ ਉਹ ਉਚਿਤ ਸਮਝੇ ।

(ਅ) ਰਾਜਪਾਲ ਕਿਸੇ ਅਜਿਹੇ ਖੇਤਰ ਦੀ ਸ਼ਾਂਤੀ ਅਤੇ ਚੰਗੇ ਸ਼ਾਸਨ ਲਈ ਵਿਨਿਯਮ ਬਣਾ ਸਕੇਗਾ ਅਤੇ ਇਸ ਤਰ੍ਹਾਂ ਬਣਾਏ ਗਏ ਕੋਈ ਵਿਨਿਯਮ ਸੰਸਦ ਦੇ ਜਾਂ ਉਸ ਰਾਜ ਦੇ ਵਿਧਾਨ-ਮੰਡਲ ਦੇ ਕਿਸੇ ਐਕਟ ਨੂੰ ਜਾਂ ਕਿਸੇ ਮੌਜੂਦਾ ਕਾਨੂੰਨ ਨੂੰ ਜੋ ਤਤ-ਸਮੇਂ ਅਜਿਹੇ ਖੇਤਰਾਂ ਨੂੰ ਲਾਗੂ ਹੋਵੇ, ਨਿਰਸਤ ਜਾਂ ਉਸ ਵਿਚ ਸੋਧ ਕਰ ਸਕਣਗੇ ।

(2) ਇਸ ਪੈਰੇ ਦੇ ਉਪ-ਪੈਰਾ (1) ਦੇ ਖਡ (ੳ) ਦੇ ਅਧੀਨ ਰਾਜਪਾਲ ਦੁਆਰਾ ਦਿੱਤਾ ਗਿਆ ਕੋਈ ਨਿਦੇਸ਼ ਇਸ ਤਰ੍ਹਾਂ ਦਿੱਤਾ ਜਾ ਸਕੇਗਾ ਕਿ  ਉਸ ਦਾ ਅਤੀਤਦਰਸ਼ੀ ਪ੍ਰਭਾਵ ਹੋਵੇ ।

(3) ਇਸ ਪੈਰੇ ਦੇ ਉਪ-ਪੈਰਾ (1) ਦੇ ਖੰਡ (ਅ) ਦੇ ਅਧੀਨ ਬਣਾਏ ਗਏ ਸਭ ਵਿਨਿਯਮ ਤਤਕਾਲ ਰਾਸ਼ਟਰਪਤੀ ਨੂੰ ਪੇਸ਼ ਕੀਤੇ ਜਾਣਗੇ ਅਤੇ, ਜਦ ਤਕ ਉਹ ਉਨ੍ਹਾਂ ਨੂੰ ਅਨੁਮਤੀ ਨ ਦੇ ਦੇਵੇ, ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ।

[56] [20. **ਕਬਾਇਲੀ ਖੇਤਰ**,-(1)ਹੇਠਲੀ ਸਾਰਣੀ ਦੇ ਭਾਗ I,II [57][IIੳ] ਅਤੇ III ਵਿਚ ਉਲਿਖਤ ਖੇਤਰ ਕ੍ਰਮਵਾਰ ਆਸਾਮ ਰਾਜ, ਮੇਘਾਲਯ ਰਾਜ [ਤ੍ਰਿਪੁਰਾ ਰਾਜ] ਅਤੇ ਮੀਜੋਰਮ [58][ਰਾਜ]  ਦੇ ਕਬਾਇਲੀ ਖੇਤਰ ਹੋਣਗੇ ।

---

[56] ਉਤਰ ਪੂਰਵੀ ਖੇਤਰ (ਪੁਨਰਗਠਨ)  ਐਕਟ, 1971 (1971 ਦਾ 81), ਧਾਰਾ 71(ਘ) ਅਤੇ ਅੱਠਵੀਂ ਅਨੁਸੂਚੀ ਦੁਆਰਾ ਪੈਰਾ 20 ਅਤੇ 20ੳ ਦੀ ਥਾਂਵੇਂ (21.1.1972 ਤੋਂ ਲੈ ਕੇ) ਰੱਖਿਆ ਗਿਆ ।

[57] ਸੰਵਿਧਾਨ ਦੀ (ਉਣਜਵੀਂ ਸੋਧ) ਐਕਟ, 1984 ਦੀ ਧਾਰਾ 4 ਦੁਆਰਾ (1.4.1985 ਤੋਂ) ਅੰਤਰਸਥਾਪਤ ।

[58] ਮੀਜੋਰਮ ਰਾਜ ਐਕਟ, 1986 (1986 ਦਾ 34) ਦੀ ਧਾਰਾ 39 ਦੁਆਰਾ (20.02.1987 ਤੋਂ) "ਸੰਘ ਰਾਜਖੇਤਰ" ਦੀ ਥਾਵੇਂ ਰੱਖੇ ਗਏ ।



Ministry of Law & Justice

(2) [59][ਹੇਠਲੀ ਸਾਰਣੀ ਦੇ ਭਾਗ I, II ਅਤੇ III ਵਿਚ ] ਕਿਸੇ ਜਿਲ੍ਹੇ ਦੇ ਪ੍ਰਤਿ ਹਵਾਲੇ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਦ ਪੂਰਬ –ਉੱਤਰ ਏਰੀਆਜ (ਰੀਆਰਗਨਾਈਜੇਸ਼ਨ) ਐਕਟ, 1971 ਦੀ ਧਾਰਾ 2 ਦੇ ਖੰਡ (ਅ) ਦੇ ਅਧੀਨ ਮੁਕੱਰਰ ਕੀਤੇ ਗਏ ਦਿਨ ਤੋਂ ਤੁਰਤ ਪਹਿਲਾਂ ਮੌਜੂਦ ਉਸ ਨਾਂ ਦੇ ਖ਼ੁਦਮੁਖ਼ਤਾਰ ਜਿਲ੍ਹੇ ਵਿਚ ਸਮਾਵਿਸ਼ਟ ਰਾਜਖੇਤਰ ਦੇ ਪ੍ਰਤਿ ਹਵਾਲਾ ਹੈ ।

ਪਰੰਤੂ ਇਸ ਅਨਸੂਚੀ ਦੇ ਪੈਰਾ 3 ਦੇ ਉਪ-ਪੈਰਾ (10 ਦੇ ਖੰਡ (ਹ) ਅਤੇ (ਕ), ਪੈਰਾ 4, ਪੈਰਾ 5, ਪੈਰਾ 6, ਪੈਰਾ 8 ਦੇ ਉਪ-ਪੈਰਾ (2), ਉਪ-ਪੈਰਾ (3) ਦੇ ਖੰਡ (ੳ), (ਅ) ਅਤੇ (ਸ) ਅਤੇ ਉਪ-ਪੈਰਾ (4) ਅਤੇ ਪੈਰਾ 10 ਦੇ ਉਪ-ਪੈਰਾ (2) ਦੇ ਖੰਡ (ਸ) ਦੇ ਪ੍ਰਯੋਜਨਾਂ ਲਈ ਸ਼ੀਲਾਂਗ ਨਗਰਪਾਲਕਾ ਵਿਚ ਸਮਾਵਿਸ਼ਟ ਖੇਤਰ ਦੇ ਕਿਸੇ ਭਾਗ ਦੇ ਬਾਰੇ ਵਿਚ ਇਹ ਵੀ ਸਮਝਿਆ ਜਾਵੇਗਾ ਕਿ ਉਹ [60][ਸੰਯੁਕਤ ਖਾਸੀ ਪਹਾੜੀ] ਜਿਲ੍ਹੇ ਵਿਚ ਹੈ ।

[54](3) [ਹੇਠਲੀ ਸਾਰਣੀ ਦੇ ਭਾਗ ਵਿਚ "ਤ੍ਰਿਪੁਰਾ ਕਬਾਇਲੀ ਜ਼ਿਲ੍ਹਾ" ਦੇ ਪ੍ਰਤਿ ਹਵਾਲਾ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਤ੍ਰਿਪੁਰਾ ਕਬਾਇਲੀ ਖੇਤਰ ਖੁਦ-ਮੁਖਤਾਰ ਜਿਲ੍ਹਾ ਪਰਿਸ਼ਦ ਐਕਟ, 1979 ਦੀ ਪਹਿਲੀ ਅਨੁਸੂਚੀ ਵਿਚ ਉਲਿਖਤ ਕਬਾਇਲੀ ਖੇਤਰ ਵਿਚ ਸੰਮਲਿਤ ਰਾਜਖੇਤਰ ਦੇ ਪ੍ਰਤਿ ਹਵਾਲਾ ਹੈ । ]

ਸਾਰਣੀ

ਭਾਗ I

(1) ਉੱਤਰੀ ਕਛਾਰ ਪਹਾੜੀ ਜਿਲ੍ਹਾ

---

[59] ਸੰਵਿਧਾਨ ਦੀ (ਉਣਜਵੀਂ ਸੋਧ) ਐਕਟ, 1984 ਦੀ ਧਾਰਾ 4 ਦੁਆਰਾ (1.4.1985 ਤੋਂ ""ਹੇਠਾਂ ਦਿੱਤੀ ਗਈ ਸਾਰਣੀ ਵਿਚ ਦੀ ਥਾਵੇਂ ਰੱਖੇ ਗਏ । "

[60] ਮੇਘਾਲਿਆ ਸਰਕਾਰ ਦੀ ਅਧਿਸੂਚਨਾ ਨੰ. ਡੀ.ਸੀ.ਏ. 31/72/11, ਤਰੀਕ 14 ਜੂਨ, 1973, ਮੇਘਾਲਿਆ ਦਾ ਗਜਟ ਭਾਗ "" ਉ ਤਰੀਕ 23.6.1973 ਪਨਾ 200 ਦੁਆਰਾ ਅੰਤਰਸਥਾਪਤ ।

(2) [61][ਕਾਰਬੀ ਅਗਲੋਂਗ ਜਿਲ੍ਹਾ ]

[62][3. ਬੋਡੋਲੈਂਡ ਸੰਘਰਾਜ ਖੇਤਰ ਜਿਲ੍ਹਾ ।]

ਭਾਗ II

[57](1) ਖਾਸੀ ਪਹਾੜੀ ਜਿਲ੍ਹਾ

(2) ਜੈਂਤੀਆ ਪਹਾੜੀ ਜਿਲ੍ਹਾ ]

(3) ਗਾਰੋ ਪਹਾੜੀ ਜਿਲ੍ਹਾ

[63][ਭਾਗ IIੳ

ਤ੍ਰਿਪੁਰਾ ਕਬਾਇਲੀ ਖੇਤਰ ਜਿਲ੍ਹਾ ]

ਭਾਗ III

[64]xxxxxxx

[65][(1) ਚਕਮਾ ਜਿਲ੍ਹਾ

[66][(2) ਮਾਰਾ ਜਿਲ੍ਹਾ

(3) ਲੇਈ ਜਿਲ੍ਹਾ ।]

---

[61] ਅਸਾਮ ਸਰਕਾਰ ਦੁਆਰਾ ਤਰੀਕ 14.10.1976 ਤੀ ਅਧਿਸੂਚਨਾ ਨੰ.: ਟੀ.ਏਡੀ./ਆਰ/115/74/47 ਦੁਆਰਾ "ਮਿਨਿਰ ਪਹਾੜੀ ਜਿਲ੍ਹਾ" ਦੀ ਥਾਵੇਂ ਪ੍ਰਤੀਸਥਾਪਤ

[62] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 2003 (2003 ਦਾ 44) ਦੀ ਧਾਰਾ 2 ਦੁਆਰਾ ਅੰਤਰਸਥਾਪਤ ।

[63] ਸੰਵਿਧਾਨ ਦੀ (ਉਣੰਜਵੀਂ ਸੋਧ) ਐਕਟ, 1984 ਦੀ ਧਾਰਾ 4 ਦੁਆਰਾ (1.4.1985 ਤੋਂ) ਅੰਤਰਸਥਾਪਤ ।

[64] ਸੰਘ ਰਾਜਖੇਤਰ ਸ਼ਾਸਨ ਸੋਧ ਐਕਟ, 1971 (1971 ਦਾ 83) ਦੀ ਧਾਰਾ 13 ਦੁਆਰਾ (29.04.1973 ਤੋਂ) "ਮਿਜੋ ਜਿਲਾ" ਸ਼ਬਦਾਂ ਦਾ ਲੋਪ ਕਿਤਾ ਗਿਆ ।

[65] ਮਿਜੋਰਮ ਦੇ ਗਜਟ, 1972, ਤਰੀਕ 5 ਮਈ, 1972 ਜਿਲਦ 1, ਭਾਗ II, ਪੇਜ 17 ਵਿਚ ਪ੍ਰਕਾਸ਼ਤ ਦ ਮੀਜੋਰਮ ਡਿਸਟ੍ਰਿਕਟ ਪਰਿਸ਼ਦ (ਮਿਸਲੇਨੀਅਸ ਪਰੋਵੀਜ਼ਨਜ਼) ਔਰਡਰ, 1972 ਦੁਆਰਾ (29.4.1972 ਤੋਂ) ਅੰਤਰਸਥਾਪਤ ।

[66] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1988 (1988 ਦਾ 67) ਦੀ ਧਾਰਾ 2 ਦੁਆਰਾ ਕ੍ਰਮ ਨੰ. 2 ਅਤੇ 3 ਅਤੇ ਉਨ੍ਹਾਂ ਨਾਲ ਸੰਬੰਧਤ ਇੰਦਰਾਜ ਦੀ ਥਾਵੇਂ ਰੱਖਿਆ ਗਿਆ ।

Ministry of Law & Justice

[67][20ਉ. **ਮੀਜੋਰਮ ਜਿਲ੍ਹਾ ਪਰਿਸ਼ਦ ਦਾ ਤੁੜਾਉ**-(1) ਇਸ ਅਨੁਸੂਚੀ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਮੁਕੱਰਰ ਤਰੀਕ ਤੋਂ ਤੁਰਤ ਪਹਿਲਾਂ ਮੈਜੂਦ ਮੀਜੋ ਜਿਲ੍ਹਾ ਦੀ ਜਿਲ੍ਹਾ ਪਰਿਸ਼ਦ (ਜਿਸ ਦਾ ਇਸ ਵਿਚ ਇਸ ਤੋਂ ਪਿਛੋਂ ਮੀਜੋ ਜਿਲ੍ਹਾ ਪਰਿਸ਼ਦ ਵਜੋਂ ਹਵਾਲਾ ਦਿੱਤਾ ਗਿਆ ਹੈ) ਤੋੜ ਦਿੱਤੀ ਜਾਵੇਗੀ ਅਤੇ ਉਸ ਦੀ ਹੋਂਦ ਦਾ ਅੰਤ ਹੋ ਜਾਵੇਗਾ।

(2) ਮੀਜੋਰਮ ਸੰਘ ਰਾਜ ਖੇਤਰ ਦਾ ਪ੍ਰਸ਼ਾਸਕ ਇਕ ਜਾਂ ਵੱਧ ਹੁਕਮਾਂ, ਹੇਠ-ਲਿਖੇ ਮਾਮਲਿਆਂ ਵਿਚੋਂ ਸਭ ਜਾਂ ਕਿਸੇ ਦੇ ਬਾਰੇ ਵਿਚ ਉਪਬੰਧ ਕਰ ਸਕੇਗਾ, ਅਰਥਾਤ ---

(ੳ) ਮੀਜੋ ਜਿਲ੍ਹਾ ਪਰਿਸ਼ਦ ਦੇ ਧਨਧਾਮ, ਅਧਿਕਾਰਾਂ ਅਤੇ ਦੇਣਦਾਰੀਆਂ (ਜਿਸ ਵਿਚ ਉਸ ਦੁਆਰਾ ਕੀਤੇ ਗਏ ਕਿਸੇ ਮੁਆਇਦੇ ਦੇ ਅਧੀਨ, ਅਧਿਕਾਰ ਅਤੇ ਦੇਣਦਾਰੀਆਂ ਸ਼ਾਮਲ ਹਨ)ਸਾਰੀਆਂ ਦੀ ਜਾਂ ਅੰਸ਼ਕ ਤੋਰ ਤੇ ਸੰਘ ਜਾਂ ਕਿਸੇ ਹੋਰ ਸੱਤਾਧਾਰੀ ਨੂੰ ਬਦਲੀ ;

(ਅ) ਕਿਸੇ ਕਾਨੂੰਨੀ ਕਾਰਵਾਈ ਵਿਚ, ਜਿਸ ਵਿਚ ਮੀਜ਼ੋ ਜਿਲ੍ਹਾ ਪਰਿਸ਼ਦ ਇਕ ਧਿਰ ਹੋਵੇ, ਮੀਜ਼ੋ ਜਿਲ੍ਹਾ ਪਰਿਸ਼ਦ ਦੀ ਥਾਂਵੇਂ ਸੰਘ ਜਾਂ ਕਿਸੇ ਹੋਰ ਸੱਤਾਧਾਰੀ ਦਾ ਧਿਰ ਵਜੋਂ ਰਖਿਆ ਜਾਣਾ ਜਾਂ ਸੰਘ ਜਾਂ ਕਿਸੇ ਹੋਰ ਸੱਤਾਧਾਰੀ ਦਾ ਧਿਰ ਵਜੋਂ ਵਧਾਇਆ ਜਾਣਾ ;

(ੲ) ਮੀਜ਼ੋ ਜਿਲ੍ਹਾ ਪਰਿਸ਼ਦ ਦੇ ਕਰਮਚਾਰੀਆਂ ਦਾ ਸੰਘ ਜਾਂ ਕਿਸੇ ਹੋਰ ਸੱਤਾਧਾਰੀ ਨੂੰ ਜਾਂ ਉਸ ਦੁਆਰਾ ਬਦਲਣਾ ਜਾਂ ਮੁੜ ਨੋਕਰੀ ਤੇ ਲਾਊਣਾ ; ਅਜਿਹੀ ਬਦਲਈ ਜਾਂ ਮੁੜ-ਨੋਕਰੀ ਤੇ ਲਾਉਣ ਦੇ ਪਿਛੋਂ ਉਨ੍ਹਾਂ ਕਰਮਚਾਰੀਆਂ ਨੂੰ ਲਾਗੂ

[67] ਦ ਗਵਰਨਮੈਂਟ ਔਫ ਯੂਨੀਅਨ ਟੌਰੀਟਰੀਜ਼ (ਅਮੈਂਡਮੈਂਟ) ਐਕਟ, 1971 (1971 ਦਾ 83) ਦੀ ਧਾਰਾ 13 ਦੁਆਰਾ ਪੈਰਾ 20-ਦੀ ਥਾਂਵੇਂ (29.4.1972 ਤੋਂ ਲੈ ਕੇ) ਰੱਖਿਆ ਗਿਆ।

ਹੋਣ ਵਾਲੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ;

(ਸ) ਮੀਜ਼ੋ ਜਿਲ੍ਹਾ ਪਰਿਸ਼ਦ ਦੁਆਰਾ ਬਣਾਏ ਗਏ ਅਤੇ ਉਸ ਦੇ ਤੋੜੇ ਜਾਣ ਤੋਂ ਤੁਰਤ ਪਹਿਲਾਂ ਨਾਫ਼ਜ ਕਾਨੂੰਨ ਦੇ, ਅਜਿਹੇ ਅਨੁਕੂਲਣਾ ਅਤੇ ਰੂਪਭੇਦਾਂ, ਨਾਲ ਜਿਹੇ ਕਿ ਪ੍ਰਸ਼ਾਸਕ ਦੁਆਰਾ ਇਸ ਨਮਿੱਤ ਨਿਰਸਤ ਜਾਂ ਸੋਧ ਕਰਕੇ ਕੀਤੇ ਜਾਣ, ਉਸ ਸਮੇਂ ਤਕ ਬਣਿਆ ਰਹਿਣਾ ਜਦ ਤਕ ਕਿ ਅਜਿਹੇ ਕਾਨੂੰਨ ਸ਼ਕਤਵਾਨ ਵਿਧਾਨ-ਮੰਡਲ ਦੁਆਰਾ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਦੁਆਰਾ ਬਦਲੇ, ਨਿਰਸਤ ਕੀਤੇ ਜਾਂ ਸੋਧੇ ਨਹੀਂ ਜਾਂਦੇ ;

(ਹ) ਅਜਿਹੇ ਅਨੁਸੰਗਕ ਪਰਿਣਾਮਕ ਅਤੇ ਅਨੁਪੂਰਕ ਮਾਮਲੇ, ਜਿਹੇ ਪ੍ਰਸ਼ਾਸਕ ਜ਼ਰੂਰੀ ਸਮਝੇ ।

ਵਿਆਖਿਆ- ਇਸ ਪੈਰੇ ਅਤੇ ਇਸ ਅਨੁਸੂਚੀ ਦੇ ਪੈਰਾ 20 ਉ ਵਿਚ ਪਦ " ਮੁਕੱਰਰ ਤਰੀਕ" ਦਾ ਮਤਲਬ ਹੈ ਉਹ ਤਰੀਕ ਜਿਸ ਨੂੰ ਮੀਜੋਰਮ ਸੰਘ ਰਾਜਖੇਤਰ ਦੀ ਵਿਧਾਨ ਸਭਾ ਦਾ ਗਵਰਨਮੈਂਟ ਔਫ ਯੂਨੀਅਨ ਟੇਰੀਟਰੀਜ ਐਕਟ, 1963 ਦੇ ਉਪਬੰਧਾਂ ਦੇ ਅਧੀਨ ਅਤੇ ਉਨ੍ਹਾਂ ਦੇ ਅਨੁਸਾਰ ਠੀਕ ਤੋਰ ਤੇ ਗਠਤ ਹੋਵੇ ।

[68]20. ਅ **ਮੀਜੋਰਮ ਸੰਘ ਰਾਜਖੇਤਰ ਵਿਚ ਖ਼ੁਦਮੁਖ਼ਤਾਰ ਪ੍ਰਦੇਸ਼ਾਂ ਦਾ ਖ਼ੁਦਮੁਖ਼ਤਾਰ ਜਿਲ੍ਹੈ ਹੋਣਾ ਅਤੇ ਉਸ ਦੇ ਪਰਿਣਾਮਕ ਅੰਤਰਕਾਲਈ**

[68] ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1995 (1995 ਦਾ 42) ਦੀ ਧਾਰਾ 2 ਦੁਆਰਾ ਅਸਾਮ ਵਿਚ ਲਾਗੂ ਹੋਣ ਦੇ ਲਈ ਪੈਰ੍ਹਾ 20ਅ ਦੇ ਪਿੱਛੋਂ ਹੇਠ ਲਿਖਿਆ ਪੈਰ੍ਹਾ ਅੰਤਰ-ਸਥਾਪਤ ਕੀਤਾ ਗਿਆ, ਅਰਥਾਤ:-
"20ੳ ਅ. ਰਾਜਪਾਲ ਦੁਆਰਾ ਆਪਣੇ ਕਾਜਰਾਰਾਂ ਦੇ ਨਿਸਤਾਰੇ ਵਿਚ ਸਵੈ-ਵਿਵੇਕ ਸ਼ਕਤੀਆਂ ਦੀ ਵਰਤੋਂ – ਰਾਜ, ਇਸ ਅਨੁਸੂਚੀ ਦੇ ਪੈਰ੍ਹਾ 1 ਦੇ ਉਪ-ਪੈਰ੍ਹਾ (2) ਅਤੇ ਉਪ-ਪੈਰ੍ਹਾ(3) ਪੈਰ੍ਹਾ 2 ਦੇ ਉਪ-ਪੈਰ੍ਹਾ(1), ਉਪ-ਪੈਰ੍ਹਾ (6), ਉਪ-ਪੈਰ੍ਹਾ(6ੳ) ਦੇ ਪਹਿਲੇ ਪਰੰਤੁਕ ਨੂੰ ਛੱਛ ਕੇ ਅਤੇ ਉਪ-ਪੈਰ੍ਹਾ(7), ਪੈਰ੍ਹਾ 3 ਦੇ ਉਪ-ਪੈਰ੍ਹਾ (3), ਪੈਰ੍ਹਾ 4 ਦੇ ਉਪ-ਪੈਰ੍ਹਾ (4), ਪੈਰ੍ਹਾ 5, ਪੈਰ੍ਹਾ 6 ਦੇ ਉਪ-ਪੈਰ੍ਹਾ (1), ਪੈਰ੍ਹਾ 7 ਦੇ ਉਪ-ਪੈਰ੍ਹਾ (2), ਪੈਰ੍ਹਾ 8 ਦੇ ਉਪ-ਪੈਰ੍ਹਾ (4), ਪੈਰ੍ਹਾ 9 ਦੇ ਉਪ-ਪੈਰ੍ਹਾ (3), ਪੈਰ੍ਹਾ 10 ਦੇ ਉਪ-ਪੈਰ੍ਹਾ (3), ਪੈਰ੍ਹਾ 14 ਦੇ ਉਪ-ਪੈਰ੍ਹਾ (1) ਪੈਰ੍ਹਾ 15 ਦੇ ਉਪ-ਪੈਰ੍ਹਾ (1) ਅਤੇ ਪੈਰ੍ਹਾ 16 ਦੇ ਉਪ-ਪੈਰ੍ਹਾ (1) ਅਤੇ ਉਪ-ਪੈਰ੍ਹਾ (2) ਦੇ ਅਧੀਨ ਆਪਣੇ ਕਾਜਕਾਰਾਂ ਦੇ ਨਿਭਾਅ ਵਿਚ, ਮੰਤਰੀ ਪਰਿਸ਼ਦ ਅਤੇ ਜਿਹੀ ਕਿ ਸੂਰਤ ਹੋਵੇ, ਉਤਰੀ ਕਛਾਰ ਪਹਾੜੀ ਖੁਦਮੁਖਤਾਰ ਪਰਿਸ਼ਦ ਜਾਂ ਕਾਰਬੀ ਆਗਲਾਂਗ ਪਹਾੜੀ ਖੁਦਮੁਖਤਾਰ ਪਰਿਸ਼ਦ ਨਾਲ ਮਸ਼ਵਰੇ ਕਰਨ ਦੇ ਪਿੱਛੋਂ ਅਜਿਹੀ ਕਾਰਵਾਈ ਕਰੇਗਾ, ਜੋ ਉਹ ਸਵੈ-ਵਿਵੇਕ ਅਨੁਸਾਰ ਜ਼ਰੂਰੀ ਮੰਨਦਾ ਹੈ ।"

Ministry of Law & Justice

**ਉਪਬੰਧ**,--(1) ਇਸ ਅਨੁਸੂਚੀ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ—

(ੳ) ਮੀਜੋਰਮ ਸੰਘ ਰਾਜਖੇਤਰ ਵਿਚ ਮੁਕੱਰਰ ਤਰੀਕ ਤੋਂ ਤੁਰਤ ਪਹਿਲਾਂ ਮੌਜੂਦ ਹਰੇਕ ਖ਼ੁਦਮੁਖ਼ਤਾਰ ਪ੍ਰਦੇਸ਼ ਉਸ ਤਰੀਕ ਨੂੰ ਉਸ ਸੰਘ ਰਾਜਖੇਤਰ ਦਾ ਜਿਲ੍ਹਾ ਹੋ ਜਾਵੇਗਾ (ਜਿਸ ਦਾ ਇਸ ਵਿਚ ਇਸ ਤੋਂ ਪਿੱਛੋਂ ਤਤ-ਸਥਾਨੀ ਨਵੇਂ ਜਿਲ੍ਹੇ ਵਜੋਂ ਹਵਾਲਾ ਦਿੱਤਾ ਗਿਆ ਹੈ) ਅਤੇ ਉਸ ਦਾ ਪ੍ਰਸ਼ਾਸਕ, ਇਕ ਜਾਂ ਵੱਧ ਹੁਕਮਾਂ ਦੁਆਰਾ ਨਿਦੇਸ਼ ਦੇ ਸਕੇਗਾ ਕਿ ਇਸ਼ ਅਨੁਸੂਚੀ ਦੇ ਪੈਰਾ 20 ਵਿਚ (ਜਿਸ ਵਿਚ ਉਸ ਪੈਰੇ ਦੇ ਨਾਲ ਲਗੀ ਸਾਰਣੀ III ਦਾ ਭਾਗ ਵੀ ਸ਼ਾਮਲ ਹੈ) ਅਜਿਹੀਆਂ ਪਰਿਣਾਮਕ ਸੋਧਾਂ ਕੀਤੀਆਂ ਜਾਣਗੀਆਂ ਜੋ ਇਸ ਖੰਡ ਦੇ ਉਪਬੰਧਾ ਨੂੰ ਪ੍ਰਭਾਵੀ ਬਣਾਉਣ ਲਈ ਜਰੂਰੀ ਹੋਣ, ਅਤੇ ਤਦ ਉਕਤ ਪੈਰਾ ਅਤੇ ਉਕਤ ਭਾਗ III ਉਸ ਦੇ ਅਨੁਸਾਰ ਸੋਧੇ ਜਾਣਗੇ ;

(ਅ) ਮੀਜੋਰਮ ਸੰਘ ਰਾਜਖੇਤਰ ਵਿਚ ਮੁਕੱਰਰ ਤਰੀਕ ਤੋਂ ਤੁਰਤ ਪਹਿਲਾਂ ਮੋਜੂਦ ਖ਼ੁਦਮੁਖ਼ਤਾਰ ਪ੍ਰਦੇਸ਼ ਦੀ

---

ਸੰਵਿਧਾਨ ਦੀ ਛੇਵੀਂ ਅਨੁਸੂਚੀ (ਸੋਧ) ਐਕਟ, 1988 (1988 ਦਾ 67) ਦੀ ਧਾਰਾ 2 ਦੁਆਰਾ ਤ੍ਰਿਪੁਰਾ ਅਤੇ ਮਿਜੋਰਮ ਰਾਜਾਂ ਨੂੰ ਲਾਗੂ ਵਿਚ ਪੈਰ੍ਹਾ 20ਅ ਦੇ ਪਿੱਛੋਂ ਹੇਠ ਲਿਖਿਆ ਪੈਰ੍ਹਾ ਅੰਤਰ-ਸਥਾਪਤ ਕੀਤਾ ਗਿਆ, ਅਰਥਾਤ:-

"20ਅ ਅ. ਰਾਜਪਾਲ ਦੁਆਰਾ ਆਪਣੇ ਕਾਜਰਾਰਾਂ ਦੇ ਨਿਸਤਾਰੇ ਵਿਚ ਸਵੈ-ਵਿਵੇਕ ਸ਼ਕਤੀਆਂ ਦੀ ਵਰਤੋਂ – ਰਾਜਪਾਲ, ਇਸ ਅਨੁਸੂਚੀ ਦੇ ਪੈਰ੍ਹਾ 1 ਦੇ ਉਪ-ਪੈਰ੍ਹਾ (2) ਅਤੇ ਉਪ-ਪੈਰ੍ਹਾ(3) ਪੈਰ੍ਹਾ2 ਦੇ ਉਪ-ਪੈਰ੍ਹਾ(1), ਉਪ-ਪੈਰ੍ਹਾ (7), ਪੈਰ੍ਹਾ 3 ਦੇ ਉਪ-ਪੈਰ੍ਹਾ (3), ਪੈਰ੍ਹਾ 4 ਦੇ ਉਪ-ਪੈਰ੍ਹਾ (4), ਪੈਰ੍ਹਾ 5, ਪੈਰ੍ਹਾ 6 ਦੇ ਉਪ-ਪੈਰ੍ਹਾ (1), ਪੈਰ੍ਹਾ 7 ਦੇ ਉਪ-ਪੈਰ੍ਹਾ (2), ਪੈਰ੍ਹਾ 9 ਦੇ ਉਪ-ਪੈਰ੍ਹਾ (3), ਪੈਰ੍ਹਾ 14 ਦੇ ਉਪ-ਪੈਰ੍ਹਾ (1), ਪੈਰ੍ਹਾ 15 ਦੇ ਉਪ-ਪੈਰ੍ਹਾ (1) ਅਤੇ ਪੈਰ੍ਹਾ 16 ਦੇ ਉਪ-ਪੈਰ੍ਹਾ (1) ਅਤੇ ਉਪ-ਪੈਰ੍ਹਾ (2) ਦੇ ਅਧੀਨ ਆਪਣੇ ਕਾਜਕਾਰਾਂ ਦੇ ਨਿਸਤਾਰੇ, ਮੰਤਰੀ ਪਰਿਸ਼ਦ ਤੋਂ ਅਤੇ, ਜੇ ਉਹ ਜ਼ਰੂਰੀ ਸਮਝੇ ਤਾਂ ਸੰਬੰਧਤ ਜਿਲ੍ਹਾ ਪਰਿਸ਼ਦ ਜਾਂ ਪ੍ਰਦੇਸ਼ਿਕ ਪਰਿਸ਼ਦ ਨਾਲ ਮਸ਼ਵਰੇ ਕਰ ਦੇ ਪਿੱਛੋਂ, ਅਜਿਹੀ ਕਾਰਵਾਈ ਕਰੇਗਾ, ਜੋ ਉਹ ਸਵੈ-ਵਿਵੇਕ ਅਨੁਸਾਰ ਜ਼ਰੂਰੀ ਮੰਨਦਾ ਹੈ।"

"

ਹਰੇਕ ਪ੍ਰਦੇਸ਼ਕ ਪਰਿਸ਼ਦ (ਜਿਸ ਦਾ ਇਸ ਵਿਚ ਇਸ ਤੋਂ ਪਿਛੋਂ ਮੌਜੂਦਾ ਪ੍ਰਦੇਸ਼ਕ ਪਰਿਸ਼ਦ ਵਜੋਂ ਹਵਾਲਾ ਦਿੱਤਾ ਗਿਆ ਹੈ) ਉਸ ਤਰੀਕ ਤੋ ਤਦ ਤਕ ਜਦ ਤਕ ਕਿ ਤਤਸਥਾਨੀ ਨਵੇਂ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ ਦਾ ਠੀਕ ਤੋਰ ਤੇ ਗਠਨ ਨਹੀਂ ਹੋ ਜਾਂਦਾ, ਉਸ ਜਿਲ੍ਹੇ ਦੀ ਜਿਲ੍ਹਾ ਪਰਿਸ਼ਦ (ਜਿਸ ਦਾ ਇਸ ਵਿਚ ਇਸ ਤੋਂ ਪਿਛੋਂ ਤਤਸਥਾਨੀ ਨਵੀਂ ਜਿਲ੍ਹਾ ਪਰਿਸ਼ਦ ਵਜੋਂ ਹਵਾਲਾ ਦਿੱਤਾ ਗਿਆ ਹੈ) ਸਮਝੀ ਜਾਵੇਗੀ।

(2) ਮੌਜੂਦਾ ਪ੍ਰਦੇਸ਼ਕ ਪਰਿਸ਼ਦ ਦਾ ਚੁਣਿਆ ਜਾਂ ਨਾਮਜਦ ਮੈਂਬਰ, ਜਿਹੀ ਕਿ ਸੂਰਤ ਹੋਵੇ, ਤਤਸਥਾਨੀ ਨਵੀਂ ਜਿਲ੍ਹਾ ਪਰਿਸ਼ਦ ਦੇ ਲਈ ਚੁਣੀਆ ਜਾਂ ਨਾਮਜਦ ਸਮਝਿਆ ਜਾਵੇਗਾ ਅਤੇ ਤਦ ਤਕ ਅਹੁਦਾ ਧਾਰਨ ਕਰੇਗਾ ਜਦ ਤਕ ਕਿ ਇਸ ਅਨੁਸੂਚੀ ਦੇ ਅਧੀਨ ਤਤਸਥਾਨੀ ਨਵੇਂ ਜਿਲ੍ਹੇ ਲਈ ਜਿਲ੍ਹਾ ਪਰਿਸ਼ਦ ਦਾ ਠੀਕ ਤੋਰ ਤੇ ਗਠਨ ਨਹੀਂ ਹੋ ਜਾਂਦਾ।

(3) ਜਦ ਤਕ ਕਿ ਤਤਸਥਾਨੀ ਨਵੀਂ ਜਿਲ੍ਹਾ ਪਰਿਸ਼ਦ ਦੁਆਰਾ ਇਸ ਅਨੁਸੂਚੀ ਦੇ ਪੈਰਾ 2 ਦੇ ਉਪਪੈਰਾ (7) ਅਤੇ ਪੈਰਾ 4 ਦੇ ਉਪ-ਪੈਰਾ(4) ਦੇ ਅਧੀਨ ਨਿਯਮ ਨਹੀਂ ਬਣਾਏ ਜਾਂਦੇ ਤਦ ਤਕ ਮੌਜੂਦਾ ਪ੍ਰਦੇਸ਼ਕ ਪਰਿਸ਼ਦ ਦੁਆਰਾ ਉਕਤ ਉਪਬੰਧਾਂ ਦੇ ਅਧੀਨ ਬਣਾਏ ਗਏ ਨਿਯਮ ਜੋ ਮੁਕੱਰਰ ਤਰੀਕ ਤੋਂ ਤੁਰਤ ਪਹਿਲਾਂ ਨਾਫ਼ਜ ਹੋਣ, ਤਤਸਥਾਨੀ ਨਵੀਂ ਜਿਲ੍ਹਾ ਪਰਸ਼ਦ ਦੇ ਸੰਬੰਧ ਵਿਚ ਉਨ੍ਹਾਂ ਅਨੁਕੂਲਣਾ ਅਤੇ ਰੂਪਭੇਦਾਂ ਦੇ ਤਾਬੇ, ਜੋ ਮੀਜੋਰਮ ਸੰਘਰਾਜ ਖੇਤਰ ਦੇ ਪ੍ਰਸ਼ਾਸਨ ਦੁਆਰਾ ਉਨ੍ਹਾਂ ਵਿਚ ਕੀਤੇ ਜਾਣ, ਪ੍ਰਭਾਵੀ ਹੋਣਗੇ।

(4) ਮੀਜੋਰਮ ਸੰਘ ਰਾਜਖੇਤਰ ਦਾ ਪ੍ਰਸ਼ਾਸਕ ਇਕ ਜਾਂ ਵੱਧ ਹੁਕਮਾਂ ਦੁਆਰਾ ਹੇਠ-ਲਿਖਿਆਂ ਮਾਮਲਿਆਂ ਵਿਚੋਂ ਸਭ ਜਾਂ ਕਿਸੇ ਦੇ ਬਾਰੇ ਵਿਚ ਉਪਬੰਧ ਕਰ ਸਕੇਗਾ, ਅਰਥਾਤ-

(ੳ) ਮੌਜੂਦਾ ਪ੍ਰਦੇਸ਼ਕ ਪਰਿਸ਼ਦ ਦੇ ਧਨਧਾਮ, ਅਧਿਕਾਰਾਂ ਅਤੇ ਦੇਣਦਾਰੀਆਂ (ਜਿਸ ਵਿਚ ਉਸ ਦੁਆਰਾ ਕੀਤੇ ਗਏ ਕਿਸੇ ਮੁਆਇਦੇ ਦੇ ਅਧੀਨ ਅਧਿਕਾਰ ਅਤੇ ਦੇਣਦਾਰੀਆਂ ਸ਼ਾਮਲ

Ministry of Law & Justice

ਹਨ) ਸਾਰੀਆਂ ਦੀ ਜਾਂ ਅੰਸ਼ਕ ਤੋਰ ਤੇ ਤਤਸਥਾਨੀ ਨਵੀਂ ਜਿਲਾ ਪਰਿਸ਼ਦ ਨੂੰ ਬਦਲਈ ;

(ਅ) ਕਿਸੇ ਅਜਿਹੀ ਕਾਨੂੰਨੀ ਕਾਰਵਾਈ ਵਿਚ, ਜਿਸ ਵਿਚ ਮੈਜੂਦਾ ਪ੍ਰਦੇਸ਼ਕ ਪਰਿਸ਼ਦ ਇਸ ਧਿਰ ਹੋਵੇ, ਮੈਜੂਦਾ ਪ੍ਰਦੇਸ਼ਕ ਪਰਿਸ਼ਦ ਦੀ ਥਾਂਵੇਂ ਤਤਸਥਾਨੀ ਨਵੀਂ ਜਿਲ੍ਹਾ ਪਰਿਸ਼ਦ ਦਾ ਧਿਰ ਵਜੋਂ ਰਖਿਆ ਜਾਣਾ ;

(ਇ) ਮੌਜੂਦਾ ਪ੍ਰਦੇਸ਼ਕ ਪਰਿਸ਼ਦ ਦੇ ਕਰਮਚਾਰੀਆਂ ਦਾ ਤਤਸਥਾਨੀ ਨਵੀਂ ਜਿਲ੍ਹਾ ਪਰਿਸ਼ਦ ਨੂੰ ਜਾਂ ਉਸ ਦੁਆਰਾ ਬਦਲਣਾ ਜਾਂ ਮੁੜ-ਨੌਕਰੀ ਤੇ ਲਾਉਣਾ, ਅਜਿਹੀ ਬਦਲੀ ਜਾਂ ਮੁੜ-ਨੌਕਰੀ ਤੋਂ ਪਿੱਛੋਂ ਉਨ੍ਹਾਂ ਕਰਮਚਾਰੀਆਂ ਨੂੰ ਲਾਗੂ ਹੋਣ ਵਾਲੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ;

(ਸ) ਮੌਜੂਦਾ ਪ੍ਰਦੇਸ਼ਕ ਪਰਿਸ਼ਦ ਦੁਆਰਾ ਬਣਾਏ ਗਏ ਅਤੇ ਮੁਕੱਰਰ ਤਰੀਕ ਤੋਂ ਤੁਰਤ ਪਹਿਲਾਂ ਨਾਫ਼ਜ ਕਾਨੂੰਨਾਂ ਦਾ, ਅਜਿਹੇ ਅਨਕੂਲਣਾਂ ਅਤੇ ਰੂਪਭੇਦਾਂ ਦੇ ਨਾਲ, ਜਿਹੇ ਕਿ ਪ੍ਰਸ਼ਾਸਕ ਦੁਆਰਾ ਇਸ ਨਮਿਤ ਨਿਗਮਨ ਜਾਂ ਸੋਧ ਕਰਕੇ ਕੀਤੇ ਜਾਣ, ਉਸ ਸਮੇਂ ਤਕ ਬਣਿਆ ਹਰਿਣਾ ਜਦ ਤਕ ਕਿ ਅਜਿਹੇ ਕਾਨੂੰਨ ਸ਼ਕਤਵਾਨ ਵਿਧਾਨ-ਮੰਡਲ ਜਾਂ ਹੋਰ ਸ਼ਕਤਵਾਨ ਸੱਤਾਧਾਰੀ ਦੁਆਰਾ ਬਦਲੇ, ਨਿਗਮਤ ਜਾਂ ਸ਼ੋਧੇ ਨਹੀਂ ਜਾਂਦੇਂ ;

(ਹ) ਅਜਿਹੇ ਅਨੁਸੰਗਕ ਪਰਿਣਾਮਕ ਅਤੇ ਅਨੁਪੂਰਕ ਮਾਮਲੇ ਜੋ ਪ੍ਰਸ਼ਾਸਕ ਜ਼ਰੂਰੀ ਸਮਝੇ ।

20ਇ **ਨਿਰਵਚਨ**.—ਇਸ ਨਮਿਤ ਬਣਾਏ ਗਏ ਉਪਬੰਧਾ ਦੇ ਤਾਬੇ ਇਸ ਅਨੁਸੂਚੀ ਦੇ ਉਪਬੰਧ ਮੀਜੋਰਮ ਸੰਘ ਰਾਜਖੇਤਰ ਨੂੰ ਲਾਗੂ ਹੋਣ ਵਿਚ ਇਸ ਤਰ੍ਹਾਂ ਪ੍ਰਭਾਵੀ ਹੋਣਗੇ ਜਿਵੇਂ ਕਿ--

(1) ਰਾਜ ਦੇ ਰਾਜਪਾਲ ਅਤੇ ਸਰਕਾਰ ਪ੍ਰਤਿ ਹਵਾਲੇ ਅਨੁਛੇਦ 239 ਦੇ ਅਧੀਨ ਨਿਯੁਕਤ ਸੰਘ ਰਾਜਖੇਤਰ ਦੇ ਪ੍ਰਸ਼ਾਸਕ ਦੇ ਪ੍ਰਤਿ ਹਵਾਲੇ ਹੋਣ ("ਰਾਜ ਕੀ ਸਰਕਾਰ"

ਜਾਂ "ਰਾਜ ਸਰਕਾਰ" ਪਦ ਵਿਚ ਦੇ ਸਿਵਾਏ) ਰਾਜ ਦੇ ਪ੍ਰਤਿ ਹਵਾਲੇ ਮੀਜ਼ੋਰਮ ਸੰਘ ਰਾਜਖੇਤਰ ਦੇ ਪ੍ਰਤਿ ਹਵਾਲੇ ਹੋਣ ਅਤੇ ਰਾਜ ਵਿਧਾਨ-ਮੰਡਲ ਪ੍ਰਤਿ ਹਵਾਲੇ ਮੀਜ਼ੋਰਮ ਸੰਘ ਰਾਜਖੇਤਰ ਦੇ ਵਿਧਾਨ ਸਭਾ ਦੇ ਪ੍ਰਤਿ ਹਵਾਲੇ ਹੋਣ ;

(2) (ੳ) ਪੈਰਾ 4 ਦੇ ਉਪ-ਪੈਰਾ (5) ਵਿਚ ਸੰਬੰਧਤ ਰਾਜ ਦੀ ਸਰਕਾਰ ਨਾਲ ਮਸ਼ਵਰੇ ਦੇ ਉਪਬੰਧ ਦਾ ਲੋਪ ਕਰ ਦਿਤਾ ਗਿਆ ਹੋਵੇ ;

(ਅ) ਪੈਰਾ 6 ਦੇ ਉਪ-ਪੈਰਾ (2) ਵਿਚ, "ਜਿਸ ਤੇ ਰਾਜ ਦੀ ਕਾਰਜਪਾਲਕ ਸ਼ਕਤੀ ਦਾ ਵਿਸਤਾਰ ਹੋਵੇ" ਸ਼ਬਦਾਂ ਦੀ ਥਾਂਵੇਂ "ਜਿਨ੍ਹਾਂ ਦੇ ਬਾਰੇ ਵਿਚ ਮੀਜ਼ੋਰਮ ਸੰਘ ਰਾਜਖੇਤਰ ਦੀ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਹੋਵੇ" ਸ਼ਬਦ ਰਖ ਦਿਤੇ ਗਏ ਹੋਣ ;

(ੲ) ਪੈਰਾ 13 ਵਿੱਚੋਂ ਸ਼ਬਦਾਂ ਅਤੇ ਅੰਕਾਂ "ਅਨੁਛੇਦ 202 ਦੇ ਅਧੀਨ" ਦਾ ਲੋਪ ਕਰ ਦਿੱਤਾ ਗਿਆ ਹੋਵੇ ।] ]

21. **ਅਨੁਸੂਚੀ ਦੀ ਸੋਧ**.—(1) ਸੰਸਦ ਸਮੇ ਸਮੇ ਤੇ ਕਾਨੂੰਨ ਦੁਆਰਾ ਵਾਧੇ, ਅਦਲ-ਬਦਲ ਜਾਂ ਨਿਰਸਨ ਦੁਆਰਾ ਇਸ ਅਨੁਸੂਚੀ ਦੇ ਉਪਬੰਧਾਂ ਵਿੱਚੋਂ ਕਿਸੇ ਦੀ ਸੋਧ ਕਰ ਸਕੇਗੀ ਅਤੇ, ਜਦ ਅਨੁਸੂਚੀ ਇਸ ਤਰ੍ਹਾਂ ਸੋਧੀ ਜਾਵੇ, ਇਸ ਸੰਵਿਧਾਨ ਵਿਚ ਇਸ ਅਨੁਸੂਚੀ ਦੇ ਪ੍ਰਤਿ ਕਿਸੇ ਹਵਾਲੇ ਦਾ ਇਹ ਅਰਥ ਕੀਤਾ ਜਾਵੇਗਾ ਕਿ ਉਹ ਇਸ ਤਰ੍ਹਾਂ ਸੋਧੀ ਹੋਈ ਅਜਿਹੀ ਅਨੁਸੂਚੀ ਦੇ ਪ੍ਰਤਿ ਹਵਾਲਾ ਹੈ ।

(2) ਕੋਈ ਅਜਿਹਾ ਕਾਨੂੰਨ ਜਿਹੇ ਦਾ ਇਸ ਪੈਰੇ ਦੇ ਉਪ-ਪੈਰਾ(1) ਵਿਚ ਜਿਕਰ ਕੀਤਾ ਗਿਆ ਹੈ ਅਨੁਛੇਦ 368 ਦੇ ਪ੍ਰਯੋਜਨਾਂ ਲਈ ਇਸ ਸੰਵਿਧਾਨ ਦੀ ਸੋਧ ਨਹੀਂ ਸਮਝਿਆ ਜਾਵੇਗਾ ।

Ministry of Law & Justice

# ਸੱਤਵੀ ਅਨੁਸੂਚੀ

**(ਅਨੁਛੇਦ 246)**

## ਸੂਚੀ 1—ਸੰਘ ਸੂਚੀ

1. ਭਾਰਤ ਦੀ ਅਤੇ ਉਸ ਦੇ ਰਹਿਕ ਭਾਗ ਦੀ ਰੱਖਿਆ ਜਿਸ ਵਿਚ ਰੱਖਿਆ ਲਈ ਤਿਆਰੀ ਅਤੇ ਸਭ ਅਜਿਹੇ ਕਾਰਜ ਸ਼ਾਮਲ ਹਨ ਜੋ ਯੁੱਧ ਦੇ ਸਮੇਂ ਉਸ ਦੇ ਚਲਾਉਣ ਅਤੇ ਉਸ ਦੀ ਸਮਾਪਤੀ ਪਿੱਛੋਂ ਪ੍ਰਭਾਵੀ ਲਾਮ-ਤੋੜੀ ਵਿਚ ਸਹਾਈ ਹੋਣ।

2. ਜਲ, ਥਲ ਅਤੇ ਹਵਾਈ ਸੈਨਾ ; ਸੰਘ ਦੀ ਕੋਈ ਹੋਰ ਸ਼ਸਤਰਧਾਰੀ ਸੈਨਾ।

[1][2ੳ ਸੰਘ ਦੇ ਕਿਸੇ ਸ਼ਸਤਰ ਬਲ ਜਾਂ ਸੰਘ ਦੇ ਕੰਟਰੋਲ ਦੇ ਅਧੀਨ ਕਿਸੇ ਹੋਰ ਬਲ ਦਾ ਜਾਂ ਉਸਦੀ ਕਿਸੇ ਟੁਕੜੀ ਜਾਂ ਸੰਸਦ ਦਾ ਕਿਸੇ ਰਾਜ ਵਿਚ ਸਿਵਲ ਸ਼ਕਤੀ ਦੀ ਸਹਾਇਤਾ ਵਿਚ ਪਰਬੰਧ ; ਅਜਿਹੀ ਪਰਬੰਦੀ ਦੇ ਸਮੇਂ ਅਜਿਹੇ ਬਲਾਂ ਦੇ ਮੈਂਬਰਾਂ ਦੀਆਂ ਸ਼ਕਤੀਆਂ, ਅਧਿਕਾਰਤਾ, ਵਿਸ਼ੇਸ਼ ਅਧਿਕਾਰ ਅਤੇ ਉਤਰਦਾਇਤਾਵਾਂ। ]

3. ਛਾਉਣੀ ਖੇਤਰਾਂ ਦੀ ਹੱਦਬੰਦੀ, ਅਜਿਹੇ ਖੇਤਰਾਂ ਵਿਚ ਸਥਾਨਕ ਸਵੈ-ਸ਼ਾਸਨ, ਅਜਿਹੇ ਖੇਤਰਾਂ ਅੰਦਰ ਛਾਉਣੀ-ਸੱਤਾਧਾਰੀਆਂ ਦਾ ਗਠਨ ਅਤੇ ਸ਼ਕਤੀਆਂ, ਅਤੇ ਅਜਿਹੇ ਖੇਤਰਾਂ ਵਿਚ ਘਰਵਾਸ ਦਾ ਵਿਨਿਯਮਨ (ਜਿਸ ਵਿਚ ਕਿਰਾਇਆਂ ਦਾ ਕੰਟਰੋਲ ਸ਼ਾਮਲ ਹੈ)।

4. ਜਲ, ਥਲ ਅਤੇ ਹਵਾਈ ਸੈਨਾ ਵਰਕਸ।

5. ਸ਼ਸਤਰ, ਅਗਨ-ਸ਼ਸਤਰ, ਗੋਲਾ ਬਾਰੂਦ ਅਤੇ ਵਿਸਫੋਟਕ ਪਦਾਰਥ।

6. ਪਰਮਾਣੂ-ਊਰਜਾ ਅਤੇ ਉਸ ਦੇ ਉਤਪਾਦਨ ਲਈ ਜ਼ਰੂਰੀ ਖਣਿਜ ਵਸੀਲੇ ।

7. ਸੰਸਦ ਦੇ ਕਾਨੂੰਨ ਦੁਆਰਾ ਰੱਖਿਆ ਦੇ ਪ੍ਰਯੋਜਨ ਲਈ ਜਾਂ ਯੁੱਧ ਦੇ ਚਲਉਣ ਲਈ ਜ਼ਰੂਰੀ ਹੋਣੇ ਐਲੈਨੇ ਗਏ ਉਦਯੋਗ।

8. ਕੇਂਦਰੀ ਗੁਪਤ ਵਾਕਫ਼ੀ ਅਤੇ ਤਫ਼ਤੀਸ਼ ਦਾ ਬਿਉਰੋ।

9. ਰੱਖਿਆ, ਬਦੇਸ਼ੀ ਕਾਰਵਿਹਾਰ ਜਾਂ ਭਾਰਤ ਦੀ ਸੁਰੱਖਿਆ ਦੇ ਮੁਤੱਲਕ ਕਾਰਨਾਂ ਤੋਂ ਨਿਵਾਰਕ ਨਜ਼ਰਬੰਦੀ, ਅਜਿਹੀ ਨਜਰਬੰਦੀ ਵਿਚ ਰੱਖੇ ਗਏ ਵਿਅਕਤੀ।

---

[1] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.4.1977 ਤੋਂ) ਅੰਤਰਸਥਾਪਤ।

10. ਬਦੇਸ਼ੀ ਕਾਰ ਵਿਹਾਰ ਸਭ ਮਾਮਲੇ ਜੋ ਸੰਘ ਨੂੰ ਕਿਸੇ ਬਦੇਸ਼ ਨਾਲ ਸੰਪਰਕ ਵਿਚ ਲਿਆਉਂਦੇ ਹਨ ।

11. ਅੰਤਰ-ਰਾਜਨੀਤਕ, ਕੌਂਸਲੀ ਅਤੇ ਵਪਾਰਕ ਪ੍ਰਤੀਨਿਧਤਾ ।

12. ਸੰਯੁਕਤ ਰਾਸ਼ਟਰ ਸੰਗਠਨ ।

13. ਕੌਮਾਂਤਰੀ ਸੰਮੇਲਨਾਂ, ਅਤੇ ਸਭਾਂਵਾ ਅਤੇ ਹੋਰ ਬੌਡੀਆਂ ਵਿਚ ਭਾਗ ਲੈਣਾ ਅਤੇ ਉਨ੍ਹਾਂ ਵਿਚ ਕੀਤੇ ਗਏ ਫ਼ੈਸਲਿਆਂ ਦਾ ਪਰਿਪਾਲਣ ।

14. ਬਦੇਸ਼ਾਂ ਨਾਲ ਸੰਧੀਆਂ ਅਤੇ ਕਰਾਰ ਕਰਨੇ ਅਤੇ ਬਦੇਸ਼ਾਂ ਨਾਲ ਕੀਤੀਆਂ ਗਈਆਂ ਸੰਧੀਆਂ, ਕਰਾਰਾਂ ਅਤੇ ਕਨਵੈਨਸ਼ਨਾਂ ਦਾ ਪਰਿਪਾਲਣ ।

15. ਯੁੱਧ ਅਤੇ ਸ਼ਾਂਤੀ ।

16. ਬਦੇਸ਼ੀ, ਅਧਿਕਾਰਿਤਾ ।

17. ਨਾਗਰਿਕਤਾ, ਦੇਸੀਕਰਨ ਅਤੇ ਗੈਰਮੁਲਕੀ ।

18. ਐਕਸਟ੍ਰੈਡੀਸ਼ਨ ।

19. ਭਾਰਤ ਵਿਚ ਦਾਖਲਾ ਅਤੇ ਉਸ ਵਿਚੋਂ ਪਰਵਾਸ ਅਤੇ ਨਿਕਾਲਾ ; ਪਾਸਪੋਰਟ ਅਤੇ ਵੀਜ਼ੇ ।

20. ਭਾਰਤ ਦੇ ਬਾਹਰਲੇ ਸਥਾਨਾਂ ਦੀਆਂ ਤੀਰਥ-ਯਾਤਰਾਵਾਂ ।

21. ਖੁਲ੍ਹੇ ਸਮੁੰਦਰਾਂ ਜਾਂ ਹਵਾ ਵਿਚ ਮਾਰੇ ਡਾਕੇ ਅਤੇ ਕੀਤੇ ਅਪਰਾਧ; ਭੋਂ ਤੇ ਜਾਂ ਖੁਲ੍ਹੇ ਸਮੁੰਦਰਾਂ ਜਾਂ ਹਵਾ ਵਿਚ ਕੋਮਾਂ ਦੇ ਕਾਨੂੰਨ ਵਿਰੁੱਧ ਕੀਤੇ ਅਪਰਾਧ ।

22. ਰੇਲਵੇ ।

23. ਰਾਜਮਾਰਗ ਜਿਨ੍ਹਾਂ ਨੂੰ ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂ ਦੇ ਅਧੀਨ ਕੌਮੀ ਰਾਜਮਾਰਗ ਐਲਾਨਿਆਂ ਗਿਆ ਹੋਵੇ ।

Ministry of Law & Justice

24. ਕਲਾਂ ਨਾਲ ਚਲਦੇ ਪੋਤਾਂ ਬਾਬਤ ਅਜਿਹੇ ਅੰਤਰ-ਦੇਸ਼ੀ ਜਲ-ਮਾਰਗਾਂ ਤੇ ਜਹਾਜ਼ਰਾਨੀ ਅਤੇ ਨੌਵਾਹਨ ਜੋ ਸੰਸਦ ਦੇ ਕਾਨੂੰਨ ਦੁਆਰਾ ਕੋਈ ਜਲ-ਮਾਰਗ ਹੋਣੇ ਐਲਾਨੇ ਗਏ ਹੋਣ, ਅਜਿਹੇ ਜਲ-ਮਾਰਗਾਂ ਤੇ ਸੜਕ ਦਾ ਨਿਯਮ ।

25. ਸਮੁੰਦਰੀ ਜਹਾਜ਼ਰਾਨੀ ਅਤੇ ਨੌਵਾਹਨ, ਜਿਸ ਵਿਚ ਜਹਾਜ-ਜਲ ਅਤੇ ਜਹਾਜ਼ਰਾਨੀ ਅਤੇ ਨੌਵਾਹਨ ਸ਼ਾਮਲ ਹੈ ; ਵਪਾਰੀ ਬੇੜੇ ਲਈ ਸਿਖਿਆ ਅਤੇ ਸਿਖਲਾਈ ਦਾ ਪ੍ਰਬੰਧ ਅਤੇ ਰਾਜਾਂ ਅਤੇ ਹੋਰ ਏਜੰਸੀਆਂ ਦੁਆਰਾ ਦਿੱਤੀ ਜਾਂਦੀ ਅਜਿਹੀ ਸਿੱਖਿਆ ਅਤੇ ਸਿਖਲਾਈ ਦਾ ਵਿਨਿਯਮ ।

26. ਚਾਨਣ-ਮੁਨਾਰੇ, ਜਿਨ੍ਹਾਂ ਵਿਚ ਚਾਨਣ-ਜਹਾਜ਼, ਆਕਾਸ਼-ਦੀਵੇ ਅਤੇ ਜਹਾਜ਼ਰਾਨੀ ਅਤੇ ਏਅਰਕਰਾਫ਼ਟ ਦੀ ਸੁਰੱਖਿਅਤਾ ਲਈ ਹੋਰ ਪ੍ਰਬੰਧ ਸ਼ਾਮਲ ਹਨ ।

27. ਬੰਦਰਗਾਹਾਂ ਜਿਨ੍ਹਾਂ ਦਾ ਸੰਸਦ ਦੇ ਬਣਾਏ ਕਾਨੂੰਨ ਜਾਂ ਮੌਜੂਦਾ ਕਾਨੂੰਨ ਦੁਆਰਾ ਜਾਂ ਦੇ ਅਧੀਨ ਵੱਡੀਆਂ ਬੰਦਰਗਾਹਾਂ ਹੋਣਾ ਐਲਾਨਿਆਂ ਗਿਆ ਹੋਵੇ, ਜਿਸ ਵਿਚ ਉਨ੍ਹਾਂ ਦੀ ਹੱਦਬਦੀ ਅਤੇ ਉਨ੍ਹਾਂ ਵਿਚ ਬੰਦਰਗਾਹ ਸੱਤਾਧਾਰੀਆਂ ਦਾ ਗਠਨ ਅਤੇ ਸ਼ਕਤੀਆਂ ਸ਼ਾਮਲ ਹਨ ।

28. ਬੰਦਰਗਾਹ ਕੁਰਾਟੀਨ, ਜਿਸ ਵਿਚ ਉਸ ਦੇ ਮੁਤੱਲਕ ਹਸਪਤਾਲ ਸ਼ਾਮਲ ਹਨ ; ਸਲਾਹਾਂ ਦੇ ਅਤੇ ਜਹਾਜ਼ਰਾਨਾਂ ਦੇ ਹਸਪਤਾਲ ।

29. ਹਵਾਈ-ਮਾਰਗ ; ਏਅਰ ਕਰਾਫ਼ਟ ਅਤੇ ਹਵਾਈ ਨੌਵਾਹਨ ; ਹਵਾਈ ਅੱਡਿਆਂ ਦਾ ਉਪਬੰਧ ; ਹਵਾਈ ਆਵਾਜਾਈ ਦਾ ਅਤੇ ਹਵਾਈ ਅੱਡਿਆਂ ਦਾ ਵਿਨਿਯਮਨ ਅਤੇ ਸੰਗਠਨ ; ਏਅਰੋਨੌਟੀਕਲ ਸਿੱਖਿਆ ਅਤੇ ਸਿਖਲਾਈ ਲਈ ਉਪਬੰਧ ਅਤੇ ਰਾਜਾਂ ਅਤੇ ਹੋਰ ਏਜੰਸੀਆਂ ਦੁਆਰਾ ਦਿੱਤੀ ਜਾਂਦੀ ਅਜਿਹੀ ਸਿੱਖਿਆ ਅਤੇ ਸਿਖਲਾਈ ਦਾ ਵਿਨਿਯਮਨ ।

30. ਰੇਲਵੇ, ਸਮੁੰਦਰ ਜਾਂ ਹਵਾ ਦੁਆਰਾ ਜਾਂ ਕਲਾਂ ਨਾਲ ਚਲਦੇ ਪੋਤਾਂ ਵਿਚ ਕੌਮੀ ਜਲ-ਮਾਰਗਾਂ ਦੁਆਰਾ ਸਵਾਰੀਆਂ ਅਤੇ ਮਾਲ ਦੀ ਢੁਆਈ ।

31. ਡਾਕ ਅਤੇ ਤਾਰ ; ਟੈਲੀਫੋਨ, ਬੇਤਾਰ, ਪ੍ਰਸਾਰਣ ਅਤੇ ਸੰਚਾਰ ਦੇ ਅਜਿਹੇ ਹੋਰ ਰੂਪ ।

Ministry of Law & Justice

32. ਸੰਘ ਦੀ ਸੰਪੱਤੀ ਅਤੇ ਉਸ ਤੋਂ ਸਰਕਾਰੀ ਆਮਦਨ, ਪਰ [2] * * * ਕਿਸੇ ਰਾਜ ਵਿਚ ਸਥਿਤ ਸੰਪੱਤੀ ਬਾਬਤ, ਜਿੱਥੇ ਤਕ ਸੰਸਦ ਕਾਨੂੰਨ ਦੁਆਰਾ ਹੋਰਵੇਂ ਉਪਬੰਧ ਕਰੇ ਉਸ ਦੇ ਸਿਵਾਏ, ਉਸ ਰਾਜ ਦੇ ਵਿਧਾਨ ਦੇ ਤਾਬੇ ।

[3] * * * * * * * * * *

34. ਦੇਸੀ ਰਾਜਾਂ ਦੇ ਹੁਕਮਰਾਨਾਂ ਦੀਆਂ ਸੰਪਦਾਵਾਂ ਲਈ ਪ੍ਰਤਿਪਾਲਕ ਵਿਭਾਗ ।

35. ਸੰਘ ਦਾ ਲੋਕ ਰਿਣ ।

36. ਕਰੰਸੀ, ਸਿੱਕਾ-ਢਲਾਈ ਅਤੇ ਕਾਨੂੰਨੀ ਸਿੱਕਾ ; ਬਦੇਸ਼ੀ ਵਟਾਂਦਰਾ ।

37. ਬਦੇਸ਼ੀ ਉਧਾਰ ।

38. ਭਾਰਤ ਦਾ ਰੀਜ਼ਰਵ ਬੈਂਕ ।

39. ਡਾਕ ਘਰ ਬਚਤ ਬੈਂਕ ।

40 ਭਾਰਤ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਦੁਆਰਾ ਸੰਗਠਤ ਲਾਟਰੀਆਂ ।

41. ਬਦੇਸ਼ਾਂ ਨਾਲ ਵਪਾਰ ਅਤੇ ਵਣਜ ; ਸੀਮਾ-ਮਸੂਲ ਸਰਹੱਦਾਂ ਦੇ ਆਰਪਾਰ ਦਰਾਮਦ ਅਤੇ ਬਰਾਮਦਾਂ ਸੀਮਾ ਮਸੂਲ ਸਰਹੱਦਾਂ ਪਰਿਨਿਸਚਿਤ ਕਰਨਾ ।

42. ਅੰਤਰਰਾਜੀ ਵਪਾਰ ਅਤੇ ਵਣਜ ।

43. ਵਪਾਰਕ ਨਿਗਮਾਂ ਜਿਨ੍ਹਾਂ ਵਿਚ ਬੈਂਕਕਾਰੀ, ਬੀਮਾਈ ਅਤੇ ਵਿੱਤੀ ਨਿਗਮ ਸ਼ਾਮਲ ਹਨ ਪਰ ਸਹਿਕਾਰੀ ਸੋਸਾਇਟੀਆਂ ਸ਼ਾਮਲ ਨਹੀਂ, ਦਾ ਨਿਗਮਨ, ਵਿਨਿਯਮਨ ਅਤੇ ਸਮਾਪਤਕਰਣ ।

44. ਨਿਗਮਾਂ, ਭਾਵੇਂ ਉਹ ਵਪਾਰਕ ਹੋਣ ਜਾਂ ਨ, ਜਿਨ੍ਹਾਂ ਦੇ ਉਦੇਸ਼ ਇਕ ਰਾਜ ਤਕ ਸੀਮਤ ਨ ਹੋਣ, ਪਰ ਯੂਨੀਵਰਸਿਟੀਆਂ ਨੂੰ ਸ਼ਾਮਲ ਨ ਕਰਕੇ, ਦਾ ਨਿਗਮਨ, ਵਿਨਿਯਮਨ ਅਤੇ ਸਮਾਪਤਕਰਣ ।

---

[2] ਸ਼ਬਦ ਅਤੇ ਅੱਖਰ "ਪਹਿਲੀ ਅਨੁਸੂਚੀ ਦੇ ਭਾਗ ਉ ਜਾਂ ਭਾਗ ਅ ਵਿੱਚ ਉਲਿਖਤ" ਸੰਵਿਧਾਨ (ਸਤਵੀਂ ਸੋਧ) ਐਕਟ, 1956, ਧਾਰਾ 29 ਅਤੇ ਅਨੁਸੂਚੀ ਦੁਆਰਾ ਲੋਪ ਕਰ ਦਿੱਤੇ ਗਏ ।

[3] ਇੰਦਰਾਜ 33 ਉਪਰੋਕਤ ਦੀ ਧਾਰਾ 26 ਦੁਆਰਾ ਲੋਪ ਕਰ ਦਿੱਤਾ ਗਿਆ ।

Ministry of Law & Justice

45.ਬੈਂਕਕਾਰੀ ।

46. ਵਟਾਂਦਰਾ-ਬਿਲ, ਚੈਕੱ, ਪਰਨੋਟ ਅਤੇ ਅਜਿਹੀਆਂ ਹੋਰ ਲਿਖਤਾਂ ।

47. ਬੀਮਾਂ ।

48. ਸਟੌਕ ਐਕਸਚੇਂਜ ਅਤੇ ਵਾਹਦਾ ਬਾਜ਼ਾਰ ।

49. ਪੇਟੈਂਟ, ਕਾਢਾਂ ਅਤੇ ਡਿਜ਼ਾਇਨ ; ਕਾਪੀਰਾਈਟ ;ਵਪਾਰਚਿੰਨ੍ਹ ਅਤੇ ਵੱਖਰ-ਚਿੰਨ੍ਹ ।

50. ਤੋਲ ਅਤੇ ਮਾਪ ਦੇ ਮਿਆਰਾਂ ਦੀ ਸਥਾਪਨਾ ।

51. ਭਾਰਤ ਤੋਂ ਬਰਾਮਦ ਕੀਤੇ ਜਾਣ ਵਾਲੇ ਜਾਂ ਇਕ ਰਾਜ ਤੋਂ ਦੂਜੇ ਰਾਜ ਨੂੰ ਭੇਜੇ ਜਾਣ ਵਾਲੇ ਮਾਲ ਦੀ ਕੁਆਲਿਟੀ ਤੇ ਮਿਆਰਾਂ ਦੀ ਸਥਾਪਨਾ ।

52. ਉਦਯੋਗ, ਜਿਨ੍ਹਾਂ ਤੇ ਸੰਘ ਦਾ ਕੰਟਰੋਲ ਲੋਕ-ਹਿਤ ਵਿਚ ਕਾਲ-ਉਚਿਤ ਹੋਣਾ ਸੰਸਦ ਦੇ ਕਾਨੂੰਨ ਦੁਆਰਾ ਐਲਾਨਿਆਂ ਹੋਵੇ ।

53. ਤੇਲ-ਖੇਤਰਾਂ ਅਤੇ ਥਣਿਜੀ ਤੇਲ ਵਸੀਲਿਆਂ ਦਾ ਵਿਨਿਯਮਨ ਅਤੇ ਵਿਕਾਸ ; ਪੈਟ੍ਰੋਲੀਅਮ ਅਤੇ ਪੈਟ੍ਰੋਲੀਅਮ ਉਤਪਾਦਨ ; ਸੰਸਦ ਦੇ ਕਾਨੂੰਨ ਦੁਆਰਾ ਖ਼ਤਰਨਾਕ ਤੋਰ ਤੇ ਜਲਣਸ਼ੀਲ ਹੋਣੇ ਐਲਾਨ ਕੀਤੇ ਹੋਰ ਤਰਲ ਅਤੇ ਪਦਾਰਥ ।

54. ਉਸ ਹੱਦ ਤਕ ਖਾਣਾਂ ਦਾ ਵਿਨਿਯਮਨ ਅਤੇ ਖਣਿਜ ਵਿਕਾਸ ਜਿਸ ਤਕ ਅਜਿਹੇ ਵਿਨਿਯਮਨ ਅਤੇ ਵਿਕਾਸ ਦਾ ਸੰਘ ਦੇ ਕੰਟਰੋਲ ਅਧੀਨ ਲੋਕ-ਹਿਤ ਵਿਚਕਾਲ-ਉਚਿਤ ਹੋਣਾ ਸੰਸਦ ਦੇ ਕਾਨੂੰਨ ਦੁਆਰਾ ਐਲਾਨਿਆਂ ਹੋਵੇ ।

55. ਖਾਣਾਂ ਅਤੇ ਤੇਲ-ਖੇਤਰਾਂ ਵਿਚ ਮਜਦੂਰੀ ਅਤੇ ਸੁਰੱਖਿਅਤਾ ਦਾ ਵਿਨਯਮਨ ।

56. ਉਸ ਹੱਦ ਤਕ ਅੰਤਰ-ਰਾਜੀ ਦਰਿਆਵਾਂ ਅਤੇ ਦਰਿਆਈ ਵਾਦੀਆਂ ਦਾ ਵਿਨਿਯਮਨ ਅਤੇ ਵਿਕਾਸ ਜਿਸ ਤਕ ਅਜਿਹੇ ਵਿਨਿਯਮਨ ਅਤੇ ਵਿਕਾਸ ਦਾ ਸੰਘ ਦੇ ਕੰਟਰੋਲ ਅਧੀਨ ਲੋਕ-ਹਿਤ ਵਿਚ ਕਾਲ-ਉਚਿਤ ਹੋਣਾ ਸੰਸਦ ਦੇ ਕਾਨੂੰਨ ਦੁਆਰਾ ਐੇਲਾਨਿਆ ਹੋਵੇ ।

57 ਰਾਜਖੇਤਰੀ ਸਮੁੰਦਰ ਤੋਂ ਪਰੇ ਮੱਛੀ ਫੜਨਾ ਅਤੇ ਮੱਛੀ-ਖੇਤਰ ।

Ministry of Law & Justice

58. ਸੰਘ-ਏਜੰਸੀਆਂ ਦੁਆਰਾ ਲੂਣ ਦਾ ਨਿਰਮਾਣ, ਸਪਲਾਈ ਅਤੇ ਵੰਡ ; ਹੋਰ ਏਜੰਸੀਆਂ ਦੁਆਰਾ ਲੂਣ ਦੇ ਨਿਰਮਾਣ, ਸਪਲਾਈ ਅਤੇ ਵੰਡਣ ਦਾ ਵਿਨਿਯਮਨ ਅਤੇ ਕੰਟਰੋਲ ।

59. ਅਫੀਮ ਦੀ ਕਾਸ਼ਤ, ਨਿਰਮਾਣ ਅਤੇ ਬਰਾਮਦ ਲਈ ਵਿਕਰੀ ।

60. ਨੁਮਾਇਸ਼ ਲਈ ਸਿਨਮੀ ਫ਼ਿਲਮਾਂ ਦੀ ਮਨਜ਼ੂਰੀ ।

61. ਸੰਘ ਕਰਮਚਾਰੀਆਂ ਸੰਬੰਧੀ ਉਦਯੋਗਕ ਝਗੜੇ।

62 ਇਸ ਸੰਵਿਧਾਨ ਦੇ ਅਰੰਭ ਤੇ ਨੈਸ਼ਨਲ ਲਾਇਬਰੇਰੀ, ਇੰਡੀਅਨ ਮਿਊਜ਼ੀਅਮ, ਇੰਪੀਰੀਅਲ ਵਾਰ ਮਿਉਜੀਅਮ, ਵਿਕਟੋਰੀਆਂ ਮੈਮੋਰੀਅਲ ਅਤੇ ਇੰਡੀਅਨ ਵਾਰ ਮੈਮੋਰੀਅਲ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਸੰਸਥਾਵਾਂ, ਅਤੇ ਭਾਰਤ ਸਰਕਾਰ ਦੁਆਰਾ ਪੂਰਣ ਤੋਰ ਤੇ ਜਾਂ ਅੰਸ਼ਕ ਤੋਰ ਤੇ ਵਿੱਤ-ਪੋਸ਼ਤ ਅਤੇ ਸੰਸਦ ਦੁਆਰਾ ਕਾਨੂੰਨ ਦੁਆਰਾ ਕੋਮੀ ਮਹੱਤਤਾ ਦੀ ਸੰਸਥਾ ਹੋਣੀ ਐਲਾਨ ਕੀਤੀ ਕੋਈ ਹੋਰ ਇਹੋ ਜਿਹੀ ਸੰਸਥਾ ।

63. ਇਸ ਸੰਵਿਧਾਨ ਦੇ ਅਰੰਭ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ [4][ਦਿੱਲੀ ਯੂਨੀਵਰਸਿਟੀ] ਦੇ ਨਾਵਾਂ ਨਾਲ ਜਾਣੀਆਂ ਜਾਂਦੀਆ ਸੰਸਥਾਵਾਂ ; ਅਤੇ [ਅਨੁਛੇਦ 371 ਹ ਦੇ ਅਨੁਸਰਣ ਵਿੰਚ ਸਥਾਪਤ ਕੀਤੀ ਯੂਨੀਵਰਸਿਟੀ] ਅਤੇ ਸੰਸਦ ਦੇ ਕਾਨੂੰਨ ਦੁਆਰਾ ਕੋਮੀ ਮਹੱਤਤਾ ਦੀ ਸੰਸਥਾ ਹੋਣੀ ਐਲਾਨ ਕੀਤੀ ਕੋਈ ਹੋਰ ਸੰਸਥਾ ।

64. ਭਾਰਤ ਸਰਕਾਰ ਦੁਆਰਾ ਪੂਰਨ ਤੋਰ ਤੇ ਜਾਂ ਅੰਸਕ ਤੋਰ ਤੇ ਵਿੱਤ ਪੋਸ਼ਤ ਅਤੇ ਸੰਸਦ ਦੁਆਰਾ ਕਾਨੂੰਨ ਦੁਆਰਾ ਕੋਮੀ ਮਹੱਤਤਾ ਦੀਆਂ ਸੰਸਥਾਵਾਂ ਹੋਣੀਆਂ ਐਲਾਨ ਕੀਤੀਆਂ ਵਿਗਿਆਨਕ ਜਾਂ ਤਕਨੀਕੀ ਸਿੱਖਿਆ ਦੀਆਂ ਸੰਸਥਾਵਾਂ ।

65. ਸੰਘ ਏਜੰਸੀਆਂ ਅਤੇ ਸੰਸਥਾਵਾਂ ਜੋ--

(ੳ) ਪੈਸ਼ਵਰਾਨਾ, ਕਸਬੀ, ਜਾਂ ਤਕਨੀਕੀ ਸਿਖਲਈ, ਜਿਸ ਵਿਚ ਪੁਲਿਸ ਅਫਸਰਾਂ ਦੀ ਸਿਖਲਾਈ ਸ਼ਾਮਲ ਹੈ, ਲਈ ਹਨ ; ਜਾਂ

(ਅ) ਵਿਸ਼ੇਸ ਅਧਿਐਨਾਂ ਜਾਂ ਖੋਜ ਦੀ ਤਰੱਕੀ ਲਈ ਹਨ ;ਜਾਂ

---

[4] ਸੰਵਿਧਾਨ (ਬਤੀਵਾਂ ਸੋਧ) ਐਕਟ, 1973 ਦੀ ਧਾਰਾ 4 ਦੁਆਰਾ (1.4.1974 ਤੋਂ) "ਦਿੱਲੀ ਯੂਨੀਵਰਸਿਟੀ ਅਤੇ" ਦੀ ਥਾਵੇਂ ਪ੍ਰਤਿਸਥਾਪਤ ।



Ministry of Law & Justice

(ਇ) ਅਪਰਾਧ ਦੀ ਤਫਤੀਸ਼ ਜਾਂ ਸੂਹ-ਲਭਾਈ ਵਿਚ ਵਿਗਿਆਨਕ ਜਾਂ ਤਕਨੀਕੀ ਸਹਾਇਤਾ ਲਈ ਹਨ ।

66. ਉਚੇਰੀ ਸਿੱਖਿਆ ਜਾਂ ਖੋਜ ਦੀਆਂ ਸੰਸਥਾਵਾਂ ਅਤੇ ਵਿਗਿਆਨਕ ਅਤੇ ਤਕਨੀਕੀ ਸੰਸਥਾਵਾਂ ਵਿਚ ਤਾਲਮੇਲ ਅਤੇ ਮਿਆਰ ਤੈਅ ਕਰਨਾ ।

67. [5][ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂ ਦੇ ਅਧੀਨ] ਕੋਮੀ ਮਹੱਤਤਾ ਦੀਆਂ ਹੋਣੀਆਂ ਐਲਾਨ ਕੀਤੀਆਂ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਰਿਕਾਰਡ, ਅਤੇ ਪੁਰਾਤਤਵੀ ਥਾਵਾਂ ਅਤੇ ਬਚੇ ਨਿਸ਼ਾਨ ।

68. ਭਾਰਤ ਦਾ ਸਰਵੇਖਣ, ਭਾਰਤ ਦੇ ਭੂ-ਗਰਭੀ, ਬਨਸਪਤਵੀ, ਪ੍ਰਾਣਿਕੀ ਅਤੇ ਮਨੁੱਖਵੀ ਸਰਵੇਖਣ, ਰੱਤਵੀ ਸੰਗਠਨ ।

69. ਜਨ ਗਿਣਤੀ

70 ਸੰਘ ਲੇਕ ਸੇਵਾਵਾਂ ; ਸਰਭ-ਭਾਰਤੀ ਸੇਵਾਵਾਂ, ਸੰਘ ਲੋਕ ਸੇਵਾ ਕਮਿਸ਼ਨ ।

71. ਸੰਘ ਪੈਨਸ਼ਨਾਂ ਅਰਥਾਤ ਭਾਰਤ-ਸਰਕਾਰ ਦੁਆਰਾ ਜਾ ਭਾਰਤ ਦੇ ਸੰਚਿਤ ਫੰਡ ਵਿਚੋਂ ਅਦਾਇਗੀਯੋਗ ਪੈਨਸ਼ਨਾਂ ।

72. ਸੰਸਦ ਲਈ, ਰਾਜਾਂ ਦੇ ਵਿਧਾਨ-ਮੰਡਲਾਂ ਲਈ ਅਤੇ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੇ ਅਹੁਦਿਆਂ ਲਈ ਚੋਣਾ ; ਚੋਣ ਕਮਿਸ਼ਨ ।

73. ਸੰਸਦ ਦੇ ਮੈਂਬਰਾਂ, ਰਾਜ ਸਭਾ ਦੇ ਸਭਾਪਤੀ ਅਤੇ ਉਪ-ਸਭਾਪਤੀ ਅਤੇ ਲੋਕ ਸਭਾ ਦੇ ਸਪੀਕਰ ਅਤੇ ਡਿਪਟੀਮਪੀਕਰ ਦੀਆਂ ਤਨਖ਼ਾਹਾਂ ਅਤੇ ਭੱਤੇ ।

74. ਸੰਸਦ ਦੇ ਹਰੇਕ ਸਦਨ ਦੀਆਂ ਅਤੇ ਰਹੇਕ ਸਦਨ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ; ਸੰਸਦ ਦੀਆਂ ਕਮੇਟੀਆਂ ਜਾਂ ਸੰਸਦ ਦੁਆਰਾ ਨਿਯੁਕਤ ਕਮਿਸ਼ਨਾਂ ਅੱਗੇ ਗਵਾਹੀ ਦੇਣ ਜਾਂ ਦਸਾਵੇਜ ਪੇਸ਼ ਕਰਨ ਲਈ ਵਿਅਕਤੀਆਂ ਨੂੰ ਹਾਜ਼ਰ ਹੋਣ ਲਈ ਮਜਬੂਰ ਕਰਨਾ ।

---

[5]ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੀ ਧਾਰਾ 27 ਦੁਆਰਾ "ਸੰਸਦ ਦੇ ਕਾਨੂੰਨ ਦੁਆਰਾ ਕੋਮੀ ਮਹੱਤਤਾ ਦੀਆਂ ਹੋਣੀਆਂ ਐਲਾਨ ਕੀਤੀਆਂ" ਦੀ ਥਾਵੇਂ ਰੱਖੇ ਗਏ ।

75. ਰਾਸ਼ਟਰਪਤੀ ਅਤੇ ਰਾਜਪਾਲਾਂ ਦੀਆਂ ਉਪਲਭਤਾਂ, ਭੱਤੇ, ਵਿਸ਼ੇਸ-ਅਧਿਕਾਰ ਅਤੇ ਗੈਰਹਾਜਰੀ ਦੀ ਛੁੱਟੀ ਬਾਰੇ ਅਧਿਕਾਰ ; ਸੰਘ ਦੇ ਮੰਤਰੀਆਂ ਦੀਆਂ ਤਨਖ਼ਹਾਂ ਅਤੇ ਭੱਤੇ, ਕੰਪਟਰੋਲਰ ਅਤੇ ਮਹਾਂਲੇਖਾ-ਪਰੀਖਿਅਕ ਦੀਆਂ ਤਨਖਾਹਾਂ, ਭੱਤੇ ਅਤੇ ਗੈਰਹਾਜ਼ਰੀ ਦੀ ਛੁੱਟੀ ਬਾਰੇ ਅਧਿਕਾਰ ਅਤੇ ਸੇਵਾ ਦੀਆਂ ਹੋਰ ਸ਼ਰਤਾਂ ।

76. ਸੰਘ ਅਤੇ ਰਾਜਾਂ ਦੇ ਲੇਖਿਆ ਦੀ ਲੇਖਾ-ਪਰੀਖਿਆ ।

77. ਸਰਵ-ਊੱਚ ਅਦਾਲਤ ਦਾ ਗਠਨ, ਸੰਗਠਨ, ਅਧਿਕਾਰਤਾ ਅਤੇ ਸ਼ਕਤੀਆਂ (ਜਿਸ ਵਿਚ ਅਜਿਹੀ ਅਦਾਲਤ ਦਾ ਅਪਮਾਨ ਸ਼ਾਮਲ ਹੈ) ਅਤੇ ਉਸ ਵਿਚ ਲਈਆਂ ਜਾਂਦੀਆਂ ਫੀਸਾਂ ; ਸਰਵ-ਉੱਚ ਅਦਾਲਤ ਅਗੇ ਪ੍ਰੈਕਟਿਸ ਕਰਨ ਦੇ ਹੱਕਦਾਰ ਵਿਅਕਤੀ ।

78. ਉੱਚ ਅਦਾਲਤਾਂ ਦੇ ਅਫਸਰਾਂ ਅਤੇ ਸੇਵਕਾਂ ਬਾਬਤ ਉਪਬੰਧਾ ਦੇ ਸਿਵਾਏ ਉੱਚ ਅਦਾਲਤਾਂ ਦਾ ਗਠਨ ਅਤੇ ਸੰਗਠਨ [6][ਜਿਸ ਵਿਚ ਦੀਰਘ-ਛੁੱਟੀਆਂ ਸ਼ਾਮਲ ਹਨ] ; ਉੱਚ ਅਦਾਲਤਾਂ ਅਗੇ ਪ੍ਰੈਕਟਿਸ ਕਰਨ ਦੇ ਹੱਕਦਾਰ ਵਿਅਕਤੀ ।

[7][79 ਕਿਸੇ ਸੰਘ ਰਾਜਖੇਤਰ ਤੇ ਕਿਸੇ ਉੱਚ ਅਦਾਲਤ ਦੀ ਅਧਿਕਾਰਤਾ ਦਾ ਵਿਸਤਾਰ ਅਤੇ ਉਸ ਵਿੱਚੋਂ ਕਿਸੇ ਉੱਚ-ਅਦਾਲਤ ਦੀ ਅਧਿਕਾਰਤਾ ਦਾ ਇਖ਼ਰਾਜ ।]

80. ਕਿਸੇ ਰਾਜ ਦੀ ਕਿਸੇ ਪੁਲਿਸ ਫ਼ੋਰਮ ਦੇ ਮੈਂਬਰਾਂ ਦੀਆਂ ਸ਼ਕਤੀਆਂ ਅਤੇ ਅਧਿਕਾਰਤਾ ਦਾ ਉਸ ਰਾਜ ਤੋਂ ਬਾਹਰ ਦੇ ਕਿਸੇ ਖੇਤਰ ਤੇ ਵਿਸਤਾਰ, ਪਰ ਇਸ ਤਰ੍ਹਾਂ ਨਹੀਂ ਕਿ ਇਕ ਰਾਜ ਦੀ ਪੁਲਿਸ ਉਸ ਰਾਜ ਤੋਂ ਬਾਹਰ ਦੇ ਕਿਸੇ ਖੇਤਰ ਵਿਚ ਉਸ ਰਾਜ ਦੀ ਸਰਕਾਰ ਦੀ ਸੰਪਤੀ ਦੇ ਬਿਨਾਂ ਜਿਸ ਵਿਚ ਕਿ ਅਜਿਹਾ ਖੇਤਰ ਸਥਿਤ ਹੈ, ਸ਼ਕਤੀਆਂ ਅਤੇ ਅਧਿਕਾਰਤਾ ਦੀ ਵਰਤੋਂ ਕਰ ਸਕੇ ; ਕਿਸੇ ਰਾਜ ਦੀ ਕਿਸੇ ਪੁਲਿਸ ਫ਼ੋਰਮ ਦੇ ਮੈਂਬਰਾਂ ਦੀਆਂ ਸ਼ਕਤੀਆਂ ਅਤੇ ਅਧਿਕਾਰਤਾ ਦਾ ਉਸ ਰਾਜ ਤੋਂ ਬਾਹਰ ਰੇਲਵੇ-ਖੇਤਰਾਂ ਤੇ ਵਿਸਤਾਰ।

[13]81. ਅੰਤਰ-ਰਾਜੀ ਪਰਵਾਸ ; ਅੰਤਰ-ਰਾਜੀ ਕੁਰਾਟੀਨ ।

82. ਜ਼ਰਾਇਤੀ ਆਮਦਨ ਤੋਂ ਬਿਨਾਂ ਹੋਰ ਆਮਦਨ ਤੇ ਕਰ ।

83. ਸੀਮਾ-ਸਮੂਲ ਜਿਸ ਵਿਚ ਬਰਾਮਦ-ਮਸੂਲ ਸ਼ਾਮਲ ਹਨ ।

---

[6] ਸੰਵਿਧਾਨ (ਪੰਦਰ੍ਹਵੀਂ ਸੋਧ) ਐਕਟ, 1963, ਧਾਰਾ 12 ਦੁਆਰਾ (ਅਤੀਤਦਰਸ਼ੀ ਪ੍ਰਭਾਵ ਨਾਲ) ਅੰਤਰਸਥਾਪਤ ।

[7] ਸੰਵਿਧਾਨ (ਸੱਤਵੀਂ ਸੋਧ) ਐਕਟ, 1956 ਦੀ ਧਾਰਾ 29 ਅਤੇ ਅਨੁਸੂਚੀ ਦੁਆਰਾ ਇੰਦਰਾਜ 79 ਦੀ ਥਾਵੇਂ ਪ੍ਰਤਿਸਥਾਪਿਤ ।



Ministry of Law & Justice

[8][84. ਭਾਰਤ ਵਿਚ ਬਣਾਏ ਅਤੇ ਉਤਪੰਨ ਹੇਠਲਿਖੇ ਮਾਲ ਉੱਤੇ ਉਤਪੰਨ ਮਹਿਸੂਲ,-

(ੳ) ਕੱਚਾ ਪੈਟਰੋਲ;

(ਅ) ਉੱਚ ਗਤਿ ਡੀਜ਼ਲ ;

(ੲ) ਮੋਟਰ ਸਪਿਰਿਟ (ਆਮ ਤੋਰ ਤੇ ਪੇਟਰੋਲ ਨਾਲ ਜਾਣੀ ਜਾਂਦੀ) ;

(ਸ) ਪ੍ਰਕ੍ਰਿਤਿਕ ਗੈਸ ;

(ਹ) ਵਿਮਾਨਨ ਟਰਬਾਈਲ ਇੰਧਨ ;

(ਕ) ਤੰਬਾਕੂ ਅਤੇ ਤੰਬਾਕੂ ਉਤਪਾਦ ।];

85. ਨਿਗਮ ਕਰ ।

86. ਵਿਅਕਤੀਆਂ ਅਤੇ ਕੰਪਨੀਆਂ ਦੇ ਧਨ-ਧਾਮ, ਜ਼ਰਾਇਤੀ ਭੋਂ ਨੂੰ ਖ਼ਾਰਜ ਕਰਕੇ, ਦੇ ਪੂੰਜੀ ਮੁੱਲ ਤੇ ਕਰ ; ਕੰਪਨੀਆਂ ਦੀ ਪੂੰਜੀ ਤੇ ਕਰ ।

87. ਜਰਾਇਤੀ ਭੋਂ ਤੋਂ ਬਿਨਾਂ ਹੋਰ ਸੰਪੱਤੀ ਬਾਰੇ ਸੰਪਦਾ ਮਸੂਲ ।

88. ਜਰਾਇਤੀ ਭੋਂ ਤੋਂ ਬਿਨਾਂ ਹੋਰ ਸੰਪੱਤੀ ਦੇ ਉੱਤਰ-ਅਧਿਕਾਰ ਬਾਰੇ ਮਸੂਲ ।

89. ਰੇਲਵੇ ਸਮੁੰਦਰ ਜਾਂ ਹਵਾ ਦੁਆਰਾ ਢੋਏ ਜਾਂਦੇ ਮਾਲ ਜਾ ਸਵਾਰੀਆਂ ਤੇ ਸੀਮਾਂ-ਕਰ ; ਰੇਲਵੇ ਦੇ ਸਵਾਰੀ-ਭਾੜਿਆਂ ਅਤੇ ਮਾਲ ਭਾੜਿਆਂ ਤੇ ਕਰ ।

90 ਸਟੋਕ ਐਕਸਚੇਂਜਾਂ ਅਤੇ ਵਾਹਦਾ ਬਜਾਰਾਂ ਵਿਚ ਸੌਦਿਆਂ ਤੇ ਅਸ਼ਟਾਮ ਮਸੂਲਾਂ ਤੋਂ ਬਿਨਾਂ ਹੋਰ ਕਰ

91. ਵਟਾਂਦਰਾ-ਬਿਲਾਂ, ਚੈਕਾਂ, ਪਰਨੋਟਾਂ, ਲਦਾਈ-ਪੱਤਰਾਂ, ਸਾਖ-ਪੱਤਰਾਂ, ਬੀਮਾ ਪਾਲਿਸੀਆਂ ਦੇ ਇੰਤਕਾਲ, ਡਿਬੈਂਚਰਾ, ਪਰੌਕਸੀਆਂ ਅਤੇ ਰਸੀਦਾਂ ਬਾਰੇ ਅਸ਼ਟਾਮ ਸਮੂਲ ਦੀਆਂ ਦਰਾਂ ।

[9]*****************

[10] [92 ੳ ਅਖਬਾਰ ਤੋਂ ਬਿਨਾਂ ਹੋਰ ਮਾਲ ਦੀ ਵਿਕਰੀ ਜਾਂ ਖਰੀਦ ਤੇ ਕਰ ਜਿੱਥੇ ਅਜਿਹੀ ਵਿਕਰੀ ਜਾਂ ਖਦੀਦ ਅੰਤਰਰਾਜੀ ਵਪਾਰ ਜਾਂ ਵਣਜ ਦੇ ਦੋਰ ਵਿਚ ਹੋਵੇ ।]

---

[8] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ੳ) (i) ਦੁਆਰਾ (16.09.2016 ਤੋਂ ਪ੍ਰਭਾਵੀ) ਮੱਦ 84 ਦੀ ਥਾਂ ਤੇ ਰੱਖਿਆ ਗਿਆ ।

[9] ਉਪਰੋਕਤ ਦੀ ਧਾਰਾ 17(ੳ) (ii) ਦੁਆਰਾ (16.09.2016 ਤੋਂ ਪ੍ਰਭਾਵੀ) ਮੱਦ 92 ਲੋਪ ਕੀਤਾ ਗਿਆ ।

[10] ਸੰਵਿਧਾਨ (ਛੇਵੀਂ ਸੋਧ) ਐਕਟ, 1963, ਧਾਰਾ 2 ਦੁਆਰਾ ਅੰਤਰ-ਸਥਾਪਤ ।

Ministry of Law & Justice

[11][92(ਅ) ਮਾਲ ਦਿ ਖੇਪ ਤੇ (ਚਾਹੇ ਖੇਪ ਉਸਦੇ ਕਰਨ ਵਾਲੇ ਵਿਅਕਤੀ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਕੀਤੀ ਗਈ ਹੈ), ਉਸ ਸੂਰਤ ਵਿਚ ਕਰ, ਜਿਸ ਵਿਚ ਅਜਿਹੀ ਖੇਪ ਅੰਤਰਰਾਜੀ ਵਪਾਰ ਜਾਂ ਵਣਜ ਤੇ ਦੌਰਾਨ ਹੁੰਦੀ ਹੈ ।]

[12]********

93. ਇਸ ਸੂਚੀ ਦੇ ਮਾਮਲਿਆਂ ਵਿੱਚੋਂ ਕਿਸੇ ਬਾਰੇ ਕਾਨੂਨਾਂ ਦੇ ਖਿਲਾਫ ਅਪਰਾਧ ।

94. ਇਸ ਸੂਚੀ ਦੇ ਮਾਮਲਿਆਂ ਵਿੱਚੋ ਕਿਸੇ ਦੇ ਪ੍ਰਯੋਜਨ ਲਈ ਜਾਂਚਾਂ, ਸਰਵੇਖਣ ਅਤੇ ਅੰਕੜਾ-ਵਿਗਿਆਨ ।

95. ਸਰਵ-ਉੱਚ ਅਦਾਲਤ ਦੇ ਸਿਵਾਏ, ਸਭ ਅਦਾਲਤਾਂ ਦੀ ਇਸ ਸੂਚੀ ਦੇ ਮਾਮਲਿਆਂ ਵਿੱਚੋਂ ਕਿਸੇ ਬਾਰੇ ਅਧਿਕਾਰਤਾ ਅਤੇ ਸ਼ਕਤੀਆਂ, ਐਡਮਿਰਲਰੀ ਅਧਿਕਾਰਤਾ ।

96. ਇਸ ਸੂਚੀ ਦੇ ਮਾਮਲਿਆਂ ਵਿੱਚੋਂ ਕਿਸੇ ਬਾਰੇ ਫੀਸਾਂ, ਪਰ ਕਿਸੇ ਅਦਾਲਤ ਵਿਚ ਲਈਆਂ ਜਾਂਦੀਆਂ ਫੀਸਾਂ ਇਸ ਵਿਚ ਸ਼ਾਮਲ ਨਹੀਂ ।

97. ਸੂਚੀ II ਜਾਂ ਸੂਚੀ III ਵਿਚ ਨ ਗਿਣਿਆਂ ਗਿਆ ਕੋਈ ਹੋਰ ਮਾਮਲਾ ਜਿਸ ਵਿਚ ਉਨ੍ਹਾਂ ਸੂਚੀਆਂ ਵਿੱਚੋ ਕਿਸੇ ਵਿਚ ਜਿਕਰ ਨ ਕੀਤਾ ਕੋਈ ਕਰ ਸ਼ਾਮਲ ਹੈ ।

## ਸੂਚੀ II – ਰਾਜ ਸੂਚੀ

1. ਲੋਕ ਵਿਵਸਥਾ (ਪਰੰਤੂ ਇਸਦੇ ਵਿਚ ਸਿਵਲ ਸ਼ਕਤੀ ਦੀ ਸਹਾਇਤਾ ਦੇ ਲਈ [13][ ਨੌ ਸੇਨਾ, ਸੈਨਾ ਜਾਂ ਹਵਾਈ ਸੈਨਾ ਜਾਂ ਸੰਘ ਦੇ ਕਿਸੇ ਹੋਰ ਸਸ਼ਤਰ ਬਲ ਦਾ ਜਾਂ ਸੰਘ ਦੇ ਕੰਟਰੋਲ ਦੇ ਅਧੀਨ ਕਿਸੇ ਹੋਰ ਬਲ ਜਾਂ ਉਸਦੀ ਕਿਸੇ ਟੁਕੜੀ ਜਾਂ ਯੂਨਿਟ ਦੀ ਵਰਤੋ] ਨਹੀਂ ਹੈ ।

[14][2. ਸੂਚੀ I ਦੀ ਇੰਦਰਾਜ 2ੳ ਦੇ ਉਪਬੰਧਾਂ ਦੇ ਤਾਬੇ (ਜਿਸਦੇ ਵਿਚ ਰੇਲਵੇ ਅਤੇ ਗ੍ਰਾਮ ਪੁਲਿਸ ਸ਼ਾਮਿਲ ਹੁੰਦੀ ਹੈ ।]

[11] ਸੰਵਿਧਾਨ ਦੀ (ਛਿਆਲਵੀਂ ਸੋਧ) ਐਕਟ, 1982 ਦੀ ਧਾਰਾ 5 ਦੁਆਰਾ (2.2.1983 ਤੋਂ ਅੰਤਰਸਥਾਪਤ ।

[12] ਸੰਵਿਧਾਨ ਦੀ (ਅਠਾਸੀਵੀਂ ਸੋਧ) ਐਕਟ, 2003 ਦੀ ਧਾਰਾ 4 ਦੁਆਰਾ (ਜੋ ਅਜੇ ਨਾਫਜ ਨਹੀਂ ਹੋਈ ਹੈ, ਨਾਫਜ ਹੋਣ ਦੀ ਤਰੀਕ ਬਾਦ ਵਿਚ ਅਧਿਸੂਚਿਤ ਕਰਕੇ ਅੰਤਰਸਥਾਪਤ ਜਾਣੀ ਸੀ); (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ੳ) (ii) ਦੁਆਰਾ (16.09.2016 ਤੋਂ ਪ੍ਰਭਾਵੀ) ਲੋਪ ਕੀਤਾ ਗਿਆ।

[13] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਕੁਝ ਸ਼ਬਦਾਂ ਦੀ ਥਾਵੇਂ ਅੰਤਰਸਥਾਪਤ ।

[14] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਇੰਦਰਾਜ 2 ਦੀ ਥਾਵੇਂ ਰਖੇ ਗਏ ।

3. [[15]xxx ਉਚ ਅਦਾਲਤ ਦੇ ਅਧਿਕਾਰੀ ਅਤੇ ਸੇਵਕ, ਕਿਰਾਇਆਂ ਅਤੇ ਮਾਲੀਆ ਅਦਾਲਤਾਂ ਦਾ ਜਾਬਤਾ ਸਰਬ-ਉੱਚ ਅਦਾਲਤ ਦੇ ਸਿਵਾਏ ਹੋਰ ਸਾਰੀਆਂ ਅਦਾਲਤਾਂ ਵਿਚ ਲਈ ਜਾਣ ਵਾਲੀ ਫ਼ੀਸ]

4. ਕੈਦ ਖਾਨੇ, ਸੁਧਾਰਾਲੇ, ਬੋਰਸਟਲ ਸੰਸਥਾਵਾਂ ਅਤੇ ਇਨ੍ਹਾਂ ਜਿਹੀ ਪ੍ਰਕਿਰਤੀ ਦੀਆਂ ਹੋਰ ਸੰਸਥਾਵਾਂ, ਅਤੇ ਉਨ੍ਹਾਂ ਵਿਚ ਨਜਰਬੰਦ ਵਿਅਕਤੀ ; ਕੈਦਖਾਨਿਆਂ ਅਤੇ ਹੋਰ ਸੰਸਥਾਵਾਂ ਦੀ ਵਰਤੋਂ ਲਈ ਹੋਰ ਰਾਜਾਂ ਨਾਲ ਇੰਤਜਾਮ ।

5. ਸਥਾਨਕ, ਸ਼ਾਸਨ, ਅਰਥਾਤ, ਨਗਰ-ਨਿਗਮਾਂ, ਇੰਪਰੂਵਮੈਂਟ ਟਰਸਟਾਂ, ਜਿਲ੍ਹਾ ਬੋਰਡਾਂ, ਖਣਿਜ-ਬਸਤੀ ਸੱਤਾਧਾਰੀਆਂ ਅਤੇ ਸਥਾਨਕ ਸਵੈ-ਸ਼ਾਸਨ ਜਾ ਪਿੰਡ-ਪ੍ਰਸ਼ਾਸਨ ਦੇ ਪ੍ਰਯੋਜਨ ਲਈ ਹੋਰ ਸਥਾਨਕ ਸੱਤਾਧਾਰੀਆਂ ਦਾ ਗਠਨ ਅਤੇ ਸ਼ਕਤੀਆਂ ।

6. ਲੋਕ-ਸਿਹਤ ਸਫਾਈ ;ਹਸਪਤਾਲ ਅਤੇ ਦਵਾਖਾਨੇ ।

7. ਭਾਰਤ ਤੋਂ ਬਾਹਰਲੇ ਸਥਾਨਾਂ ਦੀਆਂ ਤੀਰਥ ਯਾਤਰਾਵਾਂ ਤੋਂ ਬਿਨਾਂ ਹੋਰ, ਤੀਰਥ ਯਾਤਰਾਵਾਂ ।

8. ਨਸ਼ੀਲੀਆਂ ਲਿੱਕਰਾਂ, ਅਰਥਾਤ, ਨਸ਼ੀਲੀਆਂ ਲਿੱਕਰਾਂ ਦਾ ਉੱਤਪਾਦਨ, ਨਿਰਮਾਣ, ਕਬਜ਼ਾ, ਟਰਾਂਸਪੋਰਟ, ਖਰੀਦ ਅਤੇ ਵਿਕਰੀ ।

9. ਨਾਕਾਰਾ ਅਤੇ ਰੋਜਗਾਰ-ਆਯੋਗ ਵਿਅਕੀਤੀਆਂ ਦੀ ਸਹਾਇਤਾ ।

10. ਮੁਰਦੇ ਦੱਬਣਾ ਅਤੇ ਕਬਰਸਤਾਨ, ਮੁਰਦੇ ਫੂਕਣਾ ਅਤੇ ਸ਼ਮਸ਼ਾਨ ਭੂਮੀਆਂ ।

11. [16][x x x x]

12. ਰਾਜ ਦੇ ਕੰਟਰੋਲ ਅਧੀਨ ਜਾਂ ਰਾਜ ਤੋਂ ਵਿੱਤ-ਪੋਸ਼ਤ ਪੁਸਤਕਾਲੇ, ਅਜਾਇਬ-ਘਰ ਅਤੇ ਹੋਰ ਉਨ੍ਹਾਂ ਵਰਗੀਆਂ ਸੰਸਥਾਵਾਂ ; [17][ ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾਂ ਦੇ ਅਧੀਨ] ਕੌਮੀ ਮਹੱਤਤਾ ਦੀਆਂ ਹੋਣੀਆਂ ਐਲਾਨ ਕੀਤੀਆਂ ਤੋਂ ਬਿਨਾਂ ਹੋਰ ਪ੍ਰਾਚੀਨ ਅਤੇ ਇਤਿਹਾਸਕ ਯਾਦਗਾਰਾਂ ਅਤੇ ਰਿਕਾਰਡ ।]

[15] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਕੁਝ ਸ਼ਬਦਾਂ ਦਾ ਲੋਪ ਕੀਤਾ ਗਿਆ ।

[16] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਇੰਦਰਾਜ 11 ਦਾ ਲੋਪ ਕੀਤਾ ਗਿਆ ।

[17] ਸੰਵਿਧਾਨ (ਸਤਵੀਂ ਸੋਧ) ਐਕਟ, 1956 ਦੀ ਧਾਰਾ 27 ਦੁਆਰਾ "ਸੰਸਦ ਦੁਆਰਾ ਕਾਨੂੰਨ ਦੁਆਰਾ " ਦੀ ਥਾਵੇਂ ਰਖੇ ਗਏ ।

Ministry of Law & Justice

13. ਸੰਚਾਰ, ਅਰਥਾਤ, ਸੜਕਾਂ, ਪੂਲ, ਬੇੜੀ-ਘਾਟ, ਅਤੇ ਸੂਚੀ I ਵਿਚ ਉਲਖਿਤ ਨ ਕੀਤੇ ਹੋਰ ਸੰਚਾਰ ਦੇ ਸਾਧਨ ; ਨਗਰਪਾਲਕਾ ਟਰਾਮਵੇ ; ਰੱਸਾ-ਮਾਰਗ ; ਅਜਿਹੇ ਜਲ-ਮਾਰਗਾਂ ਬਾਬਤ ਸੂਚੀ I ਅਤੇ ਸੂਚੀ III ਵਿਚ ਦੇ ਉਪਬੰਧਾਂ ਦੇ ਤਾਬੇ ਅੰਤਰਦੇਸੀ ਜਲ-ਮਾਰਗ ਅਤੇ ਉਨ੍ਹਾਂ ਤੇ ਆਵਾਜਾਈ ; ਕਲਾਂ ਨਾਲ ਚਲਦੀਆਂ ਗੱਡੀਆਂ ਤੋਂ ਬਿਨਾਂ ਹੋਰ ਗੱਡੀਆਂ ।

14. ਖੇਤੀ, ਜਿਸ ਵਿਚ ਜ਼ਰਾਇਤੀ ਸਿੱਖਿਆ ਅਤੇ ਖੋਜ, ਮਰੀਆਂ ਤੋ ਹਿਫਾਜਤ ਅਤੇ ਪੌਦਿਆਂ ਦੇ ਰੋਗਾਂ ਦੀ ਰੋਕ ਸ਼ਾਮਲ ਹੈ ।

15. ਪਸ਼ੁ ਨਸਲ ਦਾ ਕਾਇਮ ਰੱਖਣਾ, ਹਿਫਾਜਤ ਅਤੇ ਸੁਧਾਰ ਅਤੇ ਪਸ਼ੂ ਰੋਗਾਂ ਦੀ ਰੋਕ ; ਸਲੋਤਰੀ ਸਿੱਖਲਾਈ ਅਤੇ

16. ਕਾਂਜੀਹਾਊਸ ਅਤੇ ਡੰਗਰਾਂ ਦੇ ਅਣਅਧਿਕਾਰੀ ਪ੍ਰਵੇਸ਼ ਤੇ ਰੋਕ ।

17. ਸੂਚੀ I ਦੇ ਇੰਦਰਾਜ 56 ਤੇ ਉਪਬੰਧਾਂ ਤੇ ਤਾਬੇ ਪਾਣੀ, ਅਰਥਾਤ, ਜਲ-ਪ੍ਰਬੰਧ, ਸਿੰਜਾਈ ਅਤੇ ਨਹਿਰਾਂ ਜਲ-ਨਿਕਾਸ ਅਤੇ ਬੰਨ੍ਹ, ਜਲ-ਸੰਗ੍ਰਿਹ ਅਤੇ ਜਲ-ਸ਼ਕਤੀ ।

18. ਭੋਂ, ਅਰਥਾਤ, ਭੋਂ ਵਿਚ ਜਾਂ ਉਤੇ ਅਧਿਕਾਰ, ਭੋਂ-ਦਾਰੀਆਂ ਜਿਸ ਵਿਚ ਜ਼ਿਮੀਦਾਰ ਅਤੇ ਮੁਜ਼ਾਰੇ ਦਾ ਸੰਬੰਧ ਸ਼ਾਮਲ ਹੈ ਅਤੇ ਲਗਾਨ ਉਗਰਾਹੁਣਾ ; ਜ਼ਰਾਇਤੀ ਭੋਂ ਦਾ ਇੰਤਕਾਲ ਅਤੇ ਹੱਥ-ਬਦਲੀ, ਭੋਂ ਸੁਧਾਰ ਅਤੇ ਜਰਾਇਤੀ ਕਰਜੇ ; ਆਬਾਦਕਾਰੀ ।

ਅਨੁਸੂਚੀ II ਰਾਜ ਸੂਚੀ ਦੇ 19,20 ਨੂੰ ਲੋਪ ਕੀਤਾ ।

[18]* * * * *

21. ਮੱਛੀ- ਖੇਤਰ ।

22. ਸੂਚੀ I ਦੇ ਇੰਦਰਾਜ 34 ਦੇ ਉਪਬੰਧਾ ਤੇ ਤਾਬੇ ਪ੍ਰਤਿਪਾਲਕ ਵਿਭਾਗ ; ਭਾਰ-ਗ੍ਰਸਤ ਅਤੇ ਕੁਰਕ ਸੰਪਦਾਵਾਂ ।

23. ਸੰਘ ਦੇ ਕੰਟਰੋਲ ਅਧੀਨ ਵਿਨਿਯਮ ਅਤੇ ਵਿਕਾਸ ਬਾਰੇ ਸੂਚੀ I ਦੇ ਉਪਬੰਧਾਂ ਤੇ ਤਾਬੇ ਖਾਣਾਂ ਦਾ ਵਿਨਿਯਮਨ ਅਤੇ ਖਣਿਜ ਵਿਕਾਸ ।

---

[18] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਇੰਦਰਾਜ 19 ਇੰਦਰਾਜ 20 ਅਤੇ ਇੰਦਰਾਜ 29 ਦਾ ਲੋਪ ਕੀਤਾ ਗਿਆ ।

24. ਸੂਚੀ I ਦੇ [19][ਇੰਦਰਾਜ 7 ਅਤੇ 52 ] ਦੇ ਉਪਬੰਧਾਂ ਦੇ ਤਾਬੇ ਉਦਯੋਗ ।

25. ਗੈਸ ਅਤੇ ਗੈਸ ਵਰਕਸ ।

26. ਸੂਚੀ III ਦੇ ਇੰਦਰਾਜ 33 ਦੇ ਉਪਬੰਧ ਦੇ ਤਾਬੇ ਰਾਜ ਅੰਦਰ ਵਪਾਰ ਅਤੇ ਵਣਜ ।

27. ਸੂਚੀ III ਦੇ ਇੰਦਰਾਜ 33 ਦੇ ਉਪਬੰਧ ਦੇ ਤਾਬੇ ਮਾਲ ਦੇ ਉਤਪਾਦਨ, ਸਪਲਾਈ ਅਤੇ ਵੰਡ ।

28. ਮੰਡਿਆਂ ਅਤੇ ਮੇਲੇ ।

29. [[15] * * *]

30. ਸਾਹੂਕਾਰਾਂ ਅਤੇ ਸਾਹੂਕਾਰ ; ਜਰਾਇਤੀ ਰਿਣ-ਦਾਰੀ ਤੋਂ ਰਾਹਤ ।

31. ਸਰਾਵਾਂ ਅਤੇ ਸਰਾਂ-ਪਾਲ ।

32. ਸੂਚੀ I ਵਿਚ ਉਲਿਖਤ ਨਿਗਮਾਂ ਤੋ ਬਿਨਾਂ ਹੋਰ ਨਿਗਮਾਂ ਅਤੇ ਯੂਨੀਵਰਸਿਟੀਆਂ ਦਾ ਨਿਗਮਨ, ਵਿਨਿਯਮਨ ਅਤੇ ਸਮਾਪਤਕਰਣ ; ਅਨਿਗਮਤ ਵਪਾਰਕ, ਸਾਹਿਤਕ, ਵਿਗਿਆਨਕ, ਧਾਰਮਕ ਅਤੇ ਹੋਰ ਸੋਸਾਇਟੀਆਂ ਅਤੇ ਸਭਾਵਾਂ, ਸਹਿਕਾਰੀ ਸੋਸਾਈਟੀਆਂ ।

33. ਥੀਏਟਰ ਅਤੇ ਨਾਟਕ ਪ੍ਰਦਰਸ਼ਨ, ਸੂਚੀ I ਦੇ ਇੰਦਰਾਜ 60 ਦੇ ਉਪਬੰਧਾਂ ਦੇ ਤਾਬੇ ਸਿਨਮੇਂ, ਖੇਡਾਂ, ਮਨੋਰੰਜਨ ਅਤੇ ਦਿੱਲਪਰਚਾਵੇ ।

34. ਸ਼ਰਤਬਾਜੀ ਅਤੇ ਜੁਏਬਾਜੀ ।

35. ਰਾਜ ਵਿਚ ਨਿਹਿਤ ਜਾਂ ਉਸ ਦੇ ਕਬਜੇ ਵਿਚਲੇ ਵਰਕਸ, ਭੌਆਂ ਅਤੇ ਇਮਾਰਤਾਂ ।

[20] * * * * *

37. ਸੰਸਦ ਦੇ ਬਣਾਏ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਤਾਬੇ ਰਾਜ ਦੇ ਵਿਧਾਨ-ਮੰਡਲ ਲਈ ਚੋਣਾਂ ।

---

[19] ਸੰਵਿਧਾਨ (ਸਤਵੀਂ ਸੋਧ) ਐਕਟ, 1956 ਦੀ ਧਾਰਾ 28 ਦੁਆਰਾ "ਇੰਦਰਾਜ 52 " ਦੀ ਥਾਵੇਂ ਰਖੇ ਗਏ ।

[20] ਇੰਦਰਾਜ 36 ਸੰਵਿਧਾਨ (ਸਤਵੀਂ ਸੋਧ) ਐਕਟ, 1956 ਧਾਰਾ 26 ਦੁਆਰਾ ਲੋਪ ਕਰ ਦਿਤਾ ਗਿਆ ।



Ministry of Law & Justice

38. ਰਾਜ ਦੇ ਵਿਧਾਨ-ਮੰਡਲ ਦੇ ਮੈਂਬਰਾਂ ਦੀਆਂ, ਵਿਧਾਨ-ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਅਤੇ ਜੋ ਵਿਧਾਨ-ਪਰਿਸ਼ਦ ਹੋਵੇ, ਉਸ ਦੇ ਚੇਅਰਮੈਨ ਅਤੇ ਡਿਪਟੀ ਚੇਅਰਮੈਨ ਦੀਆਂ ਤਰਖਾਹਾਂ ਅਤੇ ਭਤੇ ।

39. ਵਿਧਾਨ-ਸਭਾ ਦੀਆਂ ਅਤੇ ਉਸ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਅਤੇ, ਜੇ ਵਿਧਾਨ-ਪਰਿਸ਼ਦ ਹੋਵੇ, ਉਸ ਪਰਿਸ਼ਦ ਦੀਆਂ ਅਤੇ ਉਸ ਦੇ ਮੈਂਬਰਾਂ ਅਤੇ ਕਮੇਟੀਆਂ ਦੀਆਂ ਸ਼ਕਤੀਆਂ, ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ; ਰਾਜ ਦੇ ਵਿਧਾਨ-ਮੰਡਲ ਦੀਆਂ ਕਮੇਟੀਆ ਅਗੇ ਗਵਾਹੀ ਦੇਣ ਦਾ ਦਸਤਾਵੇਜਾਂ ਪੇਸ਼ ਕਰਨ ਲਈ ਵਿਅਕਤੀਆਂ ਨੂੰ ਹਾਜਰ ਹੋਣ ਲਈ ਮਜਬੂਰ ਕਰਨਾ ।

40. ਰਾਜ ਦੇ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ।

41. ਰਾਜ ਲੋਕ ਸੇਵਾਵਾਂ, ਰਾਜ ਲੋਕ ਸੇਵਾ ਕਮਿਸ਼ਨ।

42. ਰਾਜ ਪੈਨਸ਼ਨਾਂ, ਅਰਥਾਤ, ਰਾਜ ਦੁਆਰਾ ਜਾਂ ਰਾਜ ਦੇ ਸੰਚਿਤ-ਫੰਡ ਵਿਚੋਂ ਅਦਾਇਗੀਯੋਗ ਪੈਨਸ਼ਨਾਂ ।

43. ਰਾਜ ਦਾ ਲੋਕ ਰਿਣ

44. ਦੱਬਿਆ ਖਜਾਨਾ ।

45. ਮਾਲੀਆ, ਜਿਸ ਵਿਚ ਸਰਕਾਰੀ ਆਮਦਨ ਦਾ ਨਿਰਧਾਰਣ ਕਰਨਾ ਅਤੇ ਉਗਰਾਹੁਣ ;ਭੋਂ ਰਿਕਾਰਡਾਂ ਦਾ ਰੱਖਣਾ, ਸਰਕਾਰੀ ਆਮਦਨ ਦੇ ਪ੍ਰਯੋਜਨਾ ਅਤੇ ਮਲਕੀਅਤ-ਰਿਕਾਰਡਾਂ ਲਈ ਸਰਵੇਖਣ, ਅਤੇ ਸਰਕਾਰੀ ਆਮਦਨਾ ਦੀ ਹੱਥਬਦਲੀ ਸ਼ਾਮਲ ਹਨ ।

46. ਜਰਾਇਤੀ ਆਮਦਨ ਤੇ ਕਰ ।

47. ਜਰਾਇਤੀ ਭੋਂ ਤੇ ਉੱਤਰ-ਅਧਿਕਾਰ ਬਾਰੇ ਮਸੂਲ ।

48. ਜਰਾਇਤੀ ਭੋਂ ਬਾਰੇ ਸੰਪਦਾ ਮਸੂਲ

49. ਭੋਆਂ ਅਤੇ ਇਮਾਰਤਾਂ ਤੇ ਕਰ ।

50. ਸੰਸਦ ਦੀਆਂ ਕਾਨੂੰਨ ਦੁਆਰਾ ਖਣਿਜ ਵਿਕਾਸ ਸੰਬੰਧੀ ਲਾਈਆਂ ਕਿਸੇ ਬੰਦਸ਼ਾਂ ਦੇ ਤਾਬੇ ਖਣਿਜ ਅਧਿਕਾਰਾਂ ਤੇ ਕਰ ।

Ministry of Law & Justice

51. ਰਾਜ ਵਿਚ ਨਿਰਮਤ ਦਾ ਉੱਤਪਾਦਤ ਹੇਠ-ਲਿਖੇ ਮਾਲ ਤੇ ਐਕਸਾਈਜ਼ ਮਸੂਲ ਅਤੇ ਭਾਰਤ ਵਿਚ ਹੋਰ ਕਿਤੇ ਨਿਰਮਿਤ ਜਾਂ ਉਤਪਾਦਤ ਉਸੇ ਵਰਗੇ ਮਾਲ ਤੇ ਉਸੇ ਜਾਂ ਘੱਟ ਦਰਾਂ ਤੇ ਪ੍ਰਤਿ ਮਸੂਲ -

(ੳ) ਮਨੁੱਖੀ ਖਪਤ ਲਈ ਅਲਕੋਹਲੀ ਲਿੱਕਰ ;

(ਅ) ਅਫੀਮ, ਭਾਰਤੀ ਭੰਗ ਅਤੇ ਹੋਰ ਖੁਮਾਰੀ-ਜਨਕ ਭੇਖਜ ਅਤੇ ਖੁਮਾਰੀ-ਜਨਕ ਪਦਾਰਥ ;

ਪਰ ਅਜਿਹੀਆਂ ਔਸ਼ਧਿਕ ਅਤੇ ਸਿੰਗਾਰਕ ਬਣਤਾਂ ਜਿਨ੍ਹਾਂ ਵਿਚ ਅਲਕੋਹਲ ਜਾਂ ਇਸ ਇੰਦਰਾਜ ਦੇ ਉਪ-ਪੈਰਾ (ਅ) ਵਿਚ ਸ਼ਾਮਲ ਕੋਈ ਪਦਾਰਥ ਹੋਵੇ, ਇਸ ਵਿਚ ਸ਼ਾਮਲ ਨਹੀਂ ।

[21]************

53. ਬਿਜਲੀ ਦੀ ਖਪਤ ਜਾਂ ਵਿਕਰੀ ਤੇ ਕਰ।

[22][54. ਕੱਚੇ ਪੈਟਰੋਲ, ਉੱਚ ਗਤੀ ਡੀਜ਼ਲ, ਮੋਟਰ ਸਪਿਰਿਟ (ਆਮ ਤੋਰ ਤੇ ਪੈਟ੍ਰੋਲ ਨਾਲ ਜਾਣੀ ਜਾਂਦੀ), ਪ੍ਰਕਿਰਤਿਕ ਗੈਸ, ਵਿਮਾਨਨ ਟ੍ਰਬਾਈਲ ਇੰਧਨ ਅਤੇ ਮਨੁੱਖੀ ਉਪਭੋਗ ਲਈ ਨਸ਼ੀਲੀ ਸ਼ਰਾਬ ਦੀ ਵਿਕਰੀ ਤੇ ਕਰ, ਪਰੰਤੂ ਇਸਦੇ ਅੰਦਰ ਇਹੋ ਜਿਹੇ ਮਾਲ ਦਾ ਅੰਤਰਰਾਜਯਿਕ ਵਪਾਰ ਜਾਂ ਵਣਜ ਦੇ ਦੋਰਾਨ ਵਿਕਰੀ ਜਾਂ ਅੰਤਰਰਾਸ਼ਟਰੀ ਵਪਾਰ ਜਾਂ ਵਣਜ ਦੇ ਦੌਰਾਨ ਵਿਕਰੀ ਨਹੀਂ ਆਉਂਦਾ ਹੈ ।];

[23]***************

56. ਸੜਕਾਂ ਜਾਂ ਅੰਤਰ-ਦੇਸੀ ਜਲਮਾਰਗਾਂ ਤੋਂ ਢੋਏ ਜਾਂਦੇ ਮਾਲ ਅਤੇ ਸਵਾਰੀਆਂ ਤੇ ਕਰ ।

57. ਸੜਕਾਂ ਤੇ ਵਰਤੋਯੋਗ ਗੱਡੀਆਂ, ਭਾਵੇ ਉਹ ਕਲਾਂ ਨਾਲ ਚਲਦੀਆਂ ਹੋਣ ਜਾਂ ਨ, ਜਿਨ੍ਹਾਂ ਵਿਚ ਸੂਚੀ III ਦੇ ਇੰਦਰਾਜ 35 ਤੇ ਉਪਬੰਧਾਂ ਤੇ ਤਾਬੇ ਟਰਾਮ ਕਾਰਾਂ ਸ਼ਾਮਲ ਹਨ, ਤੇ ਕਰ ।

58.ਪਸ਼ੂਆਂ ਅਤੇ ਕਿਸ਼ਤੀਆਂ ਤੇ ਕਰ ।

---

[21] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ਅ) (i) ਦੁਆਰਾ (16.09.2016 ਤੋਂ ਪ੍ਰਭਾਵੀ) ਮੱਦ 52 ਦਾ ਲੋਪ ਕੀਤਾ ਗਿਆ।

[22] ਸੰਵਿਧਾਨ (ਛੇਵੀਂ ਸੋਧ) ਐਕਟ, 1956 ਦੀ ਧਾਰਾ 2 ਦੁਆਰਾ ਮੂਲ ਇੰਦਰਾਜ 54 ਦੀ ਥਾਵੇਂ ਰਖਿਆ ਗਿਆ ਸੀ; (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ਅ) (ii) ਦੁਆਰਾ (16.09.2016 ਤੋਂ ਪ੍ਰਭਾਵੀ) ਮੱਦ 54 ਦੀ ਥਾਂ ਤੇ ਰੱਖਿਆ ਗਿਆ ।

[23] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਅੰਤਰਸਥਾਪਤ ਕੀਤਾ ਮਦ 55 "ਅਖਬਾਰਾਂ ਵਿਚ ਪ੍ਰਕਾਸ਼ਤ [ਅਤੇ ਰੇਡੀਓ ਜਾਂ ਦੂਰਦਰਸ਼ਨ ਦੁਆਰਾ ਪ੍ਰਸ਼ਾਰਤ ਵਿਗਿਆਪਨਾਂ] ਤੋਂ ਬਿਨਾਂ ਹੋਰ ਵਿਗਿਆਪਨਾਂ ਤੇ ਕਰ " ਦਾ (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ਅ) (iii) ਦੁਆਰਾ (16.09.2016 ਤੋਂ ਪ੍ਰਭਾਵੀ) ਲੋਪ ਕੀਤਾ ਗਿਆ।



Ministry of Law & Justice

59. ਟੋਲ ।

60. ਪੇਸ਼ਿਆਂ, ਧੰਦਿਆਂ, ਕਿੱਤਿਆਂ ਅਤੇ ਰੋਜਗਾਰਾਂ ਤੇ ਕਰ ।

61. ਜੀਅ ਪ੍ਰਤਿ ਕਰ ।

[24][62. ਮਨੋਰੰਜਨ ਅਤੇ ਦਿਲਪਰਚਾਵੇ ਤੇ ਉਸ ਸੀਮਾ ਤੱਕ ਕਰ ਜੋ ਕਿਸੇ ਪੰਚਾਇਤ ਜਾਂ ਕਿਸੇ ਨਗਰਪਲਿਕਾ ਜਾਂ ਕਿਸੇ ਪ੍ਰਦੇਸ਼ਕ ਕੌਂਸਲ ਜਾਂ ਕਿਸੇ ਜਿਲ੍ਹਾ ਕੌਂਸਲ ਦੁਆਰਾ ਅਰੋਪੇ ਜਾਂ ਇੱਕਠੇ ਕੀਤੇ ਜਾਣ ।]

63. ਅਸ਼ਟਾਮ ਮਸੂਲ ਦੀਆਂ ਦਰਾਂ ਬਾਬਤ ਸੂਚੀ I ਦੇ ਉਪਬੰਧਾਂ ਵਿਚ ਉਲਿਖਤ ਦਸਤਾਂਵੇਜਾਂ ਤੋਂ ਬਿਨਾਂ ਹੋਰ ਦਸਤਾਵੇਜਾਂ ਬਾਰੇ ਅਸ਼ਟਾਮ ਮਸੂਲ ਦੀਆਂ ਦਰਾਂ।

64. ਇਸ ਸੂਚੀ ਦੇ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨਾਂ ਤੇ ਖਿਲਾਫ ਅਪਰਾਧ ।

65. ਸਰਵ-ਉੱਚ ਅਦਾਲਤ ਦੇ ਸਿਵਾਏ ਸਭ ਅਦਾਲਤਾਂ ਦੀ ਇਸ ਸੂਚੀ ਦੇ ਮਾਮਲਿਆਂ ਵਿਚੋਂ ਕਿਸੇ ਬਾਰੇ ਅਧਿਕਾਰਤਾ ਅਤੇ ਸ਼ਕਤੀਆਂ ।

66. ਇਸ ਸੂਚੀ ਦੇ ਮਾਮਲਿਆਂ ਵਿਚੋਂ ਕਿਸੇ ਬਾਰੇ ਫ਼ੀਸਾਂ, ਪਰ ਕਿਸੇ ਅਦਾਲਤ ਵਿਚ ਲਈਆਂ ਜਾਂਦੀਆਂ ਫ਼ੀਸਾਂ ਇਸ ਵਿਚ ਸ਼ਾਮਲ ਨਹੀਂ ।

## ਸੂਚੀ III --ਸਮਵਰਤੀ ਸੂਚੀ

1. ਫੌਜਦਾਰੀ ਕਾਨੂੰਨ ਜਿਸ ਵਿਚ ਉਹ ਸਭ ਮਾਮਲੇ ਹਨ ਜੋ ਇਸ ਸੰਵਿਧਾਨ ਦੇ ਅਰੰਭ ਤੇ ਭਾਰਤੀ ਦੰਡ ਸੰਘਤਾ ਵਿਚ ਸ਼ਾਮਲ ਸਨ ਪਰ ਸੂਚੀ I ਜਾਂ ਸੂਚੀ II ਵਿਚ ਉਲਿਖਤ ਮਾਮਲਿਆਂ ਵਿਚੋਂ ਕਿਸੇ ਬਾਰੇ ਕਾਨੂੰਨਾਂ ਦੇ ਖਿਲਾਫ ਅਪਰਾਧਾਂ ਨੂੰ ਖ਼ਾਰਜ ਕਰ ਕੇ ਅਤੇ ਸਿਵਲ ਸ਼ਕਤੀ ਦੀ ਸਹਾਇਤਾ ਲਈ ਜਲ, ਥਲ ਜਾਂ ਹਵਾਈ ਸੈਨਾ ਜਾਂ ਸੰਘ ਦੀ ਕਿਸੇ ਹੋਰ ਸ਼ਸਤਰਧਾਰੀ ਸੇਨਾ ਦੀ ਵਰਤੋਂ ਨੂੰ ਖ਼ਾਰਜ ਕਰਕੇ ।

2. ਫੌਜਦਾਰੀ ਜ਼ਾਬਤਾ, ਜਿਸ ਵਿਚ ਉਹ ਸਭ ਮਾਮਲੇ ਸ਼ਾਮਲ ਹਨ ਜੋ ਇਸ ਸੰਵਿਧਾਨ ਦੇ ਅਰੰਭ ਤੇ ਜ਼ਾਬਤਾ ਫੌਜਦਾਰੀ ਸੰਘਤਾ ਵਿਚ ਸ਼ਾਮਲ ਸਨ ।

---

[24] (ਇੱਕ ਸੌ ਇੱਕਵੀਂ ਸੋਧ) ਐਕਟ, 2016 ਦੀ ਧਾਰਾ 17(ਅ) (iv) ਦੁਆਰਾ (16.09.2016 ਤੋਂ ਪ੍ਰਭਾਵੀ) ਮੱਦ 62 ਦੀ ਥਾਂ ਤੇ ਰੱਖਿਆ ਗਿਆ ।

3. ਕਿਸੇ ਰਾਜ ਦੀ ਸੁਰੱਖਿਆ, ਲੋਕ ਅਮਨ ਕਾਇਮ ਰੱਖਣ, ਜਾਂ ਸਮਾਜ ਲਈ ਅਵੱਸ਼ਕ ਸਪਲਾਈਆਂ ਅਤੇ ਸੇਵਾਵਾਂ ਕਾਇਮ ਰਖਣ ਤੇ ਮੁਤੱਲਕ ਕਾਰਨਾਂ ਤੋਂ ਨਿਵਾਰਕ ਰਜ਼ਰਬੰਦੀ ; ਅਜਿਹੀ, ਨਜ਼ਰਬੰਦੀ ਵਿਚ ਰਖੇ ਗਏ ਵਿਅਕਤੀ ।

4. ਕੈਦੀਆਂ, ਮੁਲਜ਼ਮ ਵਿਅਕਤੀਆਂ ਅਤੇ ਇਸ ਸੂਚੀ ਦੇ ਇੰਦਰਾਜ 3 ਵਿਚ ਉਲਿਖਤ ਕਾਰਨਾਂ ਕਰਕੇ ਨਿਵਾਰਕ ਨਜ਼ਰਬੰਦੀ ਵਿਚ ਰਖੇ ਵਿਅਕਤੀਆਂ ਦਾ ਇਕ ਰਾਜ ਤੋਂ ਕਿਸੇ ਹੋਰ ਰਾਜ ਨੂੰ ਹਟਾਇਆ ਜਾਣਾਂ ।

5. ਵਿਆਹ ਅਤੇ ਤਲਾਕ ; ਬਾਲ ਅਤੇ ਨਾਬਾਲਗ, ਗੋਦ ਲੈਣ; ਵਸੀਅਤਾਂ, ਨਿਰਵਸੀਅਤੀ ਅਤੇ ਉੱਤਰਅਧਿਕਾਰ, ਸੰਯੁਕਤ ਪਰਿਵਾਰ ਅਤੇ ਬਟਵਾਰਾ ; ਉਹ ਸਭ ਮਾਮਲੇ ਜਿਨ੍ਹਾਂ ਬਾਰੇ ਅਦਾਲਤੀ ਕਾਰਵਾਇਆਂ ਵਿਚ ਧਿਰਾਂ ਇਸ ਸੰਵਿਧਾਨ ਦੇ ਅਰੰਬ ਤੋ ਤੁਰਤ ਪਹਿਲਾ ਆਪਣੇ ਨਿੱਜੀ ਕਾਨੂੰਨ ਦੇ ਤਾਬੇ ਸਨ ।

6. ਜਰਾਇਦੀ ਭੋਂ ਤੋਂ ਬਿਨਾਂ ਹੋਰ ਸੰਪੱਤੀ ਦਾ ਇੰਤਕਾਲ; ਵਸੀਕਿਆਂ ਅਤੇ ਦਸਤਾਵੇਜ਼ਾਂ ਦਾ ਰਜਿਸਟਰੀਕਰਣ ।

7. ਮੁਆਇਦੇ ਜਿਸ ਵਿਚ ਭਾਈਵਾਲੀ, ਏਜੰਸੀ, ਢੁਆਈ ਦੇ ਮੁਆਇਦੇ, ਅਤੇ ਮੁਆਇਦਿਆਂ ਦੇ ਹੋਰਕ ਵਿਸ਼ੇਸ ਰੂਪ ਸ਼ਾਮਲ ਹਨ, ਪਰ ਜ਼ਰਾਇਤੀ ਭੋਂ ਸੰਬੰਧੀ ਮੁਆਇਦੇ ਸ਼ਾਮਲ ਨਹੀਂ।

8. ਦਾਵੇਯੋਗ ਕੁਕਰਮ ।

9. ਦਿਵਾਲੀਆਪਣ ਅਤੇ ਦਿਵਾਲਾ ।

10. ਟ੍ਰਸਟ ਅਤੇ ਟ੍ਰਸਟੀ ।

11. ਮਹਾਂ-ਪ੍ਰਸ਼ਾਸਕ ਅਤੇ ਸਰਕਾਰੀ ਟ੍ਰਸਟੀ ।

[25][ 11 ਉ ਨਿਆਂ ਪ੍ਰਸ਼ਾਸਨ, ਸਰਬ ਉਈਚ ਅਦਾਲਤ ਅਤੇ ਉੱਚ ਅਦਾਲਤ ਦੇ ਸਿਵਾਏ ਸਾਰੀਾਂ ਅਦਾਲਤਾਂ ਦਾ ਗਹਠਨ ਅਤੇ ਸੰਗਠਨ ।]

12. ਗਵਾਹੀ ਅਤੇ ਸੰਹੁਆਂ; ਕਾਨੂੰਨਾਂ, ਲੋਕ ਕਾਰਜਾਂ ਅਤੇ ਰਿਕਾਰਡਾਂ, ਅਤੇ ਅਦਾਲਤੀ ਕਾਰਵਾਈਆਂ ਦੀ ਮਾਨਤਾ ।

13. ਜ਼ਾਬਤਾ ਦੀਵਾਲੀ, ਜਿਸ ਵਿਚ ਉਹ ਸਭ ਮਾਮਲੇ ਸ਼ਾਮਲ ਹਨ ਜੋ ਇਸ ਸੰਵਿਧਾਨ ਦੇ ਅਰੰਭ ਤੇ ਜਾਬਤਾ ਦੀਵਾਨੀ ਸੰਘਤਾ ਵਿਚ ਸ਼ਾਮਲ ਸਨ, ਮਿਆਦ ਅਤੇ ਸਾਲਸੀ ।

---

[25] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਅੰਤਰਸਥਾਪਤ ।

14. ਅਦਾਲਤ ਦਾ ਅਪਮਾਨ, ਪਰ ਇਸ ਵਿਚ ਸਰਵ-ਉੱਚ ਅਦਾਲਤ ਦਾ ਅਪਮਾਨ ਸ਼ਾਮਲ ਨਹੀਂ ।

15. ਆਵਾਰਾ ਗਰਦੀ; ਟੱਪਰੀਵਾਸ ਅਤੇ ਭ੍ਰਮਣਸ਼ੀਲ ਕਬੀਲੇ।

16. ਸ਼ੁਦਾਅ ਅਤੇ ਮਾਨਸਿਕ ਊਣਤਾ ਜਿਸ ਵਿਚ ਮੁਦਾਈਆਂ ਅਤੇ ਮਾਨਸਿਕ ਤੋਰ ਤੇ ਊਣਿਆਂ ਦੇ ਰੱਖਣ ਜਾਂ ਇਲਾਜ ਕਰਨ ਦੇ ਸਥਾਨ ਸ਼ਾਮਲ ਹਨ ।

17. ਪਸ਼ੂਆਂ ਪ੍ਰਤਿ ਨਿਰਦਇਤਾ ਦੀ ਰੋਕ।

[26][17 ੳ ਜੰਗਲਾਤ ]

17 ਅ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੀ ਹਿਫਾਜ਼ਤ]

18. ਖਾਧ-ਪਦਾਰਥਾਂ ਅਤੇ ਹੋਰ ਮਾਲ ਵਿਚ ਮਿਲਾਵਟ ।

19. ਅਫ਼ੀਮ ਬਾਰੇ ਸੂਚੀ I ਦੇ ਇੰਦਰਾਜ 59 ਦੇ ਉਪਬੰਧਾਂ ਦੇ ਤਾਬੇ ਭੇਖ਼ਜ ਅਤੇ ਜ਼ਹਿਰਾਂ ।

20. ਆਰਥਕ ਅਤੇ ਸਮਾਜਕ ਯੋਜਨਾਬੰਦੀ ।

[20][20ੳ ਜਨ ਸੰਖਿਆ ਕੰਟਰੋਲ ਅਤੇ ਪਰਿਵਾਰ ਨਿਯੋਜਨ ।]

21. ਵਣਜਕ ਅਤੇ ਉਦਯੋਗਤ ਅਜਾਰੇ, ਗੁੱਟ ਅਤੇ ਟ੍ਰਸਟ ।

22. ਟਰੇਡ ਯੂਨੀਅਨਾਂ ; ਉਦਯੋਗਕ ਅਤੇ ਮਜ਼ਦੂਰਾਂ ਦੇ ਝਗੜੇ ।

23. ਸਮਾਜਕ ਸੁਰੱਖਿਆ ਅਤੇ ਸਮਾਜਕ ਬੀਮਾਂ ; ਰੋਜਗਾਰ ਅਤੇ ਬੇਰੋਜਗਾਰੀ ।

24. ਮਜ਼ਦੂਰਾਂ ਦੀ ਭਲਾਈ ਜਿਸ ਵਿਚ ਕੰਮ ਦੀਆਂ ਹਾਲਤਾਂ, ਪ੍ਰਾਵੀਡੈਂਟ ਫੰਡ, ਰੋਜਗਾਰਦਾਤਿਆਂ ਦੀ ਦੇਣਦਾਰੀ, ਕਾਮਿਆਂ ਦਾ ਮੁਆਵਜਾ,ਨਿਰਬਲਤਾ ਅਤੇ ਬੁਢਾਪਾ ਪੈਨਸ਼ਨਾਂ ਅਤੇ ਜਣੇਪਾ ਰਿਆਇਤਾਂ ਸ਼ਾਮਲ ਹਨ ।
25.[27] [ ਸੂਚੀ 1 ਦੇ ਇੰਦਰਾਜ 63,64,65 ਅਤੇ 66 ਦੇ ਉਪਬੰਧਾਂ ਦੇ ਤਾਬੇ, ਸਿਖਿਆ ਜਿਸ ਵਿਚ ਤਕਨੀਕੀ ਸਿਖਿਆ, ਮੈਡੀਕਲ ਸਿੱਖਿਆ ਅਤੇ ਯੂਨੀਵਰਸਿਟੀ ਹੈ, ਮਜ਼ਦੂਰਾਂ ਦੀ ਪੇਸ਼ਾਵਰਾਨਾਂ ਅਤੇ ਤਕਨੀਕੀ ਸਿਖਲਾਈ ।

---

[26] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਅੰਤਰਸਥਾਪਤ।

[27] ਉਪਰੋਕਤ ਦਿੱਤੇ ਸਰੋਤ ਅਨੁਸਾਰ ।

Ministry of Law & Justice

26. ਕਾਨੂੰਨੀ,ਚਕਿਤਸਕ ਅਤੇ ਹੋਰ ਪੇਸ਼ੇ ।

27 ਭਾਰਤ ਅਤੇ ਪਾਕਿਸਤਾਨ ਦੀਆਂ ਡੋਮੀਨੀਅਨਾਂ ਦੇ ਸਥਾਪਤ ਹੋਣ ਕਾਰਨ ਆਪਣੇ ਮੂਲ ਨਿਵਾਸ ਸਥਾਨ ਤੋਂ ਉਖੜੇ ਵਿਅਕਤੀਆਂ ਦੀ ਸਹਾਇਤਾ ਅਤੇ ਮੁੜ-ਵਸੇਬਾ ।

28. ਦਾਨ ਅਤੇ ਦਾਨਆਧਾਰੀ ਸੰਸਥਾਵਾਂ, ਦਾਨ-ਆਧਾਰੀ ਅਤੇ ਧਾਰਮਕ ਇੰਡੋਮੈਂਟ ਅਤੇ ਧਾਰਮਕ ਸੰਸਥਾਵਾਂ ।

29.ਮਨੁੱਖਾਂ, ਪਸ਼ੂਆਂ ਜਾਂ ਪੋਦਿਆਂ ਤੇ ਪ੍ਰਭਾਵ ਪਾਉਂਦੇ ਲਾਗ ਅਤੇ ਛੂਤ ਵਾਲੇ ਰੋਗਾਂ ਜਾਂ ਮਰੀਆਂ ਦੇ ਇਕ ਰਾਜ ਤੋਂ ਕਿਸੇ ਹੋਰ ਰਾਜ ਵਿਚ ਫੈਲਣ ਦੀ ਰੋਕ ।

30 ਜੀਵਨ ਸੰਬੰਧੀ ਅੰਕੜੇ, ਜਿਸ ਵਿਚ ਜਨਮਾਂ ਅਤੇ ਮੌਤਾਂ ਦਾ ਰਜਿਸਟਰ ਕਰਨਾ ਸ਼ਾਮਲ ਹੈ ।

31. ਸੰਸਦ ਦੇ ਬਣਾਏ ਕਾਨੂੰਨ ਜਾਂ ਮੌਜੂਦਾ ਕਾਨੂੰਨ ਦੁਆਰਾ ਜਾਂ ਦੇ ਅਧੀਨ ਵਡੀਆਂ ਬੰਦਰਗਾਹਾਂ ਹੋਣੀਆਂ ਐਲਾਨੀਆ ਬੰਦਰਗਾਹਾਂ ਤੋਂ ਬਿਨਾਂ ਹੋਰ ਬੰਦਰਗਾਹਾਂ ।

32. ਕੋਮੀ ਜਲ-ਮਾਰਗਾਂ ਬਾਰੇ ਸੂਚੀ I ਦੇ ਉਪਬੰਧਾਂ ਦੇ ਤਾਬੇ, ਅੰਤਰਦੇਸੀ ਜਲ-ਮਾਰਗਾਂ ਤੇ ਕਲਾਂ ਨਾਲ ਚਲਦੇ ਪੋਤਾਂ ਬਾਬਤ ਜਹਾਜ਼ਰਾਨੀ ਅਤੇ ਨੌਵਾਹਨ ਅਤੇ ਅਜਿਹੇ ਜਲ-ਮਾਰਗਾਂ ਤੋਂ ਸੜਕ ਦਾ ਨਿਯਮ, ਅਤੇ ਅੰਤਰਦੇਸੀ ਜਲ-ਮਾਰਗਾਂ ਤੇ ਮੁਸਾਫ਼ਰਾਂ ਅਤੇ ਮਾਲ ਦੀ ਢੁਆਈ ।

[28][33. ਉਦਯੋਗ ਦੇ ਉਤਪਾਦਨਾਂ, ਅਤੇ ਅਜਿਹੇ ਉਤਪਾਦਨਾਂ ਦੀ ਕਿਸਮ ਦੇ ਦਰਾਮਦ ਕੀਤੇ ਮਾਲ ਦਾ—

(ੳ) ਜਿਥੇ ਸੰਸਦ ਦੇ ਕਾਨੂੰਨ ਦੁਆਰਾ ਕਿਸੇ ਉਦਯੋਗ ਦਾ ਸੰਘ ਦੁਆਰਾ ਕੰਟਰੋਲ ਲੋਕ-ਹਿੱਤ ਵਿਚ ਕਾਲ-ਉਚੀਤ ਹੋਣਾ ਐਲਾਨਿਆ ਹੋਵੇ ਅਜਿਹੇ ਉਦਯੋਗ ਦੇ ਉਤਪਾਦਨਾਂ, ਅਤੇ ਅਜਿਹੇ ਉਤਪਾਦਨਾਂ ਦੀ ਕਿਸਮ ਦੇ ਦਰਾਮਦ ਕੀਤੇ ਮਾਲ ਦਾ ;

(ਅ) ਖਾਦ-ਪਦਾਰਥਾਂ ਦਾ, ਜਿਸ ਵਿਚ ਖਾਣਯੋਗ ਤੇ-ਬੀਜ ਅਤੇ ਤੇਲ ਸ਼ਾਮਲ ਹਨ ;

(ੲ) ਡੰਗਰਾ ਦੇ ਚਾਰੇ ਦਾ, ਜਿਸ ਵਿਚ ਖਲ ਅਤੇ ਹੋਰ ਸੰਘਣਾਏ ਪਦਾਰਥ ਸ਼ਾਮਲ ਰਨ ;

(ਸ) ਕੱਚੀ ਰੂੰ, ਭਾਵੇਂ ਵੇਲੀ ਹੋਈ ਜਾ ਅਣਵੇਲੀ, ਅਤੇ ਵੜੇਵਿਆਂ ਦਾ ; ਅਤੇ

---

[28] ਸੰਵਿਧਾਨ (ਤੀਜੀ ਸੋਧ) ਐਕਟ, 1954 ,ਧਾਰਾ 2 ਦੁਆਰਾ ਥਾਵੇਂ ਰੱਖਿਆ ਗਿਆ ।

Ministry of Law & Justice

(ਹ) ਕੱਚੇ ਪਟਸਨ ਦਾ,]

[29][33 ੳ ਤੋਲ ਅਤੇ ਮਾਪ, ਸਿਵਾਏ ਮਿਆਰਾਂ ਦੇ ਸਥਾਪਤ ਕਰਨ ਦੇ]

34. ਕੀਮਤ ਕੰਟਰੋਲ ।

35. ਕਲਾਂ ਨਾਲ ਚਲਦੀਆਂ ਗੱਡੀਆਂ ਜਿਸ ਵਿਚ ਉਹ ਸਿਧਾਂਤ ਸ਼ਾਮਲ ਹਨ ਜਿਨ੍ਹਾਂ ਦੇ ਅਨੁਸਾਰ ਅਜਿਹੀਆਂ ਗੱਡੀਆਂ ਤੇ ਕਰ ਲਾਏ ਜਾਣੇ ਹਨ ।

36.ਫ਼ੈਕਟਰੀਆਂ ।

37. ਬੁਆਇਲਰ ।

38. ਬਿਜਲੀ ।

39. ਅਖ਼ਬਾਰਾਂ, ਪੁਸਤਕਾਂ ਅਤੇ ਛਾਪੇ ਖਾਨੇ ।

40. [30][ਸੰਸਦ ਦੇ ਬਣਾਏ ਕਾਨੂੰਨ ਦੁਆਰਾ ਜਾ ਦੇ ਅਧੀਨ] ਕੌਮੀ ਮਹੱਤਤਾ ਦੀਆਂ ਹੋਣੀਆਂ ਐਲਾਨ ਕੀਤੀਆਂ ਤੋਂ ਬਿਨਾਂ ਹੋਰ ਪੁਰਾਤਤਵੀਂ ਥਾਵਾਂ ਅਤੇ ਬਚੇ ਨਿਸ਼ਾਨ ।

41. ਕਾਨੂੰਨ ਦੁਆਰਾ ਨਿਕਾਸੀ ਸੰਪੱਤੀ ਹੋਣੀ ਐਲਾਨ ਕੀਤੀ ਸੰਪੱਤੀ (ਜਿਸ ਵਿਚ ਜ਼ਰਾਇਤੀ ਭੋਂ ਸ਼ਾਮਲ ਹੈ) ਦੀ ਸੰਭਾਲ, ਪ੍ਰਬੰਧ ਅਤੇ ਨਿਬੇੜਾ ।

[[31]42. ਸੰਪੱਤੀ ਦਾ ਅਰਜਨ ਅਤੇ ਅਧਿਗ੍ਰਹਿਣ ।]

43. ਕਿਸੇ ਰਾਜ ਵਿਚ, ਉਸ ਰਾਜ ਤੋਂ ਬਾਹਰ ਪੈਦਾ ਹੋਏ ਕਰਾਂ ਅਤੇ ਹੋਰ ਲੋਕ-ਮੰਗਾਂ ਬਾਰੇ ਦਾਅਵਿਆਂ, ਜਿਸ ਵਿਚ ਮਾਲੀਏ ਤੇ ਬਕਾਏ ਅਤੇ ਅਜਿਹੇ ਬਕਾਇਆਂ ਵਜੋਂ ਵਸੂਲੀ-ਯੋਗ ਰਕਮਾਂ ਸ਼ਾਮਲ ਹਨ, ਦੀ ਵਸੂਲੀ ।

44. ਅਦਾਲਤਾਂ ਅਸ਼ਟਾਮਾਂ ਦੁਆਰਾ ਉਗਰਾਹੇ ਮਸੂਲਾਂ ਜਾਂ ਫ਼ੀਸਾਂ ਤੋਂ ਬਿਨਾਂ ਹੋਰ ਅਸ਼ਟਾਮ ਮਸੂਲ, ਪਰ ਇਸ ਵਿਚ ਅਸ਼ਟਾਮ ਮਸੂਲ ਦੀਆਂ ਦਰਾਂ ਸ਼ਾਮਲ ਨਹੀਂ ।

---

[29] ਸੰਵਿਧਾਨ ਦੀ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 57 ਦੁਆਰਾ (3.1.1977 ਤੋਂ) ਅੰਤਰਸਥਾਪਤ ।

[30]ਸੰਵਿਧਾਨ (ਸੱਤਵੀਂ ਸੋਧ) ਐਕਟ, 1956 ,ਧਾਰਾ 27 ਦੁਆਰਾ "ਸੰਸਦ ਦੇ ਬਣਾਏ ਕਾਨੂੰਨ ਦੁਆਰਾ" ਦੀ ਥਾਵੇਂ ਰੱਖੇ ਗਏ ।

[31] ਉਪਰੋਕਤ ਦੀ ਧਾਰਾ 26 ਦੁਆਰਾ ਮੂਲ ਇੰਦਰਾਜ 42 ਦੀ ਥਾਵੇਂ ਰੱਖਿਆ ਗਿਆ ।



Ministry of Law & Justice

45. ਸੂਚੀ II ਜਾਂ ਸੂਚੀ III ਵਿਚ ਉਲਿੱਖਤ ਮਾਮਲਿਆਂ ਵਿਚੋਂ ਕਿਸੇ ਦੇ ਪ੍ਰਯੋਜਨ ਲਈ ਜਾਂਚਾਂ ਅਤੇ ਅੰਕੜਾ ਵਿਗਿਆਨ ।

46. ਸਰਵ-ਉੱਚ ਅਦਾਲਤ ਦੇ ਸਿਵਾਏ, ਸਭ ਅਦਾਲਤਾਂ ਦੀ ਇਸ ਸੂਚੀ ਦੇ ਮਾਮਲਿਆਂ ਵਿੱਚੋਂ ਕਿਸੇ ਬਾਰੇ ਅਧਿਕਾਰਤਾ ਅਤੇ ਸ਼ਕਤੀਆਂ ।

47. ਇਸ ਸੂਚੀ ਦੇ ਮਾਮਲਿਆਂ ਵਿੱਚੋਂ ਕਿਸੇ ਬਾਰੇ ਫ਼ੀਸਾਂ, ਪਰ ਇਸ ਵਿਚ ਕਿਸੇ ਅਦਾਲਤ ਵਿਚ ਲਈਆਂ ਜਾਂਦੀਆਂ ਫ਼ੀਸਾਂ ਸ਼ਾਮਲ ਨਹੀਂ।

Ministry of Law & Justice

# ਅੱਠਵੀਂ ਅਨੁਸੂਚੀ

**[ਅਨੁਛੇਦ 344(1) ਅਤੇ 351]**

## ਭਾਸ਼ਾਵਾਂ

1. ਅਸਾਮੀ

2. ਬੰਗਾਲੀ

[3. [1] [ਬੋਡੋ

4. ਡੋਗਰੀ]

[2][5.] ਗੁਜਰਾਤੀ

[3][6.] ਹਿੰਦੀ

[3][7. ਕਨੜ

[3][8] ਕਸ਼ਮੀਰੀ

[4][3[9.] [ਕੋਂਕਣੀ]

[1][10. ਮੈਥਲੀ]

[5][11.] ਮਲਿਆਲਮ

[4][[6][12.] ਮਨੀਪੁਰੀ]

---

[1] ਸੰਵਿਧਾਨ ਦੀ (ਬਾਨਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ (7-01-2004 ਤੋਂ ਪ੍ਰਭਾਵੀ) ਅੰਤਰਸਥਾਪਤ ।

[2] ਸੰਵਿਧਾਨ ਦੀ (ਬਾਨਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 3 ਨੂੰ 5 ਦੇ ਰੂਪ ਵਿਚ ਪੁਨਰ ਅੰਕਣ ਕੀਤਾ ਗਿਆ ।

[3] ਸੰਵਿਧਾਨ ਦੀ (ਬਾਨਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 4 ਤੋਂ 7 ਨੂੰ ਇੰਦਰਾਜ 6 ਤੋਂ 9 ਦੇ ਰੂਪ ਵਿਚ ਮੁੜ-ਅੰਕਰਣ ਕੀਤਾ ਗਿਆ ।

[4] ਸੰਵਿਧਾਨ (ਇਕਤਰਵੀਂ ਸੋਧ) ਐਕਟ, 1992 ਦੀ ਧਾਰਾ 2 ਦੁਆਰਾ (31-08-1992 ਤੋਂ ਪ੍ਰਭਾਵੀ) ਅੰਤਰਸਥਾਪਤ ।

[5] ਸੰਵਿਧਾਨ ਦੀ (ਬਾਨਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 8 ਨੂੰ ਇੰਦਰਾਜ 11 ਦੇ ਰੂਪ ਵਿਚ ਮੁੜ-ਅੰਕਰਣ ਕੀਤਾ ਗਿਆ ।



Ministry of Law & Justice

[6][13.] ਮਰਾਠੀ

[4][6[14.] ਨੇਪਾਲੀ]

[6][15.] [7][ਓਡੀਆ]

[6][16.] ਪੰਜਾਬੀ

[6][17.] ਸੰਸਕ੍ਰਿਤ

[1][18.]ਸੰਥਾਲੀ]

[8][[9][19.] ਸਿੰਧੀ]

[10][20.] ਤਮਿਲ

[10][21] ਤੇਲਗੂ

[22.] ਉਰਦੂ

---

[6] ਸੰਵਿਧਾਨ ਦੀ (ਬਾਂਨਵੀਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 9 ਤੋਂ ਇੰਦਰਜਾ 14 ਨੂੰ ਇੰਦਰਾਜ 12 ਤੋਂ ਇੰਦਰਜਾ 17 ਦੇ ਰੂਪ ਵਿਚ ਮੁੜ-ਅੰਕਰਣ ਕੀਤਾ ਗਿਆ ।

[7] ਸੰਵਿਧਾਨ (ਛਿਆਨਵਾਂ ਸੋਧ) ਐਕਟ, 2011 ਦੀ ਧਾਰਾ 2 ਦੁਆਰਾ, "ਓੜਿਆ" ਦੀ ਥਾਵੇਂ (23..9.2011 ਤੋਂ ਪ੍ਰਭਾਵੀ) ਰੱਖਿਆ ਗਿਆ ।

[8] ਸੰਵਿਧਾਨ (ਇੱਕੀਵੀਂ ਸੋਧ) ਐਕਟ, 1967 ਧਾਰਾ 2 ਦੁਆਰਾ ਜੋੜਿਆ ਗਿਆ ।

[9] ਸੰਵਿਧਾਨ (ਬਾਨਵੇਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 15 ਨੂੰ 19 ਦੇ ਰੂਪ ਵਿਚ (7-01-2004 ਤੋਂ ਪ੍ਰਭਾਵੀ) ਪੁਨਰ ਅੰਕਣ ਕੀਤਾ ਗਿਆ ।

[10] ਸੰਵਿਧਾਨ (ਬਾਨਵੇਂ ਸੋਧ) ਐਕਟ, 2003 ਦੀ ਧਾਰਾ 2 ਦੁਆਰਾ ਇੰਦਰਾਜ 16 ਤੋਂ ਇੰਦਰਾਜ 18 ਨੂੰ ਇੰਦਰਾਜ 20 ਤੋਂ ਇੰਦਰਾਜ 22 ਦੇ ਰੂਪ ਵਿਚ ਪੁਨਰ ਅੰਕਣ ਕੀਤਾ ਗਿਆ ।

Ministry of Law & Justice

# [1][ਨੌਵੀਂ ਅਨੁਸੂਚੀ

## [ਅਨੁਛੇਦ 31 ਅ]

1. ਦ ਬਿਹਾਰ ਲੈਂਡ ਰਿਫੋਰਮਜ਼ ਐਕਟ, 1950 (1950 ਦਾ ਬਿਹਾਰ ਐਕਟ XXX) ।

2. ਦ ਬੰਬੇ ਟੇਨੈਂਸੀ ਐਂਡ ਐਗਰੀਕਲਚਰਲ ਲੈਂਡਸ ਐਕਟ, 1948 (1948 ਦਾ ਬੰਬਈ ਐਕਟ LXVII) ।

3. ਦ ਬੰਬੇ ਮਾਲਿਕੀ ਟੈਨਿਓਰ ਐਬੋਲਿਸ਼ਨ ਐਕਟ, 1949 (1949 ਦਾ ਬੰਬਈਐਕਟ LXI) ।

4. ਦ ਬੰਬੇ ਤਾਲੁਕਦਾਰੀ ਟੈਨਿਔਰ ਐਬੋਲਿਸ਼ਨ ਐਕਟ, 1949 (1949 ਦਾ ਬੰਬਈ ਐਕਟ LXII) ।

5. ਦ ਪੰਚ ਮਹਾਲਜ਼ ਮੇਹਵਾਸੀ ਟੈਨਿਓਰ ਐਬੋਲਿਸ਼ਨ ਐਕਟ, 1949 (1949 ਦਾ ਬੰਬਈ ਐਕਟ LXIII) ।

6. ਦ ਬੰਬੇ ਖੌਤੀ ਐਬੋਲਿਸ਼ਨ ਐਕਟ, 1950 (1950 ਦਾ ਬੰਬਈ ਐਕਟ VI) ।

7. ਦ ਬੰਬੇ ਪਰਗਨਾ ਐਂਡ ਕੁਲਕਰਨੀ ਵਤਨ ਐਬੋਲਿਸ਼ਨ ਐਕਟ, 1950 (1950ਦਾ ਬੰਬਈ ਐਕਟ LX) ।

8. ਦ ਮਧਯ ਪ੍ਰਦੇਸ਼ ਐਬੋਲਿਸ਼ਨ ਔਫ ਪ੍ਰੋਪ੍ਰਾਇਟਰੀ ਹਾਈਟਸ (ਐਸਟੇਟਸ, ਮਹਾਲਜ਼ ਏਲਿਨੇਟਿਡ ਲੈਂਡਸ) ਐਕਟ, 1950 (1950 ਦਾ ਮਧਯ ਪ੍ਰਦੇਸ਼ ਐਕਟ I) ।

9. ਦ ਮਦਰਾਸ ਐਸਟੇਟਸ (ਐਬੋਲਿਸ਼ਨ ਐਂਡ ਕਨਵਰਸ਼ਨ ਇਨ ਟੂ ਹਈਅਤੇਵਾੜੀ) ਐਕਟ, 1948 (1948 ਦਾ ਮਦਰਾਸਐਕਟ XXVI) ।

10 ਦ ਮਦਰਾਸ ਐਸਟੇਟਸ (ਐਬੋਲਿਸ਼ਨ ਐਂਡ ਕਨਵਰਸਨ ਇਨ ਟੂ ਰਈਅਤਵਾੜੀ) ਅਮੈਂਡਮੈਂਟ ਐਕਟ, 1950 (1950ਦਾ ਮਦਰਾਸ ਐਕਟ I) ।

11. ਦ ਉੱਤਰ ਪ੍ਰਦੇਸ਼ ਜ਼ਮੀਨਦਾਰੀ ਐਬੋਲਿਸ਼ਨ ਐਂਡ ਲੈਂਡ ਰਿਫੋਰਮਜ਼ ਐਕਟ, 1950 (1951 ਦਾ ਉੱਤਰ ਪ੍ਰਦੇਸ਼ ਐਕਟ I) ।

[1] ਸੰਵਿਧਾਨ (ਪਹਿਲੀ ਸੋਧ) ਐਕਟ, 1951, ਧਾਰਾ 14 ਦੁਆਰਾ ਜੋੜੀ ਗਈ ।

Ministry of Law & Justice

12. ਦ ਹੈਦਰਾਬਾਦ (ਐਬੋਲਿਸ਼ਨ ਔਫ ਜਾਗੀਰਜ਼) ਹੈਗੁਲੇਸ਼ਨ, 1358 ਐਫ । (1358, ਫਸਲੀ ਦਾ ਨੰ LXIX) ।

13. ਦ ਹੈਦਰਾਬਾਦ ਜਾਗੀਰਜ਼ (ਕਮਿਊਟੇਸ਼ਨ) ਰੇਗੂਲੇਸ਼ਨ, 1359 ਔਫ ।(1359, ਫ਼ਸਲੀ ਦਾ ਨੰ XXV) ।

[2][14. ਦ ਬਿਹਾਰ ਡਿਸਪਲੇਸਡ ਪਰਸਨਜ਼ ਰੀਹੈਬਿਲੀਟੇਸ਼ਨ (ਐਕੁਇਜਿਸ਼ਨ ਔਫ ਲੈਂਡ) ਐਕਟ, 1950 (1950 ਦਾ ਬਿਹਾਰ ਐਕਟ XXXVIII) ।

15 ਦ ਯੂਨਾਈਟਿਡ ਪ੍ਰੋਵਿੰਸਿਜ ਲੈਂਡ ਐਕੁਇਜ਼ਿਸ਼ਨ (ਰੀਹੈਬਲਿਟੇਸ਼ਨ ਔਫ ਰੈਫਿਊਜੀਜ਼) ਐਕਟ, 1948 (1948 ਦਾ ਯੂ.ਪੀ. ਐਕਟ XXVI) ।

16. ਦ ਰੀਸੈਟਲਮੈਂਟ ਔਫ ਡਿਸਪਲੇਸਡ ਪਰਸਨਜ਼ (ਲੈਂਡ ਐਕੁਇਜ਼ਿਸ਼ਨ) ਐਕਟ, 1948 (1948 ਦਾ ਐਕਟ LX) ।

17. ਦ ਇੰਨਸ਼ੁਰੈਂਸ (ਅਮੈਂਡਮੈਂਟ)ਐਕਟ, 1950 (1950 ਦਾ ਐਕਟ XLVII) ਦੀ ਧਾਰਾ 42 ਦੁਆਰਾ ਅੰਤਰਸਥਾਪਤ ਦ ਇੰਨਸ਼ੂਰੈਂਸ ਐਕਟ 1938 (1938 ਦਾ ਐਕਟ IV) ਦੀਆਂ ਧਾਰਾਵਾਂ 52 ਊ ਤੋਂ 52 ਖ।

18. ਦ ਰੇਲਵੇ ਕੰਪਨੀਜ (ਐਮਰਜੈਂਸੀ ਪ੍ਰੋਵਿਜਨਜ਼) ਐਕਟ, 1951 (1951 ਦਾ ਐਕਟ LI) ।

19. ਦ ਇੰਡਸਟਰੀਜ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਅਮੈਂਡਮੈਂਟ ਐਕਟ, 1953 (1953 ਦਾ ਐਕਟ XXVI) ਦੀ ਧਾਰਾ 13 ਦੁਆਰਾ ਅੰਤਰਸਥਾਪਤ ਦ ਇੰਡਜਟਰੀਜ ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1951 (1951 ਦਾ ਐਕਟ LXV) ਦਾ ਅਧਿਆਏ –III ਉ ।

20. ਦ ਵੈਸਟ ਬੈਂਗਾਲ ਲੈਂਡ ਡਿਵੈਲਪਮੈਂਟ ਐਂਡ ਪਲੈਨਿੰਗ ਐਕਟ, 1948 (1948 ਦਾ ਵੈਸਟ ਬੈਂਗਾਲ ਐਕਟ XXI) ਵੈਸਟ ਬੈਂਗਾਲ ਐਕਟ XXIX ਔਫ 1951 ਦੁਆਰਾ ਸੋਧਿਆ ਹੋਇਆ ।

[3][21. ਦ ਆਂਧਰ ਪ੍ਰਦੇਸ਼ ਸੀਲਿੰਗ ਔਨ ਐਗਰੀਕਲਚਰਲ ਹੋਲਡਿੰਗਜ਼ ਐਕਟ, 1961 (1961 ਦਾ ਆਂਧਰ ਪ੍ਰਦੇਸ਼ ਐਕਟ X)

---

[2] ਸੰਵਿਧਾਨ (ਚੌਥੀ ਸੋਧ) ਐਕਟ, 1955, ਧਾਰਾ 5 ਦੁਆਰਾ ਜੋੜਿਆ ਗਿਆ।

[3] ਸੰਵਿਧਾਨ (ਸਤਾਰ੍ਹਵੀਂ ਸੋਧ) ਐਕਟ, 1964, ਧਾਰਾ 3 ਦੁਆਰਾ ਜੋੜਿਆ ਗਿਆ।

22. ਦ ਆਂਧਰ ਪ੍ਰਦੇਸ਼ (ਤੇਲੰਗਾਨਾ ਏਰੀਆ) ਟੇਨੈਂਨਸੀ ਐਂਡ ਐਗਰੀਕਲਚਰਲ ਲੈਂਡ (ਵੈਰੀਡੇਸ਼ਨ) ਐਕਟ, 1961 (1961 ਦਾ ਆਂਧਰ ਪ੍ਰਦੇਸ਼ ਐਕਟ XXI) ।

23. ਦ ਆਂਧਰ ਪ੍ਰਦੇਸ਼ (ਤੇਲੰਗਾਨਾ ਏਰੀਆ) ਇਜਾਰਾ ਐਂਡ ਕਾਉਲੀ ਲੈਂਡ ਕੋਨਸਲੇਸ਼ਨ ਔਫ ਇਰਰੈਗਿਊਲਰ ਪੱਟਾਜ਼ ਐਂਡ ਐਬੋਲਿਸ਼ਨ ਔਫ਼ ਕਨਸੈਸ਼ਨਲ ਅਸੈਸਮੈਂਟ  ਐਕਟ, 1961 (1961 ਦਾ ਆਂਧਰ ਪ੍ਰਦੇਸ਼ ਐਕਟ XXXVI) ।

24. ਦ ਆਸਾਮ ਸਟੇਟ ਐਕੁਇਜਿਸ਼ਨ ਔਫ ਲੈਂਡਜ਼ ਬਿਲੋਗਿੰਗ ਟੂ ਰਿਲਿਜਸ ਔਰ ਚੈਰਿਟੇਬਲ ਇਨਸਟੀਟਿਊਸ਼ਨ ਔਫ਼ ਪਬਲਿਕ  ਨੇਚਰ ਐਕਟ, 1959 (1961ਦਾ  ਆਸਾਮ ਐਕਟ IX) ।

25. ਦ ਬਿਹਾਰ ਲੈਂਡ ਰਿਫੌਰਮਜ਼ (ਅਮੈਂਡਮੈਂਟ) ਐਕਟ, 1953 (1954 ਦਾ ਬਿਹਾਰ ਐਕਟ XX) ।

26. ਦ ਬਿਹਾਰ ਲੈਂਡ ਰਿਫੌਰਮਜ਼ (ਫਿਕਸੇਸ਼ਨ ਔਫ ਸੀਲਿੰਗ ਏਰੀਆ ਐਂਡ ਐਕੁਇਜਿਸ਼ਨ ਔਫ ਸਰਪਲਸ ਲੈਂਡ) ਐਕਟ, 1961 (1962 ਦਾ ਬਿਹਾਰ ਐਕਟ XII)( ਇਸ ਐਕਟ ਦੀ ਧਾਰਾ 28 ਦੇ ਸਿਵਾਏ) ।

27. ਦ ਬੰਬੇ ਤਾਅਲੁਕਦਾਰੀ ਟੈਨਿਓਰ ਐਬੋਲਿਸ਼ਨ (ਅਮੈਂਡਮੈਂਟ) ਐਕਟ, 1954 (1955 ਦਾ ਬੰਬਈ ਐਕਟ I) ।

28. ਦ ਬੰਬੇ ਤਾਅਲੁਕਦਾਰੀ ਟੈਨਿਓਰ ਐਬੋਲਿਸ਼ਨ (ਅਮੈਂਡਮੈਂਟ) ਐਕਟ, 1957 (1958 ਦਾ ਬੰਬਈ ਐਕਟ XVIII) ।

29. ਦ ਬੰਬੇ ਇਨਾਮਜ਼ (ਕੱਛ ਏਰੀਆ) ਐਬੋਲਿਸ਼ਨ ਐਕਟ, 1958 (1958 ਦਾ ਬੰਬਈ ਐਕਟ XCVIII) ।

30.  ਦ ਬੰਬੇ ਟੇਨੈਂਨਸੀ ਐਂਡ ਐਗਰੀਕਲਚਰਲ ਲੈਂਡਜ਼ (ਗੁਜਰਾਤ ਅਮੈਂਡਮੈਂਟ) ਐਕਟ, 1960 (1960 ਦਾ ਗੁਜਰਾਤ ਐਕਟ XVI) ।

31 ਦ ਗੁਜਰਾਤ ਐਗਰੀਕਲਚਰਲ ਲੈਂਡਜ਼ ਸੀਲਿੰਗ ਐਕਟ, 1960 (1961 ਦਾ ਗੁਜਰਾਤ ਐਕਟ XXVII) ।

32. ਦ  ਸਾਗਬਰਾ ਐਂਡ ਮੇਹਵਾਸੀ ਐਸਟੇਟਸ (ਪ੍ਰੋਪ੍ਰਾਈਟਰੀ ਰਾਈਟਸ ਐਬੋਲਿਸ਼ਨ  ਐਟਸੈਟਰਾ) ਰੇਗੂਲੇਸ਼ਨ, ਐਕਟ, 1962 (1962 ਦਾ ਗੁਜਰਾਤ ਰੈਗੁਲਸ਼ਨ I) ।

Ministry of Law & Justice

33. ਦ ਗੁਜਰਾਤ ਸਰਵਾਈਵਿੰਗ ਏਲਿਅਨੇਸ਼ਨਜ਼ ਐਬੋਲਿਸ਼ਨ ਐਕਟ, 1963(1963 ਦਾ ਗੁਜਰਾਤ ਐਕਟ XXXIII)ਉਥੋਂ ਤਕ ਦੇ ਸਿਵਾਏ ਜਿਥੋਂ ਤਕ ਇਸ ਐਕਟ ਦਾ ਇਸ ਦੀ ਧਾਰਾ 2 ਖੰਡ(3) ਉਪ-ਖੰਡ (ਸ) ਵਿੱਚ ਹਵਾਲਾ ਦਿੱਤੀ ਕਿਸੇ ਹਥਬਦਲੀ ਨਾਲ ਸੰਬੰਧ ਹੋਵੇ।

34. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼ ਐਕਟ, 1961(1961 ਦਾ ਮਹਾਰਾਸ਼ਟਰ ਐਕਟ XXVII)।

35. ਦ ਹੈਦਰਾਬਾਦ ਟੇਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ (ਰੀਇਨੈਂਨਕਟਮੈਂਟ, ਵੈਲੀਡੇਸ਼ਨ ਐਂਡ ਫ਼ਰਦਰ ਅਮੈਂਡਮੈਂਟ,) ਐਕਟ, 1961 (1961 ਦਾ ਮਹਾਰਾਸ਼ਟਰ ਐਕਟ XLV) ।

36. ਦ ਹੈਦਰਾਬਾਦ ਟੇਨੈਂਨਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ, 1950 (1950 ਦਾ ਹੈਦਰਾਬਾਦ ਐਕਟ XXI) ।

37. ਦ ਜੈਨਮੀਕਰਮ ਪੇਮੈਂਟ (ਐਬੋਲਿਸ਼ਨ) ਐਕਟ, 1960 (1961 ਦਾ ਕੇਰਲ ਐਕਟ III) ।

38. ਦ ਕੇਰਲ ਲੈਂਡ ਟੈਕਸ ਐਕਟ, 1961 (1961 ਦਾ ਕੇਰਲ ਐਕਟ XIII) ।

39. ਦ ਕੇਰਲ ਲੈਂਡ ਰਿਫੋਰਮਜ਼ ਐਕਟ, 1963 (1964 ਦਾ ਕੇਰਲ ਐਕਟ I) ।

40. ਦ ਮਧਯ ਪ੍ਰਦੇਸ਼ ਲੈਂਡ ਰੈਵਿਨਿਊ ਕੋਡ, 1959 (1959 ਦਾ ਮੱਧ ਪ੍ਰਦੇਸ਼ ਐਕਟ XX) ।

41 ਦ ਮਧਯ ਪ੍ਰਦੇਸ਼ ਸੀਲਿੰਗ ਔਨ ਐਗਰੀਕਲਚਰ ਰੋਲਡਿੰਗਜ਼ ਐਕਟ, 1960 (1960 ਦਾ ਮੱਧ ਪ੍ਰਦੇਸ਼ ਐਕਟ XX) ।

42. ਦ ਮਦਰਾਸ ਕਲਟੀਵੇਟਿੰਗ ਟੇਨੈਂਨਟਸ ਪ੍ਰੋਟੈਕਸ਼ਨ ਐਕਟ, 1955 (1955 ਦਾ ਮਦਰਾਸ ਐਕਟ XXV) ।

43. ਦ ਮਦਰਾਸ ਕਲਟੀਵੇਟਿੰਗ ਟੇਨੈਂਨਟਸ (ਪੇਮੈਂਟ ਔਫ਼ ਫ਼ੇਅਰ ਰੈਂਟ)ਐਕਟ, 1956 (1956 ਦਾ ਮਦਰਾਸ ਐਕਟ XXIV) ।

44. ਦ ਮਦਰਾਸ ਔਕਿਊਪੈਂਟਸ ਔਫ ਕੁਡੀਈਰੂਪੁ(ਪ੍ਰੋਟੈਕਸ਼ਨ ਫਰੌਮ ਇਵਿਕਸ਼ਨ) ਐਕਟ, 1961 (1961 ਦਾ ਮਦਰਾਸ ਐਕਟ XXXVIII) ।

Ministry of Law & Justice

45. ਦ ਮਦਰਾਸ ਪਬਲਿਕ ਟ੍ਰਸਟਸ (ਰੈਗੂਲੇਸ਼ਨ ਔਫ ਐਡਮਿਨਿਸਟਰੇਸ਼ਨ ਔਫ ਐਗਰੀਕਲਚਰਲ ਲੈਂਡਸ) ਐਕਟ, 1961 (1961 ਦਾ ਮਦਰਾਸ ਐਕਟ LVII) ।

46. ਦ ਮਦਰਾਸ ਲੈਂਡ ਰਿਫੌਰਮਜ਼ (ਫ਼ਿਕਸੇਸ਼ਨ ਔਫ਼ ਸੀਲਿੰਗ ਐਂਡ ਲੈਂਡ)ਐਕਟ, 1961 (1961 ਦਾ ਮਦਰਾਸ ਐਕਟ LVIII) ।

47. ਦ ਮਾਈਸੌਰ ਟੇਨੈਂਨਸੀ ਐਕਟ, 1952(1952 ਦਾ ਮੈਸੂਰ ਐਕਟ XIII) ।

48. ਦ ਕੁਰਗ ਟੇਨੈਂਨਸ ਐਕਟ, 1957 (1957 ਦਾ ਮੈਸੂਰ ਐਕਟ XIV) ।

49. ਦ ਮਾਈਸੌਰ ਵਿਲੇਜ ਔਫ਼ਿਸਿਜ਼ ਐਬੋਲਿਸ਼ਨ ਐਕਟ, 1961 (1961 ਦਾ ਮੈਸੂਰ ਐਕਟ XIV) ।

50. ਦ ਹੈਦਰਾਬਾਦ ਟੇਨੈਂਨਸੀ ਐਂਡ ਐਗਰੀਕਲਚਰਲ ਲੈਂਡਜ਼ (ਡੈਲੀਗੇਸ਼ਨ) ਐਕਟ, 1961 (1961 ਦਾ ਮੈਸੂਰ ਐਕਟ XXXVI) ।

51. ਦ ਮਾਈਸੋਰ ਲੈਂਡ ਰਿਫੌਰਮਜ਼ ਐਕਟ, 1961 (1962 ਦਾ ਮੈਸੂਰ ਐਕਟ X) ।

52. ਦ ਉੜੀਸਾ ਲੈਂਡ ਰਿਫੌਰਮਜ਼ ਐਕਟ, 1960 (1960 ਦਾ ਉੜੀਸਾ ਐਕਟ XVI) ।

53. ਦ ਉੜੀਸਾ ਮਰਜਡ ਟੈਰਿਟਰੀਜ਼ (ਵਿਲੇਜ ਔਫਿਸਿਜ਼ ਐਬੋਲਿਸ਼ਨ )ਐਕਟ, 1963 (1963 ਦਾ ਉੜੀਸਾ ਐਕਟ X) ।

54. ਦ ਪੰਜਾਬ ਸਿਕਿਊਰਿਟੀ ਔਫ਼ ਲੈਂਡ ਟੈਨਿਓਰਜ਼ ਐਕਟ, 1953 (1953 ਦਾ ਪੰਜਾਬ ਐਕਟ X)

55. ਦ ਰਾਜਸਥਾਨ ਟੇਨੈਂਨਸੀ ਐਕਟ, 1955 (1955 ਦਾ ਰਾਜਸਥਾਨ ਐਕਟ III) ।

56 ਦ ਰਾਜਸਥਾਨ ਜ਼ਮੀਨਦਾਰੀ ਐਂਡ ਬਿਸਵੇਦਾਰੀ ਐਬੋਲਿਸ਼ਨ ਐਕਟ, 1959 (1959 ਦਾ ਰਾਜਸਥਾਨ ਐਕਟ VIII) ।

57. ਦ ਕੁਮਾਊਂ ਐਂਡ ਊੱਤਰਖੰਡ ਜਮੀਨਦਾਰੀ ਐਬੋਲਿਸ਼ਨ ਐਂਡ ਲੈਂਡ ਰਿਫੌਰਮਜ਼ ਐਕਟ, 1960 (1960 ਦਾ ਉੱਤਰ ਪ੍ਰਦੇਸ਼ ਐਕਟ XVII) ।

58. ਦ ਉੱਤਰਪ੍ਰਦੇਸ਼ ਇੰਪੋਜ਼ੀਸ਼ਨ ਔਫ ਸੀਲਿੰਗ ਔਨ ਲੈਂਡ ਹੋਲਡਿੰਗਜ਼ ਐਕਟ, 1960 (1961 ਦਾ ਉੱਤਰ ਪ੍ਰਦੇਸ਼ ਐਕਟ I) ।

59. ਦ  ਵੈਸਟ ਬੈਂਗਾਲ ਐਸਟੇਟਸ ਐਕਇਜ਼ਿਸ਼ਨ ਐਕਟ, 1953 (1954 ਦਾ ਵੈਸਟ ਬੰਗਾਲ ਐਕਟ I) ।

60. ਦ ਵੈਸਟ ਬੈਂਗਾਲ ਲੈਂਡ ਰਿਫੋਰਮਜ਼ ਐਕਟ, 1955 (1956 ਦਾ ਵੈਸਟ ਬੰਗਾਲ ਐਕਟ X) ।

61 ਦ  ਦਿਹਲੀ ਲੈਂਡ ਰਿਫੋਰਮਜ਼ ਐਕਟ, 1954 (1954 ਦਾ ਦਿੱਲੀ ਐਕਟ VIII) ।

62. ਦ ਦਿਹਲੀ ਲੈਂਡ  ਹੋਲਡਿੰਗਜ਼ (ਸੀਲੀਂਗ) ਐਕਟ, 1960 (1960 ਦਾ ਸੈਂਟਰਲ ਐਕਟ 24) ।

63. ਦ ਮਨੀਪੁਰ ਲੈਂਡ ਰੈਵਿਨਿਊ ਐਂਡ ਲੈਂਡ ਰਿਫੌਰਮਜ਼ ਐਕਟ, 1960 (1960 ਦਾ ਸੈਂਟਰਲ ਐਕਟ 33) ।

64. ਦ ਤ੍ਰਿਪੁਰਾ ਲੈਂਡ ਰੈਵਿਨਿਊ ਐਂਡ ਲੈਂਡ ਰਿਫੌਰਮਜ਼ ਐਕਟ, 1960 (1960 ਦਾ ਸੈਂਟਰਲ ਐਕਟ 43) ।

[4][65. ਦ ਕੇਰਲ ਲੈਂਡ ਰਿਫੌਰਮਜ਼ (ਅਮੈਂਡਮੈਂਟ) ਐਕਟ, 1969 (1969 ਦਾ ਕੇਰਲ ਐਕਟ 35) ।

66. ਦ ਕੇਰਲ ਲੈਂਡ ਰਿਫੌਰਮਜ਼ (ਅਮੈਂਡਮੈਂਟ)ਐਕਟ, 1971 (1971 ਦਾ ਕੇਰਲ ਐਕਟ 25) ।

[5][67. ਦ ਆਂਧਰ ਪ੍ਰਦੇਸ਼ ਲੈਂਡ ਰਿਫੌਰਮਜ਼ (ਸੀਲਿੰਗ ਔਨ ਐਗਰੀਕਲਚਰਲ ਹੋਲਿਡੰਗਜ਼) ਐਕਟ, 1973 (1973 ਦਾ ਆਂਧਰ ਪ੍ਰਦੇਸ਼ ਐਕਟ I) ।

68. ਦ ਬਿਹਾਰ ਲੈਂਡ ਰਿਫੌਰਮਜ਼ (ਫਿਕਸੇਸ਼ਨ ਔਫ਼ ਸੀਲਿੰਗ ਏਰੀਆ ਐਂਡ ਐਕੂਈਜੀਸ਼ਨ ਔਫ ਸਰਪਲਸ ਲੈਂਡ) (ਅਮੈਂਡਮੈਂਟ) ਐਕਟ, 1972 (1973 ਦਾ ਬਿਹਾਰ ਐਕਟ I) ।

69. ਦ ਬਿਹਾਰ ਲੈਂਡ ਰਿਫੌਰਮਜ਼ (ਫਿਕਸੇਸ਼ਨ ਔਫ਼ ਸੀਲਿੰਗ ਏਰੀਆ ਐਂਡ ਐਕੂਈਜੀਸ਼ਨ ਔਫ ਸਰਪਲਸ ਲੈਂਡ) (ਅਮੈਂਡਮੈਂਟ)ਐਕਟ, 1973 (1973 ਦਾ ਬਿਹਾਰ ਐਕਟ IX) ।

---

[4] ਸੰਵਿਧਾਨ (ਉਨੱਤੀਵੀਂ ਸੋਧ) ਐਕਟ, 1972, ਧਾਰਾ 2 ਦੁਆਰਾ ਜੋੜੇ ਗਏ ।

[5] ਸੰਵਿਧਾਨ (ਚੌਤੀਵੀਂ ਸੋਧ) ਐਕਟ, 1972, ਧਾਰਾ 2 ਦੁਆਰਾ ਅੰਤਰਸਥਾਪਤ ।

Ministry of Law & Justice

70. ਦ ਬਿਹਾਰ ਲੈਂਡ ਰਿਫੌਰਮਜ਼ (ਅਮੈਂਡਮੈਂਟ)ਐਕਟ, 1972 (1972 ਦਾ ਬਿਹਾਰ ਐਕਟ V) ।

71. ਦ ਗੁਜਰਾਤ ਐਗਰੀਕਲਚਰਲ ਲੈਂਡਜ਼ ਸੀਲਿੰਗ (ਅਮੈਂਡਮੈਂਟ) ਐਕਟ, 1972 (1974 ਦਾ ਗੁਜਰਾਤ ਐਕਟ 2)

72. ਦ ਹਰਿਆਣਾ ਸੀਲਿੰਗ ਔਨ ਲੈਂਡ ਹੋਲਡਿੰਗਜ਼ ਐਕਟ, 1972 (1972 ਦਾ ਹਰਿਆਣਾ ਐਕਟ 26) ।

73. ਦ ਹਿਮਾਚਲ ਪ੍ਰਦੇਸ਼ ਸੀਲਿੰਗ ਔਨ ਲੈਂਡ ਹੋਲਡਿੰਗਜ਼ ਐਕਟ, 1972 (1973 ਦਾ ਹਿਮਾਚਲ ਪ੍ਰਦੇਸ਼ ਐਕਟ 19)

74. ਦ ਕੇਰਲ ਲੈਂਡ ਰਿਫੌਰਮਜ਼ (ਅਮੈਂਡਮੈਂਟ) ਐਕਟ, 1972 (1972 ਦਾ ਕੇਰਲ ਐਕਟ 17)

75. ਦ ਮੱਧਯ ਪ੍ਰਦੇਸ਼ ਸਿਲਿੰਗ ਔਨ ਐਗਰੀਕਲਚਰਲ ਹੋਲਡਿੰਗਜ਼ (ਅਮੈਂਡਮੈਂਟ) ਐਕਟ, 1972 (1974 ਦਾ ਮੰਦ ਪ੍ਰਦੇਸ਼ ਐਕਟ 12)।

76. ਦ ਮੱਧਯ ਪ੍ਰਦੇਸ਼ ਸਿਲਿੰਗ ਔਨ ਐਗਰੀਕਲਚਰਲ ਹੋਲਡਿੰਗਜ਼ (ਸੈਕੰਡ ਅਮੈਂਡਮੈਂਟ) ਐਕਟ, 1972 (1974 ਦਾ ਮੱਧਯ ਪ੍ਰਦੇਸ਼ ਐਕਟ 13)।

77. ਦ ਮੈਸੂਰ ਲੈਂਡ ਰਿਫੌਰਮਜ਼ (ਅਮੈਂਡਮੈਂਟ) ਐਕਟ, 1973 (1974 ਦਾ ਕਰਨਾਟਕ ਐਕਟ I)।

78. ਦ ਪੰਜਾਬ ਲੈਂਡ ਰਿਫੌਰਮਜ਼ ਐਕਟ, 1972 (1973 ਦਾ ਪੰਜਾਬ ਐਕਟ 10)।

79. ਦ ਰਾਜਸਥਾਨ ਇੰਪੋਜੀਸ਼ਨ ਔਫ ਸੀਲਿੰਗ ਔਨ ਐਗਰੀਕਲਚਰਲ ਹੋਲਡਿੰਗਜ਼ ਐਕਟ, 1973 (1973 ਦਾ ਰਾਜਸਥਾਨ ਐਕਟ 11)।

80. ਦ ਗੁਡਾਲਰ ਜਨਮਮ ਐਸਟੇਟਸ (ਐਬੋਲਿਸ਼ਨ ਐਂਡ ਕਾਨਵਰਸ਼ਨ ਇਨ ਟੂ ਰਈਅਤਵਾੜੀ) ਐਕਟ, 1969 (1969 ਦਾ ਤਾਮਿਲ ਨਾਡੂ ਐਕਟ 24)।

81. ਦ ਵੈਸਟ ਬੈਂਗਾਲ ਲੈਂਡ ਰਿਫੌਰਮਜ਼ (ਅਮੈਂਡਮੈਂਟ) ਐਕਟ, 1972 (1972 ਦਾ ਵੈਸਟ ਬੈਂਗਾਲ ਐਕਟ XII)।

82. ਦ ਵੈਸਟ ਬੈਂਗਾਲ ਐਸਟੇਟਸ ਐਕੁਇਜੀਸ਼ਨ (ਅਮੈਂਡਮੈਂਟ) ਐਕਟ, 1964 (1964 ਦਾ ਵੈਸਟ ਬੈਂਗਾਲ ਐਕਟ XXII)।

Ministry of Law & Justice

83. ਦ ਵੈਸਟ ਬੈਂਗਾਲ ਐਸਟੇਟਸ ਐਕੁਇਜੀਸ਼ਨ (ਸੈਕੇਂਡ ਅਮੈਂਡਮੈਂਟ) ਐਕਟ, 1973 (1973 ਦਾ ਵੈਸਟ ਬੈਂਗਾਲ ਐਕਟ XXXIII)।

84. ਦ ਬੰਬੇ ਟੇਨੈਂਨਸੀ ਐਂਡ ਐਗਰੀਕਲਚਰਲ ਲੈਂਡਜ਼ (ਗੁਜਰਾਤ ਅਮੈਂਡਮੈਂਟ)ਐਕਟ, 1972 (1973 ਦਾ ਗੁਜਰਾਤ ਐਕਟ 5)।

85. ਦ ਉੜੀਸਾ ਲੈਂਡ ਰਿਫੌਰਮਜ਼ (ਅਮੈਂਡਮੈਂਟ)ਐਕਟ, 1974 (1974 ਦਾ ਉੜੀਸਾ ਐਕਟ 9)।

86. ਦ ਤ੍ਰਿਪੁਰਾ ਲੈਂਡ ਰੈਵੇਨਿਊ ਐਂਡ ਲੈਂਡ ਰਿਫੌਰਮਜ਼ ( ਸੈਕੰਡ ਅਮੈਂਡਮੈਂਟ) ਐਕਟ, 1974 (1974 ਦਾ ਤ੍ਰਿਪੁਰਾ ਐਕਟ 7) ।

87. [6][[7] * * * *

88. ਦ ਇੰਡਸਟਰੀਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ, 1951 (1951 ਦਾ ਕੇਂਦਰੀ ਐਕਟ 65)।

89. ਦ ਰਿਕਿਊਜੀਸ਼ਨਿੰਗ ਐਂਡ ਐਕੁਇਜ਼ੀਸ਼ਨ ਆਫ ਇੰਮੂਵੇਬਲ ਪ੍ਰਾਪਰਟੀ ਐਕਟ, 1952 (1952 ਦਾ ਕੇਂਦਰੀ ਐਕਟ 30 )।

90. ਦ ਮਾਈਨਜ਼ ਐਂਡ ਮਿਨਰਲਜ਼ (ਰੈਗੂਲੇਸ਼ਨ ਐਂਡ ਡਿਵੈਲਪਮੈਂਟ) ਐਕਟ, 1957 (1957 ਦਾ ਕੇਂਦਰੀ ਐਕਟ 67) ।

[*]91. ਦ ਮਨੋਪਲੀਜ਼ ਐਂਡ ਰਸਟ੍ਰਿਕਟਿਵ ਟ੍ਰੇਡ ਪ੍ਰੈਕਟਿਸਿਜ਼ ਐਕਟ, 1969 (1969 ਦਾ ਕੇਂਦਰੀ ਐਕਟ 54) ।

92. [7][* * * *]

93. ਦ ਕੋਕਿੰਗ ਕੋਲ ਮਾਈਨਜ਼ (ਐਮਰਜੈਂਸੀ ਪ੍ਰੋਵਿਜ਼ਨਜ਼) ਐਕਟ, 1971 (1971 ਦਾ ਕੇਂਦਰੀ ਐਕਟ 64) ।

94. ਦ ਕੋਕਿੰਗ ਕੋਲ ਮਾਈਨਜ਼ (ਨੈਸ਼ਨਲਾਈਜ਼ੇਸ਼ਨ) ਐਕਟ, 1972 (1972 ਦਾ ਕੇਂਦਰੀ ਐਕਟ 36 ) ।

---

[6] ਸੰਵਿਧਾਨ (ਉਨਤਾਲਵੀਂ ਸੋਧ) ਐਕਟ, 1976 ਦੀ ਧਾਰਾ 5 ਦੁਆਰਾ ਅੰਤਰ ਸਥਾਪਤ।

[7] ਸੰਵਿਧਾਨ (ਚਤਾਲਵੀਂ ਸੋਧ) ਐਕਟ, 1978 ਦੀ ਧਾਰਾ 44 ਦੁਆਰਾ (20.6.1979 ਤੋਂ) ਇੰਦਰਾਜ 87 ਅਤੇ ਇੰਦਰਾਜ 92 ਦਾ ਲੋਪ ਕੀਤਾ ਗਿਆ।

[*] ਮੁਕਾਬਲਾ ਐਕਟ, 2002 (2003 ਦਾ 12) (1.9.2009 ਤੋਂ) ਨਿਰਸਤ ਕੀਤਾ ਗਿਆ।

Ministry of Law & Justice

95. ਦ ਜੈਨਰਲ ਇਨਸ਼ੁਰੈਂਸ ਬਿਜ਼ਿਨੇਸ (ਨੈਸ਼ਨਲਾਈਜ਼ੇਸ਼ਨ) ਐਕਟ, 1972 (1972 ਦਾ ਕੇਂਦਰੀ ਐਕਟ 57)।

96. ਦ ਇੰਡੀਅਨ ਕੋਪਰ ਕਾਰਪੋਰੇਸ਼ਨ ( ਐਕੁਇਜ਼ੀਸ਼ਨ ਆਫ਼ ਅੰਡਰਟੇਕਿੰਗ) ਐਕਟ, 1972 (1972 ਦਾ ਕੇਂਦਰੀ ਐਕਟ 58)।

97. ਦ ਸਿੱਕ ਟੈਕਸਟਾਈਲ ਅੰਡਰਟੇਕਿੰਗਜ਼ (ਟੇਕਿੰਗ ਓਵਰ ਆਫ ਮੈਨੇਜਮੈਂਟ) ਐਕਟ, 1972 (1972 ਦਾ ਕੇਂਦਰੀ ਐਕਟ 72)।

98. ਦ ਕੋਲ ਮਾਈਨਜ਼ (ਟੇਕਿੰਗ ਓਵਰ ਆਫ ਮੈਨੇਜਮੈਂਟ) ਐਕਟ, 1973 (1973 ਦਾ ਕੇਂਦਰੀ ਐਕਟ 15)।

99. ਦ ਕੋਲ ਮਾਈਨਜ਼ (ਨੈਸ਼ਨਲਾਈਜ਼ੇਸ਼ਨ) ਐਕਟ, 1973 (1973 ਦਾ ਕੇਂਦਰੀ ਐਕਟ 26) ।

*100. ਦ ਫ਼ਾਰੇਨ ਐਕਸਚੇਂਜ ਰੈਗੂਲੇਸ਼ਨ ਐਕਟ, 1973 (1973 ਦਾ ਕੇਂਦਰੀ ਐਕਟ 46) ।

101. ਦ ਅਲਕੋਕ ਅਸਡਾਊਨ ਕੰਪਨੀ ਲਮਿਟਿਡ (ਐਕੁਇਜੀਸ਼ਨ ਆਫ ਅੰਡਰਟੇਕਿੰਗਜ਼) ਐਕਟ, 1973 (1973 ਦਾ ਕੇਂਦਰੀ ਐਕਟ 56) ।

102. ਦ ਕੋਲ ਮਾਈਨਜ਼ (ਕਾਨਜ਼ਰਵੇਸ਼ਨ ਐਂਡ ਡਿਵੈਲਪਮੈਂਟ) ਐਕਟ, 1974 (1974 ਦਾ ਕੇਂਦਰੀ ਐਕਟ 28)।

103. ਦ ਐਡੀਸ਼ਨਲ ਇਮੋਲੂਮੈਂਟਸ (ਕੰਪਲਸਰੀ ਡਿਪਾਜਿਟ) ਐਕਟ, 1974 (1974 ਦਾ ਕੇਂਦਰੀ ਐਕਟ 37) ।

104. ਦ ਕਾਨਜ਼ਰਵੇਸ਼ਨ ਆਫ ਫ਼ਾਰੇਨ ਐਕਸਚੇਂਜ ਐਂਡ ਪਰੀਵੈਨਸ਼ਨ ਆਫ ਸਮੱਗਲਿੰਗ ਐਕਟਿਵਿਟੀਜ਼ ਐਕਟ, 1974 (74 ਦਾ ਕੇਂਦਰੀ ਐਕਟ 52) ।

105. ਦ ਸਿੱਕ ਟੈਕਸਟਾਈਲ ਅੰਡਰਟੇਕਿੰਗਜ਼ (ਨੈਸ਼ਨਲਾਈਜ਼ੇਸ਼ਨ) ਐਕਟ, 1974 (1974 ਦਾ ਕੇਂਦਰੀ ਐਕਟ 57)।

* ਬਦੇਸ਼ੀ ਵਟਾਂਟਦਾ ਪ੍ਰਬੰਦ ਐਕਟ, 1999 (1999 ਦਾ 42) (1.6.2000 ਤੋਂ ਪ੍ਰਭਾਵੀ) ਨਿਰਸਤ ਕੀਤਾ ਗਿਆ।

Ministry of Law & Justice

106. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ) ਐਕਟ, 1964 (1965 ਦਾ ਮਹਾਰਾਸ਼ਟਰ ਐਕਟ XVI) ।

107. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ) ਐਕਟ, 1965 (1965 ਦਾ ਮਹਾਰਾਸ਼ਟਰ ਐਕਟ XXXII)।

108 ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ) ਐਕਟ, 1968 (1968 ਦਾ ਮਹਾਰਾਸ਼ਟਰ ਐਕਟ XVI) ।

109. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) ( ਸੈਕੰਡ ਅਮੈਂਡਮੈਂਟ) ਐਕਟ, 1968 (1968 ਦਾ ਮਹਾਰਾਸ਼ਟਰ ਐਕਟ XXXIII)।

110. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ)ਐਕਟ, 1969 (1969 ਦਾ ਮਹਾਰਾਸ਼ਟਰ ਐਕਟ XXXVII)।

111. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਸੈਕੰਡ ਅਮੈਂਡਮੈਂਟ) ਐਕਟ, 1969 (1969 ਦਾ ਮਹਾਰਾਸ਼ਟਰ ਐਕਟ XXXVIII) ।

112. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ) ਐਕਟ, 1970 (1970 ਦਾ ਮਹਾਰਾਸ਼ਟਰ ਐਕਟ XXVII) ।

113.ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ) ਐਕਟ, 1972 (1972 ਦਾ ਮਹਾਰਾਸ਼ਟਰ ਐਕਟ XIII) ।

114. ਦ ਮਹਾਰਾਸ਼ਟਰ ਐਗਰੀਕਲਚਰਲ ਲੈਂਡਜ਼ (ਸੀਲਿੰਗ ਔਨ ਹੋਲਡਿੰਗਜ਼) (ਅਮੈਂਡਮੈਂਟ)ਐਕਟ, 1973 (1973 ਦਾ ਮਹਾਰਾਸ਼ਟਰ ਐਕਟ L)।

115. ਦ ਉੜੀਸਾ ਲੈਂਡ ਰਿਫੋਰਮਜ਼ (ਅਮੈਂਡਮੈਂਟ) ਐਕਟ, 1965 (1965 ਦਾ ਉੜੀਸਾ ਐਕਟ 13) ।

116. ਦ ਉੜੀਸਾ ਲੈਂਡ ਰਿਫੋਰਮਜ਼ (ਅਮੈਂਡਮੈਂਟ) ਐਕਟ, 1966 (1967 ਦਾ ਉੜੀਸਾ ਐਕਟ 8)।

Ministry of Law & Justice

117. ਦ ਉੜੀਸਾ ਲੈਂਡ ਰਿਫੋਰਮਜ਼ (ਅਮੈਂਡਮੈਂਟ) ਐਕਟ, 1967 (1967 ਦਾ ਉੜੀਸਾ ਐਕਟ 13)।

118. ਦ ਉੜੀਸਾ ਲੈਂਡ ਰਿਫੋਰਮਜ਼ (ਅਮੈਂਡਮੈਂਟ) ਐਕਟ, 1969 (1969 ਦਾ ਉੜੀਸਾ ਐਕਟ 13)।

119. ਦ ਉੜੀਸਾ ਲੈਂਡ ਰਿਫੋਰਮਜ਼ (ਅਮੈਂਡਮੈਂਟ) ਐਕਟ, 1970 (1970 ਦਾ ਉੜੀਸਾ ਐਕਟ 18) ।

120. ਦ ਉੱਤਰ ਪ੍ਰਦੇਸ਼ ਇੰਪੋਜੀਸ਼ਨ ਔਫ ਸੀਲਿੰਗ ਔਨ ਲੈਂਡ ਹੋਲਡਿੰਗਜ਼ (ਅਮੈਂਡਮੈਂਟ) ਐਕਟ, 1972 (1973 ਦਾ ਉੱਤਰ ਪ੍ਰਦੇਸ਼ ਐਕਟ 18) ।

121. ਦ ਉੱਤਰ ਪ੍ਰਦੇਸ਼ ਇੰਪੋਜੀਸ਼ਨ ਔਫ ਸੀਲਿੰਗ ਔਨ ਲੈਂਡ ਹੋਲਡਿੰਗਜ਼ (ਅਮੈਂਡਮੈਂਟ) ਐਕਟ, 1974 (1975 ਦਾ ਉੱਤਰ ਪ੍ਰਦੇਸ਼ ਐਕਟ 2)।

122. ਦ ਤ੍ਰਿਪੁਰਾ ਲੈਂਡ ਰੈਵਿਨਿਊ ਐਂਡ ਲੈਂਡ ਰਿਫੋਰਮਜ਼ (ਥਰਡ ਅਮੈਂਡਮੈਂਟ) ਐਕਟ, 1975 (1975 ਦਾ ਤ੍ਰਿਪੁਰਾ ਐਕਟ 3)।

123. ਦ ਦਾਦਰਾ ਐਂਡ ਨਾਗਰ ਹਵੇਲੀ ਲੈਂਡ ਰਿਫੋਰਮਜ਼ ਰੈਗੂਲੇਸ਼ਨ, ਐਕਟ, 1971 (1971 ਦਾ 3)।

124. ਦ ਦਾਦਰਾ ਐਂਡ ਨਾਗਰ ਹਵੇਲੀ ਲੈਂਡ ਰਿਫੋਰਮਜ਼ (ਅਮੈਂਡਮੈਂਟ) ਰੈਗੂਲੇਸ਼ਨ, ਐਕਟ, 1973 (1973 ਦਾ 5) ।

[8][125. ਮੋਟਰ ਵਹੀਕਲ ਐਕਟ, 1939[9] (1939 ਦਾ ਕੇਂਦਰੀ ਐਕਟ 4) ਦੀ ਧਾਰਾ 66ਉ ਅਤੇ ਅਧਿਆਏ 4ਉ ।

126. ਜ਼ਰੂਰੀ ਵਸਤਾਂ ਐਕਟ, 1955 (1955 ਦਾ ਐਕਟ 10)

127. ਤਸਕਰੀ ਅਤੇ ਬਦੇਸ਼ੀ ਮੁਦਰਾ ਧੋਖੇਬਾਜ਼ੀ (ਸੰਪਤੀ ਜ਼ਬਤ) ਐਕਟ, 1976 (1976 ਦਾ ਕੇਂਦਰੀ ਐਕਟ 13)

128. ਬੰਧੂਆ ਮਜ਼ਦੂਰ ਪ੍ਰਣਾਲੀ (ਖਾਤਮਾ) ਐਕਟ, 1976 (1976 ਦਾ ਕੇਂਦਰੀ ਐਕਟ 19)

---

[8] ਸੰਵਿਧਾਨ ਦੀ (ਚਾਲਵੀਂ ਸੋਧ) ਐਕਟ, 1976 ਦੀ ਧਾਰਾ 3 ਦੁਆਰਾ (27.5.1976) ਇੰਦਰਾਜ 125 ਤੋਂ ਇੰਦਰਾਜ 188 ਤੱਕ ਅੰਤਰਸਥਾਪਤ । ਹੁਣ ਮੋਟਰ ਵਿਹਿਕਲ ਐਕਟ, 1988 (1988 ਦਾ 59) ਦੇ ਸੁਸੰਗਤ ਉਪਬੰਧ ਦੇਖੋ ।

[9] ਹੁਣ ਮੋਟਰ ਵਿਹਿਕਲ ਐਕਟ, 1988 (1988 ਦਾ 59) ਦੇ ਸੁਸੰਗਤ ਉਪਬੰਧ ਦੇਖੋ ।

Ministry of Law & Justice

129. ਬਦੇਸ਼ੀ ਮੁਦਰਾ ਪਰਿਰੱਖਣ ਅਤੇ ਤਸਕਰੀ ਨਿਵਾਰਣ (ਸੋਧ) ਐਕਟ, 1976 (1976 ਦਾ ਕੇਂਦਰੀ ਐਕਟ 20)

[10][130 x x x x x x ]

131. ਲੇਵੀ ਚੀਨੀ ਸਮਾਨ ਕੀਮਤ ਫੰਡ ਐਕਟ, 1976 (1976 ਦਾ ਕੇਂਦਰੀ ਐਕਟ 31)

132. ਨਗਰ ਭੋਂ (ਅਧਿਕਤਮ ਸੀਮਾ ਅਤੇ ਵਿਨਿਗਮ) ਐਕਟ, 1976 (1976 ਦਾ ਕੇਂਦਰੀ ਐਕਟ 33)

133.ਸੰਘ ਲੇਖਾ ਵਿਭਾਗੀਕਰਣ (ਕਰਮਚਾਰੀ ਵਰਗ ਅੰਤਰਣ) ਐਕਟ, 1976 (1976 ਦਾ ਕੇਂਦਰੀ ਐਕਟ 59)

134. ਅਸਾਮ ਅਧਿਕਤਮ ਭੂਮੀ ਜੋਤ ਸੀਮਾ ਧਾਰਨ ਐਕਟ, 1956 (1957 ਦਾ ਅਸਾਮ ਐਕਟ I )

135 ਬੰਬਈ ਮੁਜਾਰੇਦਾਰੀ ਅਤੇ ਖੇਤੀ ਭੋਂ (ਵਿਦਰਭਾ ਖੇਤਰ) ਐਕਟ, 1958 (1958 ਦਾ ਬੰਬਈ ਐਕਟ XCIX)

136. ਗੁਜਰਾਤ ਪ੍ਰਾਈਵੇਟ ਵਣ (ਅਰਜਨ) ਐਕਟ, 1972 (1973 ਦਾ ਗੁਜਰਾਤ ਐਕਟ 14)

137. ਹਰਿਆਣਾ ਭੂਮੀ ਜੋਤ ਤੀ ਅਧਿਕਤਮ ਸੀਮਾ (ਸੋਧ) ਐਕਟ, 1976 (1976 ਦਾ ਹਰਿਆਣਾ ਐਕਟ 17)

138. ਹਿਮਾਚਲ ਪ੍ਰਦੇਸ਼ ਮੁਜਾਰੇਦਾਰੀ ਅਤੇ ਭੋਂ ਸੁਧਾਰ ਐਕਟ, 1972 (1974 ਦਾ ਹਿਮਾਚਲ ਪ੍ਰਦੇਸ਼ ਐਕਟ 8)

139. ਹਿਮਾਚਲ ਪ੍ਰਦੇਸ਼ ਗ੍ਰਾਮ ਸ਼ਾਮਲਾਟੀ ਭੋਂ ਸੋਧਣ ਅਤੇ ਉਪਯੋਗ ਐਕਟ, 1974 (1974 ਦਾ ਹਿਮਾਚਲ ਪ੍ਰਦੇਸ਼ ਐਕਟ 18)

140. ਕਰਨਾਟਕ ਭੋਂ ਸੁਧਾਰ ਐਕਟ (ਦੂਜੀ ਸੋਧ ਅਤੇ ਫੁਟਕਲ ਉਪਬੰਧ) ਐਕਟ, 1974 (1974 ਦਾ ਕਰਨਾਟਕ ਐਕਟ 31)

141. ਕਰਨਾਟਕ ਭੋਂ ਸੁਧਾਨ (ਦੂਜੀ ਸੋਧ) ਐਕਟ, 1976 (1976 ਦਾ ਕਰਨਾਟਕ ਐਕਟ 27)

142.ਕੇਰਲ ਬੇਦਖਲੀ ਨਿਵਾਰਣ ਐਕਟ, 1966 (1966 ਦਾ ਕੇਰਲ ਐਕਟ 12)

---

[10] ਸੰਵਿਧਾਨ (ਚੁਤਾਲਵੀਂ ਸੋਧ) ਐਕਟ, 1978 ਦੀ ਧਾਰਾ 44 ਦੁਆਰਾ (20.6.1979 ਤੋਂ) ਇੰਦਰਾਜ 130 ਦਾ ਲੋਪ ਕੀਤਾ ਗਿਆ।



Ministry of Law & Justice

143. ਤਿਰੀਪੁਵਾਰਮ ਅਦਾਇਗੀ (ਖਾਤਮਾ) ਐਕਟ, 1969 (1969 ਦਾ ਕੇਰਲ ਐਕਟ 19)

144. ਸ੍ਰੀ ਪਦਮ ਭੂਮੀ ਮੁਕਤੀ ਐਕਟ, 1969 (1969 ਦਾ ਕੇਰਲ ਐਕਟ 20)

145. ਸ੍ਰੀ ਪੰਡਾਵਰਕਾ ਭੂਮੀ (ਸੌਂਪਣ ਅਤੇ ਮੁਕਤੀ ) ਐਕਟ, 1971 (1971 ਦਾ ਕੇਰਲ ਐਕਟ 20)

146. ਕੇਰਲ ਪ੍ਰਾਈਵੇਟ ਵਣ (ਮੁਕਤੀ ਅਤੇ ਦੇਣ) ਐਕਟ, 1971 (1971 ਦਾ ਕੇਰਲ ਐਕਟ 26)

147. ਕੇਰਲ ਖੇਤੀਕਾਮੇ ਐਕਟ, 1974 (1974 ਦਾ ਕੇਰਲ ਐਕਟ 18)

148. ਕੇਰਲ ਕਾਜੂ ਕਾਰਖਾਨਾ (ਅਰਜਨ) ਐਕਟ, 1974 (1974 ਦਾ ਕੇਰਲ ਐਕਟ 29)

149. ਕੇਰਲ ਚਿਟੀਜ ਐਕਟ, 1975 (1975 ਦਾ ਕੇਰਲ ਐਕਟ 23)

150. ਕੇਰਲ ਅਨੁਸੂਚਿਤ ਕਬੀਲੇ (ਭੂਮੀ ਦੇ ਅੰਤਰਣ ਤੇ ਰੋਕ ਅਤੇ ਭੌਂ ਅਲਾਗ ਰੋਕਣ) ਐਕਟ, 1975 (1975 ਦਾ ਕੇਰਲ ਐਕਟ 31)

151. ਕੇਰਲ ਭੂਮੀ ਸੁਧਾਰ ਸੋਧ ਐਕਟ, 1976 (1976 ਦਾ ਕੇਰਲ ਐਕਟ 15)

152. ਕਾਨਮ ਮੁਜਾਰੇਦਾਰੀ ਖਾਤਮਾ ਐਕਟ, 1976 (1976 ਦਾ ਕੇਰਲ ਐਕਟ 16)

153. ਮੱਧ ਪ੍ਰਦੇਸ਼ ਕ੍ਰਿਸ਼ੀ ਜੋਤ ਉਚਤਮ ਸੀਮਾ (ਸੋਧ) ਐਕਟ, 1974 (ਮੱਧ ਪ੍ਰਦੇਸ਼ ਐਕਟ 1974 ਦਾ ਐਕਟ 20 )

154. ਮੱਧ ਪ੍ਰਦੇਸ਼ ਕ੍ਰਿਸ਼ੀ ਜੋਤ ਉਚਤਮ ਸੀਮਾ (ਸੋਧ) ਐਕਟ, 1975 (ਮੱਧ ਪ੍ਰਦੇਸ਼ ਐਕਟ 1976 ਦਾ ਐਕਟ 02)

155. ਪੱਛਮੀ ਖਾਨਦੇਸ਼ ਮੇਹਵਾਸੀ ਸੰਪਤੀ (ਸੰਪਤੀ ਅਧਿਕਾਰ ਖਾਤਮਾ, ਆਦਿ) ਐਕਟ, 1961 (1962 ਦਾ ਮਹਾਰਾਸ਼ਟਰ ਵਿਨਿਯਮ ਐਕਟ 1 )

156. ਮਹਾਰਾਸ਼ਟਰ ਅਨੁਸੂਚਿਤ ਕਬੀਲੇ ਨੂੰ ਭੂਮੀ ਪਰਤਾਉਣ ਐਕਟ, 1974 (1975 ਦਾ ਮਹਾਰਾਸ਼ਟਰ ਐਕਟ XIV)

157. ਮਹਾਰਾਸ਼ਟਰ ਕ੍ਰਿਸ਼ੀ ਭੂਮੀ (ਅਧਿਕਤਮ ਜੋਤ ਸੀਮਾ ਘਟਾਉਣ ਅਤੇ ਸੋਧ ਐਕਟ, 1972 (1975 ਦਾ ਮਹਾਰਾਸ਼ਟਰ ਐਕਟ XXI)

Ministry of Law & Justice

158. ਮਹਾਰਾਸ਼ਟਰ ਪ੍ਰਾਈਵੇਟ ਵਣ (ਅਰਜਨ) ਐਕਟ, 1975 (1975 ਦਾ ਮਹਾਰਾਸ਼ਟਰ ਐਕਟ XXIX)

159. ਮਹਾਰਾਸ਼ਟਰ ਕ੍ਰਿਸ਼ੀ ਭੋਂ (ਅਧਿਕਤਮ ਜੋਤ ਸੀਮਾ ਘਟਾਉਣ) ਅਤੇ ਸੋਧ ਐਕਟ, 1975 (1975 ਦਾ ਮਹਾਰਾਸ਼ਟਰ ਐਕਟ XLVII)

160. ਮਹਾਰਾਸ਼ਟਰ ਕ੍ਰਿਸ਼ੀ ਭੋਂ (ਅਧਿਕਤਮ ਜੋਤ ਸੀਮਾ) (ਸੋਧ) ਐਕਟ, 1975 (1975 ਦਾ ਮਹਾਰਾਸ਼ਟਰ ਮਹਾਰਾਸ਼ਟਰ ਐਕਟ II)

161. ਉੜੀਸਾ ਸੰਪਦਾ ਖਾਤਮਾ ਐਕਟ, 1952 (1952 ਦਾ ਉੜੀਸਾ ਐਕਟ I)

162.ਰਾਜਸਥਾਨ ਅਬਾਦਕਾਰੀ ਐਕਟ, 1954 (1954 ਦਾ ਰਾਜਸਥਾਨ ਐਕਟ XXVII)

163. ਰਾਜਸਥਾਨ ਭੋਂ ਸੁਧਾਰ ਅਤੇ ਮਾਲਕਾ ਦੇ ਸੰਪਦਾ ਅਰਜਨ ਐਕਟ, 1963 (1964 ਦਾ ਰਾਜਸਥਾਨ ਐਕਟ 11)

164. ਰਾਜਸਥਾਨ ਕ੍ਰਿਸ਼ੀ ਜੋਤਾਂ ਤੇ ਅਧਿਕਤਮ ਸੀਮਾ ਅਰਪਣ (ਸੋਧ) ਐਕਟ, 1976 (1976 ਦਾ ਰਾਜਸਥਾਨ ਐਕਟ 08)

165. ਰਾਜਸਥਾਨ ਮੁਜਾਰਾਦਾਰੀ (ਸੋਧ) ਐਕਟ, 1976 (1976 ਦਾ ਰਾਜਸਥਾਨ ਐਕਟ 12)

166. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਘਟਾਉਣ) ਐਕਟ, 1970 (1970 ਦਾ ਤਾਮਿਲਨਾਡੂ ਐਕਟ 17)

167. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਸੋਧ ਐਕਟ, 1971 (1971 ਦਾ ਤਾਮਿਲਨਾਡੂ ਐਕਟ 41)

168.ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਸੋਧ ਐਕਟ, 1972 (1972 ਦਾ ਤਾਮਿਲਨਾਡੂ ਐਕਟ 10)

169. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਦੂਜੀ ਸੋਧ ਐਕਟ, 1972 (1972 ਦਾ ਤਾਮਿਲਨਾਡੂ ਐਕਟ 20)

Ministry of Law & Justice

170. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਤੀਜੀ ਸੋਧ ਐਕਟ, 1972 (1972 ਦਾ ਤਾਮਿਲਨਾਡੂ ਐਕਟ 37)

171. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਚੌਥੀ ਸੋਧ ਐਕਟ, 1972 (1972 ਦਾ ਤਾਮਿਲਨਾਡੂ ਐਕਟ 39)

172. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਛੇਵੀਂ ਸੋਧ ਐਕਟ, 1972 (1974 ਦਾ ਤਾਮਿਲਨਾਡੂ ਐਕਟ 07)

173. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਪੰਜਵੀਂ ਸੋਧ ਐਕਟ, 1972 (1974 ਦਾ ਤਾਮਿਲਨਾਡੂ ਐਕਟ 10)

174. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਸੋਧ ਐਕਟ, 1974 (1974 ਦਾ ਤਾਮਿਲਨਾਡੂ ਐਕਟ 15)

175. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਤੀਜੀ ਸੋਧ ਐਕਟ, 1974 (1974 ਦਾ ਤਾਮਿਲਨਾਡੂ ਐਕਟ 30)

176. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਦੂਜੀ ਸੋਧ ਐਕਟ, 1974 (1974 ਦਾ ਤਾਮਿਲਨਾਡੂ ਐਕਟ 32)

177. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਐਕਟ, 1975 (1975 ਦਾ ਤਾਮਿਲਨਾਡੂ ਐਕਟ 11)

178. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਤ) ਦੂਜੀ ਸੋਧ ਐਕਟ, 1975 (1975 ਦਾ ਤਾਮਿਲਨਾਡੂ ਐਕਟ 21)

Ministry of Law & Justice

179ਉਤਰ ਪ੍ਰਦੇਸ਼ ਭੋਂ ਕਾਨੂੰਨ (ਸੋਧ) ਐਕਟ, 1971 (ਉੱਤਰ ਪ੍ਰਦੇਸ਼ ਐਕਟ 1971 ਦਾ 21) ਅਤੇ ਉੱਤਰ ਪ੍ਰੇਦਸ਼ ਭੋਂ ਕਾਨੂੰਨ (ਸੋਧ) ਐਕਟ, 1974 (ਉਤਰ ਪ੍ਰਦੇਸ਼ ਐਕਟ 1974 ਦਾ 34,) ਦੁਆਰਾ 1950 ਦਾ ਉੱਤਰ ਪ੍ਰਦੇਸ਼ ਜਿੰਮੀਦਾਰੀ ਖਾਤਮਾ ਅਤੇ ਭੋਂ ਸੁਧਾਰ ਐਕਟ (ਉਤਰ ਪ੍ਰਦੇਸ਼ ਐਕਟ 1, 1951) ਵਿਚ ਕੀਤੇ ਗਏ ਸੋਧ

180. ਉੱਤਰ ਪ੍ਰਦੇਸ਼ ਅਧਿਕਤਮ ਜੋਤ-ਸੀਮਾ ਅਰੋਪਣ (ਸੋਧ) ਐਕਟ, 1976 (ਉਤਰ ਪ੍ਰਦੇਸ਼ ਐਕਟ 1976 ਦਾ 20 ,)

181.ਪੱਛਮੀ ਬੰਗਾਲ ਭੋਂ ਸੁਧਾਰ (ਦੂਜੀ ਸੋਧ) ਐਕਟ, 1972 (1972 ਦਾ ਪੱਛਮੀ ਬੰਗਾਲ ਐਕਟ XXVII)

182. ਪੱਛਮੀ ਬੰਗਾਲ ਭੋਂ ਇਤਕਾਲ ਦਾ ਪਰਤਾਉਣ ਐਕਟ, 1973 (ਪੱਛਮੀ ਬੰਗਾਲ ਐਕਟ XXIII)

183. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1974 (1974 ਦਾ ਪੱਛਮੀ ਬੰਗਾਲ ਐਕਟ XXXIII)

184. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1975 (1975 ਦਾ ਪੱਛਮੀ ਬੰਗਾਲ ਐਕਟ XXIII)

185. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1976 (1976 ਦਾ ਪੱਛਮੀ ਬੰਗਾਲ ਐਕਟ XII)

186. ਦਿੱਲੀ ਭੋਂ ਜੋਤ (ਅਥਿਕਤਮ ਸੋਧ) ਐਕਟ, 1976 (1976 ਦਾ ਕੇਂਦਰੀ ਐਕਟ 15)

187. ਗੋਆ, ਦਮਨ ਅਤੇ ਦੀਵ, ਮੁੰਡਕਰ (ਬੇਦਖਲੀ ਤੋਂ ਹਿਫ਼ਾਜਤ) ਐਕਟ, 1975 (1976 ਦਾ ਗੋਆ, ਦਮਨ ਅਤੇ ਦੀਪ ਐਕਟ 1)

188. ਪਾਂਡੀਚੇਰੀ ਭੋਂ ਸੁਧਾਨ (ਅਧਿਕਤਮ ਭੋਂ ਸੀਮਾ ਨਿਯਤ) ਐਕਟ, 1973 (1974 ਦਾ ਪਾਂਡੀਚੇਰੀ ਐਕਟ 9)

[11]189. ਅਸਮ (ਅਸਥਾਈ ਰੂਪ ਵਿਚ ਪਟੇ ਤੇ ਦਿੱਤਾ ਖੇਤਰ)ਮੁਜਾਰੇਦਾਰੀ ਐਕਟ, 1971 (1971 ਦਾ ਅਸਮ ਐਕਟ, XXIII)

---

[11] ਸੰਵਿਧਾਨ (ਸਣਤਾਲਵੀਂ ਸੋਧ) ਐਕਟ, 1984 ਦੀ ਧਾਰਾ 2 ਦੁਆਰਾ (26.8.1984 ਤੋਂ) ਇੰਦਰਾਜ 189 ਤੋਂ ਇੰਦਰਾਜ 202 ਤੱਕ ਅੰਤਰਸਥਾਪਤ ਕੀਤੇ ਗਏ ।



Ministry of Law & Justice

190. ਅਸਮ (ਅਸਥਾਈ ਰੂਪ ਵਿਚ ਪੱਟੇ ਤੇ ਦਿੱਤਾ ਖੇਤਰ) ਮੁਜਾਰੇਦਾਰੀ (ਸੋਧ) ਐਕਟ, 1974 (1974 ਦਾ ਅਸਮ ਐਕਟ XVIII)

191. ਬਿਹਾਰ ਭੌਂ ਸੁਧਾਨ (ਅਧਿਕਤਮ ਭੌਂ ਸੀਮਾ ਨਿਯਤ ਖੇਤਰ ਅਤੇ ਵਾਧੂ ਭੌਂ ਅਰਜਨ) (ਸੋਧ) ਐਕਟ, 1974 (1975 ਦਾ ਬਿਹਾਰ ਐਕਟ 13)

192. ਬਿਹਾਰ ਭੌਂ ਸੁਧਾਰ (ਅਧਿਕਤਮ ਸੀਮਾ ਨਿਰਧਾਰਣ ਅਤੇ ਵਾਧੂ ਭੌਂ ਅਰਜਨ) (ਸੋਧ) ਐਕਟ, 1976 (1976 ਦਾ ਬਿਹਾਰ ਐਕਟ 22)

193. ਬਿਹਾਰ ਭੌਂ ਸੁਧਾਨ (ਅਧਿਕਤਮ ਸੀਮਾ ਨਿਰਧਾਰਣ ਅਤੇ ਵਾਧੂ ਭੌਂ ਅਰਜਨ (ਸੋਧ) ਐਕਟ, 1978 (1978 ਦਾ ਬਿਹਾਰ ਐਕਟ VII)

194. ਭੌਂ ਅਰਜਨ (ਬਿਹਾਰ ਸੋਧ) ਐਕਟ, 1979 (1980 ਦਾ ਬਿਹਾਰ ਐਕਟ 2)

195. ਹਰਿਆਣਾ ਭੌਂ-ਜੋਤ ਦੀ ਅਧਿਕਤਮ ਸੀਮਾ (ਸੋਧ) ਐਕਟ, 1977 (1977 ਦਾ ਹਰਿਆਣਆ ਐਕਟ 14)

196. ਤਾਮਿਲਨਾਡੂ ਭੌਂ ਸੁਧਾਰ (ਅਧਿਕਤਮ ਭੌਂ ਸੀਮਾ ਨਿਰਧਾਰਣ) ਸੋਧ ਐਕਟ, 1978 (1979 ਦਾ ਤਾਮਿਲਨਾਡੂ ਐਕਟ 25)

197. ਤਾਮਿਲਨਾਡੂ ਭੌਂ ਸੁਧਾਰ (ਅਧਿਕਤਮ ਭੌਂ ਸੀਮਾ ਨਿਰਧਾਰਣ) ਸੋਧ ਐਕਟ, 1979 (1979 ਦਾ ਤਾਮਿਲਨਾਡੂ ਐਕਟ 11)

198. ਉਤਰ ਪ੍ਰਦੇਸ਼ ਜਿਮੀਦਾਰੀ ਖਾਤਮਾ ਕਾਨੂੰਨ (ਸੋਧ) ਐਕਟ, 1978 (1978 ਦਾ ਉੱਤਰ ਪ੍ਰਦੇਸ਼ ਐਕਟ 15)

199. ਪੱਛਮੀ ਬੰਗਾਲ ਹੱਥ-ਬਦਲੀ ਭੌਂ ਦਾ ਪਰਤਾਉਣਾ (ਸੋਧ) ਐਕਟ, 1978 (1978 ਦਾ ਪੱਛਮੀ ਬੰਗਾਲ ਐਕਟ XXIV)

200. ਪੱਛਮੀ ਬੰਗਾਲ ਹੱਥ-ਬਦਲੀ ਭੌਂ ਦਾ ਪਰਤਾਉਣਾ (ਸੋਧ) ਐਕਟ, 1980 (1980 ਦਾ ਪੱਛਮੀ ਬੰਗਾਲ ਐਕਟ LVI)

201. ਗੋਆ, ਦਮਨ ਅਤੇ ਦੀਵ ਜ਼ਰਾਇਤੀ ਮੁਜਾਰੇਦਾਰੀ ਐਕਟ, 1964 (1964 ਦਾ ਗੋਆ, ਦਮਣ ਅਤੇ ਦੀਵ ਐਕਟ 7)

Ministry of Law & Justice

202. ਗੋਆ, ਦਮਨ ਅਤੇ ਦੀਵ ਜ਼ਰਾਇਤੀ  (ਪੰਜਵੀਂ ਸ਼ੋਧ) ਐਕਟ, 1976 (1976 ਦਾ ਗੋਆ, ਦਮਣ ਅਤੇ ਦੀਵ ਐਕਟ 17)

[12]203. ਆਧਰਾਂ ਪ੍ਰਦੇਸ਼ ਅਨੁਸੂਚਿਤ ਭੋਂ ਅੰਤਰਣ ਵਿਨਿਯਮਨ, 1959 (1959 ਦਾ ਆਂਧਰਾਂ ਪ੍ਰਦੇਸ਼ ਵਿਨਿਯਮਨ 1)

204. ਆਧਰਾਂ ਪ੍ਰਦੇਸ਼ ਅਨੁਸੂਚਿਤ ਭੋਂ ਅੰਤਰਣ (ਵਿਸਤਾਰਨ ਅਤੇ ਸੋਧ) ਵਿਨਿਯਮ, 1963 (1963 ਦਾ ਆਂਧਰਾਂ ਪ੍ਰਦੇਸ਼ ਵਿਨਿਯਮਨ 2)

205. ਆਧਰਾਂ ਪ੍ਰਦੇਸ਼ ਅਨੁਸੂਚਿਤ ਖੇਤਰ ਕਾਨੂੰਨ (ਸੋਧ) ਵਿਨਿਯਮ, 1970 (1970 ਦਾ ਆਂਧਰਾਂ ਪ੍ਰਦੇਸ਼ ਵਿਨਿਯਮਨ 1)

206. ਆਧਰਾਂ ਪ੍ਰਦੇਸ਼ ਅਨੁਸੂਚਿਤ ਖੇਤਰ ਭੋਂ ਅੰਤਰਣ (ਸੋਧ) ਵਿਨਿਯਮ, 1971 (1971 ਦਾ ਆਂਧਰਾਂ ਪ੍ਰਦੇਸ਼ ਵਿਨਿਯਮਨ 1)

207. ਆਧਰਾਂ ਪ੍ਰਦੇਸ਼ ਅਨੁਸੂਚਿਤ ਖੇਤਰ ਭੋਂ ਅੰਤਰਣ (ਸੋਧ) ਵਿਨਿਯਮ, 1978 (1978 ਦਾ ਆਂਧਰਾਂ ਪ੍ਰਦੇਸ਼ ਵਿਨਿਯਮਨ 1)

208. ਬਿਹਾਰ ਕਾਸ਼ਤਕਾਰੀ ਐਕਟ, 1885 (1885 ਦਾ ਬਿਹਾਰ ਐਕਟ 8)

209. ਛੋਟਾ ਨਾਗਪੁਰ ਕਾਸ਼ਤਕਾਰੀ ਐਕਟ, 1908 (1908 ਦਾ ਬੰਗਾਲ ਐਕਟ 6) (ਅਧਿਆਏ VIII-ਧਾਰਾ 46, ਧਾਰਾ 47, 48, ਧਾਰਾ 48ੳ ਅਤੇ ਧਾਰਾ 49, ਅਧਿਆਏ X - ਧਾਰਾ 71, ਧਾਰਾ 71ੳ ਅਤੇ ਧਾਰਾ 71 ਅ ਅਤੇ ਅਧਿਆਏ XVIII - ਧਾਰਾ 240, ਧਾਰਾ 241, ਧਾਰਾ 242) ।

210. ਸੰਥਾਲ ਪਰਗਨਾ ਕਾਸ਼ਤਕਾਰੀ (ਪੂਰਕ ਉਪਬੰਧ) ਐਕਟ, 1949 (1949 ਦਾ ਬਿਹਾਰ ਐਕਟ 14) ਧਾਰਾ 53 ਨੂੰ ਛੱਡ ਕੇ ।

211. ਬਿਹਾਰ ਅਨੁਸੂਚਿਤ ਖੇਤਰਵ ਵਿਨਿਯਮ, 1969 (1969 ਦਾ ਬਿਹਾਰ ਵਿਨਿਯਮ 1)

---

[12] ਸੰਵਿਧਾਨ ਦੀ (ਛਿਆਠਵੀਂ ਸੋਧ) ਐਕਟ, 1990 ਦੀ ਧਾਰਾ 2 ਦੁਆਰਾ (7.6.1990 ਤੋਂ) ਇੰਦਰਜਾ 203 ਤੋਂ ਇੰਦਰਾਜ 257 ਤੱਕ ਅੰਤਰਸਥਾਪਤ ।

Ministry of Law & Justice

212. ਬਿਹਾਰ ਭੋਂ ਸੁਧਾਰ (ਅਦਿਕਤਮ ਸੀਮਾ ਨਿਰਧਾਰਨ ਅਤੇ ਵਾਧੂ ਭੋਂ ਅਰਜਨ) (ਸੋਧ) ਐਕਟ. 1982 (1982 ਦਾ ਬਿਹਾਰ ਐਕਟ, 55)

213. ਗੁਜਰਾਤ ਦੇਵਸਥਾਨ ਇਨਾਮ ਖਾਤਮਾ ਐਕਟ, 1969 (1969 ਦਾ ਗੁਜਰਾਤ ਐਕਟ 16)

214. ਗੁਜਰਾਤ ਮੁਜਾਰੇਦਾਰੀ ਕਾਨੂੰਨ (ਸੋਧ) ਐਕਟ, 1976 (1976 ਦਾ ਗੁਜਰਾਤ ਐਕਟ, 37)

215. ਗੁਜਰਾਤ ਅਧਿਕਤਮ ਕ੍ਰਿਸ਼ੀ ਭੋਂ ਸੀਮਾ (ਸੋਧ) ਐਕਟ, 1976 (1976 ਦਾ ਰਾਸ਼ਟਰਪਤੀ ਐਕਟ, 43)

216. ਗੁਜਰਾਤ ਦੇਵਸਥਾਨ ਇਨਾਮ ਖਾਤਮਾ (ਸੋਧ) ਐਕਟ, 1977 (1977 ਦਾ ਗੁਜਰਾਤ ਐਕਟ, 27)

217. ਗੁਜਰਾਤ ਮੁਜਾਰੇਦਾਰੀ ਕਾਨੂੰਨ (ਸੋਧ) ਐਕਟ, 1977 (1977 ਦਾ ਗੁਜਰਾਤ ਐਕਟ, 30)

218. ਮੁੰਬਈ ਭੋਂ-ਮਾਲੀਆ (ਗੁਜਰਾਤ ਦੂਜੀ ਸੋਧ) ਐਕਟ, 1980 (1980 ਦਾ ਗੁਜਰਾਤ ਐਕਟ, 37)

219. ਮੁੰਬਈ ਭੋਂ ਮਾਲੀਆ ਸੰਘਤਾ ਅਤੇ ਭੋਂ ਮੁਜਾਰੇਦਾਰੀ ਖਾਤਮਾ ਕਾਨੂੰਨ (ਗੁਜਰਾਤ ਸੋਧ) ਐਕਟ, 1982 (1982 ਦਾ ਗੁਜਰਾਤ ਐਕਟ 8)

220. ਹਿਮਾਲਚ ਪ੍ਰਦੇਸ਼ ਭੋਂ ਅੰਤਰਣ (ਵਿਨਿਯਮ) ਐਕਟ, 1968 (1969 ਦਾ ਹਿਮਾਚਲ ਪ੍ਰਦੇਸ਼ ਐਕਟ 15)

221. ਹਿਮਾਚਲ ਪ੍ਰਦੇਸ਼ ਭੋਂ ਅੰਤਰਣ (ਵਿਨਿਯਮ) ਐਕਟ, 1986 (1986 ਦਾ ਹਿਮਾਚਲ ਪ੍ਰਦੇਸ਼ ਐਕਟ 16)

222. ਕਰਨਾਟਕ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ (ਕੁਝ ਕੁ ਭੋਂ ਮਨਾਹੀ) ਐਕਟ, 1978 (1979 ਦਾ ਕਰਨਾਟਕ ਐਕਟ 2)

223. ਕੇਰਲ ਭੋਂ ਸੁਧਾਰ (ਸੋਧ) ਐਕਟ, 1978 (1978 ਦਾ ਕੇਰਲ ਐਕਟ 13)

224. ਕੇਰਲ ਭੋਂ ਸੁਧਾਰ (ਸੋਧ) ਐਕਟ, 1981 (1981 ਦਾ ਕੇਰਲ ਐਕਟ 19)

225. ਮੱਧ ਪ੍ਰਦੇਸ਼ ਭੋਂ-ਮਾਲੀਆ ਸੰਘਤਾ (ਤੀਜੀ ਸੋਧ) ਐਕਟ, 1976 (1976 ਦਾ ਮੱਧ ਪ੍ਰਦੇਸ਼ ਐਕਟ 61)

226. ਮੱਧ ਪ੍ਰਦੇਸ਼ ਭੋਂ-ਮਾਲੀਆ ਸੰਘਤਾ ( ਸੋਧ) ਐਕਟ, 1980 (1980 ਦਾ ਮੱਧ ਪ੍ਰਦੇਸ਼ ਐਕਟ 15)

227. ਮੱਧ ਪ੍ਰਦੇਸ਼ ਕ੍ਰਿਸ਼ਕ ਜੋਤ ਉਚਤਮ ਸੀਮਾ ਐਕਟ, 1981 (1981 ਦਾ ਮੱਧ ਪ੍ਰਦੇਸ਼ ਐਕਟ 11)

Ministry of Law & Justice

228. ਮੱਧ ਪ੍ਰਦੇਸ਼ ਕ੍ਰਿਸ਼ਕ ਜੋਤ ਉਚਤਮ ਸੀਮਾ (ਦੂਜੀ ਸੋਧ) ਐਕਟ, 1976 (1984 ਦਾ ਮੱਧ ਪ੍ਰਦੇਸ਼ ਐਕਟ 1)

229. ਮੱਧ ਪ੍ਰਦੇਸ਼ ਕ੍ਰਿਸ਼ਕ ਜੋਤ ਉਚਤਮ ਸੀਮਾ (ਸੋਧ) ਐਕਟ, 1984 (1984 ਦਾ ਮੱਧ ਪ੍ਰਦੇਸ਼ ਐਕਟ 14)

230. ਮੱਧ ਪ੍ਰਦੇਸ਼ ਕ੍ਰਿਸ਼ਕ ਜੋਤ ਉਚਤਮ ਸੀਮਾ (ਸੋਧ) ਐਕਟ, 1989 (1989 ਦਾ ਮੱਧ ਪ੍ਰਦੇਸ਼ ਐਕਟ 8)

231. ਮਹਾਂਰਾਸ਼ਟਰ ਭੋਂ ਮਾਲੀਆ ਸੰਘਤਾ, 1966 (1966 ਦਾ ਮਹਾਂਰਾਸ਼ਟਰ ਐਕਟ 41) ਧਾਰਾ 36 ਧਾਰਾ 36ੳ ਅਤੇ ਧਾਰਾ 36ਅ ।

232. ਮਹਾਂਰਾਸ਼ਟਰ ਭੋਂ ਮਾਲੀਆ ਸੰਘਤਾ ਅਤੇ ਮਹਾਂਰਾਸ਼ਟਰ ਅਨੁਸੂਚਿਤ ਕਬੀਲੇ ਭੋਂ ਪਰਤਾਉਣ (ਦੂਜੀ ਸੋਧ) ਐਕਟ, 1976 (1976 ਦਾ ਮਹਾਂਰਾਸ਼ਟਰ ਐਕਟ 30)

233. ਮਹਾਂਰਾਸ਼ਟਰ ਕੁਝਕੁ ਭੋਂ ਵਿਚ ਖਾਨਾ ਅਤੇ ਖਣਿਜਾਂ ਦੇ ਨਿਰਬਾਹ ਸੰਪਤੀ ਅਧਿਕਾਰਾਂ ਦਾ ਖਾਤਮਾ ਐਕਟ, 1985 (1985 ਦਾ ਮਹਾਂਰਾਸ਼ਟਰ ਐਕਟ 16)

234. ਉੜੀਸਾ ਅਨੁਸੂਚਿਤ ਖੇਤਰ (ਅਨੁਸੂਚਿਤ ਕਬੀਲਿਆਂ ਦੁਆਰਾ) ਚੁੱਕ ਸੰਪਤੀ ਅੰਤਰਣ ਵਿਨਿਯਮ, 1956 (1956 ਦਾ ਉੜੀਸਾ ਵਿਨਿਯਮ 2)

235. ਉੜੀਸਾ ਭੋਂ ਸੁਧਾਰ (ਦੂਜੀ ਸੋਧ) ਐਕਟ, 1976 (1976 ਦਾ ਉੜੀਸਾ ਐਕਟ 29)

236. ਉੜੀਸਾ ਭੋਂ ਸੁਧਾਰ (ਦੂਜੀ ਸੋਧ) ਐਕਟ, 1976 (1976 ਦਾ ਉੜੀਸਾ ਐਕਟ 30)

237. ਉੜੀਸਾ ਭੋਂ ਸੁਧਾਰ (ਦੂਜੀ ਸੋਧ) ਐਕਟ, 1976 (1976 ਦਾ ਉੜੀਸਾ ਐਕਟ 44)

238. ਰਾਜਸਥਾਨ ਅਬਾਦਕਾਰੀ (ਸੋਧ) ਐਕਟ, 1984 (1984 ਦਾ ਰਾਜਸਥਾਨ ਐਕਟ 12)

239. ਰਾਜਸਥਾਨ ਮੁਜਾਰੇਦਾਰੀ (ਸੋਧ) ਐਕਟ, 1984 (1984 ਦਾ ਰਾਜਸਥਾਨ ਐਕਟ 13)

240. ਰਾਜਸਥਾਨ ਮੁਜਾਰੇਦਾਰੀ(ਸੋਧ) ਐਕਟ, 1987 (1987 ਦਾ ਰਾਜਸਥਾਨ ਐਕਟ 21)

241. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਰਧਾਰਣ) ਦੂਜੀ ਸੋਧ ਐਕਟ, 1979 (1980 ਦਾ ਤਾਮਿਲਨਾਡੂ ਐਕਟ 8)

Ministry of Law & Justice

242. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਰਧਾਰਣ) ਸੋਧ ਐਕਟ, 1980 (1980 ਦਾ ਤਾਮਿਲਨਾਡੂ ਐਕਟ 21)

243. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਰਧਾਰਣ) ਸੋਧ ਐਕਟ, 1981 (1981 ਦਾ ਤਾਮਿਲਨਾਡੂ ਐਕਟ 59)

244. ਤਾਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਰਧਾਰਣ) ਦੂਜੀ ਸੋਧ ਐਕਟ, 1983 (1984 ਦਾ ਤਾਮਿਲਨਾਡੂ ਐਕਟ 2)

245. ਉਤਰ ਪ੍ਰਦੇਸ਼ ਭੋਂ ਕਾਨੂੰਨ (ਸੋਧ) ਐਕਟ, 1982 (1982 ਦਾ ਉਤਰ ਪ੍ਰਦੇਸ਼ ਐਕਟ 20)

246. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1965 (1965 ਦਾ ਪੱਛਮੀ ਬੰਗਾਲ ਐਕਟ 18)

247. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1966 (1966 ਦਾ ਪੱਛਮੀ ਬੰਗਾਲ ਐਕਟ 11)

248. ਪੱਛਮੀ ਬੰਗਾਲ ਭੋਂ ਸੁਧਾਰ (ਦੂਜੀ ਸੋਧ) ਐਕਟ, 1969 (1969 ਦਾ ਪੱਛਮੀ ਬੰਗਾਲ ਐਕਟ 23)

249. ਪੱਛਮੀ ਬੰਗਾਲ ਸੰਪਦਾ ਅਰਜਨ (ਸੋਧ) ਐਕਟ, 1977 (1977 ਦਾ ਪੱਛਮੀ ਬੰਗਾਲ ਐਕਟ 36)

250. ਪੱਛਮੀ ਬੰਗਾਲ ਭੋਂ ਜੋਤ ਮਾਲੀਆ ਐਕਟ, 1979 (1979 ਦਾ ਪੱਛਮੀ ਬੰਗਾਲ ਐਕਟ 44)

251. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1980 (1980 ਦਾ ਪੱਛਮੀ ਬੰਗਾਲ ਐਕਟ 41)

252. ਪੱਛਮੀ ਬੰਗਾਲ ਭੋਂ ਜੋਤ ਮਾਲੀਆ(ਸੋਧ) ਐਕਟ, 1981 (1981 ਦਾ ਪੱਛਮੀ ਬੰਗਾਲ ਐਕਟ 33)

253. ਕਲਕੱਤਾ ਠੇਕਾ ਮੁਜਾਰੇਦਾਰੀ (ਅਰਜਨ ਅਤੇ ਵਿਨਿਯਮ) ਐਕਟ, 1981 (1981 ਦਾ ਪੱਛਮੀ ਬੰਗਾਲ ਐਕਟ 37)

254.ਪੱਛਮੀ ਬੰਗਾਲ ਭੋਂ ਜੋਤ ਮਾਲੀਆ(ਸੋਧ) ਐਕਟ, 1982 (1982 ਦਾ ਪੱਛਮੀ ਬੰਗਾਲ ਐਕਟ 23)

Ministry of Law & Justice

255. ਕਲਕੱਤਾ ਠੇਕਾ ਮੁਜਾਰੇਦਾਰੀ (ਅਰਜਨ ਅਤੇ ਵਿਨਿਯਮ) ਸੋਧ ਐਕਟ, 1984 (1984 ਦਾ ਪੱਛਮੀ ਬੰਗਾਲ ਐਕਟ 41)

256. ਮਾਹੋ ਭੋਂ ਸੁਧਾਰ ਐਕਟ, 1968 (1968 ਦਾ ਪਾਂਡੀਚੇਰੀ ਐਕਟ 1).

257. ਮਾਹੇ ਭੋਂ ਸੁਧਾਰ (ਸੋਧ) ਐਕਟ, 1980 (1981 ਦਾ ਪਾਂਡੀਚੇਰੀ ਐਕਟ 1)

[13]257.ੳ ਤਾਮਿਲਨਾਡੂ ਪਿਛੜਾ ਵਰਗ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ (ਰਾਜ ਦੇ ਅਧੀਨ ਸਿਖਿਆ ਸੰਸਥਾਵਾਂ ਵਿਚ ਸਥਾਨਾਂ ਅਤੇ ਸੇਵਾਵਾਂ ਵਿਚ ਨਿਯੁਕਤੀਆਂ ਜਾਂ ਪਦਾਂ ਦਾ ਰਾਖਵਾਂਕਰਣ) ਐਕਟ, 1993 (1994 ਦਾ ਤਾਮਿਲਨਾਡੂ ਐਕਟ, 45)

[14]258. ਬਿਹਾਰ ਵਿਸ਼ੇਸ਼ ਅਧਿਕਾਰ ਪ੍ਰਾਪ੍ਰ ਵਿਅਕਤੀ ਵਾਸ ਭੋਂ ਮੁਜਾਰੇਦਾਰੀ ਐਕਟ, 1947 (1948 ਦਾ ਬਿਹਾਰ ਐਕਟ 4)

259. ਬਿਹਾਰ ਚੱਕਬੰਦੀ ਅਤੇ ਖੰਡਕਰਣ ਨਿਵਾਰਣ ਐਟ, 1956 (1956 ਦਾ ਬਿਹਾਰ ਐਕਟ 22)

260. ਬਿਹਾਰ ਚੱਕਬੰਦੀ ਅਤੇ ਖੰਡਕਰਣ ਨਿਵਾਰਣ ਐਟ, 1970 (1970 ਦਾ ਬਿਹਾਰ ਐਕਟ 7) ।

261. ਬਿਹਾਰ ਵਿਸ਼ੇਸ਼-ਅਧਿਕਾਰ ਪ੍ਰਾਪਤ ਵਿਅਕਤੀ ਵਾਸ ਭੋਂ ਮੁਜਾਰੇਦਾਰੀ (ਸੋਧ) ਐਕਟ, 1970 (1970 ਦਾ ਬਿਹਾਰ ਐਕਟ 9)

262. ਬਿਹਾਰ ਚੱਕਬੰਦੀ ਅਤੇ ਖੰਡਕਰਣ ਨਿਵਾਰਣ (ਸੋਧ) ਐਕਟ, 1973 (1975 ਦਾ ਬਿਹਾਰ ਐਕਟ 27) ।

263. ਬਿਹਾਰ ਚੱਕਬੰਦੀ ਅਤੇ ਖੰਡਕਰਣ ਨਿਵਾਰਣ (ਸੋਧ) ਐਕਟ, 1981 (1982 ਦਾ ਬਿਹਾਰ ਐਕਟ 35)।

264. ਬਿਹਾਰ ਭੋਂ ਸੁਧਾਰ (ਅਧਿਕਤਮ ਸੀਮਾ ਨਿਯਤ ਅਤੇ ਵਾਧੂ ਭੋਂ ਅਰਜਨ)(ਸੋਧ) ਐਕਟ, 1987 (1987 ਦਾ ਬਿਹਾਰ ਐਕਟ 21) ।

---

[13] ਸੰਵਿਧਾਨ (ਛਿਆਤਰਵੀਂ ਸੋਧ) ਐਕਟ, 1994 ਦੀ ਧਾਰਾ 2 ਦੁਆਰਾ (31.8.1994 ਤੋਂ )ਅੰਤਰਸਥਾਪਤ ।

[14] ਸੰਵਿਧਾਨ (ਅੱਠਤਰਵੀਂ ਸੋਧ) ਐਕਟ, 1995 ਦੀ ਧਾਰਾ 2 ਦੁਆਰਾ (30.8.1995 ਤੋਂ) ਇੰਦਰਾਜ 258 ਤੋਂ ਇੰਦਰਾਜ 284 ਤੱਕ ਅੰਤਰਸਥਾਪਤ ।

Ministry of Law & Justice

265. ਬਿਹਾਰ ਵਿਸ਼ੇਸ-ਅਧਿਕਾਰ ਪ੍ਰਾਪਤ ਵਿਅਕਤੀ ਵਾਸ ਭੋਂ ਮੁਜਾਰੇਦਾਰੀ (ਸੋਧ) ਐਕਟ, 1989 (1989 ਦਾ ਬਿਹਾਰ ਐਕਟ 11) ।

266. ਬਿਹਾਰ ਭੋਂ ਸੁਧਾਰ (ਸੋਧ) ਐਕਟ, 1989 (1990 ਦਾ ਬਿਹਾਰ ਐਕਟ 11)।

267. ਕਰਨਾਟਕਰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ (ਕੁਝ ਕੁ ਭੋਂ ਅੰਤਰਣ ਮਨਾਹੀ) (ਸੋਧ) ਐਕਟ, 1984 (1984 ਦਾ ਕਰਨਾਟਕ ਐਕਟ 3)।

268. ਕੇਰਲ ਭੋਂ ਸੁਧਾਰ (ਸੋਧ) ਐਕਟ, 1989 (1989 ਦਾ ਕੇਰਲ ਐਕਟ 16) ।

269. ਕੇਰਵ ਭੋਂ ਸੁਧਾਰ (ਦੂਜੀ ਸੋਧ) ਐਕਟ, 1989 (1990 ਦਾ ਕੇਰਲ ਐਕਟ 2) ।

270. ਉੜੀਸਾ ਭੋਂ ਸੁਧਾਰ (ਸੋਧ) ਐਕਟ, 1989 (1990 ਦਾ ਉੜੀਸਾ ਐਕਟ 9) ।

271. ਰਾਜਸਥਾਨ ਮੁਜਾਰੇਦਾਰੀ (ਸੋਧ) ਐਕਟ, 1979 (1979 ਦਾ ਰਾਜਸਥਾਨ ਐਕਟ 16) ।

272. ਰਾਜਸਥਾਨ ਅਬਾਦਕਾਰੀ (ਸੋਧ) ਐਕਟ, 1987 (1987 ਦਾ ਰਾਜਸਥਾਨ ਐਕਟ 2) ।

273. ਰਾਜਸਥਾਨ ਅਬਾਦਕਾਰੀ (ਸੋਧ) ਐਕਟ, 1989 (1989 ਦਾ ਰਾਜਸਥਾਨ ਐਕਟ 12) ।

274. ਤਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਮ) ਸੋਧ ਐਕਟ, 1983 (1984 ਦਾ ਤਮਿਲਨਾਡੂ ਐਕਟ 3)।

275. ਤਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੁਧਾਰ ਨਿਯਮ) ਸੋਧ ਐਕਟ, 1986 (1986 ਦਾ ਤਮਿਲਨਾਡੂ ਐਕਟ 57)।

276. ਤਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਸੁਧਾਰ ਨਿਯਮ) ਦੂਜੀ ਸੋਧ ਐਕਟ, 1987 (1988 ਦਾ ਤਮਿਲਨਾਡੂ ਐਕਟ 4)।

277. ਤਮਿਲਨਾਡੂ ਭੋਂ ਸੁਧਾਰ (ਅਧਿਕਤਮ ਭੋਂ ਸੀਮਾ ਨਿਯਮ) (ਸੋਧ) ਐਕਟ, 1989 (1989 ਦਾ ਤਮਿਲਨਾਡੂ ਐਕਟ 30)।

278. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1981 (1981 ਦਾ ਪੱਛਮੀ ਬੰਗਾਲ ਐਕਟ 50) ।

Ministry of Law & Justice

279. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1986 (1986 ਦਾ ਪੱਛਮੀ ਬੰਗਾਲ ਐਕਟ 5)।

280. ਪੱਛਮੀ ਬੰਗਾਲ ਭੋਂ ਸੁਧਾਰ (ਦੂਜੀ ਸੋਧ) ਐਕਟ, 1986 (1986 ਦਾ ਪੱਛਮੀ ਬੰਗਾਲ ਐਕਟ 19)।

281. ਪੱਛਮੀ ਬੰਗਾਲ ਭੋਂ ਸੁਧਾਰ (ਤੀਜੀ ਸੋਧ) ਐਕਟ, 1986 (1986 ਦਾ ਪੱਛਮੀ ਬੰਗਾਲ ਐਕਟ 35)।

282. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1989 (1989 ਦਾ ਪੱਛਮੀ ਬੰਗਾਲ ਐਕਟ 23)।

283. ਪੱਛਮੀ ਬੰਗਾਲ ਭੋਂ ਸੁਧਾਰ (ਸੋਧ) ਐਕਟ, 1990(1990 ਦਾ ਪੱਛਮੀ ਬੰਗਾਲ ਐਕਟ 24)।

284. ਪੱਛਮੀ ਬੰਗਾਲ ਭੋਂ ਸੁਧਾਰ ਟ੍ਰਿਬਿਉਨਲ ਐਕਟ, 1991 (1991 ਦਾ ਪੱਛਮੀ ਬੰਗਾਲ ਐਕਟ 12)।

ਵਿਆਖਿਆ : ਰਾਜਸਥਾਨ ਮੁਜਾਰੇਦਾਰੀ ਐਕਟ, 1955 (1955 ਦਾ ਰਾਜਸਥਾਨ ਐਕਟ 3) ਦੇ ਅਧੀਨ ਅਨੁਛੇਦ 31ੳ ਦੇ ਖੰਡ (1) ਦੇ ਦੂਜੇ ਪਰੰਤੁਕ ਦੇ ਉਲੰਘਣ ਵਿਚ ਕੀਤਾ ਗਿਆ ਅਰਜਨ ਉਸ ਉਲੰਘਣ ਦੀ ਮਾਤਰਾ ਤੱਕ ਸੁੱਨ ਹੋਵੇਗਾ।

Ministry of Law & Justice

## [1][ਦਸਵੀਂ ਅਨੁਸੂਚੀ

[(ਅਨੁਛੇਦ 102 (2) ਅਤੇ ਅਨੁਛੇਦ 191 (2)]

ਦਲ-ਬਦਲੀ ਦੇ ਅਧਾਰ ਤੇ ਨਾਕਾਬਲੀਅਤ ਬਾਬਤ ਉਪਬੰਧ:-

1. ਅਰਥ ਨਿਰਣਾ - ਇਸ ਅਨੁਸੂਚੀ ਵਿਚ, ਜੇਕਰ ਪ੍ਰਸੰਗ ਹੋਰਵੇਂ ਲੋੜੇ :-

(ੳ) "ਸਦਨ" ਦਾ ਮਤਲਬ ਹੈ, ਸੰਸਦ ਦਾ ਕੋਈ ਸਦਨ ਜਾਂ ਕਿਸੇ ਰਾਜ ਦੀ, ਜਿਹੀ ਕਿ ਸੂਰਤ ਹੋਵੇ, ਵਿਧਾਨ ਸਭਆ ਜਾਂ ਵਿਧਾਨ ਮੰਡਲ ਦਾ ਕੋਈ ਸਦਨ ;

(ਅ) ਸਦਨ ਦੇ ਕਿਸੇ ਅਜਿਹੇ ਮੈਂਬਰ ਦੇ ਸੰਬੰਧ ਵਿਚ ਪੈਰ੍ਹਾ 2[2] ਜਾਂ ਪੈਰ੍ਹਾ 4 ਦੇ ਉਪਬੰਧਾਂ ਦੀ ਅਨੁਸਰਾਤਾ ਵਿਚ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ, "ਵਿਧਾਨਕ ਪਾਰਟੀ" ਤੋਂ ਮਤਲਬ ਹੈ, ਉਕਤ ਉਪਬੰਧਾਂ ਦੀ ਅਨੁਸਾਰਤਾ ਵਿਚ ਉਸ ਰਾਜਨੀਤਿਕ ਪਾਰਟੀ ਦੇ ਮੈਂਬਰ ਜੋ ਉਸ ਸਮੇਂ ਉਸ ਸਦਨ ਦੇ ਸਾਰੇ ਮੈਂਬਰਾਂ ਤੋਂ ਮਿਲ ਕੇ ਬਣਿਆ ਸਮੂਹ ਹੈ ;

(ੲ) ਸਦਨ ਦੇ ਮੈਂਬਰਾਂ ਦੇ ਸੰਬੰਧ ਵਿਚ "ਮੂਲ ਰਾਜਨੀਤਿਕ ਪਾਰਟੀ" ਤੋਂ ਮਤਲਬ ਹੈ, ਅਜਿਹੀ ਰਾਜਨੀਤਿਕ ਪਾਰਟੀ ਜਿਸ ਦਾ ਉਹ ਪੈਰ੍ਹਾ 2 ਦੇ ਉਪ ਪੈਰ੍ਹਾ (1) ਦੇ ਪ੍ਰਯੋਜਨਾਂ ਦੇ ਲਈ ਮੈਂਬਰ ਹੈ ;

(ਸ) "ਪੈਰ੍ਹਾ" ਦਾ ਮਤਲਬ ਹੈ ਅਨੁਸੂਚੀ ਦਾ ਪੈਰ੍ਹਾ ;

ਦਲ ਬਦਲੀ ਦੇ ਆਧਾਰ ਤੇ ਨਾ

2(1) [3][ਪੈਰ੍ਹਾ 4 ਅਤੇ ਪੈਰ੍ਹਾ 5] ਦੇ ਉਪਬੰਧਾਂ ਦੇ ਤਾਬੇ, ਸਦਨ ਦਾ ਕੋਈ ਮੈਂਬਰ, ਕਿਸੇ ਰਾਜਨੀਤਿਕ ਪਾਰਟੀ ਦਾ ਮੈਂਬਰ ਹੋਣ ਦੇ ਲਈ ਹੇਠ ਲਿਖਿਆ ਨਾਕਾਬਲ ਹੋਵੇਜਾ ਜੇ—

[1] ਸੰਵਿਧਾਨ (ਬਵੰਜਵੀਂ ਸੋਧ) ਐਕਟ, 1985 ਦੀ ਧਾਰਾ 6 ਦੁਾਰਾ (1.3.1985 ਤੋਂ) ਜੋੜੀ ਗਈ।

[2] ਸੰਵਿਧਾਨ (ਇਕਾਨੇਵੇਵੀਂ ਸੋਧ) ਐਕਟ, 2003 ਦੀ ਧਾਰਾ 5 ਦੁਆਰਾ "ਜਾਂ ਪੈਰ੍ਹਾ 3" ਦਾ ਲੋਪ ਕੀਤਾ ਗਿਆ।

[3] ਸੰਵਿਧਾਨ (ਇਤਨੰਵੇਵੀਂ ਸੋਧ) ਐਕਟ, 2005 ਦੀ ਧਾਰਾ 5 ਦੁਆਰਾ ਪੈਰ੍ਹਾ 3, ਪਰ੍ਹਾ 4 ਅਤੇ ਪੈਰ੍ਹਾਂ 5 ਦੇ ਥਾਵੇਂ ਰੱਖੇ।

Ministry of Law & Justice

ਕਾਬਲੀਅਤ ।

(ੳ) ਉਸ ਨੇ ਅਜਿਹੀ ਰਾਜਨੀਤਿਕ ਪਾਰਟੀ ਦੀ ਮੈਂਬਰਸ਼ਿਪ ਸਵੈ-ਇੱਛਾ ਨਾਲ ਛੱਡ ਦਿੱਤੀ ਹੈ, ਜਾਂ

(ਅ) ਉਹ ਰਾਜਨੀਤਿਕ ਦਲ ਦੁਆਰਾ ਜਿਸ ਦਾ ਉਹ ਮੈਂਬਰ ਹੈ ਜਾਂ ਇਸ ਨਮਿੱਤ ਇਸ ਦੁਆਰਾ ਅਖਤਿਆਰਤ ਕਿਸੇ ਵਿਅਕਤੀ ਜਾਂ ਅਥਾਰਟੀ ਦੁਆਰਾ ਦਿੱਤੇ ਗਏ ਕਿਸੇ ਨਿਦੇਸ਼ ਦੇ ਵਿਰੁੱਧ, ਅਜਿਹੀ ਰਾਜਨੀਤਿਕ ਪਾਰਟੀ, ਵਿਅਕਤੀ ਜਾਂ ਅਥਾਰਟੀ ਦੀ ਪੂਰਵ ਇਜ਼ਾਜਤ ਦੇ ਬਿਨਾਂ, ਅਜਿਹੇ ਸਦਨ ਵਿਚ ਮਤਦਾਨ ਕਰਦਾ ਹੈ ਜਾਂ ਮਤਦਾਨ ਕਰਨ ਤੋਂ ਪਰਹੇਜ ਕਰਦਾ ਹੈ ਅਤੇ ਅਜਿਹਾ ਮਤਦਾਨ ਜਾਂ ਮਤਦਾਨ ਤੋਂ ਪਰਹੇਜ ਕਰਨ ਨੂੰ ਅਜਿਹੀ ਰਾਜਨੀਤਿਕ ਪਾਰਟੀ, ਵਿਅਕਤੀ ਜਾਂ ਅਥਾਰਟੀ ਨੇ ਅਜਿਹੇ ਮਤਦਾਨ ਜਾਂ ਮਤਦਾਨ ਤੋਂ ਪਰਹੇਜ ਕਰਨ ਦੀ ਤਰੀਕ ਤੋਂ ਪੰਦਰ੍ਹਾ ਦਿਨ ਦੇ ਅੰਦਰ ਮਾਫ਼ ਨਹੀਂ ਕੀਤਾ ਹੈ।

ਵਿਆਖਿਆ :-ਇਸ ਉਪ- ਪੈਰ੍ਹੇ ਦੇ ਪ੍ਰਯੋਜਨ ਲਈ-

(ੳ) ਸਦਨ ਦੇ ਕਿਸੇ ਚੁਣੇ ਮੈਂਬਰ ਬਾਰੇ ਇਹ ਸਮਝਿਆ ਜਾਵੇਗਾ, ਕਿ ਉਹ ਅਜਿਹੀ ਰਾਜਨੀਤਿਕ ਪਾਰਟੀ ਦਾ, ਜੋ ਕੋਈ ਹੋਵੇ, ਮੈਂਬਰ ਹੈ, ਜਿਸ ਨੇ ਉਸ ਨੂੰ ਅਜਿਹੇ ਮੈਂਬਰ ਦੇ ਰੂਪ ਵਿਚ ਚੁਣਨ ਲਈ ਉਮੀਦਵਾਰ ਦੇ ਰੂਪ ਵਿਚ ਖੜ੍ਹਾ ਕੀਤਾ ਸੀ ;

(ਅ) ਸਦਨ ਦੇ ਕਿਸੇ ਨਾਮਜ਼ਦ ਮੈਂਬਰ ਦੇ ਬਾਰੇ ਵਿਚ :-

(i) ਜਿੱਥੇ ਉਹ ਅਜਿਹੇ ਮੈਂਬਰ ਵਜੋਂ ਆਪਣੀ ਨਾਮਜ਼ਦਗੀ ਦੀ ਤਰੀਕ ਨੂੰ ਕਿਸੇ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ, ਇਹ ਸਮਝਿਆ ਜਾਵੇਗਾ ਕਿ ਉਹ ਅਜਿਹੀ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ ;

(ii) ਕਿਸੇ ਹੋਰ ਸੂਰਤ ਵਿਚ, ਜਿੱਥੇ ਇਹ ਸਮਝਿਆ ਜਾਵੇਗਾ ਕਿ ਉਹ ਉਸ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ, ਜਿਸਦਾ, ਜਿਹੀ ਕਿ ਸੂਰਤ ਹੋਵੇ, ਅਨੁਛੇਦ 99 ਜਾਂ ਅਨੁਛੇਦ 188 ਦੀਆਂ ਲੋੜਾਂ ਦੀ ਪਾਲਣਾ ਕਰਨ ਦੇ ਪਿੱਛੋਂ ਆਪਣੀ ਸੀਟ ਗ੍ਰਹਿਣ ਕਰਨ ਦੀ ਤਰੀਕ ਤੋਂ ਛੇ ਮਹੀਨੇ ਦੇ ਗੁਜਨਰ ਦੇ ਪਹਿਲਾਂ ਉਹ, ਜਿਹੀ ਕਿ ਸੂਰਤ ਹੋਵੇ, ਮੈਂਬਰ

Ministry of Law & Justice

ਬਣਦਾ ਹੈ ਜਾਂ ਪਹਿਲੀ ਵਾਰ ਬਣਦਾ ਹੈ।

(2) ਸਦਨ ਦਾ ਕੋਈ ਚੁਣਿਆ ਮੈਂਬਰ, ਜੋ ਕਿਸੇ ਰਾਜਨੀਤਿਕ ਪਾਰਟੀ ਦੁਆਰਾ ਖੜ੍ਹੇ ਕੀਤੇ ਗਏ ਉਮੀਦਵਾਰ ਤੋਂ ਬਿਨਾਂ ਹੋਰਵੇਂ ਮੈਂਬਰ ਚੁਣਿਆ ਹੋਇਆ ਹੈ, ਸਦਨ ਦਾ ਮੈਂਬਰ ਹੋਣ ਦੇ ਲਈ ਜਾਂ ਕਾਬਲ ਹੋਵੇਗਾ ਜੇ ਉਹ ਅਜਿਹੀ ਚੋਣ ਦੇ ਪਿਛੋਂ ਕਿਸੇ ਰਾਜਨੀਤਿਕ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ।

(3) ਸਦਨ ਦਾ ਕੋਈ ਨਾਮਜ਼ਦ ਮੈਂਬਰ, ਸਦਨ ਦੀ ਮੈਂਬਰ ਹੋਣ ਦੇ ਲਈ ਨਾ-ਕਾਬਲ ਹੋਵੇਗਾ ਜੇ ਉਹ, ਜਿਹੀ ਕਿ ਸੂਰਤ ਹੋਵੇ, ਅਨੁਛੇਦ 99 ਜਾਂ ਅਨੁਛੇਦ 188 ਦੀ ਲੋੜਾਂ ਦੀ ਪਾਲਣ ਕਰਨ ਪਿੱਛੋਂ ਆਪਣੀ ਸੀਟ ਗ੍ਰਹਿਣ ਕਰਨ ਦੀ ਤਰੀਕ ਤੋਂ ਛੇ ਮਹੀਨੇ ਦੇ ਗੁਜਰਨ ਦੇ ਪਿਛੋਂ ਕਿਸੇ ਰਾਜਨੀਤਿਕ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ।

(4) ਇਸ ਪੈਰ੍ਹੇ ਦੀ ਪੂਰਵਗਾਮੀ ਉਪਬੰਧਾਂ ਵਿਚ ਕਿਸੇ ਗਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਅਜਿਹੇ ਵਿਅਕਤੀ ਦੇ ਬਾਰੇ ਵਿਚ ਜੋ, ਸੰਵਿਧਾਨ ਦੀ (ਬੰਣਜਵੀਂ ਸੋਧ) ਐਕਟ, 1985 ਦੇ ਅਰੰਭ ਤੇ, ਸਦਨ ਦਾ ਮੈਂਬਰ ਹੈ (ਭਾਵੇਂ ਉਹ ਚੁਣਿਆ ਹੋਇਆਂ ਮੈਂਬਰ ਹੈ ਜਾਂ ਨਾਮਜ਼ਦ)-

(i) ਜਿੱਥੇ, ਉਹ ਅਜਿਹੇ ਅੰਰਭ ਤੋਂ ਤੁਰੰਤ ਪਹਿਲਾਂ ਕਿਸੇ ਰਾਜਨੀਤਿਕ ਪਾਰਟੀ ਦਾ ਮੈਂਬਰ ਸੀ ਉਥੇ, ਇਸ ਪੈਰ੍ਹੇ ਦੇ ਉਪ- ਪੈਰ੍ਹੇ (1) ਦੇ ਪ੍ਰਯੋਜਨਾਂ ਦੇ ਲਈ ਇਹ ਸਮਝਿਆ ਜਾਵੇਗਾ ਕਿ ਉਹ ਅਜਿਹੇ ਰਾਜਨੀਤਿਕ ਪਾਰਟੀ ਦੁਆਰਾ ਖੜ੍ਹੇ ਕੀਤੇ ਗਏ ਉਮੀਦਵਾਰ ਵਜੋਂ ਅਜਿਹੇ ਸਦਨ ਦਾ ਮੈਂਬਰ ਚੁਣਿਆ ਹੋਇਆਂ ਹੈ।

(ii)ਕਿਸੇ ਹੋਰ ਸੂਰਤ ਵਿਚ,ਜਿਹੀ ਕਿ ਸੂਰਤ ਹੋਵੇ ਇਸ ਪੈਰ੍ਹੇ ਦੇ ਉਪ- ਪੈਰ੍ਹੇ (2) ਦੇ ਪ੍ਰਯੋਜਨਾਂ ਦੇ ਲਈ, ਇਹ ਸਮਝਿਆ ਜਾਵੇਗਾ ਕਿ ਉਹ ਸਦਨ ਦਾ ਅਜਿਹਾ ਚੁਣਿਆ ਮੈਂਬਰ ਹੈ, ਜੋ ਕਿਸੇ ਰਾਜਨੀਤਿਕ ਪਾਰਟੀ ਦੁਆਰਾ ਖੜ੍ਹਾ ਕੀਤਾ ਗਿਆ ਉਮੀਦਵਾਰ ਤੋਂ ਹੋਰਵੇਂ ਰੂਪ ਵਿਚ ਮੈਂਬਰ ਚੁਣਿਆ ਹੋਇਆ ਹੈ ਜਾਂ ਇਸ ਪੈਰ੍ਹੇ ਦੇ ਉਪ- ਪੈਰ੍ਹੇ (3) ਦੇ ਪ੍ਰਯੋਜਨਾਂ ਦੇ ਲਈ, ਇਹ ਸਮਝਿਆ ਜਾਵੇਗਾ ਕਿ ਉਹ ਸਦਨ ਦਾ ਨਾਮਜ਼ਦ ਮੈਂਬਰ ਹੈ

Ministry of Law & Justice

।

[4]1. * * *

ਦਲ ਬਦਲੀ ਦੇ ਆਧਾਰ ਤੇ ਨਾ-ਕਬਲੀਅਤ ਦਾ ਵਿਲੀਨਤਾ ਦੀ ਸੂਰਤ ਵਿਚ ਲਾਗੂ ਨਾ ਹੋਣਾ।

4(1) ਸਦਨ ਦਾ ਕੋਈ ਮੈਂਬਰ ਪੈਰ੍ਹਾ 2 ਦੇ ਉਪ- ਪੈਰ੍ਹਾ (1) ਦੇ ਅਧੀਨ ਨਾਕਾਬਲ ਨਹੀਂ ਹੋਵੇਗਾ ਜੇ ਉਸ ਦੀ ਮੂਲ ਰਾਜਨੀਤਿਕ ਪਾਰਟੀ ਦੀ ਕਿਸੇ ਹੋਰ ਰਾਜਨੀਤਿਕ ਪਾਰਟੀ ਵਿਚ ਵਿਲੀਨਤਾ ਹੋ ਜਾਂਦੀ ਹੈ ਅਤੇ ਉਹ ਇਹ ਦਾਵਾ ਕਰਦਾ ਹੈ ਕਿ ਉਹ ਅਤੇ ਉਸ ਦੀ ਮੂਲ ਰਾਜਨੀਤਿਕ ਪਾਰਟੀ ਦੇ ਹੋਰ ਮੈਂਬਰ--

(ੳ) ਜਿਹੀ ਕਿ ਸੂਰਤ ਹੋਵੇ, ਅਜਿਹੀ ਹੋਰ ਰਾਜਨੀਤਿਕ ਪਾਰਟੀ ਦੇ ਜਾਂ ਅਜਿਹੀ ਵਿਲੀਨਤਾ ਤੋਂ ਬਣੀ ਰਾਜਨੀਤਿਕ ਪਾਰਟੀ ਦਾ ਮੈਂਬਰ ਬਣ ਗਿਆ ਹੈ ;

(ਅ) ਉਨ੍ਹਾਂ ਨੇ ਵਿਲੀਨਤਾ ਸਵੀਕਾਰ ਨਹੀਂ ਕੀਤੀ ਹੈ ਅਤੇ ਇਕ ਵੱਖਰੇ ਸਮੂਹ ਦੇ ਰੂਪ ਵਿਚ ਕਾਰਜ ਕਰਨਾ ਪਸੰਦ ਕਰ ਲਿਆ ਹੈ
ਅਤੇ ਅਜਿਹੀ ਵਿਲੀਨਤਾ ਦੇ ਸਮੇਂ ਤੋਂ, ਜਿਹੀ ਕਿ ਸੂਰਤ ਹੋਵੇ, ਅਜਿਹੀ ਹੋਰ ਰਾਜਨੀਤਿਕ ਪਾਰਟੀ ਜਾਂ ਨਵੀਂ ਰਾਜਨੀਤਿਕ ਪਾਰਟੀ ਜਾਂ ਸਮੂਹ ਦੇ ਬਾਰੇ ਵਿਚ ਇਹ ਸਮਝਿਆ ਜਾਵੇਗਾ ਕਿ ਉਹ, ਪੈਰ੍ਹਾ 2 ਦੇ ਉਪ ਪੈਰ੍ਹਾ (1)ਦੇ ਪ੍ਰਯੋਜਨਾਂ ਦੇ ਲਈ, ਅਜਿਹੀ ਰਾਜਨੀਤਿਕ ਪਾਰਟੀ ਹੈ ਜਿਸਦਾ ਇਹ ਮੈਂਬਰ ਹੈ ਅਤੇ ਉਹ ਇਸ ਪੈਰ੍ਹੇ ਦੇ ਪ੍ਰਯੋਜਨਾਂ ਦੇ ਲਈ ਉਸ ਦੀ ਮੂਲ ਰਾਜਨੀਤਿਕ ਪਾਰਟੀ ਹੈ।

(2) ਇਸ ਪੈਰ੍ਹੇ ਦੇ ਉਪ-ਪੈਰ੍ਹੇ (1) ਦੇ ਪ੍ਰਯੋਜਨਾ ਦੇ ਲਈ, ਸਦਨ ਦੇ ਕਿਸੇ ਮੈਂਬਰ ਦੀ ਮੂਲ ਰਾਜਨੀਤਿਕ ਪਾਰਟੀ ਵੀ ਵਿਲੀਨਤਾ ਹੋਈ ਤਦ ਸਮਝੀ ਜਾਵੇਗੀ ਜਦ ਸੰਬੰਧਤ ਵਿਧਾਨਕ ਪਾਰਟੀ ਦੇ ਘੱਟ ਤੋਂ ਘੱਟ ਦੋ ਤਿਹਾਈ ਮੈਂਬਰ ਅਜਿਹੀ ਵਿਲੀਨਤਾ ਲਈ ਸਹਿਮਤ ਹੋ ਗਏ ਹਨ।

(5) ਛੋਟ - ਇਸ ਅਨੁਸੂਚੀ ਵਿਚ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ, ਕੋਈ ਵਿਅਕਤੀ, ਜੋ ਲੋਕ ਸਭਾ ਦੇ ਸਪੀਕਰ ਜਾਂ ਡਿਪਟੀ ਸਪੀਕਰ ਜਾਂ ਰਾਜ ਦੇ ਪਰਿਸ਼ਦ ਦੇ ਉਪ-ਚੇਅਰਪਰਸਨ ਜਾਂ ਕਿਸੇ ਰਾਜ ਦੀ ਵਿਧਾਨ ਪਰਿਸ਼ਦ ਦੇ

[4] ਸੰਵਿਧਾਨ ਦੀ (ਇਕਾਨੰਵੇਵੀਂ ਸੋਧ) ਐਕਟ, 2003 ਦੀ ਧਾਰਾ 5 ਦੁਆਰਾ ਪੈਰ੍ਹਾ 3 ਦਾ ਲੋਪ ਕੀਤਾ ਗਿਆ।



Ministry of Law & Justice

ਚੇਅਰਮੈਨ ਜਾਂ ਉਪ-ਚੇਅਰਮੈਨ ਜਾਂ ਰਾਜ ਦੀ ਵਿਧਾਨ ਸਭਾ ਦੇ ਸਪੀਕਰ ਜਾਂ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣਿਆ ਹੋਇਆਂ ਹੈ, ਇਸ ਅਨੁਸੂਚੀ ਦੇ ਅਧੀਨ ਨਾ-ਕਾਬਲ ਨਹੀਂ ਹੋਵੇਗਾ।

(ੳ) ਜੇ ਉਹ, ਅਜਿਹੇ ਅਹੁੱਦੇ ਤੇ ਆਪਣੀ ਚੇਣ ਦੇ ਕਾਰਣ ਅਜਿਹੀ ਰਾਜਨੀਤਿਕ ਪਾਰਟੀ ਦੀ ਜਿਸਦਾ ਉਹ ਅਜਿਹੀ ਚੋਣ ਤੋਂ ਤੁਰੰਤ ਪਹਿਲਾ ਮੈਂਬਰ ਸੀ, ਆਪਣੀ ਸਵੈ-ਇੱਛਾ ਨਾਲ ਛੱਡ ਦਿੰਦਾ ਹੈ ਅਤੇ ਉਸ ਦੇ ਪਿੱਛੋਂ ਜਦ ਤਕ ਉਹ ਅਹੁਦਾ ਧਾਰਣ ਕਰੀ ਰਖਦਾ ਹੈ ਤਦ ਤੱਕ, ਉਸ ਰਾਜਨੀਤਿਕ ਪਾਰਟੀ ਵਿਚ, ਮੁੜ ਸ਼ਾਮਲ ਨਹੀਂ ਹੁੰਦਾ ਹੈ, ਜਾਂ ਕਿਸੇ ਦੂਜੀ ਰਾਜਨੀਤਿਕ ਪਾਰਟੀ ਦਾ ਮੈਂਬਰ ਨਹੀਂ ਬਣਦਾ ਹੈ ; ਜਾਂ

(ਅ) ਜੇ ਉਹ, ਅਜਿਹੇ ਅਹੁੱਦੇ ਤੇ ਆਪਣੀ ਚੋਣ ਦੇ ਕਾਰਣ, ਅਜਿਹੀ ਰਾਜਨੀਤਿਕ ਪਾਰਟੀ ਦੀ ਜਿਸ ਦਾ ਉਹ ਅਜਿਹੀ ਚੋਣ ਤੋਂ ਪਹਿਲਾਂ ਮੈਂਬਰ ਸੀ, ਆਪਣੀ ਸਦਸੱਤਾ ਛੱਡ ਦਿੰਦਾ ਹੈ ਅਤੇ ਅਜਿਹੇ ਅਹੁੱਦੇ ਤੇ ਨਾ ਰਹਿ ਜਾਣ ਦੇ ਪਿਛੋਂ ਅਜਿਹੀ ਰਾਜਨੀਤਿਕ ਪਾਰਟੀ ਵਿਚ ਮੁੜ ਸ਼ਾਮਲ ਹੋ ਜਾਂਦਾ ਹੈ।

ਦਲ ਬਦਲੀ ਦੇ ਅਧਾਰ ਤੇ ਨਾ-ਕਾਬਲੀਅਤ ਬਾਬਤ ਸਵਾਲ ਦਾ ਨਿਰਣਾ।

6.(1) ਜੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਦਨ ਦਾ ਕੋਈ ਮੈਂਬਰ ਇਸ ਅਨੁਸੂਚੀ ਦੇ ਤਾਬੇ ਨਾ-ਕਾਬਲ ਹੋ ਗਿਆ ਹੈ ਜਾਂ ਨਹੀਂ ਤਾਂ ਉਹ ਸਵਾਲ, ਅਜਿਹੇ ਸਦਨ ਦੇ, ਜਿਹੀ ਕਿ ਸੂਰਤ ਹੋਵੇ, ਚੇਅਰਮੈਨ ਜਾਂ ਸਪੀਕਰ ਦੇ ਫੈਸਲੇ ਲਈ ਹਵਾਲੇ ਕੀਤਾ ਜਾਵੇਗਾ ਅਤੇ ਉਸਦਾ ਫੈਸਲਾ ਅੰਤਮ ਹੋਵੇਗਾ :
ਪਰੰਤੂ ਜਿਥੇ ਇਹ ਸਵਾਲ ਉਠਦਾ ਹੈ ਕਿ ਸਦਨ ਦਾ ਸਪੀਕਰ ਜਾਂ ਚੇਅਰਮੈਨ ਨਾ-ਕਾਬਲੀਅਤ ਦੇ ਤਾਬੇ ਕਾ-ਕਾਬਲ ਹੋ ਗਿਆ ਹੈ ਜਾਂ ਨਹੀਂ ਉਥੇ ਇਹ ਸਵਾਲ ਸਦਨ ਦੇ ਅਜਿਹੇ ਫੈਸਲੇ ਦੇ ਲਈ ਹਵਾਲੇ ਕੀਤਾ ਜਾਵੇਗਾ ਜਿਸ ਨੂੰ ਉਹ ਸਦਨ ਇਸ ਨਮਿੱਤ ਚੁਣੇ ਅਤੇ ਉਸਦਾ ਫੈਸਲਾ ਅੰਤਮ ਹੋਵੇਗਾ
(2) ਇਸ ਅਨੁਸੂਚੀ ਦੇ ਅਧੀਨ ਸਦਨ ਦੇ ਕਿਸੇ ਮੈਂਬਰ ਦੀ ਨਾ-ਕਾਬਲੀਅਤ ਬਾਬਤ ਕਿਸੇ ਸਵਾਲ ਦੇ ਸੰਬੰਧ ਵਿਚ ਇਸ ਪੈਰ੍ਹੇ ਦੇ ਉਪ- ਪੈਰ੍ਹਾ (1) ਦੇ ਅਧੀਨ ਸਭ ਕਾਰਵਾਈਆਂ ਨੂੰ ਇਹ ਸਮਝਿਆ ਜਾਵੇਗਾ ਕਿ ਉਹ, ਜਿਹੀ ਕਿ ਸੂਰਤ ਹੋਵੇ ਅਨੁਛੇਦ 122 ਦੇ ਅਰਥਾਂ ਵਿਚ ਸੰਸਦ ਦੀ ਕਾਰਵਾਈਆਂ ਲਈ ਹਨ ਜਾਂ ਅਨੁਛੇਦ 212 ਦੇ ਅਰਥਾਂ ਵਿਚ ਰਾਜ ਦੇ ਵਿਧਾਨ-ਮੰਡਲ ਦੀਆਂ

Ministry of Law & Justice

ਕਾਰਵਾਈਆਂ ਹਨ ।

[ਅਦਾਲਤਾਂ ਦੀ ਅਧਿਕਾਰਤਾ ਤੇ ਰੋਕ ।

[5]7. ਇਸ ਸੰਵਿਧਾਨ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਅਦਾਲਤ ਨੂੰ ਇਸ ਅਨੁਸੂਚੀ ਦੇ ਅਧੀਨ ਸਦਨ ਦੇ ਕਿਸੇ ਮੈਂਬਰ ਦੀ ਕਾਬਲੀਅਤ ਨਾਲ ਸੰਬੰਧਤ ਕਿਸੇ ਮਾਮਲੇ ਦੇ ਬਾਰੇ ਕੋਈ ਅਧਿਕਾਰਤਾ ਨਹੀਂ ਹੋਵੇਗੀ ।

ਨਿਯਮ ।

8(1) ਇਸ ਉਪ- ਪੈਰ੍ਹੇ  ਦੇ ਉਪ- ਪੈਰ੍ਹੇ (2) ਦੇ ਉਪਬੰਧਾਂ ਦੇ ਤਾਬੇ, ਸਦਨ ਦਾ ਸਪੀਕਰ ਜਾਂ ਚੇਅਰਮੈਨ ਇਸ ਅਨੁਸੂਚੀ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਲਈ ਨਿਯਮ ਬਣਾ ਸਕੇਗਾ ਅਤੇ ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿਚ ਹੇਠਲਿਖਿਆਂ ਦੇ ਲਈ ਉਪਬੰਧ ਕੀਤਾ ਜਾ ਸਕੇਗਾ,   ਅਰਥਾਤ :-

(ੳ) ਸਦਨ ਦੇ ਭਿੰਨ ਭਿੰਨ ਮੈਂਬਰ ਜਿਨ੍ਹਾਂ ਰਾਜਨੀਤਿਕ ਪਾਰਟੀ ਦੇ ਮੈਂਬਰ ਹਨ,  ਉਨ੍ਹਾਂ ਦੇ ਬਾਰੇ ਵਿਚ ਰਜਿਸਟਰ ਜਾਂ ਹੋਰ ਰਿਕਾਰਡ ਰੱਖਣਾ ;

(ਅ) ਅਜਿਹੀ ਰਿਪੋਟ ਜੋ ਸਦਨ ਦੇ ਕਿਸੇ ਮੈਂਬਰ ਦੇ ਸੰਬੰਧ  ਵਿਚ ਵਿਧਾਨਕ ਪਾਰਟੀ ਜਾਂ ਨੇਤਾ, ਉਹ ਮੈਂਬਰ ਦੇ ਬਾਬਤ ਪੈਰ੍ਹਾ 2 ਦੇ ਉਪ-ਪੈਰ੍ਹਾ (1) ਦੇ ਖੰਡ (ਅ) ਵਿਚ ਹਵਾਲਾ ਦਿੱਤੀ ਪ੍ਰਕ੍ਰਿਤੀ ਦੀ ਮਾਫੀ ਦੇ ਸੰਬੰਧ ਵਿਚ ਦੇਵੇਗਾ, ਉਸ ਸਮੇਂ ਜਿਸ ਦੇ ਅੰਦਰ ਅਤੇ ਉਹ ਅਥਾਰਟੀ ਜਿਸ ਨੂੰ ਅਜਿਹੀ ਰਿਪੋਟ ਦਿੱਤੀ ਜਾਵੇਗੀ ;

(ੲ) ਅਜਿਹੀ ਰਿਪੋਟ ਜਿਨ੍ਹਾਂ ਨੂੰ ਕੋਈ ਰਾਜਨੀਤਿਕ ਪਾਰਟੀ ਸਦਨ ਦੇ ਕਿਸੇ ਮੈਂਬਰ ਨੂੰ ਅਜਿਹੀ ਰਾਜਨੀਤਿਕ ਪਾਰਟੀ ਵਿਚ ਦਾਖਲ ਕਰਨ ਸੰਬੰਧੀ ਪੇਸ਼ ਕਰੇਗੀ ਅਤੇ ਸਦਨ ਦਾ ਅਜਿਹਾ ਅਫਸਰ ਜਿਸ ਨੂੰ ਰਿਪੋਟ ਪੇਸ਼ ਕੀਤੀ ਜਾਵੇਗੀ ; ਅਤੇ

(ਸ) ਪੈਰ੍ਹਾ 6 ਦੇ ਉਪ- ਪੈਰ੍ਹਾ (1) ਵਿਚ ਹਵਾਲਾ ਕੀਤੇ ਸਵਾਲ ਦਾ ਫੈਸਲਾ ਕਰਨ ਦੀ ਪ੍ਰਕ੍ਰਿਆ ਜਿਸ ਵਿਚ ਅਜਿਹੀ ਜਾਂਚ ਦੀ ਪ੍ਰਕ੍ਰਿਆ ਹੈ, ਜੋ ਅਜਿਹੇ ਸਵਾਲ ਦਾ ਫੈਸਲਾ ਕਰਨ ਦੇ ਪ੍ਰਯੋਜਨ ਦੇ ਲਈ ਕੀਤੀ  ਜਾਵੇ ।

(2) ਸਦਨ ਦੇ ਚੇਅਰਮੈਨ ਜਾਂ ਸਪੀਕਰ ਦੁਆਰਾ ਇਸ ਪੈਰ੍ਹੇ ਦੇ ਉਪ- ਪੈਰ੍ਹਾ

[5] ਪੈਰ੍ਹਾ 7 ਦੇ ਕਿਹੋਤੋ ਹੋਲੋਹਨ ਬਨਾਮ ਜੇ ਚਿਲ੍ਹੂਹ ਅਤੇ ਹੋਰ (1992) ਆਈ ਏਸ ਸੀ ਸੀ 309 ਵਿਚ ਬਹੁਮੱਤ ਦੀ ਰਾਏ ਅਨੁਸਾਰ ਅਨੁਛੇਦ 368 ਦੇ ਖੰਡ (2) ਦੇ ਪਰੰਤੁਕ ਦੇ ਅਨੁਸਾਰ ਅਧਿਸੂਚਨਾ ਦੇ ਅਭਾਵ ਵਿਚ ਨਾਜਾਇਜ ਐਲਾਨ ਕੀਤਾ ਗਿਆ ।

(1) ਦੇ ਅਧੀਨ ਬਣਾਏ ਗਏ ਨਿਯਮ, ਬਣਾਏ ਜਾਣ ਦੇ ਪਿੱਛੋ, ਜਿੰਨੀ ਛੇਤੀ ਹੋ ਸਕੇ, ਸਦਨ ਅੱਗੇ, ਕੁਲ ਤੀਹ ਦਿਨ ਦੀ ਮੁੱਦਤ ਦੇ ਲਈ ਰੱਖੇ ਜਾਣਗੇ। ਇਹ ਮੁੱਦਤ ਇਕ ਇਜਲਾਸ ਵਿਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿਚ ਪੂਰੀ ਹੋ ਸਕੇਗੀ। ਉਹ ਨਿਯਮ ਤੀਹ ਦਿਨ ਦੀ ਉਕਤ ਮੁੱਦਤ ਦੇ ਗੁਜ਼ਰਨ ਤੇ ਪ੍ਰਭਾਵੀ ਹੋਣਗੇ ਜਦ ਤਕ ਕਿ ਉਨ੍ਹਾਂ ਦਾ ਸਦਨ ਦੁਆਰਾ ਰੂਪ-ਭੇਦਾਂ ਨਾਲ ਜਾਂ ਉਨ੍ਹਾਂ ਦੇ ਬਿਨਾਂ ਪਹਿਲਾਂ ਹੀ ਪ੍ਰਵਾਨ ਜਾਂ ਅਪ੍ਰਵਾਨ ਨਹੀਂ ਕਰ ਦਿੱਤਾ ਜਾਂਦਾ ਹੈ। ਜੇ ਉਹ ਨਿਯਮ ਇਸ ਪ੍ਰਕਾਰ ਅਪ੍ਰਵਾਨ ਕਰ ਦਿੱਤੇ ਜਾਂਦੇ ਹਨ ਤਾਂ ਉਹ, ਜਿਹੀ ਕਿ ਸੂਰਤ ਹੋਵੇ, ਅਜਿਹੇ ਰੂਪ ਵਿਚ ਜਿਸ ਵਿਚ ਉਹ ਰਖੇ ਗਏ ਸਨ ਜਾਂ ਅਜਿਹੇ ਰੂਪ-ਭੇਦ ਵਿਚ ਹੀ ਪ੍ਰਭਾਵੀ ਹੋਣਗੇ। ਜੇ ਨਿਯਮ ਇਸ ਪ੍ਰਕਾਰ ਅਪ੍ਰਵਾਨ ਕਰ ਦਿੱਤੇ ਜਾਂਦੇ ਹਨ ਤਾਂ ਉਹ ਨਿਪ੍ਰਭਾਵ ਹੋ ਜਾਣਗੇ।

(3) ਸਦਨ ਦਾ ਚੇਅਰਮੈਨ ਜਾਂ ਸਪੀਕਰ, ਜਿਹੀ ਕਿ ਸੂਰਤ ਹੋਵੇ, ਅਨੁਛੇਦ 105 ਜਾਂ ਅਨੁਛੇਦ 194 ਦੇ ਉਪਬੰਧਾਂ ਦੇ ਅਤੇ ਕਿਸੇ ਅਜਿਹੀ ਹੋਰ ਸ਼ਕਤੀ ਤੇ ਜੋ ਉਸ ਨੂੰ ਇਸ ਸੰਵਿਧਾਨ ਦੇ ਅਧੀਨ ਪ੍ਰਾਪਤ ਹੈ, ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਇਹ ਨਿਦੇਸ਼ ਦੇ ਸਕੇਗਾ ਕਿ ਇਸ ਪੈਰ੍ਹੇ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵਿਅਕਤੀ ਦੁਆਰਾ ਜਾਣ ਬੁਝ ਕੇ ਕੀਤੇ ਗਏ ਕਿਸੇ ਉਲੰਘਣ ਦੇ ਬਾਰੇ ਵਿਚ ਉਸੇ ਤਰੀਕੇ ਨਾਲ ਕਾਰਵਾਈ ਕੀਤੀ ਜਾਵੇ, ਜਿਸ ਤਰੀਕੇ ਨਾਲ ਸਦਨ ਦੇ ਵਿਸ਼ੇਸ਼-ਅਧਿਕਾਰ ਦੇ ਭੰਗ ਕਰਨ ਦੇ ਬਾਰੇ ਵਿਚ ਕੀਤੀ ਜਾਂਦੀ ਹੈ।

Ministry of Law & Justice

# [1][ਗਿਆਰਵੀਂ ਅਨੁਸੂਚੀ

**(ਅਨੁਛੇਦ 243 ਖ)**

1. ਖੇਤੀ, ਇਸ ਵਿਚ ਖੇਤੀ ਵਿਸਤਾਰ ਸ਼ਾਮਲ ਹੈ ।
2. ਭੋਂ ਵਿਕਾਸ, ਭੋਂ ਸੁਧਾਰ ਦਾ ਪਰਿਪਾਲਣ, ਚੱਕਬੰਦੀ ਅਤੇ ਮਿੱਟੀ ਪਰਿਰੱਖਣ ।
3. ਲਘੂ, ਸਿੰਜਾਈ, ਜਨ ਪ੍ਰਬੰਦ ਅਤੇ ਜਲ ਵਿਭਾਜਤ ਖੇਤਰ ਦਾ ਵਿਕਾਸ ।
4. ਪਸ਼ੂ ਪਾਲਣ, ਡੇਰੀ ਉਦਯੋਗ ਅਤੇ ਮੁਰਗੀ ਪਾਲਣ ।
5. ਮੱਛੀ ਉਦਯੋਗ ।
6. ਸਮਾਜਕ ਵਣ ਪਾਲਣ ਅਤੇ ਫਾਰਮ ਵਣ ਪਾਲਣ ।
7. ਲਘੂ ਵਣ ਉਤਪਾਦ ।
8. ਛੋਟੇ ਪੈਮਾਨੇ ਦੇ ਉਪਯੋਗ, ਜਿਸ ਵਿਚ ਭੋਜਨ ਪ੍ਰੋਸੈਸਿੰਗ ਉਦਯੋਗ ਵੀ ਸ਼ਾਮਲ ਹੈ ।
9. ਖਾਦੀ, ਗ੍ਰਾਮ ਅਤੇ ਘਰੇਲੂ ਉਦਯੋਗ ।
10. ਪੇਂਡੂ ਆਵਾਸ ।
11. ਜਲਪਾਨ ।
12. ਇੰਧਨ ਅਤੇ ਚਾਰਾ ।
13. ਸੜਕਾਂ, ਪੂਲੀਆਂ, ਪੁਲ, ਪੱਤਣਾ, ਜਲ ਮਾਰਗ ਅਤੇ ਹੋਰ ਸੰਚਾਰ ਸਾਧਨ ।
14. ਪੇਂਡੂ ਬਿਜਲੀਕਰਣ,ਜਿਸ ਵਿਚ ਬਿਜਲੀ ਵਿਤਰਣ ਸ਼ਾਮਲ ਹੈ ।
15. ਗੈਰ ਪ੍ਰੰਮਪਰਾਗਤ ਊਰਜਾ ਸਰੋਤ ।
16. ਗਰੀਬੀ ਨਿਵਾਰਣ ਪ੍ਰੋਗਰਾਮ ।
17. ਸਿੱਖਿਆ, ਇਸ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵੀ ਸ਼ਾਮਲ ਹੈ ।
18. ਤਕਨੀਕੀ ਸਿੱਖਿਆ ਅਤੇ ਪੇਸ਼ਾਵਰਾਨਾ ਸਿੱਖਿਆ ।
19. ਬਾਲਗ ਅਤੇ ਅਣ –ਉਪਚਾਰਕ ਸਿੱਖਿਆ ।
20. ਲਾਇਬਰੇਰੀਆਂ ।
21. ਸਭਿਆਚਾਰਕ ਗਤੀਵਿਧੀਆਂ ।
22. ਬਜ਼ਾਰ ਅਤੇ ਮੇਲੇ ।

[1] ਸੰਵਿਧਾਨ ਦੀ (ਤਿਹਰਵੀਂ ਸੋਧ) ਐਕਟ, 1992 ਦੀ ਧਾਰਾ 4 ਦੁਆਰਾ (24.4.1993 ਤੋਂ) ਅੰਤਰਸਥਾਪਤ ।



Ministry of Law & Justice

23. ਸਿਹਤ ਅਤੇ ਸਵੱਛਤਾ,ਜਿਸ ਵਿਚ ਹਸਪਤਾਲ, ਪ੍ਰਾਇਮਰੀ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਵੀ ਸ਼ਾਮਲ ਹਨ ।

24. ਪਰਿਵਾਰ ਭਲਾਈ ।

25. ਇਸਤਰੀ ਅਤੇ ਬਾਲ ਵਿਕਾਸ ।

26. ਸਮਾਜਿਕ ਭਲਾਈ, ਜਿਸ ਵਿਚ ਵਿਕਲਾਂਗਤਾ ਅਤੇ ਮਾਨਸਿਕ ਮੰਦਬੁੱਧੀ ਦੀ ਭਲਾਈ ਵੀ ਸ਼ਾਮਲ ਹੈ ।

27. ਕਮਜ਼ੋਰ ਵਰਗਾਂ ਅਤੇ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ।

28. ਸਰਬਜਨਕ ਵਿਤਰਣ ਪ੍ਰਣਾਲੀ ।

29. ਫਿਰਕੇ ਪਰ ਧਰਮਾਂ ਦੀ ਰੱਖ ਰੱਖਾ ।]

Ministry of Law & Justice

# [1][ਬਾਰ੍ਹਵੀਂ ਅਨੁਸੂਚੀ

(ਅਨੁਛੇਦ 243 ਦ)

1. ਸ਼ਹਿਰੀ ਯੋਜਨਾ ਜਿਸ ਵਿਚ ਨਗਰ ਯੋਜਨਾ ਵੀ ਸ਼ਾਮਲ ਹੈ ।
2. ਭੋਂ ਉਦਯੋਗ ਵਿਨਿਯਮਨ ਅਤੇ ਭਵਨ ਨਿਰਮਾਣ ।
3. ਆਰਥਿਕ ਅਤੇ ਸਮਾਜਿਕ ਵਿਕਾਸ ਯੋਜਨਾ ।
4. ਸ਼ੜਕਾਂ ਅਤੇ ਪੁੱਲ ।
5. ਘਰੇਲੂ, ਉਦਯੋਗਕ ਅਤੇ ਵਣਜਕ ਪ੍ਰਯੋਜਨਾਂ ਦੇ ਲਈ ਜਲ ਪੂਰਤੀ ।
6. ਪਬਲਿਕ ਹੈਲਥ (ਲੋਕ ਸਿਹਤ), ਸਵੱਛਤਾ, ਸਫਾਈ ਅਤੇ ਕੂੜਾ ਕਰਕਟ ਪ੍ਰਬੰਧਨ ।
7. ਫਾਇਰ ਸਰਵਿਸ (ਅਗਨੀ ਸੇਵਾ )।
8. ਨਹਿਰੀ ਵਣ, ਵਾਤਾਵਰਣ ਹਿਫਾਜ਼ਤ ਅਤੇ ਪਰਸਥਿਤੀ ਪੱਖਾਂ ਦੀ ਉੱਨਤੀ ।
9. ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ, ਜਿਨ੍ਹਾਂ ਵਿਚ ਵਿਕਲਾਂਗ ਅਤੇ ਮਾਨਸਿਕ ਤੋਰ ਤੇ, ਮੰਦ ਬੁੱਧੀ ਵਿਅਕਤੀ ਸ਼ਾਮਲ ਹਨ, ਹਿੱਤਾ ਦੀ ਰੱਖਿਆ ।
10. ਗੰਦੀਆਂ ਬਸਤੀਆਂ ਦੇ ਸੁਧਾਰ ਅਤੇ ਉਥਾਨ ।
11. ਸ਼ਹਿਰੀ ਗਰੀਬੀ ਖਾਤਮਾ ।
12. ਸ਼ਹਿਰੀ ਸੁੱਖ-ਸੁਵਿਧਾਵਾਂ ਅਤੇ ਸਹੂਲਤਾਂ ਜਿਵੇਂ ਕਿ ਪਾਰਕ ਬਾਗ-ਬਗੀਚੇ, ਖੇਲ ਦੇ ਮੈਦਾਨ ਦਾ ਉਪਬੰਧ ।
13. ਸਭਿਆਚਾਰਕ, ਸਿੱਖਿਅਕ ਅਤੇ ਸੁੰਦਰਤਾ ਪੂਰਵ ਪੱਖਾਂ ਦਾ ਬੜ੍ਹਾਵਾ ।
14. ਦਫਨਾਉਣ ਅਤੇ ਕਬਰ-ਸਥਾਨ, ਦਾਹ ਸੰਸਕਾਰ, ਸਮਸ਼ਾਨ ਘਾਟ ਅਤੇ ਬਿਜਲੀ ਦਾਹ ਸੰਸਕਾਰ ਆਦਿ ।
15. ਕਾਂਜੀ ਹਾਉਸ ; ਪਸ਼ੂਆਂ ਦੇ ਪ੍ਰਤੀ ਕਰੂਰਤਾ ਨਿਵਾਰਣ ।
16. ਜਨਮ-ਮਰਣ ਅੰਕੜੇ, ਜਿਸ ਵਿਚ ਜਨਮ ਅਤੇ ਮੋਤ ਰਜਿਸਟ੍ਰੀਕਰਣ ਸ਼ਾਮਲ ਹੁੰਦਾ ਹੈ ।
17. ਸਰਬਜਨਕ ਸੁੱਖ ਸੁਵਿਧਾਵਾਂ, ਜਿਸ ਵਿਚ ਗਲੀਆਂ ਚ ਰੋਸ਼ਨੀ, ਪਾਰਕਿੰਗ ਸਥਲ, ਬਸ ਸਟਾਪ ਅਤੇ ਜਨ-ਸੁਵਿਧਾਵਾਂ ਸ਼ਾਮਲ ਹੁੰਦੀਆਂ ਹਨ ।
18. ਬੁੱਚੜਖਾਨਾ ਅਤੇ ਚਰਮਸੋਧ ਕਾਰਖਾਨਾ ਦੇ ਵਿਨਿਯਮਨ]

[1] ਸੰਵਿਧਾਨ ਦੀ (ਚੋਹਤਰਵੀਂ ਸੋਧ) ਐਕਟ, 1992 ਦੀ ਧਾਰਾ 4 ਦੁਆਰਾ (1.6.1993) ਤੋਂ ਜੋੜਿਆ ਗਿਆ ।



Ministry of Law & Justice

## ਅਨੁਲੱਗ-I

## ਸੰਵਿਧਾਨ (ਇੱਕ ਸੋ ਵੀ) ਸੋਧ ਐਕਟ, 2015

[28 ਮਈ, 2015]

ਭਾਰਤ ਸਰਕਾਰ ਅਤੇ ਬੰਗਲਾਦੇਸ਼ ਸਰਕਾਰ ਵਿਚ ਕਾਰ ਕੀਤੀ ਗਏ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਦੇ ਅਨੁਸਰਨ ਵਿਚ ਰਾਜਖੇਤਰਾਂ ਦਾ ਭਾਰਤ ਦੁਆਰਾ ਅਰਜਨ ਕੀਤੇ ਜਾਣ ਅਤੇ ਕੁਛ ਕੁ ਰਾਜ ਖੇਤਰਾਂ ਦਾ ਬੰਗਲਾਦੇਸ਼ ਨੂੰ ਅੰਤਰਣ ਕੀਤੇ ਜਾਣ ਨੂੰ ਪ੍ਰਭਾਵੀ ਬਣਾਉਣ ਦੇ ਲਈ ਭਾਰਤ ਦੇ ਸੰਵਿਧਾਨ ਦੀ ਅਤੇ ਸੋਧ ਕਰਨ ਦੇ ਲਈ ਐਕਟ

ਭਾਰਤ ਗਣਰਾਜ ਦੇ ਛਿਆਠਵੇਂ ਸਾਲ ਵਿਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ

1. ਸੰਖੇਪ ਨਾਂ – ਇਸ ਐਕਟ ਨੂੰ (ਇਕ ਸੋ ਵੀ ਸੋਧ) ਐਕਟ, 2015 ਕਿਹਾ ਜਾ ਸਕੇਗਾ।
2. ਪਰਿਭਾਸ਼ਾਵਾਂ: – ਇਸ ਐਕਟ ਵਿਚ,

(ੳ) "ਅਰਜਤ ਰਾਜਖੇਤਰ" ਦਾ ਮਤਲਬ ਭਾਰਤ -ਬੰਗਲਾਦੇਸ਼ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਵਿਚ ਸਮਾਵਿਸ਼ਟ ਅਤੇ ਪਹਿਲੀ ਅਨੁਸੂਚੀ ਵਿਚ ਹਵਾਲਾ ਦਿੱਤੇ ਉਨ੍ਹੇ ਰਾਜਖੇਤਰਾਂ ਤੋਂ ਹੈ ਜਿਨ੍ਹਾਂ ਦਾ ਖੰਡ (ਇ) ਵਿਚ ਹਵਾਲਾ ਦਿੱਤਾ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਦੇ ਅਨੁਸਰਣ ਵਿਚ ਭਾਰਤ ਦੁਆਰਾ ਬੰਗਲਾਦੇਸ਼ ਤੋਂ ਅਰਜਨ ਕੀਤੇ ਜਾਣ ਦੇ ਪ੍ਰਯੋਜਨ ਲਈ ਹੱਦਬੰਦੀ ਕੀਤੀ ਗਈ ਹੈ ;

(ਅ) "ਨਿਯਤ ਦਿਨ" ਦਾ ਮਤਲਬ ਹੈ ਅਜਿਹੀ ਤਰੀਕ ਜੋ ਕੇਂਦਰੀ ਸਰਕਾਰ ਸਰਕਾਰੀ ਗਜ਼ਟ ਵਿਚ, ਅਧਿਸੂਚਨਾ ਦੁਆਰਾ, ਭਾਰਤ-ਬੰਗਲਾਦੇਸ਼ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਦੇ ਅਨੁਸਰਣ ਵਿਚ ਪਹਿਲੀ ਅਨੁਸੂਚੀ ਅਤੇ ਦੂਜੀ ਅਨੁਸੂਚੀ ਵਿਚ ਜਿਵੇਂ ਹਵਾਲਾ ਦਿੱਤੇ ਕੁਝ ਰਾਜਖੇਤਰਾਂ ਦਾ, ਜਿਨ੍ਹਾਂ ਦਾ ਇਸ ਤਰ੍ਹਾਂ ਅਰਜਣ ਅਤੇ ਅੰਤਰਣ ਕਰਵਾਏ ਜਾਣ ਅਤੇ ਉਸ ਪ੍ਰਯੋਜਨ ਦੇ ਲਈ ਹੱਦਬੰਦੀ ਕਰਵਾਏ ਜਾਣ ਅਤੇ ਉਸ ਪ੍ਰਯੋਜਨ ਦੇ ਲਈ ਹੱਦਬੰਦੀ ਕਰਵਾਏ ਜਾਣ ਦੇ ਪਿੱਛੋਂ ਬੰਗਲਾਦੇਸ਼ ਤੋਂ ਰਾਜਖੇਤਰਾਂ ਦੇ ਅਰਜਨ ਅਤੇ ਬੰਗਲਾਦੇਸ਼ ਨੂੰ ਰਾਜਖੇਤਰਾਂ ਦੇ ਅੰਤਰਣ ਦੀ ਤਰੀਕ ਨਿਯਤ ਕਰੇ ;

(ੲ) " ਭਾਰਤ ਬੰਗਲਾਦੇਸ਼ ਕਰਾਰ ਦਾ ਮਤਲਬ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਭੋਂ ਹੱਦ ਦੀ ਹੱਦਬੰਦੀ ਅਤੇ ਸਬੰਧਤ ਵਿਸ਼ਿਆਂ ਦੇ ਸੰਬੰਧ ਵਿਚ ਭਾਰਤ ਗਣਰਾਜ ਦੀ ਕਰਕਾਰ ਅਤੇ ਬੰਗਲਾਦੇਸ਼ ਲੋਕਾਂ ਦੇ ਗਣਰਾਜ ਦੀ ਸਰਕਾਰ ਦੇ ਵਿਚਕਾਰ ਤਰੀਕ 16 ਮਈ, 1974 ਨੂੰ ਹੋਇਆਂ

Ministry of Law & Justice

ਕਰਾਰ, ਤਰੀਕ 26 ਦਸਬੰਰ, 1974, ਤਰੀਕ 30 ਦਸੰਬਰ, 1974 ਤਰੀਕ 7 ਅਕਤੂਬਰ, 1982 ਅਤੇ ਤਰੀਕ 26 ਮਾਰਚ, 1992

(ਸ਼) "ਅੰਤਰਤ ਰਾਜਖੇਤਰ" ਦਾ ਮਤਲਬ- ਬੰਗਲਾਦੇਸ਼ ਭਾਰਤ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਵਿਚ ਸਮਾਵਿਸ਼ਟ ਅਤੇ ਦੂਜੀ ਅਨੁਸੂਚੀ ਵਿਚ ਹਵਾਲਾ ਦਿੱਤੇ ਉਨ੍ਹੇ ਰਾਜਖੇਤਰ ਤੋਂ ਹੈ, ਜਿਨ੍ਹਾਂ ਦਾ ਖੰਡ (ਇ) ਵਿਚ ਹਵਾਲਾ ਦਿੱਤੇ ਕਰਾਰ ਅਤੇ ਉਸ ਦੇ ਪ੍ਰੋਟੋਕਾਲ ਦੇ ਅਨੁਸਰਣ ਵਿਚ ਭਾਰਤ ਦੁਆਰਾ ਬੰਗਲਾਦੇਸ਼ ਨੂੰ ਅੰਤਰਤ ਕੀਤੇ ਜਾਣ ਦੇ ਲਈ ਹੱਦਬੰਦੀ ਕੀਤੀ ਗਈ ਹੈ।

3. ਸੰਵਿਧਾਨ ਦੀ ਪਹਿਰੀ ਅਨੁਸੂਚੀ ਦੀ ਸੋਧ-

ਸੰਵਿਧਾਨ ਦੀ ਪਹਿਲੀ ਅਨੁਸੂਚੀ ਵਿਚ, ਨਿਯਤ ਦਿਨ ਤੋਂ ਹੀ,-

(ੳ) ਆਸਾਮ ਰਾਜ ਦੇ ਰਾਜਖੇਤਰਾਂ ਤੋਂ ਸੰਬੰਧਤ ਪੈਰਾ ਵਿਚ, "ਅਤੇ ਉਹ ਰਾਜਖੇਤਰ ਵੀ ਇਸ ਵਿਚ ਨਹੀਂ ਹਨ, ਜੋ ਸੰਵਿਧਾਨ (ਨੋਵੀਂ ਸੋਧ) ਐਕਟ, 1960 ਦੀ ਧਾਰਾ 3 ਦੇ ਖੰਡ (ੳ) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੋਂ ਤੱਕ ਉਸ ਦਾ ਸਬੰਧ ਸੰਵਿਧਾਨ (ਇਕ ਸੋੌਵੀ ਸੋਧ) ਐਕਟ, 2015 ਦੀ ਦੂਜੀ ਅਨੁਸੂਚੀ ਦੇ ਭਾਗ ਵਿਚ ਹਵਾਲਾ ਦਿੱਤਾ ਹੈ" ਸ਼ਬਦ, ਬਰੈਕਟ ਅਤੇ ਅੰਕ ਵਿਚ ਜੋੜੇ ਜਾਣਗੇ ;

(ਅ) ਪੱਛਮੀ ਬੰਗਾਲ ਰਾਜ ਦੇ ਰਾਜਖੇਤਰਾਂ ਨਾਲ ਸੰਬੰਧਤ ਪੈਰਾ ਵਿਚ, "ਅਤੇ ਉਹ ਰਾਜਖੇਤਰ ਜੋ ਪਹਿਲੀ ਅਨੁਸੂਚੀ ਦੇ ਭਾਗ 3 ਵਿਚ ਹਵਾਲਾ ਦਿੱਤਾ ਹੈ ਪਰ ਉਹ ਰਾਜਖੇਤਰ ਇਸ ਦੇ ਵਿਚ ਨਹੀਂ ਹੈ, ਜੋ ਸੰਵਿਧਾਨ (ਨੋਵੀ ਸੋਧ) ਐਕਟ, 1960 ਦੀ ਧਾਰਾ 3 ਦੇ ਖੰਡ (ਇ) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੋ ਤੱਕ ਉਸ ਦਾ ਸੰਬਧ ਸਵਿਧਾਨ (ਇੱਕ ਸੋ ਵੀ ਸੋਧ) ਐਕਟ, 2015 ਦੀ ਪਹਿਲੀ ਅਨੁਸੂਚੀ ਦੇ ਭਾਗ 3 ਵਿਚ ਹਵਾਲਾ ਦਿੱਤੇ ਰਾਜਖੇਤਰਾਂ ਅਤੇ ਦੂਜੀ ਅਨੁਸੂਚੀ ਦੇ ਭਾਗ ਵਿਚ ਹਵਾਲਾ ਦਿੱਤਾ ਹੈ " ਸ਼ਬਦ, ਬਰੈਕਟ ਅੰਕ ਅਤੇ ਅੱਖਰ ਵਿਚ ਜੋੜੇ ਜਾਣਗੇ ;

(ੲ) ਮੇਘਾਲਯ ਰਾਜ ਦੇ ਰਾਜਖੇਤਰ ਨਾਲ ਸੰਬੰਧਤ ਪੈਰੇ ਵਿਚ " ਅਤੇ ਉਹ ਰਾਜਖੇਤਰ, ਜੋ ਪਹਿਲੀ ਅਨੁਸੂਚੀ ਦੇ ਭਾਗ ਵਿਚ ਹਵਾਲਾ ਦਿੱਤਾ ਹੈ ਪਰ ਉਹ ਰਾਜਖੇਤਰ ਇਸ ਵਿਚ ਨਹੀਂ ਹੈ, ਜੋ ਸੰਵਿਧਾਨ (ਇੱਕ ਸੋ ਵੀ ਸੋਧ) ਐਕਟ, 2015 ਦੀ ਦੂਜੀ ਅਨੁਸੂਚੀ ਦੇ ਭਾਗ ਵਿਚ ਹਵਾਲਾ ਦਿੱਤਾ ਹੈ" ਸ਼ਬਦ, ਅੰਕ ਅਤੇ ਬਰੈਕਟ ਵਿਚ ਜੋੜੇ ਜਾਣਗੇ ;

Ministry of Law & Justice

(ਸ) ਤ੍ਰਿਪੁਰਾ ਰਾਜਦੇ ਰਾਜਖੇਤਰ ਨਾਲ ਸੰਬੰਧਤ ਪੈਰੇ ਵਿਚ, "ਅਤੇ ਉਹ ਰਾਜਖੇਤਰ ਜੋ ਸੰਵਿਧਾਨ (ਨੌਵੀ ਸੋਧ) ਐਕਟ, 1960 ਦੀ ਧਾਰਾ 3 ਦੇ ਖੰਡ (ਸ) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਜਿੱਥੇ ਤਕ ਉਨ੍ਹਾਂ ਦਾ ਸੰਬੰਧ ਸੰਵਿਧਾਨ (ਇੱਕ ਸੋ ਵੀ ਸੋਧ) ਐਕਟ, 2015 ਦੀ ਪਹਿਲੀ ਅਨੁਸੂਚੀ ਦੇ ਭਾਗ 11 ਵਿਚ ਹਵਾਲਾ ਦਿੱਤਾ ਹੈ" ਸ਼ਬਦ, ਬਰੈਕਟ ਅਤੇ ਅੰਕ ਵਿਚ ਜੋੜੇ ਜਾਣਗੇ ;

ਪਹਿਲੀ ਅਨੁਸੂਚੀ

[ਧਾਰਾਵਾਂ 2(ਉ), 2(ਅ) ਅਤੇ 3 ਵੇਖੋ]

ਭਾਗ I

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 3(1) ਅਤੇ (ਅ) (ii) (iii) (iv) (v) ਦੇ ਸੰਬੰਧ ਵਿਚ ਅਰਜਤ ਰਾਜਖੇਤਰ।

ਭਾਗ II

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 3(1) ਅਤੇ (ਇ) (i) ਦੇ ਸੰਬੰਧ ਵਿਚ ਅਰਜਤ ਰਾਜਖੇਤਰ ।

ਭਾਗ III

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ (12) ਅਤੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 2(II),3(I), ਉ (iii)(iv)(v)(vi) ਦੇ ਸੰਬੰਧ ਵਿਚ ਅਰਜਤ ਰਾਜਖੇਤਰ ।

Ministry of Law & Justice

ਦੂਜੀ ਅਨੁਸੂਚੀ

[ਧਾਰਾਵਾਂ 2(ਅ), 2(ਸ) ਅਤੇ 3 ਵੇਖੋ]

ਭਾਗ I

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 3(1) (ਸ) (i) ਅਤੇ (ii) ਦੇ ਸੰਬੰਧ ਵਿਚ ਅਰਜਤ ਰਾਜਖੇਤਰ।

ਭਾਗ II

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 3(1) (ਅ) (i)ਦੇ ਸੰਬੰਧ ਵਿਚ ਅਰਜਤ ਰਾਜਖੇਤਰ।

ਭਾਗ III

ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 1(12) ਅਤੇ ਅਨੁਛੇਦ 2 ਅਤੇ ਤਰੀਕ 6 ਸਤੰਬਰ, 2011 ਦੇ ਪ੍ਰੋਟੋਕਾਲ ਦੇ ਅਨੁਛੇਦ 2(II) 3(I)(ਉ) (i) (ii) (vi) ਦੇ ਸੰਬੰਧ ਵਿਚ ਅਰਜਤ ਰਾਜਖੇਤਰ।

(ਅਨੁਲੱਗ)

ਤੀਜੀ ਅਨੁਸੂਚੀ

(ਧਾਰਾ 2 (ਇ) ਦੇਖੋ)

1. ਭਾਰਤ ਗਣਰਾਜ ਦੀ ਸਰਕਾਰ ਅਤੇ ਬੰਗਲਾਦੇਸ਼ ਦੇ ਲੋਕ ਗਣਰਾਜ ਦੀ ਸਰਕਾਰ ਦੇ ਵਿਚਕਾਰ ਭਾਰਤ ਅਤੇ ਬੰਗਲਾਦੇਸ਼ ਦੇ ਵਿਚਕਾਰ ਭੋਂ ਹੱਦ ਦੀ ਹੱਦਬੰਦੀ ਅਤੇ ਸੰਬੰਧਤ ਮਾਮਲਿਆਂ ਦੇ ਸੰਬੰਧ ਵਿਚ ਤਰੀਕ 16 ਮਈ, 1974 ਨੂੰ ਹੋਏ ਕਰਾਰ ਤੇ ਟੂਕਾਂ

ਅਨੁਛੇਦ 1(12) ਬੰਗਲਾਦੇਸ਼ ਅੰਤਰ-ਖੇਤਰ (ਇਨਕਲੇਵ)

Ministry of Law & Justice

ਬੰਗਲਾਦੇਸ਼ ਸਥਿੱਤ ਭਾਰਤ ਇਨਕਲੇਵਾਂ ਅਤੇ ਭਾਰਤ ਸਥਿਤ ਬੰਗਲਾਦੇਸ਼ ਇਨਕਲੇਵਾ ਦਾ, ਪੈਰਾ 14 ਵਿਚ ਉਲਿੱਖਤ ਇਨਕਲੇਵਾਂ ਨੂੰ ਛੱਡ ਕੇ ਬੰਗਲਾਦੇਸ਼ ਵਿਚ ਜਾਣ ਵਾਲੇ ਅਤਿਰਿਕਤ ਖੇਤਰ ਦੇ ਲਈ ਕਲੇਮ ਦਾ ਦਾਅਵਾ ਕੀਤੇ ਬਿਨ ਸ਼ੀਘਰਤਾ ਨਾਲ ਵਟਾਂਤਰਾ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਅਤੇ ਬੰਗਲਾਦੇਸ਼ ਦੀਆਂ ਸਰਕਾਰਾਂ ਇਸ ਗੱਲ ਲਈ ਸਹਿਮਤ ਹਨ ਕਿ ਪਹਿਲਾਂ ਤੋਂ ਹੱਦਬੰਦੀ ਕੀਤੇ ਖੇਤਰਾਂ ਵਿਚ ਪ੍ਰਤਿਕੂਲ ਕਬਜੇ ਵਾਲੇ ਰਾਜਖੇਤਰ ਜਿਨ੍ਹਾਂ ਦੇ ਸੰਬੰਧ ਵਿਚ ਹੱਦ ਪੱਟੀ ਨਕਸ਼ਾ ਪਹਿਲਾਂ ਤੋਂ ਤਿਆਰ ਹੈ ਪੂਰਨ ਅਧਿਕਾਰੀਆਂ ਦੁਆਰਾ ਹੱਦ ਪੱਟੀ ਨਕਸ਼ਿਆਂ ਤੇ ਹਸਤਾਖਰ ਕੀਤੇ ਜਾਣ ਦੇ ਛੇ ਮਹੀਨੇ ਦੇ ਅੰਦਰ ਆਦਾਨ ਪ੍ਰਦਾਨ ਕੀਤੇ ਜਾਣਗੇ, ਉਹ ਸੁਸੰਗਤ ਨਕਸ਼ਿਆਂ ਤੇ ਜਿੰਨੀ ਛੇਤੀ ਹੋ ਸਕੇ ਅਤੇ ਕਿਸੇ ਵੀ ਸੂਰਤ ਵਿਚ 31 ਦਿਸੰਬਰ, 1974 ਤੋਂ ਬਾਅਦ ਦਸਤਖਤ ਨਹੀਂ ਕਰ ਸਕੇ ਹਨ। ਅਜਿਹੇ ਹੋਰ ਖੇਤਰਾਂ ਦੇ, ਜਿਨ੍ਹਾਂ ਦੇ ਬਾਰੇ ਹੱਦਬੰਦੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ, ਨਕਸ਼ਿਆਂ ਦੇ ਪ੍ਰਿੰਟ ਕਰਨ ਬਾਰੇ ਛੇਤੀ ਉਪਾਅ ਕੀਤੇ ਜਾਣ। ਇਹਨਾਂ ਨੂੰ 31 ਮਈ, 1975 ਤੱਕ ਪ੍ਰਿੰਟ ਕਰਾ ਲੈਣਾ ਚਾਹੀਦਾ ਹੈ ਅਤੇ ਉਸ ਤੋਂ ਪਿੱਛੋਂ ਉਹਨ੍ਹਾਂ ਤੇ ਪੂਰਨ ਅਧਿਕਾਰਿਆਂ ਦੁਆਰਾ ਦਸਤਖਤ ਕਰਵਾ ਲਏ ਜਾਣੇ ਚਾਹੀਦੇ ਹਨ ਜਿਸ ਨਾਲ ਕਿ ਇਹਨਾਂ ਖੇਤਰਾਂ ਵਿਚ ਪ੍ਰਤਿਕੂਲ ਧਾਰ ਕੀਤੇ ਕਬੀਲਿਆਂ ਦਾ ਅਦਾਨ-ਪ੍ਰਦਾਨ 31 ਦਿੰਸਬਰ, 1975 ਤੱਕ ਕੀਤਾ ਜਾ ਸਕੇ। ਜਿਨ੍ਹਾਂ ਸਕੈਟਰਾਂ ਵਿਚ ਅਜੇ ਵੀ ਹੱਦਬੰਦੀ ਕੀਤੀ ਜਾਣੀ ਹੈ, ਉਹਨਾਂ ਵਿਚ ਰਾਜਖੇਤਰੀ ਅਧਿਕਾਰਤਾ ਦਾ ਹੱਦ ਪੱਟੀ ਨਕਸ਼ਿਆਂ ਤੇ ਪੂਰਨ ਅਧਿਕਾਰੀਆਂ ਦੁਆਰਾ ਹਸਤਾਖਰ ਕੀਤੇ ਜਾਣ ਦੇ ਛੇ ਮਹੀਨੇ ਅੰਦਰ ਹੋ ਸਕਦਾ ਹੈ।

II ਭਾਰਤ ਗਣਰਾਜ ਦੀ ਸਰਕਾਰ ਅਤੇ ਬੰਗਲਾਦੇਸ਼ ਦੇ ਲੋਕ ਗਣਰਾਜ ਦੀ ਸਰਕਾਰ ਦੇ ਵਿਚਕਾਰ ਭਾਰਤ ਅਤੇ ਬੰਗਲਾਦੇਸ਼ ਦੇ ਵਿਚਕਾਰ ਭੋਂ ਹੱਦ ਦੀ ਹੱਦਬੰਦੀ ਅਤੇ ਸੰਬੰਧਤ ਮਾਮਲਿਆਂ ਦੇ ਸੰਬੰਧ ਵਿਚ ਤਰੀਕ 6 ਸਤੰਬਰ, 2011 ਨੂੰ ਹੋਏ ਕਰਾਰ ਦੇ ਪ੍ਰਟੋਕਾਲ ਤੋਂ ਟੂਕਾਂ

ਅਨੁਛੇਦ 2:

(II) 1974 ਦੇ ਕਰਾਰ ਦੇ ਅਨੁਛੇਦ 1, ਖੰਡ (12) ਨੂੰ ਲਾਗੂ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ

ਇਨਕਲੇਵ

111. ਸੰਯਕੁਤ ਰੂਪ ਨਾਲ ਤਸਦੀਕ ਕੀਤੇ ਅਤੇ ਤੀਜੀ ਐਲ.ਆਰ.ਅਤੇ ਐਮ., ਬੰਗਲਾਦੇਸ਼ ਅਤੇ ਡੀ.ਐਲ, ਆਰ. ਅਤੇ ਐਮ. ਪੱਛਮੀ ਬੰਗਾਲ (ਭਾਰਤ) ਦੇ ਪੱਧਰ ਤੇ ਅਪਰੈਲ, 1977 ਵਿਚ ਹਸਤਾਖਰਤ ਕੀਤੇ ਗਏ ਭੋਂ ਕਰ ਇਨਕਲੇਵ ਨਕਸ਼ਿਆਂ ਦੇ ਅਨੁਸਾਰ ਬੰਗਲਾਦੇਸ਼ ਵਿਚ ਦੀ 111



Ministry of Law & Justice

ਭਾਰਤੀ ਇਨਕਲੇਵ ਅਤੇ ਭਾਰਤ ਵਿਚ ਦੇ 51 ਬੰਗਲਾਦੇਸ਼ ਇਨਕਲੇਵ ਦਾ ਬੰਗਲਾਦੇਸ਼ ਵਿਚ ਜਾਣ ਵਾਲੇ ਅਤਿਰਿਕਤ ਖੇਤਰਾਂ ਦੇ ਲਈ ਮੁਆਵਜੇ ਦਾ ਦਾਅਵਾ ਕੀਤੇ ਬਿਨਾ ਅਦਾਨ ਪ੍ਰਦਾਨ ਕੀਤਾ ਜਾਵੇਗਾ ।

ਅਨੁਛੇਦ 3

(1) 1974 ਦੇ ਕਰਾਰ ਦੇ ਅਨੁਛੇਦ 2 ਨੂੰ ਲਾਗੂ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ :--

ਭਾਰਤ ਸਰਕਾਰ ਅਤੇ ਬੰਗਲਾਦੇਸ਼ ਸਰਕਾਰ ਦੇ ਵਿਚਕਾਰ ਇਹ ਕਰਾਕ ਹੋਇਆਂ ਹੈ ਪ੍ਰਤੀਕੂਲ ਕਬਜੇ ਵਿਚ ਰਾਜਖੇਤਰਾਂ ਦੇ ਲਈ, ਜਿਵੇਂ ਕਿ ਸੰਯੁਕਤ ਸਰਵੇਖਣ ਦੇ ਰਾਹੀਂ ਤੈਅ ਕੀਤਾ ਗਿਆ ਸੀ, ਅਤੇ ਆਪਣੇ-ਆਪਣੇ ਪ੍ਰਤਿਕੂਲ ਕਬਜ਼ਾ ਭੂ ਖੇਤਰ ਇੰਡੈਕਸ ਨਕਸ਼ਾ (ਏ.ਪੀ.ਐਲ. ਨਕਸ਼ੇ) ਵਿਚ, ਜਿਸ ਨੂੰ ਦਸੰਬਰ, 2010 ਅਤੇ ਅਗਸਤ, 2011 ਦੇ ਵਿਚਕਾਰ ਦੋਹਾਂ ਦੇਸ਼ਾਂ ਦੇ ਭੋਂ-ਰਿਕਾਰਡ ਅਤੇ ਸਰਵੇਖਣ ਵਿਭਾਗ ਦੁਆਰਾ ਅੰਤਮ ਰੂਪ ਦਿੱਤਾ ਗਿਆ ਹੈ, ਪੂਰਨ ਚਿੱਤਰਤ ਕੀਤਾ ਗਿਆ ਹੈ । ਜਿਨ੍ਹਾਂ ਦਾ ਪੂਰਨ ਵਰਨਣ ਹੇਠਾਂ ਖੰਡ (ੳ) ਤੋਂ ਖੰਡ (ਸ) ਵਿਚ ਕੀਤਾ ਗਿਆ ਹੈ, ਇੱਕ ਨਿਯਤ ਹੱਦ ਤੇ ਰੂਪ ਵਿਚ ਹੱਦਬੰਦੀ ਰੇਖਾ ਖੀਚੀ ਜਾਵੇਗੀ ।

ਸੁਸੰਗਤ ਹੱਦਬੰਦੀ ਪੱਟੀ ਨਕਸ਼ਿਆਂ ਨੂੰ ਪ੍ਰਿੰਟ ਕੀਤਾ ਜਾਵੇਗਾ ਅਤੇ ਉਨ੍ਹਾਂ ਤੇ ਪੂਰਨ ਅਧਿਕਾਰਿਆਂ ਦੁਆਰਾ ਹਸਤਾਖਰ ਕੀਤੇ ਜਾਣਗੇ ਅਤੇ ਰਾਜਖੇਤਰ ਅਧਿਕਾਰਤਾ ਦਾ ਅੰਤਰਣ ਇਨਕਲੇਵਾ ਦਾ ਅਦਾਨ-ਪ੍ਰਦਾਨ ਦੇ ਨਾਲ-ਨਾਲ ਪੂਰਨ ਕੀਤਾ ਜਾਵੇਗਾ । ਉਪਰ ਵਰਣਤ ਇੰਡੈਕਸ ਨਕਸ਼ਿਆਂ ਵਿਚ ਜਿਵੇਂ ਚਿਤਰਨ ਦੀ ਹੱਦਬੰਦੀ ਹੇਠ-ਲਿਖੇ ਅਨੁਸਾਰ ਹੋਵੇਗੀ

(ੳ) ਪੱਛਮੀ ਬੰਗਾਲ ਸੈਕਟਰ

(i) ਬੋਸਮਾਰੀ-ਸਪੂਗਰੀ (ਕਸ਼ਤੀਆਂ-ਨਾੜੀਆ) ਖੇਤਰ

ਮੌਜੂਦਾ ਹੱਦ ਖੰਭਆ ਨੂੰ 154/4-ਐਸ/ਤੋਂ 157 /1ਐਸ ਦੇ ਹੁੰਦਿਆਂ ਹੋਇਆਂ ਸਥਬੰਗਾ ਦਰਿਆ ਦੇ ਪੁਰਾਨੇ ਬਹਾਅ ਰਸਤੇ ਵਿਚਕਾਰ ਤੱਕ, ਜਿਵੇਂ ਕਿ 1962 ਦੇ ਚੱਕਬੰਦੀ ਨਕਸ਼ੇ ਵਿਚ ਚਿੰਤਰਤ ਕੀਤਾ ਗਿਆ ਹੈ ਇੱਕ ਹੱਦ ਰੇਖਾ ਖਿੱਚੀ ਜਾਵੇਗਾ, ਜਿਵੇਂ ਕਿ ਜੂਨ, 2011 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕਿਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ ।

(ii) ਅਧਾਰਕੋਟਾ (ਕੁਸ਼ਤੀਆਂ-ਨਾੜੀਆਂ) ਖ਼ੇਤਰ

Ministry of Law & Justice

ਮੌਜੂਦਾ ਹੱਦ ਖੰਭਾ ਨੰ: 152/5-ਐਮ. ਤੋਂ ਹੱਦ ਖੰਭਾ ਨੰ: 153/1-ਐਸ. ਤੋਂ ਹੁੰਦਿਆਂ ਹੋਇਆਂ ਮਥਬੰਗਾ ਦਰਿਆ ਦੇ ਕਿਨਾਰੇ ਤੱਕ ਇੱਕ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਜੂਨ 2011 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(iii) ਪਕੂਰੀਆ (ਕੁਸ਼ਤੀਆਂ-ਨਾੜੀਆ) ਖੇਤਰ

ਮੌਜੂਦਾ ਹੱਦ ਖੰਭਾ ਨੰ: 151/1-ਐਮ. ਤੋਂ ਹੱਦ ਖੰਭਾ ਨੰ:152/2-ਐਸ. ਤੋਂ ਹੁੰਦਿਆਂ ਹੋਇਆਂ ਸਥਬੰਗਾ ਦਰਿਆ ਦੇ ਕਿਨਾਰੇ ਤੱਕ ਇੱਕ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਜੂਨ 2011 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(iv) ਚਾਰ ਮਹਾਂਕੁੰਡੀ (ਕੁਸ਼ਤੀਆਂ-ਨਾੜੀਆ) ਖੇਤਰ

ਮੌਜੂਦਾ ਹੱਦ ਖੰਭਾ ਨੰ 153/1-ਐਮ. ਤੋਂ ਹੱਦ ਖੰਭਾ ਨੰ: 153/19-ਐਸ. ਤੋਂ ਹੁੰਦਿਆਂ ਹੋਇਆਂ ਸਥਬੰਗਾ ਦਰਿਆ ਦੇ ਕਿਨਾਰੇ ਤੱਕ ਇੱਕ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਜੂਨ 2011 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(v) ਹਰੀਪਾਲ/ਖੁਤਾਦਾਹ/ਬਟੋਲੀ/ਸਪਾਮੇਰੀਐਨ.ਐਨ.ਪੁਰ(ਪਟਾਰੀ) (ਨੌਗਾਨ-ਮਾਲਦਾ) ਖੇਤਰ

ਮੌਜੂਦਾ ਹੱਦ ਖੰਭਾ ਨੰ 242/ਐਸ/13 ਤੋਂ ਹੱਦ ਖੰਭਾ ਨੰ 243/7-ਐਸ./5 ਨੂੰ ਜੋੜਨ ਵਾਲੀ ਰੇਖਾ ਦ ਰੂਪ ਵਿਚ ਹੱਥ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਜੂਨ 2011 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(vi) ਬੇਰੁਬਾੜੀ (ਪੰਜਗੜ-ਜਲਪਾਈਗੁੜੀ) ਖੇਤਰ

ਬੰਗਲਾਦੇਸ਼ੀ ਦੁਆਰਾ ਪ੍ਰਤੀਕੂਰਤ ਧਾਰਤ ਬੇਰੁਬਾੜੀ ਖੇਤਰ (ਪੰਚਗੜ੍ਹ ਜਲਪਾਈ ਗੁੜੀ) ਅਤੇ ਬਾਰਤ ਦੁਆਰਾ ਪ੍ਰਤੀਕੂਲਤ ਧਾਰਤ (ਪੰਚਗੜ੍ਹ ਜਲਪਾਈ ਗੁੜੀ) ਵਿਚ ਹੱਦ ਰੇਖਾ 1996-1998 ਦੇ ਦੌਰਾਨ ਸੰਯੁਕਤ ਰੂਪ ਨਾਲ ਕੀਤੀ ਗਈ ਹੱਦਬੰਦੀ ਦੇ ਅਨੁਸਾਰ ਖੀਚੀ ਜਾਵੇਗੀ।

(ਅ) ਮੇਘਾਲਯ ਸੈਕਟਰ

(i) ਲੋਬਾਚੇਰਾ-ਨੂਨਚੇਰਾ

Ministry of Law & Justice

ਲਈਲਾਂਗ-ਬਲਿਚੇਰਾ ਵਿਚ ਮੌਜੂਦਾ ਹੱਦ ਖੰਡ ਨੰ: 1315/5-ਐਮ.ਤੋਂ ਹੱਦ ਖੰਭਾ ਨੰ 315/15-ਐਮ. ਤੱਕ ਲਈਲਾਂਗ-ਨੂਨਚੇਰਾ ਵਿਚ ਹੱਦ ਖੰਭਾ ਨੰ. 1316/1-ਐਮ. ਤੋਂ ਹੱਦ ਖੰਭਾ ਨੰ:1316/11-ਐਮ ਤੱਕ ਲਈਲਾਗ-ਲਹਿਲੰਗ ਵਿਚ ਹੱਦਖੰਭਾ ਨੰ: 1317 ਤੋਂ ਖੰਭਾ ਨੰ 1317/13-ਐਮ ਤੱਕ ਅਤੇ ਲਈਲਾਂਗ-ਲੁਭਾਚੇਰਾ ਵਿਚ ਹੱਦ ਖੰਭਾ ਨੰ: 1318/1-ਐਮ ਤੋਂ ਹੱਦ ਖੰਭਾ ਨੰ 1318/2 ਐਸ.ਹੁੰਦਿਆਂ ਹੋਇਆਂ ਚਾਹ ਬਾਗ ਨਾ ਦੇ ਕੀਨਾਰੇ ਤੱਕ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਦਸੰਬਰ, 2010 ਵਿਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(ii) ਪਿਰਡੀਵਾਹਪੜ੍ਹੂਆ ਖੇਤਰ

ਮੌਜੂਦਾ ਹੱਦ ਖੰਭਾ ਨੰ 1270/1-ਐਸ ਤੋਂ ਹੱਦ ਖੰਭਾ ਨੰ 1271/1 ਟੀ ਤੱਕ ਸੰਯੁਕਤ ਤੋਰ ਤੇ ਕੀਤੇ ਗਏ ਸਰਵੇਖਣ ਅਤੇ ਪਰਸਪਰ ਸਹਿਮਤੀ ਅਨੁਸਾਰ ਹੱਦ ਕੇੜਾ ਖੀਚੀ ਜਾਵੇਗੀ । ਧਿਰਾਂ ਦੇ ਵਿਚਕਾਰਸਹਿਮਤੀ ਹੋਈ ਹੈਕਿ ਪਿਰਡੀਵਾਹ ਪਿੰਡ ਬਆਰਤੀ ਰਾਠਟਰੀਕਾਂ ਨੂੰ ਉਸ ਕਨਸ਼ੇ ਦੇ, ਜਿਸ ਤੇ ਸਹਿਮਤੀ ਹੋਈ ਹੈ, ਬਿੰਦੂ ਨੰ 6 ਦੇ ਨੇੜੇ ਪਿਆਂਗ ਦਰਿਆ ਤੋਂ ਪਾਣੀ ਲੈਣ ਮਨਜੂਰੀ ਦਿੱਤੀ ਜਾਵੇਗੀ।

(iii) ਲਿੰਗਖਾਟ ਖੇਤਰ

(ਉਉ) ਲਿੰਗਖਾਣ-1/ ਕੁਲੂਮਚੇਰਾ ਅਤੇ ਲਿੰਗਖਾਣ-II/ਕੁਲੂਮਚੇਰਾ

ਨਕਸ਼ੇ ਦੇ, ਜਿਸ ਤੇ ਸਹਿਮਤੀ ਹੋਈ ਹੈ, ਬਿੰਦੂ ਨੰ 6 ਨੇੜੇ ਪਿਆਗ ਦਰਿਆ ਤੋਂ ਪਾਣੀ ਲੈਣ ਮਨਜੂਰੀ ਦਿੱਤੀ ਜਾਵੇਗੀ।

(iii) ਲਿੰਗਖਾਟ ਖੇਤਰ

(ਉਉ) ਲਿੰਗਖਾਣ-1/ ਕੁਲੂਮਚੇਰਾ ਅਤੇ ਲਿੰਗਖਾਣ-II/ਕੁਲੂਮਚੇਰਾ

ਮੌਜੂਦਾ ਹੱਦ ਖੰਭਾ ਨੰ: 1264/4-ਐਸ ਤੋਂ ਹੱਦ ਖੰਭਾ ਨੰ 1265 ਅਤੇ ਖੰਭਾ ਨੰ: 1265/6-ਐਸ ਤੋਂ ਖੰਭਾ ਨੰ: 1265/9-ਐਸ ਤੱਕ ਉਸ ਰੇਖਾ ਦੇ ਅਨੁਸਾਰ ਹੱਦ ਕੇਖਾ ਖੀਚੀ ਜਾਵੇਗੀ, ਜਿਵੇਂ ਕਿ ਸੰਯੁਕਤ ਰੂਪ ਤੋਂ ਸਰਵੇਖਣ ਕੀਤਾ ਗਿਆ ਸੀ ਅਤੇ ਪਰਸਪਰ ਸਹਿਮਤੀ ਹੋਈ ਸੀ।

(ਉਅ) ਲਿੰਗਖਾਟ-/ਸੋਨਾਰਾਹਟ

ਮੌਜੂਦ ਹੱਦ ਖੰਭਾ ਨੰ: 1266/13-ਐਸ ਤੋਂ ਦੱਖਣ ਦਿਸ਼ਾ ਵੱਲ ਦੇ ਨਾਲੇ ਦੇ ਨਾਲ-ਨਾਲ ਉਥੇ ਤੱਕ ਹੱਦ ਰਖਾ ਜਿੱਥੇ ਤੱਕ ਉਹ ਪੂਰਵ-ਪੱਛਮ ਦਿਸ਼ਾ ਵਿਚ ਦੂਜੂ ਨਾਲ ਤੋਂ ਮਿਲਦੀ ਹੈ, ਖੀਚੀ ਜਾਵੇਗੀ ਅਤੇ ਉਸ ਦੇ ਮਗਰੋਂ ਇਹ ਪੂਰਵ ਦਿਸ਼ਾ ਵਿਚ ਨਾਲੇ ਦੇ ਉਤਰੀ ਕਿਰਾਨੇ ਤੋਂਹੁੰਦੇ ਹੁਓ ਉਥੇ ਤੱਕ ਚਲੇਗੀ, ਜਿੱਥੇ ਤੱਕ ਉਹ ਹਵਾਲਾ ਦਿੱਤੇ ਖੰਭਾ ਨੰ: 1267/4-ਆਰ.ਵੀ. ਅਤੇ 1267/13-ਆਕ.ਆਈ. ਕੇ ਉਤਰ ਵਿਚ ਮੌਜੂਦ ਅੰਤਰਰਾਸ਼ਟਰੀ ਹੱਦ ਨਾਲ ਮਿਲਦੀ ਹੈ।

(iv) ਦਾਵਕੀ/ਤਮਾਬਿਲ ਖੇਤਰ

ਮੌਜੂਦ ਹੱਦ ਖੰਭਾ ਨੰ: 12675/1-ਐਸ. ਤੋਂ ਹੱਦ ਖੰਭਾ ਨੰ: 1257/7-ਐਸ ਨੂੰ ਜੋੜਨ ਵਾਲੀ ਇੱਕ ਸੀਧੀ ਰੇਖਾ ਦੋਂ ਹੱਦ ਰੇਖਾ ਖੀਚੀ ਜਾਵੇਗੀ। ਧਿਰਾਂ ਇਸ ਖੇਤਰ ਵਿਚ "ਜੀਰੋ ਰੇਖਾ" ਤੇ ਬਾੜ ਲਗਾਉਣ ਤੇ ਸਹਿਮਤੀ ਹੈ।

(v) ਨਲਜੂਰੀ ਸ੍ਰੀਪੂਰ ਖੇਤਰ

(ੳੳ) ਨਲਜੂਰੀ -1

ਸੀਮਾਂ ਰੇਖਾ ਦੱਖਣ ਦਿਸ਼ਾ ਵਿਚ ਮੌਜੂਦ ਖੰਭਾ ਨੰ: 1273/2-ਐਸ. ਤੋਂ ਪੱਟੀ ਨਕਸ਼ਾ ਨੰ 166 ਵਿਚ ਜਿਵੇਂ ਦਰਸ਼ਤ ਤਿੰਨ ਭੋਂ- ਖੰਭਾ ਤੱਕ ਉਥੇ ਤੱਕ ਦੀ ਅਜਿਹੀ ਰੇਖਾ ਹੋਵੇਗੀ ਜਿਥੇ ਤਕ ਉਹ ਹੱਦ ਖੰਭਾ ਨੰ: 1277/5-ਟੀ ਤੋਂ ਵਹਿਣ ਵਾਲੇ ਨਾਲੇ ਤੋਂ ਮਿਲਦੀ ਹੈ,ਉਸ ਤੋਂ ਪਿੱਛੋਂ ਉਹ ਦੱਖਣ ਦਿਸ਼ਾ ਵਿਚ ਨਾਲੇ ਦੇ ਪੱਛਮੀ ਕਿਨਾਰੇ ਦੇ ਨਾਲ-ਨਾਲ ਬੰਗਲਾਦੇਸ਼ ਦੇ ਵੱਲ ਦੇ ਦੋ ਭੋਂ-ਖੰਭਾ ਤੱਕ ਚਲੇਗੀ ਉਸ ਦੇ ਪਿਛੋਂ ਉਹ ਪੂਰਵ ਦੇ ਵੱਲ ਉਥੇ ਤੱਕ ਚਲੇਗੀ ਜਿੱਥੋਂ ਤੱਕ ਖੰਭਾ ਨੰ: 1277/4-ਐਸ ਤੋਂ ਦੱਖਣ ਦਿਸ਼ਾ ਵਿਚ ਖੀਚੀ ਗੀ ਰੇਖਾ ਨਾਲ ਮਿਲਦੀ ਹੈ।

(ੳਅ) ਨਲਜੂਰੀ-III

ਮੌਜੂਦ ਹੱਦ ਖੰਭਾ ਨੰ: 1278/2-ਐਸ ਤੋਂ ਹੱਦ ਖੰਭਾ ਨੰ: 1279/3-ਐਸ ਤੱਕ ਹੱਦ ਰੇਖਾ ਇੱਕ ਸੀਧੀ ਰੇਖਾ ਦੇ ਰੂਪ ਵਿਚ ਖੀਚੀ ਜਾਵੇਗੀ।

(vi) ਮੁਕਤਾਪੁਰਯਡੀਬੀਰਹਾਵੋਰ ਖੇਤਰ

ਧਿਰਾਂ ਇਸ ਗਲ ਨਾਲ ਸਹਿਮਤ ਹੈ ਕਿ ਭਾਰਤ ਦੇ ਰਾਸਟਰਿਕਾ ਨੂੰ ਕਾਲੀ ਮੰਦਿਰ ਜਾਣ ਦੀ ਮਨਜੂਰੀ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਮੁਕਤਾਪੂਰ ਵਲੋਂ ਦੇ ਤੱਟ ਨਾਲ ਮੁਕਤਾਪੂਰ/ਡੀਬੀਰ ਹਾਵੋਰ ਖੇਤਰ ਵਿਚ ਸਥਿੱਤੀ ਪਾਣੀ ਬਾਂਡੀ ਤੋਂ ਪਾਣੀ ਲੈਣ ਅਤੇ ਮੱਛੀ ਫੜਨ ਦੇ ਅਧਿਕਾਰਾਂ ਦੀ ਵਰਤੋਂ ਕਰਨ ਦੀ ਮਨਜੂਰੀ ਦਿੱਤੀ ਜਾਵੇਗੀ।

Ministry of Law & Justice

(ੲ) ਤ੍ਰਿਪੁਰਾ ਸੈਕਟਰ

(i) ਤ੍ਰਿਪੁਰਾ/ਮਾਲਵੀ ਬਜਾਰ ਸੈਕਟ ਵਿਚ ਚੰਦਨ ਨਗਰ-ਚੰਪਰਾਈ ਚਾਹ ਬਾਗਾਨ ਖੇਤਰ

ਮੌਜੂਦ ਹੱਦ ਖੰਭਾ ਨੰ: 1904 ਤੋਂ ਹੱਦ ਖੰਭਾ ਨੰ: 1905 ਤੱਕ ਸੋਨਾਰ ਚੇਰੀ ਨਦੀ ਦੇ ਨਾਲ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਅਗਸਲਤ, 2011 ਵਿੱਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(ਸ) ਆਸਾਮ ਸੈਕਟਰ

(i) ਆਸਾਮੀ ਸੈਕਟਰ ਵਿਚ ਕਾਲਾਬਾੜੀ (ਬਰੋਈਵਾਰੀ) ਖੇਤਰ
ਮੌਜੂਦਾ ਹੱਦ ਖੰਭਾ ਨੰ: 1066/24-ਟੀ ਤੋਂ ਖੰਭਾ ਨੰ: 1067/16-ਟੀ ਤੱਕ ਹੱਦ ਰੇਖਾ ਖੀਚੀ ਜਾਵੇਗੀ, ਜਿਵੇਂ ਕਿ ਅਗਸਲਤ, 2011 ਵਿੱਚ ਸੰਯੁਕਤ ਰੂਪ ਨਾਲ ਸਰਵੇਖਣ ਕੀਤਾ ਗਿਆ ਸੀ ਅਤੇ ਸਹਿਮਤੀ ਹੋਈ ਸੀ।

(ii) ਆਸਾਮ ਸੈਕਟਰ ਵਿਚ ਪੱਲਾਥਾਲ ਸੈਕਟਰ
ਮੌਜੂਦ ਹੱਦ ਖੰਭਾ ਨੰ: 1371/3-ਐਸ ਤੋਂ ਹਆਦ ਖੰਭਾ ਨੰ: 1371/7-ਐਸ ਤੋਂ ਹੁੰਦੇ ਹੋਏ ਚਾਰ ਬਾਗਾਨ ਦੇ ਬਾਹਰੀ ਕਿਨਾਰੇ ਤੋਂ ਹੁੰਦੇ ਹੋਏ ਪਾਨ ਬਾਗਾਨ ਖੇਤਰ ਦੇ ਬਾਹਰੀ ਕਿਨਾਰੇ ਦੇ ਨਾਲ-ਨਾਲ ਹੱਦ ਖੰਭਾ ਨੰ: 1372 ਤੋਂ 1373 /2-ਐਮ ਤੱਕ ਹੱਦ ਰੇਖੀ ਖੀਚੀ ਜਾਵੇਗੀ।

III ਤਰੀਕ 16 ਮਈ, 1974 ਦੇ ਕਰਾਰ ਦੇ ਅਨੁਛੇਦ 1(12) ਅਤੇ ਤਰੀਕ 6 ਸੰਤਬਰ, 2011 ਦੇ ਕਰਾਰ ਦੇ ਪ੍ਰੋਟੋਕਾਲ ਦੇ ਅਨੁਸਰਣ ਵਿਚ ਭਾਰਤ ਅਤੇ ਬੰਗਲਾਦੇਸ ਦੇ ਵਿਚਕਾਰ ਇਨਕਲੇਵਾਂ ਦੇ ਅਦਾਨ ਪ੍ਰਦਾਨ ਦੀ ਸੂਚੀ।

**ੳ. ਬੰਗਲਾਦੇਸ਼ ਵਿਚ ਅਦਾਨ-ਪ੍ਰਦਾਨ ਯੋਗ ਭਾਰਤੀ ਇਨਕਲੇਵ, ਖੇਤਰਫਲ ਸਮੇਤ**

| ਕ੍ਰਮ ਨੰ | ਛਿਟਾਂ ਦਾ ਨਾਂ | ਛਿਟ ਨੰ : | ਬੰਗਲਾਦੇਸ਼ ਦੇ ਪੁਲਿਸ ਸਟੇਸ਼ਨ ਅੰਦਰ ਸਥਿਤ | ਪੱਛਮੀ ਬੰਗਾਲ ਦੇ ਪੁਲਿਸ ਸਟੇਸ਼ਨ ਅੰਦਰ ਸਥਿਤ | ਏਕੜ ਵਿਚ ਖੇਤਰਫਲ |
|---|---|---|---|---|---|
| 1 | 2 | 3 | 4 | 5 | 6 |
| **ੳ. ਸੁਤੰਤਰ ਛਿਟਾਂ ਵਾਲੇ ਇਨਕਲੇਵ** | | | | | |
| 1. | ਗਰਾਟੀ | 75 | ਪੋਚਾਗਰ | ਹਲਦੀਬਾੜੀ | 58.23 |



Ministry of Law & Justice

| | | | | | |
|---|---|---|---|---|---|
| 2 | ਗਰਾਟੀ | 76 | ਪੋਚਾਗਰ | ਹਲਦੀਬਾੜੀ | 0.79 |
| 3 | ਗਰਾਟੀ | 77 | ਪੋਚਾਗਰ | ਹਲਦੀਬਾੜੀ | 18 |
| 4 | ਗਰਾਟੀ | 78 | ਪੋਚਾਗਰ | ਹਲਦੀਬਾੜੀ | 958.66 |
| 5 | ਗਰਾਟੀ | 79 | ਪੋਚਾਗਰ | ਹਲਦੀਬਾੜੀ | 1.74 |
| 6 | ਗਰਾਟੀ | 80 | ਪੋਚਾਗਰ | ਹਲਦੀਬਾੜੀ | 73.75 |
| 7 | ਬੀਂਗੀਮਾੜੀ ਭਾਗ -I | 73 | ਪੋਚਾਗਰ | ਹਲਦੀਬਾੜੀ | 6.07 |
| 8 | ਨਜ਼ੀਰਗੰਜ | 41 | ਬੋਡਾ | ਹਲਦੀਬਾੜੀ | 58.32 |
| 9 | ਨਜ਼ੀਰਗੰਜ | 42 | ਬੋਡਾ | ਹਲਦੀਬਾੜੀ | 434.29 |
| 10. | ਨਜ਼ੀਰਗੰਜ | 44 | ਬੋਡਾ | ਹਲਦੀਬਾੜੀ | 53.47 |
| 11 | ਨਜ਼ੀਰਗੰਜ | 45 | ਬੋਡਾ | ਹਲਦੀਬਾੜੀ | 1.07 |
| 12 | ਨਜ਼ੀਰਗੰਜ | 46 | ਬੋਡਾ | ਹਲਦੀਬਾੜੀ | 17.95 |
| 13 | ਨਜ਼ੀਰਗੰਜ | 47 | ਬੋਡਾ | ਹਲਦੀਬਾੜੀ | 3.89 |
| 14 | ਨਜ਼ੀਰਗੰਜ | 48 | ਬੋਡਾ | ਹਲਦੀਬਾੜੀ | 73.27 |
| 15 | ਨਜ਼ੀਰਗੰਜ | 49 | ਬੋਡਾ | ਹਲਦੀਬਾੜੀ | 49.05 |
| 16 | ਨਜ਼ੀਰਗੰਜ | 50 | ਬੋਡਾ | ਹਲਦੀਬਾੜੀ | 5.05 |
| 17 | ਨਜ਼ੀਰਗੰਜ | 51 | ਬੋਡਾ | ਹਲਦੀਬਾੜੀ | 0.77 |
| 18 | ਨਜ਼ੀਰਗੰਜ | 52 | ਬੋਡਾ | ਹਲਦੀਬਾੜੀ | 1.04 |
| 19 | ਨਜ਼ੀਰਗੰਜ | 53 | ਬੋਡਾ | ਹਲਦੀਬਾੜੀ | 1.02 |
| 20 | ਨਜ਼ੀਰਗੰਜ | 54 | ਬੋਡਾ | ਹਲਦੀਬਾੜੀ | 3.87 |
| 21 | ਨਜ਼ੀਰਗੰਜ | 55 | ਬੋਡਾ | ਹਲਦੀਬਾੜੀ | 12.18 |
| 22 | ਨਜ਼ੀਰਗੰਜ | 56 | ਬੋਡਾ | ਹਲਦੀਬਾੜੀ | 54.04 |
| 23 | ਨਜ਼ੀਰਗੰਜ | 57 | ਬੋਡਾ | ਹਲਦੀਬਾੜੀ | 8.27 |
| 24 | ਨਜ਼ੀਰਗੰਜ | 58 | ਬੋਡਾ | ਹਲਦੀਬਾੜੀ | 14.22 |
| 25 | ਨਜ਼ੀਰਗੰਜ | 60 | ਬੋਡਾ | ਹਲਦੀਬਾੜੀ | 0.52 |
| 26 | ਪੁੱਟੀਮਾਰੀ | 59 | ਬੋਡਾ | ਹਲਦੀਬਾੜੀ | 122.8 |
| 27 | ਦੈਖਾਤਾ ਛਟ | 38 | ਬੋਡਾ | ਹਲਦੀਬਾੜੀ | 499.21 |
| 28 | ਸਾਲਬਰੀ | 37 | ਬੋਡਾ | ਹਲਦੀਬਾੜੀ | 1188.93 |
| 29 | ਕਾਜਲ ਦਿੱਘੀ | 36 | ਬੋਡਾ | ਹਲਦੀਬਾੜੀ | 771.44 |

Ministry of Law & Justice

| | | | | | |
|---|---|---|---|---|---|
| 30 | ਨਟਕਟੋਕਾ | 32 | ਬੋਡਾ | ਹਲਦੀਬਾੜੀ | 162.26 |
| 31 | ਨਟਕਟੋਕਾ | 33 | ਬੋਡਾ | ਹਲਦੀਬਾੜੀ | 0.26 |
| 32 | ਬੇਆਉਲਾਡਾਂਗਾ ਛੈਟ | 35 | ਬੋਡਾ | ਹਲਦੀਬਾੜੀ | 0.83 |
| 33 | ਬਾਲਾਪਾਰਾ ਇੰਗਰਾਬਾਰ | 3 | ਦੇਬੀਗੰਜ | ਹਲਦੀਬਾੜੀ | 1752.44 |
| 34 | ਬਾਰਾ ਖਨਕਿਖਰੀਜਾ ਮਿਤਲਦਾਹਾ | 30 | ਡਿਮਲਾ | ਹਲਦੀਬਾੜੀ | 7.71 |
| 1 | 2 | 3 | 4 | 5 | 6 |
| 35 | ਬਾਰਾ ਖਨਕਿਖਰੀਜਾ ਮਿਤਲਦਾਹਾ | 29 | ਡਿਮਲਾ | ਹਲਦੀਬਾੜੀ | 36.83 |
| 36 | ਬਾਰਾਖਨਗੀਰ | 28 | ਡਿਮਲਾ | ਹਲਦੀਬਾੜੀ | 30.53 |
| 37 | ਨਗਰਜੀਕੋਬਰੀ | 31 | ਡਿਮਲਾ | ਹਲਦੀਬਾੜੀ | 33.41 |
| 38 | ਕੁਚਲੀਬਾਰੀ | 26 | ਪੱਟਗ੍ਰਾਮ | ਮੈਕਲੀਗੇਜ | 5.78 |
| 39 | ਕੁਚਲੀਬਾਰੀ | 27 | ਪੱਟਗ੍ਰਾਮ | ਮੈਕਲੀਗੇਜ | 2.04 |
| 40 | ਬਾਰਾ ਕੁਚਲੀਬਾਰੀ | ਥਾਨਾ ਮੈਕਲੀਗੰਜ ਕੇ.ਜੇ. ਐਲ 107 ਕਾ ਖੰਡ | ਪੱਟਗ੍ਰਾਮ | ਮੈਕਲੀਗੇਜ | 4.35 |
| 41 | ਜਮਾਲਦਾਹਾ ਬਾਲਾਪੁਖਾਰੀ | 6 | ਪੱਟਗ੍ਰਾਮ | ਮੈਕਲੀਗੇਜ | 5.24 |
| 42 | ਅਪਨਚੌਕੀ ਕੁਚਲੀਬਾਰੀ | 115/2 | ਪੱਟਗ੍ਰਾਮ | ਮੈਕਲੀਗੇਜ | 0.32 |
| 43 | ਅਪਨਚੌਕੀ ਕੁਚਲੀਬਾਰੀ | 7 | ਪੱਟਗ੍ਰਾਮ | ਮੈਕਲੀਗੇਜ | 44.04 |
| 44 | ਭੋਥਨਰੀ | 11 | ਪੱਟਗ | ਮੈਕਲੀਗੇਜ | 36.83 |

Ministry of Law & Justice

| | | | | | |
|---|---|---|---|---|---|
| 45 | ਬਾਲਾਪੁਖਾਰੀ | 5 | ਪੱਟਗ੍ਰਾਮ | ਮੈਕਲੀਗੇਜ | 55.91 |
| 46 | ਬਾਰਾਖਾਨਗੀਰ | 4 | ਪੱਟਗ੍ਰਾਮ | ਮੈਕਲੀਗੇਜ | 50.51 |
| 47 | ਬਾਰਖਾਨਗੀਰ | 9 | ਪੱਟਗ੍ਰਾਮ | ਮੈਕਲੀਗੇਜ | 87.42 |
| 48 | ਛੱਟ ਬੋਗਡੋਕਰਾ | 10 | ਪੱਟਗ੍ਰਾਮ | ਮੈਕਲੀਗੇਜ | 41.7 |
| 49 | ਰਤਨਪੁਰ | 11 | ਪੱਟਗ੍ਰਾਮ | ਮੈਕਲੀਗੇਜ | 58.91 |
| 50 | ਬੋਗਡੋਕਰਾ | 12 | ਪੱਟਗ੍ਰਾਮ | ਮੈਕਲੀਗੰਜ | 25.49 |
| 51 | ਫੁਲਕਰ ਡਾਬਰੀ | ਥਾਨਾ ਮੈਕਲੀਗੰਜ ਕੇ.ਜੇ. ਐਲ 107 ਦਾ ਖੰਡ | ਪੱਟਗ੍ਰਾਮ | ਮੈਕਲੀਗੰਜ | 0.88 |
| 52 | ਖਰਖਰੀਆ | 15 | ਪੱਟਗ੍ਰਾਮ | ਮੈਕਲੀਗੰਜ | 60.74 |
| 53 | ਖਰਖਰੀਆ | 13 | ਪੱਟਗ੍ਰਾਮ | ਮੈਕਲੀਗੰਜ | 51.62 |
| 54 | ਲੋਟਾਮਾਰੀ | 14 | ਪੱਟਗ੍ਰਾਮ | ਮੈਕਲੀਗੰਜ | 110.92 |
| 55 | ਭੂਤਬਾਰੀ | 16 | ਪੱਟਗ੍ਰਾਮ | ਮੈਕਲੀਗੰਜ | 205.46 |
| 56 | ਕੌਮਟ ਚੰਗਰਬੰਧਾ | 16ੳ | ਪੱਟਗ੍ਰਾਮ | ਮੈਕਲੀਗੰਜ | 42.8 |
| 57 | ਕੋਮਟ ਚੰਗਰਬੰਧਾ | 17ੳ | ਪੱਟਗ੍ਰਾਮ | ਮੈਕਲੀਗੰਜ | 16.01 |
| 58 | ਪਨੀਮਾਲਾ | 17 | ਪੱਟਗ੍ਰਾਮ | ਮੈਕਲੀਗੰਜ | 137.66 |
| 59 | ਦਵਾਰਿਕਾਮਾਰੀ ਖਾਸਬਸ਼ | 18 | ਪੱਟਗ੍ਰਾਮ | ਮੈਕਲੀਗੰਜ | 36.5 |
| 60 | ਪਨੀਸਾਲਾ | 153/ਪੀ | ਪੱਟਗ੍ਰਾਮ | ਮੈਕਲੀਗੰਜ | 0.27 |
| 61 | ਪਨੀਸਾਲਾ | 153/ਔ | ਪੱਟਗ੍ਰਾਮ | ਮੈਕਲੀਗੰਜ | 18.01 |
| 62 | ਪਨੀਸਾਲਾ | 19 | ਪੱਟਗ੍ਰਾਮ | ਮੈਕਲੀਗੰਜ | 64.63 |
| 63 | ਪਨੀਸਾਲਾ | 21 | ਪੱਟਗ੍ਰਾਮ | ਮੈਕਲੀਗੰਜ | 51.4 |
| 64 | ਲੋਟਾਮਾਰੀ | 20 | ਪੱਟਗ੍ਰਾਮ | ਮੈਕਲੀਗੰਜ | 283.53 |
| 65 | ਲੋਟਾਮਾਰੀ | 22 | ਪੱਟਗ੍ਰਾਮ | ਮੈਕਲੀਗੰਜ | 98.85 |
| 66 | ਦਵਾਰਿਕਾਮਾਰੀ | 23 | ਪੱਟਗ੍ਰਾਮ | ਮੈਕਲੀਗੰਜ | 39.52 |

Ministry of Law & Justice

| | | | | | |
|---|---|---|---|---|---|
| 67 | ਦਵਾਰਿਕਾਮਾਰੀ | 25 | ਪੱਟਗ੍ਰਾਮ | ਮੈਕਲੀਗੰਜ | 45.73 |
| 68 | ਛੱਟ ਭੋਥਾਟ | 24 | ਪੱਟਗ੍ਰਾਮ | ਮੈਕਲੀਗੰਜ | 56.11 |
| 69 | ਬਾਕਾਟਾ | 131 | ਪੱਟਗ੍ਰਾਮ | ਹੱਥਭੰਗਾ | 22.35 |
| 70 | ਬਕਾਟਾ | 132 | ਪੱਟਗ੍ਰਾਮ | ਹੱਥਭੰਗਾ | 11.96 |
| 71 | ਬਕਾਟਾ | 130 | ਪੱਟਗ੍ਰਾਮ | ਹੱਥਭੰਗਾ | 20.48 |
| 72 | ਭੋਗਰਾਮਗੁਰੀ | 133 | ਪੱਟਗ੍ਰਾਮ | ਹੱਥਭੰਗਾ | 1.44 |
| 73 | ਚੇਨਕਾਟਾ | 134 | ਪੱਟਗ੍ਰਾਮ | ਮੇਕਲੀਗੰਜ | 7.81 |
| 74 | ਬਾਂਸਕਾਟਾ | 119 | ਪੱਟਗ੍ਰਾਮ | ਮੱਥਭੰਗਾ | 413.81 |
| 75 | ਬਾਂਸਕਾਟਾ | 120 | ਪੱਟਗ੍ਰਾਮ | ਮੱਥਭੰਗਾ | 30.75 |
| 76 | ਬਾਂਸਕਾਟਾ | 121 | ਪੱਟਗ੍ਰਾਮ | ਮੱਥਭੰਗਾ | 12.15 |
| 77 | ਬਾਂਸਕਾਟਾ | 113 | ਪੱਟਗ੍ਰਾਮ | ਮੱਥਭੰਗਾ | 57.86 |
| 78 | ਬਾਂਸਕਾਟਾ | 112 | ਪੱਟਗ੍ਰਾਮ | ਮੱਥਭੰਗਾ | 315.04 |
| 79 | ਬਾਂਸਕਾਟਾ | 114 | ਪੱਟਗ੍ਰਾਮ | ਮੱਥਭੰਗਾ | 0.77 |
| 80 | ਬਾਂਸਕਾਟਾ | 115 | ਪੱਟਗ੍ਰਾਮ | ਮੱਥਭੰਗਾ | 29.2 |
| 81 | ਬਾਂਸਕਾਟਾ | 122 | ਪੱਟਗ੍ਰਾਮ | ਮੱਥਭੰਗਾ | 33.22 |
| 82 | ਬਾਂਸਕਾਟਾ | 127 | ਪੱਟਗ੍ਰਾਮ | ਮੱਥਭੰਗਾ | 12.72 |
| 83 | ਬਾਂਸਕਾਟਾ | 128 | ਪੱਟਗ੍ਰਾਮ | ਮੱਥਭੰਗਾ | 2.33 |
| 84 | ਬਾਂਸਕਾਟਾ | 117 | ਪੱਟਗ੍ਰਾਮ | ਮੱਥਭੰਗਾ | 2.55 |
| 85 | ਬਾਂਸਕਾਟਾ | 118 | ਪੱਟਗ੍ਰਾਮ | ਮੱਥਭੰਗਾ | 30.98 |
| 86 | ਬਾਂਸਕਾਟਾ | 125 | ਪੱਟਗ੍ਰਾਮ | ਮੱਥਭੰਗਾ | 0.64 |
| 87 | ਬਾਂਸਕਾਟਾ | 126 | ਪੱਟਗ੍ਰਾਮ | ਮੱਥਭੰਗਾ | 1.39 |
| 88 | ਬਾਂਸਕਾਟਾ | 129 | ਪੱਟਗ੍ਰਾਮ | ਮੱਥਭੰਗਾ | 1.37 |
| 89 | ਬਾਂਸਕਾਟਾ | 116 | ਪੱਟਗ੍ਰਾਮ | ਮੱਥਭੰਗਾ | 16.96 |
| 90 | ਬਾਂਸਕਾਟਾ | 123 | ਪੱਟਗ੍ਰਾਮ | ਮੱਥਭੰਗਾ | 24.37 |
| 91 | ਬਾਂਸਕਾਟਾ | 124 | ਪੱਟਗ੍ਰਾਮ | ਮੱਥਭੰਗਾ | 0.28 |
| 92 | ਗੋਟਾਮਾਰੀ ਛਿੱਟ | 135 | ਹਾਟੀਬੰਧਾ | ਸਿਤਲਕੁੱਚੀ | 126.59 |
| 93 | ਗੋਟਾਮਾਰੀ ਛਿੱਟ | 136 | ਹਾਟੀਬੰਧਾ | ਸਿਤਲਕੁੱਚੀ | 20.02 |
| 94 | ਬਨਾਪਚਾਈ | 151 | ਲਾਲਮੋਨਿਰਹਾਟ | ਦਿਨਹਾਟਾ | 217.29 |
| 95 | ਬਨਾਪਚਾਈ | 152 | ਲਾਲਮੋਨਿਰਹਾਟ | ਦਿਨਹਾਟਾ | 81.71 |

Ministry of Law & Justice

| | | | | | |
|---|---|---|---|---|---|
| | ਭੀਤਕਕੁੱਥੀ | | | | |
| 96 | ਦਸਿਆਰ ਛਾਰਾ | 150 | ਫੁੱਲਬਾਰੀ | ਦਿਨਹਾਟਾ | 1643.44 |
| 97 | ਦਕੁੱਰਹਾਟ ਦਕਿਨਿਰਕੁੱਥੀ | 156 | ਕੁੱਚੀਗ੍ਰਾਮ | ਦਿਨਹਾਟਾ | 14.27 |
| 98 | ਕਲਾਮਤੀ | 141 | ਭਰੁੰਗਾਮਾਰੀ | ਦਿਨਹਾਟਾ | 21.21 |
| 99 | ਭਾਹੋਬਗੰਜ | 153 | ਭਰੁੰਗਾਮਾਰੀ | ਦਿਨਹਾਟਾ | 31.58 |
| 100 | ਬਾਔਤਿਕੁਰਮਾ | 142 | ਭਰੁੰਗਾਮਾਰੀ | ਦਿਨਹਾਟਾ | 45.63 |
| 101 | ਬਾਰਾ ਕੋਆਚੁਲਕਾ | 143 | ਭਰੁੰਗਾਮਾਰੀ | ਦਿਨਹਾਟਾ | 39.99 |
| 102 | ਗਉਚੁਲਕਾ II | 147 | ਭਰੁੰਗਾਮਾਰੀ | ਦਿਨਹਾਟਾ | 0.9 |
| 103 | ਗਉਚੁਲਕਾ I | 146 | ਭਰੁੰਗਾਮਾਰੀ | ਦਿਨਹਾਟਾ | 8.92 |
| 104 | ਦਿਘਾਲਤਰੀ II | 145 | ਭਰੁੰਗਾਮਾਰੀ | ਦਿਨਹਾਟਾ | 8.81 |
| 105 | ਦਿਘਾਲਤਰੀ I | 144 | ਭਰੁੰਗਾਮਾਰੀ | ਦਿਨਹਾਟਾ | 12.31 |
| 106 | ਛੋਟੂ ਗਰਲੀਝੋਰਾ II | 149 | ਭਰੁੰਗਾਮਾਰੀ | ਦਿਨਹਾਟਾ | 17.85 |
| 107 | ਛੋਟੂ ਗਰਲੀਝੋਰਾ I | 148 | ਭਰੁੰਗਾਮਾਰੀ | ਦਿਨਹਾਟਾ | 35.74 |
| 108 | 1 ਛਿੱਟ[1] ਬਿਨਾ ਨਾਂ ਅਤੇ ਜੇ ਐਲ ਨੰ: ਦੱਖਣੀ ਅਤੇ ਜੇ ਐਲ ਨੰ. 38 ਦੇ ਅਤੇ ਦੱਖਣੀ ਅਤੇ ਜੇ ਐਲ ਨੰ. 39 (ਸਥਾਨਕ | 141 | ਪੱਟਗ੍ਰਾਮ | ਮੱਥਭੰਗਾ | 3.5 |

[1] 29 ਸਤੰਬਰ, 2002 ਸੇ 2 ਅਕਤੂਬਰ , 2002 ਤਕ ਕਲਕੱਤਾ ਵਿਚ ਆਯੋਜਤ ਇਕ ਸੌ ਅਤੇ ਪੰਜਾਹ (ਚੁਰੰਜਵੇਂ) ਭਾਰਤ-ਬੰਗਲਾਦੇਸ਼ ਸੀਮਾ ਸੰਮੇਲਨ ਦੁਆਰਾ ਸੰਸ਼ੋਧਤ



Ministry of Law & Justice

| | | | | | |
|---|---|---|---|---|---|
| | ਰੂਪ ਵਿਚ ਅਸ਼ੋਕਬਾੜੀ[2] ਜਾਣਿਆ ਜਾਂਦਾ ਹੈ।) | | | | |
| ਖੰਡ ਵਾਲੇ ਇਨਕਲੇਵ | | | | | |
| 109 | (i) ਬੇਵਲਾਡਾਗਾ<br>(ii)ਬੇਵਲਾਡਾਗਾ | 34<br>ਖੰਡ | ਹਲਦੀਬਾੜੀ<br>ਹਲਦੀਬਾੜੀ | ਬੋਡਾ<br>ਦੇਬੀਗੰਜ | 862.46 |
| 110 | (i) ਕੋਤਭਾਜਣੀ<br>(ii) ਕੋਤਭਾਜਣੀ<br>(iii) ਕੋਤਭਾਜਣੀ<br>(iv) ਕੋਤਭਾਜਣੀ | 02<br>ਖੰਡ<br>ਖੰਡ<br>ਖੰਡ | ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ | ਦੇਬੀਗੰਜ<br>ਦੇਬੀਗੰਜ<br>ਦੇਬੀਗੰਜ<br>ਦੇਬੀਗੰਜ | 2012.27 |
| 111 | (i) ਦਹਾਲਾ<br>(ii) ਦਹਾਲਾ<br>(iii) ਦਹਾਲਾ<br>(iv) ਦਹਾਲਾ<br>(v) ਦਹਾਲਾ<br>(vi) ਦਹਾਲਾ | ਖਾਗਰਾਬਾਰੀ<br>ਖੰਡ<br>ਖੰਡ<br>ਖੰਡ<br>ਖੰਡ<br>ਖੰਡ | ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ<br>ਹਲਦੀਬਾੜੀ | ਦੇਬੀਗੰਜ<br>ਦੇਬੀਗੰਜ<br>ਦੇਬੀਗੰਜ<br>ਦੇਬੀਗੰਜ<br>ਦੇਬੀਗੰਜ<br>ਦੇਬੀਗੰਜ | 2650.35<br><br><br><br><br>17160.63 |

ਇਨਕਲੇਵਾਂ ਦੇ ਉਪਰੋਕਤ ਬਿਓਰੇ ਦਾ 9 ਅਕਤੂਬਰ, 1996 ਤੋ 12 ਅਕਤੂਬਰ, 1996 ਦੇ ਦੌਰਾਨ ਕੱਲਕੱਤਾ ਵਿਚ ਆਯੋਜਤ ਭਾਰਤ-ਬੰਗਲਾਦੇਸ਼ ਸੰਮੇਲਣ ਦੇ ਦੌਰਾਨ ਅਤੇ ਨਾਲ ਹੀ 21 ਨਵੰਬਰ, 1996 ਤੋਂ 24 ਨਵੰਬਰ, 1996 ਦੇ ਦੌਰਾਨ ਜਲਪਾਈਗੁਡੀ (ਪੱਛਮੀ ਬੰਗਾਲ)-ਪੰਚਾਗੜ੍ਹ (ਬੰਗਲਾਦੇਸ਼) ਸੈਕਟਰ ਵਿਚ ਸੰਯੁਕਤ ਖੇਤਰ ਨਿਰੀਖਣ ਦੇ ਦੌਰਾਨ ਵੀ ਭਾਰਤ ਅਤੇ ਬੰਗਲਾਦੇਸ਼ ਦੁਆਰਾ ਧਾਰਤ ਰਿਕਾਰਡਾਂ ਨਾਲ ਸੰਯਕੁਤ ਰੂਪ ਨਾਲ ਮਿਲਾਨ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਸਮਾਪਨਸ਼ੀਲ ਬਣਾਇਆ ਗਿਆ ਹੈ।

[2] 18 ਸਤੰਬਰ, 2003 ਸੇ 20 , ਸਤੰਬਰ, 2003 ਤਕ ਕੂਚ ਬਿਹਾਰ (ਭਾਰਤ) ਵਿਚ ਆਯੋਜਤ ਇਕ ਸੌ ਅਤੇ ਬਵੰਜਵੇਂ (ਛਪੰਜਵੇਂ) ਭਾਰਤ-ਬੰਗਲਾਦੇਸ਼ ਸੀਮਾ ਸੰਮੇਲਨ ਦੁਆਰਾ ਸੋਧਤ

Ministry of Law & Justice

ਨੋਟ : ਖੇਤਰ ਰੁੱਤ ਕਾਲ 1996-97 ਦੇ ਦੌਰਾਨ ਸੰਯੁਕਤ ਭੋਂ ਤਸਦੀਕ ਦੁਆਰਾ ਉਪਰੋਕਤ ਕ੍ਰਮ ਨੰ. 108 ਦੇ ਇਨਕਲੇਵ ਦੇ ਨਾਂ ਅਸ਼ੋਕਬਾੜੀ ਇਨਕਲੇਵ ਦੇ ਰੂਪ ਵਿਚ ਪਹਿਚਾਣ ਕੀਤੀ ਗਈ।

ਬਰਗੇਡੀਅਰ ਜੇ. ਆਰ. ਪੀਟਰ
ਡਾਇਰੈਕਟਰ, ਭੋਂ ਰਿਕਾਰਡ
ਅਤੇ ਸਰਵੇਖਣ (ਅਹੁਦੇ ਕਾਰਨ)
ਪੱਛਮੀ ਬੰਗਾਲ, ਭਾਰਤ ਅਤੇ
ਡਾਇਰੈਕਟਰ, ਪੂਰਵੀ ਖੇਤਰ,
ਭਾਰਤੀ ਸਰਵੇਖਣ, ਕੱਲਕੱਤਾ।

ਮੁ. ਸੂਫੀ ਉਦੀਨ
ਡਾਇਰੈਕਟਰ ਜਨਰਲ, ਭੋਂ-ਰਿਕਾਰਡ ਅਤੇ
ਸਰਵੇਖਣ, ਬੰਗਲਾਦੇਸ਼

**ਅ. ਭਾਰਤ ਵਿਚ ਅਦਾਨ-ਪ੍ਰਦਾਨ ਯੋਗ ਬੰਗਲਾਦੇਸ਼ ਇਨਕਲੇਵ, ਖੇਤਰਫਲ ਸਮੇਤ**

| ਕ੍ਰਮ ਸੰ. | ਛਿੱਟ ਦਾ ਨਾਂ | ਪੱਛਮੀ ਬੰਗਾਲ ਦੇ ਪੁਲਿਸ ਸਟੇਸ਼ਨ ਦੇ ਅੰਦਰ ਸਥਿੱਤ | ਬੰਗਲਾਦੇਸ਼ ਦੇ ਪੁਲਿਸ ਸਟੇਸ਼ਨ ਦੇ ਅੰਦਰ ਸਥਿੱਤ | ਜੇ.ਐਲ. ਨੰ : | ਏਕੜ ਵਿਚ ਖੇਤਰਫਲ |
|---|---|---|---|---|---|
| 1 | 2 | 3 | 4 | 5 | 6 |
| **ਉ. ਸੁਤੰਤਰ ਛਿਟਾਂ ਵਾਲੇ ਇਨਕਲੇਵ** | | | | | |
| 1 | ਛਿੱਟ ਕੁਚਲੀਬਾਰੀ | ਮੈਕਲੀਗੰਜ | ਪੱਟਗ੍ਰਾਮ | 22 | 370.64 |
| 2 | ਕੁਚਲੀਬਾਰੀ ਦੀ ਛਿੱਟ ਭੋਂ | ਮੈਕਲੀਗੰਜ | ਪੱਟਗ੍ਰਾਮ | 24 | 1.83 |
| 3 | ਬਾਲਾਪੁਖਾਰੀ | ਮੈਕਲੀਗੰਜ | ਪੱਟਗ੍ਰਾਮ | 21 | 331.64 |
| 4 | ਪਨਬਾਰੀ ਨੰ : 2 ਦੀ ਛਿੱਟ ਭੋਂ | ਮੈਕਲੀਗੰਜ | ਪੱਟਗ੍ਰਾਮ | 20 | 1.13 |
| 5 | ਛਿੱਟ ਪਨਵਾਰੀ | ਮੈਕਲੀਗੰਜ | ਪੱਟਗ੍ਰਾਮ | 18 | 108.59 |
| 6. | ਥਾਵਲਸਾਤੀ ਮਿਰਜੀਪੁਰ | ਮੈਕਲੀਗੰਜ | ਪੱਟਗ੍ਰਾਮ | 15 | 173.88 |
| 7 | ਬਾਮਲਦਲ | ਮੈਕਲੀਗੰਜ | ਪੱਟਗ੍ਰਾਮ | 11 | 2.24 |
| 8 | ਛਿੱਟ ਧਾਬਲਸਾਤੀ | ਮੈਕਲੀਗੰਜ | ਪੱਟਗ੍ਰਾਮ | 14 | 66.58 |
| 9 | ਧਾਬਲਸਾਤੀ | ਮੈਕਲੀਗੰਜ | ਪੱਟਗ੍ਰਾਮ | 13 | 60.45 |

Ministry of Law & Justice

| | | | | | |
|---|---|---|---|---|---|
| 10 | ਸ਼੍ਰੀ ਰਾਮਪੁਰ | ਮੈਕਲੀਗੰਜ | ਪੱਟਗ੍ਰਾਮ | 08 | 1.05 |
| 11 | ਜੋਤ ਨੀਜਮਾ | ਮੈਕਲੀਗੰਜ | ਪੱਟਗ੍ਰਾਮ | 03 | 87.54 |
| 12 | ਜਗਤਬਰੇ ਨੰ : 3 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 37 | 69.84 |
| 13 | ਜਗਤਬਰੇ ਨੰ : 1 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 35 | 30.66 |
| 14 | ਜਗਤੇਸਵਰ ਨੰ :2 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 36 | 27.09 |
| 15 | ਛਿੱਟ ਕੋਕੋਬਾਰੀ | ਮਥਬੰਗਾ | ਪੱਟਗ੍ਰਾਮ | 47 | 29.49 |
| 16 | ਛਿੱਟ ਭੰਦਾਰਦਾਹਾ | ਮਥਬੰਗਾ | ਪੱਟਗ੍ਰਾਮ | 67 | 39.96 |
| 17 | ਧਾਬਲਗੁੱਡੀ | ਮਥਬੰਗਾ | ਪੱਟਗ੍ਰਾਮ | 52 | 12.5 |
| 18 | ਛਿੱਟ ਧਾਬਲਗੁੱਡੀ | ਮਥਬੰਗਾ | ਪੱਟਗ੍ਰਾਮ | 53 | 122.31 |
| 19 | ਧਾਬਲਗੁੱਡੀ ਨੰ :3 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 70 | 1.33 |
| 20 | ਧਾਬਲਗੁੱਡੀ ਨੰ :4 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 71 | 4.55 |
| 21 | ਧਾਬਲਗੁੱਡੀ ਨੰ : 5 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 72 | 4.12 |
| 22 | ਧਾਬਲਗੁੱਡੀ ਨੰ : 1 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 68 | 26.83 |
| 23 | ਧਾਬਲਗੁੱਡੀ ਨੰ : 2 ਦੀ ਛਿੱਟ ਭੋਂ | ਮਥਬੰਗਾ | ਪੱਟਗ੍ਰਾਮ | 69 | 13.95 |
| 24 | ਮਹਿਸ਼ਮਰੀ | ਸਿਤਲਕੁੱਚੀ | ਪੱਟਗ੍ਰਾਮ | 54 | 122.77 |
| 25 | ਬੁਰਾ ਸਰਡੁੱਬੀ | ਸਿਤਲਕੁੱਚੀ | ਹੱਤੀਬੱਧਾ | 13 | 34.96 |
| 26 | ਫਲਨਾਪੁਰ | ਸਿਤਲਕੁੱਚੀ | ਪੱਟਗ੍ਰਾਮ | 64 | 505.56 |
| 27 | ਅਮਜੋਲ | ਸਿਤਲਕੁੱਚੀ | ਹੱਤੀਬੱਧਾ | 57 | 1.25 |
| 28 | ਕਿਸਮਤ ਬਤਰੀਗੱਛ | ਦਿਨਹਾਟਾ | ਕਾਲੀਗੰਜ | 82 | 209.95 |
| 29 | ਦੁਰਗਾਪੁਰ | ਦਿਨਹਾਟਾ | ਕਾਲੀਗੰਜ | 83 | 20.96 |
| 30 | ਬਸੁੰਆਖਾਮਰ | ਦਿਨਹਾਟਾ | ਲਾਲ ਮੋਨਿਰਹਾਟ | 01 | 24.54 |

Ministry of Law & Justice

| | | | | | |
|---|---|---|---|---|---|
| | ਗਿਤਾਲਦਾਹਾ | | | | |
| 31 | ਪਾਉਤੋਕੁੱਥੀ | ਦਿਨਹਾਟਾ | ਲਾਲ ਮੋਨਿਰਹਾਟ | 37 | 589.94 |
| 32 | ਪੱਛਮ ਬਾਕਾਲੀਰ ਛਰਾ | ਦਿਨਹਾਟਾ | ਭਰੁੰਗਮਾਰੀ | 38 | 151.98 |
| 33 | ਮੱਧ ਬਾਕਾਲੀਰ ਛਰਾ | ਦਿਨਹਾਟਾ | ਭਰੁੰਗਮਾਰੀ | 39 | 32.72 |
| 34 | ਪੂਰਬਾ ਬਾਕਾਲੀਰ ਛਰਾ | ਦਿਨਹਾਟਾ | ਭਰੁੰਗਮਾਰੀ | 40 | 12.23 |
| 35 | ਮੱਧ ਮਸਾਲਤਾਗਾ | ਦਿਨਹਾਟਾ | ਭਰੁੰਗਮਾਰੀ | 03 | 136.66 |
| 36 | ਮੱਧ ਛਿੱਟਮਾਮਲਡਾਗਾ | ਦਿਨਹਾਟਾ | ਭਰੁੰਗਮਾਰੀ | 08 | 11.87 |
| 37 | ਪੱਛਮ ਛਿੱਟ ਮਮਾਲਡਾਗਾ | ਦਿਨਹਾਟਾ | ਭਰੁੰਗਮਾਰੀ | 07 | 7.6 |
| 38 | ਉੱਤਰ ਮਮਾਲਡਾਗਾ | ਦਿਨਹਾਟਾ | ਭਰੁੰਗਮਾਰੀ | 02 | 27.29 |
| 39 | ਕਚੂਆ | ਦਿਨਹਾਟਾ | ਭਰੁੰਗਮਾਰੀ | 05 | 119.74 |
| 40 | ਉਤਰ ਬੰਸਜਾਨੀ | ਤੁਫਾਨਗੰਜ | ਭਰੁੰਗਮਾਰੀ | 01 | 47.17 |
| 41 | ਛੱਤ ਤਿਲਾਈ | ਤੁਫਾਨਗੰਜ | ਭਰੁੰਗਮਾਰੀ | 17 | 81.56 |
| | **ਖੰਡ ਛਿੱਟ ਵਾਲੇ ਇਨਕਲੇਵ** | | | | |
| 42 | (i) ਨਲਗ੍ਰਾਮ<br>(ii) ਨਲਗ੍ਰਾਮ (ਖੰਡ)<br>(iii) ਨਲਗ੍ਰਾਮ (ਖੰਡ) | ਸਿਤਲਕੁੱਚੀ<br>ਸਿਤਲਕੁੱਚੀ<br>ਸਿਤਲਕੁੱਚੀ | ਪੱਟਗ੍ਰਾਮ | 65<br>65<br>65 | 1397.34 |
| 43 | (i) ਛਿੱਟ ਨਲਗ੍ਰਾਮ<br>(ii) ਛਿੱਟ ਨਲਗ੍ਰਾਮ (ਖੰਡ) | ਸਿਤਲਕੁੱਚੀ<br>ਸਿਤਲਕੁੱਚੀ<br>ਸਿਤਲਕੁੱਚੀ | ਪੱਟਗ੍ਰਾਮ | 66<br>66 | 49.5 |
| 44 | (i) ਬੱਤਰੀਗਾਛ<br>(ii) ਬੱਤਰੀਗਾਛ (ਖੰਡ)<br>(iii) ਬੱਤਰੀਗਾਛ (ਖੰਡ) | ਦਿਨਹਾਟਾ<br>ਦਿਨਹਾਟਾ<br>ਦਿਨਹਾਟਾ | ਕਾਲੀਗੰਜ<br>ਕਾਲੀਗੰਜ<br>ਕਾਲੀਗੰਜ | 81<br>81<br>09 | 577.37 |
| 45 | (i) ਕਰਾਲਾ<br>(ii) ਕਰਾਲਾ (ਖੰਡ)<br>(iii) ਕਰਾਲਾ(ਖੰਡ) | ਦਿਨਹਾਟਾ<br>ਦਿਨਹਾਟਾ<br>ਦਿਨਹਾਟਾ | ਫੁੱਲਬਾਰੀ<br>ਫੁੱਲਬਾਰੀ<br>ਫੁੱਲਬਾਰੀ | 09<br>09<br>08 | 269.91 |
| 46 | (i) ਸਿੱਵ ਪ੍ਰਸਾਦ ਮੁਸਤਤੀ | ਦਿਨਹਾਟਾ | ਫੁੱਲਬਾਰੀ | 08 | 373.2 |

Ministry of Law & Justice

| | | | | | |
|---|---|---|---|---|---|
| | (ii) ਸਿੱਵ ਪ੍ਰਸਾਦ ਮੁਸਤਤੀ (ਖੰਡ) | ਦਿਨਹਾਟਾ | ਫੁੱਲਬਾਰੀ | 06 | |
| 47 | (i) ਦੱਖਣ ਮਸਾਲਡਾਗਾ<br>(ii)ਦੱਖਣ ਮਸਾਲਡਾਗਾ (ਖੰਡ)<br>(iii)ਦੱਖਣ ਮਸਾਲਡਾਗਾ (ਖੰਡ)<br>(iv)ਦੱਖਣ ਮਸਾਲਡਾਗਾ (ਖੰਡ)<br>(v)ਦੱਖਣ ਮਸਾਲਡਾਗਾ (ਖੰਡ)<br>(vi)ਦੱਖਣ ਮਸਾਲਡਾਗਾ (ਖੰਡ) | ਦਿਨਹਾਟਾ<br>ਦਿਨਹਾਟਾ<br>ਦਿਨਹਾਟਾ<br>ਦਿਨਹਾਟਾ<br>ਦਿਨਹਾਟਾ<br>ਦਿਨਹਾਟਾ | ਭਰੁੰਗਾਮਾਰੀ<br>ਭਰੁੰਗਾਮਾਰੀ<br>ਭਰੁੰਗਾਮਾਰੀ<br>ਭਰੁੰਗਾਮਾਰੀ<br>ਭਰੁੰਗਾਮਾਰੀ<br>ਭਰੁੰਗਾਮਾਰੀ | 06<br>06<br>06<br>06<br>06<br>06 | 571.38 |
| 48 | (i) ਪੱਛਮ ਮਸਾਲਡਾਗਾ<br>(ii) ਪੱਛਮ ਮਸਾਲਡਾਗਾ (ਖੰਡ) | ਦਿਨਹਾਟਾ<br>ਦਿਨਹਾਟਾ | ਭਰੁੰਗਾਮਾਰੀ<br>ਭਰੁੰਗਾਮਾਰੀ | 04<br>04 | 29.49 |
| 49 | (i) ਪੁਰਬਾ ਛਿੱਟ ਮਸਾਲਡਾਗਾ<br>(ii) ਪੁਰਬਾ ਛਿੱਟ ਮਸਾਲਡਾਗਾ (ਖੰਡ) | ਦਿਨਹਾਟਾ<br>ਦਿਨਹਾਟਾ | ਭਰੁੰਗਾਮਾਰੀ<br>ਭਰੁੰਗਾਮਾਰੀ | 10<br>10 | 35.01 |
| 50 | (i) ਪੁਰਬਾ ਮਸਾਲਡਾਗਾ<br>(ii) ਪੁਰਬਾ ਮਸਾਲਡਾਗਾ (ਖੰਡ) | ਦਿਨਹਾਟਾ<br>ਦਿਨਹਾਟਾ | ਭਰੁੰਗਾਮਾਰੀ<br>ਭਰੁੰਗਾਮਾਰੀ | 11<br>11 | 153.89 |
| 51 | (i) ਉਤਰ ਧਾਲਡਾਗਾ<br>(ii) ਉਤਰ ਧਾਲਡਾਗਾ (ਖੰਡ)<br>(iii) ਉਤਰ ਧਾਲਡਾਗਾ (ਖੰਡ) | ਤੁਫਾਨਗੰਜ<br>ਤੁਫਾਨਗੰਜ<br>ਤੁਫਾਨਗੰਜ | ਭਰੁੰਗਾਮਾਰੀ<br>ਭਰੁੰਗਾਮਾਰੀ<br>ਭਰੁੰਗਾਮਾਰੀ | 14<br>14<br>14 | 24.98 |

Ministry of Law & Justice

| | |
|---|---|
| ਕੁਲ ਖੇਤਰਫਲ | 7,110,02 |

ਇਨਕਲੇਵਾਂ ਦੇ ਉਪਰੋਕਤ ਬਿਓਰੇ ਦਾ 9 ਅਕਤੂਬਰ, 1996 ਤੋ 12 ਅਕਤੂਬਰ, 1996 ਦੇ ਦੌਰਾਨ ਕੱਲਕੱਤਾ ਵਿਚ ਆਯੋਜਤ ਭਾਰਤ-ਬੰਗਲਾਦੇਸ਼ ਸੰਮੇਲਣ ਦੇ ਦੌਰਾਨ ਅਤੇ ਨਾਲ ਹੀ 21 ਨਵੰਬਰ, 1996 ਤੋਂ 24 ਨਵੰਬਰ, 1996 ਦੇ ਦੌਰਾਨ ਜਲਪਾਈਗੁਡੀ (ਪੱਛਮੀ ਬੰਗਾਲ)-ਪੰਚਾਗੜ੍ਹ (ਬੰਗਲਾਦੇਸ਼) ਸੈਕਟਰ ਵਿਚ ਸੰਯੁਕਤ ਖੇਤਰ ਨਿਰੀਖਣ ਦੇ ਦੌਰਾਨ ਵੀ ਭਾਰਤ ਅਤੇ ਬੰਗਲਾਦੇਸ਼ ਦੁਆਰਾ ਧਾਰਤ ਰਿਕਾਰਡਾਂ ਨਾਲ ਸੰਯਕੁਤ ਰੂਪ ਨਾਲ ਮਿਲਾਨ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਸਮਾਪਨਸ਼ੀਲ ਬਣਾਇਆ ਗਿਆ ਹੈ।

ਬਰਗੇਡੀਅਰ ਜੇ. ਆਰ. ਪੀਟਰ
ਡਾਇਰੈਕਟਰ, ਭੌਂ ਰਿਕਾਰਡ
ਅਤੇ ਸਰਵੇਖਣ (ਅਹੁਦੇ ਕਾਰਨ)
ਪੱਛਮੀ ਬੰਗਾਲ, ਭਾਰਤ ਅਤੇ
ਡਾਇਰੈਕਟਰ, ਪੂਰਵੀ ਖੇਤਰ,
ਭਾਰਤੀ ਸਰਵੇਖਣ, ਕੱਲਕੱਤਾ।

ਮੁ. ਸੁਫੀ ਉਦੀਨ
ਡਾਇਰੈਕਟਰ ਜਨਰਲ, ਭੌਂ-ਰਿਕਾਰਡ ਅਤੇ
ਸਰਵੇਖਣ, ਬੰਗਲਾਦੇਸ਼

Ministry of Law & Justice

## ਅਨੁਲੱਗ-II

[3]ਸੰਵਿਧਾਨ (ਜੰਮੂ ਅਤੇ ਕਸ਼ਮੀਰ 'ਤੇ ਲਾਗੂ ) ਹੁਕਮ, 2019

**ਸੀ. ਓ. 272**

ਭਾਰਤ ਦੇ ਸੰਵਿਧਾਨ ਦੇ ਅਨੁਛੇਦ 370 ਦੀ ਧਾਰਾ (1) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ,ਰਾਸ਼ਟਰਪਤੀ, ਜੰਮੂ ਅਤੇ ਕਸ਼ਮੀਰ ਦੀ ਸਰਕਾਰ ਨਾਲ ਮਿਲਕੇ, ਪ੍ਰਸੰਨਤਾ ਨਾਲ ਇਹ ਹੁਕਮ ਜਾਰੀ ਕਰਦੇ ਹਨ:

1. (1) ਇਸ ਨੂੰ ਸੰਵਿਧਾਨ (ਜੰਮੂ ਅਤੇ ਕਸ਼ਮੀਰ 'ਤੇ ਲਾਗੂ ) ਹੁਕਮ ,2019 ਕਿਹਾ ਜਾ ਸਕੇਗਾ।

   (2) ਇਹ ਤੁਰੰਤ ਨਾਫ਼ਜ ਹੋ ਜਾਵੇਗਾ, ਅਤੇ ਇਸਦੇ ਨਾਲ ਹੀ ਇਹ ਸੰਵਿਧਾਨ (ਜੰਮੂ ਅਤੇ ਕਸ਼ਮੀਰ 'ਤੇ ਲਾਗੂ ) ਹੁਕਮ ,1954 ਨੂੰ, ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ, ਮੁਅੱਤਲ ਕਰ ਦੇਵੇਗਾ।

2. ਸੰਵਿਧਾਨ ਦੇ ਸਾਰੇ ਪ੍ਰਬੰਧ, ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ, ਜੰਮੂ ਅਤੇ ਕਸ਼ਮੀਰ ਰਾਜ ਦੇ ਸੰਬੰਧ ਵਿਚ ਲਾਗੂ ਹੋਣਗੇ ਅਤੇ ਉਹ ਅਪਵਾਦ ਅਤੇ ਸੋਧਾਂ ਜਿਸ ਦੇ ਅਧੀਨ ਉਹ ਅਜਿਹਾ ਕਰ ਸਕਣਗੇ ਹੇਠ ਦਿੱਤੀ ਅਨੁਸਾਰ ਲਾਗੂ ਹੋਵਣਗੇ : -

   ਅਨੁਛੇਦ 367 ਵਿਚ ਹੇਠਲੀ ਧਾਰਾ ਜੋੜੀ ਜਾਏਗੀ:

   "(4) ਇਸ ਸੰਵਿਧਾਨ ਦੇ ਉਦੇਸ਼ਾਂ ਲਈ ਕਿਉਂਕਿ ਇਹ ਜੰਮੂ ਅਤੇ ਕਸ਼ਮੀਰ ਰਾਜ ਦੇ ਸੰਬੰਧ ਵਿਚ ਲਾਗੂ ਹੁੰਦਾ ਹੈ-

   (ੳ)ਇਸ ਸੰਵਿਧਾਨ ਜਾਂ ਇਸ ਦੀਆਂ ਵਿਵਸਥਾਵਾਂ ਦੇ ਹਵਾਲੇ ਇਸ ਤਰਾਂ ਸਮਝੇ ਜਾਣਗੇ ਜਿਵੇਂ ਕਿ ਸੰਵਿਧਾਨ ਦਾ ਹਵਾਲਾ ਜਾਂ ਇਸ ਦੇ ਉਪਬੰਧ ਉਕਤ ਰਾਜ ਦੇ ਸੰਬੰਧ ਵਿਚ ਲਾਗੂ ਹਨ ;

   (ਅ) ਵਿਅਕਤੀ ਦਾ ਹਵਾਲਾ , ਚਲਦੇ ਸਮੇਂ ਲਈ ਰਾਸ਼ਟਰਪਤੀ ਦੁਆਰਾ ਮਾਨਤਾ ਪ੍ਰਾਪਤ ,ਜੰਮੂ ਅਤੇ ਕਸ਼ਮੀਰ ਦੀ ਰਾਜ ਦੀ ਵਿਧਾਨ ਸਭਾ ਜਿਵੇਂ ਸਦਰ-ਏ-ਰਿਆਸਤ ਵਜੋਂ ਸਿਫਾਰਸ਼ ਕੀਤੇ , ਜੋ ਉਸ ਸਮੇਂ ਲਈ ਰਾਜ ਦੇ ਮੰਤਰੀ ਮੰਡਲ ਦੀ ਸਲਾਹ 'ਤੇ ਕੰਮ ਕਰ ਰਿਹਾ ਸੀ, ਦੇ ਅਹੁਦੇ 'ਤੇ ਹੁੰਦੇ ਹੋਏ, ਜੰਮੂ ਅਤੇ ਕਸ਼ਮੀਰ ਦੇ ਰਾਜਪਾਲ ਦੇ ਹਵਾਲੇ ਵਜੋਂ ਸਮਝਿਆ ਜਾਏਗਾ;

   (ੲ) ਉਕਤ ਰਾਜ ਦੀ ਸਰਕਾਰ ਦੇ ਹਵਾਲੇ, ਇਸ ਤਰ੍ਹਾਂ ਨਾਲ ਸਮਝੇ ਜਾਣਗੇ ਜਿਸ ਵਿਚ ਜੰਮੂ ਅਤੇ ਕਸ਼ਮੀਰ ਦੇ ਰਾਜਪਾਲ ਉਸਦੀ ਮੰਤਰੀ ਪ੍ਰੀਸ਼ਦ ਦੀ ਸਲਾਹ 'ਤੇ ਕਾਰਵਾਈ ਕਰਦੇ ਵੀ ਸ਼ਾਮਲ ਹੋਏਗੀ ; ਅਤੇ

   (ਸ) ਸੰਵਿਧਾਨ ਦੇ ਅਨੁਛੇਦ 370 ਦੀ ਧਾਰਾ (3) ਦੇ ਪ੍ਰੰਤੂਕ ਵਿਚ, ਪ੍ਰਗਟਾਵਾ "ਧਾਰਾ (2) ਵਿਚ ਰਾਜ ਦੀ ਸੰਵਿਧਾਨ ਸਭਾ ਦੇ ਹਵਾਲੇ" ਨੂੰ " ਰਾਜ ਦੀ ਵਿਧਾਨ ਸਭਾ" ਪੜ੍ਹਿਆ ਜਾਏਗਾ"।

---

[3] ਕਾਨੂੰਨ ਅਤੇ ਨਿਆਂ ਮੰਤਰਾਲੇ, (ਵਿਧੀ ਵਿਭਾਗ) ਦੁਆਰਾ ਜਾਰੀ ਕੀਤੇ ਨੋਟੀਫਿਕੇਸ਼ਨ ਨੰ. ਜੀ.ਐੱਸ.ਆਰ. 551 (ਈ), 5 ਅਗਸਤ, 2019 ਨੂੰ, ਭਾਰਤ ਦਾ ਗਜ਼ਟ, ਅਸਧਾਰਨ, ਭਾਗ II, ਭਾਗ 3, ਉਪ-ਭਾਗ (i), ਵਿਚ ਪ੍ਰਕਾਸ਼ਤ ।

Ministry of Law & Justice